# ਸ੍ਰੀ ਗੁਰੂ ਗ੍ਰੰਥ ਸਾਹਿਬ

## ਜੀ ਵਿਚੋਂ

# ਭਗਤ ਬਾਣੀ

SIKHBOOKCLUB.COM

# ਸਟੀਕ

ਟੀਕਾਕਾਰ—

**ਪੰਡਿਤ ਨਰੈਣ ਸਿੰਘ ਜੀ ਗਿਆਨੀ**

ਵਿਦਯਾ ਮਾਰਤੰਡ, ਮੁਜੰਗ (ਲਾਹੌਰ ਨਿਵਾਸੀ)


www.sikhbookclub.com

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ

# ਭਗਤ ਬਾਣੀ ਸਟੀਕ

ਟੀਕਾਕਾਰ—

**ਪੰਡਿਤ ਨਰੈਣ ਸਿੰਘ ਜੀ, ਗਿਆਨੀ**

'ਵਿਦਿਆ ਮਾਰਤੰਡ' ਮੁਜੰਗ (ਲਾਹੌਰ) ਨਿਵਾਸੀ

ਟੀਕਾਕਾਰ—

ਦਸਮ ਗ੍ਰੰਥ ਸਾਹਿਬ ਸਟੀਕ, ਵਾਰਾਂ ਭਾਈ ਗੁਰਦਾਸ ਜੀ ਸਟੀਕ,
ਬਾਈ ਵਾਰਾਂ ਸਟੀਕ, ਭਗਤ ਮਾਲ ਸਟੀਕ

ਅਤੇ

ਨਾਭਾ ਭਗਤ ਮਾਲ ਸਟੀਕ ਆਦਿਕ
(ਲੇਟ ਹੈਡ-ਮਾਸਟਰ ਖਾਲਸਾ ਪ੍ਰਚਾਰਕ ਵਿਦਯਾਲਾ, ਤਰਨਤਾਰਨ
ਅਤੇ ਸਾਬਿਕ ਗਿਆਨੀ ਦਰਬਾਰ ਫਰੀਦਕੋਟ)

SIKHBOOKCLUB.COM

ਪ੍ਰਕਾਸ਼ਕ—

**ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:**

ਜਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ । ਫੋਨ : 0183-2545421

Sri Satguru Jagjit Singh Ji eLibrary NamdhariElibrary@gmail.com

© ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

**ਭੇਟਾ : 350/-**

SIKHBOOKCLUB.COM

ਪ੍ਰਕਾਸ਼ਕ—
**ਜਵਾਹਰ ਪਬਲਿਸ਼ਰਜ਼**
(ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:)
Email: jsks.publishers@gmail.com
Website: www.jsks.co.in
Ph./Fax: 0183-2545421

ਟਾਈਪ ਸੈਟਿੰਗ :
**ਗਲੋਬਲ ਕੰਪਿਊਟਰਜ਼**
ਸੁਲਤਾਨਵਿੰਡ ਰੋਡ, ਅੰਮ੍ਰਿਤਸਰ।
76965-62223

ੴ ਸਤਿਗੁਰ ਪ੍ਰਸਾਦਿ ॥

# ਟੀਕੇ ਦੇ ਨਿਯਮ

1. ਮੂਲ ਪਾਠ ਮੋਟੇ ਅੱਖਰਾਂ ਵਿਚ ਹੈ।
2. ਟੀਕਾ ਹਰੇਕ ਤੁਕ ਦਾ ਵਖੋ ਵੱਖ ਛੋਟੇ ਅੱਖਰਾਂ ਵਿਚ ਹੈ।
3. [ ] ਇਨ੍ਹਾਂ ਨਿਸ਼ਾਨਾਂ ਵਿਚ ਉਹ (ਔਖਾ) ਸ਼ਬਦ ਹੈ, ਜੋ ਮੂਲ ਪਾਠ ਵਿਚ ਹੈ, ਅਤੇ ਜਿਸ ਦਾ ਅਰਥ ਇਨ੍ਹਾਂ ਨਿਸ਼ਾਨਾਂ ਤੋਂ ਅਗਲੇ ਪਾਸੇ ਬਾਹਰ ਹੈ, ਜਿਵੇਂ [ਵਾਤ] ਮੂੰਹ।
4. ਇਨ੍ਹਾਂ ਨਿਸ਼ਾਨਾਂ ਵਿਚ ਉਹ ਪਦ ਹਨ, ਜੋ ਮੂਲ ਪਾਠ ਦੇ ਅਰਥ ਨੂੰ ਹੋਰ ਭੀ ਸੌਖਾ ਕਰਨ ਲਈ ਪ੍ਰਸਿਧ ਹਨ, ਜੇਹਾ ਕਿ [ਬਿਟਵਹਿ] ਬੇਟੇ (ਪੁਤ੍ਰ) ਕਬੀਰ। ਇਸ ਤੋਂ ਬਿਨਾਂ ਇਨ੍ਹਾਂ ਨਿਸ਼ਾਨਾਂ ਵਿਚ ਉਹ ਪਾਠ ਹੈ, ਜੋ ਮੂਲ ਵਿਚ ਤਾਂ ਹੈ ਨਹੀਂ, ਪਰ ਮੂਲ ਦੇ ਅਰਥ ਪੂਰਾ ਕਰਨ ਲਈ ਉਨ੍ਹਾਂ ਦੀ ਲੋੜ ਜ਼ਰੂਰੀ ਹੈ ਅਰਥਾਤ ਅਰਥ ਕ੍ਰਮ ਤੇ ਮੁਹਾਵਰੇ ਠੀਕ ਰੱਖਣ ਲਈ ਜਿਨ੍ਹਾਂ ਅੱਖਰਾਂ ਦੀ ਵਾਧੂ ਲੋੜ ਹੈ ਉਹ ਇਨ੍ਹਾਂ ਨਿਸ਼ਾਨਾਂ ਵਿਚ ਰਖੇ ਹਨ।
5. = ਇਹ ਨਿਸ਼ਾਨ ਕਿਤੇ ਕਿਤੇ ਲਿਖਿਆ ਹੈ, ਇਸ ਦਾ ਭਾਵ ਇਹ ਹੈ ਕਿ ਇਸ ਨਿਸ਼ਾਨ ਤੋਂ ਪਹਿਲੇ ਪਾਠ ਦਾ ਅਰਥ ਇਸ ਨਿਸ਼ਾਨ ਤੋਂ ਅਗਲੇ ਪਾਠ ਵਿਚ ਸ਼ੁਧ ਹੈ, ਪਰ ਉਹ ਦੂਸਰੇ ਰੂਪ ਵਿਚ ਹੋ ਕੇ ਇਥੇ ਪ੍ਰਵਿਰਤ ਹੋਇਆ ਹੈ ਜੈਸਾ ਕਿ [ਬਰਨ= ਰੰਗ] ਪ੍ਰੇਮ।
6. × ਕਿਤੇ ਕਿਤੇ ਇਹ ਨਿਸ਼ਾਨ ਭੀ ਹੈ, ਜਿਸ ਦਾ ਅਰਥ ਹੈ ਜੋੜ, ਅਰਥਾਤ ਜਿਨ੍ਹਾਂ ਦੋ ਪਦਾਂ ਦਾ ਜੁੜ ਕੇ ਇਕ ਪਦ ਬਣ ਕੇ ਮੂਲ ਪਾਠ ਵਿਚ ਆਇਆ ਹੈ, ਟੀਕੇ ਵਿਚ ਉਸ ਮੂਲ ਪਾਠ ਦਾ ਅਸਲ ਰੂਪ ਦਿਖਾ ਕੇ ਅਰਥ ਕੀਤਾ ਹੈ, ਯਥਾ— [ਗੋਬਿੰਦ × ਏਤਿ= ਗੋਬਿੰਦੇਤਿ] ਬਣਿਆ ਹੈ।

Sri Satguru Jagjit Singh Ji eLibrary NamdhariElibrary@gmail.com

# ਭੂਮਿਕਾ

ਗੁਰਮੁਖੋ ! ਆਪ ਦੇ ਕਰ ਕਮਲਾਂ ਵਿਚ ਇਹ ਪੁਸਤਕ ਭਗਤ ਬਾਣੀ ਦਾ ਟੀਕਾ ਹਾਜ਼ਰ ਹੈ। ਇਸ ਗੱਲ ਦੇ ਪ੍ਰਗਟ ਕਰਨ ਦੀ ਲੋੜ ਨਹੀਂ ਭਾਸਦੀ ਜੋ ਇਸ ਤੋਂ ਪਹਿਲਾਂ 'ਭਗਤ ਬਾਣੀ' ਦੇ ਚਾਰ ਟੀਕੇ ਹੋਰ ਭੀ ਹਨ, ਅਤੇ ਉਹ ਹਨ ਭੀ ਮੇਰੇ ਤੋਂ ਉਚੇ ਦਰਜੇ ਦੇ ਵਿਦਵਾਨਾਂ ਦੇ, ਫਿਰ ਇਸ ਟੀਕੇ ਦੇ ਲਿਖਣ ਦੀ ਕਿਉਂ ਲੋੜ ਪਈ ? ਇਸ ਗੱਲ ਦਾ ਉੱਤਰ ਤਾਂ ਟੀਕੇ ਦੇ ਪੜ੍ਹਿਆਂ ਹੀ ਪਤਾ ਲਗ ਸਕਦਾ ਹੈ ।

ਅਰਥਾਂ ਦਾ ਕ੍ਰਮ ਸਤਿਗੁਰੂ ਜੀ ਦੇ ਵੇਲੇ ਤੋਂ ਤੁਰਿਆ ਆਉਂਦਾ ਹੈ, ਉਸ ਦਾ ਨਾਮ ਸੰਪ੍ਰਦਾਯ ਹੈ। ਅਰਥ ਭਾਵੇਂ ਉਸੇ ਸੰਪ੍ਰਦਾਯ ਅਨੁਸਾਰ ਹੀ ਲਿਖੇ ਹਨ, ਪਰ ਫੇਰ ਭੀ ਅਰਥਾਂ ਵਿਚ ਕਿਸੇ-ਕਿਸੇ ਥਾਂ ਸੰਪ੍ਰਦਾਈ ਅਰਥਾਂ ਨਾਲੋਂ ਫਰਕ ਹੈ । ਇਸਦਾ ਕਾਰਨ ਇਹ ਹੈ ਕਿ ਉਹ ਅਰਥ ਕਿਸੇ ਦੇਸ ਦੀ ਬੋਲੀ ਜਾਂ ਮੁਹਾਵਰੇ ਅਨੁਸਾਰ ਸ਼ੁਧ ਜਾਣ ਕੇ ਲਿਖੇ ਹਨ । ਇਸ ਗੱਲ ਦਾ ਬਹੁਤਾ ਵਿਸਥਾਰ ਵੇਖਣਾ ਹੋਵੇ ਤਾਂ ਮੇਰਾ ਬਣਾਇਆ 'ਗੁਰ ਸ਼ਬਦ ਰਤਨਾਕਰ' (ਗੁਰੂ ਗਰੰਥ ਕੋਸ਼) ਪੁਸਤਕ ਵਿਚਾਰੋ।

ਭਗਤ ਬਾਣੀ ਵਿਚ ਕਈ ਇਕ ਅਜਿਹੇ ਸ਼ਬਦ ਹਨ, ਜੋ ਕਿਤੇ-ਕਿਤੇ ਪਰਸਪਰ ਇਕ ਦੂਜੇ ਨਾਲੋਂ ਭੇਤ ਰਖਦੇ ਹਨ । ਕਈ ਅਨਜਾਣ ਬੁਧਿ ਤਾਂ ਆਖਦੇ ਹਨ, ਜੋ ਭਗਤਾਂ ਦਾ ਨਿਸਚਾ ਤੇ ਸਿਧਾਂਤ ਇਥੇ ਕੁਝ ਹੋਰ ਹੈ ਅਤੇ ਅਗਲੇ ਸ਼ਬਦ ਵਿਚ ਕੁਝ ਹੋਰ ਹੈ । ਇਹ ਕਥਨ ਉਨ੍ਹਾਂ ਦਾ ਬਿਲਕੁਲ ਹੀ ਨਿਰਮੂਲ ਹੈ; ਕਿਉਂਕਿ ਭਗਤਾਂ ਦਾ ਸਿਧਾਂਤ ਇਕ ਹੈ ਅਤੇ ਆਦਿ ਤੋਂ ਅੰਤ ਤਕ ਇਕ ਹੈ । ਪਹਿਲਾਂ ਤਾਂ ਮੈਂ ਇਸ ਦੀ ਵਿਚਾਰ ਇਥੇ ਲਿਖਣ ਲੱਗਾ ਸੀ, ਪਰ ਫੇਰ ਸੋਚਿਆ ਜੋ ਗ੍ਰੰਥ ਵਧ ਜਾਣ ਤੇ ਪਾਠਕਾਂ ਨੂੰ ਔਖ ਹੋਊ ਅਤੇ ਮੈਂ ਦੂਸਰਾ ਪੁਸਤਕ 'ਭਗਤ ਜੀਵਨ ਬ੍ਰਿਤਾਂਤ' ਅਰਥਾਤ 'ਸ੍ਰੀ ਗੁਰ ਭਗਤ ਮਾਲ ਸਟੀਕ' ਲਿਖਿਆ ਹੈ, ਇਸ ਤਰ੍ਹਾਂ ਦੇ ਸਾਰੇ ਵਿਚਾਰ ਉਸ ਪੁਸਤਕ ਵਿਚ ਲਿਖ ਦਿਤੇ ਹਨ।

ਇਸ ਦੇ ਨਾਲ ਲਗਦੀ ਇਕ ਗੱਲ ਹੋਰ ਵੀ ਵਿਚਾਰ ਯੋਗ ਹੈ, ਜੋ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਅਤੇ ਸੰਪ੍ਰਦਾਈ ਗਿਆਨੀ ਭੀ ਕਿਹਾ ਕਰਦੇ ਹਨ ਕਿ ਖੁਦ ਭਗਤਾਂ ਨੇ ਆ ਕੇ ਇਹ ਬਾਣੀ ਪੰਜਵੇਂ ਸ੍ਰੀ ਗੁਰੂ ਜੀ ਨੂੰ ਸੁਣਾਈ ਤੇ ਉਨ੍ਹਾਂ ਅੱਗੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ, ਪਰ ਅੱਜ ਕਲ੍ਹ ਦੇ ਵਿਦਵਾਨ ਆਖਦੇ ਹਨ, ਜੋ ਇਹ ਗੱਲ ਹੋ ਨਹੀਂ ਸਕਦੀ, ਕਿ ਗੁਰੂ ਜੀ ਤੋਂ ਪਹਿਲੇ ਭਗਤ ਮੁੜ ਦੇਹ ਧਾਰ ਕੇ ਆਏ ਹੋਣ, ਅਤੇ ਉਨ੍ਹਾਂ ਨੇ ਆਪ ਆ ਕੇ ਬਾਣੀ ਸੁਣਾਈ ਹੋਵੇ । ਇਹ ਗੱਲ ਆਖਣੀ ਭੀ ਸਤਿਗੁਰੂ ਜੀ ਦੀ ਸ਼ਾਨ ਤੋਂ ਉਲਟ ਹੈ ਕਿ ਬਾਣੀ ਤਾਂ ਗੁਰੂ ਜੀ ਨੇ ਉਚਾਰੀ ਹੈ ਪਰ ਨਾਮ ਭਗਤਾਂ ਦਾ ਲਿਖ ਦਿੱਤਾ ਹੈ । ਇਸ ਗੱਲ ਦਾ ਪੂਰਾ ਵਰਣਨ ਅਸਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ' ਦੀ ਭੂਮਿਕਾ ਵਿਚ ਲਿਖ ਦਿੱਤਾ ਹੈ ।

Sri Satguru Jagjit Singh Ji eLibrary NamdhariElibrary@gmail.com

ਬਾਕੀ ਕਈ ਇਕ ਹੋਰਨਾਂ ਪੁਸਤਕਾਂ ਦੇ ਇਸ਼ਾਰੇ ਭਗਤ ਬਾਣੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦੇ ਹਨ, ਜਿਹਾ ਕਿ 'ਚੰਦ੍ਰਾਵਲਿ ਛਲੀ', 'ਸਕਤਿ ਸਨੇਹ ਕਰਿ ਸੁੰਨਤਿ ਕਰੀਐ', 'ਬਾਬਾ ਆਦਮ ਕਉ ਕਿਛੁ ਨਦਰਿ ਦਿਖਾਇ', 'ਕਾਇਥ ਚੇਤ੍ਰ ਨਾਉ', 'ਅਠਸਠਿ ਤੀਰਥ ਦੇਵੀ ਥਾਪੇ', 'ਗਾਇਤ੍ਰੀ-ਲੋਧੇ ਕਾ ਖੇਤੁ ਖਾਤੀ ਥੀ', 'ਪ੍ਰਹਲਾਦ ਪਠਾਏ ਪੜਨਸਾਲ' ਆਦਿਕ ਹੋਰ ਵੀ ਜਿੰਨੇ ਇਸ਼ਾਰੇ ਹਨ, ਉਨ੍ਹਾਂ ਦਾ ਥੋੜਾ ਹਾਲ ਨੋਟਾਂ ਵਿਚ ਦਰਜ ਕਰ ਦਿੱਤਾ ਹੈ, ਪਰ ਪੂਰਾ ਪ੍ਰਸੰਗ ਅਸਾਂ 'ਗੁਰ ਸਾਖੀ ਪ੍ਰਮਾਣ' ਵਿਚ ਲਿਖਿਆ ਹੈ। ਉਥੇ ਇਹ ਗੱਲ ਭੀ ਦੱਸ ਦਿਤੀ ਹੈ ਕਿ ਇਹ ਪ੍ਰਸੰਗ ਕਿਹੜੇ ਕਿਹੜੇ ਪੁਸਤਕ ਵਿਚੋਂ ਲਿਆ ਹੈ।

ਅੰਤ ਵਿਚ ਸਨਿਮਰ ਬੇਨਤੀ ਹੈ ਕਿ ਜੇ ਕਿਤੇ ਭੁੱਲ ਹੋ ਗਈ ਹੋਵੇ, ਕ੍ਰਿਪਾ ਕਰਕੇ ਜਤਾ ਦੇਣੀ ਤਾਂ ਕਿ ਦੂਸਰੀ ਵਾਰੀ ਗਲਤੀ ਦਰੁਸਤ ਕਰ ਦਿਤੀ ਜਾਵੇ।

ਲਾਹੌਰ ਛਾਉਣੀ — ਦਾਸ—ਨਰੈਣ ਸਿੰਘ ਗਿਆਨੀ
ਜਨਵਰੀ 1938 ਈ:

SIKHBOOKCLUB.COM

## ਤਤਕਰਾ

# ਸ੍ਰੀ ਭਗਤ ਬਾਣੀ


### ਸਿਰੀਰਾਗੁ

ਸਿਰੀਰਾਗੁ ਕਬੀਰ ਜੀਉ ਕਾ ॥
ਏਕੁ ਸੁਆਨੁ ਕੈ ਘਰਿ ਗਾਵਣਾ ॥

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ੧੩

ਸਿਰੀਰਾਗੁ ਤ੍ਰਿਲੋਚਨ ਕਾ ॥

ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ੧੪

ਸਿਰੀਰਾਗੁ ਭਗਤ ਕਬੀਰ ਜੀਉ ਕਾ ॥

ਅਚਰਜ ਏਕੁ ਸੁਨਹੁ ਰੇ ਪੰਡੀਆ ੧੬

(ਬਾਣੀ ਭਗਤ ਬੇਣੀ ਜੀਉ)

ਰੇ ਨਰ ਗਰਭ ਕੁੰਡਲ ਜਬ ਆਛਤ ੧੭
ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ੧੯

### ਰਾਗੁ ਗਉੜੀ

(ਸ੍ਰੀ ਕਬੀਰ ਜੀਉ ਕੇ ਚਉਪਦੇ)

ਅਬ ਮੋਹਿ ਜਲਤ ਰਾਮ ਜਲੁ ਪਾਇਆ ੨੦
ਮਾਧਉ ਜਲ ਕੀ ਪਿਆਸ ਨ ਜਾਇ ੨੧
ਜਬ ਹਮ ਏਕੋ ਏਕੁ ਕਰਿ ਜਾਨਿਆ ੨੨
ਨਗਨ ਫਿਰਤ ਜੌ ਪਾਈਐ ਜੋਗੁ ੨੨
ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ੨੩
ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ੨੪
ਗਰਭ ਵਾਸ ਮਹਿ ਕੁਲੁ ਨਹੀ ਜਾਤੀ ੨੫
ਅੰਧਕਾਰ ਸੁਖਿ ਕਬਹਿ ਨ ਸੋਈ ਹੈ ੨੬
ਜੋਤਿ ਕੀ ਜਾਤਿ ਜਾਤਿ ਕੀ ਜੋਤੀ ੨੭
ਜੋ ਜਨ ਪਰਮਿਤਿ ਪਰਮਨੁ ਜਾਨਾ ੨੭
ਉਪਜੈ ਨਿਪਜੈ ਨਿਪਜਿ ਸਮਾਈ ੨੮
ਅਵਰ ਮੂਏ ਕਿਆ ਸੋਗੁ ਕਰੀਜੈ ੨੯
ਅਸਥਾਵਰ ਜੰਗਮ ਕੀਟ ਪਤੰਗਾ ੩੦
ਐਸੋ ਅਚਰਜੁ ਦੇਖਿਓ ਕਬੀਰ ੩੧
ਜਿਉ ਜਲੁ ਛੋਡਿ ਬਾਹਰਿ ਭਇਓ ਮੀਨਾ ੩੨
ਚੋਆ ਚੰਦਨ ਮਰਦਨ ਅੰਗਾ ੩੩
ਜਮ ਤੇ ਉਲਟਿ ਭਏ ਹੈ ਰਾਮ ੩੪
ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ੩੫
ਕੰਚਨ ਸਿਉ ਪਾਈਐ ਨਹੀ ਤੋਲਿ ੩੭
ਜਿਹ ਮਰਨੈ ਸਭੁ ਜਗਤੁ ਤਰਾਸਿਆ ੩੭
ਕਤ ਨਹੀ ਠਉਰ ਮੂਲੁ ਕਤ ਲਾਵਉ ੩੮
ਜਾ ਕੇ ਹਰਿ ਸਾ ਠਾਕੁਰੁ ਭਾਈ ੩੯
ਬਿਨੁ ਸਤ ਸਤੀ ਹੋਇ ਕੈਸੇ ਨਾਰਿ ੩੯
ਬਿਖਿਆ ਬਿਆਪਿਆ ਸਗਲ ਸੰਸਾਰੁ ੪੦
ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ੪੧
ਜੋ ਜਨ ਲੇਹਿ ਖਸਮ ਕਾ ਨਾਉ ੪੧
ਗਗਨਿ ਰਸਾਲ ਚੁਐ ਮੇਰੀ ਭਾਠੀ ੪੨
ਮਨ ਕਾ ਸੁਭਾਉ ਮਨਹਿ ਬਿਆਪੀ ੪੨
ਓਇ ਜੁ ਦੀਸਹਿ ਅੰਬਰਿ ਤਾਰੇ ੪੩
ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ੪੪
ਦੇਇ ਮੁਹਾਰ ਲਗਾਮੁ ਪਹਿਰਾਵਉ ੪੫
ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ੪੫
ਆਪੇ ਪਾਵਕੁ ਆਪੇ ਪਵਨਾ ੪੬
ਨਾ ਮੈ ਜੋਗ ਧਿਆਨ ਚਿਤੁ ਲਾਇਆ ੪੭
ਜਿਹ ਸਿਰਿ ਰਚਿ ਰਚਿ ਬਾਧਤ ਪਾਗ ੪੭
ਸੁਖੁ ਮਾਂਗਤ ਦੁਖੁ ਆਗੈ ਆਵੈ ੪੮
ਅਹਿਨਿਸਿ ਏਕ ਨਾਮ ਜੋ ਜਾਗੇ ੫੦
ਰੇ ਜੀਅ ਨਿਲਜ ਲਾਜ ਤੋੁਹਿ ਨਾਹੀ ੫੦
ਕਉਨੁ ਕੋ ਪੂਤੁ ਪਿਤਾ ਕੋ ਕਾ ਕੋ ੫੧
ਅਬ ਮੋ ਕਉ ਭਏ ਰਾਜਾ ਰਾਮ ਸਹਾਈ ੫੧
ਜਲਿ ਹੈ ਸੂਤਕੁ ਥਲਿ ਹੈ ਸੂਤਕੁ ੫੩
ਝਗਰਾ ਏਕੁ ਨਿਬੇਰਹੁ ਰਾਮ ੫੩
ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ੫੪
ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ੫੫
ਜੀਵਤ ਪਿਤਰ ਨ ਮਾਨੈ ਕੋਊ ੫੬
ਜੀਵਤ ਮਰੈ ਮਰੈ ਫੁਨਿ ਜੀਵੈ ੫੭
ਉਲਟਤ ਪਵਨ ਚਕ੍ਰ ਖਟੁ ਭੇਦੇ ੫੮
ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ੫੯
ਪਾਪੁ ਪੁੰਨੁ ਦੁਇ ਬੈਲ ਬਿਸਾਹੇ ੬੦
ਪੇਵਕੜੈ ਦਿਨ ਚਾਰਿ ਹੈ ੬੦
ਜੋਗੀ ਕਹਹਿ ਜੋਗੁ ਭਲ ਮੀਠਾ ੬੧


Sri Satguru Jagjit Singh Ji eLibrary NamdhariElibrary@gmail.com

ਜਹ ਕਛੁ ਅਹਾ ਤਹਾ ਕਿਛੁ ੬੨
ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ੬੩
ਗਜ ਨਵ ਗਜ ਦਸ ਗਜ ਇਕੀਸ ੬੪
ਏਕ ਜੋਤਿ ਏਕਾ ਮਿਲੀ ੬੫
ਜੇਤੇ ਜਤਨ ਕਰਤ ਤੇ ਡੂਬੇ ੬੬
ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ੬੭
ਅਗਨਿ ਨ ਦਹੈ ਪਵਨੁ ਨਹੀ ਮਗਨੈ ੬੮
ਜਿਉ ਕਪਿ ਕੇ ਕਰਿ ਮੁਸਟਿ ੬੯
ਪਾਨੀ ਮੈਲਾ ਮਾਟੀ ਗੋਰੀ ੭੦
ਰਾਮ ਜਪਉ ਜੀਅ ਐਸੇ ਐਸੇ ੭੧
ਜੋਨਿ ਛਾਡਿ ਜਉ ਜਗ ਮਹਿ ਆਇਓ ੭੨
ਸੁਰਗ ਬਾਸੁ ਨ ਬਾਛੀਐ ੭੨
ਰੇ ਮਨ ਤੇਰੋ ਕੋਇ ਨਹੀ ੭੩
ਪੰਥੁ ਨਿਹਾਰੈ ਕਾਮਨੀ ੭੪
ਆਸ ਪਾਸ ਘਨ ਤੁਰਸੀ ਕਾ ਬਿਰਵਾ ੭੪
ਬਿਪਲ ਬਸਤ੍ਰ ਕੇਤੇ ਹੈ ਪਹਿਰੇ ੭੫
ਮਨ ਰੇ ਛਾਡਹੁ ਭਰਮੁ ਪ੍ਰਗਟੁ ਹੋਇ ਨਾਚਹੁ ੭੬
ਫੁਰਮਾਨੁ ਤੇਰਾ ਸਿਰੈ ਊਪਰਿ ੭੬
ਲਖ ਚਉਰਾਸੀਹ ਜੀਅ ਜੋਨਿ ਮਹਿ ੭੭
ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ੭੮
ਰਾਜਾ ਰਾਮ ਤੂੰ ਐਸਾ ਨਿਰਭਉ ੭੯
ਖਟ ਨੇਮ ਕਰਿ ਕੋਠੜੀ ਬਾਂਧੀ ੭੯
ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ ੮੦
(ਬਾਵਨ ਅਖਰੀ)
ਬਾਵਨ ਅਛਰ ਲੋਕ ਤ੍ਰੈ ੮੧
(ਥਿਤੀ ਕਬੀਰ ਜੀ)
ਪੰਦ੍ਰਹ ਥਿਤੀ ਸਾਤ ਵਾਰ ੯੧
(ਵਾਰ ਕਬੀਰ ਜੀਉ ਕੇ)
ਬਾਰ ਬਾਰ ਹਰਿ ਕੇ ਗੁਨ ਗਾਵਉ ੯੫
(ਗਉੜੀ ਚੇਤੀ ਬਾਣੀ ਨਾਮਦੇਉ ਜੀਉ ਕੀ)
ਦੇਵਾ ਪਾਹਨ ਤਾਰੀਅਲੇ ੯੭
(ਰਾਗੁ ਗਉੜੀ ਰਵਿਦਾਸ ਜੀ ਕੇ ਪਦੇ)
ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ੯੮
ਬੇਗਮ ਪੁਰਾ ਸਹਰ ਕੋ ਨਾਉ ੯੮
(ਗਉੜੀ ਬੈਰਾਗਣਿ ਰਵਿਦਾਸ ਜੀਉ)
ਘਟ ਅਵਘਟ ਡੂਗਰ ਘਣਾ ੯੯
(ਗਉੜੀ ਪੂਰਬੀ ਰਵਿਦਾਸ ਜੀਉ)
ਕੂਪੁ ਭਰਿਓ ਜੈਸੇ ਦਾਦਿਰਾ ੧੦੦
(ਗਉੜੀ ਬੈਰਾਗਣਿ)
ਸਤਜੁਗਿ ਸਤੁ ਤੇਤਾ ਜਗੀ ੧੦੦


## ਰਾਗੁ ਆਸਾ


(ਬਾਣੀ ਭਗਤਾ ਕੀ ॥ ਸ੍ਰੀ ਕਬੀਰ ਜੀਉ)
ਗੁਰ ਚਰਣ ਲਾਗਿ ਹਮ ਬਿਨਵਤਾ ੧੦੩
(ਆਸਾ)
ਗਜ ਸਾਢੇ ਤੈ ਤੈ ਧੋਤੀਆ ੧੦੪
ਬਾਪਿ ਦਿਲਾਸਾ ਮੇਰੋ ਕੀਨ੍ਾ ੧੦੫
ਇਕਤੁ ਪਤਰਿ ਭਰਿ ਉਰਕਟ ਕੁਰਕਟ ੧੦੬
ਜੋਗੀ ਜਤੀ ਤਪੀ ਸੰਨਿਆਸੀ ੧੦੮
ਢੋਲੁ ਰਬਾਬੀ ਬਲਦੁ ਪਖਾਵਜ ੧੦੯
ਬਟੂਆ ਏਕੁ ਬਹਤਰਿ ਆਧਾਰੀ ੧੦੯
ਹਿੰਦੂ ਤੁਰਕ ਕਹਾ ਤੇ ਆਏ ੧੧੧
ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ੧੧੧
ਸਨਕ ਸਨੰਦ ਅੰਤੁ ਨਹੀ ਪਾਇਆ ੧੧੨
ਬਾਤੀ ਸੂਕੀ ਤੇਲੁ ਨਿਖੂਟਾ ੧੧੩
ਸੁਤੁ ਅਪਰਾਧ ਕਰਤ ਹੈ ਜੇਤੇ ੧੧੪
ਹਜ ਹਮਾਰੀ ਗੋਮਤੀ ਤੀਰ ੧੧੪
ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ੧੧੫
ਬਾਰਹ ਬਰਸ ਬਾਲਪਨ ਬੀਤੇ ੧੧੬
ਕਾਹੂ ਦੀਨ੍ੇ ਪਾਟ ਪਟੰਬਰ ੧੧੭
ਹਮ ਮਸਕੀਨ ਖੁਦਾਈ ਬੰਦੇ ੧੧੮
ਗਗਨ ਨਗਰਿ ਇਕ ਬੂੰਦ ਨ ਬਰਖੈ ੧੧੯
ਸਰਪਨੀ ਤੇ ਊਪਰਿ ਨਹੀ ਬਲੀਆ ੧੨੧
ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ੧੨੧
ਲੰਕਾ ਸਾ ਕੋਟੁ ਸਮੁੰਦ ਸੀ ਖਾਈ ੧੨੨
ਪਹਿਲਾ ਪੂਤੁ ਪਿਛੈਰੀ ਮਾਈ ੧੨੩
ਬਿੰਦੁ ਤੇ ਜਿਨਿ ਪਿੰਡੁ ਕੀਆ ੧੨੪
ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ ੧੨੪
ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ੧੨੫
ਹਮ ਘਰਿ ਸੂਤੁ ਤਨਹਿ ੧੨੬
ਜਗਿ ਜੀਵਨੁ ਐਸਾ ਸੁਪਨੇ
ਜਉ ਮੈ ਰੂਪ ਕੀਏ ਬਹੁਤੇਰੇ ੧੨੮
ਰੋਜਾ ਧਰੈ ਮਨਾਵੈ ਅਲਹੁ ੧੨੮
ਕੀਓ ਸਿੰਗਾਰੁ ਮਿਲਨ ਕੇ ਤਾਈ ੧੨੯
ਹੀਰੈ ਹੀਰਾ ਬੇਧਿ ਪਵਨ ੧੩੦
ਪਹਿਲੀ ਕਰੂਪਿ ਕੁਜਾਤਿ ਕੁਲਖਨੀ ੧੩੦


SIKHBOOKCLUB.COM

ਮੇਰੀ ਬਹੁਰੀਆ ਕੋ ਧਨੀਆ ਨਾਉ ੧੩੧
ਰਹੁ ਰਹੁ ਰੀ ਬਹੁਰੀਆ ੧੩੨
ਕਰਵਤੁ ਭਲਾ ਨ ਕਰਵਟ ਤੇਰੀ ੧੩੨
ਕੋਰੀ ਕੋ ਕਾਹੂ ਮਰਮੁ ਨ ਜਾਨਾਂ ੧੩੩
ਅੰਤਰਿ ਮੈਲੁ ਜੇ ਤੀਰਥ ਨਾਵੈ ੧੩੪

(ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ)

ਏਕ ਅਨੇਕ ਬਿਆਪਕ ਪੂਰਕ ੧੩੫
ਆਨੀਲੇ ਕੁੰਭ ਭਰਾਈਲੇ ਊਦਕ ੧੩੬
ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ੧੩੭
ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ੧੩੭
ਪਾਰਬ੍ਰਹਮੁ ਜਿ ਚੀਨ੍ਸੀ ੧੩੮

(ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ)

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ੧੩੮
ਸੰਤ ਤੁਝੀ ਤਨੁ ਸੰਗਤਿ ਪ੍ਰਾਨ ੧੩੯
ਤੁਮ ਚੰਦਨ ਹਮ ਇਰੰਡ ਬਾਪੁਰੇ ੧੪੦
ਕਹਾ ਭਇਓ ਜਉ ਤਨੁ ਭਇਓ ਛਿਨੁ ੧੪੧
ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ੧੪੧
ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ੧੪੨

(ਆਸਾ ਬਾਣੀ ਭਗਤ ਧੰਨੇ ਜੀ ਕੀ)

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ੧੪੨
ਗੋਬਿੰਦ ਗੋਬਿੰਦ ਗੋਬਿੰਦ ਸੰਗਿ ੧੪੩
ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ੧੪੪

(ਆਸਾ ਸੇਖ ਫਰੀਦ ਜੀਉ ਕੀ ਬਾਣੀ)

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ੧੪੫
ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ੧੪੬


## (ਰਾਗੁ ਗੂਜਰੀ ਭਗਤਾ ਕੀ ਬਾਣੀ)


(ਸ੍ਰੀ ਕਬੀਰ ਜੀਉ ਕਾ ਚਉਪਦਾ)

ਚਾਰਿ ਪਾਵ ਦੁਇ ਸਿੰਗ ਗੁੰਗ ੧੪੭
ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ੧੪੯

(ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ)

ਜੌ ਰਾਜੁ ਦੇਹਿ ਤ ਕਵਨ ਬਡਾਈ ੧੪੯
ਮਲੈ ਨ ਲਾਛੈ ਪਾਰ ਮਲੋ ੧੫੦

(ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ)

ਦੂਧੁ ਤ ਬਛਰੈ ਥਨਹੁ ਬਿਟਾਰਿਓ ੧੫੧

(ਗੂਜਰੀ ਸ੍ਰੀ ਤ੍ਰਿਲੋਚਨ ਜੀ ਕੇ ਪਦੇ)

ਅੰਤਰੁ ਮਲਿ ਨਿਰਮਲੁ ਨਹੀ ਕੀਨਾ ੧੫੧
ਅੰਤਿ ਕਾਲਿ ਜੋ ਲਛਮੀ ਸਿਮਰੈ ੧੫੨

(ਗੂਜਰੀ ਸ੍ਰੀ ਜੈ ਦੇਵ ਜੀਉ ਕਾ ਪਦਾ)

ਪਰਮਾਦਿ ਪੁਰਖਮਨੋਪਿਮੰ ੧੫੩


## ਰਾਗੁ ਸੋਰਠਿ


(ਬਾਣੀ ਭਗਤ ਕਬੀਰ ਜੀ ਕੀ)

ਬੁਤ ਪੂਜਿ ਪੂਜਿ ਹਿੰਦੂ ਮੂਏ ੧੫੫
ਜਬ ਜਰੀਐ ਤਬ ਹੋਇ ਭਸਮ ਤਨੁ ੧੫੬
ਬੇਦ ਪੁਰਾਨ ਸਭੈ ਮਤ ਸੁਨਿ ਕੈ ੧੫੭
ਦੁਇ ਦੁਇ ਲੋਚਨ ਪੇਖਾ ੧੫੯
ਜਾ ਕੇ ਨਿਗਮ ਦੂਧ ਕੇ ਠਾਟਾ ੧੬੦
ਜਿਹ ਬਾਝੁ ਨ ਜੀਆ ਜਾਈ ੧੬੧
ਕਿਆ ਪੜੀਐ ਕਿਆ ਗੁਨੀਐ ੧੬੨
ਹ੍ਰਿਦੈ ਕਪਟੁ ਮੁਖ ਗਿਆਨੀ ੧੬੨
ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ੧੬੩
ਸੰਤਹੁ ਮਨ ਪਵਨੈ ਸੁਖੁ ਬਨਿਆ ੧੬੩
ਭੂਖੇ ਭਗਤਿ ਨ ਕੀਜੈ ੧੬੪

(ਸੋਰਠਿ ਬਾਣੀ ਭਗਤ ਨਾਮਦੇਉ ਜੀ ਕੀ)

ਜਬ ਦੇਖਾ ਤਬ ਗਾਵਾ ੧੬੫
ਪਾੜ ਪੜੋਸਣਿ ਪੂਛਿ ਲੇ ਨਾਮਾ ੧੬੬
ਅਣਮੜਿਆ ਮੰਦਲੁ ਬਾਜੈ ੧੬੭

(ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ)

ਜਬ ਹਮ ਹੋਤੇ ਤਬ ਤੂ ਨਾਹੀ ੧੬੮
ਜਉ ਹਮ ਬਾਂਧੇ ਮੋਹ ਫਾਸ ੧੬੯
ਦੁਲਭ ਜਨਮੁ ਪੁੰਨ ਫਲ ਪਾਇਓ ੧੬੯
ਸੁਖ ਸਾਗਰੁ ਸੁਰਤਰ ਚਿੰਤਾਮਨਿ ੧੭੦
ਜਉ ਤੁਮ ਗਿਰਿਵਰ ਤਉ ਹਮ ਮੋਰਾ ੧੭੧
ਜਲ ਕੀ ਭੀਤਿ ਪਵਨ ਕਾ ਥੰਭਾ ੧੭੧
ਚਮਰਟਾ ਗਾਂਠਿ ਨ ਜਨਈ ੧੭੨

(ਬਾਣੀ ਭਗਤ ਭੀਖਨ ਕੀ)

ਨੈਨਹੁ ਨੀਰੁ ਬਹੈ ਤਨੁ ਖੀਨਾ ੧੭੩
ਐਸਾ ਨਾਮੁ ਰਤਨੁ ਨਿਰਮੋਲਕੁ ੧੭੩


## (ਰਾਗੁ ਧਨਾਸਰੀ)


(ਬਾਣੀ ਭਗਤ ਕਬੀਰ ਜੀ ਕੀ)

ਸਨਕ ਸਨੰਦ ਮਹੇਸ ਸਮਾਨਾਂ ੧੭੪
ਦਿਨ ਤੇ ਪਹਰ ਪਹਰ ਤੇ ਘਰੀਆਂ ੧੭੫
ਜੋ ਜਨੁ ਭਾਉ ਭਗਤਿ ਕਛੁ ਜਾਨੈ ੧੭੫
ਇੰਦ੍ਰ ਲੋਕ ਸਿਵ ਲੋਕਹਿ ਜੈਬੋ ੧੭੬
ਰਾਮ ਸਿਮਰਿ ਰਾਮ ਸਿਮਰਿ ੧੭੬

(ਬਾਣੀ ਭਗਤ ਨਾਮਦੇਵ ਜੀ ਕੀ)
ਗਹਰੀ ਕਰਿ ਕੈ ਨੀਵ ਖੁਦਾਈ ੧੭੭
ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ੧੭੮
ਮਾਰਵਾੜਿ ਜੈਸੇ ਨੀਰੁ ਬਾਲਹਾ ੧੭੯
ਪਹਿਲ ਪੁਰੀਏ ਪੁੰਡਰਕ ਵਨਾ ੧੮੦
ਪਤਿਤ ਪਾਵਨ ਮਾਧਉ ਬਿਰਦੁ ਤੇਰਾ ੧੮੧
(ਭਗਤ ਰਵਿਦਾਸ ਜੀ ਕੀ)
ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ੧੮੨
ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ੧੮੨
ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ੧੮੩
(ਭਗਤ ਤ੍ਰਿਲੋਚਨ ਜੀ ਕੀ)
ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ੧੮੪
(ਸ੍ਰੀ ਸੈਣੁ)
ਧੂਪ ਦੀਪ ਘ੍ਰਿਤ ਸਾਜਿ ਆਰਤੀ ੧੮੫
(ਪੀਪਾ)
ਕਾਯਉ ਦੇਵਾ ਕਾਇਅਉ ਦੇਵਲ ੧੮੬
(ਧੰਨਾ)
ਗੋਪਾਲ ਤੇਰਾ ਆਰਤਾ ੧੮੬

## (ਰਾਗੁ ਜੈਤਸਰੀ)

(ਜੈਤਸਰੀ ਬਾਣੀ ਭਗਤਾਂ ਕੀ)
ਨਾਥ ਕਛੂਅ ਨ ਜਾਨਉ ੧੮੭

## (ਰਾਗੁ ਟੋਡੀ)

(ਟੋਡੀ ਬਾਣੀ ਭਗਤਾਂ ਕੀ)
ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ੧੮੮
ਕਉਨ ਕੋ ਕਲੰਕੁ ਰਹਿਓ ੧੮੮
ਤੀਨਿ ਛੰਦੇ ਖੇਲੁ ਆਛੈ ੧੮੯

## (ਰਾਗੁ ਤਿਲੰਗ)

(ਬਾਣੀ ਭਗਤਾਂ ਕੀ ਕਬੀਰ ਜੀ)
ਬੇਦ ਕਤੇਬ ਇਫਤਰਾ ਭਾਈ ੧੯੦
(ਨਾਮਦੇਵ ਜੀ)
ਮੈ ਅੰਧੁਲੇ ਕੀ ਟੇਕ ੧੯੧
ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ ੧੯੧

## (ਰਾਗੁ ਸੂਹੀ)

ਅਵਤਰਿ ਆਇ ਕਹਾ ਤੁਮ ਕੀਨਾ ੧੯੨
ਥਰਹਰ ਕੰਪੈ ਬਾਲਾ ਜੀਉ ੧੯੩
ਅਮਲੁ ਸਿਰਾਨੋ ਲੇਖਾ ਦੇਨਾ ੧੯੩
ਥਾਕੇ ਨੈਨ ਸ੍ਰਵਨ ਸੁਨਿ ਥਾਕੇ ੧੯੪
ਏਕੁ ਕੋਟੁ ਪੰਚ ਸਿਕਦਾਰਾ ੧੯੫
(ਸ੍ਰੀ ਰਵਿਦਾਸ ਜੀਉ)
ਸਹ ਕੀ ਸਾਰ ਸੁਹਾਗਨਿ ਜਾਨੈ ੧੯੬
ਜੋ ਦਿਨ ਆਵਹਿ ਸੋ ਦਿਨ ਜਾਹੀ ੧੯੭
ਊਚੇ ਮੰਦਰ ਸਾਲ ਰਸੋਈ ੧੯੮
(ਸ਼ੇਖ ਫਰੀਦ ਜੀ ਕੀ)
ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ੧੯੮
ਬੇੜਾ ਬੰਧਿ ਨ ਸਕਿਓ ੧੯੯

## (ਰਾਗੁ ਬਿਲਾਵਲੁ)

(ਬਾਣੀ ਭਗਤਾ ਕੀ ॥ ਕਬੀਰ ਜੀਉ)
ਐਸੋ ਇਹੁ ਸੰਸਾਰ ਪੇਖਨਾ ੨੦੦
ਬਿਦਿਆ ਨ ਪਰਉ ਬਾਦੁ ਨਹੀ ਜਾਨਉ ੨੦੧
ਗ੍ਰਿਹੁ ਤਜਿ ਬਨ ਖੰਡ ਜਾਈਐ ੨੦੧
ਨਿਤ ਉਠਿ ਕੋਰੀ ਗਾਗਰਿ ਆਨੈ ੨੦੨
ਕੋਊ ਹਰਿ ਸਮਾਨਿ ਨਹੀ ਰਾਜਾ ੨੦੩
ਰਾਖਿ ਲੇਹੁ ਹਮ ਤੇ ਬਿਗਰੀ ੨੦੪
ਦਰਮਾਦੇ ਠਾਢੇ ਦਰਬਾਰਿ ੨੦੪
ਡੰਡਾ ਮੁੰਦ੍ਰਾ ਖਿੰਥਾ ਆਧਾਰੀ ੨੦੫
ਇਨਿ ਮਾਇਆ ਜਗਦੀਸ ੨੦੫
ਸਰੀਰ ਸਰੋਵਰ ਭੀਤਰੇ ਆਛੈ ਕਮਲ ੨੦੬
ਜਨਮ ਮਰਨ ਕਾ ਭ੍ਰਮੁ ਗਇਆ ੨੦੭
ਚਰਨ ਕਮਲ ਜਾ ਕੈ ਰਿਦੈ ਬਸਹਿ ੨੦੭
(ਸ੍ਰੀ ਨਾਮਦੇਵ ਜੀ)
ਸਫਲ ਜਨਮੁ ਮੋ ਕਉ ਗੁਰ ਕੀਨਾ ੨੦੮
(ਸ੍ਰੀ ਰਵਿਦਾਸ ਜੀ)
ਦਾਰਿਦੁ ਦੇਖਿ ਸਭ ਕੋ ਹਸੈ ੨੦੯
ਜਿਹ ਕੁਲ ਸਾਧੁ ਬੈਸਨੌ ਹੋਇ ੨੦੯
(ਸ੍ਰੀ ਸਧਨਾ ਜੀ)
ਨ੍ਰਿਪ ਕੰਨਿਆ ਕੇ ਕਾਰਨੈ ੨੧੦

## (ਰਾਗੁ ਗੋਂਡ ਬਾਣੀ ਭਗਤਾਂ ਕੀ)

(ਕਬੀਰ ਜੀਉ)
ਸੰਤੁ ਮਿਲੈ ਕਿਛੁ ਸੁਨੀਐ ਕਹੀਐ ੨੧੧
ਨਰੂ ਮਰੈ ਨਰੁ ਕਾਮਿ ਨ ਆਵੈ ੨੧੨
ਆਕਾਸਿ ਗਗਨੁ ਪਾਤਾਲਿ ਗਗਨੁ ਹੈ ੨੧੨

ਭੁਜਾ ਬਾਂਧਿ ਭਿਲਾ ਕਰਿ ਡਾਰਿਓ ੨੧੩
ਨਾ ਇਹੁ ਮਾਨਸੁ ਨਾ ਇਹੁ ਦੇਉ ੨੧੪
ਤੂਟੇ ਤਾਗੇ ਨਿਖੁਟੀ ਪਾਨਿ ੨੧੫
ਖਸਮੁ ਮਰੈ ਤਉ ਨਾਰਿ ਨ ਰੋਵੈ ੨੧੬
ਗ੍ਰਿਹਿ ਸੋਭਾ ਜਾ ਕੈ ਰੇ ਨਾਹਿ ੨੧੭
ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ ੨੧੮
ਕੂਟਨੁ ਸੋਇ ਜੁ ਮਨ ਕਉ ਕੂਟੈ ੨੧੯
ਧੰਨੁ ਗੁਪਾਲ ਧੰਨੁ ਗੁਰਦੇਵ ੨੨੦

(ਸ੍ਰੀ ਨਾਮਦੇਉ ਜੀ)

ਅਸੁਮੇਧ ਜਗਨੇ ੨੨੧
ਨਾਦ ਭ੍ਰਮੇ ਜੈਸੇ ਮਿਰਗਾਏ ੨੨੨
ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ੨੨੩
ਮੋਹਿ ਲਾਗਤੀ ਤਾਲਾਬੇਲੀ ੨੨੩
ਹਰਿ ਹਰਿ ਕਰਤ ਮਿਟੇ ਸਭ ਭਰਮਾ ੨੨੪
ਭੈਰਉ ਭੂਤ ਸੀਤਲਾ ਧਾਵੈ ੨੨੫
ਆਜੁ ਨਾਮੇ ਬੀਠਲੁ ਦੇਖਿਆ ੨੨੬

(ਸ੍ਰੀ ਰਵਿਦਾਸ ਜੀਉ)

ਮੁਕੰਦ ਮੁਕੰਦ ਜਪਹੁ ਸੰਸਾਰ ੨੨੭
ਜੇ ਓਹੁ ਅਠਸਠਿ ਤੀਰਥ ਨਾਵੈ ੨੨੮

## (ਰਾਮਕਲੀ ਬਾਣੀ ਭਗਤਾਂ ਕੀ)

(ਕਬੀਰ ਜੀਉ)

ਕਾਇਆ ਕਲਾਲਨਿ ਲਾਹਨਿ ਮੇਲਉ ੨੨੯
ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ੨੩੦
ਤੂੰ ਮੇਰੋ ਮੇਰੁ ਪਰਬਤੁ ਸੁਆਮੀ ੨੩੧
ਸੰਤਾ ਮਾਨਉ ਦੂਤਾ ਡਾਨਉ ੨੩੨
ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ ੨੩੩
ਤਰਵਰੁ ਏਕੁ ਅਨੰਤ ਡਾਰ ਸਾਖਾ ੨੩੪
ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ੨੩੫
ਕਵਨ ਰਾਜ ਸਿਰਜੇ ਜਗ ਭੀਤਰਿ ੨੩੫
ਜਿਹ ਸਿਮਰਨਿ ਹੋਇ ਮੁਕਤਿ ਦੁਆਰੁ ੨੩੬
ਬੰਧਚਿ ਬੰਧਨੁ ਪਾਇਆ ੨੩੮
ਚੰਦੁ ਸੂਰਜੁ ਦੁਇ ਜੋਤਿ ਸਰੂਪੁ ੨੩੯
ਦੁਨੀਆ ਹੁਸੀਆਰ ਬੇਦਾਰ ੨੪੦

(ਨਾਮਦੇਉ ਜੀ)

ਆਨੀਲੇ ਕਾਗਦੁ ਕਾਟੀਲੇ ਗੂਡੀ ੨੪੦
ਬੇਦ ਪੁਰਾਨ ਸਾਸਤ੍ਰ ਆਨੰਤਾ ੨੪੧
ਮਾਇ ਨ ਹੋਤੀ ਬਾਪੁ ਨ ਹੋਤਾ ੨੪੨
ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ੨੪੩

(ਰਵਿਦਾਸ ਜੀਉ)

ਪੜੀਐ ਗੁਨੀਐ ਨਾਮੁ ਸਭੁ ਸੁਨੀਐ ੨੪੪

(ਬੇਣੀ ਜੀਉ)

ਇੜਾ ਪਿੰਗੁਲਾ ਅਉਰ ਸੁਖਮਨਾ ੨੪੫

## (ਮਾਲੀ ਗਉੜਾ)

(ਬਾਣੀ ਭਗਤ ਨਾਮਦੇਵ ਜੀ)

ਧਨਿ ਧੰਨਿ ਓ ਰਾਮ ਬੇਨੁ ਬਾਜੈ ੨੪੮
ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ੨੪੮
ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ੨੪੯

## (ਰਾਗੁ ਮਾਰੂ)

(ਬਾਣੀ ਕਬੀਰ ਜੀਉ)

ਪਡੀਆ ਕਵਨ ਕੁਮਤਿ ਤੁਮ ਲਾਗੇ ੨੪੯
ਬਨਹਿ ਬਸੇ ਕਿਉ ਪਾਈਐ ੨੫੦
ਰਿਧਿ ਸਿਧਿ ਜਾ ਕਉ ਫੁਰੀ ੨੫੧
ਉਦਕ ਸਮੁੰਦ ਸਲਲ ਕੀ ਸਾਖਿਆ ੨੫੨
ਜਉ ਤੁਮ ਮੋ ਕਉ ਦੂਰਿ ਕਰਤ ਹਉ ੨੫੩
ਜਿਨਿ ਗੜ ਕੋਟ ਕੀਏ ਕੰਚਨ ਕੇ ੨੫੪
ਦੇਹੀ ਗਾਵਾ ਜੀਉ ਧਰ ਮਹਤਉ ੨੫੪
ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ ੨੫੫
ਰਾਜਨ ਕਉਨੁ ਤੁਮਾਰੈ ਆਵੈ ੨੫੬
ਗਗਨ ਦਮਾਮਾ ਬਾਜਿਓ ੨੫੭
ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ੨੫੭
ਦੀਨੁ ਬਿਸਾਰਿਓ ਰੇ ਦਿਵਾਨੇ ੨੫੮

(ਜੈਦੇਉ ਜੀਉ)

ਚੰਦ ਸਤ ਭੇਦਿਆ ਨਾਦ ਸਤ ਪੂਰਿਆ ੨੫੯

(ਕਬੀਰ ਮਾਰੂ)

ਰਾਮੁ ਸਿਮਰ ਪਛੁਤਾਹਿਗਾ ਮਨ ੨੬੦

(ਰਵਿਦਾਸ ਜੀਉ)

ਐਸੀ ਲਾਲ ਤੁਝ ਬਿਨੁ ਕਉਨੁ ਕਰੈ ੨੬੧
ਸੁਖ ਸਾਗਰ ਸਰਿਤਰੁ ਚਿੰਤਾਮਨਿ ੨੬੨

## (ਰਾਗੁ ਕੇਦਾਰਾ)

(ਬਾਣੀ ਕਬੀਰ ਜੀਉ)

ਉਸਤਤਿ ਨਿੰਦਾ ਦੋਊ ਬਿਬਰਜਿਤ ੨੬੨
ਕਿਨਹੀ ਬਨਜਿਆ ਕਾਂਸੀ ਤਾਂਬਾ ੨੬੩
ਰੀ ਕਲਵਾਰਿ ਗਵਾਰਿ ਮੂਢ ਮਤਿ ੨੬੪

SIKHBOOKCLUB.COM

Sri Satguru Jagjit Singh Ji eLibrary NamdhariElibrary@gmail.com

ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ ੨੬੫
ਟੇਢੀ ਪਾਗ ਟੇਢੇ ਚਲੇ ੨੬੬
ਚਾਰਿ ਦਿਨ ਅਪਨੀ ਨਉਬਤਿ ਚਲੇ ੨੬੬

(ਰਵਿਦਾਸ ਜੀਉ)

ਖਟੁ ਕਰਮ ਕੁਲ ਸੰਜੁਗਤੁ ਹੈ ੨੬੭

## (ਰਾਗੁ ਭੈਰਉ)

(ਭੈਰਉ ਬਾਣੀ ਭਗਤਾ ਕੀ ਕਬੀਰ ਜੀਉ)

ਇਹੁ ਧਨੁ ਮੇਰੇ ਹਰਿ ਕੋ ਨਾਉ ੨੬੮
ਨਾਂਗੇ ਆਵਨੁ ਨਾਂਗੇ ਜਾਨਾ ੨੬੯
ਮੈਲਾ ਬ੍ਰਹਮਾ ਮੈਲਾ ਇੰਦੁ ੨੬੯
ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ੨੭੦
ਗੰਗਾ ਕੈ ਸੰਗਿ ਸਲਿਤਾ ਬਿਗਰੀ ੨੭੧
ਮਾਥੇ ਤਿਲਕੁ ਹਥਿ ਮਾਲਾ ਬਾਨਾਂ ੨੭੧
ਉਲਟਿ ਜਾਤਿ ਕੁਲ ਦੋਊ ਬਿਸਾਰੀ ੨੭੨
ਨਿਰਧਨ ਆਦਰੁ ਕੋਈ ਨ ਦੇਇ ੨੭੨
ਗੁਰ ਸੇਵਾ ਤੇ ਭਗਤਿ ਕਮਾਈ ੨੭੩
ਸਿਵ ਕੀ ਪੁਰੀ ਬਸੈ ਬੁਧਿ ਸਾਰੁ ੨੭੪
ਸੋ ਮੁਲਾਂ ਜੋ ਮਨ ਸਿਉ ਲਰੈ ੨੭੫
ਜੋ ਪਾਥਰ ਕਉ ਕਹਤੇ ਦੇਵ ੨੭੬
ਜਲ ਮਹਿ ਮੀਨ ਮਾਇਆ ਕੇ ਬੇਧੇ ੨੭੭
ਜਬ ਲਗੁ ਮੇਰੀ ਮੇਰੀ ਕਰੈ ੨੭੮
ਸਤਰਿ ਸੈਇ ਸਲਾਰ ਹੈ ਜਾ ਕੇ ੨੭੯
ਸਭੁ ਕੋਈ ਚਲਨ ਕਹਤ ਹੈ ਊਹਾਂ ੨੮੦
ਕਿਉ ਲੀਜੈ ਗਢੁ ਬੰਕਾ ਭਾਈ ੨੮੦
ਗੰਗ ਗੁਸਾਇਨਿ ਗਹਿਰ ਗੰਭੀਰ ੨੮੨
ਅਗਮ ਦ੍ਰੁਗਮ ਗੜਿ ਰਚਿਓ ਬਾਸ ੨੮੨
ਕੋਟਿ ਸੂਰ ਜਾ ਕੈ ਪਰਗਾਸ ੨੮੪

(ਭੈਰਉ ਨਾਮਦੇਉ ਜੀ)

ਰੇ ਜਿਹਬਾ ਕਰਉ ਸਤ ਖੰਡ ੨੮੬
ਪਰ ਧਨ ਪਰ ਦਾਰਾ ਪਰਹਰੀ ੨੮੬
ਦੂਧੁ ਕਟੋਰੈ ਗਡਵੈ ਪਾਨੀ ੨੮੭
ਮੈ ਬਉਰੀ ਮੇਰਾ ਰਾਮੁ ਭਤਾਰੁ ੨੮੮
ਕਬਹੂ ਖੀਰਿ ਖਾਡ ਘੀਉ ਨ ਭਾਵੈ ੨੮੮
ਹਸਤ ਖੇਲਤ ਤੇਰੇ ਦੇਹੁਰੇ ਆਇਆ ੨੮੯
ਜੈਸੀ ਭੂਖੇ ਪ੍ਰੀਤਿ ਅਨਾਜ ੨੯੦
ਘਰ ਕੀ ਨਾਰਿ ਤਿਆਗੈ ਅੰਧਾ ੨੯੦
ਸੰਡਾ ਮਰਕਾ ਜਾਇ ਪੁਕਾਰੇ ੨੯੧
ਸੁਲਤਾਨੁ ਪੂਛੈ ਸੁਨੁ ਬੇ ਨਾਮਾ ੨੯੩
ਜਉ ਗੁਰਦੇਉ ਤ ਮਿਲੈ ਮੁਰਾਰਿ ੨੯੬

(ਭੈਰਉ ਰਵਿਦਾਸ ਜੀਉ)

ਬਿਨੁ ਦੇਖੇ ਉਪਜੈ ਨਹੀ ਆਸਾ ੨੯੮

(ਨਾਮਦੇਵ ਜੀ)

ਆਉ ਕਲੰਦਰ ਕੇਸਵਾ ੨੯੯

## (ਰਾਗੁ ਬਸੰਤੁ)

(ਬਸੰਤੁ ਕਬੀਰ ਜੀ)

ਮਉਲੀ ਧਰਤੀ ਮਉਲਿਆ ਅਕਾਸੁ ੩੦੦
ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ੩੦੧
ਜੋਇ ਖਸਮੁ ਹੈ ਜਾਇਆ ੩੦੨
ਪ੍ਰਹਲਾਦ ਪਠਾਏ ਪੜਨ ਸਾਲ ੩੦੨
ਇਸੁ ਤਨ ਮਨ ਮਧੇ ਮਦਨ ਚੋਰ ੩੦੪
ਨਾਇਕੁ ਏਕੁ ਬਨਜਾਰੇ ਪਾਚ ੩੦੫

(ਬਸੰਤੁ ਹਿੰਡੋਲੁ)

ਮਾਤਾ ਜੂਠੀ ਪਿਤਾ ਭੀ ਜੂਠਾ ੩੦੬

(ਰਾਮਾਨੰਦ ਜੀ)

ਕਤ ਜਾਈਐ ਰੇ ਘਰ ਲਾਗੋ ਰੰਗੁ ੩੦੬

(ਬਸੰਤ ਬਾਣੀ ਨਾਮਦੇਵ ਜੀ ਕੀ)

ਸਾਹਿਬੁ ਸੰਕਟਵੈ ਸੇਵਕੁ ਭਜੈ ੩੦੭
ਲੋਭ ਲਹਰਿ ਅਤਿ ਨੀਝਰ ਬਾਜੈ ੩੦੮
ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ੩੦੮

(ਬਸੰਤੁ ਬਾਣੀ ਰਵਿਦਾਸ ਜੀ ਕੀ)

ਤੁਝਹਿ ਸੁਝੰਤਾ ਕਛੂ ਨਾਹਿ ੩੦੯

(ਕਬੀਰ ਜੀਉ)

ਸੁਰਹ ਕੀ ਜੈਸੀ ਤੇਰੀ ਚਾਲ ੩੧੦

## (ਰਾਗੁ ਸਾਰੰਗ)

(ਕਬੀਰ ਜੀ)

ਕਹਾ ਨਰ ਗਰਬਸਿ ਥੋਰੀ ਬਾਤ ੩੧੧
ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ ੩੧੧

(ਸਾਰੰਗ ਬਾਣੀ ਨਾਮਦੇਉ ਜੀ ਕੀ)

ਕਾਏਂ ਰੇ ਮਨ ਬਿਖਿਆ ਬਨ ਜਾਇ ੩੧੨
ਬਦਹੁ ਕੀ ਨ ਹੋਡ ਮਾਧਉ ਮੋ ਸਿਉ ੩੧੩
ਦਾਸ ਅਨਿੰਨ ਮੇਰੋ ਨਿਜ ਰੂਪ ੩੧੪

(ਸਾਰੰਗ ਪਰਮਾਨੰਦ ਜੀ)

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ੩੧੪


Sri Satguru Jagjit Singh Ji eLibrary NamdhariElibrary@gmail.com

(ਸਾਰੰਗ ਮਹਲਾ ੫ ਸੂਰਦਾਸ)
ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ੩੧੫
ਹਰਿ ਕੇ ਸੰਗ ਬਸੇ ਹਰਿ ਲੋਕ ੩੧੫
(ਸਾਰੰਜ ਕਬੀਰ ਜੀਉ)
ਹਰਿ ਬਿਨੁ ਕਉਨੁ ਸਹਾਈ ਮਨ ਕਾ ੩੧੬

## (ਰਾਗੁ ਮਲਾਰ)

(ਬਾਣੀ ਭਗਤ ਨਾਮਦੇਵ ਜੀਉ ਕੀ)
ਸੇਵੀਲੇ ਗੁਪਾਲ ਰਾਇ ਅਕੁਲ ਨਿਰੰਜਨ ੩੧੭
ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ੩੧੯
(ਮਲਾਰ ਬਾਣੀ ਭਗਤ ਰਵਿਦਾਸ ਜੀ ਕੀ)
ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ੩੨੦
ਹਰਿ ਜਪਤ ਤੇਊ ਜਨਾ ੩੨੧
ਮਿਲਤ ਪਿਆਰੋ ਪ੍ਰਾਨ ਨਾਥੁ ੩੨੨

## (ਰਾਗੁ ਕਾਨੜਾ)

(ਬਾਣੀ ਨਾਮਦੇਵ ਜੀਉ ਕੀ)
ਐਸੋ ਰਾਮ ਰਾਇ ਅੰਤਰਜਾਮੀ ੩੨੨

## (ਰਾਗੁ ਪ੍ਰਭਾਤੀ)

(ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ)
ਮਰਨ ਜੀਵਨ ਕੀ ਸੰਕਾ ਨਾਸੀ ੩੨੩
ਅਲਹੁ ਏਕੁ ਮਸੀਤਿ ਬਸਤੁ ਹੈ ੩੨੩
ਅਵਲਿ ਅਲਹ ਨੂਰੁ ਉਪਾਇਆ ੩੨੫
ਬੇਦ ਕਤੇਬ ਕਹਹੁ ਮਤ ਝੂਠੇ ੩੨੬
ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ੩੨੭
(ਪ੍ਰਭਾਤੀ ਭਗਤ ਨਾਮਦੇਵ ਜੀ ਕੀ)
ਮਨ ਕੀ ਬਿਰਥਾ ਮਨੁ ਹੀ ਜਾਨੈ ੩੨੭
ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ੩੨੮
ਅਕੁਲ ਪੁਰਖ ਇਕੁ ਚਲਿਤੁ ਉਪਾਇਆ ੩੨੯
(ਪ੍ਰਭਾਤੀ ਭਗਤ ਬੇਣੀ ਜੀ ਕੀ)
ਤਨਿ ਚੰਦਨੁ ਮਸਤਕਿ ਪਾਤੀ ੩੩੦
(ਸਲੋਕ ਸਹਸਕ੍ਰਿਤੀ ਮਹਲਾ ੧)
ਪੜ੍ਹਿ ਪੁਸ੍ਤਕ ਸੰਧਿਆ ਬਾਦੰ ੩੩੨
(ਸਲੋਕ ਸਹਸਕ੍ਰਿਤੀ ਮਹਲਾ ੫)
ਕਤੰਚ ਮਾਤਾ ਕਤੰਚ ਪਿਤਾ ੩੩੪
(ਮਹਲਾ ੫ ਗਾਥਾ)
ਕਰਪੂਰ ਪੁਹਪ ਸੁਗੰਧਾ ੩੫੭
(ਫੁਨਹੇ ਮਹਲਾ ੫)
ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ ੩੬੨
(ਚਉਬੋਲੇ ਮਹਲਾ ੫)
ਸੰਮਨ ਜਉ ਇਸ ਪ੍ਰੇਮ ਕੀ ੩੭੨
(ਸਲੋਕ ਭਗਤ ਕਬੀਰ ਜੀਉ ਕੇ)
ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ ੩੭੪
(ਸਲੋਕ ਸੇਖ ਫਰੀਦ ਕੇ)
ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ੪੧੯
(ਸਵਯੇ ਸ੍ਰੀ ਮੁਖਵਾਕ ਮਹਲਾ ੫)
ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ੪੪੫
ਕਾਚੀ ਦੇਹ ਮੋਹ ਫੁਨਿ ਬਾਂਧੀ ੪੫੧
(ਸਵਈਏ ਮਹਲੇ ਪਹਿਲੇ ਕੇ ੧)
ਇਕ ਮਨਿ ਪੁਰਖੁ ਧਿਆਇ ਬਰਦਾਤਾ ੪੫੯
(ਸਵਈਏ ਮਹਲੇ ਦੂਜੇ ਕੇ ੨)
ਸੋਈ ਪੁਰਖੁ ਧੰਨੁ ਕਰਤਾ ੪੬੪
(ਸਵਈਏ ਮਹਲੇ ਤੀਜੇ ਕੇ ੩)
ਸੋਈ ਪੁਰਖੁ ਸਿਵਰਿ ਸਾਚਾ ੪੭੦
ਤਿ ਨਰ ਦੁਖ ਨਹ ਭੁਖ ਤਿ ਨਰ ੪੭੬
ਤੈ ਪਢਿਅਉ ਇਕੁ ਮਨਿ ੪੭੬
ਜਿ ਮਤਿ ਗਹੀ ਜੈਦੇਵਿ ੪੭੭
ਗੁਰੁ ਅਮਰਦਾਸੁ ਪਰਸੀਐ ੪੭੮
ਸਚੁ ਨਾਮੁ ਕਰਤਾਰੁ ੪੭੮
ਆਪਿ ਨਰਾਇਣੁ ਕਲਾ ਧਾਰਿ ੪੭੯
ਜਪੁ ਤਪੁ ਸਤੁ ਸੰਤੋਖੁ ੪੮੦
ਚਿਤਿ ਚਿਤਵਉ ਅਰਦਾਸਿ ਕਹਉ ੪੮੦
(ਭਿਖੇ ਕੇ)
ਗੁਰੁ ਗਿਆਨੁ ਅਰੁ ਧਿਆਨੁ ੪੮੧
ਪਹਿਰਿ ਸਮਾਧਿ ਸਨਾਹੁ ਗਿਆਨਿ ੪੮੨
ਘਨਹਰ ਬੂੰਦ ਬਸੁਅ ਰੋਮਾਵਲਿ ੪੮੩
(ਸਵਈਏ ਮਹਲੇ ਚਉਥੇ ਕੇ ੪)
ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ੪੮੩
(ਸਵਈਏ ਮਹਲੇ ਪੰਜਵੇਂ ਕੇ ੫)
ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ੫੧੮

Sri Satguru Jagjit Singh Ji eLibrary NamdhariElibrary@gmail.com

# ਸ੍ਰੀ ਭਗਤ ਬਾਣੀ—ਸੁਖੇਣ ਬੋਧਨੀ ਸਟੀਕ

## ਸ੍ਰੀਰਾਗੁ (ਅੰਗ ੯੧-੯੩)

**ੴ ਸਤਿਗੁਰ ਪ੍ਰਸਾਦਿ ॥**

**ਸਿਰੀਰਾਗੁ ਕਬੀਰ ਜੀਉ ਕਾ ॥ ਏਕੁ ਸੁਆਨੁ ਕੈ ਘਰਿ ਗਾਵਣਾ ॥**

ਕੇਵਲ ਇਕ ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਮਿਲਦਾ ਹੈ।

ਸ੍ਰੀ ਰਾਗੁ (ਦੇ ਵਿਚ) ਕਬੀਰ (ਭਗਤ) ਜੀ ਦਾ (ਉਪਦੇਸ਼ ਸਤਿਗੁਰੂ ਜੀ ਪ੍ਰਗਟ ਕਰਦੇ ਹਨ। ਇਸ ਸ਼ਬਦ ਨੂੰ ਪਿਛੇ ਦਸੇ ਹੋਏ) "ਏਕੁ ਸੁਆਨੁ ਦੁਇ ਸੁਆਨੀ ਨਾਲਿ" ਵਾਲੇ ਸ਼ਬਦ ਦੇ "ਘਰਿ" ਤਾਰ ਵਿਚ ਗਾਉਣਾ (ਚਾਹੀਦਾ ਹੈ ਅਰਥਾਤ ਉਹ ਤਿੰਨ ਤਾਰ ਵਿਚ ਗਾਵਿਆ ਜਾਂਦਾ ਹੈ, ਇਹ ਭੀ ਤਿੰਨ ਤਾਰ ਵਿਚ ਗਾਉਣਾ ਚਾਹੀਦਾ ਹੈ)।

**ਜਨਨੀ ਜਾਨਤ ਸੁਤੁ ਬਡਾ ਹੋਤੁ ਹੈ**
**ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥**

ਮਾਂ ਜਾਣਦੀ ਹੈ, (ਜੋ ਮੇਰਾ) ਪੁੱਤ੍ਰ ਵੱਡਾ ਹੁੰਦਾ ਹੈ, (ਪਰ) ਏਹ ਨਹੀਂ ਜਾਣਦੀ ਜੋ (ਇਸਦੀ) ਉਮਰਾ ਰੋਜ਼ ਰੋਜ਼ ਘਟਦੀ ਜਾਂਦੀ ਹੈ।

**ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮ ਰਾਉ ਹਸੈ ॥੧॥**

ਮੇਰਾ ਮੇਰਾ ਆਖ ਕੇ ਬਹੁਤਾ ਪਿਆਰ ਕਰਦੀ ਹੈ, (ਇਹ ਦਸ਼ਾ) ਵੇਖ ਕੇ ਜਮਰਾਜਾ (ਇਸ ਲਈ) ਖੁਸ਼ ਹੁੰਦਾ ਏ ਕਿ ਮਾਈ ਮੇਰੀ ਖੁਰਾਕ ਨੂੰ ਪਿਆਰ ਨਾਲ ਪਾਲ ਰਹੀ ਹੈ ॥੧॥

**ਐਸਾ ਤੈਂ ਜਗੁ ਭਰਮਿ ਲਾਇਆ ॥**
**ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥**

(ਹੇ ਵਾਹਿਗੁਰੂ!) ਇਸ ਤਰ੍ਹਾਂ ਦੇ ਭਰਮ ਵਿਚ ਤੂੰ ਜਗਤ ਨੂੰ ਭੁਲਾਇਆ (ਹੋਇਆ ਹੈ), ਜਦ (ਤਕ ਇਹ) ਮਾਇਆ ਦਾ ਮੋਹਿਆ (ਹੋਇਆ) ਹੈ, ਤਦ ਤਕ ਇਹ (ਭਰਮ ਨੂੰ) ਕਿਵੇਂ ਜਾਣ ਸਕਦਾ ਹੈ ? ਅਰਥਾਤ ਨਹੀਂ ਜਾਣ ਸਕਦਾ।

**ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥**

ਕਬੀਰ ਜੀ ਆਖਦੇ ਹਨ, (ਹੇ ਭਾਈ! ਤੂੰ) ਵਿਸ਼ਯਾਂ ਦੇ ਰਸ ਛੱਡ ਦੇਹੁ, ਕਿਉਂਕਿ ਇਨ੍ਹਾਂ ਦੀ ਸੰਗਤ (ਕੀਤਿਆਂ ਹੀ) ਮਰਨਾ (ਜੰਮਣਾ ਮਿਲੇਗਾ)।

## ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ
## ਇਨ ਬਿਧਿ ਭਵ ਸਾਗਰੁ ਤਰਣਾ ॥੨॥

ਹੇ ਪ੍ਰਾਣੀਓ ! ਰਾਮ ਨੂੰ ਜਪੋ, ਜੀਵਣ ਦੀ (ਬਾਣੀ-ਬਣਤ) ਬਨੌਤ (ਬਨਾਵਟ, ਮਨੌਤ) ਅਨਿੱਤ ਹੈ, ਇਹ ਜਾਣੋ, ਅਰਥਾਤ (ਨਾਮ ਜਪੋ ਅਤੇ ਜੀਊਣਾ ਝੂਠ ਸਮਝੋ) ਇਸ ਤਰ੍ਹਾਂ ਸੰਸਾਰ ਸਮੁੰਦਰ ਤੋਂ ਤਰਣਾ ਹੋਵੇਗਾ ॥੨॥

## ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥

ਜਦ ਉਸ (ਵਾਹਿਗੁਰੂ ਨੂੰ ਭਾਵੇ, ਤਾਂ ਜੀਵ ਨੂੰ) ਪ੍ਰੇਮ ਪੈਦਾ ਹੋਵੇਗਾ। (ਤਦ ਇਸ ਦੇ ਦਿਲ) ਵਿਚੋਂ ਭੁਲਾਵਣ ਵਾਲਾ ਭਰਮ ਚਲਾ ਜਾਵੇਗਾ।

## ਉਪਜੈ ਸਹਜੁ ਗਿਆਨ ਮਤਿ ਜਾਗੈ ॥
## ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥

ਫਿਰ [ਸਹਜੁ] ਗਿਆਨ ਪੈਦਾ ਹੋਵੇਗਾ, ਗਿਆਨ (ਨਾਲ) ਬੁੱਧ ਚੈਤੰਨ ਹੋਵੇਗੀ। ਗੁਰਾਂ ਦੀ ਕ੍ਰਿਪਾ (ਨਾਲ) ਅੰਤਰਿ (ਮੁਖਤਾ ਵਿਚ) ਸੁਰਤ ਲਗ ਜਾਵੇਗੀ ॥੩॥

## ਇਤੁ ਸੰਗਤਿ ਨਾਹੀ ਮਰਣਾ ॥
## ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥

(ਅਨ੍ਯ ਅਰਥ)—ਅਜੇਹੇ (ਪੁਰਸ਼ਾਂ ਦੀ) ਸੰਗਤ (ਕਰਕੇ) ਹੁਕਮ ਦੀ ਪਛਾਣ (ਕਰੀਏ ਤਾਂ ਵਾਹਿਗੁਰੂ ਨੂੰ ਮਿਲ ਜਾਈਦਾ ਹੈ, ਫਿਰ ਜੰਮਣਾ) ਮਰਣਾ ਨਹੀਂ ਹੁੰਦਾ ॥੧॥ ਰਹਾਉ ਦੂਸਰਾ ॥

## *ਸਿਰੀਰਾਗੁ ਤ੍ਰਿਲੋਚਨ ਕਾ ॥*

## ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ਜਰਾ ਮਰਣੁ ਭਉ ਵਿਸਰਿ ਗਇਆ ॥

ਪ੍ਰਾਣੀ (ਦੇ) ਮਨ ਵਿਚ ਮਾਯਾ (ਦਾ) ਮੋਹ [ਆਗਲੜਾ] ਬਹੁਤਾ ਹੈ, (ਇਸ ਲਈ) [ਜਰਾ] ਬੁਢੇਪੇ (ਦਾ ਦੁਖ) (ਤੇ) ਮਰਣ (ਦਾ) ਡਰ (ਇਸਨੂੰ) ਭੁੱਲ ਗਿਆ ਹੈ।

## ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋਹਹਿ ਕਪਟ ਨਰਾ ॥੧॥

ਪ੍ਰਵਾਰ ਨੂੰ ਵੇਖਕੇ ਕਮਲਿਆਂ ਵਾਂਗੂੰ ਖੁਸ਼ ਹੁੰਦਾ ਹੈ, ਅਤੇ ਕਪਟੀ ਬੰਦਾ ਪਟ-ਇਸਤ੍ਰੀਆਂ (ਨੂੰ ਬੁਰੀ ਨਜਰ ਨਾਲ ਵੇਖਦਾ ਹੈ) ॥੧॥

## ਦੂੜਾ ਆਇਓਹਿ ਜਮਹਿ ਤਣਾ ॥

(ਹੇ ਭਾਈ! ਤੈਨੂੰ ਲੈਣ ਵਾਸਤੇ) [ਤਣਾ] ਬਲ ਵਾਲਾ [ਦੂੜਾ] ਜਮ ਆਇਆ ਹੈ।

## ਤਿਨ ਆਗਲੜੈ ਮੈ ਰਹਣੁ ਨ ਜਾਇ ॥

ਉਨ੍ਹਾਂ ਦੇ ਅਗੇ (ਤੈਥੋਂ) ਰਿਹਾ ਨਹੀਂ ਜਾਣਾ।

Sri Satguru Jagjit Singh Ji eLibrary NamdhariElibrary@gmail.com

**ਕੋਈ ਕੋਈ ਸਾਜਣੁ ਆਇ ਕਹੈ ॥**
**ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ ॥**

ਕੋਈ ਕੋਈ ਸੱਜਣ (ਜਗਤ ਤੇ) ਆਣ ਕੇ ਆਖਦਾ ਹੈ, ਕਿ ਹੇ ਮੇਰੇ [ਬੀਠੁਲਾ] ਵਾਹਿਗੁਰੂ! ਮੈਨੂੰ [ਬਾਹੜੀ ਵਲਾਇ] ਜੱਫੀ ਪਾ ਕੇ ਮਿਲ!

**ਮਿਲੁ ਮੇਰੇ ਰਮਈਆ ਮੈ ਲੈਹਿ ਛਡਾਇ ॥੧॥ ਰਹਾਉ ॥**

ਹੇ ਮੇਰੇ ਰਾਮ! ਮੈਨੂੰ ਮਿਲ (ਅਤੇ ਜਮਾਂ ਤੋਂ) ਛੁਡਾ ਲੈ॥੧॥ ਰਹਾਉ ॥

**ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ ॥**

ਅਨੇਕਾਂ [ਰਾਜ] ਮਨੋਰਥਾਂ ਦੇ ਅਨੇਕਾਂ ਭੋਗਾਂ (ਵਿਚ ਲੱਗ ਕੇ) ਜੀਵ (ਨੂੰ) ਵਾਹਿਗੁਰੂ ਭੁਲ ਗਿਆ ਹੈ। (ਇਸ ਲਈ ਇਹ ਆਪਣੇ ਆਪ ਨੂੰ) ਸੰਸਾਰ ਸਮੁੰਦਰ ਪਰ ਅਮਰ ਹੋਇਆ (ਮੰਨਦਾ ਹੈ)।

**ਮਾਇਆ ਮੂਠਾ ਚੇਤਸਿ ਨਾਹੀ ਜਨਮੁ ਗਵਾਇਓ ਆਲਸੀਆ ॥੨॥**

ਮਾਇਆ ਦਾ ਮੁੱਠਾ ਚੇਤੇ ਨਹੀਂ ਕਰਦਾ ਦਲਿਦ੍ਰੀ (ਨੇ ਮਨੁੱਖਾ) ਜਨਮ (ਨੂੰ ਭੰਗ ਦੇ ਭਾੜੇ) ਗਵਾ ਲਿਆ ਹੈ ॥੨॥

**ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ ॥**

ਹੇ ਪ੍ਰਾਣੀ! ਤੂੰ ਵਡੇ ਡਰਾਉਣੇ ਰਸਤੇ ਜਾਣਾ ਹੈ, ਉਥੇ ਸੂਰਜ ਚੰਦ੍ਰਮਾ ਦੀ ਭੀ ਪਹੁੰਚ ਨਹੀਂ ਹੈ।

**ਮਾਇਆ ਮੋਹੁ ਤਬ ਬਿਸਰਿ ਗਇਆ ਜਾਂ ਤਜੀਅਲੇ ਸੰਸਾਰੰ ॥੩॥**

ਮਾਯਾ ਦਾ ਮੋਹ ਓਦੋਂ ਭੁੱਲ ਜਾਵੇਗਾ, ਜਦੋਂ ਸੰਸਾਰ ਨੂੰ ਛੱਡੇਗਾ ॥੩॥

**ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮ ਰਾਓ ॥**

ਅੱਜ ਮੇਰੇ ਮਨ ਵਿਚ ਇਹ ਪ੍ਰਗਟ ਹੋਇਆ ਹੈ, (ਕਿ ਮੇਰੇ ਕਰਮਾਂ ਨੂੰ) ਧਰਮਰਾਜਾ ਵੇਖਦਾ ਹੈ।

**ਤਹ ਕਰ ਦਲ ਕਰਨਿ ਮਹਾਬਲੀ ਤਿਨ ਆਗਲੜੈ ਮੈ ਰਹਣੁ ਨ ਜਾਇ ॥੪॥**

ਇਸ ਨੇ ਕਰਨ ਵਰਗੇ ਮਹਾਂ ਬਲੀਆਂ ਨੂੰ ਹੱਥਾਂ ਨਾਲ ਦਲ (ਦਿੱਤਾ ਹੈ, ਹੇ ਭਾਈ! ਤੈਥੋਂ) ਉਸ ਦੇ ਅਗੇ ਨਹੀਂ ਠਹਿਰਿਆ ਜਾਣਾ ॥੪॥

**ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ ॥**

ਜੇ ਕਰ ਕੋਈ ਮੈਨੂੰ ਉਪਦੇਸ਼ ਕਰਦਾ ਹੈ ਤਾਂ (ਏਹੋ ਮਲੂਮ ਹੁੰਦਾ ਹੈ ਕਿ) ਵਣ ਤ੍ਰਿਣ ਵਿਚ ਵਾਹਿਗੁਰੂ ਹੀ ਮਿਲਿਆ ਹੋਇਆ ਹੈ।

**ਐ ਜੀ ਤੂੰ ਆਪੇ ਸਭ ਕਿਛੁ ਜਾਣਦਾ ਬਦਤਿ ਤ੍ਰਿਲੋਚਨੁ ਰਾਮਈਆ ॥੫॥੨॥**

ਤ੍ਰਿਲੋਚਨ ਜੀ ਆਖਦੇ ਹਨ, ਕਿ ਹੇ ਮੇਰੇ ਰਾਮ ਜੀ! ਤੂੰ ਆਪ ਹੀ ਸਭ ਕੁਝ ਜਾਣਦਾ ਹੈਂ ॥੫॥੨॥

## ਸ੍ਰੀਰਾਗੁ ਭਗਤ ਕਬੀਰ ਜੀਉ ਕਾ ॥

**ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ ॥**

ਹੇ ਪਾਂਡੇ! ਇਕ ਅਚਰਜ (ਜੇਹੀ ਗੱਲ) ਸੁਣ, ਜੋ ਹੁਣ ਕੁਛ ਨਹੀਂ ਕਹੀ ਜਾਂਦੀ।

**ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ ॥੧॥**

ਜਿਸ (ਵਾਹਿਗੁਰੂ) ਨੇ ਦੇਵਤੇ, ਮਨੁੱਖ, ਗਣ ਤੇ ਗੰਧਰਬ (ਆਦਿਕ ਸਾਰੇ) ਮੋਹੇ (ਹੋਏ ਹਨ, ਉਸ ਨੇ ਮਾਇਆ ਰੂਪ) [ਮੇਖੁਲੀ] ਤੜਾਗੀ ਤਿੰਨਾਂ ਲੋਕਾਂ ਨੂੰ ਲਾਈ (ਹੋਈ ਹੈ, ਅਰਥਾਤ ਤਿੰਨੇ ਲੋਕ ਮਾਇਆ ਵਿਚ ਫਸਾਏ ਹੋਏ ਹਨ) ॥੧॥

**ਰਾਜਾ ਰਾਮ ਅਨਹਦ ਕਿੰਗੁਰੀ ਬਾਜੈ ॥**

**ਜਾ ਕੀ ਦਿਸਟਿ ਨਾਦ ਲਿਵ ਲਾਗੈ ॥੧॥ ਰਹਾਉ ॥**

(ਉਸ) [ਰਾਜਾ] ਪ੍ਰਕਾਸ਼ ਰੂਪ ਰਾਮ (ਦੀ ਚੇਤਨ ਸਤਾ ਰੂਪ) [ਕਿੰਗੁਰੀ] ਬੀਨਾ ਇਕ ਰਸ ਵੱਜ ਰਹੀ ਹੈ, (ਜੋ ਉਸ ਬੀਨਾ ਦੇ) [ਨਾਦ] ਸ਼ਬਦ ਦੀ [ਲਿਵ] ਪ੍ਰੀਤ (ਵਿਚ) ਨਜ਼ਰ ਲਗਣੀ ਹੈ, (ਏਹੋ ਜੋਗ ਹੈ ਸੋ ਐਸੇ ਜੋਗ ਵਾਲਾ ਮੈਂ ਜੋਗੀ ਹਾਂ) ॥੧॥ ਰਹਾਉ ॥

**ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ ॥**

(ਮੇਰਾ) ਦਸਮ ਦੁਆਰ ਭੱਠੀ ਹੈ, (ਬੁਰੇ ਕਰਮਾਂ ਤੋਂ) ਸੰਗਣਾ ਅਤੇ (ਭਲੇ ਕਰਮਾਂ ਦਾ) ਗ੍ਰਹਿਣ ਕਰਨਾ (ਏਹ ਦੋਵੇਂ ਨਾਲਾਂ ਹਨ, ਅਤੇ) [ਕਨਕ] ਸ਼ੁਧ ਅੰਤਹ ਕਰਣ ਰੂਪ ਘੜੇ ਵਿਚ ਇਕ ਵਾਹਿਗੁਰੂ ਦਾ ਟਿਕਾਉਣਾ (ਹੀ ਅਸਾਂ ਨੇ ਸ਼ਰਾਬ ਕੱਢੀ ਹੈ)।

**ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ ॥੨॥**

ਉਸ ਵਿੱਚ ਵੱਡੀ ਨਿਰਮਲ ਧਾਰਾ ਚੋਂਦੀ ਹੈ, ਇਉਂ ਰਸਾਂ ਵਿਚੋਂ ਅੰਮ੍ਰਿਤ ਰਸ ਚੋ ਪਿਆ ਹੈ ॥੨॥

**ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ ॥**

ਜੋ ਇਕ ਅਸਚਰਜ (ਰੂਪ ਦੀ) [ਬਾਤ] ਵਾਸ਼ਨਾ (ਹੈ, ਏਹੋ) [ਬਨੀ] ਸੁਰਾਹੀ ਹੈ, ਅਤੇ ਅਸਾਂ ਨੇ ਸੁਾਸਾਂ ਦਾ ਪਿਆਲਾ ਬਣਾਇਆ ਹੈ।

**ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ ॥੩॥**

ਤਿੰਨਾਂ ਲੋਕਾਂ ਵਿਚ ਇਕੋ ਹੀ ਰਾਜਾ ਹੈ, (ਏਹੋ ਉਸ ਸ਼ਰਾਬ ਦਾ ਨਸ਼ਾ ਹੈ), ਦੱਸ ਭਾਈ! (ਅਜੇਹਾ) ਜੋਗੀ (ਹੋਰ) ਕੌਣ ਹੈ ? ॥੩॥

**ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥**

ਅਜੇਹੇ ਗਿਆਨ (ਕਰਕੇ) ਉੱਤਮ ਪੁਰਖ (ਵਾਹਿਗੁਰੂ) ਪ੍ਰਗਟ ਹੋਇਆ ਹੈ, ਕਬੀਰ ਜੀ ਆਖਦੇ ਹਨ, ਮੈਂ ਤਾਂ ਉਸਦੇ [ਰੰਗਿ] ਪ੍ਰੇਮ ਵਿਚ ਰੱਤਾ ਗਿਆ ਹਾਂ।

**ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥੪॥੩॥**

Sri Satguru Jagjit Singh Ji eLibrary NamdhariElibrary@gmail.com

ਹੋਰ ਸਾਰੀ ਦੁਨੀਆਂ ਭਰਮ ਵਿਚ ਭੁੱਲੀ (ਫਿਰਦੀ ਹੈ, ਮੇਰਾ) ਮਨ ਤਾਂ ਰਾਮ (ਦੇ ਨਾਮ ਰੂਪ) [ਰਸਾਇਨ] ਅੰਮ੍ਰਿਤ (ਨੂੰ ਪੀਕੇ) ਮਸਤ ਹੋ ਗਿਆ ਹੈ ॥੪॥੩॥

## ਸ੍ਰੀਰਾਗ ਬਾਣੀ ਭਗਤ ਬੇਣੀ ਜੀਉ ਕੀ ॥
## ਪਹਰਿਆ ਕੈ ਘਰਿ ਗਾਵਣਾ ॥

ਪਿਛੇ ਉਚਾਰਣ ਕੀਤੀ ਹੋਈ 'ਪਹਿਰੇ' ਬਾਣੀ ਜਿਸ ਤਾਰ ਵਿਚ ਗਾਵੀ ਜਾਂਦੀ ਹੈ; ਉਸੇ ਤਾਰ ਵਿਚ ਭਗਤ ਬੇਣੀ ਜੀ ਦੇ ਸ਼ਬਦ ਨੂੰ ਗਾਵਣ ਦੀ ਸੂਚਨਾ ਹੈ।

## ੧ਓ ਸਤਿਗੁਰ ਪ੍ਰਸਾਦਿ ॥

**ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥**

ਹੇ ਬੰਦੇ! ਜਦ (ਤੂੰ ਮਾਂ ਦੇ ਗਰਭ ਕੁੰਡ ਵਿਚ ਸੀ, ਓਦੋਂ ਉੱਚੇ (ਵਾਹਿਗੁਰੂ ਦੇ) ਧਿਆਨ ਵਿਚ ਤੇਰੀ ਸੁਰਤ ਲੱਗੀ ਹੋਈ ਸੀ।

**ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ ॥**

(ਤੈਨੂੰ) ਮਿੱਟੀ ਦੇ ਪੁਤਲੇ (ਸਰੀਰ) ਦੀ ਹੋਂਦ ਦਾ ਹੰਕਾਰ ਨਹੀਂ ਸੀ, ਅਤੇ ਦਿਨ ਰਾਤ ਇਕ ਅਗਿਆਨੰ ਦਾ (ਦਾ ਹੀ ਤੇਰੇ ਦਿਲੋਂ) ਨਾਗਾ (ਰਹਿੰਦਾ ਸੀ, ਅਰਥਾਤ ਅਗਿਆਨ ਭੀ ਨਹੀਂ ਸੀ)।

**ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ ॥**

ਉਨ੍ਹਾਂ ਦਿਨਾਂ ਦੇ ਕਸ਼ਟਾਂ ਤੇ ਵਡੇ-ਵਡੇ ਦੁੱਖਾਂ ਨੂੰ ਚੇਤੇ ਕਰ (ਤੂੰ) ਹੁਣ ਚਿੱਤ ਬਹੁਤੇ ਪਸਾਰਿਆਂ (ਵਿਚ ਲਾ ਦਿੱਤਾ ਹੈ, ਅਰਥਾਤ ਕਰਤਾ ਪੁਰਖ ਤੋਂ ਹਟ ਕੇ ਕੀਤੇ ਪਦਾਰਥਾਂ ਵਿਚ ਚਿੱਤ ਲਾ ਦਿੱਤਾ ਹੈ)।

**ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ ॥੧॥**

ਹੇ ਨਰ! ਗਰਭ ਨੂੰ ਛੱਡ ਕੇ [ਮ੍ਰਿਤ ਮੰਡਲ] ਜਗਤ ਵਿਚ ਆਇਆ ਹੈਂ ਤਦੇ (ਹੀ ਤੂੰ) ਹਰੀ ਨੂੰ ਮਨੋਂ ਭੁਲਾ ਦਿੱਤਾ ਹੈ? ॥੧॥

**ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥**

ਹੇ ਮੂਰਖਾ! ਫੇਰ ਪਛਤਾਵੇਂਗਾ, ਤੂੰ ਕਿਹੜੀ ਕੁਮੱਤ (ਕਰਕੇ) ਭਰਮ (ਵਿਚ) ਲੱਗਾ ਹੋਇਆ) ਹੈਂ?

**ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ ॥੧॥ ਰਹਾਉ ॥**

ਰਾਮ ਨੂੰ ਯਾਦ ਕਰ ਨਹੀਂ ਤਾਂ ਨਰਕਾਂ ਨੂੰ ਜਾਏਂਗਾ, ਅਰਾਧਨ ਤੋਂ ਬਿਨਾਂ [ਜਨੁ] ਨਾ ਫਿਰ ॥੧॥ ਰਹਾਉ ॥

**ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ ॥**

ਬਾਲ (ਉਮਰਾ ਵਿਚ) ਖੇਡਾਂ ਦੇ ਸਵਾਦ ਦੀ ਚਿੰਤਾ ਲਗੀ, (ਅਤੇ ਉਨ੍ਹਾਂ ਦਾ ਹੀ) ਮੋਹ ਛਿਨ ਛਿਨ ਵਿਚ ਵਧਦਾ ਗਿਆ।

**ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ ॥**

Sri Satguru Jagjit Singh Ji eLibrary NamdhariElibrary@gmail.com

(ਜਵਾਨੀ ਵਿਚ) [ਮੇਧੁ] ਪਵਿਤਰ ਅੰਮ੍ਰਿਤ ਦੇ [ਮਿਸੁ] ਬਹਾਨੇ (ਨਾਲ ਤੂੰ) ਰਸਾਂ ਰੂਪ ਜ਼ਹਿਰ ਖਾਧੀ, (ਕਾਮਾਦਿਕ) ਪੰਜੇ ਦੁਖ ਦੇਣ ਵਾਲੇ ਪ੍ਰਗਟ (ਹੋ ਗਏ)।

**ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥**

(ਫੇਰ ਤੂੰ) ਜਪ, ਤਪ, ਸੰਜਮ ਤੇ [ਸੁਕ੍ਰਿਤ] ਭਲੀ ਸਿਖਿਆ (ਲੈਣੀ ਭੀ) ਛੱਡ (ਦਿੱਤੀ ਅਤੇ) ਰਾਮ ਦਾ ਨਾਮ ਭੀ ਨਾ ਜਪਿਆ।

**ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ ॥੨॥**

(ਜਦ) ਕਾਮ ਦਾ ਜੋਰ ਪਿਆ (ਤੇ) ਬੁਧੀ ਨੂੰ (ਏਹੀ) ਕਾਲਕ ਲੱਗ ਗਈ, ਤਦ (ਇਕ) [ਸਕਤਿ] ਇਸਤਰੀ ਲਿਆ ਕੇ ਤੇਰੇ ਗਲ ਬੰਨ੍ਹੀ ਗਈ ॥੨॥

**ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ ॥**

ਜਵਾਨੀ ਦੇ ਜੋਸ਼ ਵਿਚ ਪਰਾਈਆਂ ਇਸਤ੍ਰੀਆਂ ਦੇ ਮੂੰਹ ਵੇਖਦਾ ਹੈ, ਅਤੇ [ਸਰੁ ਅਪਸਰੁ] ਭਲੇ ਬੁਰੇ ਕਰਮ ਦੀ ਪਛਾਣ ਨਹੀਂ ਕਰਦਾ।

**ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ ॥**

ਕਾਮ ਦੀ ਮਸਤੀ ਕਰਕੇ ਡਰਾਉਣੇ ਜ਼ਹਿਰ ਉਤੇ ਭੁਲਦਾ ਹੈਂ ਅਤੇ ਪਾਪ ਪੁੰਨ (ਦੀ ਭੀ) ਪਛਾਣ ਨਹੀਂ ਕਰਦਾ।

**ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ ॥**

ਇਹ (ਇਸਤਰੀ) ਪੁੱਤਰ ਤੇ ਧਨ ਵੇਖਕੇ ਮਨ ਵਿਚ ਹੰਕਾਰ ਕਰਦਾ ਹੈ, ਅਤੇ ਦਿਲੋਂ ਰਾਮ ਨੂੰ ਭੁਲਾ ਦਿੱਤਾ ਹੈ।

**ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ ॥੩॥**

ਹੋਰ ਦੇ ਮੋਇਆਂ, ਮਾਇਆ ਹੀ ਮਨ ਵਿਚ ਵਿਚਾਰਦਾ ਹੈ, (ਅਰਥਾਤ ਕਿੰਨੀ ਛਡ ਮੋਇਆ ਹੈ ਅਤੇ ਮੇਰੇ ਹਿੱਸੇ ਕਿੰਨੀ ਆਊ, ਆਦਿਕ ਇਸੇ ਕਰਕੇ ਤੂੰ) ਭਾਗਾਂ (ਨਾਲ ਮਿਲੇ ਹੋਏ) [ਮੁਖਿ] ਉੱਤਮ ਜਨਮ ਨੂੰ ਵਿਗਾੜ ਲਿਆ ਹੈ ॥੩॥

**ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ ॥**

(ਬੁਢੇਪੇ ਵਿਚ) ਕੇਸ [ਪੁੰਡਰ] ਚਿੱਟੇ ਫੁੱਲ ਨਾਲੋਂ ਚਿੱਟੇ ਹੋ ਗਏ, ਅਤੇ ਬੋਲੀ ਭੀ ਬਹੁਤ ਮਹੀਨ ਹੋ ਗਈ।

**ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ ॥**

ਅੱਖਾਂ ਚੋਂਦੀਆਂ ਹਨ, ਬੁੱਧੀ ਤੇ ਜ਼ੋਰ ਨਾਸ ਹੋ ਗਿਆ ਹੈ, ਪਰ ਤਦ ਭੀ ਵਾਸ਼ਨਾ ਦੀ ਮਧਾਣੀ ਪੈਂਦੀ ਹੈ।

**ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ ॥**

ਉਨ੍ਹਾਂ ਵਾਸ਼ਨਾ ਕਰਕੇ ਬੁੱਧੀ (ਪਾਵਸਿ) ਕਾਲੀ ਹੋ ਗਈ, ਅਤੇ ਕਮਲ (ਵਰਗੀ) ਦੇਹ ਭੀ ਕੁਮਲਾ ਜਾਂਦੀ

ਹੈ।

**ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ ॥੪॥**

[ਅਵਗਤਿ= ਅਵਯਕਤ] ਵਾਹਿਗੁਰੂ ਦੀ ਬਾਣੀ ਛਡ ਕੇ ਸੰਸਾਰੀ (ਧੰਦਿਆਂ ਵਿਚ ਲੱਗਾ ਰਿਹਾ, ਜਦ ਉਹ ਭੀ ਪੂਰੇ ਨਾ ਹੋਏ) ਤਾਂ ਫਿਰ ਮਗਰੋਂ ਪਛਤਾਉਂਦਾ ਹੈ ॥੪॥

**ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥**

(ਆਪਣੇ) ਨੇੜੇ (ਆਈ ਪੁੱਤਰ ਆਦਿਕ ਦੀ) ਦੇਹ ਵੇਖ ਕੇ ਵਾਜ ਮਾਰਦਾ ਹੈ, (ਅਤੇ ਉਨ੍ਹਾਂ ਉਤੇ) ਮਾਨ ਕਰਦਾ ਹੈ, (ਪਰ ਉਹ ਤਾਂ ਇਸ ਨੂੰ) ਪਛਾਣਦੇ ਭੀ ਨਹੀਂ ਹਨ।

**ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥**

ਜੀਊਣ ਵਾਸਤੇ ਤਾਂ ਲਾਲਚ ਕਰਦਾ ਹੈ, ਪਰ ਅੱਖੋਂ ਕੁਝ ਦਿੱਸਦਾ ਨਹੀਂ।

**ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥**

(ਜਦ) ਮਨ ਪੰਛੀ ਉੱਡ ਗਿਆ (ਤਾਂ ਦੇਹ ਦਾ) ਤੇਜ ਭੀ ਰਹਿ ਗਿਆ, (ਉਸੇ ਵੇਲੇ ਮੁਰਦਾ) ਘਰ ਦੇ ਵੇਹੜੇ (ਵਿਚ ਪਿਆ ਭੀ) ਨਹੀਂ ਭਾਉਂਦਾ।

**ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥**

ਬੇਣੀ (ਭਗਤ ਜੀ) ਆਖਦੇ ਹਨ, ਹੇ ਭਗਤੋ ! ਸੁਣੋ, ਮਰ ਕੇ ਕਿਸਨੇ ਮੁਕਤੀ ਪਾਈ ਹੈ ? (ਅਰਥਾਤ ਜੀਉਂਦਿਆਂ ਹੀ ਮੁਕਤੀ ਦਾ ਸਾਧਨ ਕਰੇ, ਤਾਂ ਮੁਕਤੀ ਮਿਲੇਗੀ ॥੫॥

SIKHBOOKCLUB.COM

**ਸਿਰੀਰਾਗੁ ॥ ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥**

ਤੂੰ ਹੀਂ ਮੇਰੇ (ਵਿਚ ਹੈਂ, ਇਸ ਲਈ) ਮੇਰੇ ਤੇਰੇ ਵਿਚ ਕੀ (ਅੰਤਰੁ) ਫਰਕ ਹੈ ?

**ਕਨਕ ਕਟਿਕ ਜਲ ਤਰੰਗ ਜੈਸਾ ॥੧॥**

ਜਿਵੇਂ ਸੋਨੇ ਤੋਂ ਕੜੇ (ਬਣਾ ਕੇ ਭੀ ਸੋਨੇ ਤੋਂ ਭਿੰਨ ਨਹੀਂ ਹੁੰਦੇ, ਅਤੇ) ਪਾਣੀ (ਵਿਚੋਂ) ਬੁਲਬਲੇ (ਉੱਠਕੇ ਭੀ ਫਿਰ ਉਸੇ ਦੇ ਵਿਚ ਸਮਾ ਜਾਂਦੇ ਹਨ, ਇਵੇਂ ਅਸੀਂ ਤੇਰੇ ਤੋਂ ਬਣਕੇ ਭੀ ਤੈਥੋਂ ਭਿੰਨ ਨਹੀਂ ਹਾਂ ਅਤੇ ਫਿਰ) ਤੇਰੇ ਵਿਚ ਹੀ ਸਮਾ ਜਾਵਾਂਗੇ ॥੧॥

**ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥**

ਹੇ ਬੇਅੰਤ ਵਾਹਿਗੁਰੂ ! ਜੇਕਰ ਅਸੀਂ ਪਾਪ ਨ ਕਰਦੇ, (ਅਤੇ ਤੂੰ ਸਾਨੂੰ ਨ ਤਾਰਦੋਂ।)

**ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥**

ਤਾਂ ਤੇਰਾ ਨਾਮ ਪਤਿਤ ਪਾਵਨ ਕਿਵੇਂ ਹੋ ਜਾਂਦਾ ? ॥੧॥ ਰਹਾਉ ॥

**ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ॥**

ਹੇ ਅੰਤਰਜਾਮੀ ! ਤੁਸੀਂ ਜੋ ਸਾਡੇ ਚੰਗੇ ਮਾਲਕ ਹੋਏ, (ਅਤੇ ਅਸੀਂ ਤੁਹਾਡੇ ਨੌਕਰ ਹੋਏ)।

**ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥**

ਮਾਲਕ ਕਰਕੇ ਨੌਕਰ ਜਾਣਿਆ ਜਾਂਦਾ ਹੈ, (ਅਤੇ ਨੌਕਰ ਤੋਂ ਹੀ ਮਾਲਕ) ਦੀ ਪਛਾਣ ਹੁੰਦੀ ਹੈ ॥੨॥

**ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥**

ਮੈਨੂੰ (ਅਜੇਹੀ) ਵਿਚਾਰ ਦਿਓ (ਜੋ) ਸਰੀਰ (ਪ੍ਰਯੰਤ ਤੈਨੂੰ ਹੀ) ਯਾਦ ਕਰਦਾ ਰਹਾਂ।

**ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥**

(ਅਰ ਮੈਂ) ਰਵਿਦਾਸ (ਨੂੰ) ਕੋਈ ਅਜੇਹਾ ਸੱਜਣ ਮੇਲ, ਜੋ ਮੈਨੂੰ [ਦਲ] ਸਾਰਿਆਂ (ਵਿਚ ਇਕੋ ਹੀ) ਸਮਾ (ਰਿਹਾ) ਸਮਝਾ ਦੇਵੇ ॥੩॥

## ਰਾਗੁ ਗਉੜੀ (ਅੰਗ ੩੨੩-੪੬)

## ਭਗਤਾਂ ਕੀ ਬਾਣੀ

**ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥**

ਵਾਹਿਗੁਰੂ ਕੇਵਲ ਇਕ ਹੈ, ਸਥਿਰ ਰਹਿਣ ਵਾਲਾ ਹੈ, ਦੁਖਾਂ ਤੋਂ ਰਹਿਤ ਹੈ, ਸਿਰਜਣਹਾਰ ਹੈ, ਵਿਆਪਕ ਹੈ, ਰਾਹ ਦੱਸਣ ਵਾਲਾ ਹੈ, ਅਰ ਕ੍ਰਿਪਾਲੂ ਹੈ।

**ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ ੧੪ ॥**

ਗੁਆਰੇਰੀ (ਨਾਮ ਵਾਲੀ) ਗੌੜੀ (ਰਾਗਣੀ ਵਿਚ ਉਚਾਰਣ ਕੀਤੇ ਹੋਏ) ਚਹੁੰ ਪਦ ਵਾਲੇ ਚੌਦਾਂ ਸ਼ਬਦਾਂ ਵਿਚ ਸ੍ਰੀ ਕਬੀਰ ਜੀ ਦੇ ਉਪਦੇਸ਼ ਨੂੰ ਗੁਰੂ ਜੀ ਪ੍ਰਗਟ ਕਰਦੇ ਹਨ :—

**ਅਬ ਮੋਹਿ ਜਲਤ ਰਾਮ ਜਲੁ ਪਾਇਆ ॥**

ਹੁਣ ਮੈਂ (ਤ੍ਰਿਸ਼ਨਾ ਅੱਗ ਵਿਚ) ਸੜਦੇ ਹੋਏ ਨੇ ਰਾਮ (ਦਾ ਨਾਮ) ਜਲ ਪਾਇਆ ਹੈ।

**ਰਾਮ ਉਦਕਿ ਤਨੁ ਜਲਤ ਬੁਝਾਇਆ ॥੧॥ ਰਹਾਉ ॥**

(ਉਸ) ਰਾਮ (ਦੇ ਨਾਮ ਰੂਪ) ਪਾਣੀ (ਨੇ ਮੇਰੇ) ਸੜਦੇ ਸਰੀਰ ਨੂੰ ਬੁਝਾ ਦਿਤਾ ਹੈ (ਅਰਥਾਤ ਠੰਢ ਪਾ ਦਿਤੀ ਹੈ) ॥੧॥ ਰਹਾਉ ॥

**ਮਨੁ ਮਾਰਣ ਕਾਰਣਿ ਬਨ ਜਾਈਐ ॥**

ਮਨ ਨੂੰ [ਮਾਰਣ] ਠੰਢਿਆਂ ਕਰਨ ਲਈ ਹੀ ਜੰਗਲਾਂ ਵਿਚ ਜਾਈਦਾ ਹੈ।

**ਸੋ ਜਲੁ ਬਿਨੁ ਭਗਵੰਤ ਨ ਪਾਈਐ ॥੧॥**

(ਪਰ) ਉਥੇ (ਭੀ ਠੰਢਿਆਂ ਕਰਨ ਵਾਲਾ) ਪਾਣੀ ਭਗਵੰਤ (ਭਜਨ ਤੋਂ ਬਿਨਾਂ) ਨਹੀਂ ਮਿਲਦਾ ॥੧॥

**ਜਿਹ ਪਾਵਕ ਸੁਰਿ ਨਰ ਹੈ ਜਾਰੇ ॥**

ਜਿਸ (ਤ੍ਰਿਸ਼ਨਾ) ਅੱਗ ਨੇ ਦੇਵਤੇ ਤੇ ਮਨੁੱਖ ਸਾੜ ਦਿਤੇ ਹਨ।

**ਰਾਮ ਉਦਕਿ ਜਨ ਜਲਤ ਉਬਾਰੇ ॥੨॥**

(ਉਸ ਵਿਚ) ਸੜਦੇ ਹੋਏ ਦਾਸ ਨੂੰ ਰਾਮ (ਦੇ ਨਾਮ ਰੂਪ) ਪਾਣੀ ਨੇ ਬਚਾ ਲਿਆ ਹੈ।

**ਭਵ ਸਾਗਰ ਸੁਖ ਸਾਗਰ ਮਾਹੀ ॥**

ਸੰਸਾਰ ਸਮੁੰਦਰ (ਵਿਚ ਰਹਿਕੇ ਭਗਤ ਜਨ) ਸੁਖਾਂ ਦੇ ਸਮੁੰਦਰ (ਵਾਹਿਗੁਰੂ) ਵਿਚੋਂ।

**ਪੀਵਿ ਰਹੇ ਜਲ ਨਿਖੁਟਤ ਨਾਹੀ ॥੩॥**

(ਨਾਮ ਰੂਪੀ) ਪਾਣੀ ਪੀ ਰਹੇ (ਹਨ ਪਰ ਪਾਣੀ) ਮੁਕਦਾ ਨਹੀਂ ਹੈ॥੩॥

**ਕਹਿ ਕਬੀਰ ਭਜੁ ਸਾਰਿੰਗਪਾਨੀ ॥**

ਕਬੀਰ ਜੀ ਆਖਦੇ ਹਨ—(ਹੇ ਭਾਈ!) [ਸਾਰਿੰਗ] ਪਪੀਹੇ (ਵਾਂਗੂੰ ਨਾਮ ਰੂਪ) ਪਾਣੀ ਨੂੰ ਚੇਤੇ ਕਰੋ।

**ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥੪॥੧॥**

ਰਾਮ (ਨਾਮ) ਪਾਣੀ ਨੇ ਮੇਰੀ ਤ੍ਰੇਹ ਬੁਝਾ ਦਿਤੀ ਹੈ, (ਤੁਹਾਡੀ ਭੀ ਓਹੀ ਬੁਝਾਵੇਗਾ) ॥੪॥੧॥

**ਗਉੜੀ ਕਬੀਰ ਜੀ ॥ ਮਾਧਉ ਜਲ ਕੀ ਪਿਆਸ ਨ ਜਾਇ ॥**

ਰਾਮ (ਨਾਮ ਦੇ) ਜਲ ਦੀ ਤ੍ਰੇਹ ਨਹੀਂ ਜਾਂਦੀ।

**ਜਲ ਮਹਿ ਅਗਨਿ ਉਠੀ ਅਧਿਕਾਇ ॥੧॥ ਰਹਾਉ ॥**

(ਇਸ) ਪਾਣੀ (ਦੇ ਪੀਂਦਿਆਂ ਹੀ ਮਨ) ਵਿਚ ਬਹੁਤੀ ਤ੍ਰੇਹ ਪੈਦਾ ਹੋ ਗਈ ਹੈ ॥੧॥ ਰਹਾਉ ॥ (ਭਾਵ ਪ੍ਰੇਮ ਕੀਤਿਆਂ ਪ੍ਰੇਮ ਬਹੁਤ ਹੁੰਦਾ ਜਾਂਦਾ ਹੈ)।

SIKHBOOKCLUB.COM

**ਤੂੰ ਜਲਨਿਧਿ ਹਉ ਜਲ ਕਾ ਮੀਨੁ ॥**

(ਹੇ ਵਾਹਿਗੁਰੂ! ਤੇਰਾ ਨਾਮ) ਪਾਣੀ ਦਾ ਸਮੁੰਦਰ ਹੈ, ਅਤੇ ਮੈਂ (ਉਸ) ਪਾਣੀ ਦੀ ਮੱਛੀ ਹਾਂ।

**ਜਲ ਮਹਿ ਰਹਉ ਜਲਹਿ ਬਿਨੁ ਖੀਨੁ ॥੧॥**

(ਉਸ) ਪਾਣੀ ਵਿਚ (ਹੀ ਜੀਊਂਦਾ) ਰਹਿੰਦਾ ਹਾਂ, (ਨਾਮ ਰੂਪ) ਪਾਣੀ ਤੋਂ ਬਿਨਾਂ (ਹੋਵਾਂ ਤਾਂ) ਮਰ ਜਾਵਾਂਗਾ॥੧॥

**ਤੂੰ ਪਿੰਜਰੁ ਹਉ ਸੂਅਟਾ ਤੋਰ ॥**

ਤੂੰ ਤਾਂ ਪਿੰਜਰੇ (ਵਾਂਗੂ ਹੈ ਅਤੇ) ਮੈਂ ਤੇਰੇ (ਵਿਚ ਰਹਿਣ ਵਾਲਾ) [ਸੂਅਟਾ] ਤੋਤਾ ਹਾਂ।

**ਜਮੁ ਮੰਜਾਰੁ ਕਹਾ ਕਰੈ ਮੋਰ ॥੨॥**

ਜਮ ਰੂਪੀ [ਮੰਜਾਰੁ] ਬਿੱਲਾ (ਹੁਣ) ਮੇਰਾ ਕੀ (ਵਿਗਾੜ) ਕਰੇਗਾ ? (ਅਰਥਾਤ ਜਮ ਮੈਨੂੰ ਨਹੀਂ ਮਾਰ ਸਕਦਾ) ॥੨॥

**ਤੂੰ ਤਰਵਰੁ ਹਉ ਪੰਖੀ ਆਹਿ ॥**

ਤੂੰ (ਤਾਂ) ਦਰੱਖਤ (ਹੈਂ ਅਤੇ) ਮੈਂ ਤੇਰੇ ਉਤੇ ਰਹਿਣ ਵਾਲਾ ਪੰਛੀ ਹਾਂ।

**ਮੰਦਭਾਗੀ ਤੇਰੋ ਦਰਸਨੁ ਨਾਹਿ ॥੩॥**

(ਹੇ ਵਾਹਿਗੁਰੂ!) ਮੰਦੇ ਭਾਗਾਂ ਵਾਲੇ ਨੂੰ ਤੇਰਾ ਦਰਸ਼ਨ ਨਹੀਂ ਹੁੰਦਾ ॥੩॥

**ਤੂੰ ਸਤਿਗੁਰੁ ਹਉ ਨਉਤਨੁ ਚੇਲਾ ॥**

ਤੂੰ ਸਤਿਗੁਰੂ ਹੈਂ (ਅਤੇ) ਮੈਂ (ਤੇਰਾ) ਨਵਾਂ ਚੇਲਾਂ ਹਾਂ, (ਨਵੇਂ ਚੇਲੇ ਵਿਚ ਪ੍ਰੇਮ ਤਾਂ ਬਹੁਤ ਹੁੰਦਾ ਹੈ, ਅਨਭੋਲ ਤੇ ਅਨਜਾਣ ਹੋਣ ਕਰਕੇ ਸੇਵਾ ਨਹੀਂ ਕਰ ਸਕਦਾ ਅਤੇ ਭੁੱਲਾਂ ਬਹੁਤ ਕਰਦਾ ਹੈ, ਸੋ ਕਬੀਰ ਜੀ ਦਾ ਇਹੋ ਭਾਵ ਹੈ)।

**ਕਹਿ ਕਬੀਰ ਮਿਲੁ ਅੰਤ ਕੀ ਬੇਲਾ ॥੪॥੨॥**

ਕਬੀਰ ਜੀ ਆਖਦੇ ਹਨ (ਚੁਰਾਸੀ ਲੱਖ ਜੂਨਾਂ ਵਿਚੋਂ) ਅੰਤ ਦੀ ਵਾਰੀ (ਮਨੁੱਖਾ ਜੂਨ ਮਿਲੀ ਹੈ, ਹੇ ਵਾਹਿਗੁਰੂ! ਇਸ ਲਈ ਤਾਂ ਆ ਕੇ) ਮਿਲ (ਪਵੋ) ॥੪॥੨॥

**ਗਉੜੀ ਕਬੀਰ ਜੀ ॥ ਜਬ ਹਮ ਏਕੋ ਏਕੁ ਕਰਿ ਜਾਨਿਆ ॥**

ਜਦ ਅਸਾਂ ਇਕ (ਨੂੰ ਵੇਖਕੇ ਸਭਨਾਂ ਨੂੰ) ਇਕੋ (ਜੇਹਾ) ਕਰਕੇ ਜਾਣਿਆਂ ਹੈ।

**ਤਬ ਲੋਗਹ ਕਾਹੇ ਦੁਖੁ ਮਾਨਿਆ ॥੧॥**

ਤਾਂ ਲੋਕਾਂ (ਨੇ ਇਸ ਗੱਲ ਵਿਚ) ਕਿਉਂ ਦੁਖ ਮੰਨਿਆ ਹੈ ? ॥੧॥

**ਹਮ ਅਪਤਹ ਅਪੁਨੀ ਪਤਿ ਖੋਈ ॥**

(ਹੇ ਲੋਕੋ ! ਜੇਕਰ) ਅਸੀਂ ਬੇਪੱਤੇ (ਹਾਂ, ਤਾਂ) ਆਪਣੀ ਇੱਜ਼ਤ ਗਵਾਈ ਹੈ।

**ਹਮਰੈ ਖੋਜਿ ਪਰਹੁ ਮਤਿ ਕੋਈ ॥੧॥ ਰਹਾਉ ॥**

(ਤੁਸੀਂ ਕੋਈ ਭੀ) ਸਾਡੇ ਮਗਰ ਨ ਲਗੋ ॥੧॥ ਰਹਾਉ ॥

**ਹਮ ਮੰਦੇ ਮੰਦੇ ਮਨ ਮਾਹੀ ॥ ਸਾਝ ਪਾਤਿ ਕਾਹੂ ਸਿਉ ਨਾਹੀ ॥੨॥**

(ਜੇਕਰ ਅਸੀਂ) ਬੁਰੇ (ਹਾਂ ਤਾਂ) ਆਪਣੇ ਵਿਚ ਬੁਰੇ ਹਾਂ ਕਿਸੇ ਨਾਲ (ਸਾਡਾ) ਲੈਣ ਦੇਣ ਹੀ ਨਹੀਂ ॥੨॥

**ਪਤਿ ਅਪਤਿ ਤਾ ਕੀ ਨਹੀ ਲਾਜ ॥**

(ਹੇ ਲੋਕੋ ! ਜੋ ਅਸਲ) ਇੱਜ਼ਤ ਤੇ ਬੇਇੱਜ਼ਤੀ (ਹੈ) ਉਸਦੀ (ਤਾਂ ਤੁਹਾਨੂੰ) ਸ਼ਰਮ ਭੀ ਨਹੀਂ ਹੈ।

**ਤਬ ਜਾਨਹੁਗੇ ਜਬ ਉਘਰੈਗੋ ਪਾਜ ॥੩॥**

(ਇਸ ਗੱਲ ਨੂੰ) ਓਦੋਂ ਜਾਣੋਗੇ, ਜਦੋਂ (ਤੁਹਾਡਾ) ਪਾਜ ਖੁਲ੍ਹੇਗਾ ॥੩॥

**ਕਹੁ ਕਬੀਰ ਪਤਿ ਹਰਿ ਪਰਵਾਨੁ ॥**

ਹੇ ਕਬੀਰ! ਦੱਸੋ, ਇੱਜ਼ਤ (ਕੇਹੜੀ ਹੈ ? ਜੋ) ਵਾਹਿਗੁਰੂ (ਨੂੰ) ਕਬੂਲ (ਹੈ, ਓਹੀ) ਇੱਜ਼ਤ ਹੈ।

**ਸਰਬ ਤਿਆਗਿ ਭਜੁ ਕੇਵਲ ਰਾਮੁ ॥੪॥੩॥**

ਇਸ ਲਈ ਹੇ ਭਾਈ! ਤੂੰ ਸਭਨਾਂ ਨੂੰ ਛੱਡ ਕੇ ਇਕ ਰਾਮ ਨੂੰ ਹੀ ਯਾਦ ਕਰ ॥੪॥੩॥

**ਗਉੜੀ ਕਬੀਰ ਜੀ ॥ ਨਗਨ ਫਿਰਤ ਜੌ ਪਾਈਐ ਜੋਗੁ ॥**

ਜੇਕਰ ਨੰਗੇ ਫਿਰਿਆਂ ਹੀ ਜੋਗ ਮਿਲ ਜਾਂਦਾ ਹੈ।

**ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥**

(ਤਦ 'ਚ) ਜੰਗਲ ਦੇ ਸਾਰੇ ਹੀ ਹਰਨ (ਆਦਿਕ ਪਸ਼ੂ) ਮੁਕਤਿ ਹੋ (ਜਾਣੇ ਚਾਹੀਦੇ) ਹਨ ॥੧॥

**ਕਿਆ ਨਾਗੇ ਕਿਆ ਬਾਧੇ ਚਾਮ ॥**

ਕੀ ਨੰਗੇ (ਫਿਰਨਾ ਤੇ) ਕੀ ਚਮੜਾ ਬੰਨ੍ਹਣਾ (ਦੋਵੇਂ ਇਕੋ ਜਹੇ ਹਨ।)

**ਜਬ ਨਹੀ ਚੀਨਸਿ ਆਤਮ ਰਾਮ ॥੧॥ ਰਹਾਉ ॥**

ਜਦ ਤਕ [ਆਤਮ] ਵਿਆਪਿਕ ਰਾਮ ਨੂੰ ਨਹੀਂ ਜਾਣਿਆਂ (ਤਦ ਤਕ ਮੁਕਤ ਨਹੀਂ ਹੁੰਦੀ) ॥੧॥ ਰਹਾਉ ॥

**ਮੂਡ ਮੁੰਡਾਏ ਜੌ ਸਿਧਿ ਪਾਈ ॥**

ਸਿਰ ਮੁੰਨਾਇਆਂ ਹੀ ਜੇ ਮੁਕਤੀ ਮਿਲ ਜਾਂਦੀ ਹੈ।

**ਮੁਕਤੀ ਭੇਡ ਨ ਗਈਆ ਕਾਈ ॥੨॥**

(ਤਾਂ ਅਜ ਤਕ) ਕੋਈ ਭੇਡ ਮੁਕਤ ਹੋ ਗਈ ਨਹੀਂ ਸੁਣੀ, ਜੋ ਹਰ ਛਿਮਾਹੀ ਮਗਰੋਂ ਮੁੰਨੀ ਜਾਂਦੀ ਹੈ ॥੨॥

**ਬਿੰਦੁ ਰਾਖਿ ਜੌ ਤਰੀਐ ਭਾਈ ॥**

ਹੇ ਭਾਈ! ਜੇਕਰ ਬਿੰਦੁ ਰਖਿਆਂ ਹੀ ਤਰੀਦਾ ਹੈ।

**ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥**

(ਤਾਂ ਦਸੋ) ਖੁਸਰੇ ਨੇ ਕਿਉਂ ਨਾ ਮੁਕਤੀ ਪਾ ਲਈ ? ॥੩॥

**ਕਹੁ ਕਬੀਰ ਸੁਨਹੁ ਨਰ ਭਾਈ ॥**

ਹੇ ਕਬੀਰ! (ਮੁਕਤੀ ਦਾ ਰਾਹ) ਦੱਸ, ਹੇ ਭਾਈ ਪੁਰਸ਼ੋ! ਸੁਣੋ।

**ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥੪॥੪॥**

ਰਾਮ ਨਾਮ (ਜਪੇ ਤੋਂ) (ਬਿਨਾਂ ਕਦੇ) ਕਿਸੇ ਮੁਕਤੀ ਪਾਈ ਹੈ ? (ਅਰਥਾਤ ਮੁਕਤੀ ਦਾ ਸਾਧਨ ਰਾਮ ਦਾ ਨਾਮ ਸਿਮਰਨ ਹੈ) ॥੪॥੪॥

**ਗਉੜੀ ਕਬੀਰ ਜੀ ॥ ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ॥**

(ਜੋ ਨਿਰਾ) ਸੰਝ ਸਵੇਰੇ ਇਸ਼ਨਾਨ ਹੀ ਕਰਦਾ ਹੈ।

**ਜਿਉ ਭਏ ਦਾਦੁਰ ਪਾਨੀ ਮਾਹੀ ॥੧॥**

(ਉਸਦਾ ਜੀਵਣ ਇਉਂ ਹੈ) ਜਿਵੇਂ [ਦਾਦੁਰ] ਡੱਡੂ ਪਾਣੀ ਵਿਚ ਰਹਿੰਦੇ ਹਨ ॥੧॥

**ਜਉ ਪੈ ਰਾਮ ਰਾਮ ਰਤਿ ਨਾਹੀ ॥**

ਜੇਕਰ (ਇਸ਼ਨਾਨ ਕਰਨ ਵਾਲਿਆਂ ਦੀ) ਰਾਮ (ਦੇ) ਨਾਮ (ਨਾਲ) [ਰਤਿ] ਪ੍ਰੀਤ ਨਹੀਂ ਹੈ।

**ਤੇ ਸਭਿ ਧਰਮ ਰਾਇ ਕੈ ਜਾਹੀ ॥੧॥ ਰਹਾਉ ॥**

(ਤਾਂ) ਉਹ ਸਾਰੇ ਧਰਮਰਾਜ ਦੇ (ਕੋਲ ਹਿਸਾਬ ਦੇਣ) ਜਾਣਗੇ ॥੧॥ ਰਹਾਉ ॥

**ਕਾਇਆ ਰਤਿ ਬਹੁ ਰੂਪ ਰਚਾਹੀ ॥**

(ਜੋ) ਦੇਹ ਨਾਲ ਪ੍ਰੀਤ (ਕਰਦੇ ਹਨ, ਅਤੇ) ਬਹੁਤੇ ਰੂਪ ਬਣਾਉਂਦੇ ਹਨ।

**ਤਿਨ ਕਉ ਦਇਆ ਸੁਪਨੈ ਭੀ ਨਾਹੀ ॥੨॥**

ਉਨ੍ਹਾਂ ਨੂੰ ਸੁਪਨੇ ਵਿਚ ਭੀ ਦਇਆ ਨਹੀਂ (ਪੈਦਾ ਹੁੰਦੀ) ॥੨॥

**ਚਾਰਿ ਚਰਨ ਕਹਹਿ ਬਹੁ ਆਗਰ ॥**

ਵਡੇ-ਵਡੇ [ਆਗਰ] ਸਿਆਣੇ (ਪੁਰਸ਼ ਤੇ ਉਨ੍ਹਾਂ ਨੂੰ) [ਚਾਰਿ ਚਰਨ] ਪਸ਼ੂ ਹੀ ਆਖਦੇ ਹਨ।

**ਸਾਧੂ ਸੁਖੁ ਪਾਵਹਿ ਕਲਿ ਸਾਗਰ ॥੩॥**

ਸੰਤਾਂ (ਦਾ ਸੰਗ ਕਰਨ ਵਾਲੇ ਹੀ) ਕਲਜੁਗ (ਵਿਚ) ਸੁਖ ਸਾਗਰ (ਵਾਹਿਗੁਰੂ) ਨੂੰ ਪਾਉਂਦੇ ਹਨ ॥੩॥

**ਕਹੁ ਕਬੀਰ ਬਹੁ ਕਾਇ ਕਰੀਜੈ ॥**

ਕਬੀਰ ਜੀ ਆਖਦੇ ਹਨ, ਬਹੁਤੇ (ਕਰਮ) ਕਿਉਂ ਕਰਦੇ ਹੋ?

SIKHBOOKCLUB.COM

**ਸਰਬਸੁ ਛੋਡਿ ਮਹਾ ਰਸੁ ਪੀਜੈ ॥੪॥੫॥**

ਸਭ ਕੁਝ ਛੱਡਕੇ (ਇਕ ਨਾਮ ਰੂਪ) [ਮਹਾ ਰਸੁ] ਅੰਮ੍ਰਿਤ ਨੂੰ ਪੀਵੋ ॥੪॥੫॥

**ਕਬੀਰ ਜੀ ਗਉੜੀ॥ ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥**

(ਉਸ ਦਾ) ਕੀ ਜਪ, ਕੀ ਤਪ ਤੇ ਕੀ ਬਰਤ ਪੂਜਾ (ਆਦਿਕ ਸਾਰੇ ਕਰਮ ਵਿਅਰਥ ਹਨ)।

**ਜਾ ਕੈ ਰਿਦੈ ਭਾਉ ਹੈ ਦੂਜਾ ॥੧॥**

ਜਿਸ ਦੇ ਦਿਲ ਵਿਚ ਦੂਈ ਦਾ ਪ੍ਰੇਮ ਹੈ ॥੧॥

**ਰੇ ਜਨ ਮਨੁ ਮਾਧਉ ਸਿਉ ਲਾਈਐ ॥**

ਹੇ ਭਾਈ! ਮਨ ਵਾਹਿਗੁਰੂ ਨਾਲ ਲਾਈਏ (ਤਾਂ ਵਾਹਿਗੁਰੂ ਮਿਲਦਾ ਹੈ)।

**ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥**

ਚਤੁਰਾਈ (ਕੀਤਿਆਂ) ਅਕਾਲ ਪੁਰਖ ਨਹੀਂ ਮਿਲਦਾ ॥ ਰਹਾਉ ॥

**ਪਰਹਰੁ ਲੋਭੁ ਅਰੁ ਲੋਕਾਚਾਰੁ ॥**

ਲੋਭ ਅਤੇ ਦੁਨਿਆਵੀ ਕੰਮ ਛੱਡ ਦੇਹ।

**ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥**

ਕਾਮ, ਕ੍ਰੋਧ ਤੇ ਹੰਕਾਰ ਨੂੰ ਭੀ ਛੱਡ ਦੇਹ।

**ਕਰਮ ਕਰਤ ਬਧੇ ਅਹੰਮੇਵ ॥**

ਕਰਮ ਕਰਨ ਵਾਲਿਆਂ (ਦੇ ਮਨ ਵਿਚ) ਹੰਕਾਰ ਵਧਦਾ ਹੈ।

**ਮਿਲਿ ਪਾਥਰ ਕੀ ਕਰਹੀ ਸੇਵ ॥੩॥**

(ਉਹ ਹੰਕਾਰੀ ਕਰਮ ਕਾਂਡੀ) 'ਕੱਠੇ ਹੋ ਕੇ ਪੱਥਰਾਂ ਦੀ ਸੇਵਾ ਕਰਦੇ ਹਨ ॥੩॥

**ਕਹੁ ਕਬੀਰ ਭਗਤਿ ਕਰਿ ਪਾਇਆ ॥**

ਕਬੀਰ ਜੀ ਆਖਦੇ ਹਨ, (ਅਸਾਂ) ਭਗਤੀ ਕਰਕੇ (ਰਾਮ ਨੂੰ) ਪਾਇਆ ਹੈ।

**ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥**

ਸੂਧੇ ਸੁਭਾਵ ਤੇ ਪ੍ਰੇਮ ਨਾਲ ਹੀ ਰਾਮ ਮਿਲਦਾ ਹੈ ॥੪॥੬॥

**ਗਉੜੀ ਕਬੀਰ ਜੀ ॥ ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥**

(ਜਦ ਜੀਵ ਮਾਂ ਦੇ) ਪੇਟ ਵਿਚ ਵੱਸਦਾ (ਹੈ, ਓਦੋਂ ਇਸਦੀ ਕੋਈ) ਜਾਤਿ ਕੁਲ ਨਹੀਂ (ਹੁੰਦੀ)।

**ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥**

ਬ੍ਰਹਮ ਦੀ ਅੰਸ ਤੋਂ ਹੀ ਸਾਰਿਆਂ ਦੀ ਪੈਦਾਵਾਰ ਹੈ ॥੧॥

SIKHBOOKCLUB.COM

**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥**

ਹੇ ਪੰਡਤ ਜੀ! ਦੱਸੋ, (ਤੁਸੀਂ) ਕਦੋਂ ਦੇ ਬ੍ਰਾਹਮਣ ਹੋਏ ਹੋ?

**ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥**

(ਆਪਣੇ ਆਪ ਨੂੰ) ਬ੍ਰਾਹਮਣ ਆਖ-ਆਖ ਕੇ ਜਨਮ (ਐਵੇਂ) ਨਾ ਗੁਆਓ ॥੧॥ ਰਹਾਉ ॥

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥**

ਜੇਕਰ ਤੂੰ ਬ੍ਰਾਹਮਣੀ (ਦੇ ਪੇਟੋਂ) ਪੈਦਾ ਹੋਣ ਕਰਕੇ ਹੀ ਬ੍ਰਾਹਮਣ ਹੈਂ।

**ਤਉ ਆਨ ਬਾਟ ਕਾਹੇ ਨਹੀ ਆਇਆ ॥੨॥**

ਤਾਂ (ਤੁਸੀਂ) ਹੋਰ ਰਸਤੇ ਥਾਨੀ ਕਿਉਂ ਨਹੀਂ ਜੰਮੇਂ? (ਅਰਥਾਤ ਜਿਸ ਰਸਤੇ ਥ੍ਹਾਨੀ ਸ਼ੂਦਰ ਜੰਮਦੇ ਹਨ, ਉਸ ਰਸਤੇ ਥਾਨੀ ਬ੍ਰਾਹਮਣ ਨਹੀਂ ਜੰਮਣੇ ਚਾਹੀਦੇ) ॥੨॥

**ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥**

ਤੁਸੀਂ ਕੇਹੜੇ (ਪਾਸਿਓਂ) ਬ੍ਰਾਹਮਣ ਹੋ, ਅਤੇ ਅਸੀਂ ਕਿਧਰੋਂ ਸ਼ੂਦਰ ਹਾਂ?

**ਹਮ ਕਤ ਲੋਹੂ ਤੁਮ ਕਤ ਦੂਧ ॥੩॥**

ਕੀ ਸਾਡੇ ਵਿਚ ਲਹੂ? ਅਰ ਕੀ ਤੁਹਾਡੇ ਵਿਚ ਦੁਧ ਹੈ? (ਅਰਥਾਤ ਤੁਹਾਡੇ ਸਾਡੇ ਸਰੀਰ ਵਿਚ ਇਕੋ ਲਹੂ ਹੈ ਅਰ ਇਕੋ ਰਸਤੇ ਆਏ ਹਾਂ ਤਾਂ ਫਿਰ ਊਚ ਨੀਚ ਕਿਉਂ)?

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥**

ਕਬੀਰ ਜੀ ਆਖਦੇ ਹਨ, ਜੋ ਬ੍ਰਹਮ ਦੀ ਬੀਚਾਰ ਕਰਦਾ ਹੈ।

**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥**

ਸਾਡੇ (ਮੱਤ ਵਿਚ ਤਾਂ) ਓਹੀ ਬ੍ਰਾਹਮਣ ਕਿਹਾ ਜਾਂਦਾ ਹੈ ॥੪॥੭॥

**ਗਉੜੀ ਕਬੀਰ ਜੀ ॥ ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥**

ਅੰਧੇਰੇ ਵਿਚ ਕਦੇ ਭੀ ਸੁਖੀ ਹੋ ਕੇ ਨਹੀਂ ਸੁੱਤਾ ਜਾਂਦਾ (ਅਰਥਾਤ ਅਗਿਆਨ ਵਿਚ ਫਸੇ ਜੀਵ ਨੂੰ ਕਦੇ ਵੀ ਸ਼ਾਂਤੀ ਨਹੀਂ ਹੁੰਦੀ)।

**ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥੧॥**

ਰਾਜਾ ਤੇ ਕੰਗਾਲ ਦੋਵੇਂ ਹੀ ਮਿਲ ਕੇ ਰੋਂਦੇ ਹਨ, (ਅਰਥਾਤ ਪੁੰਨੀ ਪਾਪੀ ਦੋਵੇਂ ਅਗਿਆਨ ਕਰਕੇ ਦੁਖੀ ਹੁੰਦੇ ਹਨ) ॥੧॥

**ਜਉ ਪੈ ਰਸਨਾ ਰਾਮੁ ਨ ਕਹਿਬੋ ॥**

ਜੇਹੜਾ ਕੋਈ ਜੀਭ ਨਾਲ ਰਾਮ (ਦਾ ਨਾਮ) ਨਾ ਜਪੇਗਾ।

**ਉਪਜਤ ਬਿਨਸਤ ਰੋਵਤ ਰਹਿਬੋ ॥੧॥ ਰਹਾਉ ॥**

ਉਹ ਜੰਮਦਾ ਮਰਦਾ (ਹੋਇਆ) ਰੋਂਦਾ ਹੀ ਰਹੇਗਾ ॥੧॥ ਰਹਾਉ ॥

**ਜਸ ਦੇਖੀਐ ਤਰਵਰ ਕੀ ਛਾਇਆ ॥**

ਜਿਵੇਂ ਦਰਖ਼ਤ ਦੀ (ਛਾਂ ਸਦਾ ਹੀ ਫਿਰਦੀ) ਦਿੱਸਦੀ ਹੈ, (ਅਤੇ ਬ੍ਰਿਛ ਦੇ ਵੱਢੇ ਜਾਣ ਮਗਰੋਂ ਉਹ ਛਾਂ ਮੂਲੋਂ ਹੀ ਹਟ ਜਾਂਦੀ ਹੈ, ਇਵੇਂ ਹੀ):—

**ਪ੍ਰਾਨ ਗਏ ਕਹੁ ਕਾ ਕੀ ਮਾਇਆ ॥੨॥**

ਪ੍ਰਾਣਾਂ (ਦੇ ਨਿਕਲ) ਗਏ (ਮਗਰੋਂ) ਦੱਸੋ (ਭਾਈ) ਮਾਇਆ ਕਿਸਦੀ (ਬਣੀ ਰਹਿੰਦੀ ਹੈ ?) ॥੨॥

**ਜਸ ਜੰਤੀ ਮਹਿ ਜੀਉ ਸਮਾਨਾ ॥**

ਜਿਵੇਂ [ਜੰਤੀ] ਵਾਜੇ (ਵਿਚ ਅਵਾਜ਼ ਹੁੰਦੀ ਹੈ, ਇਵੇਂ ਹੀ ਦੇਹ) ਵਿਚ ਜੀਵ ਸਮਾਇਆ (ਹੋਇਆ) ਹੈ।

**ਮੂਏ ਮਰਮੁ ਕੋ ਕਾ ਕਰ ਜਾਨਾ ॥੩॥**

(ਜਦ ਵਾਜਾ) ਟੁਟ ਜਾਏ ਤਾਂ ਆਵਾਜ਼ ਕਿੱਥੇ ਗਈ ਹੈ ? (ਇਵੇਂ ਹੀ ਜਦ ਪੁਰਸ਼ ਮਰ ਜਾਏ) ਤਾਂ ਜੀਵ ਕਿਥੇ ਗਿਆ, ਇਸ ਭੇਦ ਨੂੰ ਕੋਈ ਕਿਸ ਤਰ੍ਹਾਂ ਜਾਨ ਸਕੇਗਾ ? ॥੩॥

**ਹੰਸਾ ਸਰਵਰੁ ਕਾਲੁ ਸਰੀਰ ॥**

(ਜਿਵੇਂ) ਸਰੋਵਰ ਉੱਤੇ ਹੰਸ (ਰਹਿੰਦੇ ਹਨ, ਇਵੇਂ ਹੀ) ਸਰੀਰ ਪਰ ਮੌਤ ਹੈ।

## ਰਾਮ ਰਸਾਇਨ ਪੀਉ ਰੇ ਕਬੀਰ ॥੪॥੮॥

ਕਬੀਰ (ਜੀ ਆਖਦੇ ਹਨ, ਇਸ ਲਈ) ਹੇ (ਭਾਈ! ਤੂੰ ਸਦਾ ਹੀ) ਰਾਮ ਨਾਮ ਅੰਮ੍ਰਿਤ ਨੂੰ ਪੀ ॥੪॥੮॥

## ਗਉੜੀ ਕਬੀਰ ਜੀ ॥ ਜੋਤਿ ਕੀ ਜਾਤਿ ਜਾਤਿ ਕੀ ਜੋਤੀ ॥

[ਜੋਤਿ= ਜੋਤੀ] ਵਾਹਿਗੁਰੂ ਦੀ [ਜਾਤਿ] ਪੈਦਾ ਕੀਤੀ ਹੋਈ [ਜਾਤਿ] ਦੁਨੀਆਂ ਦੀ (ਜੋ) [ਜੋਤੀ] ਬੁੱਧੀ ਹੈ।

## ਤਿਤੁ ਲਾਗੇ ਕੰਚੂਆ ਫਲ ਮੋਤੀ ॥੧॥

ਉਸ (ਨਾਲ ਮੰਦ ਕਰਮਾਂ ਰੂਪੀ) ਕੱਚੇ (ਫਲ ਅਤੇ ਸ਼ੁਭ ਕਰਮਾਂ ਰੂਪੀ) ਮੋਤੀ ਫਲ ਲੱਗੇ ਹਨ ॥੧॥

## ਕਵਨੁ ਸੁ ਘਰੁ ਜੋ ਨਿਰਭਉ ਕਹੀਐ ॥

(ਇਨ੍ਹਾਂ ਦੋਹਾਂ ਵਿਚੋਂ) ਉਹ ਕੇਹੜਾ ਰਾਹ ਹੈ ਜੋ ਨਿਰਭਉ ਕਰਦਾ ਹੈ।

## ਭਉ ਭਜਿ ਜਾਇ ਅਭੈ ਹੋਇ ਰਹੀਐ ॥੧॥ ਰਹਾਉ ॥

(ਜਿਸ ਤੇ ਤੁਰਿਆਂ) ਡਰ ਨਾਸ ਹੋ ਜਾਵੇ ਅਤੇ ਡਰ ਰਹਿਤ ਹੋਕੇ (ਸਦਾ ਸਥਿਰ) ਰਹੀਏ ॥੧॥ ਰਹਾਉ ॥

## ਤਟਿ ਤੀਰਥਿ ਨਹੀ ਮਨੁ ਪਤੀਆਇ ॥

ਤੀਰਥਾਂ ਦੇ ਕਿਨਾਰੇ (ਬੈਠ ਕੇ ਤਪ ਕਰਨ ਵਿਚ ਵੀ) ਮਨ ਨਹੀਂ ਮੰਨਦਾ (ਜੋ ਡਰ ਮਿਟ ਜਾਵੇਗਾ)।

## ਚਾਰ ਅਚਾਰ ਰਹੇ ਉਰਝਾਇ ॥੨॥

ਚਾਰ (ਵੇਦ ਵੀ) [ਅਚਾਰ] ਕਰਮਾਂ ਵਿਚ ਹੀ ਫਸਾ ਰਹੇ ਹਨ, (ਜਿਨ੍ਹਾਂ ਕਰਮਾਂ ਤੋਂ ਪੁੰਨ ਪੈਦਾ ਹੁੰਦੇ ਹਨ) ॥੨॥

## ਪਾਪ ਪੁੰਨ ਦੁਇ ਏਕ ਸਮਾਨ ॥

(ਉਹ) ਪਾਪ ਤੇ ਪੁੰਨ ਦੋਵੇਂ (ਹੀ ਜਨਮ ਦੇਣ ਲਈ) ਇਕੋ ਜਿਹੇ ਹਨ, (ਇਸ ਲਈ ਕੇਹੜਾ ਕਰਮ ਕਰਾਂ!)

## ਨਿਜ ਘਰਿ ਪਾਰਸੁ ਤਜਹੁ ਗੁਨ ਆਨ ॥੩॥

(ਹੇ ਭਾਈ!) ਆਪਣੇ ਸਰੂਪ (ਦੀ ਪਛਾਨ ਰੂਪ) ਪਾਰਸ (ਨਾਲ ਲੱਗ ਕੇ ਨਿਰਭਉ ਹੋਵੇਂਗਾ, ਇਸ ਲਈ ਇਹ ਸਾਰੇ ਹੀ) [ਆਨ] ਦੂਈ ਦੇ ਗੁਨ ਛੱਡ ਦੇਹੁ ॥੩॥

## ਕਬੀਰ ਨਿਰਗੁਣ ਨਾਮ ਨ ਰੋਸੁ ॥

ਕਬੀਰ (ਜੀ ਆਖਦੇ ਹਨ, ਹੇ ਭਾਈ! ਇਕ) ਅਕਾਲ ਪੁਰਖ ਦੇ ਨਾਮ ਤੋਂ ਬੇਮੁਖ ਨਾ ਹੋ।

## ਇਸੁ ਪਰਚਾਇ ਪਰਚਿ ਰਹੁ ਏਸੁ ॥੪॥੯॥

ਇਸੇ [ਪਰਚਾਇ] ਸਾਧਨ ਵਿਚ [ਪਰਚਿ] ਲਗ ਰਹੁ, (ਤਾਂ) ਈਸ਼ਵਰ (ਰੂਪ) ਹੋ ਕੇ ਨਿਰਭਉ ਹੋ ਜਾਵੇਂਗਾ ॥੪॥੯॥

## ਗਉੜੀ ਕਬੀਰ ਜੀ ॥ ਜੋ ਜਨ ਪਰਮਿਤਿ ਪਰਮਨੁ ਜਾਨਾ ॥

ਜਿਸ ਪੁਰਸ਼ ਨੇ ਪ੍ਰਮਾਤਮਾ ਦੇ [ਪਰਮਿਤਿ] ਯਥਾਰਥ ਗਿਆਨ ਨੂੰ ਨਹੀਂ ਜਾਨਿਆ।

**ਬਾਤਨ ਹੀ ਬੈਕੁੰਠ ਸਮਾਨਾ ॥੧॥**

(ਅਤੇ) ਗੱਲਾਂ ਨਾਲ ਹੀ ਬੈਕੁੰਠ ਵਿਚ ਪਹੁੰਚਿਆ (ਚਾਹੁੰਦਾ) ਹੈ ॥੧॥

**ਨਾ ਜਾਨਾ ਬੈਕੁੰਠ ਕਹਾ ਹੀ॥**

ਜਾਣਿਆ ਨਹੀਂ (ਜਾਂਦਾ) ਜੋ ਬੈਕੁੰਠ ਕਿਥੇ ਹੈ ?

**ਜਾਨੁ ਜਾਨੁ ਸਭਿ ਕਹਹਿ ਤਹਾ ਹੀ ॥੧॥ ਰਹਾਉ॥**

ਸਾਰੇ ਓਥੇ ਹੀ ਜਾਣਾ ਕਹਿੰਦੇ ਹਨ॥੧॥ ਰਹਾਉ॥

**ਕਹਨ ਕਹਾਵਨ ਨਹ ਪਤੀਅਈ ਹੈ ॥**

(ਗੱਲਾਂ) ਕਹਿਣ ਕਹਾਉਣ ਨਾਲ (ਤਾਂ ਮਨ) ਨਹੀਂ ਪਤੀਜਦਾ।

**ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ ॥੨॥**

ਜਦ ਹੰਕਾਰ ਮਿਟ ਜਾਵੇ ਤਾਂ ਮਨ ਮੰਨ ਜਾਂਦਾ ਹੈ ॥੨॥

**ਜਬ ਲਗੁ ਮਨਿ ਬੈਕੁੰਠ ਕੀ ਆਸ ॥**

ਜਿੰਨਾ ਚਿਰ ਮਨ ਵਿਚ ਬੈਕੁੰਠ (ਵਿਚ ਜਾਣ) ਦੀ ਇੱਛਾ ਹੈ।

**ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥੩॥**

ਉਨਾਂ ਚਿਰ (ਪਿਆਰੇ ਦੇ) ਚਰਨਾਂ ਵਿਚ ਵਸੇਬਾ ਨਹੀਂ ਹੁੰਦਾ ॥੩॥

**ਕਹੁ ਕਬੀਰ ਇਹ ਕਹੀਐ ਕਾਹਿ॥**

ਕਬੀਰ (ਜੀ) ਆਖਦੇ ਹਨ, ਇਹ (ਗੱਲ) ਕਿਸ ਨੂੰ ਆਖੀਏ ?

**ਸਾਧਸੰਗਤਿ ਬੈਕੁੰਠੈ ਆਹਿ ॥੪॥੧੦॥**

(ਕਿ) ਸਾਧ ਸੰਗਤ ਹੀ ਬੈਕੁੰਠ [ਆਹਿ] ਹੈ ॥੪॥੧੦॥

**ਗਉੜੀ ਕਬੀਰ ਜੀ॥ ਉਪਜੈ ਨਿਪਜੈ ਨਿਪਜਿ ਸਮਾਈ॥**

(ਪਹਿਲਾਂ ਪਿਓ ਦੀ ਬਿੰਦ ਵਿਚ) ਪੈਦਾ ਹੋਏ (ਫਿਰ ਮਾਂ ਦੇ ਗਰਭ ਵਿਚ) ਨਿੰਮਿਆਂ ਜਾਂਦਾ (ਹੈ, ਓਥੇ ਨੌਂ ਮਹੀਨੇ ਰਹਿ ਕੇ ਜਗਤ ਵਿਚ) ਜੰਮਦਾ (ਤੇ ਉਮਰ ਭੋਗ ਕੇ) ਮਰ ਜਾਂਦਾ ਹੈ।

**ਨੈਨਹ ਦੇਖਤ ਇਹੁ ਜਗੁ ਜਾਈ॥੧॥**

ਅੱਖੀਂ ਵੇਖਦਿਆਂ ਹੀ ਇਹ ਜਗਤ (ਤੁਰਿਆ) ਜਾਂਦਾ ਹੈ ॥੧॥

**ਲਾਜ ਨ ਮਰਹੁ ਕਹਹੁ ਘਰੁ ਮੇਰਾ ॥**

(ਹੇ ਭਾਈ!) ਸ਼ਰਮ ਵਿਚ ਨਹੀਂ ਮਰਦੇ ? ਆਖਦੇ (ਹੋ, ਜੋ ਏਹ) ਮੇਰਾ ਘਰ ਹੈ।

**ਅੰਤ ਕੀ ਬਾਰ ਨਹੀ ਕਛੁ ਤੇਰਾ ॥੧॥ ਰਹਾਉ ॥**

ਅੰਤ ਦੇ ਵੇਲੇ ਤਾਂ ਤੇਰਾ ਕੁਝ ਵੀ ਨਹੀਂ ਹੈ ॥੧॥ ਰਹਾਉ ॥

**ਅਨਿਕ ਜਤਨ ਕਰਿ ਕਾਇਆ ਪਾਲੀ ॥**

ਅਨੇਕਾਂ ਜਤਨ ਕਰਕੇ (ਜੋ) ਦੇਹ ਪਾਲੀ (ਜਾਂਦੀ ਹੈ)।

**ਮਰਤੀ ਬਾਰ ਅਗਨਿ ਸੰਗਿ ਜਾਲੀ ॥੨॥**

ਮਰਨ ਵੇਲੇ (ਓਹੀ ਦੇਹ) ਅੱਗ ਨਾਲ ਸਾੜੀ ਜਾਂਦੀ ਹੈ)॥੨॥

**ਚੋਆ ਚੰਦਨੁ ਮਰਦਨ ਅੰਗਾ ॥**

(ਜਿਸ) [ਅੰਗਾ] ਸਰੀਰ ਪਰ [ਚੋਆ] ਅਤਰ ਚੰਦਨ ਮਲਿਆ (ਜਾਂਦਾ ਹੈ)।

**ਸੋ ਤਨੁ ਜਲੈ ਕਾਠ ਕੈ ਸੰਗਾ ॥੩॥**

(ਅੰਤ ਨੂੰ) ਓਹੀ ਸਰੀਰ ਲੱਕੜਾਂ ਨਾਲ ਸੜ ਜਾਂਦਾ ਹੈ ॥੩॥

**ਕਹੁ ਕਬੀਰ ਸੁਨਹੁ ਰੇ ਗੁਨੀਆ ॥**

ਕਬੀਰ ਜੀ ਆਖਦੇ ਹਨ, ਹੇ ਗੁਣਵਾਨ! ਸੁਣੋ;

**ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥੪॥੧੧॥**

ਸਾਰੀ ਦੁਨੀਆਂ ਦੇ ਵੇਖਦੇ ਹੀ ਰੂਪ ਨਾਸ ਹੋ ਜਾਵੇਗਾ ॥੪॥੧੧॥

**ਗਉੜੀ ਕਬੀਰ ਜੀ ॥ ਅਵਰ ਮੂਏ ਕਿਆ ਸੋਗੁ ਕਰੀਜੈ ॥**

ਹੋਰ ਦੇ ਮੋਇਆਂ ਸੋਗ ਕੀ ਕਰਨਾ ?

**ਤਉ ਕੀਜੈ ਜਉ ਆਪਨ ਜੀਜੈ ॥੧॥**

(ਸੋਗ) ਤਾਂ ਕਰੀਏ, ਜੇ ਆਪ ਨਾ ਜੀਊਣਾ ਹੋਵੇ ?

**ਮੈ ਨ ਮਰਉ ਮਰਿਬੋ ਸੰਸਾਰਾ ॥**

ਮੈਂ ਨਹੀਂ ਮਰਣਾ, ਸੰਸਾਰੀ (ਸਬੰਧ ਵਾਲੇ ਸਰੀਰ ਦਾ) ਵਿਛੋੜਾ ਹੋਵੇਗਾ।

**ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥੧॥ ਰਹਾਉ ॥**

ਹੁਣ ਮੈਨੂੰ ਜੀਵਾਉਣ ਵਾਲਾ ਮਿਲ ਪਿਆ ਹੈ, (ਅਰਥਾਤ ਮੈਨੂੰ ਆਤਮਾ ਦਾ ਗਿਆਨ ਹੋ ਗਿਆ ਹੈ, ਇਸ ਲਈ ਮੇਰਾ ਨਾਸ ਨਹੀਂ ਹੋਵੇਗਾ, ਅਗਿਆਨ ਦਾ ਨਾਸ ਹੋਵੇਗਾ) ॥੧॥ ਰਹਾਉ ॥

**ਇਆ ਦੇਹੀ ਪਰਮਲ ਮਹਕੰਦਾ ॥**

ਇਸ ਦੇਹੀ (ਪਰ ਜੋ) ਚੰਦਨ (ਆਦਿਕ) ਸੁਗੰਧੀਆਂ (ਲਾਉਂਦੇ ਹਨ)।

**ਤਾ ਸੁਖ ਬਿਸਰੇ ਪਰਮਾਨੰਦਾ ॥੨॥**

ਉਨ੍ਹਾਂ ਨੂੰ ਸੁਖ (ਵਿਚ ਲੱਗ ਕੇ) ਵਾਹਿਗੁਰੂ ਭੁਲ ਜਾਂਦਾ ਹੈ ॥੨॥

**ਕੂਅਟਾ ਏਕੁ ਪੰਚ ਪਨਿਹਾਰੀ ॥**

(ਸਰੀਰ ਰੂਪੀ) ਇਕ ਖੂਹ (ਵਿਚੋਂ ਪੰਜ ਗਿਆਨ ਇੰਦ੍ਰੀਆਂ—ਅੱਖਾਂ, ਨੱਕ, ਕੰਨ, ਜੀਭ, ਖੱਲੜੀ) ਪਾਣੀ ਭਰਨ ਵਾਲੀਆਂ ਹਨ।

**ਟੂਟੀ ਲਾਜੁ ਭਰੈ ਮਤਿ ਹਾਰੀ ॥੩॥**

ਲੱਜ ਟੁੱਟ ਚੁਕੀ ਹੈ, ਪਰ ਮੱਤ ਹੀਨ ਪਾਣੀ ਭਰੀ ਜਾਂਦੀਆਂ ਹਨ, (ਅਰਥਾਤ ਜ਼ੋਰ ਹਟ ਜਾਣ ਤੇ ਭੀ ਵਿਸ਼ੇ ਭੋਗ ਨਹੀਂ ਹਟਦੇ) ॥੩॥

**ਕਹੁ ਕਬੀਰ ਇਕ ਬੁਧਿ ਬੀਚਾਰੀ ॥**

ਕਬੀਰ ਜੀ ਆਖਦੇ ਹਨ, ਬੁਧੀ ਨੇ ਇਕ ਦੀ ਵੀਚਾਰ (ਕਰਕੇ ਜਾਣਿਆ ਹੈ, ਜੋ) :—

**ਨਾ ਓਹੁ ਕੂਅਟਾ ਨਾ ਪਨਿਹਾਰੀ ॥੪॥੧੨॥**

ਨਾ (ਤਾਂ ਹੁਣ) ਉਹ (ਵਿਸ਼ੈ ਪ੍ਰਾਇਣ) ਖੂਹ ਹੈ, ਅਤੇ ਨਾ ਹੀ (ਉਹ ਵਿਸ਼ੇ ਭੋਗਣ ਵਾਲੀਆਂ) ਇੰਦ੍ਰੀਆਂ ਹਨ ॥੪॥੧੨॥

**ਗਉੜੀ ਕਬੀਰ ਜੀ ॥ ਅਸਥਾਵਰ ਜੰਗਮ ਕੀਟ ਪਤੰਗਾ ॥**

ਰੁੱਖ ਆਦਿਕ, ਜੰਤੂ ਲੱਤਾਂ ਵਾਲੇ ਤੇ ਕੀੜੇ ਅਤੇ ਖੰਭਾਂ ਵਾਲੇ ਜੰਤੂ।

SIKHBOOKCLUB.COM

**ਅਨਿਕ ਜਨਮ ਕੀਏ ਬਹੁ ਰੰਗਾ ॥੧॥**

(ਏਹੋ ਜਿਹੇ) ਬਹੁਤ ਤਰ੍ਹਾਂ ਦੇ ਜਨਮ ਅਨੇਕਾਂ (ਵਾਰੀ ਧਾਰਨ) ਕੀਤੇ ਹਨ ॥੧॥

**ਐਸੇ ਘਰ ਹਮ ਬਹੁਤੁ ਬਸਾਏ ॥**

ਇਸ ਤਰ੍ਹਾਂ ਦੇ ਘਰ ਅਸਾਂ ਬਹੁਤ ਵਾਰੀ ਵਸਾਏ ਹਨ।

**ਜਬ ਹਮ ਰਾਮ ਗਰਭ ਹੋਇ ਆਏ ॥੧॥ ਰਹਾਉ ॥**

ਹੇ ਰਾਮ! ਜਦ ਅਸੀਂ (ਮਨੁੱਖ) ਜਨਮ ਵਿਚ ਹੋ ਕੇ ਆਏ ॥੧॥ ਰਹਾਉ ॥ (ਓਦੋਂ ਭੀ) :—

**ਜੋਗੀ ਜਤੀ ਤਪੀ ਬ੍ਰਹਮਚਾਰੀ ॥**

(ਕਈ ਜਨਮ) ਜੋਗੀ, (ਕਈ ਵਾਰੀ) ਜਤੀ, (ਕਦੀ) ਤਪੀ, (ਅਤੇ ਕਦੀ) ਬ੍ਰਹਮਚਾਰੀ (ਬਣੇ)।

**ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ॥੨॥**

ਕਦੀ ਚਕ੍ਰਵਰਤੀ ਰਾਜੇ (ਹੋਏ ਅਤੇ) ਕਦੀ ਮੰਗਤੇ (ਹੋਏ ਸੀ) ॥੨॥

**ਸਾਕਤ ਮਰਹਿ ਸੰਤ ਸਭਿ ਜੀਵਹਿ ॥**

(ਸਿਧਾਂਤ ਇਉਂ ਹੈ ਕਿ) ਮਨਮੁਖ ਮਰਦੇ ਹਨ, ਅਤੇ ਸੰਤ ਸਾਰੇ ਜੀਉਂਦੇ (ਰਹਿੰਦੇ ਹਨ)।

**ਰਾਮ ਰਸਾਇਨੁ ਰਸਨਾ ਪੀਵਹਿ ॥੩॥**

Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਸੰਤ (ਸਦਾ ਹੀ) ਜੀਭ (ਨਾਲ) ਰਾਮ (ਦੇ ਨਾਮ ਰੂਪ) ਅੰਮ੍ਰਿਤ ਨੂੰ ਪੀਂਦੇ ਹਨ ॥੩॥

**ਕਹੁ ਕਬੀਰ ਪ੍ਰਭ ਕਿਰਪਾ ਕੀਜੈ ॥**

ਕਬੀਰ ਜੀ ਆਖਦੇ ਹਨ, ਹੇ ਪ੍ਰਭੂ ! ਕ੍ਰਿਪਾ ਕਰੋ ।

**ਹਾਰਿ ਪਰੇ ਅਬ ਪੂਰਾ ਦੀਜੈ ॥੪॥੧੩॥**

ਹਾਰ ਕੇ (ਤੁਹਾਡੀ ਸ਼ਰਣ) ਪਏ ਹਾਂ, ਹੁਣ ਤਾਂ ਪੂਰਾ (ਗਿਆਨ) ਦੇਵੋ ॥੪॥੧੩॥

**ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫ ॥**

**ਐਸੋ ਅਚਰਜੁ ਦੇਖਿਓ ਕਬੀਰ ॥**

ਹੇ ਕਬੀਰ ! (ਇਕ) ਅਜੇਹਾ ਅਸਚਰਜ (ਕੌਤਕ) ਦੇਖਿਆ ਹੈ ।

**ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥**

(ਜਗਤ ਨਿਸ਼ਕਾਮ ਕਰਮਾਂ ਰੂਪ) ਦਹੀਂ ਦੇ ਭੁਲੇਖੇ (ਸਕਾਮ ਕਰਮਾਂ ਰੂਪ) ਪਾਣੀ ਰਿੜਕਦਾ ਹੈ ॥੧॥ ਰਹਾਉ ॥

**ਹਰੀ ਅੰਗੂਰੀ ਗਦਹਾ ਚਰੈ ॥**

ਹਰੀ (ਨਾਮ ਰੂਪ) ਖੇਤੀ (ਨੂੰ ਹੰਕਾਰ ਰੂਪ) ਖੋਤਾ ਖਾਈ ਜਾਂਦਾ ਹੈ, (ਅਰਥਾਤ ਹੰਕਾਰ ਕਰਕੇ ਜੀਵ ਨਾਮ ਸੁਨਣ ਜਪਣ ਦਾ ਫਲ ਨਾਸ ਕਰੀ ਜਾਂਦਾ ਹੈ) ।

**ਨਿਤ ਉਠਿ ਹਾਸੈ ਹੀਗੈ ਮਰੈ ॥੧॥**

ਰੋਜ਼ ਉਠਕੇ [ਹੀਗੈ] ਹੰਕਾਰੀ ਜੀਵ ਹੱਸਣ (ਖੇਡਣ ਵਿਚ ਸਮਾਂ ਬਿਤਾਕੇ) ਮਰ ਜਾਂਦਾ ਹੈ ॥੧॥

**ਮਾਤਾ ਭੈਸਾ ਅੰਮੁਹਾ ਜਾਇ ॥**

ਮਸਤ ਸੰਢੇ (ਵਾਂਗੂੰ ਹੰਕਾਰੀ ਸਦਾ ਹੀ) ਅਮੋੜ ਹੋ ਕੇ ਤੁਰਦੇ ਹਨ ।

**ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥**

ਖੁਸ਼ੀ ਖੁਸ਼ੀ (ਨਾਲ) ਪਦਾਰਥ ਭੋਗਦੇ ਹੋਏ (ਅੰਤ ਨੂੰ ਮਰ ਕੇ) ਨਰਕਾਂ (ਵਿਚ ਜਾ) ਪੈਂਦੇ ਹਨ ॥੨॥

**ਕਹੁ ਕਬੀਰ ਪਰਗਟੁ ਭਈ ਖੇਡ ॥**

ਕਬੀਰ ਜੀ ਆਖਦੇ ਹਨ, (ਸਾਰੀ) ਖੇਡ ਪ੍ਰਗਟ ਹੋ ਗਈ ਹੈ, ਕਿ :—

**ਲੇਲੇ ਕਉ ਚੂਘੈ ਨਿਤ ਭੇਡ ॥੩॥**

(ਜੀਵ ਰੂਪ) ਲੇਲੇ ਨੂੰ (ਮਾਇਆ ਰੂਪ) ਭੇਡ ਸਦਾ ਹੀ ਚੁੰਘਦੀ ਹੈ ॥੩॥

**ਰਾਮ ਰਮਤ ਮਤਿ ਪਰਗਟੀ ਆਈ ॥**

ਰਾਮ (ਦਾ ਨਾਮ) ਜਪਦਿਆਂ (ਹੀ) ਬੁਧੀ (ਵਿਚ ਏਹ ਗੱਲ) ਪ੍ਰਗਟ ਹੋ ਆਈ ਹੈ ।

**ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥**

Sri Satguru Jagjit Singh Ji eLibrary NamdhariElibrary@gmail.com

ਕਬੀਰ ਜੀ ਆਖਦੇ ਹਨ, (ਰਾਮ ਦੇ ਜਾਪ ਦੀ) ਸੋਝੀ ਗੁਰੂ ਨੇ ਬਖਸ਼ੀ ਹੈ ॥੪॥੧॥੧੪॥

**ਗਉੜੀ ਕਬੀਰ ਜੀ ਪੰਚਪਦੇ॥ ॥ ਜਿਉ ਜਲ ਛੋਡਿ ਬਾਹਰਿ ਭਇਓ ਮੀਨਾ ॥**

ਜਿਵੇਂ ਪਾਣੀ ਨੂੰ ਛੱਡ ਕੇ ਮੱਛ ਬਾਹਰ ਹੋ ਜਾਵੇ (ਇਵੇਂ ਹੀ ਮੈਂ ਮੁਕਤਿ ਦੇਣ ਵਾਲੀ ਕਾਂਸ਼ੀ ਛੱਡ ਕੇ ਬਾਹਰ ਆ ਗਿਆ ਹਾਂ)।

**ਪੂਰਬ ਜਨਮ ਹਉ ਤਪ ਕਾ ਹੀਨਾ ॥੧॥**

(ਕੀ) ਮੈਂ ਪਿਛਲੇ ਜਨਮ ਵਿਚ ਤਪ ਨਹੀਂ ਸੀ ਕੀਤਾ ॥੧॥

**ਅਬ ਕਹੁ ਰਾਮ ਕਵਨ ਗਤਿ ਮੋਰੀ ॥**

ਹੇ ਰਾਮ! ਦੱਸ, ਹੁਣ ਮੇਰਾ ਕੀ ਹਾਲ ਹੋਵੇਗਾ ?

**ਤਜੀ ਲੇ ਬਨਾਰਸ ਮਤਿ ਭਈ ਥੋਰੀ ॥੧॥ ਰਹਾਉ ॥**

(ਕਿਉਂਕਿ ਮੈਂ ਮਰਣ ਵੇਲੇ) ਕਾਂਸ਼ੀ ਛੱਡ ਦਿੱਤੀ ਹੈ, (ਕਿ ਮੇਰੀ) ਮੱਤ ਥੋੜੀ ਹੋ ਗਈ ? ॥੧॥ ਰਹਾਉ ॥

**ਸਗਲ ਜਨਮੁ ਸਿਵ ਪੁਰੀ ਗਵਾਇਆ ॥**

(ਕਿਉਂਕਿ ਮੈਂ) ਸਾਰੀ ਉਮਰ ਤਾਂ ਸ਼ਿਵਾਂ ਦੀ ਪੁਰੀ (ਕਾਂਸ਼ੀ) ਵਿਚ ਬਿਤਾਈ ਹੈ।

**ਮਰਤੀ ਬਾਰ ਮਗਹਰਿ ਉਠਿ ਆਇਆ ॥੨॥**

(ਤੇ) ਮਰਨ ਵੇਲੇ ਮਘਹਾ ਧਰਤੀ ਵਿਚ ਚਲਾ ਆਇਆ ਹਾਂ ॥੨॥

SIKHBOOKCLUB.COM

**ਬਹੁਤੁ ਬਰਸ ਤਪੁ ਕੀਆ ਕਾਸੀ ॥**

ਕਾਂਸ਼ੀ (ਵਿਚ ਰਹਿ ਕੇ) ਕਈ ਵਰ੍ਹੇ ਤਪ ਕੀਤਾ ਹੈ।

**ਮਰਨੁ ਭਇਆ ਮਗਹਰ ਕੀ ਬਾਸੀ ॥੩॥**

ਮਰਨ (ਦਾ ਸਮਾਂ) ਹੋਇਆ ਹੈ ਤਾਂ ਮਘਹਾ ਵਿਚ ਆ ਵਸਿਆ ਹਾਂ ॥੩॥

**ਕਾਸੀ ਮਗਹਰ ਸਮ ਬੀਚਾਰੀ ॥**

(ਹੇ ਰਾਮ! ਮੈਂ ਤਾਂ) ਕਾਂਸ਼ੀ ਤੇ ਮਘਹਾ ਨੂੰ ਇਕੋ ਜੇਹਾ ਜਾਣਿਆ ਹੈ, (ਭਲਾ ਜੇਕਰ ਲੋਕਾਂ ਦਾ ਕਿਹਾ ਹੀ ਮੰਨਿਆਂ ਜਾਵੇ ਕਿ ਕਾਂਸ਼ੀ ਵਿਚ ਮੋਇਆਂ ਮੁਕਤ ਮਿਲਦੀ ਹੈ, ਤਾਂ)

**ਓਛੀ ਭਗਤਿ ਕੈਸੇ ਉਤਰਸਿ ਪਾਰੀ ॥੪॥**

ਭਗਤੀ ਤੋਂ ਹੀਣਾ (ਕਾਂਸ਼ੀ ਵਿਚ ਮਰ ਕੇ) ਕਿਵੇਂ ਮੁਕਤਿ ਹੋਵੇਗਾ ? (ਅਰਥਾਤ ਕਦੇ ਵੀ ਮੁਕਤਿ ਨਹੀਂ ਹੋਵੇਗਾ ਅਤੇ ਹਰੀ ਦਾ ਸੰਤ ਮਘਹਾ ਵਿਚ ਭੀ ਮਰ ਕੇ ਮੁਕਤਿ ਹੋ ਜਾਵੇਗਾ) ॥੪॥

**ਕਹੁ ਗੁਰ ਗਜ ਸਿਵ ਸਭੁ ਕੋ ਜਾਨੈ ॥**

(ਕਬੀਰ ਜੀ) ਆਖਦੇ (ਹਨ, ਮੇਰੇ) ਗੁਰੂ (ਰਾਮਾਨੰਦ ਜੀ), (ਕਾਂਸ਼ੀ) ਦਾ ਢੂੰਢੀ ਰਾਜ (ਕੋਟਵਾਲ ਸੀ) [ਗਜ] ਗਣੇਸ਼ (ਜੀ, ਅਤੇ ਕਾਂਸ਼ੀ ਦੇ ਬਨਾਉਣ ਵਾਲੇ) ਸ਼ਿਵ ਜੀ (ਅਤੇ) ਸਭ ਕੋਈ (ਇਹ ਜਾਣਦਾ ਹੈ,

ਕਿ—

**ਮੁਆ ਕਬੀਰੁ ਰਮਤ ਸ੍ਰੀ ਰਾਮੈ ॥੫॥੧੫॥**

ਕਬੀਰ (ਭਗਤ ਤਾਂ) ਸ੍ਰੀ ਰਾਮ (ਨਾਮ) ਜਪਦਾ-ਜਪਦਾ (ਜੀਉਂਦਾ ਹੀ) ਮਰ ਚੁੱਕਾ ਹੈ, ਉਸ ਨੇ ਹੋਰ ਕੀ ਮਰਣਾ ਤੇ ਮਰ ਕੇ ਮੁਕਤਿ ਕੀ ਹੋਣਾ ਹੈ, ਉਹ ਤਾਂ ਜੀਉਂਦਾ ਹੀ ਮੁਕਤਿ ਹੈ ॥੫॥੧੫॥

**ਗਉੜੀ ਕਬੀਰ ਜੀ ॥ ਚੋਆ ਚੰਦਨ ਮਰਦਨ ਅੰਗਾ ॥**

(ਜਿਸ) [ਅੰਗਾ] ਸਰੀਰ ਤੇ ਚੰਦਨ [ਚੋਆ] ਅਤਰ ਮਲਿਆ ਜਾਂਦਾ ਹੈ।

**ਸੋ ਤਨੁ ਜਲੈ ਕਾਠ ਕੈ ਸੰਗਾ ॥੧॥**

ਉਹ ਸਰੀਰ ਲੱਕੜਾਂ ਨਾਲ ਮਿਲ ਕੇ ਸੜ ਜਾਵੇਗਾ ॥੧॥

**ਇਸੁ ਤਨ ਧਨ ਕੀ ਕਵਨ ਬਡਾਈ ॥**

ਇਸ ਸਰੀਰ ਤੇ ਮਾਇਆ ਦੀ ਕਾਹਦੀ ਵਡਿਆਈ ਹੈ ?

**ਧਰਨਿ ਪਰੈ ਉਰਵਾਰਿ ਨ ਜਾਈ ॥੧॥ ਰਹਾਉ ॥**

(ਜੋ ਸਰੀਰ) ਧਰਤੀ (ਤੇ ਡਿੱਗ) ਪਵੇਗਾ, (ਅਤੇ ਮਾਇਆ ਭੀ) ਉਰੇ ਹੀ ਰਹੇਗੀ (ਨਾਲ) ਨਹੀਂ ਜਾਣੀ ॥੧॥ ਰਹਾਉ ॥

**ਰਾਤਿ ਜਿ ਸੋਵਹਿ ਦਿਨ ਕਰਹਿ ਕਾਮ ॥**

ਜੋ ਰਾਤੀਂ ਸੌਂ ਰਹਿੰਦੇ ਹਨ, ਅਤੇ ਦਿਨੇ ਕੰਮ ਕਰਦੇ ਰਹਿੰਦੇ ਹਨ।

**ਇਕੁ ਖਿਨੁ ਲੇਹਿ ਨ ਹਰਿ ਕੋ ਨਾਮ ॥੨॥**

ਇਕ ਖਿਨ ਭਰ ਵੀ ਹਰੀ ਦਾ ਨਾਮ ਨਹੀਂ ਜਪਦੇ ॥੨॥

**ਹਾਥਿ ਤ ਡੋਰ ਮੁਖਿ ਖਾਇਓ ਤੰਬੋਰ ॥**

ਹੱਥਾਂ ਵਿਚ (ਬਾਜ਼ਾਂ ਜਾਂ ਗੁੱਡੀਆਂ ਦੀਆਂ) ਤਾਂ ਡੋਰਾਂ (ਰਖਦੇ ਹਨ, ਅਤੇ) ਮੂੰਹ ਵਿਚ ਪਾਨਾਂ ਦੇ ਬੀੜੇ ਚਬਦੇ ਹਨ।

**ਮਰਤੀ ਬਾਰ ਕਸਿ ਬਾਧਿਓ ਚੋਰ ॥੩॥**

(ਉਹ) ਮਰਨ ਵੇਲੇ ਚੋਰਾਂ ਵਾਂਗੂੰ ਕੱਸ ਕੇ ਬੰਨ੍ਹੇ ਜਾਣਗੇ ॥੩॥

**ਗੁਰਮਤਿ ਰਸਿ ਰਸਿ ਹਰਿ ਗੁਨ ਗਾਵੈ ॥**

(ਜੋ) ਗੁਰਾਂ ਦੇ ਉਪਦੇਸ਼ ਦਾ ਪ੍ਰੇਮੀ (ਹੋ ਕੇ) ਪ੍ਰੇਮ ਨਾਲ ਹਰੀ ਦੇ ਗੁਣ ਗਾਉਂਦਾ ਹੈ।

**ਰਾਮੈ ਰਾਮ ਰਮਤ ਸੁਖੁ ਪਾਵੈ ॥੪॥**

(ਉਹ) ਰਾਮ ਰਾਮ ਜਪਦਾ (ਹੀ ਨਿੱਤ) ਸੁਖ ਨੂੰ ਪਾਂਦਾ ਹੈ ॥੪॥

**ਕਿਰਪਾ ਕਰਿ ਕੈ ਨਾਮੁ ਦ੍ਰਿੜਾਈ ॥**

Sri Satguru Jagjit Singh Ji eLibrary NamdhariElibrary@gmail.com

(ਗੁਰੂ ਨੇ) ਕ੍ਰਿਪਾ ਕਰਕੇ (ਜਿਸ ਦੀ ਹਰਿ) ਨਾਮ (ਵਿਚ ਸੁਰਤ) ਲਾਈ ਹੈ ।

**ਹਰਿ ਹਰਿ ਬਾਸੁ ਸੁਗੰਧ ਬਸਾਈ ॥੫॥**

(ਉਸ ਦੇ ਮਨ ਵਿਚ) ਹਰੀ ਦੇ ਹਰਿਨਾਮ ਰੂਪ [ਬਾਸੁ] ਚੰਦਨ ਦੀ ਸੁਗੰਧੀ (ਭਗਤੀ ਵਸਦੀ ਹੈ)॥੫॥

**ਕਹਤ ਕਬੀਰ ਚੇਤਿ ਰੇ ਅੰਧਾ॥**

ਕਬੀਰ ਜੀ ਆਖਦੇ ਹਨ—ਹੇ ਅੰਨ੍ਹੇ! ਚੇਤੇ ਕਰ।

**ਸਤਿ ਰਾਮੁ ਝੂਠਾ ਸਭੁ ਧੰਧਾ ॥੬॥੧੬॥**

(ਇਕ) ਰਾਮ ਹੀ ਸੱਤ ਹੈ, (ਹੋਰ) ਸਾਰੇ ਧੰਦੇ ਝੂਠੇ ਹਨ ॥੬॥੧੬॥

**ਗਉੜੀ ਕਬੀਰ ਜੀ ਤਿਪਦੇ ਚਾਰਤੁਕੇ॥ ਜਮ ਤੇ ਉਲਟਿ ਭਏ ਹੈ ਰਾਮ ॥**

(ਨਾਮ ਜਪਣ ਕਰਕੇ) ਜਮ ਗਣ ਬਦਲ ਕੇ ਰਾਮ ਗਣ ਹੋ ਗਏ ਹਨ।

**ਦੁਖ ਬਿਨਸੇ ਸੁਖ ਕੀਓ ਬਿਸਰਾਮ॥**

ਦੁਖ ਨਾਸ (ਹੋ ਗਏ ਹਨ, ਅਤੇ) ਸੁੱਖਾਂ ਵਿਚ ਡੇਰਾ ਕੀਤਾ ਹੈ ।

**ਬੈਰੀ ਉਲਟਿ ਭਏ ਹੈ ਮੀਤਾ ॥**

ਵੈਰੀ (ਵੈਰ ਤੋਂ) ਹਟ ਕੇ ਮਿੱਤਰ ਹੋ ਗਏ ਹਨ ।

**ਸਾਕਤ ਉਲਟਿ ਸੁਜਨ ਭਏ ਚੀਤਾ ॥੧॥**

ਚਿੱਤ ਮਨਮੁਖਾਂ (ਵਾਲੇ ਕਰਮਾਂ ਤੋਂ) ਹਟ ਕੇ ਭਲੇ ਪੁਰਸ਼ਾਂ (ਦਾ ਸੰਗੀ) ਹੋ ਗਿਆ ਹੈ ॥੧॥

**ਅਬ ਮੋਹਿ ਸਰਬ ਕੁਸਲ ਕਰਿ ਮਾਨਿਆ॥**

ਹੁਣ ਮੈਂ ਸਭ ਤਰ੍ਹਾਂ ਕਰਕੇ ਸੁਖ ਮੰਨਿਆ ਹੈ ।

**ਸਾਂਤਿ ਭਈ ਜਬ ਗੋਬਿਦੁ ਜਾਨਿਆ॥੧॥ ਰਹਾਉ ॥**

ਜਦ ਤੋਂ ਗੋਬਿੰਦ ਨੂੰ ਜਾਣਿਆ (ਹੈ, ਤਦ ਤੋਂ ਮਨ ਵਿਚ) ਸ਼ਾਂਤੀ ਹੋ ਗਈ ਹੈ ॥੧॥ ਰਹਾਉ॥

**ਤਨ ਮਹਿ ਹੋਤੀ ਕੋਟਿ ਉਪਾਧਿ ॥**

ਸਰੀਰ ਵਿਚ (ਜੋ) ਕ੍ਰੋੜਾਂ ਹੀ ਉਪਾਧੀਆਂ ਹੁੰਦੀਆਂ ਸਨ ।

**ਉਲਟਿ ਭਈ ਸੁਖ ਸਹਜਿ ਸਮਾਧਿ॥**

(ਉਹ ਸਭ) ਹਟ ਕੇ ਸੁਖ ਹੋ ਗਿਆ ਹੈ, (ਅਤੇ) 'ਸਹਜ ਸਮਾਧੀ' ਲਗ ਰਹੀ ਹੈ ।

**ਆਪੁ ਪਛਾਨੈ ਆਪੈ ਆਪ॥**

(ਜੋ) ਆਪਣੇ ਆਪ ਵਿਚ ਆਪਣੇ ਰੂਪ ਨੂੰ ਪਛਾਣ (ਲਿਆ ਹੈ)।

**ਰੋਗੁ ਨ ਬਿਆਪੈ ਤੀਨੌ ਤਾਪ ॥੨॥**

(ਇਸ ਲਈ) ਤਿੰਨਾਂ ਤਾਪਾਂ ਦਾ ਰੋਗ ਨਹੀਂ ਲਗਦਾ ॥੨॥

**ਅਬ ਮਨੁ ਉਲਟਿ ਸਨਾਤਨੁ ਹੂਆ ॥**

ਹੁਣ ਮਨ (ਸੰਸਾਰ ਵਲੋਂ) ਹਟ ਕੇ [ਸਨਾਤਨੁ] ਬ੍ਰਹਮ ਰੂਪ ਹੋ ਗਿਆ ਹੈ।

**ਤਬ ਜਾਨਿਆ ਜਬ ਜੀਵਤ ਮੂਆ ॥**

ਜਦ ਜੀਊਂਦੇ ਹੀ ਮਰ ਗਏ ਤਾਂ (ਇਸ ਭੇਦ ਨੂੰ) ਜਣਿਆ ਹੈ।

**ਕਹੁ ਕਬੀਰ ਸੁਖਿ ਸਹਜਿ ਸਮਾਵਉ ॥**

ਕਬੀਰ ਜੀ ਆਖਦੇ ਹਨ, [ਸਹਜਿ] ਆਤਮ ਸੁਖ ਵਿਚ ਸਮਾ ਗਿਆ ਹਾਂ।

**ਆਪਿ ਨ ਡਰਉ ਨ ਅਵਰ ਡਰਾਵਉ ॥੩॥੧੭॥**

(ਇਸ ਲਈ) ਨਾ ਮੈਂ (ਕਿਸੇ ਤੋਂ) ਡਰਦਾ ਹਾਂ ਅਤੇ ਨਾ ਕਿਸੇ ਨੂੰ ਡਰ ਦੇਂਦਾ ਹਾਂ ॥੩॥੧੭॥

**ਗਉੜੀ ਕਬੀਰ ਜੀ ॥ ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ॥**

ਪ੍ਰਸ਼ਨ—ਮਰਣ ਮਗਰੋਂ ਸਰੀਰ ਨੂੰ ਛੱਡ ਕੇ ਜੀਵ ਕਿਸ ਘਰ ਵਿਚ ਜਾਂਦਾ ਹੈ?

**ਸਬਦਿ ਅਤੀਤਿ ਅਨਾਹਦਿ ਰਾਤਾ ॥**

ਉੱਤਰ—(ਜੋ) ਸ਼ਬਦ (ਸਪਰਸ਼, ਰੂਪ, ਰਸ, ਗੰਧ ਆਦਿਕਾਂ ਤੋਂ) ਰਹਿਤ, [ਅਨਾਹਦਿ] ਬੇਅੰਤ (ਵਾਹਿਗੁਰੂ ਹੈ, ਗਿਆਨੀ ਦਾ ਆਤਮ ਤਾਂ ਉਸ ਵਿਚ) [ਰਾਤਾ] ਮਿਲ ਜਾਂਦਾ ਹੈ।

ਪ੍ਰਸ਼ਨ—ਉਸ ਨੂੰ ਕੀ ਅਨੰਦ ਹੁੰਦਾ ਹੈ?

**ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ ॥**

ਉੱਤਰ—ਜਿਸ ਨੇ ਰਾਮ ਨੂੰ ਜਾਣਿਆ ਹੈ, (ਉਸ ਦੇ ਅਨੰਦ ਨੂੰ) ਉਸ ਨੇ ਪਛਾਣਿਆ ਹੈ, (ਉਹ ਅਨੰਦ ਕਿਹਾ ਨਹੀਂ ਜਾਂਦਾ)।

**ਜਿਉ ਗੂੰਗੇ ਸਾਕਰ ਮਨੁ ਮਾਨਿਆ ॥੧॥**

ਪ੍ਰਸ਼ਨ—ਜਿਵੇਂ ਸ਼ੱਕਰ (ਨੂੰ ਖਾ ਕੇ) ਗੂੰਗਾ ਮਨ ਵਿਚ ਹੀ ਖੁਸ਼ ਹੁੰਦਾ ਹੈ, (ਸਵਾਦ ਕਹਿ ਨਹੀਂ ਸਕਦਾ) ॥੧॥

**ਐਸਾ ਗਿਆਨੁ ਕਥੈ ਬਨਵਾਰੀ ॥**

ਉੱਤਰ—[ਬਨਵਾਰੀ] ਵਾਹਿਗੁਰੂ ਨੂੰ [ਗਿਆਨੁ] ਜਾਨਣ (ਦਾ ਰਸਤਾ) ਇਸ ਤਰ੍ਹਾਂ ਦਾ ਕਿਹਾ ਜਾਂਦਾ ਹੈ ਕਿ—

**ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ ॥੧॥ ਰਹਾਉ ॥**

ਹੇ ਮਨ! ਸਵਾਸਾਂ ਨੂੰ ਸੁਖਮਨਾ ਨਾੜੀ ਵਿਚ ਰੋਕ ॥੧॥ ਰਹਾਉ ॥

**ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ ॥**

(ਸਭ ਤੋਂ ਪਹਿਲਾਂ) ਉਸ (ਪੂਰੇ) ਗੁਰੂ (ਨੂੰ ਧਾਰਨ) ਕਰ, ਜੋ ਫੇਰ (ਹੋਰ ਗੁਰੂ) ਨਾ (ਧਾਰਨ) ਕਰਨਾ (ਪਵੇ)।

Sri Satguru Jagjit Singh Ji eLibrary NamdhariElibrary@gmail.com

**ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ ॥**

ਉਸ [ਪਦੁ] ਮੰਤਰ ਨੂੰ ਜਪ, ਜੋ ਫੇਰ (ਹੋਰ ਕੋਈ ਮੰਤਰ) ਨਾ ਜਪਣਾ (ਪਵੇ)।

**ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ ॥**

ਉਸ ਧਿਆਨ ਨੂੰ ਲਾਵੋ ਜੋ ਮੁੜ ਕੇ ਲਾਉਣ (ਦੀ ਲੋੜ ਹੀ) ਨਾ ਰਹੇ ।

**ਐਸੇ ਮਰਹੁ ਜਿ ਬਹੁਰਿ ਨ ਮਰਨਾ ॥੨॥**

(ਉਸ ਧਿਆਨ ਵਿਚ ਹੀ) ਅਜੇਹੇ ਮਰ ਜਾਓ, ਜੋ ਫੇਰ ਮੌਤ ਹੀ ਨਾ ਆਵੇ ॥੨॥

**ਉਲਟੀ ਗੰਗਾ ਜਮੁਨ ਮਿਲਾਵਉ ॥**

(ਸਿੱਧਾ ਪ੍ਰਾਣਾਯਾਮ ਕਰਦਿਆਂ ਜੇਕਰ ਗਰਮੀ ਮਾਲੂਮ ਹੋਵੇ ਤਾਂ ਫਿਰ) ਉਲਟੀ ਰੀਤੀ ਨਾਲ [ਗੰਗਾ] ਸੂਰਜ (ਦੀ ਸੁਰ ਨੂੰ) [ਜਮੁਨ] ਚੰਦ੍ਰਮਾ (ਦੀ ਸੁਰ ਵਿਚ) ਮਿਲਾਵੋਂ ।

**ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ ॥**

(ਅਤੇ) ਪਾਣੀ ਤੋਂ ਬਿਨਾਂ (ਜੋ ਤ੍ਰਿਬੇਣੀ—ਇੜਾ, ਪਿੰਗਲਾ, ਸੁਖਮਨਾ—ਦਾ) ਸੰਗਮ (ਹੈ, ਉਸ) ਵਿਚ ਮਨ ਨੂੰ ਇਸ਼ਨਾਨ ਕਰਾਵੋ, (ਅਰਥਾਤ ਦਸਮ ਦਵਾਰ ਵਿਚ ਮਨ ਨੂੰ ਟਿਕਾਓ, ਤਦ ਗਿਆਨ ਹੋਊ) ।

**ਲੋਚਾ ਸਮਸਰਿ ਇਹੁ ਬਿਉਹਾਰਾ ॥**

(ਪਰ ਪਹਿਲਾਂ) [ਲੋਚਾ] ਵਾਸ਼ਨਾ ਮੇਟੋ (ਫੇਰ) ਇਹ ਵਿਹਾਰ (ਕਰੋ)।

**ਤਤੁ ਬੀਚਾਰਿ ਕਿਆ ਅਵਰਿ ਬੀਚਾਰਾ ॥੩॥**

(ਤਦ) ਤਤੁ (ਸਰੂਪ ਦੀ) ਵੀਚਾਰ ਮਿਲ ਜਾਵੇਗੀ, (ਜਿਸ ਕਰਕੇ) ਹੋਰ ਕਿਸੇ ਵਿਚਾਰ (ਦੀ ਲੋੜ ਹੀ ਨਹੀਂ ਰਹਿੰਦੀ, ਜੇਕਰ ਵਾਸ਼ਨਾਂ ਨਾ ਰੋਕੀਆਂ ਤਾਂ ਵਾਸ਼ਨਾਂ ਤਾਂ ਪੂਰਨ ਹੋਣਗੀਆਂ ਪਰ ਵਾਹਿਗੁਰੂ ਦੇ ਗਿਆਨ ਦਾ ਅਨੰਦ ਨਹੀਂ ਮਿਲੇਗਾ) ॥੩॥

**ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥ ਐਸੀ ਰਹਤ ਰਹਉ ਹਰਿ ਪਾਸਾ ॥**

ਰਹਿਣੀ ਅਜੇਹੀ ਰਖੋ, (ਜੇਹੀ) [ਅਪੁ] ਪਾਣੀ (ਦੀ ਹੈ, ਜੋ ਆਪ ਨਿਰਮਲ ਤੇ ਠੰਡਾ ਅਤੇ ਹੋਰਨਾਂ ਨੂੰ ਨਿਰਮਲ ਤੇ ਠੰਡਾ ਕਰਦਾ ਹੈ, ਅਰਥਾਤ ਸਭ ਦਾ ਸੁਖਦਾਈ ਹੈ, ਅਤੇ) [ਤੇਜੁ] ਅੱਗ (ਵਾਂਗੂੰ ਜੋ ਪ੍ਰਕਾਸ਼ ਵਾਲੀ ਤੇ ਸਵਾਦ ਬੇ-ਸਵਾਦ ਨਹੀਂ ਵੇਖਦੀ ਸਭ ਕੁਝ ਖਾ ਕੇ ਫਿਰ ਕਿਸੇ ਨਾਲ ਲਿਪਾਇਮਾਨ ਨਹੀਂ ਹੁੰਦੀ ਅਤੇ [ਬਾਇ] ਹਵਾ ਵਾਂਗੂੰ, ਜੋ ਸਭ ਜਗ੍ਹਾਂ ਤੇ ਜਾਕੇ ਕਿਸੇ ਦਾ ਸੁਭਾਵ ਨਹੀਂ ਲੈਂਦੀ ਅਜੇਹਾ ਸੁਭਾਉ ਰਖੋ) ਅਤੇ ਧਰਤੀ (ਵਾਂਗੂੰ ਜੋ ਸਭਨਾਂ ਨੂੰ ਆਪਣੇ ਉਪਰ ਵਸੇਬਾ ਦੇ ਕੇ ਲੇਪਨ ਜਾਂ ਖੋਦਨ ਦਾ ਦੁਖ ਸੁਖ ਨਹੀਂ ਮੰਨਦੀ) ਅਤੇ ਅਕਾਸ਼ (ਵਾਂਗੂੰ, ਜੋ ਆਪਣੇ ਆਪ ਵਿਚ ਤੁਰਨ ਵਾਲਿਆਂ ਬੱਦਲਾਂ ਤੇ ਹਨੇਰੀਆਂ ਦਾ ਸੰਗ ਨਹੀਂ ਕਰਦਾ ਤੇ ਸਭ ਜਗ੍ਹਾਂ ਤੇ ਇਕ ਸਮਾਨ ਵਿਆਪਕ ਹੈ,) ਅਜੇਹੀਆਂ ਰਹਿਤਾਂ ਵਿਚ ਪ੍ਰਪੱਕ ਹੋਵੇਗਾ ਤਾਂ ਹਰੀ ਦੇ ਕੋਲ (ਤੁਹਾਡੀ ਪਹੁੰਚ ਹੋਵੇਗੀ) ।

**ਕਹੈ ਕਬੀਰ ਨਿਰੰਜਨ ਧਿਆਵਉ ॥**

ਕਬੀਰ ਜੀ ਆਖਦੇ ਹਨ, ਮਾਇਆ ਤੋਂ ਰਹਿਤ ਵਾਹਿਗੁਰੂ ਨੂੰ ਜਪੋਗੇ, ਤਾਂ—

**ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥੪॥੧੮॥**

ਉਸ ਜਗ੍ਹਾ ਤੇ ਜਾਓਗੇ, ਜਿਥੋਂ ਫੇਰ ਨਾ ਆਓਗੇ ॥੪॥੧੮॥

**ਗਉੜੀ ਕਬੀਰ ਜੀ ਤਿਪਦੇ੍ ॥ ਕੰਚਨ ਸਿਉ ਪਾਈਐ ਨਹੀ ਤੋਲਿ ॥**

(ਰਾਮ ਦਾ ਨਾਮ) ਸੋਨੇ ਨਾਲ ਤੋਲ ਕੇ ਨਹੀਂ ਮਿਲਦਾ।

**ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥**

(ਅਸਾਂ ਤਾਂ) ਮਨ ਦੇ ਕੇ ਰਾਮ (ਦਾ ਨਾਮ) ਮੁੱਲ ਲਿਆ ਹੈ ॥੧॥

**ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥**

ਹੁਣ ਅਸਾਂ ਰਾਮ ਨੂੰ ਆਪਣਾ ਕਰਕੇ ਜਾਣਿਆ ਹੈ।

**ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ ਰਹਾਉ ॥**

(ਇਸ ਲਈ) ਨਿਰਯਤਨ ਹੀ ਮਨ ਮੇਰੇ ਵੱਸ ਹੋ ਗਿਆ ਹੈ ॥੧॥ ਰਹਾਉ ॥

**ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥**

ਬ੍ਰਹਮਾ ਨੇ ਕਥਾ ਕਰਕੇ (ਜਿਸ ਦਾ) ਅੰਤ ਨਹੀਂ ਪਾਇਆ।

**ਰਾਮ ਭਗਤਿ ਬੈਠੇ ਘਰਿ ਆਇਆ ॥੨॥**

(ਓਹੀ) ਰਾਮ ਭਗਤੀ (ਕਰਨ ਕਰਕੇ) ਘਰ ਬੈਠਿਆਂ (ਹੀ ਮੇਰੇ ਹਿਰਦੇ ਵਿਚ) ਆ ਵੱਸਿਆ ਹੈ ॥੨॥

**ਕਹੁ ਕਬੀਰ ਚੰਚਲ ਮਤਿ ਤਿਆਗੀ ॥**

ਹੇ ਕਬੀਰ! ਦੱਸ, (ਤੂੰ ਸਾਧਨ ਕੀ ਕੀਤਾ ਹੈ ? ਉੱਤਰ) ਚੰਚਲ ਬੁੱਧੀ ਛੱਡ ਦਿੱਤੀ ਹੈ।

**ਕੇਵਲ ਰਾਮ ਭਗਤਿ ਨਿਜ ਭਾਗੀ ॥੩॥੧॥੧੯॥**

ਇਕ ਰਾਮ ਦੀ ਭਗਤੀ ਹੀ ਆਪਣਾ ਹਿੱਸਾ (ਮੰਨਿਆ ਹੈ, ਅਰਥਾਤ ਰਾਮ ਦੀ ਭਗਤੀ ਹੀ ਕੀਤੀ ਹੈ) ॥੩॥੧॥੧੯॥

**ਗਉੜੀ ਕਬੀਰ ਜੀ ॥ ਜਿਹ ਮਰਨੈ ਸਭੁ ਜਗਤੁ ਤਰਾਸਿਆ ॥**

ਜਿਸ ਮੌਤ ਤੋਂ ਸਾਰਾ ਜਗਤ ਡਰਦਾ ਹੈ।

**ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥**

ਗੁਰਾਂ ਦੇ ਉਪਦੇਸ਼ (ਨਾਲ) ਉਸ ਮੌਤ (ਦਾ ਭੇਦ) ਪ੍ਰਗਟ ਹੋ ਗਿਆ ਹੈ ॥੧॥

**ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥**

ਹੁਣ ਕਿਵੇਂ ਮਰਾਂ ? ਮਨ ਨੇ ਮਰਣਾ ਕਬੂਲ ਲਿਆ ਹੈ, (ਇਸ ਲਈ ਮੌਤ ਨਹੀਂ ਆਉਂਦੀ)।

Sri Satguru Jagjit Singh Ji eLibrary NamdhariElibrary@gmail.com

**ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥**

ਉਹ ਮਰ ਮਰ ਕੇ (ਤੁਰੇ) ਜਾਂਦੇ ਹਨ, ਜਿਨ੍ਹਾਂ ਨੇ ਰਾਮ ਨੂੰ ਨਹੀਂ ਜਾਣਿਆਂ ॥੧॥ ਰਹਾਉ ॥

**ਮਰਨੋ ਮਰਨੁ ਕਹੈ ਸਭੁ ਕੋਈ ॥**

ਸਭ ਕੋਈ ਮਰਨਾ ਹੀ ਆਖਦਾ ਹੈ।

**ਸਹਜੇ ਮਰੈ ਅਮਰੁ ਹੋਇ ਸੋਈ ॥੨॥**

(ਜੋ) ਗਿਆਨ ਪਦ (ਵਿਚ ਹੋ ਕੇ) ਮਰਦਾ ਹੈ, ਓਹੀ ਅਮਰ ਹੋ ਜਾਂਦਾ ਹੈ ॥੨॥

**ਕਹੁ ਕਬੀਰ ਮਨਿ ਭਇਆ ਅਨੰਦਾ ॥**

ਕਬੀਰ ਜੀ ਆਖਦੇ ਹਨ, (ਮੇਰੇ) ਮਨ ਵਿਚ ਅਨੰਦ ਹੋ ਗਿਆ ਹੈ।

**ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥**

ਭਰਮ (ਮਿਟ) ਗਿਆ ਹੈ, (ਇਸ ਲਈ ਹੁਣ ਮੈਂ) ਸੁਖੀ ਹੋ ਰਿਹਾ ਹਾਂ ॥੩॥੨੦॥

ਉਥਾਨਕਾ—ਕਬੀਰ ਭਗਤ ਜੀ ਈਸ਼ਵਰ ਭਗਤੀ ਦੀ ਲਗਨ ਵਿਚ ਲਗਕੇ ਘਰ ਬਾਰ ਦੇ ਵਿਹਾਰ ਕਾਰ ਛੱਡ ਬੈਠੇ ਅਤੇ ਹਮੇਸ਼ਾਂ ਹੀ ਚੁਪ ਚਾਪ ਬੈਠੇ ਭਜਨ ਕਰਦੇ ਵੇਖ ਕੇ ਮਾਪਿਆਂ ਨੇ ਬੀਮਾਰ ਸਮਝਕੇ ਵੈਦ ਨੂੰ ਸੱਦ ਆਂਦਾ, ਵੈਦ ਨਾੜੀ ਵੇਖ ਕੇ ਬੋਲਿਆ, ਉਸੇ ਦੇ ਭਾਵ ਨੂੰ ਕਬੀਰ ਜੀ ਪ੍ਰਗਟ ਕਰਦੇ ਹਨ :—

**ਗਉੜੀ ਕਬੀਰ ਜੀ ॥ ਕਤ ਨਹੀ ਠਉਰ ਮੂਲੁ ਕਤ ਲਾਵਉ ॥**

(ਵੈਦ ਨੇ ਕਿਹਾ, ਬੀਮਾਰੀ ਵਾਲੀ) ਕੋਈ ਜਗ੍ਹਾ ਨਹੀਂ ਹੈ [ਮੂਲੁ] ਦਵਾਈ ਕਿਥੇ ਲਾਵਾਂ ?

**ਖੋਜਤ ਤਨ ਮਹਿ ਠਉਰ ਨ ਪਾਵਉ ॥੧॥**

(ਸਾਰਾ) ਸਰੀਰ ਢੂੰਢ (ਵੇਖਿਆ ਹੈ ਮੈਨੂੰ ਤਾਂ ਰੋਗ ਵਾਲੀ) ਜਗ੍ਹਾ (ਸਰੀਰ) ਵਿਚ ਨਹੀਂ ਮਿਲਦੀ॥੧॥

**ਲਾਗੀ ਹੋਇ ਸੁ ਜਾਨੈ ਪੀਰ ॥**

(ਏਹ ਸੁਣ ਕੇ ਕਬੀਰ ਜੀ ਨੇ ਕਿਹਾ, ਜਿਸ ਨੂੰ ਲੱਗੀ ਹੋਵੇ, ਓਹੀ ਇਸ ਪੀੜ ਨੂੰ ਜਾਣਦਾ ਹੈ, (ਤਦ ਵੈਦ ਨੇ ਕਿਹਾ :— ਉਸ ਪੀੜ ਦਾ ਪਤਾ ਦੱਸੋ, ਮੈਂ ਦਵਾਈ ਲਾਵਾਂ ਤਦ ਭਗਤ ਜੀ ਨੇ ਕਿਹਾ)—

**ਰਾਮ ਭਗਤਿ ਅਨੀਆਲੇ ਤੀਰ ॥੧॥ ਰਹਾਉ ॥**

(ਹੇ ਭਾਈ! ਮੈਨੂੰ) ਰਾਮ ਦੀ ਭਗਤੀ (ਰੂਪ) ਤਿੱਖੇ ਤੀਰ (ਵੱਜੇ ਹਨ, ਉਨਾਂ ਦੀ ਪੀੜ ਨਹੀਂ ਮਿਟਦੀ॥੧॥ ਰਹਾਉ॥ ਵੈਦ ਨੇ ਕਿਹਾ—ਕਿਆ ਇਕ ਤੂੰ ਹੀ ਕੋਈ ਨਵਾਂ ਭਗਤ ਹੋਇਆ ਹੈਂ ਸਾਰੇ ਭਗਤੀ ਕਰਦੇ ਹਨ, ਤੇਰੀ ਅਨੋਖੀ ਭਗਤੀ ਹੈ, ਜੋ ਕੰਮ ਛਡ ਬੈਠਾ ਹੈਂ। ਏਹ ਸੁਣ ਕੇ ਭਗਤ ਜੀ ਨੇ ਕਿਹਾ, ਹੇ ਵੈਦਯ—)

**ਏਕ ਭਾਇ ਦੇਖਉ ਸਭ ਨਾਰੀ ॥**

(ਜਿਵੇਂ) ਸਾਰੀਆਂ ਇਸਤ੍ਰੀਆਂ ਇਕੋ ਜਹੀਆਂ ਹੀ ਦਿਸਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

## ਕਿਆ ਜਾਨਉ ਸਹ ਕਉਨ ਪਿਆਰੀ ॥੨॥

(ਪਰ ਇਸ ਗੱਲ ਨੂੰ) ਕੋਈ (ਨਹੀਂ) ਜਾਣਦਾ ਜੋ ਪਤੀ ਨੂੰ ਕੇਹੜੀ (ਇਸਤ੍ਰੀ) ਪਿਆਰੀ ਹੈ, (ਇਵੇਂ ਹੀ ਭਗਤ ਤਾਂ ਸਾਰੇ ਇਕੋ ਜਹੇ ਹਨ, ਪਰ ਇਸ ਗੱਲ ਦਾ ਪਤਾ ਨਹੀਂ ਜੋ ਕਿਸ ਦੀ ਭਗਤੀ ਮਨਜ਼ੂਰ ਹੋਈ ਹੈ) ॥੨॥

## ਕਹੁ ਕਬੀਰ ਜਾ ਕੈ ਮਸਤਕਿ ਭਾਗੁ ॥

ਕਬੀਰ ਜੀ ਆਖਦੇ ਹਨ, ਜਿਸਦੇ ਮੱਥੇ ਦੇ ਭਾਗ (ਚੰਗੇ ਹਨ)।

## ਸਭ ਪਰਹਰਿ ਤਾ ਕਉ ਮਿਲੈ ਸੁਹਾਗੁ ॥੩॥੨੧॥

ਸਾਰਿਆਂ ਨੂੰ ਛੱਡ ਕੇ, ਉਸੇ ਨੂੰ (ਪਤੀ ਪ੍ਰਾਪਤੀ ਦਾ) ਅਨੰਦ ਮਿਲਦਾ ਹੈ ॥੩॥੨੧॥

## ਗਉੜੀ ਕਬੀਰ ਜੀ ॥ ਜਾ ਕੈ ਹਰਿ ਸਾ ਠਾਕੁਰੁ ਭਾਈ ॥

ਹੇ ਭਾਈ! ਉਹ ਵਾਹਿਗੁਰੂ ਜਿਸ ਦਾ ਮਾਲਕ (ਹੋਵੇ)।

## ਮੁਕਤਿ ਅਨੰਤ ਪੁਕਾਰਣਿ ਜਾਈ ॥੧॥

(ਉਸ ਨੂੰ) ਅਨੇਕਾਂ ਹੀ ਮੁਕਤੀਆਂ ਸੱਦਣ ਜਾਂਦੀਆਂ ਹਨ ॥੧॥

## ਅਬ ਕਹੁ ਰਾਮ ਭਰੋਸਾ ਤੋਰਾ ॥

ਹੇ ਰਾਮ! ਹੁਣ (ਮੈਨੂੰ ਜਦ) ਤੇਰਾ ਭਰੋਸਾ ਹੈ, ਤਾਂ ਤੂੰ ਹੀ) ਦੱਸ—

## ਤਬ ਕਾਹੂ ਕਾ ਕਵਨੁ ਨਿਹੋਰਾ ॥੧॥ ਰਹਾਉ ॥

ਤਦ (ਮੈਨੂੰ ਹੋਰ) ਕਿਸੇ ਦਾ ਕੀ ਅਹਿਸਾਨ ਹੈ ? ॥੧॥ ਰਹਾਉ ॥

## ਤੀਨਿ ਲੋਕ ਜਾ ਕੈ ਹਹਿ ਭਾਰ ॥

ਤਿੰਨੇ ਲੋਕ ਜਿਸ ਦੇ ਆਸਰੇ ਹਨ।

## ਸੋ ਕਾਹੇ ਨ ਕਰੈ ਪ੍ਰਤਿਪਾਰ ॥੨॥

(ਭਲਾ) ਉਹ ਸਾਡੀ ਕਿਉਂ ਨਾ ਪਾਲਣਾ ਕਰੇਗਾ ? ॥੨॥

## ਕਹੁ ਕਬੀਰ ਇਕ ਬੁਧਿ ਬੀਚਾਰੀ ॥

ਕਬੀਰ ਜੀ ਆਖਦੇ ਹਨ, (ਅਸਾਂ) ਬੁਧੀ (ਵਿਚ) ਇਕ ਏਹ ਗੱਲ ਵਿਚਾਰ ਲਈ ਹੈ।

## ਕਿਆ ਬਸੁ ਜਉ ਬਿਖੁ ਦੇ ਮਹਤਾਰੀ ॥੩॥੨੨॥

ਇਸਦਾ ਕੀ ਜ਼ੋਰ ਹੈ, ਜਦ ਮਾਂ ਹੀ (ਬੱਚੇ ਨੂੰ) ਜ਼ਹਿਰ ਦੇਵੇ, (ਅਰਥਾਤ ਤੂੰ ਸਾਰਿਆਂ ਦੀ ਮਾਂ ਹੈ, ਜੇਕਰ ਤੂੰ ਹੀ ਮਾਰੇਂ ਤਾਂ ਕਿਸੇ ਦਾ ਕੀ ਜ਼ੋਰ ਹੈ, ਇਹ ਵਿਚਾਰ ਕੇ ਤੇਰੇ ਚਰਨੀ ਪਏ ਹਾਂ, ਭਾਵੇਂ ਮਾਰ ਤੇ ਭਾਵੇਂ ਤਾਰ ਲੈ) ॥੩॥੨੨॥

## ਗਉੜੀ ਕਬੀਰ ਜੀ ॥

## ਬਿਨੁ ਸਤ ਸਤੀ ਹੋਇ ਕੈਸੇ ਨਾਰਿ ॥ ਪੰਡਿਤ ਦੇਖਹੁ ਰਿਦੈ ਬੀਚਾਰਿ ॥੧॥

ਹੇ ਪੰਡਿਤ! ਦਿਲ ਵਿਚ ਸੋਚ ਕੇ ਵੇਖ! ਜੋ [ਸਤ] ਪਤਿਬ੍ਰਤਾ ਧਰਮ ਤੋਂ ਬਿਨਾਂ ਇਸਤ੍ਰੀ ਦਾ ਸਤੀ ਹੋਣਾ ਕਿਸ ਕੰਮ ਹੈ?॥੧॥

**ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ ॥**

ਪਿਆਰ ਤੋਂ ਬਿਨਾਂ ਕਦੇ ਭੀ ਪਿਆਰ ਨਹੀਂ ਵਧਦਾ।

**ਜਬ ਲਗੁ ਰਸੁ ਤਬ ਲਗੁ ਨਹੀ ਨੇਹੁ ॥੧॥ ਰਹਾਉ ॥**

ਜਿੰਨਾ ਚਿਰ ਸਵਾਦ ਹਨ, ਉੱਨਾ ਚਿਰ ਪ੍ਰੇਮ ਨਹੀਂ (ਹੁੰਦਾ) ॥੧॥ ਰਹਾਉ ॥

**ਸਾਹਨਿ ਸਤੁ ਕਰੈ ਜੀਅ ਅਪਨੈ ॥**

ਜੋ ਆਪਣੇ ਜੀਅ [ਸਾਹਨਿ] ਮਾਯਾ ਨੂੰ ਸੱਤ ਕਰਕੇ (ਜਾਣਦਾ ਹੈ)।

**ਸੋ ਰਮਯੇ ਕਉ ਮਿਲੈ ਨ ਸੁਪਨੈ ॥੨॥**

ਉਹ ਸੁਪਨੇ ਵਿਚ ਭੀ ਰਾਮ ਨੂੰ ਨਹੀਂ ਮਿਲ ਸਕਦਾ ॥੨॥

**ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ ॥**

(ਜੋ) ਇਸਤ੍ਰੀ ਸਰੀਰ [ਤਨੁ] ਸਮੇਤ ਮਨ ਧਨ ਤੇ ਘਰ (ਪਤੀ ਨੂੰ) ਸੌਂਪ ਦੇਂਦੀ ਹੈ।

**ਸੋਈ ਸੁਹਾਗਨਿ ਕਹੈ ਕਬੀਰੁ ॥੩॥੨੩॥**

ਕਬੀਰ ਜੀ ਆਖਦੇ ਹਨ, ਓਹੀ ਸੁਹਾਗਨੀ ਹੈ ॥੩॥੨੩॥

**ਗਉੜੀ ਕਬੀਰ ਜੀ ॥ ਬਿਖਿਆ ਬਿਆਪਿਆ ਸਗਲ ਸੰਸਾਰੁ ॥**

ਵਿਕਾਰ ਸਾਰੇ ਸੰਸਾਰ ਨੂੰ ਲਗੇ ਹੋਏ ਹਨ।

**ਬਿਖਿਆ ਲੈ ਡੂਬੀ ਪਰਵਾਰੁ ॥੧॥**

ਵਿਕਾਰਾਂ ਨੇ ਅਨੇਕਾਂ ਹੀ ਕੁਟੰਬ (ਨਰਕਾਂ ਵਿਚ) ਡੋਬੇ ਹਨ ॥੧॥

**ਰੇ ਨਰ ਨਾਵ ਚਉੜਿ ਕਤ ਬੋੜੀ ॥**

ਹੇ ਭਾਈ! (ਤੂੰ) ਰੜੇ ਵਿਚ ਹੀ ਬੇੜੀ ਕਿਉਂ ਡੋਬ ਲਈ ਹੈ?

**ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ ॥੧॥ ਰਹਾਉ ॥**

ਹਰੀ ਨਾਲੋਂ (ਪ੍ਰੀਤ) ਤੋੜ ਕੇ ਵਿਸ਼ਿਆਂ ਨਾਲ ਜੋੜ ਲਈ ਹੈ ॥੧॥ ਰਹਾਉ ॥

**ਸੁਰਿ ਨਰ ਦਾਧੇ ਲਾਗੀ ਆਗਿ ॥**

(ਉਹ) ਦੇਵਤੇ ਤੇ ਮਨੁੱਖ ਸੜ ਗੁਏ (ਹਨ, ਜਿਨ੍ਹਾਂ ਨੂੰ ਵਿਸ਼ਿਆਂ ਦੀ) ਅੱਗ ਲਗੀ ਹੈ।

**ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ ॥੨॥**

ਹੇ ਪਸ਼ੂ! (ਨਾਮ ਰੂਪ) ਪਾਣੀ ਤਾਂ ਕੋਲ ਹੈ (ਵਿਸ਼ਿਆਂ ਨੂੰ) ਲੰਘ ਕੇ (ਕਿਉਂ) ਨਹੀਂ ਪੀਂਦਾ?॥੨॥

**ਚੇਤਤ ਚੇਤਤ ਨਿਕਸਿਓ ਨੀਰੁ ॥**

ਚੇਤੇ ਕਰਦਿਆਂ-ਕਰਦਿਆਂ (ਹੀ ਨਾਮ ਰੂਪ) ਪਾਣੀ (ਅੰਦਰੋਂ) ਨਿਕਲ ਆਇਆ ਹੈ।

**ਸੋ ਜਲੁ ਨਿਰਮਲੁ ਕਥਤ ਕਬੀਰੁ ॥੩॥੨੪॥**

ਕਬੀਰ ਜੀ ਆਖਦੇ ਹਨ, ਉਹ ਪਾਣੀ ਨਿਰਮਲ ਹੈ ॥੩॥੨੪॥

**ਗਉੜੀ ਕਬੀਰ ਜੀ ॥ ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥**

ਜਿਸ ਕੁਲ ਵਿਚ ਗਿਆਨ ਦੀ ਵਿਚਾਰ ਵਾਲਾ ਪੁਤ੍ਰ ਪੈਦਾ ਨਹੀਂ ਹੋਇਆ।

**ਬਿਧਵਾ ਕਸ ਨ ਭਈ ਮਹਤਾਰੀ ॥੧॥**

(ਉਸ ਕੁਲ ਦੀ) ਮਾਂ (ਪੁਤ੍ਰ ਪੈਦਾ ਹੋਣ ਤੋਂ ਪਹਿਲਾਂ ਹੀ) ਕਿਉਂ ਨ ਰੰਡੀ ਹੋ ਗਈ ?॥੧॥

**ਜਿਹ ਨਰ ਰਾਮ ਭਗਤਿ ਨਹਿ ਸਾਧੀ ॥**

ਜਿਸ ਪੁਰਸ਼ ਨੇ ਰਾਮ ਦੀ ਭਗਤੀ ਨਹੀਂ ਕੀਤੀ।

**ਜਨਮਤ ਕਸ ਨ ਮੁਓ ਅਪਰਾਧੀ ॥੧॥ ਰਹਾਉ ॥**

ਉਹ ਅਪਰਾਧੀ ਜੰਮਦਾ ਹੀ ਕਿਉਂ ਨਾ ਮਰ ਗਿਆ ॥੧॥ ਰਹਾਉ ॥

**ਮੁਚੁ ਮੁਚੁ ਗਰਭ ਗਏ ਕੀਨ ਬਚਿਆ ॥**

[ਮੁਚੁ] ਬਹੁਤ (ਬੱਚੇ) ਗਰਭ (ਵਿਚ ਹੀ [ਮੁਚੁ] ਛਣ ਗਏ ਹਨ) ਕਿਉਂ ਬਚ ਗਿਆ ?

**ਬੁਡਭੁਜ ਰੂਪ ਜੀਵੇ ਜਗ ਮਝਿਆ ॥੨॥**

[ਬੁਡਭੁਜ] ਕੋਹੜੇ ਰੂਪ ਵਾਲਾ ਹੋ ਕੇ ਜਗਤ ਵਿਚ ਜਿਊਂਦਾ ਹੈ ॥੨॥

**ਕਹੁ ਕਬੀਰ ਜੈਸੇ ਸੁੰਦਰ ਸਰੂਪ ॥ ਨਾਮ ਬਿਨਾ ਜੈਸੇ ਕੁਬਜ ਕੁਰੂਪ ॥੩॥੨੫॥**

ਕਬੀਰ ਜੀ ਆਖਦੇ ਹਨ, ਜਿਵੇਂ ਸੁੰਦਰ ਸਰੂਪ (ਵਾਲਾ ਪੁਰਸ਼) ਕੁੱਬਾ (ਹੋਵੇ ਤਾਂ) ਕੋਝਾ (ਮਲੂਮ ਹੁੰਦਾ ਹੈ, ਇਵੇਂ ਹੀ) ਨਾਮ ਤੋਂ ਬਿਨਾਂ (ਪੁਰਸ਼ ਕਿਸੇ ਤਰ੍ਹਾਂ ਭੀ ਸੋਹਣਾ ਨਹੀਂ ਹੋ ਸਕਦਾ) ॥੩॥੨੫॥

**ਗਉੜੀ ਕਬੀਰ ਜੀ ॥**

**ਜੋ ਜਨ ਲੇਹਿ ਖਸਮ ਕਾ ਨਾਉ ॥ ਤਿਨ ਕੈ ਸਦ ਬਲਿਹਾਰੈ ਜਾਉ ॥੧॥**

ਜੋ ਪੁਰਸ਼ ਵਾਹਿਗੁਰੂ ਦਾ ਨਾਮ ਜਪਦੇ ਹਨ, (ਮੈਂ) ਉਨ੍ਹਾਂ ਤੋਂ ਸਦਾ ਹੀ ਵਾਰਨੇ ਜਾਂਦਾ ਹਾਂ ॥੧॥

**ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ॥ ਸੋ ਭਾਈ ਮੇਰੈ ਮਨਿ ਭਾਵੈ ॥੧॥ ਰਹਾਉ ॥**

ਉਹ ਪਵਿਤ੍ਰ ਹੈ, (ਜੋ) ਪਵਿਤ੍ਰ ਹਰੀ ਦੇ ਗੁਣ ਗਾਉਂਦਾ ਹੈ, ਓਹੀ (ਮੇਰਾ) ਭਰਾ (ਹੈ, ਅਤੇ) ਮੇਰੇ ਮਨ ਨੂੰ ਚੰਗਾ ਲਗਦਾ ਹੈ ॥੧॥ ਰਹਾਉ ॥

**ਜਿਹ ਘਟ ਰਾਮੁ ਰਹਿਆ ਭਰਪੂਰਿ ॥ ਤਿਨ ਕੀ ਪਗ ਪੰਕਜ ਹਮ ਧੂਰਿ ॥੨॥**

ਜਿਨ੍ਹਾਂ ਦੇ ਹਿਰਦੇ ਵਿਚ ਰਾਮ ਪੂਰਨ ਹੋ ਰਿਹਾ ਹੈ, ਉਨ੍ਹਾਂ ਦੇ ਚਰਨ [ਪੰਕਜ] ਕਵਲਾਂ ਦੀ ਮੈਂ ਧੂੜੀ ਹਾਂ ॥੨॥

**ਜਾਤਿ ਜੁਲਾਹਾ ਮਤਿ ਕਾ ਧੀਰੁ ॥ ਸਹਜਿ ਸਹਜਿ ਗੁਣ ਰਮੈ ਕਬੀਰੁ ॥੩॥੨੬॥**

(ਮੈਂ) ਜਾਤੀ ਦਾ ਜੁਲਾਹਾ (ਹਾਂ, ਪਰ) ਅਕਲ ਦਾ ਸਿਆਣਾ ਹਾਂ, (ਇਸੇ ਲਈ ਮੈਂ) ਕਬੀਰ ਸਹਜੇ (ਰਾਮ ਦੇ) ਗੁਣ ਗਾਉਂਦਾ ਹਾਂ ॥੩॥੨੬॥

## ਗਉੜੀ ਕਬੀਰ ਜੀ ॥

***ਉਥਾਨਕਾ***—ਕਿਸੇ ਜੋਗੀ ਨੇ ਕਿਹਾ 'ਜੋ ਆਪ ਸ਼ਰਾਬ ਪੀਆ ਕਰੋ, ਤਾਂ ਸਮਾਧੀ ਲਗ ਜਾਵੇਗੀ ਤੇ ਮਨ ਇਕਾਗਰ ਹੋ ਕੇ ਪ੍ਰਮਾਤਮਾ ਦੇ ਚਰਨਾਂ ਦੀ ਮੌਜ ਮਾਨਿਆ ਕਰੇਗਾ।' ਇਹ ਸੁਣ ਕੇ ਭਗਤ ਜੀ ਨੇ ਕਿਹਾ 'ਅਸੀਂ ਸ਼ਰਾਬ ਪੀਂਦੇ ਹਾਂ।' ਇਸ ਸ਼ਬਦ ਵਿਚ ਸੱਚੀ ਸ਼ਰਾਬ ਦਾ ਉਪਦੇਸ਼ ਹੈ—

**ਗਗਨਿ ਰਸਾਲ ਚੁਐ ਮੇਰੀ ਭਾਠੀ ॥ ਸੰਚਿ ਮਹਾ ਰਸੁ ਤਨੁ ਭਇਆ ਕਾਠੀ ॥੧॥**

(ਜੋ) [ਗਗਨਿ] ਦਸਮ ਦਵਾਰ [ਰਸਾਲ] ਰਸਾਂ ਦਾ ਘਰ (ਹੈ; ਏਹੋ) ਮੇਰੀ ਭੱਠੀ ਚੋ ਰਹੀ ਹੈ, (ਭੱਠੀ ਤੇ ਚੋਆ) ਮਹਾਂ ਰਸ (ਆਤਮਕ ਅਨੰਦ) ਰੂਪ ਸ਼ਰਾਬ (ਹਿਰਦੇ ਵਿਚ) 'ਕੱਠੀ (ਕੀਤੀ ਹੈ, ਅਤੇ ਦਸਮਾਂ ਦਵਾਰ ਭੱਠੀ ਹੇਠਾਂ) ਸਰੀਰ (ਦੀ ਮਨੌਤ ਹੀ*) ਲੱਕੜਾਂ ਬਾਲੀਆਂ ਹਨ ॥੧॥

**ਉਆ ਕਉ ਕਹੀਐ ਸਹਜ ਮਤਵਾਰਾ ॥**
**ਪੀਵਤ ਰਾਮ ਰਸੁ ਗਿਆਨ ਬੀਚਾਰਾ ॥੧॥ ਰਹਾਉ ॥**

SIKHBOOKCLUB.COM

ਉਸਨੂੰ ਸਹਜੇ ਹੀ ਮਸਤੀ ਵਾਲਾ ਆਖੀਦਾ ਹੈ, ਜੋ ਗਿਆਨ ਦੀ ਵੀਚਾਰ (ਦਵਾਰਾ) ਰਾਮ (ਨਾਮ ਰੂਪ) [ਰਸੁ] ਸ਼ਰਾਬ ਪੀਂਦਾ ਹੈ ॥੧॥ ਰਹਾਉ ॥

**ਸਹਜ ਕਲਾਲਨਿ ਜਉ ਮਿਲਿ ਆਈ ॥ ਆਨੰਦਿ ਮਾਤੇ ਅਨਦਿਨੁ ਜਾਈ ॥੨॥**

(ਜਦ ਰਾਮ ਨਾਮ ਦੇ ਸ਼ਰਾਬੀ ਨੂੰ) [ਸਹਜ] ਸ਼ਾਂਤੀ (ਰੂਪ) [ਕਲਾਲਨਿ] ਵੇਸਵਾ ਆ ਮਿਲਦੀ ਹੈ ਤਾਂ ਦਿਨ ਰਾਤ ਅਨੰਦ ਦੀ ਮਸਤੀ (ਵਿਚ ਬੀਤ) ਜਾਂਦੇ ਹਨ ॥੨॥

**ਚੀਨਤ ਚੀਤੁ ਨਿਰੰਜਨ ਲਾਇਆ ॥ ਕਹੁ ਕਬੀਰ ਤੌ ਅਨਭਉ ਪਾਇਆ ॥੩॥੨੭॥**

ਵਾਹਿਗੁਰੂ ਦੀ ਪਛਾਣ (ਕਰਕੇ ਜਦ ਉਸ ਵਿਚ) ਚਿਤ ਲਾਇਆ, ਤਾਂ [ਅਨਭਉ] ਆਪਣੇ ਸਰੂਪ ਦਾ ਗਿਆਨ ਪਾਇਆ ਹੈ, ਕਬੀਰ ਜੀ ਆਖਦੇ ਹਨ ॥੩॥੨੭॥

***ਉਥਾਨਕਾ***—ਕਿਸੇ ਜੋਗੀ ਨੇ ਆ ਕੇ ਕਿਹਾ ਕਿ ਜੋਗ ਸਾਧਨਾ ਕਰਕੇ ਮਨ ਨੂੰ ਮਾਰੋ ਤਦ ਅਫੁਰ ਪਦ ਦੀ ਪ੍ਰਾਪਤੀ ਹੋਵੇਗੀ। ਏਹ ਸੁਣਕੇ ਭਗਤ ਜੀ ਨੇ ਕਿਹਾ—

**ਗਉੜੀ ਕਬੀਰ ਜੀ ॥ ਮਨ ਕਾ ਸੁਭਾਉ ਮਨਹਿ ਬਿਆਪੀ ॥**

ਹੇ ਜੋਗੀ! ਮਨ ਦਾ ਸੁਭਾਵ (ਜੋ ਸੰਕਲਪ ਵਿਕਲਪ ਹੈ, ਏਹ) ਤਾਂ ਮਨ ਵਿਚ (ਹਮੇਸ਼ਾ ਹੀ) ਬਣੇ ਰਹਿੰਦੇ

* *ਸਰੀਰ ਹੈ ਆਪਣਾ ਨਾ ਮੰਨ ਕੇ ਵਾਹਿਗੁਰੂ ਦੇ ਭਾਣੇ ਪਰ ਸ਼ਾਕਰ ਰਹਿਣ ਦਾ ਨਾਮ ਸਰੀਰ ਦੀ ਮਨੌਤ ਲੱਕੜਾਂ ਹੈ।*

ਹਨ, (ਜਦ ਫੁਰਨੇ ਹੀ ਨਾ ਮਿਟੇ ਤਾਂ ਮਨ ਮੋਇਆ ਨਹੀਂ, ਜੇਕਰ ਮੂਲੋਂ ਹੀ ਫੁਰਨੇ ਮਿਟ ਜਾਣ ਤਾਂ ਮਨ ਮਰਦਾ ਹੈ)ਮ

**ਮਨਹਿ ਮਾਰਿ ਕਵਨ ਸਿਧਿ ਥਾਪੀ ॥੧॥**

(ਦੱਸੋ! ਮੂਲੋਂ ਹੀ) ਮਨ ਨੂੰ ਮਾਰ ਕੇ ਕਿਹੜੀ ਸਿੱਧੀ ਮਿਲਦੀ ਹੈ ? (ਕਿਉਂਕਿ ਮਨ ਦੇ ਮੋਇਆਂ ਜਦ ਸਰੀਰ ਹੀ ਨਾ ਰਿਹਾ ਤਾਂ ਸਿੱਧੀ ਕਿਸ ਪਾਉਣੀ ਹੈ, ਸਰੀਰ ਦਾ ਦਾਰੋਮਦਾਰ ਤਾਂ ਸਾਰਾ ਮਨ ਦੀ ਹੋਂਦ ਉਤੇ ਹੈ)॥੧॥

**ਕਵਨੁ ਸੁ ਮੁਨਿ ਜੋ ਮਨੁ ਮਾਰੈ ॥**

ਉਹ ਮੁਨੀ ਕੇਹੜਾ ਹੈ, ਜਿਸ ਨੇ ਮਨ ਨੂੰ ਮਾਰਿਆ ਹੈ ?

**ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥੧॥ ਰਹਾਉ ॥**

(ਭਲਾ ਭਾਈ ਏਹ ਤਾਂ) ਦੱਸ, (ਜੋ) ਮਨ ਨੂੰ ਮਾਰਕੇ ਤਾਰੇਗਾ ਕਿਸ ਨੂੰ ? (ਅਰਥਾਤ ਮਨ ਮੋਇਆ ਤਾਂ ਫੁਰਨੇ ਮਿਟੇ, ਜਦ ਉਪਦੇਸ਼ ਦੇਣ ਦਾ ਫੁਰਨਾ ਹੀ ਨਾ ਹੋਇਆ ਤਾਂ ਤਾਰਨਾ ਕਿਸੇ ਨੂੰ ਕੀ ਹੈ ?)॥੧॥ ਰਹਾਉ ॥ ਦੂਜਾ—

**ਮਨ ਅੰਤਰਿ ਬੋਲੈ ਸਭੁ ਕੋਈ ॥**

ਸਾਰੇ ਮਨ ਵਿਚ ਹੀ ਬੋਲਦੇ ਹਨ, (ਜਦ ਮਨ ਹੀ ਮਰ ਗਿਆ ਤਾਂ ਉਹ ਲੋਕਾਂ ਨੂੰ ਉਪਦੇਸ਼ ਕਿਕੁਰ ਕਰੇਗਾ, ਜਦ ਉਪਦੇਸ਼ ਹੀ ਨਾ ਕਰ ਸਕਿਆ ਤਾਂ ਉਹ ਲੋਕਾਂ ਨੂੰ ਕਿਵੇਂ ਤਾਰੇਗਾ, ਇਹ ਸੁਣਕੇ ਜੋਗੀ ਨੇ ਕਿਹਾ ਕਿ ਸਾਰੇ ਮਹਾਂ ਪੁਰਸ਼ ਮਨ ਨੂੰ ਮਾਰਨ ਦਾ ਹੀ ਉਪਦੇਸ਼ ਦੇਂਦੇ ਹਨ, ਕਈ ਵੇਰੀ ਤੁਸਾਂ ਭੀ ਕਿਹਾ ਹੈ, ਜੋ ਮਨ ਨੂੰ ਮਾਰੋ, ਏਹ ਸੁਣਕੇ ਭਗਤ ਜੀ ਨੇ ਕਿਹਾ)—

SIKHBOOKCLUB.COM

**ਮਨ ਮਾਰੇ ਬਿਨੁ ਭਗਤਿ ਨ ਹੋਈ ॥੨॥**

(ਇਹ ਸੱਚ ਹੈ। ਜੋ) ਮਨ ਨੂੰ ਮਾਰੇ ਤੋਂ ਬਿਨਾਂ ਭਗਤੀ ਨਹੀਂ ਹੁੰਦੀ, (ਪਰ ਇਸਦਾ ਭਾਵ ਇਹ ਨਹੀਂ ਜੋ ਮਨ ਦੀ ਹੋਂਦ ਹੀ ਮਿਟ ਜਾਵੇ, ਸਗੋਂ ਹੋਂਦ ਹੁੰਦਿਆਂ ਹੀ ਮਨ ਨੂੰ ਵਾਹਿਗੁਰੂ ਵਿਚ ਲਗਾ ਦੇਣਾ ਸਾਡਾ ਮਤਲਬ ਹੈ, ਜਦ ਵਾਹਿਗੁਰੂ ਵਿਚ ਮਨ ਲਗ ਗਿਆ ਤਾਂ ਹੋਰ ਸਾਰੇ ਫੁਰਨੇ ਮਿਟ ਕੇ ਇਕ ਭਜਨ ਦਾ ਫੁਰਨਾ ਅੱਠੇ ਪਹਿਰ ਬਣਿਆ ਰਹੇਗਾ) ॥੨॥

**ਕਹੁ ਕਬੀਰ ਜੋ ਜਾਨੈ ਭੇਉ ॥**

ਕਬੀਰ ਜੀ ਆਖਦੇ ਹਨ, ਜੋ (ਕੋਈ ਇਸ) ਭੇਦ ਨੂੰ ਜਾਣਦਾ ਹੈ (ਉਹ ਸਮਝਦਾ ਹੈ, ਕਿ)—

**ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥੩॥੨੮॥**

ਮਨ (ਹੀ) [ਮਧੁਸੂਦਨੁ] ਵਾਹਿਗੁਰੂ ਦਾ (ਭਜਨ ਕਰਕੇ ਉਸ ਵਿਚ ਲੀਨ ਹੋ ਕੇ ਫਿਰ ਆਪ ਹੀ) ਤਿੰਨਾਂ ਲੋਕਾਂ ਦ ਮਾਲਕ (ਹੋ ਜਾਂਦਾ ਹੈ) ॥੩॥੨੮॥

***ਉਥਾਨਕਾ***—ਕਿਸੇ ਨਾਸਤਕ ਨੂੰ ਉਪਦੇਸ਼ ਦੇਂਦੇ ਹਨ—

**ਗਉੜੀ ਕਬੀਰ ਜੀ॥ ਓਇ ਜੁ ਦੀਸਹਿ ਅੰਬਰਿ ਤਾਰੇ॥**

ਹੇ ਭਾਈ! ਔਹ ਜੇਹੜੇ ਅਕਾਸ਼ ਵਿਚ ਤਾਰੇ ਦਿਸਦੇ ਹਨ।

**ਕਿਨਿ ਓਇ ਚੀਤੇ ਚੀਤਨਹਾਰੇ ॥੧॥**

ਉਨ੍ਹਾਂ ਨੂੰ ਕਿਸ ਚਿਤੇਰੇ ਨੇ ਚਿਤ੍ਰਿਆ ਹੈ ? ॥੧॥

**ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ ॥**

ਹੇ ਪੰਡਤ! ਦੱਸ ਇਹ ਅਕਾਸ਼ ਕਿਸ ਨਾਲ ਲੱਗਾ ਹੋਇਆ ਹੈ ?

**ਬੂਝੈ ਬੂਝਨਹਾਰੁ ਸਭਾਗਾ ॥੧॥ ਰਹਾਉ ॥**

(ਇਸ ਭੇਦ ਨੂੰ) ਚੰਗੇ ਭਾਗਾਂ ਵਾਲਾ ਸਿਆਨਾ ਪੁਰਸ਼ ਹੀ ਸਮਝਦਾ ਹੈ ॥੧॥ ਰਹਾਉ ॥

**ਸੂਰਜ ਚੰਦੁ ਕਰਹਿ ਉਜੀਆਰਾ ॥**

ਸੂਰਜ ਤੇ ਚੰਦ (ਜੋ) ਚਾਨਣ ਕਰਦੇ ਹਨ (ਇਨਾਂ ਵਿਚ ਕਿਸਦਾ ਚਾਨਣਾ ਹੈ ? ਕਹਿਣਾ ਪਊ ਰੱਬ ਦਾ, ਕਿਉਂਕਿ)—

**ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥੨॥**

ਸਾਰੇ ਪਸਾਰੇ ਵਿਚ ਵਾਹਿਗੁਰੂ ਸਮਾਇਆ ਹੋਇਆ ਹੈ ॥੨॥

**ਕਹੁ ਕਬੀਰ ਜਾਨੈਗਾ ਸੋਇ ॥ ਹਿਰਦੈ ਰਾਮੁ ਮੁਖਿ ਰਾਮੈ ਹੋਇ ॥੩॥੨੯॥**

ਕਬੀਰ ਜੀ ਆਖਦੇ ਹਨ। (ਇਸ ਭੇਦ ਨੂੰ) ਓਹੀ ਜਾਨਣਗੇ (ਜਿਸਦੇ) ਹਿਰਦੇ ਵਿਚ ਰਾਮ ਦਾ (ਪਿਆਰ ਤੇ) ਮੂੰਹ ਵਿਚ ਰਾਮ (ਦਾ ਜਾਪ) ਹੋਵੇਗਾ ॥੩॥੨੯॥

SIKHBOOKCLUB.COM

**ਗਉੜੀ ਕਬੀਰ ਜੀ ॥ ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥**

ਹੇ ਭਾਈ! ਵੇਦਾਂ ਦੀਆਂ ਲੜਕੀਆਂ ਜੋ ਸਿੰਮ੍ਰਿਤੀਆਂ ਹਨ।

**ਸਾਂਕਲ ਜੇਵਰੀ ਲੈ ਹੈ ਆਈ ॥੧॥**

(ਉਹ ਜਗਤ ਪਰ ਵਰਣ ਆਸ਼ਰਮਾਂ ਦੇ ਧਰਮਾਂ ਰੂਪ) ਸੰਗਲ (ਤੇ ਕਰਮ ਕਰਨ ਦੀਆਂ ਬਿਧੀਆਂ ਰੂਪ) ਜਿਉੜੀਆਂ (ਰੱਸੀਆਂ) ਲੈ ਕੇ ਆਈਆਂ ਹਨ ॥੧॥

**ਆਪਨ ਨਗਰੁ ਆਪ ਤੇ ਬਾਧਿਆ ॥**

(ਪੁਰਸ਼ਾਂ ਨੇ) ਆਪਣੇ [ਨਗਰੁ] ਸਰੀਰ ਨੂੰ ਆਪੇ ਹੀ ਉਨ੍ਹਾਂ ਵਿਚ ਬੰਨ੍ਹਿਆ ਹੈ।

**ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ॥੧॥ ਰਹਾਉ ॥**

ਮੋਹ ਵਿਚ ਫਸੇ (ਹੋਏ ਵੇਖਕੇ ਜੀਵਾਂ ਦੇ ਸਿਰ ਤੇ ਕਾਲ ਨੇ ਭੀ ਤੀਰ ਖਿਚਿਆ ਹੋਇਆ ਹੈ ॥੧॥ ਰਹਾਉ ॥

**ਕਟੀ ਨ ਕਟੈ ਤੂਟਿ ਨਹ ਜਾਈ ॥**

(ਏਹ ਮੋਹ ਦੀ ਫਾਹੀ) ਤੋੜਿਆਂ ਟੁਟਦੀ ਨਹੀਂ, ਅਤੇ ਨਾ ਹੀ ਆਪੇ ਗਲੋਂ ਲਹਿੰਦੀ ਹੈ, (ਸਗੋਂ ਨਿਤ ਦਾ ਨਵਾਂ ਮੋਹ ਫਾਹੀ ਨੂੰ ਤਕੜਿਆਂ ਕਰੀ ਜਾਂਦਾ ਹੈ)।

**ਸਾ ਸਾਪਨਿ ਹੋਇ ਜਗ ਕਉ ਖਾਈ ॥੨॥**

(ਸਗੋਂ) ਓਹ ਸਪਨੀ ਹੋ ਕੇ ਜਗਤ ਨੂੰ ਖਾਈ ਜਾਂਦੀ ਹੈ ॥੨॥

**ਹਮ ਦੇਖਤ ਜਿਨਿ ਸਭੁ ਜਗੁ ਲੂਟਿਆ ॥**

ਸਾਡੇ ਵੇਖਦਿਆਂ ਹੀ ਜਿਸਨੇ ਸਾਰੇ ਜਗਤ ਨੂੰ ਲੁਟ ਲਿਆ ਹੈ ।

**ਕਹੁ ਕਬੀਰ ਮੈ ਰਾਮ ਕਹਿ ਛੂਟਿਆ ॥੩॥੩੦॥**

ਕਬੀਰ ਜੀ ਆਖਦੇ ਹਨ, ਮੈਂ ਰਾਮ (ਦਾ ਨਾਮ) ਜਪਕੇ (ਉਸ ਤੋਂ) ਛੁਟ ਗਿਆ ਹਾਂ ॥੩॥੩੦॥

**ਗਉੜੀ ਕਬੀਰ ਜੀ ॥ ਦੇਇ ਮੁਹਾਰ ਲਗਾਮੁ ਪਹਿਰਾਵਉ ॥**

ਮੋਹ ਨੂੰ ਹਾਰ ਦੇਣੀ [ਮੁਹਾਰ] ਡੋਰਾ ਪਾਕੇ ਲਗਨ ਲਾਉਣ ਰੂਪ* ਲਗਾਮ ਪਾਈ ਹੈ ।

**ਸਗਲ ਤ ਜੀਨੁ ਗਗਨ ਦਉਰਾਵਉ ॥੧॥**

ਸਾਰੇ ਪਦਾਰਥਾਂ ਦਾ [*ਤ ਜੀਨੁ] ਤਿਆਗ ਕਰਨਾ ਹੀ ਜੀਨ (ਕਾਠੀ) ਪਾਕੇ ਦਸਮ ਦਵਾਰ ਵਿਚ ਦੁੜਾਉਂਦਾ ਹਾਂ ॥੧॥

**ਅਪਨੈ ਬੀਚਾਰਿ ਅਸਵਾਰੀ ਕੀਜੈ ॥**

ਆਪਣੇ (ਸਰੂਪ ਦੀ) ਵੀਚਾਰ (ਕਰਨੀ ਹੀ) ਅਸਵਾਰੀ ਕੀਤੀ ਹੈ ।

**ਸਹਜ ਕੈ ਪਾਵੜੈ ਪਗੁ ਧਰਿ ਲੀਜੈ ॥੧॥ ਰਹਾਉ ॥**

ਸ਼ਾਂਤੀ (ਤੇ ਧੀਰਜ) ਦੀਆਂ [ਪਾਵੜੇ] ਰਕਾਬਾਂ (ਵਿਚ ਬੁਧੀ ਤੇ ਚਿੱਤ ਰੂਪ ਪੈਰ ਰਖ ਲਏ ਹਨ ॥੧॥ ਰਹਾਉ ॥

**ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ ॥**

ਹੇ (ਮਨ ਰੂਪ ਘੋੜੇ ! ਸਾਧ ਸੰਗਤ ਰੂਪ) ਬੈਕੁੰਠ ਵਿਚ ਚਲ, (ਉਥੇ ਜਾ ਕੇ ਸੰਸਾਰ ਸਮੁੰਦਰ ਤੋਂ) ਤੈਨੂੰ ਤਾਰ ਲਵਾਂਗਾ ।

**ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ ॥੨॥**

(ਜੇਕਰ ਸਾਧ ਸੰਗਤ ਵਿਚ ਜਾਣ ਵਲੋਂ) ਰੁਕੇਂਗਾ ਤਾਂ (ਤੈਨੂੰ) ਪ੍ਰੇਮ ਦੇ ਚਾਬਕ ਮਾਰਾਂਗਾ ॥੨॥

**ਕਹਤ ਕਬੀਰ ਭਲੇ ਅਸਵਾਰਾ ॥**

ਕਬੀਰ ਜੀ ਆਖਦੇ ਹਨ, (ਅਸੀਂ ਸਭ ਤੋਂ) ਚੰਗੇ ਅਸਵਾਰ ਹਾਂ।

**ਬੇਦ ਕਤੇਬ ਤੇ ਰਹਹਿ ਨਿਰਾਰਾ ॥੩॥੩੧॥**

(ਜੋ) ਵੇਦਾਂ ਕਤੇਬਾਂ (ਦੇ ਉਪਦੇਸ਼) ਤੋਂ ਅਲੱਗ ਰਹਿੰਦੇ ਹਾਂ ॥੩॥੩੧॥

**ਗਉੜੀ ਕਬੀਰ ਜੀ ॥ ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ॥**

---

* *ਇਨ੍ਹਾਂ ਪਦਾਂ ਵਿਚ ਸਲੇਖ ਹੈ, ਬਹੁਤਾ ਵਿਚਾਰ ਵੇਖਣ ਲਈ ਮੇਰਾ ਬਣਾਇਆ ਗੁਰ ਸ਼ਬਦ ਰਤਨਾਕਰ ਕੋਸ਼ ਵੇਖੋ।*

ਜਿਸ ਮੂੰਹ ਨਾਲ ਪੰਜ ਅੰਮ੍ਰਿਤ (ਦੁਧ, ਪਾਣੀ, ਘਿਉ, ਅੰਨ ਆਦਿ) ਖਾਧੇ ਜਾਂਦੇ ਹਨ।

**ਤਿਹ ਮੁਖ ਦੇਖਤ ਲੂਕਟ ਲਾਏ ॥੧॥**

(ਅੱਖੀਂ) ਵੇਖਦਿਆਂ ਹੀ ਉਸ ਮੂੰਹ ਨੂੰ [ਲੂਕਟ] ਲੰਬੂ ਲਾਇਆ ਜਾਂਦਾ ਹੈ ॥੧॥

**ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ ॥**

ਹੇ ਰਾਮ ਰਾਜੇ! ਮੇਰਾ ਇਕ ਦੁਖ ਕੱਟ ਦੇਹੁ।

**ਅਗਨਿ ਦਹੈ ਅਰੁ ਗਰਭ ਬਸੇਰਾ ॥੧॥ ਰਹਾਉ ॥**

ਅੱਗ ਦਾ ਸੜਨਾ ਅਤੇ ਗਰਭ ਦਾ ਵਸਨਾ (ਅਰਥਾਤ) ਜੰਮਣਾ ਮਰਨਾ ਹੀ ਇਕ ਦੁਖ ਹੈ) ॥੧॥ ਰਹਾਉ ॥

**ਕਾਇਆ ਬਿਗੂਤੀ ਬਹੁ ਬਿਧਿ ਭਾਤੀ ॥**

ਦੇਹ ਤਾਂ ਬਹੁਤ ਤਰ੍ਹਾਂ ਕਰਕੇ ਖਵਾਰ ਹੁੰਦੀ ਹੈ।

**ਕੋ ਜਾਰੇ ਕੋ ਗਡਿ ਲੇ ਮਾਟੀ ॥੨॥**

(ਦੇਹ ਨੂੰ) ਕੋਈ ਸਾੜ ਦੇਂਦਾ ਹੈ ਅਤੇ ਕੋਈ ਮਿੱਟੀ ਵਿਚ ਦੱਬ ਦੇਂਦਾ ਹੈ ॥੨॥

**ਕਹੁ ਕਬੀਰ ਹਰਿ ਚਰਣ ਦਿਖਾਵਹੁ ॥**

(ਕਬੀਰ ਜੀ) ਆਖਦੇ ਹਨ, ਹੇ ਹਰੀ! (ਪਹਿਲਾਂ ਮੈਨੂੰ ਆਪਣੇ) ਚਰਨ ਵਿਖਾਓ।

**ਪਾਛੈ ਤੇ ਜਮੁ ਕਿਉ ਨ ਪਠਾਵਹੁ ॥੩॥੩੨॥**

ਫੇਰ (ਭਾਵੇਂ) ਮਗਰੋਂ ਜਮਾਂ ਨੂੰ ਕਿਉਂ ਨਾ ਭੇਜ ਦੇਵੋ, (ਅਰਥਾਤ ਫੇਰ ਭਾਵੇਂ ਜਮ ਆ ਕੇ ਮੈਨੂੰ ਲੈ ਜਾਣ ਕੁਝ ਪ੍ਰਵਾਹ ਨਹੀਂ ॥੩॥੩੨॥

***ਉਥਾਨਕਾ***—ਕਿਸੇ ਵੇਲੇ ਕਬੀਰ ਜੀ ਦੇ ਘਰ ਨੂੰ ਅੱਗ ਲੱਗੀ ਵੇਖ ਕੇ ਲੋਕਾਂ ਨੇ ਬੁਝਾਈ ਤੇ ਭਗਤ ਜੀ ਨੂੰ ਕਿਹਾ ਕਿ ਆਪ ਭੀ ਉੱਦਮ ਕਰੋ ਕਿਤੇ ਹਵਾ ਦੇ ਜੋਰ ਕਰਕੇ ਅੱਗ ਵਧ ਜਾਏਗੀ ਤਾਂ ਫੇਰ ਛੇਤੀ ਬੁਝ ਨਹੀਂ ਸਕੇਗੀ, ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ—

**ਗਉੜੀ ਕਬੀਰ ਜੀ ॥**

**ਆਪੇ ਪਾਵਕੁ ਆਪੇ ਪਵਨਾ ॥ ਜਾਰੈ ਖਸਮੁ ਤ ਰਾਖੈ ਕਵਨਾ ॥੧॥**

(ਹੇ ਭਾਈ! ਵਾਹਿਗੁਰੂ) ਆਪੇ ਹੀ ਅੱਗ ਹੈ, ਆਪੇ ਹੀ ਹਵਾ ਹੈ, ਜੇ ਖਸਮ ਸਾੜੇ, ਤਾਂ ਕੌਣ ਬਚਾਵੇਗਾ? ॥੧॥

**ਰਾਮ ਜਪਤ ਤਨੁ ਜਰਿ ਕੀ ਨ ਜਾਇ ॥**

ਰਾਮ (ਨਾਮ) ਜਪਦਿਆਂ ਮੇਰਾ ਸਰੀਰ ਵੀ ਕਿਉਂ ਨਾ ਸੜ ਜਾਵੇ (ਮੈਨੂੰ ਪ੍ਰਵਾਹ ਨਹੀਂ ਕਿਉਂਕਿ)—

**ਰਾਮ ਨਾਮ ਚਿਤੁ ਰਹਿਆ ਸਮਾਇ ॥੧॥ ਰਹਾਉ ॥**

(ਮੇਰਾ) ਚਿੱਤ ਤਾਂ ਰਾਮ (ਦੇ) ਨਾਮ ਵਿਚ ਲਗਾ ਹੋਇਆ ਹੈ ॥੧॥ ਰਹਾਉ ॥

Sri Satguru Jagjit Singh Ji eLibrary NamdhariElibrary@gmail.com

**ਕਾ ਕੋ ਜਰੈ ਕਾਹਿ ਹੋਇ ਹਾਨਿ ॥**

ਕਿਸ ਦਾ (ਘਰ) ਸੜਦਾ ਹੈ ? ਅਤੇ ਕਿਸ ਦਾ ਨੁਕਸਾਨ ਹੁੰਦਾ ਹੈ ?

**ਨਟ ਵਟ ਖੇਲੈ ਸਾਰਿਗਪਾਨਿ ॥੨॥**

(ਓਹ) ਵਾਹਿਗੁਰੂ ਹੀ ਮਦਾਰੀ ਵਾਂਗੂੰ (ਆਪੇ) ਖੇਡਾਂ ਕਰਦਾ ਹੈ ॥੨॥

**ਕਹੁ ਕਬੀਰ ਅਖਰ ਦੁਇ ਭਾਖਿ ॥**

ਕਬੀਰ ਜੀ ਆਖਦੇ ਹਨ, (ਹੇ ਭਾਈ! ਬੈਠਕੇ) ਦੋ ਅੱਖਰ (ਰਾ+ਮ) ਜਪਦਾ ਰਹੋ।

**ਹੋਇਗਾ ਖਸਮੁ ਤ ਲੇਇਗਾ ਰਾਖਿ ॥੩॥੩੩॥**

(ਜੇਕਰ ਕੋਈ ਸਾਡਾ) ਮਾਲਕ ਹੋਵੇਗਾ ਤਾਂ (ਆਪੇ ਹੀ) ਬਚਾ ਲਏਗਾ ॥੩॥੩੩॥

**ਗਉੜੀ ਕਬੀਰ ਜੀ ਦੁਪਦੇ੍ ॥ ਨਾ ਮੈ ਜੋਗ ਧਿਆਨ ਚਿਤੁ ਲਾਇਆ ॥**

ਜੋਗ (ਦੇ ਸਾਧਨ) ਧਿਆਨ (ਆਦਿਕਾਂ ਵਿਚ) ਮੈਂ ਚਿੱਤ ਨੂੰ ਨਹੀਂ ਲਾਇਆ।

**ਬਿਨੁ ਬੈਰਾਗ ਨ ਛੂਟਸਿ ਮਾਇਆ ॥੧॥**

(ਜਿਸ) ਵੈਰਾਗ ਤੋਂ ਬਿਨਾਂ ਮਾਇਆ ਨਹੀਂ ਛੁਟਦੀ (ਉਹ ਵੈਰਾਗ ਕੀ ਮੇਰੇ ਵਿਚ ਨਹੀਂ ਹੈ) ॥੧॥

**ਕੈਸੇ ਜੀਵਨੁ ਹੋਇ ਹਮਾਰਾ ॥**

SIKHBOOKCLUB.COM

ਮੇਰਾ ਜੀਉਣਾ ਕਿਵੇਂ ਹੋਵੇਗਾ ?

**ਜਬ ਨ ਹੋਇ ਰਾਮ ਨਾਮ ਅਧਾਰਾ ॥੧॥ ਰਹਾਉ ॥**

ਜਿੰਨਾ ਚਿਰ ਰਾਮ ਦੇ ਨਾਮ ਦਾ ਆਸਰਾ ਨਹੀਂ ਮਿਲਦਾ (ਉਨਾ ਚਿਰ ਜੀਵਨਾ ਮੁਸ਼ਕਲ ਹੈ) ॥੧॥ ਰਹਾਉ ॥

**ਕਹੁ ਕਬੀਰ ਖੋਜਉ ਅਸਮਾਨ ॥**

ਕਬੀਰ ਜੀ ਆਖਦੇ ਹਨ (ਹੇ ਭਾਈ! ਤੁਸੀਂ) ਅਕਾਸ਼ (ਤੋਂ ਲੈ ਕੇ ਸਾਰਾ ਦੇਸ਼) ਢੂੰਡ ਵੇਖੋ।

**ਰਾਮ ਸਮਾਨ ਨ ਦੇਖਉ ਆਨ ॥੨॥੩੪॥**

ਰਾਮ ਵਰਗਾ (ਹੋਰ ਕੋਈ ਦੇਵਤਾ ਨਹੀਂ ਵੇਖੋਗੇ ॥੨॥੩੪॥

**ਉਥਾਨਕਾ**—ਕਿਸੇ ਪੁਰਸ਼ ਦੀ ਖੋਪਰੀ ਨੂੰ ਕਾਂ ਠੂੰਗੇ ਮਾਰਦੇ ਵੇਖਕੇ ਭਗਤ ਜੀ ਵੈਰਾਗ ਜਨਕ ਉਪਦੇਸ਼ ਕਰਦੇ ਹਨ—

**ਗਉੜੀ ਕਬੀਰ ਜੀ ॥ ਜਿਹ ਸਿਰਿ ਰਚਿ ਰਚਿ ਬਾਧਤ ਪਾਗ ॥**

ਜਿਸ ਸਿਰ ਉਤੇ ਸੁਆਰ-ਸੁਆਰ ਪੱਗ ਬੰਨ੍ਹਦਾ ਸੀ।

**ਸੋ ਸਿਰੁ ਚੁੰਚ ਸਵਾਰਹਿ ਕਾਗ ॥੧॥**

(ਅੱਜ) ਉਸ ਸਿਰ ਨੂੰ ਕਾਂ ਚੁੰਜਾਂ ਨਾਲ ਸਵਾਰਦੇ (ਖੋਤਰ ਖੋਤਰ ਕੇ ਖਾਂਦੇ) ਹਨ ॥੧॥

**ਇਸੁ ਤਨ ਧਨ ਕੋ ਕਿਆ ਗਰਬਈਆ ॥**

ਹੇ ਭਾਈ! ਇਸ ਦੇਹ ਤੇ ਦੌਲਤ ਦਾ ਕੀ ਹੰਕਾਰ ਕਰਦਾ ਹੈਂ ?

**ਰਾਮ ਨਾਮੁ ਕਾਹੇ ਨ ਦ੍ਰਿੜੀਆ ॥੧॥ ਰਹਾਉ ॥**

ਰਾਮ ਦਾ ਨਾਮ ਕਿਉਂ ਨਹੀਂ ਜਪਦਾ ? ॥੧॥ ਰਹਾਉ ॥

**ਕਹਤ ਕਬੀਰ ਸੁਨਹੁ ਮਨ ਮੇਰੇ ॥**

ਕਬੀਰ ਜੀ ਆਖਦੇ ਹਨ, ਮੇਰੇ ਮਨ! ਸੁਣ।

**ਇਹੀ ਹਵਾਲ ਹੋਹਿਗੇ ਤੇਰੇ ॥੨॥੩੫॥ ਗਉੜੀ ਗੁਆਰੇਰੀ ਕੇ ਪਦੇ ਪੈਤੀਸ ॥**

ਤੇਰਾ ਭੀ ਏਹੋ ਹਾਲ ਹੋਵੇਗਾ ॥੨॥੩੫॥ ਗਉੜੀ ਰਾਗ ਦੇ ਪੈਂਤੀ ਸ਼ਬਦ ਪੂਰੇ ਹੋ ਗਏ ਹਨ।

## ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

*ੴ ਸਤਿਗੁਰ ਪ੍ਰਸਾਦਿ ॥*

**ਸੁਖੁ ਮਾਂਗਤ ਦੁਖੁ ਆਗੈ ਆਵੈ ॥**

(ਵਿਸ਼ੇ) ਸੁਖ ਮੰਗਿਆਂ ਦੁਖ ਅੱਗੇ ਹੋ ਕੇ ਆਉਂਦਾ ਹੈ।

**ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥**

(ਇਸ ਲਈ) ਉਹ ਸੁਖ ਸਾਨੂੰ ਮੰਗਣਾ ਹੀ ਚੰਗਾ ਨਹੀਂ ਲੱਗਦਾ ॥੧॥

**ਬਿਖਿਆ ਅਜਹੁ ਸੁਰਤਿ ਸੁਖ ਆਸਾ ॥**

ਅਜੇ ਤਕ ਸੁਰਤ ਵਿਸ਼ਿਆਂ ਵਿਚ ਹੈ ਅਤੇ ਸੁਖ ਦੀ ਆਸ਼ਾ (ਕਰਦਾ ਹੈ)।

**ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥**

(ਸੁਖ ਦਾ ਘਰ ਜੋ) ਰਾਜਾ ਰਾਮ (ਹੈ, ਉਸ ਵਿਚ) ਕਿਵੇਂ ਵਾਸਾ ਹੋਵੇਗਾ ? ॥੧॥ ਰਹਾਉ ॥

**ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥**

ਇਸ (ਵਿਸ਼ੇ) ਸੁਖ ਤੋਂ ਤਾਂ ਸ਼ਿਵ ਜੀ ਤੇ ਬ੍ਰਹਮਾ (ਆਦਿਕ ਸਾਰੇ) ਡਰਦੇ ਹਨ।

**ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥**

ਉਸ ਸੁਖ ਨੂੰ ਅਸਾਂ ਸਭਨਾਂ ਨੇ ਸੱਚਾ ਕਰਕੇ ਜਾਣਿਆ ਹੈ ॥੨॥

**ਸਨਕਾਦਿਕ ਨਾਰਦ ਮੁਨਿ ਸੇਖਾ ॥**

ਸਨਕ, ਸਨੰਦਨ, ਸਨਾਤਨ, ਸੰਤ ਕੁਮਾਰ (ਵਰਗੇ ਬਾਲ ਜਤੀ ਤੇ) ਨਾਰਦ (ਵਰਗੇ) ਮੁਨੀ, (ਅਤੇ) ਸ਼ੇਸ਼ਨਾਗ (ਵਰਗੇ ਸਿਮਰਨ ਕਰਨ ਵਾਲੇ ਜੋ ਹੋਏ ਹਨ)।

**ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥**

ਉਨ੍ਹਾਂ ਨੇ ਭੀ ਸਰੀਰ ਵਿਚ [ਤਨੁ] ਆਤਮਾ ਨੂੰ ਨਹੀਂ ਵੇਖਿਆ ॥੩॥

**ਇਸੁ ਮਨ ਕਉ ਕੋਈ ਖੋਜਹੁ ਭਾਈ ॥**

ਹੇ ਭਾਈ! ਕੋਈ ਜਣਾ ਇਸ ਆਤਮਾ ਨੂੰ ਢੂੰਢੋ।

**ਤਨ ਛੂਟੇ ਮਨੁ ਕਹਾ ਸਮਾਈ ॥੪॥**

(ਕਿ ਇਸ) ਸਰੀਰ ਨੂੰ ਛਡ ਕੇ, ਆਤਮਾ (ਫੇਰ) ਕਿਥੇ ਜਾ ਕੇ ਸਮਾਂਦਾ ਹੈ ? ॥੪॥

**ਗੁਰ ਪਰਸਾਦੀ ਜੈਦੇਉ ਨਾਮਾਂ ॥**

ਗੁਰਾਂ ਦੀ ਕ੍ਰਿਪਾ ਨਾਲ ਜੈ ਦੇਵ ਤੇ ਨਾਮਦੇਵ ਜੀ ਨੇ—

**ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥**

ਪ੍ਰੇਮ ਨਾਲ ਭਗਤੀ (ਵਾ ਪ੍ਰੇਮ ਅਤੇ ਭਗਤੀ) ਕਰਕੇ ਇਨ੍ਹਾਂ ਨੇ ਹੀ ਜਾਣਿਆਂ ਹੈ ॥੫॥ (ਕਿ)—

**ਇਸੁ ਮਨ ਕਉ ਨਹੀ ਆਵਨ ਜਾਨਾ ॥**

ਇਸ ਮਨ ਨੂੰ ਆਉਣਾ ਜਾਣਾ ਨਹੀਂ (ਮਿਲਦਾ)।

**ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥**

ਜਿਸ ਦਾ ਭਰਮ (ਮਿਟ) ਗਿਆ ਹੈ, ਉਸਨੇ ਸੱਚ (ਸਰੂਪ) ਨੂੰ ਪਛਾਣ ਲਿਆ ਹੈ ॥੬॥

**ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥**

(ਸੱਚ ਨੂੰ ਪਛਾਣਕੇ) ਇਸ ਮਨ ਦਾ ਕੋਈ ਰੂਪ ਰੇਖ ਨਹੀਂ ਰਹਿੰਦਾ, (ਕਿਉਂਕਿ)—

**ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥**

(ਜਿਸ) [ਹੁਕਮੇ] ਵਾਹਿਗੁਰੂ ਤੋਂ ਪੈਦਾ ਹੋਇਆ ਹੈ (ਉਸਦੇ) ਹੁਕਮ ਨੂੰ ਮੰਨਕੇ (ਉਸੇ ਵਿਚ) ਸਮਾਈ (ਕਰ ਲੈਂਦਾ ਹੈ) ॥੭॥

**ਇਸ ਮਨ ਕਾ ਕੋਈ ਜਾਨੈ ਭੇਉ ॥**

(ਜੇਹੜਾ) ਕੋਈ ਇਸ ਮਨ ਦਾ ਭੇਦ ਜਾਣਦਾ ਹੈ, (ਉਹ ਸਮਝਦਾ ਹੈ, ਕਿ)—

**ਇਹ ਮਨਿ ਲੀਣ ਭਏ ਸੁਖਦੇਉ ॥੮॥**

(ਸਰੀਰ ਨੂੰ ਛੱਡਕੇ) ਇਹ ਆਤਮਾ ਸੁਖ ਦੇਣ ਵਾਲੇ ਵਾਹਿਗੁਰੂ ਵਿੱਚ ਮਿਲ ਜਾਂਦਾ ਹੈ ॥੮॥

**ਜੀਉ ਏਕੁ ਅਰੁ ਸਗਲ ਸਰੀਰਾ ॥**

ਸਾਰੇ ਸਰੀਰਾਂ ਵਿਚ ਜੋ ਇਕੋ ਆਤਮਾ ਹੈ।

**ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥**

(ਮੈਂ) ਕਬੀਰ ਇਸੇ 'ਮਨ' ਕਹਿਕੇ ਵਿਚਾਰ ਕਰ ਰਿਹਾ ਹਾਂ ॥੯॥੧॥੩੬॥

**ਗਉੜੀ ਗੁਆਰੇਰੀ ॥ ਅਹਿਨਿਸਿ ਏਕ ਨਾਮ ਜੋ ਜਾਗੇ ॥**

**ਕੇਤਕ ਸਿਧ ਭਏ ਲਿਵ ਲਾਗੇ ॥੧॥ ਰਹਾਉ ॥**

ਦਿਨ ਰਾਤ ਜੋ ਇਕ ਨਾਮ (ਜਪਣ ਵਿਚ) ਜਾਗਦੇ ਹਨ, (ਉਹ ਨਾਮ ਨਾਲ) ਪ੍ਰੀਤ ਲਾਉਣ ਵਾਲੇ ਕਿੰਨੇ ਹੀ ਸਿਧ ਹੋਏ ਹਨ ॥੧॥ ਰਹਾਉ ॥

**ਸਾਧਕ ਸਿਧ ਸਗਲ ਮੁਨਿ ਹਾਰੇ ॥**

ਸਿਧੀਆਂ ਦੀਆਂ ਇੱਛਾ ਵਾਲੇ ਜਗਯਾਸੂ, ਸਿਧੀਆਂ ਵਾਲੇ ਸਿਧ ਅਤੇ ਸਾਰੇ ਮੁਨੀ ਅਨੇਕਾਂ (ਕਰਮ ਕਰਕੇ) ਹਾਰ ਗਏ ਹਨ ।

**ਏਕ ਨਾਮ ਕਲਿਪ ਤਰ ਤਾਰੇ ॥੧॥**

ਇਕ ਨਾਮ (ਰੂਪ) ਕਲਪ ਬਿਰਛ (ਹੀ ਸੰਸਾਰ ਸਮੁੰਦਰ ਤੋਂ) ਤਾਰਦਾ ਹੈ ॥੧॥

**ਜੋ ਹਰਿ ਹਰੇ ਸੁ ਹੋਹਿ ਨ ਆਨਾ ॥**

ਜੋ ਹਰਿ (ਨਾਮ ਜਪਕੇ) ਹਰੀ (ਨੂੰ ਮਿਲੇ ਹਨ) ਉਹ (ਫੇਰ) ਵਖ ਨਹੀਂ ਹੁੰਦੇ।

**ਕਹਿ ਕਬੀਰ ਰਾਮ ਨਾਮ ਪਛਾਨਾ ॥੨॥੩੭॥**

ਕਬੀਰ ਜੀ ਆਖਦੇ ਹਨ, (ਮੈਂ ਤਾਂ ਮੁਕਤੀ ਦਾ ਸਾਧਨ) ਰਾਮ (ਦਾ) ਨਾਮ (ਹੀ) ਪਛਾਣਿਆ ਹੈ ॥੨॥੩੭॥

**ਗਉੜੀ ਭੀ ਸੋਰਠਿ ਭੀ ॥ ਰੇ ਜੀਅ ਨਿਲਜ ਲਾਜ ਤੁੋਹਿ ਨਾਹੀ ॥**

ਹੇ ਬੇਸ਼ਰਮ ਜੀਵ! ਤੈਨੂੰ ਸ਼ਰਮ ਨਹੀਂ (ਆਉਂਦੀ)?

**ਹਰਿ ਤਜਿ ਕਤ ਕਾਹੂ ਕੇ ਜਾਂਹੀ ॥੧॥ ਰਹਾਉ ॥**

ਹਰੀ ਨੂੰ ਛਡ ਕੇ (ਹੋਰ) ਕਿਸੇ ਦੇ (ਬੂਹੇ) ਕਿਉਂ ਜਾਂਦਾ ਹੈਂ? ॥੧॥ ਰਹਾਉ ॥

**ਜਾ ਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥੧॥**

ਜਿਸ ਦਾ ਮਾਲਕ ਵੱਡਾ ਹੋਵੇ, ਉਹ ਪੁਰਸ਼ ਪਰਾਏ ਘਰ (ਮੰਗਣ) ਗਿਆ ਨਹੀਂ ਸੋਭਦਾ ॥੧॥

**ਸੋ ਸਾਹਿਬੁ ਰਹਿਆ ਭਰਪੂਰਿ ॥**

ਉਹ ਮਾਲਕ (ਸਭ ਜਗ ਵਿਚ) ਭਰਪੂਰ ਹੋ ਰਿਹਾ ਹੈ।

**ਸਦਾ ਸੰਗਿ ਨਾਹੀ ਹਰਿ ਦੂਰਿ ॥੨॥**

ਹਰੀ ਸਦਾ ਹੀ ਨਾਲ ਹੈ, ਦੂਰ ਨਹੀਂ ਹੈ ॥੨॥

**ਕਵਲਾ ਚਰਨ ਸਰਨ ਹੈ ਜਾ ਕੇ ॥**

ਜਿਸ ਦੇ ਚਰਨਾਂ ਦੀ ਸ਼ਰਨ ਵਿਚ [ਕਵਲਾ] ਮਾਇਆ (ਰਹਿੰਦੀ) ਹੈ।

**ਕਹੁ ਜਨ ਕਾ ਨਾਹੀ ਘਰ ਤਾ ਕੇ ॥੩॥**

ਹੇ ਭਾਈ! ਦੱਸ ਖਾਂ, ਉਸ ਦੇ ਘਰ ਕੇਹੜੀ ਚੀਜ਼ ਨਹੀਂ ਹੈ ? ॥੩॥

**ਸਭੁ ਕੋਊ ਕਹੈ ਜਾਸੁ ਕੀ ਬਾਤਾ ॥**

ਸਾਰਾ ਜਗਤ ਜਿਸ ਦੀਆਂ ਗੱਲਾਂ ਕਰਦਾ ਹੈ।

**ਸੋ ਸੰਮ੍ਰਥੁ ਨਿਜ ਪਤਿ ਹੈ ਦਾਤਾ ॥੪॥**

ਓਹੀ ਦੇਣ ਨੂੰ ਸਮਰਥ ਹੈ, ਅਤੇ ਆਪ ਹੀ ਮਾਲਕ ਹੈ ॥੪॥

**ਕਹੈ ਕਬੀਰੁ ਪੂਰਨ ਜਗ ਸੋਈ ॥**

ਕਬੀਰ ਜੀ ਆਖਦੇ ਹਨ, ਓਹੀ ਜਗਤ ਵਿਚ ਪੂਰਨ ਪੁਰਖ ਹੈ ।

**ਜਾ ਕੇ ਹਿਰਦੈ ਅਵਰੁ ਨ ਹੋਈ ॥੫॥੩੮॥**

ਜਿਸ ਦੇ ਹਿਰਦੇ (ਵਿਚ ਵਾਹਿਗੁਰੂ ਤੋਂ ਬਿਨਾਂ) ਹੋਰ (ਕੋਈ) ਨਹੀਂ ਵੱਸਦਾ ॥੫॥੩੮॥

**ਕਉਨੁ ਕੋ ਪੂਤੁ ਪਿਤਾ ਕੋ ਕਾ ਕੋ ॥ ਕਉਨੁ ਮਰੈ ਕੋ ਦੇਇ ਸੰਤਾਪੋ ॥੧॥**

ਕਿਸ ਦਾ ਪੁਤ੍ਰ ਹੈ ਅਤੇ ਕਿਸ ਦਾ ਪਿਉ ਹੈ ? ਕੌਣ ਮਰਦਾ ਹੈ ? ਅਤੇ ਕੌਣ ਦੁਖ ਦੇਂਦਾ ਹੈ ? ॥੧॥

**ਹਰਿ ਠਗ ਜਗ ਕਉ ਠਗਉਰੀ ਲਾਈ ॥**

ਹਰੀ ਠੱਗ ਨੇ ਜਗਤ ਨੂੰ (ਮੋਹ ਦੀ) ਠੱਗੀ ਲਾ ਛੱਡੀ ਹੈ ।

**ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ ॥੧॥ ਰਹਾਉ ॥**

ਹੇ ਮੇਰੀ ਮਾਂ! (ਮੈਂ) ਹਰੀ ਤੋਂ ਵਿਛੜ ਕੇ ਕਿਵੇਂ ਜੀਵਾਂਗਾ ? ॥੧॥ ਰਹਾਉ ॥

**ਕਉਨ ਕੋ ਪੁਰਖੁ ਕਉਨ ਕੀ ਨਾਰੀ ॥**

ਕੌਣ ਕਿਸੇ ਦਾ ਮਾਲਕ ਹੈ ? ਅਤੇ ਕੌਣ ਕਿਸੇ ਦੀ ਔਰਤ ਹੈ ?

**ਇਆ ਤਤ ਲੇਹੁ ਸਰੀਰ ਬਿਚਾਰੀ ॥੨॥**

ਇਹੋ ਸਿਧਾਂਤ ਸਰੀਰ ਤੇ ਵੀਚਾਰ ਲਵੋ, (ਅਰਥਾਤ ਸਰੀਰ ਭੀ ਕਿਸ ਦਾ ਹੈ ?) ॥੨॥

**ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥**

ਕਬੀਰ ਜੀ ਆਖਦੇ ਹਨ, ਠੱਗ ਨਾਲ ਮਨ ਲੱਗ ਗਿਆ ਹੈ।

**ਗਈ ਠਗਉਰੀ ਠਗੁ ਪਹਿਚਾਨਿਆ ॥੩॥੩੯॥**

(ਇਸ ਲਈ ਮਾਯਾ) ਠੱਗੀ (ਦੂਰ ਹੋ) ਗਈ (ਹੈ, ਅਤੇ ਹਰੀ) ਠੱਗ ਨੂੰ ਪਛਾਨ ਲਿਆ ਹੈ ॥੩॥੩੯॥

**ਅਬ ਮੋ ਕਉ ਭਏ ਰਾਜਾ ਰਾਮ ਸਹਾਈ ॥**

ਹੁਣ ਮੈਨੂੰ [ਰਾਜਾ] ਪ੍ਰਕਾਸ਼ ਰੂਪ ਰਾਮ ਜੀ ਸਹਾਈ ਹੋਏ ਹਨ।

**ਜਨਮ ਮਰਨ ਕਟਿ ਪਰਮ ਗਤਿ ਪਾਈ ॥੧॥ ਰਹਾਉ ॥**

(ਇਸ ਲਈ) ਜਨਮ ਮਰਨ (ਦੀ ਫਾਹੀ) ਕਟਕੇ ਮੁਕਤੀ ਪਾ ਲਈ ਹੈ ॥੧॥ ਰਹਾਉ ॥

**ਸਾਧੂ ਸੰਗਤਿ ਦੀਓ ਰਲਾਇ॥ ਪੰਚ ਦੂਤ ਤੇ ਲੀਓ ਛਡਾਇ ॥**

ਸੰਤਾਂ ਦੀ ਸੰਗਤ ਨਾਲ ਮੇਲ ਦਿੱਤਾ ਹੈ, ਅਤੇ (ਕਾਮਾਦਿਕ) ਪੰਜਾਂ ਦੂਤਾਂ ਤੋਂ ਛੁਡਾ ਲਿਆ ਹੈ।

**ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥**

ਅਮਰ ਕਰਨ ਵਾਲੇ ਨਾਮ ਜਾਪ ਨੂੰ ਜੀਭ ਨਾਲ ਜਪਦਾ ਹਾਂ।

**ਅਮੋਲ ਦਾਸੁ ਕਰਿ ਲੀਨੋ ਅਪਨਾ ॥੧॥**

ਦੰਮਾਂ ਤੋਂ ਬਿਨਾਂ (ਹੀ ਮੈਨੂੰ) ਆਪਣਾ ਦਾਸ (ਹਰੀ ਨੇ) ਕਰ ਲਿਆ ਹੈ ॥੧॥

**ਸਤਿਗੁਰ ਕੀਨੋ ਪਰਉਪਕਾਰੁ ॥ ਕਾਢਿ ਲੀਨ ਸਾਗਰ ਸੰਸਾਰ ॥**

ਸਤਿਗੁਰਾਂ ਨੇ ਪਰਉਪਕਾਰ ਕਰਕੇ (ਮੈਨੂੰ) ਸੰਸਾਰ ਸਮੁੰਦਰ ਵਿਚੋਂ ਕਢ ਲਿਆ ਹੈ।

**ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਗੋਬਿੰਦੁ ਬਸੈ ਨਿਤਾ ਨਿਤ ਚੀਤ ॥੨॥**

ਕੋਮਲ (ਵਰਗੇ) ਚਰਨਾਂ ਨਾਲ ਪ੍ਰੀਤ ਲਗੀ ਹੈ, ਗੋਬਿੰਦ ਸਦਾ ਹੀ ਦਿਲ ਵਿਚ ਵਸਦਾ ਹੈ ॥੨॥

**ਮਾਇਆ ਤਪਤਿ ਬੁਝਿਆ ਅੰਗਿਆਰੁ ॥**

ਮਾਇਆ ਦੀ ਬਲਦੀ ਹੋਈ ਅੰਗਿਆਰੀ (ਤ੍ਰਿਸ਼ਨਾ) ਬੁਝ ਗਈ ਹੈ।

**ਮਨਿ ਸੰਤੋਖੁ ਨਾਮੁ ਆਧਾਰੁ ॥**

ਨਾਮ ਦੇ ਆਸਰੇ (ਹੋਣ ਕਰਕੇ) ਮਨ ਨੂੰ ਸੰਤੋਖ (ਆ ਗਿਆ ਹੈ)।

**ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥**

(ਓਹ) ਸੁਆਮੀ ਪ੍ਰਭੂ ਜਲਾਂ ਥਲਾਂ ਵਿਚ ਪੂਰਨ ਹੋ ਰਿਹਾ ਹੈ।

**ਜਤ ਪੇਖਉ ਤਤ ਅੰਤਰਜਾਮੀ ॥੩॥**

ਜਿਧਰ ਵੇਖਦਾ ਹਾਂ, ਓਸੇ ਪਾਸੇ ਅੰਤਰਜਾਮੀ (ਵਾਹਿਗੁਰੂ ਹੀ ਦਿਸ ਰਿਹਾ ਹੈ) ॥੩॥

**ਅਪਨੀ ਭਗਤਿ ਆਪ ਹੀ ਦ੍ਰਿੜਾਈ ॥**

(ਉਸ ਨੇ) ਆਪਣੀ ਭਗਤੀ ਆਪੇ ਹੀ ਦਿਤੀ ਹੈ।

**ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥**

ਹੇ ਮੇਰੇ ਭਾਈ! ਪਿਛਲਾ ਲਿਖਿਆ ਹੀ ਮਿਲਿਆ ਹੈ।

**ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥**

ਜਿਸ ਉਤੇ ਕਿਰਪਾ ਕਰਦਾ ਹੈ; ਉਸ ਦੇ ਕੰਮ ਪੂਰੇ ਹੁੰਦੇ ਹਨ।

**ਕਬੀਰ ਕੋ ਸੁਆਮੀ ਗਰੀਬ ਨਿਵਾਜ ॥੪॥੪੦॥**

Sri Satguru Jagjit Singh Ji eLibrary NamdhariElibrary@gmail.com

(ਮੈਂ) ਕਬੀਰ ਦਾ ਸੁਆਮੀ (ਤਾਂ) ਗਰੀਬਾਂ ਨੂੰ ਵਡਿਆਉਣ ਵਾਲਾ ਹੈ ॥੪॥੪੦॥

**ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ ॥**

(ਜੇਕਰ) ਪੈਦਾਇਸ਼ ਤੋਂ ਹੀ ਸੂਤਕ ਹੁੰਦਾ ਹੈ, ਤਾਂ ਪਾਣੀ (ਵਿਚ ਭੀ) ਸੂਤਕ ਹੈ, ਅਤੇ ਜ਼ਮੀਨ (ਪਰ ਭੀ) ਸੂਤਕ ਹੈ।

**ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ ॥੧॥**

(ਮੁੰਡਾ) ਜੰਮਿਆਂ (ਤਾਂ ਭੀ) ਸੂਤਕ (ਬੰਦਾ) ਮੋਇਆ ਤਾ ਫੇਰ ਸੂਤਕ (ਇਸ) ਸੂਤਕ ਨੇ ਦੁਨੀਆਂ ਨੂੰ ਖਵਾਰ ਕੀਤਾ ਹੈ।

**ਕਹੁ ਰੇ ਪੰਡੀਆ ਕਉਨ ਪਵੀਤਾ ॥**

ਹੇ ਪੰਡਿਤ! ਦੱਸ, ਕਿਹੜੀ ਥਾਂ ਪਵਿਤ੍ਰ ਹੈ।

**ਐਸਾ ਗਿਆਨੁ ਜਪਹੁ ਮੇਰੇ ਮੀਤਾ ॥੧॥ ਰਹਾਉ ॥**

ਹੇ ਮੇਰੇ ਮਿੱਤ੍ਰ! (ਜੇਕਰ ਤੂੰ) ਅਜਿਹਾ ਹੀ ਗਿਆਨ ਕਰੇਂ ਤਾਂ—

**ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ ॥**

ਅੱਖਾਂ (ਵਿਚ ਵੀ) ਸੂਤਕ ਹੈ, ਗੱਲਾਂ (ਤੋਂ ਵੀ) ਸੂਤਕ ਹੁੰਦਾ ਹੈ ਅਤੇ ਕੰਨਾਂ (ਵਿਚ ਵੀ) ਸੂਤਕ ਹੈ।

**ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ ॥੨॥**

ਉਠਦਿਆਂ ਬੈਠਦਿਆਂ ਹੀ ਸੂਤਕ ਲਗਦਾ ਹੈ ਤੇ ਰਸੋਈ ਖਾਨੇ ਵਿਚ ਵੀ ਸੂਤਕ ਪੈਦਾ ਹੁੰਦਾ ਹੈ॥੨॥

**ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥**

ਇਸ ਤਰ੍ਹਾਂ ਦੇ ਭਰਮਾਂ ਵਿਚ ਫਸਣ ਦੀ ਵਿਧੀ ਤਾਂ ਸਾਰੇ ਜਾਣਦੇ ਹਨ, ਪਰ ਛੁਟਕਾਰੇ ਦੀ (ਜੁਗਤੀ) ਕੋਈ ਵਿਰਲਾ (ਹੀ ਜਾਣਦਾ ਹੈ)।

**ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥੩॥੪੧॥**

ਕਬੀਰ ਜੀ ਆਖਦੇ ਹਨ, ਜੋ ਹਿਰਦੇ ਵਿਚ ਰਾਮ ਦੀ ਵਿਚਾਰ ਕਰਦਾ ਹੈ, ਉਸ ਨੂੰ ਸੂਤਕ ਨਹੀਂ ਲਗਦਾ॥੩॥੪੧॥

**ਗਉੜੀ ॥ ਝਗਰਾ ਏਕੁ ਨਿਬੇਰਹੁ ਰਾਮ ॥**

(ਹੇ ਗੁਰੂ) ਰਾਮਾ ਨੰਦ ਜੀ! (ਮੇਰਾ) ਝਗੜਾ ਮੁਕਾ ਦੇਵੋ।

**ਜਉ ਤੁਮ ਅਪਨੇ ਜਨ ਸੌ ਕਾਮੁ ॥੧॥ ਰਹਾਉ ॥**

(ਕਿਉਂ) ਜੋ ਤੁਹਾਨੂੰ ਆਪਣੇ ਦਾਸ ਨਾਲ ਕੰਮ ਹੈ, (ਜੇ ਦਾਸ ਝਗੜਿਆਂ ਵਿਚ ਫਸਿਆ ਰਿਹਾ, ਤਾਂ ਦਾਸ ਤੋਂ ਤੁਹਾਡਾ ਕੰਮ ਨਹੀਂ ਹੋ ਸਕੇਗਾ)॥੧॥ ਰਹਾਉ॥

**ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ ॥**

ਕੀ ਇਹ ਮਨ ਵੱਡਾ ਹੈ ? (ਨਹੀਂ) ਜਿਸ ਨਾਲ ਮਨ ਲੱਗਾ ਹੈ (ਉਹ ਵੱਡਾ ਹੈ)।

**ਰਾਮੁ ਬਡਾ ਕੈ ਰਾਮਹਿ ਜਾਨਿਆ ॥੧॥**

ਕੀ ਰਾਮ ਵੱਡਾ ਹੈ ? (ਨਹੀਂ ਜਿਸ ਨੇ) ਰਾਮ ਨੂੰ ਜਾਣਿਆ (ਹੈ, ਉਹ ਵੱਡਾ ਹੈ)॥੧॥

**ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥**

ਕੀ ਬ੍ਰਹਮਾ ਵੱਡਾ ਹੈ ? (ਨਹੀਂ, ਬ੍ਰਹਮਾ ਨੂੰ) ਜਿਸ ਨੇ ਪੈਦਾ ਕੀਤਾ ਹੈ (ਉਹ ਵੱਡਾ ਹੈ)।

**ਬੇਦੁ ਬਡਾ ਕਿ ਜਹਾਂ ਤੇ ਆਇਆ ॥੨॥**

ਕੀ ਵੇਦ ਵੱਡਾ ਹੈ ? (ਨਹੀਂ) ਜਿਥੋਂ ਆਇਆ ਹੈ, (ਉਹ ਥਾਂ ਵੱਡੀ ਹੈ)॥੨॥

**ਕਹਿ ਕਬੀਰ ਹਉ ਭਇਆ ਉਦਾਸੁ ॥**

ਕਬੀਰ ਜੀ ਆਖਦੇ ਹਨ, ਮੈਂ (ਇਨ੍ਹਾਂ ਸੰਸਿਆਂ ਵਿਚ ਫਸ ਕੇ) ਉਦਾਸ ਹੋ ਗਿਆ ਸੀ, (ਸੋ ਕ੍ਰਿਪਾ ਕਰ ਕੇ ਆਪ ਨੇ ਮੇਰੇ ਸਭ ਸੰਸੇ ਦੂਰ ਕਰ ਦਿੱਤੇ ਹਨ, ਇਕ ਇਹ ਦੱਸੋ)—

**ਤੀਰਥੁ ਬਡਾ ਕਿ ਹਰਿ ਕਾ ਦਾਸੁ ॥੩॥੪੨॥**

ਕੀ ਤੀਰਥ ਵੱਡਾ ਹੈ ? (ਨਹੀਂ) ਹਰੀ ਦਾ ਦਾਸ (ਵੱਡਾ ਹੈ, ਜਿਸ ਦੀ ਕ੍ਰਿਪਾ ਨਾਲ ਤੀਰਥ ਬਣਿਆ ਹੈ)॥੩॥੪੨॥

**ਰਾਗੁ ਗਉੜੀ ਚੇਤੀ ॥ ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ॥**

ਹੇ ਭਾਈ! ਵੇਖੋ, ਗਿਆਨ ਦੀ ਹਨੇਰੀ ਆਈ ਹੈ।

**ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥**

(ਉਸ ਹਨੇਰੀ ਨਾਲ) ਭਰਮ ਦੇ ਸਾਰੇ [ਟਾਟੀ] ਛੱਪਰ ਉਡ ਗਏ ਹਨ, ਅਤੇ ਮਾਇਆ ਦੇ ਬੰਧਨ ਵੀ ਟੁੱਟ ਗਏ ਹਨ।

**ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥**

ਸੰਸੇ ਦੀਆਂ ਦੋ (ਰਾਗ ਤੇ ਦਵੈਖ) ਥੰਮ੍ਹੀਆਂ ਵੀ ਡਿੱਗ ਪਈਆਂ ਹਨ, ਅਤੇ ਮੋਹ ਦਾ [ਬਲੇਡਾ] ਵਲਾ (ਛਤੀਰ) ਵੀ ਟੁੱਟ ਗਿਆ ਹੈ।

**ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥੧॥**

ਤ੍ਰਿਸ਼ਨਾ (ਰੂਪ) ਛੰਨ ਵੀ ਜ਼ਮੀਨ ਪਰ ਡਿੱਗ ਪਈ ਹੈ ਅਤੇ ਖੋਟੀ ਮਤਿ ਰੂਪ ਭਾਂਡਾ ਵੀ ਭੱਜ ਗਿਆ ਹੈ॥੧॥

**ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥**

(ਇਸ) ਹਨੇਰੀ ਮਗਰੋਂ ਜੋ (ਪ੍ਰੇਮ ਦਾ) ਮੀਂਹ ਵਸਿਆ ਹੈ, (ਹੇ ਰਾਮ! ਮੈਂ) ਤੇਰਾ ਦਾਸ ਉਸ ਨਾਲ ਭਿੱਜ ਗਿਆ ਹਾਂ।

**ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥੪੩॥**

ਕਬੀਰ ਜੀ ਆਖਦੇ ਹਨ, ਜਦ ਸੂਰਜ ਚੜ੍ਹਿਆ ਵੇਖਿਆ ਤਾਂ ਮਨ ਵਿਚ ਚਾਨਣ ਹੋ ਗਿਆ ॥੨॥੪੩॥

**ਗਉੜੀ ਚੇਤੀ ੴ ਸਤਿਗੁਰ ਪ੍ਰਸਾਦਿ ॥**

**ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥**

(ਜੋ) ਹਰੀ ਦਾ ਜਸ ਸੁਣਦੇ ਨਹੀਂ ਅਤੇ ਨਾ ਹੀ ਹਰੀ ਦੇ ਗੁਣ ਗਾਉਂਦੇ ਹਨ।

**ਬਾਤਨ ਹੀ ਅਸਮਾਨ ਗਿਰਾਵਹਿ ॥੧॥**

(ਅਤੇ) ਗੱਲਾਂ ਨਾਲ ਹੀ ਅਸਮਾਨ ਨੂੰ ਡੇਗਦੇ ਹਨ ॥੧॥

**ਐਸੇ ਲੋਗਨ ਸਿਉ ਕਿਆ ਕਹੀਐ ॥**

ਅਜਿਹੇ ਲੋਕਾਂ ਨੂੰ ਕੀ ਆਖਣਾ ਹੈ ?

**ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥੧॥ ਰਹਾਉ ॥**

ਜਿਨ੍ਹਾਂ ਨੂੰ ਪ੍ਰਭੂ ਨੇ ਆਪਣੀ ਭਗਤੀ ਤੋਂ ਬਾਹਰ ਕਰ ਦਿੱਤਾ ਹੈ, (ਅਸੀਂ ਤਾਂ) ਉਨ੍ਹਾਂ ਤੋਂ ਸਦਾ ਹੀ ਡਰਦੇ ਰਹਿੰਦੇ ਹਾਂ ॥੧॥ ਰਹਾਉ ॥

**ਆਪਿ ਨ ਦੇਹਿ ਚੁਰੂ ਭਰਿ ਪਾਨੀ ॥**

(ਕਿਉਂਕਿ ਉਹ) ਆਪ (ਤਾਂ ਕਿਸੇ ਨੂੰ) ਚੁਲੀ ਭਰ ਵੀ ਪਾਣੀ ਨਹੀਂ ਦੇਂਦੇ।

**ਤਿਹ ਨਿੰਦਹਿ ਜਿਹ ਗੰਗਾ ਆਨੀ ॥੨॥**

(ਅਤੇ) ਨਿੰਦਾ ਉਨ੍ਹਾਂ ਦੀ ਕਰਦੇ ਹਨ, ਜਿਨ੍ਹਾਂ ਨੇ ਗੰਗਾ ਲਿਆਂਦੀ ਹੈ ॥੨॥

**ਬੈਠਤ ਉਠਤ ਕੁਟਿਲਤਾ ਚਾਲਹਿ ॥**

ਉਠਦੇ ਬਹਿੰਦੇ ਟੇਢੇ ਹੀ ਤੁਰਦੇ ਹਨ।

**ਆਪੁ ਗਏ ਅਉਰਨ ਹੂ ਘਾਲਹਿ ॥੩॥**

ਆਪ ਤਾਂ ਗਏ ਗੁਜਰੇ ਹਨ ਅਤੇ ਹੋਰਨਾਂ ਨੂੰ ਭੀ ਨਾਸ ਕਰਦੇ ਹਨ ॥੩॥

**ਛਾਡਿ ਕੁਚਰਚਾ ਆਨ ਨ ਜਾਨਹਿ ॥**

ਕੁਚਰਚਾ (ਫਜ਼ੂਲ ਗੱਲਾਂ) ਤੋਂ ਛੁਟ ਹੋਰ ਕੁਝ ਜਾਣਦੇ ਹੀ ਨਹੀਂ।

**ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥੪॥**

ਬ੍ਰਹਮਾ ਦਾ ਭੀ ਆਖਿਆ ਨਹੀਂ ਮੰਨਦੇ ॥੪॥

**ਆਪੁ ਗਏ ਅਉਰਨ ਹੂ ਖੋਵਹਿ ॥**

ਆਪ ਤਾਂ ਖਰਾਬ ਹੋਏ ਹਨ ਅਤੇ ਹੋਰਨਾਂ ਨੂੰ ਖਰਾਬ ਕਰਦੇ ਹਨ।

**ਆਗਿ ਲਗਾਇ ਮੰਦਰ ਮੈ ਸੋਵਹਿ ॥੫॥**

(ਵਿਕਾਰਾਂ ਦੀ) ਅੱਗ ਲਾ ਕੇ (ਸਰੀਰ) ਮੰਦਰ ਵਿਚ ਬੇਫਿਕਰ ਹੋ ਕੇ ਸੁਤੇ ਪਏ ਹਨ ॥੫॥

**ਅਵਰਨ ਹਸਤ ਆਪ ਹਹਿ ਕਾਂਨੇ ॥**

ਹੱਸਦੇ ਤਾਂ ਹੋਰਨਾਂ ਨੂੰ ਹਨ, ਪਰ ਆਪ ਕਾਣੇ ਹਨ।

**ਤਿਨ ਕਉ ਦੇਖਿ ਕਬੀਰ ਲਜਾਨੇ ॥੬॥੧॥੪੪॥**

ਉਨ੍ਹਾਂ ਨੂੰ ਵੇਖਕੇ (ਮੈਂ) ਕਬੀਰ ਨੂੰ ਸ਼ਰਮ ਆਉਂਦੀ ਹੈ ॥੬॥੧॥੪੪॥

## ਰਾਗੁ ਗਉੜੀ ਬੈਰਾਗਣਿ ਕਬੀਰ ਜੀ

*੧ੴ ਸਤਿਗੁਰ ਪ੍ਰਸਾਦਿ ॥*

**ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥**

ਜੀਊਂਦੇ ਮਾਪਿਆਂ ਨੂੰ ਤਾਂ ਕੋਈ ਮੰਨਦਾ ਨਹੀਂ ਤੇ ਮਰਨ ਮਗਰੋਂ ਸਰਾਧ ਕਰਾਂਦੇ ਹਨ।

**ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥੧॥**

ਦੱਸੋ (ਭਾਈ) ਵਿਚਾਰੇ ਪਿਤਰਾਂ ਨੂੰ ਕੀ ਮਿਲਣਾ ਹੈ ? (ਉਸ ਅੰਨ ਨੂੰ ਤਾਂ) ਕਾਂ ਤੇ ਕੁਤੇ ਹੀ ਖਾ ਜਾਂਦੇ ਹਨ ॥੧॥

**ਮੋ ਕਉ ਕੁਸਲੁ ਬਤਾਵਹੁ ਕੋਈ ॥**

ਕੋਈ ਮੈਨੂੰ [ਕੁਸਲੁ] ਮੁਕਤੀ (ਦਾ ਰਾਹ) ਦੱਸੋ।

**ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ ॥੧॥ ਰਹਾਉ ॥**

ਮੁਕਤੀ ਮੁਕਤੀ ਆਖਦਿਆਂ ਹੀ ਜਗਤ ਨਾਸ ਹੁੰਦਾ ਜਾਂਦਾ ਹੈ, ਮੁਕਤੀ ਹੋਵੇਗੀ ਕਿਵੇਂ ? ॥੧॥ ਰਹਾਉ ॥

**ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥**

(ਕਿਉਂਕਿ ਮੁਕਤੀ ਦੀ ਚਾਹ ਵਾਲੇ) ਮਿੱਟੀ ਦੇ ਦੇਵੀ ਦੇਵਤੇ ਬਣਾਕੇ, ਉਨ੍ਹਾਂ ਦੇ ਅਗੇ (ਬੱਕਰੇ ਆਦਿਕ) ਜੀਵਾਂ (ਦੀ ਬਲੀ) ਦੇਂਦੇ ਹਨ।

**ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥੨॥**

ਇਨ੍ਹਾਂ (ਮਿੱਟੀ ਦੇ ਦੇਵਤਿਆਂ) ਵਰਗੇ ਹੀ ਤੁਹਾਡੇ ਪਿਤਰ ਕਹੇ ਜਾਂਦੇ ਹਨ, ਜੋ ਆਪ ਮੰਗ ਕੇ (ਆਪਣੀ ਚੀਜ਼) ਨਹੀਂ ਲੈ ਸਕਦੇ ॥੨॥

**ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ ॥**

(ਜੋ) ਜਾਨ ਵਾਲਿਆਂ ਨੂੰ ਵੱਢਕੇ ਬੇਜਾਨਾਂ ਦੀ ਪੂਜਾ ਕਰਦੇ ਹਨ, (ਉਨ੍ਹਾਂ ਨੂੰ) ਅੰਤ ਦੇ ਵੇਲੇ ਵਡਾ ਦੁਖ ਹੋਵੇਗਾ।

**ਰਾਮ ਨਾਮ ਕੀ ਗਤਿ ਨਹੀ ਜਾਨੀ ਭੈ ਡੂਬੇ ਸੰਸਾਰੀ ॥੩॥**

(ਕਿਉਂਕਿ ਉਨ੍ਹਾਂ ਨੇ) ਰਾਮ ਦੇ ਨਾਮ (ਜਪਣ) ਦੀ ਰੀਤੀ ਨਹੀਂ ਜਾਣੀ ਅਤੇ ਸੰਸਾਰੀ (ਧੰਧਿਆਂ ਰੂਪ) (ਭੈ) ਸਮੁੰਦਰ ਵਿਚ ਡੁਬੇ ਹੋਏ ਹਨ ॥੩॥

**ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ ॥**

(ਮਿੱਟੀ ਦੇ) ਦੇਵੀ ਦੇਵਤਿਆਂ ਨੂੰ ਪੂਜਦੇ ਫਿਰਦੇ ਹਨ ਤੇ ਪਾਰਬ੍ਰਹਮ ਨੂੰ ਨਹੀਂ ਜਾਣਦੇ।

**ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ ॥੪॥੧॥੪੫॥**

ਕਬੀਰ ਜੀ ਆਖਦੇ ਹਨ, ਵਾਹਿਗੁਰੂ ਨੂੰ ਜਪਦੇ ਨਹੀਂ ਤੇ ਵਿਸ਼ਿਆਂ ਨਾਲ ਚੰਬੜੇ ਹੋਏ ਹਨ ॥੪॥੧॥੪੫॥

**ਗਉੜੀ ॥ ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ ॥**

ਜੀਊਂਦਾ ਮਰ ਜਾਵੇ, ਮਰ ਕੇ ਫੇਰ ਜੀਵੇ, ਇਸ ਤਰ੍ਹਾਂ [ਸੁੰਨਿ] ਬ੍ਰਹਮ ਵਿਚ ਸਮਾਈ ਹੁੰਦੀ ਹੈ।

**ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ ॥੧॥**

ਮਾਇਆ ਵਿਚ (ਰਹਿ ਕੇ) ਮਾਇਆ ਤੋਂ ਨਿਰਲੇਪ ਰਹੀਏ, ਤਾਂ ਫੇਰ ਸੰਸਾਰ (ਵਿਚ ਫੇਰਾ) ਨਹੀਂ ਪੈਂਦਾ ॥੧॥

**ਮੇਰੇ ਰਾਮ ਐਸਾ ਖੀਰੁ ਬਿਲੋਈਐ ॥**

ਹੇ ਮੇਰੇ ਮਨਾ! ਇਸ ਤਰ੍ਹਾਂ ਦਾ ਦੁਧ ਰਿੜਕੀਏ।

**ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ ॥੧॥ ਰਹਾਉ ॥**

ਗੁਰਾਂ ਦਾ ਉਪਦੇਸ਼ (ਲੈ ਕੇ) ਮਨ ਨੂੰ ਅਚਲ ਰਖੋ, ਇਸ ਤਰ੍ਹਾਂ ਅੰਮ੍ਰਿਤ ਪੀਵੀਦਾ ਹੈ ॥੧॥ ਰਹਾਉ ॥

**ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥**

ਗੁਰਾਂ ਦੀ ਬਾਣੀ (ਨਾਲ) ਬੱਜਰ (ਵਰਗੀ) ਕਲਪਨਾ ਕੱਟ ਦਿਤੀ ਹੈ, (ਤਦੇ ਹੀ) ਗਿਆਨ ਪਦ ਪ੍ਰਗਟ ਹੋਇਆ ਹੈ।

**ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ ਨਿਹਚਲੁ ਸਿਵ ਘਰਿ ਬਾਸਾ ॥੨॥**

[ਸਕਤਿ] ਮਾਇਆ ਦੇ ਅੰਧੇਰੇ (ਕਰਕੇ ਜੋ) ਰੱਸੀ (ਵਿਚ ਸੱਪ ਦਾ ਭਰਮ ਸੀ, ਅਰਥਾਤ ਝੂਠੇ ਜਗਤ ਵਿਚ ਜੋ ਸਚਾਈ ਦਾ ਭਰਮ ਸੀ, ਉਹ) ਨਾਸ ਹੋ ਗਿਆ ਹੈ, (ਇਸ ਲਈ) ਨਾ ਹਿੱਲਣ ਵਾਲੇ [ਸਿਵ ਘਰਿ] ਕਲਯਾਣ ਸਰੂਪ ਵਿਚ ਵਾਸਾ (ਹੋਜਾ ਹੈ) ॥੨॥

**ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ ॥**

ਹੇ ਭਾਈ! (ਜਿਸ ਮਾਇਆ ਨੇ) ਧਨੁਖ ਬਾਨ ਚੜ੍ਹਾਏ ਤੋਂ ਬਿਨਾਂ ਹੀ ਇਸ ਜਗਤ ਨੂੰ ਵਿੰਨ੍ਹ ਲਿਆ ਹੈ, (ਹੁਣ) ਉਹ ਮਾਇਆ ਇਸ ਤਰ੍ਹਾਂ ਡਕੋ ਡੋਲੇ ਖਾਂਦੀ ਹੈ)।

**ਦਹ ਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ ॥੩॥**

(ਜਿਵੇਂ) ਹਵਾ ਦੇ ਜ਼ੋਰ ਨਾਲ ਗੁਡੀ ਦਸੋ ਦਿਸ਼ਾ (ਵਿਚ ਫਿਰਦੀ ਹੈ, ਅਤੇ ਸਾਡੀ) [ਲਿਵ] ਸੁਰਤ ਦੀ ਡੋਰੀ ਇਕ ਵਿਚ ਲਗ ਰਹੀ ਹੈ।

Sri Satguru Jagjit Singh Ji eLibrary NamdhariElibrary@gmail.com

**ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥**

(ਇਸ ਲਈ ਮੇਰਾ) ਮਨ [ਉਨਮਨਿ] ਸਹਜ ਪਦ (ਵਿਚ ਪਹੁੰਚ ਕੇ) ਬ੍ਰਹਮ ਵਿਚ ਸਮਾ ਗਿਆ ਹੈ, ਅਤੇ ਦ੍ਵੈਤ (ਭਾਵ ਵਾਲੀ) ਖੋਟੀ ਬੁਧੀ ਨਾਸ ਹੋ ਗਈ ਹੈ।

**ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥੪॥੨॥੪੬॥**

ਕਬੀਰ ਜੀ ਆਖਦੇ ਹਨ, ਗਿਆਨ (ਕਰਕੇ) ਇਕ ਨੂੰ ਵੇਖਿਆ ਹੈ, (ਇਸ ਲਈ ਮੇਰੀ) ਸੁਰਤ (ਉਸ ਵਿਚ) ਲਗ ਗਈ ਹੈ, ਜਿਸ ਦਾ) ਨਾਮ ਰਾਮ (ਹੈ) ॥੪॥੨॥੪੬॥

**ਗਉੜੀ ਬੈਰਾਗਣਿ ਤਿਪਦ੍ਰੇ ॥**

**ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ ॥**

(ਜਿਸ ਨੇ ਹੇਠਲੇ ਰਸਤੇ ਜਾਣ ਵਾਲੀ) ਹਵਾ ਨੂੰ ਉਲਟਾ ਕੇ ਛੇ ਚੱਕਰ ਵਿੰਨ੍ਹ ਲਏ ਹਨ, (ਉਸ ਦੀ) ਸੁਰਤ [ਸੁੰਨ] ਬ੍ਰਹਮ ਵਿਚ ਪਹੁੰਚ ਗਈ ਹੈ।

**ਆਵੈ ਨ ਜਾਇ ਮਰੈ ਨ ਜੀਵੈ ਤਾਸੁ ਖੋਜੁ ਬੈਰਾਗੀ ॥੧॥**

ਹੇ ਵੈਰਾਗੀ! (ਤੂੰ ਭੀ) ਉਸੇ (ਪਦ ਨੂੰ) ਖੋਜ, (ਜਿਥੇ ਜਾ ਕੇ) ਔਣਾ ਜਾਣਾ ਨਹੀਂ (ਹੁੰਦਾ, ਅਤੇ) ਨਾ ਹੀ ਮਰਣਾ ਜੰਮਣਾ (ਪੈਂਦਾ ਹੈ) ॥੧॥

**ਮੇਰੇ ਮਨ ਮਨ ਹੀ ਉਲਟਿ ਸਮਾਨਾ ॥**

SIKHBOOKCLUB.COM

ਹੇ ਮੇਰੇ [ਮਨ] ਪਿਆਰੇ! (ਮੇਰਾ ਤਾਂ) ਮਨ ਹੀ (ਸੰਸਾਰ ਵਲੋਂ) ਉਲਟ ਕੇ (ਬ੍ਰਹਮ ਵਿਚ) ਸਮਾ ਗਿਆ ਹੈ।

**ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ ॥੧॥ ਰਹਾਉ ॥**

ਗੁਰਾਂ ਦੀ ਕ੍ਰਿਪਾ ਨਾਲ (ਮੇਰੀ) ਅਕਲ ਹੀ ਹੋਰ ਹੋ ਗਈ ਹੈ, ਨਹੀਂ ਤਾਂ (ਪਹਿਲੋਂ ਮੈਂ ਭੀ) ਬੇ-ਅਕਲ ਸਾਂ.॥੧॥ ਰਹਾਉ ॥

**ਨਿਵਰੈ ਦੂਰਿ ਦੂਰਿ ਫੁਨਿ ਨਿਵਰੈ ਜਿਨਿ ਜੈਸਾ ਕਰਿ ਮਾਨਿਆ ॥**

(ਜਿਨ੍ਹਾਂ ਉਤੇ ਗੁਰਾਂ ਦੀ ਕ੍ਰਿਪਾ ਹੋਈ ਹੈ, ਉਨ੍ਹਾਂ ਨੇ) ਜੇਹਾ ਵਾਹਿਗੁਰੂ ਸੀ, ਅਜੇਹਾ ਕਰਕੇ ਮੰਨਿਆ। (ਹੈ, ਇਸ ਲਈ ਉਨ੍ਹਾਂ ਦੇ) ਨੇੜੇ (ਰਹਿਣ ਵਾਲੇ ਕਾਮਾਦਿਕ) ਦੂਰ (ਹੋ ਗਏ ਹਨ) ਅਤੇ ਦੂਰ (ਰਹਿਣ ਵਾਲਾ ਵਾਹਿਗੁਰੂ) ਨੇੜੇ ਵਸਦਾ ਹੈ)।

**ਅਲਉਤੀ ਕਾ ਜੈਸੇ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ ॥੨॥**

ਜਿਵੇਂ [ਅਲਉਤੀ] ਮਿਸ਼ਰੀ ਦਾ [ਬਰੇਡਾ] ਸ਼ਰਬਤ ਬਣਿਆ ਹੋਵੇ, (ਉਸ ਦੇ ਸਵਾਦ ਨੂੰ) ਓਹੀ ਜਾਣਦਾ ਹੈ, ਜੇਹੜਾ ਪੀਂਦਾ ਹੈ (ਇਵੇਂ ਵਾਹਿਗੁਰੂ ਪਰਾਪਤੀ ਦੇ ਅਨੰਦ ਨੂੰ ਓਹੀ ਜਾਣਦਾ ਹੈ, ਜੋ ਉਸ ਨਾਲ ਮਿਲਿਆ ਹੈ) ॥੨॥

**ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ ॥**

ਹੇ ਨਿਰਗੁਣ ਵਾਹਿਗੁਰੂ ! ਤੇਰੀ ਕਥਾ ਕਿਸ ਨੂੰ ਸੁਣਾਈਏ, ਅਜੇਹਾ ਕੋਈ (ਵਿਰਲਾ ਹੀ) ਵਿਚਾਰ ਵਾਲਾ ਹੈ (ਜੋ ਤੇਰੀ ਕਥਾ ਦਾ ਰਸੀਆ ਹੈ) ।

**ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ ॥੩॥੩॥੪੭॥**

ਕਬੀਰ ਜੀ ਆਖਦੇ ਹਨ, ਜਿਸ ਨੇ (ਆਪਣੀ ਬੁਧੀ ਰੂਪੀ ਤੋਪ ਵਿਚ ਪਰੇਮ ਦਾ) ਪਲੀਤਾ ਦਿੱਤਾ ਹੈ, (ਉਸੇ ਨੇ ਤੇਰੇ ਗਿਆਨ ਦੀ) ਸ਼ਕਲ ਵੇਖੀ ਹੈ ॥੩॥੩॥੪੭॥

*ਉਥਾਨਕਾ*—ਕਿਸੇ ਨੇ ਸਤਿਗੁਰਾਂ ਦੇ ਰਹਿਣ ਦਾ ਸਥਾਨ ਪੁਛਿਆ, ਉਸ ਨੂੰ ਸਮਝਾਉਂਦੇ ਹਨ—

**ਗਉੜੀ ॥**

**ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ ॥**

ਉਥੇ [ਪਾਵਸ] ਬਰਖਾ ਰੁਤ, ਸਮੁੰਦਰ ਤੇ ਧੁਪ ਛਾਂ ਨਹੀਂ ਹੈ ਅਤੇ ਉਥੇ ਉਤਪਤੀ ਤੇ ਪਰਲੋ ਭੀ ਨਹੀਂ ਹੈ ।

**ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ ॥੧॥**

ਜੀਊਣਾ ਤੇ ਮਰਨਾ, ਦੁਖ ਤੇ ਸੁਖ ਭੀ ਨਹੀਂ ਲਗਦਾ ਅਤੇ [ਸੁੰਨਿ] ਨਿਰਵਿਕਲਪ (ਤੇ ਸਾਵਿਕਲਪ, ਏਹ) ਦੋਵੇਂ ਸਮਾਧੀਆਂ ਭੀ ਉਥੇ ਨਹੀਂ ਹਨ ॥੧॥

**ਸਹਜ ਕੀ ਅਕਥ ਕਥਾ ਹੈ ਨਿਰਾਰੀ ॥**

SIKHBOOKCLUB.COM

ਸਹਜ (ਪਦ) ਦੀ ਕਥਾ ਕਹੀ ਨਹੀਂ ਜਾਂਦੀ, (ਕਿਉਂਕਿ ਉਹ ਬੋਲਣ ਤੋਂ) ਵੱਖਰੀ ਹੈ ।

**ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ ॥੧॥ ਰਹਾਉ ॥**

(ਉਹ ਕਥਾ ਬੁਧੀ ਰੂਪੀ) ਤੱਕੜੀ (ਤੇ ਭੀ ਨਹੀਂ ਚੜ੍ਹਦੀ, ਮੁਕ ਭੀ ਨਹੀਂ ਜਾਂਦੀ ਅਤੇ ਨਾ (ਹੀ ਉਹ) ਹੌਲੀ ਜਾਂ ਭਾਰੀ ਲੱਗਦੀ ਹੈ ॥੧॥ ਰਹਾਉ ॥

**ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ ॥**

ਨੀਚ ਤੇ ਊਚ (ਏਹ) ਦੋਵੇਂ ਓਥੇ ਨਹੀਂ ਹਨ ਅਤੇ ਓਥੇ ਰਾਤ ਦਿਨ ਭੀ ਨਹੀਂ ਹੈ ।

**ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ ॥੨॥**

(ਉਥੇ) ਪਾਣੀ ਨਹੀਂ, ਹਵਾ ਤੇ ਅੱਗ ਭੀ ਨਹੀਂ ਹੈ, ਸਤਿਗੁਰੂ ਉਥੇ ਰਹਿੰਦਾ ਹੈ ॥੨॥

**ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ ॥**

(ਉਥੇ ਹੀ) ਅਗਮ ਤੇ ਅਗੋਚਰ (ਵਾਹਿਗੁਰੂ) ਇਕ ਰਸ ਰਹਿੰਦਾ ਹੈ, (ਉਸ ਨੂੰ) ਗੁਰੂ ਦੀ ਕ੍ਰਿਪਾ ਨਾਲ ਜਾਣੀਦਾ ਹੈ ।

**ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤਸੰਗਤਿ ਮਿਲਿ ਰਹੀਐ ॥੩॥੪॥੪੮॥**

ਕਬੀਰ ਜੀ ਆਖਦੇ ਹਨ, ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਵਾਂ (ਜੋ) ਸਤਿ ਸੰਗਤਿ ਵਿਚ ਮਿਲ ਰਿਹਾ ਹੈ ॥੩॥੪॥੪੮॥

**ਗਉੜੀ ॥ ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ ॥**

(ਜੀਵਾਂ ਨੇ) ਪਾਪ (ਕਰਮ ਤੇ), ਪੁੰਨ (ਕਰਮ, ਏਹ) ਦੋ ਬਲਦ ਖਰੀਦੇ ਹਨ, ਅਤੇ ਸਵਾਸਾਂ ਦੀ [ਪੂੰਜੀ] ਰਾਸ (ਲੈ ਕੇ ਜਗਤ ਉਤੇ) ਜੰਮੇ ਹਨ।

**ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ ॥੧॥**

(ਜੋ) ਹਿਰਦੇ ਵਿਚ ਤ੍ਰਿਸ਼ਨਾ ਹੈ, (ਏਹੋ) ਗੂਣੀ (ਛੱਟ) ਭਰੀ (ਹੋਈ ਹੈ), ਇਸ ਤਰ੍ਹਾਂ ਦਾ (ਟਾਂਡ) ਸੌਦਾ ਖਰੀਦਿਆ ਹੈ ॥੧॥

**ਐਸਾ ਨਾਇਕੁ ਰਾਮੁ ਹਮਾਰਾ ॥ ਸਗਲ ਸੰਸਾਰੁ ਕੀਓ ਬਨਜਾਰਾ ॥੧॥ ਰਹਾਉ ॥**

ਮੇਰਾ ਰਾਮ ਅਜੇਹਾ ਮਾਲਕ ਹੈ, (ਜਿਸਨੇ ਸਾਰਾ) ਸੰਸਾਰ (ਆਪਣਾ) ਗੁਮਾਸ਼ਤਾ ਬਣਾਇਆ ਹੋਇਆ ਹੈ ॥੧॥ ਰਹਾਉ ॥

**ਕਾਮੁ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ ਬਟਵਾਰਾ ॥**

(ਇਸ ਵਣਜਾਰੇ ਦੀ ਰਾਸ ਖੋਹਣ ਲਈ) ਕਾਮ ਤੇ ਕ੍ਰੋਧ ਦੋ (ਜਗਾਤੀ) ਮਸੂਲੀਏ ਬਣੇ ਹਨ, ਅਤੇ ਮਨ ਦੇ [ਤਰੰਗ] ਫੁਰਨੇ [ਬਟਵਾਰਾ] ਡਾਕੂ ਹਨ।

**ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ ॥੨॥**

ਪੰਜਾਂ ਤੱਤਾਂ ਦੇ ਮਿਲਾਪ ਦਾ ਸਰੀਰ, (ਇਨ੍ਹਾਂ ਦਾ) ਡੰਡ ਭਰ ਰਹੇ ਹਨ, (ਇਸ ਤਰ੍ਹਾਂ) [ਟਾਂਡਾ] ਕਾਫਲਾ ਪਾਰ ਲੰਘ ਰਿਹਾ ਹੈ, (ਅਰਥਾਤ ਜੀਵ ਜਗਤ ਤੋਂ ਤੁਰ ਜਾਂਦੇ ਹਨ)।

**ਕਹਤ ਕਬੀਰੁ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ ॥**

ਕਬੀਰ ਜੀ ਆਖਦੇ ਹਨ, ਹੇ ਸੰਤੋ! ਸੁਣੋ, ਹੁਣ ਅਜੇਹੀ ਗੱਲ ਆ ਬਣੀ ਹੈ।

**ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ ॥੩॥੫॥੪੯॥**

(ਭਜਨ ਦੀ) ਘਾਟੀ (ਉਤੇ) ਚੜ੍ਹਦਾ ਹੋਇਆ ਇਕ (ਪਾਪ ਕਰਮਾਂ) ਰੂਪ ਬਲਦ ਥੱਕ ਗਿਆ ਹੈ, (ਇਸ ਲਈ ਤ੍ਰਿਸ਼ਨਾ ਦੀ) ਗੂਣੀ ਸੁੱਟ ਕੇ ਤੁਰ ਚੱਲਿਆ ਹੈ ॥੩॥੫॥੪੯॥

**ਗਉੜੀ ਪੰਚਪਦਾ ॥ ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ ॥**

(ਜਗਤ ਰੂਪ) ਪੇਕੇ ਘਰ (ਵਿਚ ਜੀਵ-ਇਸਤ੍ਰੀ ਨੇ) ਚਾਰ ਦਿਨ (ਰਹਿਣਾ) ਹੈ, (ਅੰਤ ਨੂੰ ਪ੍ਰਲੋਕ ਰੂਪ) ਸੌਹਰੇ ਘਰ ਜਾਣਾ ਹੈ।

**ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ ॥੧॥**

(ਇਸ ਗੱਲ ਨੂੰ) ਅੰਨ੍ਹੇ ਮੂਰਖ ਤੇ ਇਆਣੇ ਲੋਕ ਨਹੀਂ ਜਾਣਦੇ ॥੧॥

**ਕਹੁ ਡਡੀਆ ਬਾਧੈ ਧਨ ਖੜੀ ॥**

ਪ੍ਰਸ਼ਨ—ਦੱਸੋ ਜੀ! [ਧਨ] ਇਸਤ੍ਰੀ [ਡਡੀਆ] ਸਾਹੜੀ (ਧੋਤੀ) ਨੂੰ ਬੰਨ੍ਹੀ (ਕਿਉਂ) ਖਲੋਤੀ ਹੈ ? (ਅਰਥਾਤ ਸਰੀਰ ਖਫਣ ਵਿਚ ਕਿਉਂ ਲਪੇਟਿਆ ਪਿਆ ਹੈ ?)

**ਪਾਹੂ ਘਰਿ ਆਏ ਮੁਕਲਾਊ ਆਏ ॥੧॥ ਰਹਾਉ ॥**

ਉੱਤਰ—ਹੇ ਭਾਈ! ਇਸ ਦੇ ਘਰ ਪ੍ਰਾਹੁਣੇ ਆਏ ਹਨ, ਮੁਕਲਾਵਾ ਲੈਣ ਵਾਲੇ ਆਏ ਹਨ, (ਅਰਥਾਤ ਇਸਦੀ) ਮੌਤ ਆ ਗਈ ਹੈ) ॥੧॥ ਰਹਾਉ ॥

**ਓਹ ਜਿ ਦਿਸੈ ਖੂਹੜੀ ਕਉਨ ਲਾਜੁ ਵਹਾਰੀ ॥**

ਪ੍ਰਸ਼ਨ—ਕਿਉਂ ਜੀ! ਏਹ ਕੌਣ ਹੈ?

ਉੱਤਰ—(ਔਹ ਜੇਹੜੀ ਸੰਸਾਰ ਰੂਪੀ) ਖੂਹੀ ਦਿਸਦੀ ਹੈ, (ਉਸ ਵਿਚ ਜੋ ਸਵਾਸ ਦੀ) ਲੱਜ ਵਗਾ ਰਹੀ ਸੀ।

**ਲਾਜੁ ਘੜੀ ਸਿਉ ਤੂਟਿ ਪੜੀ ਉਠਿ ਚਲੀ ਪਨਿਹਾਰੀ ॥੨॥**

(ਉਸਦੀ) ਲੱਜ (ਸਰੀਰ ਰੂਪ) ਘੜੀ ਨਾਲੋਂ ਟੁੱਟ ਪਈ ਹੈ, (ਇਸ ਲਈ ਵਿਹਾਰ ਕਰਨ ਰੂਪ) ਪਾਣੀ ਦੇ ਭਰਣ ਵਾਲੀ (ਜੀਵ ਇਸਤ੍ਰੀ) ਉੱਠ ਚਲੀ ਹੈ ॥੨॥

**ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ ਅਪੁਨਾ ਕਾਰਜੁ ਸਵਾਰੇ ॥**

(ਜਿਨ੍ਹਾਂ ਉਤੇ) ਵਾਹਿਗੁਰੂ ਦਿਆਲ ਹੋ ਕੇ ਕ੍ਰਿਪਾ ਕਰਦਾ ਹੈ, ਉਹ ਆਪਣਾ ਕੰਮ ਸਵਾਰ ਲੈਂਦਾ ਹੈ।

**ਤਾ ਸੋਹਾਗਣਿ ਜਾਣੀਐ ਗੁਰ ਸਬਦੁ ਬੀਚਾਰੇ ॥੩॥**

ਗੁਰਾਂ ਦੇ ਸ਼ਬਦ ਦੀ ਵੀਚਾਰ ਕਰੇ, ਤਾਂ ਸੁਹਾਗਣ ਜਾਣੀ ਜਾਂਦੀ ਹੈ ॥੩॥

**ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ ॥**

(ਹੇ ਭਾਈ!) ਵਿਚਾਰ ਕੇ ਵੇਖ ਲਵੋ, ਸਾਰੇ ਹੀ ਕਰਮਾਂ ਦੇ ਬੱਧੇ ਫਿਰਦੇ ਹਨ। (ਜਿਸ ਲਈ)—

**ਏਸ ਨੋ ਕਿਆ ਆਖੀਐ ਕਿਆ ਕਰੇ ਵਿਚਾਰੀ ॥੪॥**

ਇਸਨੂੰ ਕੀ ਕਹਿਣਾ ਹੈ? ਏਹ ਵਿਚਾਰੀ ਭੀ ਕੀ ਕਰੇ? (ਕੀਤੇ ਕਰਮਾਂ ਤੋਂ ਛੁਟਕਾਰਾ ਨਹੀਂ ਹੁੰਦਾ) ॥੪॥

**ਭਈ ਨਿਰਾਸੀ ਉਠਿ ਚਲੀ ਚਿਤ ਬੰਧਿ ਨ ਧੀਰਾ ॥**

(ਇਹ) ਉਦਾਸ ਹੋ ਕੇ ਉਠ ਤੁਰੀ ਹੈ, (ਇਸਦਾ) ਚਿੱਤ ਧੀਰਜ ਨਹੀਂ ਬੰਨ੍ਹਦਾ।

**ਹਰਿ ਕੀ ਚਰਣੀ ਲਾਗਿ ਰਹੁ ਭਜੁ ਸਰਣਿ ਕਬੀਰਾ ॥੫॥੬॥੫੦॥**

ਕਬੀਰ ਜੀ ਆਖਦੇ ਹਨ, (ਹੇ ਭਾਈ! ਤੂੰ) ਹਰੀ ਦੀ ਚਰਣੀ ਲਗ ਰਹੁ (ਤੇ ਉਸ ਦੀ) ਸ਼ਰਣ ਫੜ (ਤਾਂ ਤੈਨੂੰ ਕੋਈ ਡਰ ਨਹੀਂ ਹੋਵੇਗਾ) ॥੫॥੬॥੫੦॥

**ਗਉੜੀ ॥ ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ ॥**

ਹੇ ਭਾਈ! ਜੋਗੀ ਲੋਕ ਜੋਗ ਨੂੰ ਹੀ ਡਾਢਾ ਚੰਗਾ ਆਖਦੇ ਹਨ, ਕਿ (ਇਸ ਦੇ ਜੇਹਾ) ਹੋਰ (ਕੋਈ) ਦੂਜਾ (ਧਰਮ) ਨਹੀਂ ਹੈ।

**ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ ॥੧॥**

(ਸਿਰ ਮੂੰਹ ਮੁੰਨੇ) ਸੰਨਿਆਸੀ ਅਤੇ [ਏਕੈ ਸਬਦੀ] ਅਵਧੂਤ ਏਹ ਆਖਦੇ ਹਨ (ਜੋ ਅਸਾਂ ਹੀ) ਮੁਕਤੀ

ਪਾਈ ਹੈ ॥੧॥

**ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥**

ਹਰੀ ਤੋਂ ਬਿਨਾਂ (ਹੋ ਕੇ ਭੇਖਾਂ ਦੇ ਅਭਿਮਾਨੀ) ਅੰਨ੍ਹੇ ਭਰਮ ਵਿਚ ਭੁੱਲੇ ਹਨ।

**ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ ॥੧॥ ਰਹਾਉ ॥**

ਜਿਨ੍ਹਾਂ ਕੋਲ ਭੀ ਆਪਣੇ ਉਧਾਰ ਲਈ ਜਾਓ, ਓਹ ਆਪ ਹੀ ਬਹੁਤੇ ਬੰਧਨਾਂ ਵਿਚ ਫਸੇ ਹੋਏ (ਦਿਸਦੇ ਹਨ) ॥੧॥ ਰਹਾਉ ॥

**ਜਹ ਤੇ ਉਪਜੀ ਤਹੀ ਸਮਾਨੀ ਇਹ ਬਿਧਿ ਬਿਸਰੀ ਤਬ ਹੀ ॥**

ਜਿਥੋਂ ਪੈਦਾ ਹੋਈ ਹੈ, (ਬੁੱਧੀ) ਉਸੇ ਵਾਹਿਗੁਰੂ ਵਿਚ, (ਜਦੋਂ) ਸਮਾ ਗਈ ਹੈ ਓਦੋਂ ਹੀ ਏਹ (ਹੰਕਾਰ ਦੀ) ਦਸ਼ਾ ਭੁਲ ਜਾਂਦੀ ਹੈ, (ਵਾਹਿਗੁਰੂ ਵਿਚ ਸਮਾਏ ਤੋਂ ਬਿਨਾਂ)—

**ਪੰਡਿਤ ਗੁਣੀ ਸੂਰ ਹਮ ਦਾਤੇ ਏਹਿ ਕਹਹਿ ਬਡ ਹਮ ਹੀ ॥੨॥**

ਪੰਡਤ, ਗੁਣੀ, ਸੂਰਮੇ ਤੇ ਦਾਤੇ ਏਹ [ਹਮ] ਸਾਰੇ ਆਖਦੇ ਹਨ, ਜੋ ਅਸੀਂ ਹੀ ਵੱਡੇ ਹਾਂ ॥੨॥

**ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ ਕਿਉ ਰਹੀਐ ॥**

ਜਿਸ ਨੂੰ (ਵਾਹਿਗੁਰੂ) ਜਣਾਉਂਦਾ ਹੈ, ਓਹੀ (ਉਸ ਨੂੰ) ਜਾਣਦਾ ਹੈ, (ਉਸ ਨੂੰ) ਜਾਣੇ ਤੋਂ ਬਿਨਾਂ (ਹੰਕਾਰ ਤੋਂ) ਕਿਸੇ ਤਰ੍ਹਾਂ ਭੀ ਨਹੀਂ ਬਚ ਸਕੀਦਾ।

SIKHBOOKCLUB.COM

**ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ ॥੩॥**

ਸਤਿਗੁਰੂ ਮਿਲੇ, (ਤਾਂ ਅਗਿਆਨ ਦਾ) ਹਨੇਰਾ ਮਿਟਦਾ ਹੈ, ਇਸ ਤਰ੍ਹਾਂ (ਫਿਰ ਵਾਹਿਗੁਰੂ ਸਰੂਪ) ਮਾਣਕ ਨੂੰ ਪਾਈਦਾ ਹੈ ॥੩॥

**ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ ॥**

ਸੱਜੇ ਖੱਬੇ (ਦੀ ਵੀਚਾਰ ਨੂੰ) ਵਿਕਾਰ (ਰੂਪ ਜਾਣਕੇ) ਛੱਡ ਦੇਵੋ, ਅਤੇ ਹਰਿ (ਨਾਮ) ਪਦ ਵਿਚ ਮਨ ਨੂੰ ਦ੍ਰਿੜ੍ਹ ਕਰਕੇ ਰਖੋ (ਤਦ ਓਹ ਪਦਵੀ ਮਿਲੇਗੀ, ਜੋ ਕਹੀ ਨਹੀਂ ਜਾਂਦੀ)।

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥੪॥੭॥੫੧॥**

ਕਬੀਰ ਜੀ ਆਖਦੇ ਹਨ, ਜਿਵੇਂ ਗੂੰਗੇ ਨੇ ਗੁੜ ਖਾਧਾ ਹੋਵੇ, ਤਾਂ ਪੁਛਿਆਂ ਉਸ ਦਾ ਸਵਾਦ ਉਹ ਕੁਝ ਨਹੀਂ ਕਹਿ ਸਕਦਾ (ਇਵੇਂ ਹੀ ਉਸ ਪਦ ਨੂੰ ਜਿਸ ਨੇ ਪਾਇਆ ਹੈ, ਉਸਦੇ ਅਨੰਦ ਨੂੰ ਓਹੀ ਜਾਣਦਾ ਹੈ, ਕਿਹਾ ਨਹੀਂ ਜਾਂਦਾ) ॥੪॥੭॥੫੧॥

**ਰਾਗੁ ਗਉੜੀ ਪੂਰਬੀ ਕਬੀਰ ਜੀ ॥**

*ੴ ਸਤਿਗੁਰ ਪ੍ਰਸਾਦਿ ॥*

**ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ ॥**

(ਅੱਗੇ) ਜਿੱਥੇ (ਬਹੁਤ) ਕੁਝ ਹੁੰਦਾ ਸੀ (ਅੱਜ) ਉਥੇ ਕੁਝ ਭੀ ਨਹੀਂ ਹੈ, ਪੰਜਾਂ ਤੱਤਾਂ (ਦਾ ਬਣਿਆ ਸਰੀਰ ਭੀ) ਉਥੇ ਨਹੀਂ ਹੈ।

**ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ ॥੧॥**

(ਜੋ) ਇੜਾ ਪਿੰਗਲਾ ਤੇ ਸੁਖਮਨ (ਵਿਚ) ਰੁਕਦੇ ਹਨ, ਓਹ [ਅਵਗਨ-ਆਗਮਨ] ਆਉਣ ਜਾਣ (ਵਾਲੇ ਪ੍ਰਾਣ ਭੀ) ਕਿੱਥੇ ਚਲੇ ਗਏ ਹਨ ॥੧॥

**ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ ॥**

(ਜਦੋਂ ਸਵਾਸਾਂ ਦਾ) ਧਾਗਾ ਟੁੱਟ ਗਿਆ ਦਸਮ ਦਵਾਰ ਭੀ ਨਾਸ ਹੋ ਗਿਆ, (ਓਦੋਂ) ਤੇਰਾ (ਮੇਰਾ) ਬੋਲਣ ਵਾਲਾ (ਜੀਵ) ਕਿਥੇ ਜਾ ਸਮਾਵੇਗਾ ?

**ਏਹ ਸੰਸਾ ਮੋ ਕਉ ਅਨਦਿਨੁ ਬਿਆਪੈ ਮੋ ਕਉ ਕੋ ਨ ਕਹੈ ਸਮਝਾਈ ॥੧॥ ਰਹਾਉ ॥**

ਇਹ ਸੰਸਾ ਮੈਨੂੰ ਦਿਨ ਰਾਤ ਲਗਾ ਰਹਿੰਦਾ ਹੈ, ਮੈਨੂੰ ਕੋਈ ਭੀ ਸਮਝਾ ਕੇ ਨਹੀਂ ਕਹਿੰਦਾ ॥੧॥ ਰਹਾਉ ॥

**ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ ॥**

(ਅੱਗੇ) ਜਿਥੇ (ਪਿੰਡ ਵਿਚ ਹੀ) ਬ੍ਰਹਮੰਡ (ਮੰਨਦਾ ਸੀ, ਅੱਜ) ਓਹੀ ਪਿੰਡ (ਬ੍ਰਹਮੰਡ ਵਿਚ) ਨਹੀਂ ਹੈ (ਅਤੇ ਅਜੇਹੇ) ਕੌਤਕ ਕਰਨ ਵਾਲਾ (ਮਨ ਭੀ) ਓਥੇ ਨਹੀਂ ਹੈ।

**ਜੋੜਣਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ ॥੨॥**

(ਸਰੀਰ ਤੇ ਮਨ ਨੂੰ) ਜੋੜਣ ਵਾਲਾ (ਬ੍ਰਹਮ ਤਾਂ) ਸਦਾ ਹੀ ਅਲੋਪ ਹੈ, ਇਹ (ਮਨ ਤੇ ਪ੍ਰਾਣ ਹੁਣ) ਕਿਸ ਵਿਚ ਆਖੀਏ ? ॥੨॥

**ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ ॥**

(ਜਿੰਨਾ ਚਿਰ ਸਰੀਰ ਤੇ ਮਨ ਦੀ) ਜੋੜੀ ਜੁੜੀ (ਰਹਿੰਦੀ ਹੈ, ਓਨਾ ਚਿਰ ਤਾਂ ਕਿਸੇ ਦੇ) ਤੋੜਿਆਂ ਤੁਟਦੀ ਨਹੀਂ ਅਤੇ ਜਿੰਨਾ ਚਿਰ (ਬਨੀ) ਹੋਈ (ਹੈ, ਤਦ ਤਕ ਅਸਾਂ ਇਸ ਨੂੰ) ਨਾਸ ਰੂਪ ਹੀ (ਸਮਝਿਆ ਹੋਇਆ ਹੈ)।

**ਕਾ ਕੋ ਠਾਕੁਰੁ ਕਾ ਕੋ ਸੇਵਕੁ ਕੋ ਕਾਹੂ ਕੈ ਜਾਸੀ ॥੩॥**

ਕੌਣ ਕਿਸੇ ਦਾ ਮਾਲਕ ਹੈ ? ਕੌਣ ਕਿਸੇ ਦਾ ਸੇਵਕ ਹੈ ? ਅਤੇ ਕੌਣ ਕਿਸੇ ਦੇ ਕੋਲ ਜਾਵੇਗਾ ? ॥੩॥

**ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ ॥**

ਕਬੀਰ ਜੀ ਆਖਦੇ ਹਨ, (ਸਾਡੀ ਸੁਰਤ ਤਾਂ ਉਥੇ) ਲਗ ਰਹੀ ਹੈ, ਜਿਥੇ ਦਿਨ ਰਾਤ (ਵਾਹਿਗੁਰੂ) ਵੱਸਦਾ ਹੈ।

**ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ ॥੪॥੧॥੫੨॥**

ਉਸ ਦਾ ਭੇਦ ਓਹੀ ਜਾਣਦਾ ਹੈ, ਅਤੇ ਉਹ ਤਾਂ ਸਦਾ ਹੀ ਨਾਸ ਤੋਂ ਰਹਿਤ ਹੈ ॥੪॥੧॥੫੨॥

**ਗਉੜੀ ॥ ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ ॥**

(ਵਾਹਿਗੁਰੂ ਦਾ) ਧਿਆਨ (ਤੇ ਉਸੇ ਦੀ) ਯਾਦ (ਏਹ) ਦੋਵੇਂ ਕੰਨਾਂ ਵਿਚ ਮੁੰਦਰਾਂ ਹਨ, ਅਤੇ [ਪਰਮਿਤਿ] ਯਥਾਰਥ ਗਿਆਨ (ਪਾ ਕੇ ਸੰਸਾਰਕ ਮਰਯਾਦਾ ਤੋਂ) ਬਾਹਰ (ਹੋਣਾ ਹੀ ਸਾਡਾ ਗਲ ਵਿਚ) ਖਫਨੀ ਹੈ।

**ਸੁੰਨ ਗੁਫਾ ਮਹਿ ਆਸਣੁ ਬੈਸਣੁ ਕਲਪ ਬਿਬਰਜਿਤ ਪੰਥਾ ॥੧॥**

ਬ੍ਰਹਮ ਰੂਪ ਗੁਫਾ ਵਿਚ ਆਸਨ ਲਾ ਕੇ (ਮਨ ਨੂੰ ਜੋ) ਕਲਪਨਾ ਤੋਂ ਰੋਕਿਆ ਹੈ (ਏਹੋ ਸਾਡਾ) ਪੰਥ ਹੈ ॥੧॥

**ਮੇਰੇ ਰਾਜਨ ਮੈ ਬੈਰਾਗੀ ਜੋਗੀ ॥ ਮਰਤ ਨ ਸੋਗ ਬਿਓਗੀ ॥੧॥ ਰਹਾਉ ॥**

ਹੇ ਮੇਰੇ ਪਿਆਰੇ! ਮੈਂ ਅਜੇਹਾ ਵੈਰਾਗੀ ਜੋਗੀ ਹਾਂ। (ਹੁਣ ਮੈਨੂੰ) ਮਰਣ ਤੇ ਵਿਛੜਣ ਦਾ ਸੋਗ ਨਹੀਂ ਹੈ ॥੧॥ ਰਹਾਉ ॥

**ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗੁ ਭਸਮਾਧਾਰੀ ॥**

ਖੰਡਾਂ ਬ੍ਰਹਮੰਡਾਂ ਵਿਚ (ਵਾਹਿਗੁਰੂ ਨੂੰ ਜਾਣਨਾ ਹੀ ਮੇਰੀ) ਸਿੰਙੀ ਹੈ, ਸਾਰੇ ਜਗਤ ਨੂੰ [ਭਸਮ] ਖੇਹ (ਰੂਪ ਸਮਝਨਾ) ਬਟੂਆ ਅਤੇ (ਸਰਧਾ ਦੀ) [ਅਧਾਰੀ] ਝੋਲੀ ਹੈ।

**ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ ॥੨॥**

(ਜੋ) [ਤ੍ਰਿਪਲੁ] ਮਾਇਆ (ਵਲੋਂ ਬੁਧੀ) ਉਲਟਾਈ ਹੈ, (ਏਹੋ) ਸਮਾਧੀ ਲਗੀ (ਹੋਈ ਹੈ, ਜੋ) ਪਸਾਰਿਆਂ ਤੋਂ ਛੁਟੇ ਹੋਏ (ਹਾਂ, ਏਹੋ ਜੰਗਲ ਹੈ) ॥੨॥

**ਮਨੁ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ ॥**

ਮਨ ਤੇ ਪੌਣ ਦੋਵੇਂ ਤੂੰਬੇ ਬਨਾਏ ਹਨ ਅਤੇ [ਜੁਗ] ਦੋਹਾਂ (ਨੂੰ ਵਾਹਿਗੁਰੂ ਨਾਮ ਵਿਚ) ਜੋੜਨਾ [ਸਾਰਦ] ਡੰਡੀ ਬਣਾਈ ਹੈ।

**ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ ॥੩॥**

(ਜੋ ਬੁਧੀ) ਅਚਲ ਹੋਈ ਹੈ, ਏਹੋ ਤੰਦੀ ਹੈ, (ਟੁਟਦੀ) ਨਹੀਂ ਅਤੇ ਇਹ ਕਿੰਗਰੀ ਇਕ ਰਸ ਵਜ ਰਹੀ ਹੈ ॥੩॥

**ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ ॥**

(ਇਸ ਕਿੰਗੁਰੀ ਨੂੰ) ਸੁਣ ਕੇ (ਜਿਸ ਦਾ) ਮਨ ਮਸਤ ਹੋ ਗਿਆ ਹੈ, (ਉਸ) ਪੂਰੇ (ਪੁਰਖ) ਨੂੰ ਮਾਇਆ ਦੀ ਡੋਲ ਨਹੀਂ ਲਗਦੀ।

**ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ ਖੇਲਿ ਗਇਓ ਬੈਰਾਗੀ ॥੪॥੨॥੫੩॥**

ਕਬੀਰ ਜੀ ਆਖਦੇ ਹਨ, ਉਸ ਨੂੰ ਫੇਰ ਜਨਮ ਨਹੀਂ (ਹੋਵੇਗਾ ਕਿਉਂਕਿ ਉਹ) ਵੈਰਾਗੀ (ਆਪਣੀ ਸਾਰੀ) ਖੇਡ ਖੇਡ ਗਿਆ ਹੈ ॥੪॥੨॥੫੩॥

**ਗਉੜੀ ॥ ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ ॥**

(ਨੌਂ ਗੋਲਕਾਂ) ਨੌਂ ਗਜ, (ਦਸ ਇੰਦਰੇ) ਦਸ, ਗਜ, (ਦਸ ਪ੍ਰਾਣ, ਪੰਜ ਸੂਖਮ ਤੱਤ, ਪੰਜ ਸਥੂਲ ਤੱਤ,

ਤੇ ਇਕ ਮਨ) ਇਕੀ ਗਜ (ਏਹ ਚਾਲੀ ਗਜ ਦੀ ਪੂਰੀ) ਇਕ ਤਾਣੀ ਹੈ ।

**ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ ॥੧॥**

ਸਠ (ਨਾੜੀਆਂ ਤਾਣੇ ਦਾ) ਸੂਤਰ ਹਨ, ਨੌਂ ਜੋੜ (ਕਾਨ੍ਹੂੰ ਗਡੇ ਗਏ) ਅਤੇ ਬਹੱਤਰ (ਹਜ਼ਾਰ ਨਾੜੀਆਂ) ਪੇਟੇ (ਦਾ ਸੂਤਰ ਤਾਣੇ ਨਾਲੋਂ) ਬਹੁਤਾ ਲਗਾ ਹੋਇਆ (ਹੈ ਜਿਸ ਨੂੰ ਅਜੇਹੀ ਤਾਣੀ ਲੈ ਕੇ)—

**ਗਈ ਬੁਨਾਵਨ ਮਾਹੋ ॥ ਘਰ ਛੋਡਿਐ ਜਾਇ ਜੁਲਾਹੋ ॥੧॥ ਰਹਾਉ ॥**

[ਮਾਹੋ] ਬੁਧੀ ਉਣਾਉਣ ਲੈ ਗਈ ਸੀ, (ਜਦੋਂ ਜੀਵ ਰੂਪ) ਜੁਲਾਹੇ (ਨੇ ਪਹਿਲੇ) ਸਰੀਰ ਨੂੰ ਛਡਿਆ ਸੀ, (ਅਰਥਾਤ ਜਦੋਂ ਜੀਵ ਨੇ ਪਹਿਲਾਂ ਸਰੀਰ ਛਡਿਆ ਤਾਂ ਬੁਧੀ ਦੂਜੇ ਸਰੀਰ ਨੂੰ ਧਾਰਨ ਕਰਨ ਲਈ ਉਸਦੇ ਕੋਲ ਗਈ) ॥੧॥ ਰਹਾਉ ॥

**ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ ॥**

(ਏਹ ਤਾਣੀ) ਗਜਾਂ ਨਾਲ ਮਿਣੀ ਨਹੀਂ ਜਾਂਦੀ, ਵੱਟੇ ਨਾਲ ਤੋਲੀ ਨਹੀਂ ਜਾਂਦੀ (ਪਰ ਖ਼ੁਰਾਕ ਰੂਪ) ਪਾਨ (ਇਸ ਦੀ) ਢਾਈ ਸੇਰ ਹੈ ।

**ਜੌ ਕਰਿ ਪਾਚਨੁ ਬੇਗਿ ਨ ਪਾਵੈ ਝਗਰੁ ਕਰੈ ਘਰਹਾਈ ॥੨॥**

ਜੇਕਰ ਖ਼ੁਰਾਕ ਛੇਤੀ ਨਾ ਮਿਲੇ ਤਾਂ ਝਗੜਾ ਹੁੰਦਾ ਹੈ, ਅਤੇ ਸਰੀਰ ਨਾਸ ਹੋ ਜਾਂਦਾ ਹੈ ॥੨॥

**ਦਿਨ ਕੀ ਬੈਠ ਖਸਮ ਕੀ ਬਰਕਸ ਇਹ ਬੇਲਾ ਕਤ ਆਈ ॥**

(ਹੇ ਬੁਧੀ !) ਖਸਮ ਦੇ [ਬਰਕਸ] ਉਲਟ (ਨਾ ਚਲ ਮੁੜ ਕੇ) ਏਹ ਮਨੁੱਖਾ ਜਨਮ ਦਾ ਵੇਲਾ ਕਦੋਂ ਹੱਥ ਆਵੇਗਾ ? (ਜਦੋਂ) ਦਿਨਾਂ ਦੀ [ਬੈਠ] ਸਮਾਪਤੀ ਹੋਈ ਤਾਂ—

**ਛੂਟੇ ਕੂੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ ॥੩॥**

(ਪਦਾਰਥਾਂ ਰੂਪ) ਕੂੰਡੇ ਛੁਟ ਜਾਣਗੇ, (ਵਾਸ਼ਨਾਂ ਰੂਪ) ਨਲੀਆਂ ਭਿੱਜੀਆਂ ਰਹਿਣਗੀਆਂ ਅਤੇ ਜੀਵ ਰੂਪ ਜੁਲਾਹਾ ਗੁਸੇ ਹੋ ਕੇ ਤੁਰ ਜਾਵੇਗਾ ॥੩॥

**ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ ॥**

(ਜੀਭ ਰੂਪ) ਨਲੀ ਖਾਲੀ ਹੋ ਜਾਵੇਗੀ, (ਬੋਲਣ ਰੂਪ) ਤੰਦ ਨਹੀਂ ਨਿਕਲਨੀ, (ਫਿਰ ਏਹ ਸਰੀਰ ਰੂਪ ਤਾਣੀ ਭੀ) ਲਪੇਟੀ ਨਹੀਂ ਰਹਿਣੀ ।

**ਛੋਡਿ ਪਸਾਰੁ ਈਹਾ ਰਹੁ ਬਪੁਰੀ ਕਹੁ ਕਬੀਰ ਸਮਝਾਈ ॥੪॥੩॥੫੪॥**

(ਇਸ ਲਈ ਹੇ) ਵਿਚਾਰੀ (ਬੁੱਧੀ !) ਪਸਾਰੇ ਨੂੰ ਛੱਡ ਕੇ [ਈਹਾ] ਵਾਸ਼ਨਾ ਤੋਂ ਹਟ ਜਾ, ਕਬੀਰ ਜੀ ਨੇ ਇਹ ਸਮਝੌਤੀ ਆਖੀ ਹੈ ॥੪॥੩॥੫੪॥

**ਗਉੜੀ ॥ ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ ॥**

(ਜਿਸ ਦੀ) ਜੋਤ ਇਕ ਨਾਲ ਮਿਲਕੇ ਇਕ ਹੋ ਗਈ ਹੈ, ਕੀ ਫਿਰ ਉਹ ਵੱਖ ਹੁੰਦੀ ਹੈ ? ਨਹੀਂ ਹੁੰਦੀ।

**ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ ॥੧॥**

ਜਿਸ ਦੇ ਹਿਰਦੇ ਵਿਚ ਨਾਮ ਦੀ ਪ੍ਰੀਤ ਪੈਦਾ ਨਹੀਂ ਹੋਈ, ਉਹ ਪੁਰਸ਼ ਫੁਟਕੇ ਮਰਦਾ ਹੈ॥੧॥

**ਸਾਵਲ ਸੁੰਦਰ ਰਾਮਈਆ॥ ਮੇਰਾ ਮਨੁ ਲਾਗਾ ਤੋਹਿ ॥੧॥ ਰਹਾਉ ॥**

ਹੇ ਸੌਲੇ ਤੋਂ ਸੁੰਦਰ (ਕਰਨ ਵਾਲੇ) ਰਾਮ! ਮੇਰਾ ਮਨ ਤੇਰੇ ਨਾਲ ਲੱਗਾ ਹੈ ॥੧॥ ਰਹਾਉ॥

**ਸਾਧੁ ਮਿਲੈ ਸਿਧਿ ਪਾਈਐ ਕਿ ਏਹੁ ਜੋਗੁ ਕਿ ਭੋਗੁ ॥**

ਸੰਤਾਂ ਨੂੰ ਮਿਲਿਆਂ ਮੁਕਤੀ ਮਿਲਦੀ ਹੈ ਕੀ ਏਹ ਜੋਗ ਤੇ ਕੀ ਭੋਗ (ਹੈ, ਅਰਥਾਤ ਮੁਕਤੀ ਦਾ ਸਾਧਨ ਜੋਗ ਨਹੀਂ) ਅਤੇ ਨਾ ਹੀ ਮੁਕਤੀ ਵਿਚ ਰੋਕ ਪਾਉਣ ਵਾਲਾ ਭੋਗ ਹੈ, ਮੁਕਤੀ ਤਾਂ ਸਤਿਸੰਗਤ ਕੀਤਿਆਂ ਹੋਣੀ ਹੈ।

**ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ ॥੨॥**

(ਗੁਰੂ ਤੇ ਚੇਲਾ ਇਨ੍ਹਾਂ) ਦੋਹਾਂ ਦੇ ਮਿਲਿਆਂ (ਮੁਕਤੀ ਰੂਪ) ਕਾਰਜ ਪੂਰਾ ਹੁੰਦਾ ਹੈ, ਅਤੇ ਰਾਮ ਦੇ ਨਾਮ ਦਾ ਸੰਜੋਗ (ਹੀ ਕੰਮ ਕਰਦਾ ਹੈ) ॥੨॥

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥**

ਲੋਕ (ਤਾਂ ਮੇਰੇ) ਇਸ ਗਿਆਨ) ਨੂੰ ਗਾਉਣਾ ਜਾਣਦੇ ਹਨ, ਪਰ ਏਹ ਤਾਂ ਬ੍ਰਹਮ ਦੀ ਵੀਚਾਰ ਹੈ।

**ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥੩॥**

ਜਿਵੇਂ ਕਾਂਸ਼ੀ ਵਿਚ ਮਰਦੀ ਵੇਰੀ ਮਨੁੱਖ (ਨੂੰ ਸ਼ਿਵ ਜੀ ਵਲੋਂ ਤਾਰਕ ਮੰਤਰ ਦਾ) ਉਪਦੇਸ਼ ਹੁੰਦਾ (ਹੈ, ਅਤੇ ਉਸੇ ਉਪਦੇਸ਼ ਕਰਕੇ ਕਾਂਸ਼ੀ ਵਿਚ ਮੋਏ ਦੀ ਮੁਕਤੀ ਹੁੰਦੀ ਹੈ, ਉਸੇ ਤਰ੍ਹਾਂ ਦਾ ਇਹ ਮੁਕਤੀ ਦਾਤਾ ਬ੍ਰਹਮ ਵੀਚਾਰ ਦਾ ਗਾਉਣਾ ਹੈ।) ॥੩॥

**ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥**

(ਇਸ ਨੂੰ ਭਾਵੇਂ) ਕੋਈ ਗਾਵੇ ਤੇ (ਭਾਵੇਂ ਕੋਈ ਸੁਣੇ) ਪਰ ਚਿੱਤ ਹਰੀ ਨਾਮ ਨਾਲ ਲਾਵੇ।

**ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ ॥੪॥੧॥੪॥੫੫॥**

ਕਬੀਰ ਜੀ ਕਹਿੰਦੇ ਹਨ, (ਇਸ ਵਿਚ ਕੋਈ) ਸੰਦੇਹ ਨਹੀਂ (ਕਿ ਉਹ) ਅੰਤ ਨੂੰ (ਜ਼ਰੂਰ ਹੀ) ਮੁਕਤੀ ਪਾ ਲਵੇਗਾ ॥੪॥੧॥੪॥੫੫॥

**ਗਉੜੀ ॥ ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ ॥**

ਹੇ ਭਾਈ! ਜਿੰਨੇ ਜਤਨ ਕਰਨ ਵਾਲੇ ਸਨ, ਉਹ ਡੁਬ ਗਏ, ਸੰਸਾਰ ਸਮੁੰਦਰ ਤੋਂ ਤਰੇ ਨਹੀਂ।

**ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ ॥੧॥**

ਹੇ ਭਾਈ! (ਜੋ) ਕਰਮ ਧਰਮ (ਆਦਿਕ) ਬਹੁਤੇ ਸਾਧਨ ਕਰਦੇ ਸਨ, (ਉਨ੍ਹਾਂ ਨੇ) ਹੰਕਾਰ (ਦੀ ਅੱਗ ਨਾਲ) ਮਨ ਤੇ ਬੁੱਧੀ ਨੂੰ ਸਾੜ ਲਿਆ ਹੈ ॥੧॥

**ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ॥**

ਹੇ ਭਾਈ! ਜੋ ਸਾਸ ਤੇ ਗਰਾਸ ਦੇਣ ਵਾਲਾ ਵਾਹਿਗੁਰੂ ਹੈ, (ਤੂੰ) ਉਸਨੂੰ ਮਨੋਂ ਕਿਉਂ ਭੁਲਾਇਆ ਹੈ?

**ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ ॥੧॥ ਰਹਾਉ ॥**

ਅਮੋਲਕ ਹੀਰੇ ਲਾਲਾਂ (ਵਰਗਾ ਮਨੁੱਖ) ਜਨਮ ਹੈ, (ਇਸ ਨੂੰ ਤੂੰ ਵਿਸ਼ਿਆਂ ਰੂਪ) ਕੌਡੀ ਦੇ ਬਦਲੇ ਵਿਚ ਹਾਰ ਦਿੱਤਾ ਹੈ ॥੧॥ ਰਹਾਉ ॥

**ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ ॥**

ਹੇ ਭਾਈ ! (ਧਨ ਦੀ) ਤ੍ਰਿਸ਼ਨਾ, (ਸ਼ਰਾਬ ਆਦਿਕ ਦੀ) ਤ੍ਰੇਹ (ਭੋਜਨ ਆਦਿਕਾਂ ਦੀ) ਭੁਖ, (ਅਤੇ ਦੁਖ ਵਿਚ ਸੁਖ ਦੀ) ਭ੍ਰਾਂਤੀ ਲਗੀ (ਹੋਣ ਕਰਕੇ ਮੁਕਤੀ ਦਾ ਸਾਧਨ ਕਦੇ ਭੀ) ਹਿਰਦੇ ਵਿਚ ਨਹੀਂ ਵਿਚਾਰਿਆ।

**ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥੨॥**

ਹੇ (ਭਾਈ ! ਤੈਨੂੰ) ਹੰਕਾਰ ਦੀ [ਉਨਮਤ] ਮਸਤੀ ਨੇ ਲੁਟ ਲਿਆ ਹੈ, (ਇਸੇ ਲਈ ਤੂੰ) ਮਨ ਵਿਚ ਗੁਰੋਂ ਦਾ ਉਪਦੇਸ਼ ਨਹੀਂ ਵਸਾਇਆ ॥੨॥

**ਸੁਆਦੁ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ ॥**

ਸੁਆਦਾਂ ਦੇ ਲੋਭੀ ਨੂੰ ਇੰਦ੍ਰੀਆਂ ਰਸਾਂ ਵਿਚ ਲਾਉਂਦੀਆਂ ਹਨ, ਤਾਂ ਸ਼ਰਾਬ (ਆਦਿਕਾਂ ਦਾ) ਸੁਆਦ ਲੈ ਕੇ ਵਿਕਾਰ ਕਰਦਾ ਹੈ।

**ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ ॥੩॥**

(ਜੋ) ਕਰਮਾਂ (ਧਰਮਾਂ) ਤੋਂ ਭੱਜ ਕੇ ਸੰਤਾਂ ਦੇ ਸੰਗ (ਵਿਚ ਆਇਆ ਹੈ, ਉਸ ਨੂੰ ਸੰਤਾਂ ਨੇ ਇਉਂ) ਤਾਰ ਦਿੱਤਾ ਹੈ, ਜਿਵੇਂ ਕਾਠ ਨਾਲ ਲੋਹਾ ਤਰ ਜਾਂਦਾ ਹੈ ॥੩॥

SIKHBOOKCLUB.COM

**ਧਾਵਤ ਜੋਨਿ ਜਨਮ ਭ੍ਰਮਿ ਥਾਕੇ ਅਬ ਦੁਖ ਕਰਿ ਹਮ ਹਾਰਿਓ ਰੇ ॥**

ਜੂਨਾਂ ਵਿਚ ਦੌੜਦਿਆਂ, ਜਨਮਾਂ ਵਿਚ ਭੌਂਦਿਆਂ, ਥੱਕ ਗਏ ਹਾਂ, ਅਤੇ ਹੁਣ ਦੁਖੀ ਹੋ ਕੇ ਹਾਰ ਗਏ ਹਾਂ।

**ਕਹਿ ਕਬੀਰ ਗੁਰ ਮਿਲਤ ਮਹਾ ਰਸੁ ਪ੍ਰੇਮ ਭਗਤਿ ਨਿਸਤਾਰਿਓ ਰੇ ॥੪॥੧॥੫॥੫੬॥**

ਕਬੀਰ ਜੀ ਕਹਿੰਦੇ ਹਨ, ਗੁਰੂ ਦੇ ਮਿਲਦਿਆਂ ਹੀ ਅੰਮ੍ਰਿਤ (ਪੀਤਾ ਹੈ : ਉਸੇ) ਪ੍ਰੇਮਾ ਭਗਤੀ (ਨੇ ਮੈਨੂੰ) ਤਾਰ ਲਿਆ ਹੈ ॥੪॥੧॥੫॥੫੬॥

**ਗਉੜੀ ॥ ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ ॥**

ਹੇ ਬੌਰੇ ਮਨ ! (ਜਿਵੇਂ) ਕਾਗਤਾਂ ਦੀ ਹਥਣੀ (ਬਣੀ ਹੈ, ਇਵੇਂ ਹੀ) ਵਾਹਿਗੁਰੂ (ਨੇ ਇਸ ਜਗਤ ਦੀ) ਖੇਡ ਬਣਾਈ ਹੋਈ ਹੈ।

**ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸ ॥੧॥**

ਹੇ ਬੌਰੇ ਮਨ ! (ਜਿਵੇਂ) ਕਾਮ ਵਾਸ਼ਨਾ (ਕਰ ਕੇ) ਹਾਥੀ ਫਸ ਜਾਂਦਾ ਹੈ, ਅਤੇ ਸਿਰ ਉਤੇ ਅੰਕੁਸ਼ਾਂ (ਦੀ ਮਾਰ) ਸਹਾਰਦਾ ਹੈ, (ਇਵੇਂ ਇਸ ਖੇਡ ਵਿਚ ਜੋ ਲਗੇਗਾ ਉਹ ਦੁਖ ਪਾਇਗਾ) ॥੧॥

**ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ ॥**

ਹੇ ਬੌਰੇ ਮਨ! ਸਮਝ ਜਾਹ, ਵਿਸ਼ਿਆਂ ਤੋਂ ਬਚ, ਅਤੇ ਹਰਿ (ਨਾਮ ਵਿਚ) ਲਗ ।

**ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ ॥੧॥ ਰਹਾਉ ॥**

ਹੇ ਬੌਰੇ ਮਨ! ਨਿਡਰ ਹੋਣ ਲਈ ਹਰੀ ਨੂੰ ਨਹੀਂ ਜਪਦਾ ਅਤੇ ਨਾ ਹੀ ਰਾਮ (ਨਾਮ ਰੂਪ) ਜਹਾਜ਼ (ਤੇ ਚੜ੍ਹਿਆ ਹੈ ਜਿਸ ਕਰਕੇ ਸੰਸਾਰ ਸਮੁੰਦਰ ਤੋਂ ਤਰ ਜਾਵੇਂ) ॥੧॥ ਰਹਾਉ ॥

**ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ ॥**

ਹੇ ਬੌਰੇ ਮਨ! (ਵੇਖ) ਬਾਂਦਰ ਹੱਥ ਪਸਾਰਕੇ ਅਨਾਜ ਦੀ ਮੁੱਠ ਭਰ ਲੈਂਦਾ ਹੈ ।

**ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ ॥੨॥**

ਹੇ ਬੌਰੇ ਮਨ! (ਫਿਰ ਉਸਨੂੰ) ਛੁਟਕਾਰੇ ਦਾ ਤਾਂ ਸੰਸਾ ਪੈ ਜਾਂਦਾ ਹੈ ਅਤੇ ਘਰ ਘਰ ਦੇ ਬੂਹੇ (ਅੱਗੇ) ਨਚਦਾ ਹੈ ॥੨॥

**ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ ॥**

ਹੇ ਬੌਰੇ ਮਨ! ਜਿਵੇਂ *ਨਲਨੀ (ਨਾਲ) ਤੋਤਾ ਫੜਿਆ ਜਾਂਦਾ ਹੈ, ਇਹੋ ਵਿਹਾਰ ਮਾਇਆ ਦਾ ਹੈ, (ਅਰਥਾਤ ਮਾਇਆ ਮਗਰ ਲਗ ਕੇ ਜੀਵ ਫਸਦਾ ਹੈ)।

**ਜੈਸਾ ਰੰਗੁ ਕਸੁੰਭ ਕਾ ਮਨ ਬਉਰਾ ਰੇ ਤਿਉ ਪਸਰਿਓ ਪਾਸਾਰੁ ॥੩॥**

ਹੇ ਬੌਰੇ ਮਨ! ਜਿਵੇਂ ਕਸੁੰਭੇ ਦਾ ਰੰਗ (ਝੂਠਾ ਹੁੰਦਾ ਹੈ) ਇਵੇਂ ਹੀ ਪਸਰਿਆ ਹੋਇਆ ਪਸਾਰਾ (ਝੂਠਾ ਹੈ) ॥੩॥

SIKHBOOKCLUB.COM

**ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ ॥**

ਹੇ ਬੌਰੇ ਮਨ! ਨਹਾਉਣ ਲਈ ਬਹੁਤੇ ਤੀਰਥ ਹਨ, ਤੇ ਪੂਜਨ ਲਈ ਬਹੁਤੇ ਦੇਵਤੇ ਹਨ ।

**ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ ॥੪॥੧॥੬॥੫੭॥**

ਕਬੀਰ ਜੀ ਆਖਦੇ ਹਨ, ਹੇ ਬੌਰੇ ਮਨ! (ਇਉਂ) ਛੁਟਕਾਰਾ ਨਹੀਂ (ਹੋਣਾ) ਛੁਟਕਾਰਾ ਤਾਂ ਹਰੀ ਦੀ ਸੇਵਾ (ਕੀਤਿਆਂ ਹੋਣਾ ਹੈ) ॥੪॥੧॥੬॥੫੭॥

## ਗਉੜੀ ॥

ਉਥਾਨਕਾ—ਕਿਸੇ ਰਾਜੇ ਨੂੰ ਉਪਦੇਸ਼ ਹੈ ।

**ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ ॥**

(ਜਿਸਨੂੰ) ਅੱਗ ਨਹੀਂ ਸਾੜਦੀ, ਹਵਾ ਉਡਾਂਦੀ ਨਹੀਂ ਤੇ ਚੋਰ (ਜਿਸਦੇ) ਨੇੜੇ ਨਹੀਂ ਆ ਸਕਦਾ ।

---

** ਤੋਤੇ ਨੂੰ ਫੜਨ ਲਈ ਇਹ ਵਿਉਂਤ ਬਣਾਈ ਜਾਂਦੀ ਹੈ ਕਿ ਇਕ ਫੇਰ ਖਾ ਜਾਣ ਵਾਲਾ ਖੰਭੜ ਹੁੰਦਾ ਹੈ, ਤੋਤਾ ਭਿਤੀ ਦੇ ਲਾਲਚ ਉਸ ਤੇ ਆ ਬਹਿੰਦਾ ਹੈ, ਖੰਭੜ ਭੌਂ ਜਾਂਦਾ ਹੈ, ਤੇ ਤੋਤਾ ਉਲਟਾ ਲਟਕ ਜਾਂਦਾ ਹੈ, ਹੇਠਾਂ ਪਾਣੀ ਦਾ ਭਾਂਡਾ ਭਰ ਕੇ ਰਖਿਆ ਹੁੰਦਾ ਹੈ, ਆਪਣੇ ਪਰਛਾਵੇਂ ਨੂੰ ਵੇਖ ਕੇ ਡੁਬ ਜਾਣ ਦੇ ਡਰ ਕਰਕੇ ਖੰਭੜ ਨਹੀਂ ਛਡਦਾ ਅਤੇ ਟੀਂ ਟੀਂ ਕਰਦਾ ਹੋਇਆ ਹੀ ਫੜਿਆ ਜਾਂਦਾ ਹੈ ।*

Sri Satguru Jagjit Singh Ji eLibrary NamdhariElibrary@gmail.com

**ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤ ਹੀ ਨ ਜਾਵੈ ॥੧॥**

(ਉਸ) ਰਾਮ ਨਾਮ ਰੂਪ ਧਨ ਨੂੰ 'ਕੱਠਾ ਕਰੋ, ਉਹ ਧਨ ਕਿਤੇ ਨਹੀਂ ਜਾਂਦਾ ॥੧॥

**ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ ॥**

ਧਰਤੀ ਦੇ ਆਸਰੇ ਮਾਧੋ ਗੋਬਿੰਦ ਦਾ ਨਾਮ ਹੀ ਸਾਡਾ ਧਨ ਹੈ, ਇਹੋ ਸਰੇਸ਼ਟ ਧਨ ਕਿਹਾ ਜਾਂਦਾ ਹੈ।

**ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥੧॥ ਰਹਾਉ ॥**

ਜੋ ਸੁਖ ਪ੍ਰਭੂ ਗੋਬਿੰਦ ਦੀ ਸੇਵਾ (ਵਿਚ ਹੈ) ਉਹ ਸੁਖ ਰਾਜ ਵਿਚ ਭੀ ਨਹੀਂ ਮਿਲਦਾ ॥੧॥ ਰਹਾਉ ॥

**ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ ॥**

ਇਸ ਦੌਲਤ ਨੂੰ ਢੂੰਡਨ ਵਾਸਤੇ ਸ਼ਿਵ ਜੀ ਤੇ ਸਨਕ ਆਦਿਕ ਸਾਰੇ ਹੀ ਉਦਾਸੀ ਹੋਏ ਫਿਰਦੇ ਹਨ।

**ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ ॥੨॥**

(ਜਿਸਦੇ) ਮਨ (ਵਿਚ) ਮੁਕਤੀ ਦਾਤੇ (ਦਾ ਧਿਆਨ) ਤੇ ਜੀਭ ਵਿਚ 'ਨਾਰਾਇਣ' (ਦਾ ਨਾਮ ਵੱਸਦਾ ਹੈ, ਉਸ ਨੂੰ) ਜਮਾਂ ਦੀ ਫਾਹੀ ਨਹੀਂ ਪੈਂਦੀ ॥੨॥

**ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥**

(ਜਿਸ ਗੁਰੂ ਨੇ) ਆਪਣਾ ਧਨ ਜਾਂ ਗਿਆਨ ਭਗਤੀ ਦਿਤੀ ਹੈ, ਉਸਦੇ ਸ਼ੁਭ ਮੱਤ (ਵਿਚ ਮੇਰਾ) ਮਨ ਲਗ ਗਿਆ ਹੈ।

SIKHBOOKCLUB.COM

**ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥**

(ਉਹ ਭਗਤੀ) ਸੜਦੇ ਮਨ ਨੂੰ [ਅੰਭ] ਪਾਣੀ (ਵਾਂਗੂ ਠੰਡਾ ਕਰਨ ਵਾਲੀ, (ਤੇ ਦੌੜਦੇ ਮਨ ਨੂੰ ਥੰਮ੍ਹੇ (ਵਾਂਗੂ ਅੱਚਲ ਕਰਨ ਵਾਲੀ ਹੈ ਇਸ ਲਈ ਹੁਣ) ਭਰਮ ਦੇ ਬੰਧਨ ਤੇ ਡਰ ਨਾਸ ਹੋ ਗਿਆ ਹੈ ॥੩॥

**ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ ॥**

ਕਬੀਰ ਜੀ ਕਹਿੰਦੇ ਹਨ, ਹੇ [ਮਦਨ] ਹੰਕਾਰਾਂ ਦੇ ਮਤੇ ਹੋਏ! ਹਿਰਦੇ ਵਿਚ ਵਿਚਾਰਕੇ ਵੇਖ।

**ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ ॥੪॥੧॥੭॥੫੮॥**

(ਕਿ) ਤੇਰੇ ਘਰ ਤਾਂ ਲੱਖਾਂ ਕ੍ਰੋੜਾਂ (ਰੁਪਏ ਤੇ) ਹਾਥੀ ਘੋੜੇ (ਹਨ, ਅਤੇ) ਸਾਡੇ ਘਰ ਵਿਚ ਇਕ ਵਾਹਿਗੁਰੂ ਦਾ ਨਾਮ ਹੈ, (ਫਿਰ ਅਸੀਂ ਤੇਰੇ ਨਾਲੋਂ ਕ੍ਰੋੜ ਗੁਣਾਂ ਸੁਖੀ ਹਾਂ) ॥੪॥੧॥੭॥੫੮॥

**ਗਉੜੀ ॥ ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ ॥**

ਜਿਵੇਂ ਬਾਂਦਰ ਦੇ ਹੱਥ ਮੁੱਠ ਛੋਲਿਆਂ ਦੀ (ਆ ਜਾਵੇ ਤਾਂ ਉਹ ਉਸਨੂੰ) ਲੋਭ ਵੱਸ ਹੋ ਕੇ ਛੱਡਦਾ ਨਹੀਂ ਹੈ, (ਅਤੇ ਘਰ ਘਰ ਅੱਗੇ ਜਾ ਕੇ ਨੱਚਦਾ ਹੈ)।

**ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਓ ॥੧॥**

(ਇਵੇਂ ਹੀ) ਜੋ ਜੋ ਕਰਮ ਲਾਲਚ ਵੱਸ ਹੋ ਕੇ ਕੀਤੇ ਸਨ, ਉਹ ਉਲਟੇ ਗਲ ਵਿਚ ਫਾਹੀ ਹੋ ਕੇ ਪੈ

ਗਏ ਹਨ ॥੧॥

**ਭਗਤਿ ਬਿਨੁ ਬਿਰਥੇ ਜਨਮੁ ਗਇਓ ॥**

ਭਗਤੀ (ਕਰਨ ਤੋਂ) ਬਿਨਾਂ (ਮਨੁੱਖ) ਜਨਮ ਵਿਅਰਥ (ਚਲਾ) ਗਿਆ ਹੈ।

**ਸਾਧਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ ॥੧॥ ਰਹਾਉ ॥**

ਸਾਧ ਸੰਗਤ ਤੇ ਵਾਹਿਗੁਰੂ ਦੇ ਭਜਨ ਤੋਂ ਬਿਨਾਂ (ਹੋਰ) ਕਿਸੇ (ਕਰਮ ਧਰਮ ਵਿਚ) ਸੱਚ ਨਹੀਂ ਰਿਹਾ ॥੧॥ ਰਹਾਉ ॥

**ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ ॥**

ਜਿਵੇਂ ਜੰਗਲ ਵਿਚ ਖਿੜੇ ਫੁਲਾਂ ਦੀ ਵਾਸ਼ਨਾ ਨੂੰ ਕੋਈ ਭੀ ਨਹੀਂ ਲੈਂਦਾ (ਐਵੇਂ ਹੀ ਕੁਮਲਾ ਜਾਂਦੇ ਹਨ)।

**ਤੈਸੇ ਭ੍ਰਮਤ ਅਨੇਕ ਜੋਨਿ ਮਹਿ ਫਿਰਿ ਫਿਰਿ ਕਾਲ ਹਇਓ ॥੨॥**

ਇਵੇਂ ਹੀ ਅਨੇਕਾਂ ਜੂਨਾਂ ਵਿਚ ਭੌਂਦੇ (ਹੋਏ ਜੀਵ ਨੂੰ) ਮੁੜ ਕੇ ਕਾਲ ਮਾਰਦਾ ਹੈ ॥੨॥

**ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ ॥**

ਇਹ ਦੌਲਤ, ਜੁਆਨੀ ਅਤੇ ਪੁਤ੍ਰ-ਇਸਤ੍ਰੀ ਜੋ (ਕੁਝ) ਦਿੱਤਾ ਹੈ, (ਸਭ ਸਾਡੇ) [ਪੇਖਨ] ਪਰਤਾਵੇ ਨੂੰ (ਦਿੱਤਾ ਹੈ, ਕਿ ਇਨ੍ਹਾਂ ਵਿਚ ਰਹਿਕੇ ਸਿਮਰਨ ਕਰਦੇ ਹਨ ਜਾਂ ਨਹੀਂ ?)।

SIKHBOOKCLUB.COM

**ਤਿਨ ਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ ॥੩॥**

(ਜਿਨ੍ਹਾਂ ਨੂੰ) ਇੰਦ੍ਰੀਆਂ ਨੇ ਪ੍ਰੇਰ ਲਿਆ ਹੈ, (ਉਹ) ਇਨ੍ਹਾਂ ਦੀ [ਅਟਕਿ] ਫਾਹੀ ਵਿਚ ਹੀ [ਉਰਝੈ] ਫਸ ਗਏ ਹਨ ॥੩॥

**ਅਉਧ ਅਨਲ ਤਨੁ ਤਿਨ ਕੋ ਮੰਦਰੁ ਚਹੁ ਦਿਸ ਠਾਟੁ ਠਇਓ ॥**

ਸਰੀਰ ਤਾਂ ਕੱਖਾਂ ਦਾ ਮਕਾਨ ਹੈ ਅਤੇ ਉਮਰਾ [ਅਨਲ] ਅੱਗ ਹੈ, (ਇਸ ਅੱਗ ਨੇ ਇਸ ਮਕਾਨ ਨੂੰ) ਚੌਹ ਪਾਸਿਆਂ ਵਲੋਂ ਹੀ ਰੋਕਿਆ ਹੋਇਆ ਹੈ।

**ਕਹਿ ਕਬੀਰ ਭੈ ਸਾਗਰ ਤਰਨ ਕਉ ਮੈ ਸਤਿਗੁਰ ਓਟ ਲਇਓ ॥੪॥੧॥੮॥੫੯॥**

ਕਬੀਰ ਜੀ ਆਖਦੇ ਹਨ, ਸੰਸਾਰ ਸਮੁੰਦਰ ਤੋਂ ਤਰਨ ਲਈ ਮੈਂ ਸਤਿਗੁਰਾਂ ਦੀ ਓਟ ਫੜੀ ਹੈ ॥੪॥੧॥੮॥੫੯॥

**ਗਉੜੀ ॥ ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥੧॥**

(ਪਿਤਾ ਦੇ ਬੀਰਜ ਰੂਪ) ਮੈਲੇ ਪਾਣੀ (ਤੇ ਮਾਂ ਦੀ ਰਕਤ ਰੂਪ) ਚਿੱਟੀ ਮਿੱਟੀ (ਦੀ ਘਾਣੀ ਬਣਾ ਕੇ) ਇਸ ਮਿੱਟੀ ਦੀ ਪੁਤਲੀ ਬਣਾਈ ਹੈ ॥੧॥

**ਮੈ ਨਾਹੀ ਕਛੁ ਆਹਿ ਨ ਮੋਰਾ ॥**

ਮੈਂ ਨਹੀਂ ਹਾਂ ਅਤੇ ਨਾ ਹੀ ਕੁਝ ਮੇਰਾ ਹੈ।

**ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥੧॥ ਰਹਾਉ ॥**

ਹੇ ਗੋਬਿੰਦ! ਤਨ ਧਨ ਤੇ ਹੋਰ ਸਾਰੇ ਰਸ ਤੇਰੇ (ਹੀ) ਹਨ ॥੧॥ ਰਹਾਉ ॥

**ਇਸ ਮਾਟੀ ਮਹਿ ਪਵਨੁ ਸਮਾਇਆ ॥**

ਇਸ ਮਿੱਟੀ (ਦੀ ਦੇਹ) ਵਿਚ ਹਵਾ ਸਮਾਈ ਹੋਈ ਹੈ।

**ਝੂਠਾ ਪਰਪੰਚੁ ਜੋਰਿ ਚਲਾਇਆ ॥੨॥**

(ਇਹ) ਝੂਠੀ ਠੱਗੀ (ਉਸ ਹਵਾ ਦੇ) ਜ਼ੋਰ ਨਾਲ ਤੋਰ ਦਿਤੀ ਹੈ ॥੨॥

**ਕਿਨਹੂ ਲਾਖ ਪਾਂਚ ਕੀ ਜੋਰੀ ॥**

ਕਿਸੇ ਨੇ ਪੰਜ (ਸੱਤ) ਲੱਖ (ਮਾਇਆ) 'ਕੱਠੀ ਕਰ ਲਈ ਹੈ।

**ਅੰਤ ਕੀ ਬਾਰ ਗਗਰੀਆ ਫੋਰੀ ॥੩॥**

ਅੰਤ ਦੇ ਵੇਲੇ (ਉਨ੍ਹਾਂ ਦੀ ਵੀ) ਘੜੀ ਭੱਜ ਗਈ ਹੈ (ਮਰ ਗਏ) ॥੩॥

**ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥੪॥੧॥੯॥੬੦॥**

ਕਬੀਰ ਜੀ ਕਹਿੰਦੇ ਹਨ, ਹੇ ਹੰਕਾਰੀ ਬੰਦੇ! (ਜਿਸ) ਨੀਂਹ (ਉਤੇ ਤੇਰੀ) ਉਸਾਰੀ (ਹੋਈ ਹੈ, ਏਹ ਤਾਂ) ਇਕ ਖਿਨ ਵਿਚ ਨਾਸ ਹੋ ਜਾਵੇਗੀ ॥੪॥੧॥੯॥੬੦॥

**ਗਉੜੀ ॥ ਰਾਮ ਜਪਉ ਜੀਅ ਐਸੇ ਐਸੇ ॥**

ਹੇ ਜੀਵੋ! ਇਸ ਇਸ ਤਰ੍ਹਾਂ ਰਾਮ (ਨੂੰ) ਜਪੋ।

**ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥**

ਜਿਸ ਤਰ੍ਹਾਂ ਧਰੂ ਤੇ ਪ੍ਰਹਿਲਾਦ ਨੇ ਹਰੀ ਨੂੰ ਜਪਿਆ ਸੀ ॥੧॥ (ਬੇਨਤੀ ਕਰੋ)—

**ਦੀਨ ਦਇਆਲ ਭਰੋਸੇ ਤੇਰੇ ॥**

ਹੇ ਦੀਨ ਦਿਆਲ! ਤੇਰੇ ਆਸਰੇ। (ਹੋ ਕੇ ਮੈਂ)—

**ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥**

ਸਾਰਾ ਕੁਟੰਬ (ਹੀ ਨਾਮ ਦੇ) ਜਹਾਜ਼ ਤੇ ਚੜ੍ਹਾ ਦਿੱਤਾ ਹੈ। (ਨਿਸਚਾ ਰਖੋ)—

**ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥**

ਜਦੋਂ ਉਸ (ਵਾਹਿਗੁਰੂ) ਨੂੰ (ਸਾਡੀ ਬੇਨਤੀ) ਭਾਵੇਗੀ, ਤਾਂ (ਓਦੋਂ ਸਾਥੋਂ ਆਪਣਾ) ਹੁਕਮ ਮੰਨਵਾਵੇਗਾ।

**ਇਸ ਬੇੜੇ ਕਉ ਪਾਰਿ ਲਘਾਵੈ ॥੨॥**

(ਫਿਰ) ਇਸ ਬੇੜੇ ਨੂੰ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਦੇਵੇਗਾ ॥੨॥

**ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥**

ਗੁਰਾਂ ਦੀ ਕ੍ਰਿਪਾ ਨਾਲ ਅਜੇਹੀ ਬੁਧੀ (ਜਿਸਦੇ ਦਿਲ ਵਿਚ) ਸਮਾ ਗਈ ਹੈ ।

**ਚੂਕਿ ਗਈ ਫਿਰਿ ਆਵਨ ਜਾਨੀ ॥੩॥**

(ਉਸ ਦਾ) ਮੁੜ ਕੇ ਆਉਣਾ ਜਾਣਾ ਮਿਟ ਗਿਆ ਹੈ ॥੩॥

**ਕਹੁ ਕਬੀਰ ਭਜੁ ਸਾਰਿਗਪਾਨੀ ॥**

ਕਬੀਰ ਜੀ ਆਖਦੇ ਹਨ, (ਹੇ ਭਾਈ!) ਵਾਹਿਗੁਰੂ ਨੂੰ ਯਾਦ ਕਰ ।

**ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥**

(ਕਿਉਂਕਿ ਉਹ) ਇਕੋ ਹੀ ਲੋਕ ਪਰਲੋਕ (ਦੀਆਂ) ਸਭ (ਚੀਜ਼ਾਂ) ਦੇਣ ਵਾਲਾ ਹੈ ॥੪॥੨॥੧੦॥੬੧॥

**ਗਉੜੀ ੯ ॥ ਜੋਨਿ ਛਾਡਿ ਜਉ ਜਗ ਮਹਿ ਆਇਓ ॥**

[ਜੋਨਿ] ਗਰਭ ਵਿਚੋਂ ਨਿਕਲ ਕੇ, ਜਦ ਜਗਤ ਵਿਚ ਆਇਆ ।

**ਲਾਗਤ ਪਵਨ ਖਸਮੁ ਬਿਸਰਾਇਓ ॥੧॥**

(ਤਾਂ ਜਗਤ ਦੀ) ਹਵਾ ਲਗਦਿਆਂ ਹੀ ਵਾਹਿਗੁਰੂ ਨੂੰ ਭੁਲਾ ਦਿੱਤਾ ।

**ਜੀਅਰਾ ਹਰਿ ਕੇ ਗੁਨਾ ਗਾਉ ॥੧॥ ਰਹਾਉ ॥**

ਹੇ ਜੀਵ! ਹਰੀ ਦੇ [ਗੁਨਾ] ਉਪਕਾਰ ਚੇਤੇ ਕਰ ॥੧॥ ਰਹਾਉ ॥

**ਗਰਭ ਜੋਨਿ ਮਹਿ ਉਰਧ ਤਪੁ ਕਰਤਾ ॥**

ਮਾਂ ਦੇ ਪੇਟ ਵਿਚ (ਤੂੰ) [ਉਰਧ] ਪੁੱਠਾ ਹੋ ਕੇ ਤਪ ਕਰਦਾ ਸੀ ।

**ਤਉ ਜਠਰ ਅਗਨਿ ਮਹਿ ਰਹਤਾ ॥੨॥**

ਤਦੋਂ ਹੀ [ਜਠਰ] ਪੇਟ ਦੀ ਅੱਗ ਤੋਂ (ਬਚਿਆ) ਰਹਿੰਦਾ ਸੀ ॥੨॥

**ਲਖ ਚਉਰਾਸੀਹ ਜੋਨਿ ਭ੍ਰਮਿ ਆਇਓ ॥**

ਚੁਰਾਸੀ ਲੱਖ ਜੂਨਾਂ ਵਿਚੋਂ ਭੌਂਦਾ-ਭੌਂਦਾ (ਮਨੁਖਾ ਜਨਮ ਵਿਚ) ਆਇਆ ਹੈਂ ।

**ਅਬ ਕੇ ਛੁਟਕੇ ਠਉਰ ਨ ਠਾਇਓ ॥੩॥**

ਹੁਣ ਦੇ ਖਿੜਕਿਆਂ (ਕੋਈ) ਥਾਂ ਟਿਕਾਨਾ ਨਹੀਂ (ਮਿਲਣਾ) ॥੩॥

**ਕਹੁ ਕਬੀਰ ਭਜੁ ਸਾਰਿਗਪਾਨੀ ॥**

ਕਬੀਰ ਜੀ ਆਖਦੇ ਹਨ, (ਹੇ ਭਾਈ! ਤੂੰ) [ਸਾਰਿਗਪਾਨੀ] ਵਾਹਿਗੁਰੂ ਨੂੰ ਯਾਦ ਕਰ ।

**ਆਵਤ ਦੀਸੈ ਜਾਤ ਨ ਜਾਨੀ ॥੪॥੧॥੧੧॥੬੨॥**

(ਉਹ) [ਜਾਨੀ] ਪਿਆਰਾ (ਕਿਤੇ) ਆਉਂਦਾ ਜਾਂਦਾ ਨਹੀਂ ਦਿਸਦਾ ॥੪॥੧॥੧੧॥੬੨॥

**ਗਉੜੀ ਪੂਰਬੀ ॥ ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥**

ਸੁਰਗ ਦਾ ਵਸੇਬਾ ਨਾ ਮੰਗੀਏ ਅਤੇ ਨਰਕ ਵਿਚ ਜਾਣ ਤੋਂ ਨਾ ਡਰੀਏ ।

**ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥੧॥**

(ਜੋ) ਹੋਣਾ ਹੈ, ਓਹੀ ਹੋਵੇਗਾ, ਮਨ ਵਿਚ ਕੋਈ ਆਸ ਨਾ ਕਰੀਏ ॥੧॥

**ਰਮਈਆ ਗੁਨ ਗਾਈਐ ॥ ਜਾ ਤੇ ਪਾਈਐ ਪਰਮ ਨਿਧਾਨੁ ॥੧॥ ਰਹਾਉ ॥**

ਰਾਮ ਦੇ ਗੁਣ ਗਾਵੀਏ, ਜਿਸ ਤੋਂ ਵਾਹਿਗੁਰੂ ਨੂੰ ਪਾਈਦਾ ਹੈ ॥੧॥ ਰਹਾਉ ॥

**ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥**

ਕੀ ਜਪ, ਕੀ ਤਪ, ਕੀ ਸੰਜਮ, ਕੀ ਵਰਤ ਤੇ ਕੀ ਇਸ਼ਨਾਨ (ਉੱਨਾ ਚਿਰ ਸਭ ਬਿਰਥਾ ਹਨ) ।

**ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ ॥੨॥**

ਜਿੰਨਾ ਚਿਰ ਵਾਹਿਗੁਰੂ ਦੀ ਪ੍ਰੇਮਾ ਭਗਤੀ ਦੀ ਜੁਗਤੀ ਨਹੀਂ ਜਾਣੀ ॥੨॥

**ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥**

ਧਨ ਸੰਪਦਾ (ਦੇ ਸੁਖ) ਵੇਖਕੇ ਖੁਸ਼ ਨਾ ਹੋਵੇ, ਬਿਪਤਾ ਦੇ (ਦੁਖ) ਵੇਖਕੇ ਨਾ ਰੋਵੇ ।

**ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ ॥੩॥**

ਜਿਵੇਂ ਸੁਖ ਹੈ, ਤਿਵੇਂ ਹੀ ਦੁਖ ਹੈ, ਜੋ [ਬਿਧ] ਬਿਧਾਤਾ (ਪ੍ਰਬੰਧ ਕਰਤੇ) ਨੇ ਬਣਾਇਆ ਹੈ, ਓਹੀ ਹੋਵੇਗਾ ॥੩॥

SIKHBOOKCLUB.COM

**ਕਹਿ ਕਬੀਰ ਅਬ ਜਾਨਿਆ ਸੰਤਨ ਰਿਦੈ ਮਝਾਰਿ ॥**

ਕਬੀਰ ਜੀ ਆਖਦੇ ਹਨ, ਹੁਣ (ਅਸਾਂ) ਜਾਣਿਆ ਹੈ, (ਕਿ ਵਾਹਿਗੁਰੂ) ਸੰਤਾਂ ਦੇ ਰਿਦੇ ਵਿਚ (ਵੱਸਦਾ ਹੈ) ।

**ਸੇਵਕ ਸੋ ਸੇਵਾ ਭਲੇ ਜਿਹ ਘਟ ਬਸੈ ਮੁਰਾਰਿ ॥੪॥੧॥੧੨॥੬੩॥**

ਸੇਵਕ ਓਹੀ ਚੰਗੇ ਹਨ, ਜਿਨ੍ਹਾਂ ਦੇ ਦਿਲ ਵਿਚ ਵਾਹਿਗੁਰੂ ਵੱਸਦਾ ਹੈ, (ਅਤੇ ਸਰੀਰ ਕਰਕੇ) ਸੇਵਾ (ਕਰਦੇ ਹਨ) ॥੪॥੧॥੧੨॥੬੩॥

**ਗਉੜੀ ॥ ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ ॥**

ਹੇ ਮਨ ! ਤੇਰਾ ਕੋਈ ਨਹੀਂ, (ਕਿਸੇ ਦਾ) ਭਾਰ (ਤੂੰ) [ਖਿੰਚਿ] ਬਦੋ-ਬਦੀ (ਆਪਣੇ ਸਿਰ ਤੇ) [ਜਿਨਿ] ਨਾ ਲੈ ।

**ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ ॥੧॥**

(ਜਿਵੇਂ ਰਾਤ) ਨੂੰ ਪੰਛੀ ਦਰਖ਼ਤ ਤੇ ਆ ਬੈਠਦਾ ਹੈ ਉਸੇ ਤਰ੍ਹਾਂ ਇਹ ਸੰਸਾਰ ਹੈ ॥੧॥

**ਰਾਮ ਰਸੁ ਪੀਆ ਰੇ ॥ ਜਿਹ ਰਸ ਬਿਸਰਿ ਗਏ ਰਸ ਅਉਰ ॥੧॥ ਰਹਾਉ ॥**

ਹੇ (ਭਾਈ ! ਮੈਂ) ਰਾਮ (ਨਾਮ) ਅੰਮ੍ਰਿਤ ਪੀਤਾ ਹੈ, ਜਿਸ ਰਸ (ਕਰਕੇ) ਹੋਰ (ਸਾਰੇ) ਰਸ ਭੁਲ ਗਏ ਹਨ ॥੧॥

ਰਹਾਉ ॥

**ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ ॥**

ਹੋਰਨਾਂ ਦੇ ਮੋਇਆਂ ਕੀ ਰੋਣਾ ਹੈ, ਜਦ ਆਪ ਹੀ ਅਚਲ ਨਹੀਂ ਰਹਿਣਾ ।

**ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ ॥੨॥**

ਜੋ ਜੰਮਿਆਂ, ਉਹ ਮਰੇਗਾ, (ਮੋਏ ਦਾ) ਦੁਖ ਮੰਨਕੇ (ਮੇਰੀ) ਬਲਾ ਰੋਂਦੀ ਹੈ ॥੨॥

**ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ ॥**

(ਮੇਰੀ ਬੁੱਧੀ) ਜਿਥੋਂ ਪੈਦਾ ਹੋਈ ਸੀ, ਉਸੇ ਵਿਚ ਲਗ ਗਈ ਹੈ ਅਤੇ [ਮਰਦਨ] ਸੰਤਾਂ ਨਾਲ ਰਲ ਕੇ (ਉਸ ਦਾ ਨਾਮ ਰਸ) ਪੀਂਦੀ ਹੈ ।

**ਕਹਿ ਕਬੀਰ ਚਿਤਿ ਚੇਤਿਆ ਰਾਮ ਸਿਮਰਿ ਬੈਰਾਗ ॥੩॥੨॥੧੩॥੬੪॥**

ਕਬੀਰ ਜੀ ਆਖਦੇ ਹਨ, ਚਿੱਤ ਨੂੰ ਚੇਤਾ ਆ ਗਿਆ ਹੈ, (ਇਸ ਲਈ ਦੁਨੀਆਂ ਤੋਂ) [ਬੈਰਾਗ] ਮੋਹ ਤੋੜਕੇ ਰਾਮ ਨੂੰ ਯਾਦ ਕਰਦਾ ਹੈ ॥੩॥੨॥੧੩॥੬੪॥

**ਰਾਗੁ ਗਉੜੀ ॥ ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥**

(ਜਿਵੇਂ ਪਤੀ ਪ੍ਰਦੇਸ ਗਏ ਦਾ) ਰਾਹ [ਕਾਮਨੀ] ਇਸਤਰੀ ਵੇਖਦੀ ਹੈ, ਅੱਖਾਂ ਭਰੀਆਂ (ਹੁੰਦੀਆਂ ਹਨ, ਅਤੇ) ਠੰਢੇ-ਠੰਢੇ ਸਾਹ ਲੈਂਦੀ ਹੈ ।

**ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ ॥੧॥**

(ਪਤੀ ਦਰਸ਼ਨ ਤੋਂ ਬਿਨਾਂ ਉਸਦਾ) ਹਿਰਦਾ (ਕਿਸੇ ਪਦਾਰਥ ਵਿਚ) ਨਹੀਂ ਭਿੱਜਦਾ ਅਤੇ ਨਹੀਂ (ਖਲੋਤੀ ਦਾ) ਪੈਰ (ਥੱਲੇ) ਖਿਸਕਦਾ ਹੈ, (ਇਵੇਂ ਹੀ ਸਾਡੇ ਮਨ ਵਿਚ) ਹਰੀ ਦੇ ਦਰਸ਼ਨ ਦੀ ਆਸ ਹੈ ॥੧॥

**ਉਡਹੁ ਨ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥੧॥ ਰਹਾਉ ॥**

ਹੇ ਕਾਲੇ ਕਾਂਉਂ ! ਉਡ ਵੀ ਨਾ, ਮੈਂ ਆਪਣੇ ਪਿਆਰੇ ਰਾਮ ਨੂੰ ਛੇਤੀ ਮਿਲ ਪਵਾਂ ॥੧॥ ਰਹਾਉ ॥

**ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥**

ਕਬੀਰ ਜੀ ਆਖਦੇ ਹਨ, ਜੀਵਨ ਪਦ (ਲੈਣ) ਵਾਸਤੇ ਹਰੀ ਦੀ ਭਗਤੀ ਕਰੋ ।

**ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ ॥੨॥੧॥੧੪॥੬੫॥**

(ਮਨ ਵਿਚ) ਇਕ ਨਾਰਾਇਣ ਦਾ ਆਸਰਾ (ਰਖੋ, ਅਤੇ) ਜੀਭ ਨਾਲ ਰਾਮ ਦਾ ਨਾਮ ਜਪੋ ॥੨॥੧॥੧੪॥੬੫॥

**ਰਾਗੁ ਗਉੜੀ ੧੧ ॥**

**ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ ॥**

ਆਲੇ ਦੁਆਲੇ [ਤੁਰਸੀ= ਤੁਲਸੀ] ਸਮਦ੍ਰਿਸ਼ਟੀ (ਆਦਿਕ ਸੁਭ ਗੁਣਾਂ) ਦੇ ਬੂਟੇ ਹਨ, ਅਤੇ ਵਿਚਾਲੇ

(ਆਤਮ) ਰਸ (ਦਾ) [ਗਾਊਂ= ਗ੍ਰਾਮ] ਪੁੰਜ (ਰੂਪ ਸਾਖੀ) ਬਣਿਆ (ਬੈਠਾ ਹੈ)।

**ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂ ਰੇ ॥੧॥**

ਉਸ (ਸਾਖੀ) ਚੈਤੰਨ) ਦਾ ਸਰੂਪ ਵੇਖਕੇ ਮੇਰੀ [ਗੁਆਰਨਿ] ਬੁਧੀ ਮੋਹੀ ਗਈ ਹੈ, (ਅਤੇ ਆਖਦੀ ਹੈ, ਹੇ ਪਿਆਰੇ!) ਮੈਨੂੰ ਛੱਡ ਨਹੀਂ (ਅਤੇ ਕਿਤੇ ਤੂੰ) ਆ ਜਾ (ਭੀ) ਨਾ ॥੧॥

**ਤੋਹਿ ਚਰਨ ਮਨੁ ਲਾਗੋ ਸਾਰਿੰਗਧਰ ॥ ਸੋ ਮਿਲੈ ਜੋ ਬਡਭਾਗੋ ॥੧॥ ਰਹਾਉ ॥**

ਹੇ ਸਾਰਿੰਗ* ਗਿਆਨ ਧਨੁਖ ਦੇ ਧਾਰਨ ਵਾਲੇ ਸਖੀ! ਤੇਰੇ ਚਰਨਾਂ ਵਿਚ ਮੇਰਾ ਮਨ ਲੱਗਾ ਹੈ, ਤੈਨੂੰ ਉਹ ਮਿਲਦਾ ਹੈ, ਜੋ ਵਡੇ ਭਾਗਾਂ ਵਾਲਾ ਹੈ ॥੧॥ ਰਹਾਉ ॥

**ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ ॥**

ਹੇ (ਭਾਈ! ਅੰਤਹ ਕਰਣ ਰੂਪ) ਬਿੰਦ੍ਰਾਬਨ ਮਨ ਨੂੰ ਮੋਹ ਲੈਣ ਵਾਲਾ (ਵੱਡਾ) ਸੋਹਣਾ ਹੈ, ਜਿਸ ਵਿਚ ਸਾਖੀ ਚੈਤੰਨ (ਰੂਪ) ਕ੍ਰਿਸ਼ਨ (ਇੰਦ੍ਰੀਆਂ ਰੂਪ) ਗਊਆਂ ਨੂੰ ਚਰਾਂਦਾ ਹੈ।

**ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ ॥੨॥੨॥੧੫॥੬੬॥**

ਹੇ ਗਿਆਨ ਧਨੁਖ ਧਾਰੀ ਵਾਹਿਗੁਰੂ! ਮੇਰਾ ਨਾਮ ਕਬੀਰ ਹੈ, ਜਿਸ ਦਾ ਤੂੰ ਹੀ ਮਾਲਕ ਹੈਂ, ਅਰਥਾਤ ਤੈਥੋਂ ਬਿਨਾਂ ਮੇਰਾ ਹੋਰ ਕੋਈ ਮਾਲਕ ਨਹੀਂ ਹੈ ॥੨॥੨॥੧੫॥੬੬॥

**ਗਉੜੀ ਪੂਰਬੀ ੧੨ ॥ ਬਿਪਲ ਬਸਤ੍ਰ ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ ॥**

ਕਿੰਨਿਆਂ ਨੇ [ਬਿਪਲ] ਭੋਜ ਪੱਤਰ ਦੇ ਕੱਪੜੇ ਪਾ ਕੇ ਜੰਗਲ ਵਿਚ ਵੱਸਣਾ ਕੀਤਾ ਹੈ (ਏਹ ਕੰਮ ਭੀ ਕਿਸੇ ਲੇਖੇ ਨਹੀਂ)।

**ਕਹਾ ਭਇਆ ਨਰ ਦੇਵਾ ਧੋਖੇ ਕਿਆ ਜਲਿ ਬੋਰਿਓ ਗਿਆਤਾ ॥੧॥**

ਕੀ ਹੋ ਗਿਆ ਜੇ ਮਨੁੱਖ ਨੇ ਦੇਵਤਿਆਂ ਦੀ [ਧੋਖੇ] ਪੂਜਾ ਕਰ ਲਈ ਅਤੇ ਕੀ ਹੋ ਗਿਆ, ਜੇ (ਤੀਰਥ) ਤੇ ਜਾ ਕੇ ਪਾਣੀ ਵਿਚ [ਗਿਆਤਾ= ਗਾਤ] ਦੇਹ ਨੂੰ ਡੋਬ ਲਿਆ ॥੧॥

**ਜੀਅਰੇ ਜਾਹਿਗਾ ਮੈ ਜਾਨਾਂ ॥ ਅਬਿਗਤ ਸਮਝੁ ਇਆਨਾ ॥**

ਹੇ ਜੀਵ! ਮੈਂ ਜਾਣਦਾ (ਹਾਂ, ਜੋ ਤੂੰ ਮਰ) ਜਾਵੇਂਗਾ, ਹੇ ਇਆਣੇ! ਆਪਣੀ [ਅਬਿਗਤ= ਅਧਿਗਤੀ] ਬੁਰੀ ਹਾਲਤ ਦਾ ਧਿਆਨ ਕਰ।

**ਜਤ ਜਤ ਦੇਖਉ ਬਹੁਰਿ ਨ ਪੇਖਉ ਸੰਗਿ ਮਾਇਆ ਲਪਟਾਨਾ ॥੧॥ ਰਹਾਉ ॥**

ਜਿਥੇ ਜਿਥੇ ਵੇਖੀਦੀ ਹੈ, ਫੇਰ (ਉਥੇ-ਉਥੇ) ਨਹੀਂ ਦਿਸਦੀ, (ਤੂੰ ਅਜੇਹੀ ਚੰਚਲ) ਮਾਇਆ ਨਾਲ ਲੱਗਾ ਹੋਇਆ ਹੈਂ ॥੧॥ ਰਹਾਉ ॥

**ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥**

ਗਿਆਨੀ ਧਿਆਨੀ ਤੇ ਬਹੁਤੇ ਉਪਦੇਸ਼ ਕਰਨੇ, ਏਹ ਸਾਰੇ ਕੰਮ ਜਗਤ ਦੇ ਹੀ ਧੰਧੇ ਹਨ।

---

*ਸਾਰਿੰਗ ਪਦ ਵਿਚ ਸਲੇਖ ਹੈ, ਇਸ ਲਈ ਇਸ ਦੇ ਅਰਥ ਗਿਆਨ ਤੇ ਧਨਖ ਦੋ ਹਨ।

**ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ ॥੨॥੧॥੧੬॥੬੭॥**

ਕਬੀਰ ਜੀ ਆਖਦੇ ਹਨ, ਇਕ ਰਾਮ ਦੇ ਨਾਮ ਤੋਂ ਬਿਨਾਂ ਜਗਤ ਮਾਯਾ ਮਾਯਾ ਕਰਕੇ ਅੰਨ੍ਹਾ (ਹੋਯਾ ਫਿਰਦਾ ਹੈ) ॥੨॥੧॥੧੬॥੬੭॥

**ਗਉੜੀ ੧੨ ॥**

**ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥**

ਹੇ ਇਸ ਮਾਇਆ ਦੇ ਡੰਨੇ ਹੋਏ ਮਨ! ਭਰਮ ਨੂੰ ਛੱਡ ਤੇ ਸਾਹਮਣੇ ਹੋ ਕੇ ਨੱਚ।

**ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥੧॥**

(ਉਹ) ਸੂਰਮਾ ਕਾਹਦਾ ਹੈ, ਜੋ ਲੜਾਈ ਦੇ ਸਾਹਮਣੇ ਹੋਣ ਤੋਂ ਡਰਦਾ ਹੈ ? ਅਤੇ ਉਹ ਸਤੀ ਕਾਹਦੀ ਹੈ, (ਜੋ) ਭਾਂਡੇ 'ਕੱਠੇ ਕਰਦੀ ਹੈ ॥੧॥

**ਡਗਮਗ ਛਾਡਿ ਰੇ ਮਨ ਬਉਰਾ ॥**

**ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥੧॥ ਰਹਾਉ ॥**

ਹੇ ਝੱਲੇ ਮਨ! ਡਕੋ ਡੋਲੇ ਛੱਡ ਦੇਹ, ਹੁਣ ਤਾਂ ਸੜ ਕੇ ਮੋਇਆਂ ਹੀ ਮੁਕਤੀ ਮਿਲਣੀ ਹੈ (ਕਿਉਂਕਿ) ਹੱਥ ਵਿਚ [ਸੰਧਉਰਾ*] ਨਰੇਲ (ਜੂ ਫੜ) ਲਿਆ ਹੈ ॥੧॥ ਰਹਾਉ ॥

**ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ ॥**

ਕਾਮ, ਕ੍ਰੋਧ ਤੇ ਮਾਇਆ ਵਿਚ ਫਸ ਕੇ ਜਗਤ ਇਸੇ ਤਰ੍ਹਾਂ ਹੀ ਨਾਸ ਹੋ ਰਿਹਾ ਹੈ।

**ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥੨॥੨॥੧੭॥੬੮॥**

ਕਬੀਰ ਜੀ ਆਖਦੇ ਹਨ, ਮੈਂ ਤਾਂ ਪ੍ਰਕਾਸ਼ ਰੂਪ ਰਾਮ ਨੂੰ ਨਹੀਂ ਛੱਡਣਾ, ਜੋ ਸਭਨਾਂ ਉੱਚਿਆਂ ਨਾਲੋਂ ਉੱਚਾ ਹੈ ॥੨॥੨॥੧੭॥੬੮॥

**ਗਉੜੀ ੧੩ ॥ ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ ॥**

ਤੇਰਾ [ਫੁਰਮਾਨੁ] ਹੁਕਮ (ਸਾਡੇ) ਮੱਥੇ ਪੁਰ ਹੈ, ਮੋੜਨ ਦਾ ਵਿਚਾਰ ਨਹੀਂ ਕਰਦੇ।

**ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ ॥੧॥**

ਤੂੰ ਹੀ ਦਰਿਆ ਹੈਂ ਤੂੰ ਹੀ [ਕਰੀਆ] ਮਲਾਹ ਹੈਂ, ਅਤੇ ਤੂੰ ਹੀ ਪਾਰ ਕਰਨ ਵਾਲਾ ਹੈਂ ॥੧॥

**ਬੰਦੇ ਬੰਦਗੀ ਇਕਤੀਆਰ ॥ ਸਾਹਿਬੁ ਰੋਸੁ ਧਰਉ ਕਿ ਪਿਆਰੁ ॥੧॥ ਰਹਾਉ ॥**

ਹੇ ਬੰਦੇ! ਬੰਦਗੀ ਕਰਨ ਵਿਚ ਲਗਾ ਰਹੁ, ਮਾਲਕ (ਭਾਵੇਂ) ਗੁੱਸਾ ਰਖੇ, ਭਾਵੇਂ ਪਿਆਰ, (ਤੂੰ ਭਗਤੀ ਨਾ ਛੱਡੀਂ)।

---

** ਸੰਧਉਰਾ= ਸੰਧੂਰ ਵਾਲਾ ਨਰੇਲ ਜੋ ਤੀਵੀਆਂ ਸਤੀ ਹੋਣ ਵੇਲੇ ਹੱਥ ਵਿਚ ਲੈਂਦੀਆਂ ਸਨ, ਉਸ ਵਿਚੋਂ ਆਪਣੇ ਮੱਥੇ ਤੇ ਤਿਲਕ ਲਾ ਕੇ ਬਾਕੀ ਆਸ ਪਾਸ ਖਲੋਤੇ ਲੋਕਾਂ ਤੇ ਛਿੜਕ ਦੇਂਦੀਆਂ ਸਨ। ਜਦੋਂ ਸਤੀ ਇਹ ਕੁਝ ਕਰ ਲਵੇ ਤਾਂ ਉਸਨੂੰ ਜ਼ਰੂਰ ਹੀ ਸੜਨਾ ਪੈਂਦਾ ਸੀ।*

**ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ ॥**

(ਹੇ ਵਾਹਿਗੁਰੂ !) ਤੇਰਾ ਨਾਮ ਹੀ ਮੇਰਾ ਆਸਰਾ ਹੈ, (ਮੈਂ ਨਾਮ ਜਪਕੇ ਇਉਂ ਖ਼ੁਸ਼ ਹੁੰਦਾ ਹਾਂ) ਜਿਵੇਂ (ਪਤੀ ਨੂੰ ਮਿਲਕੇ) ਇਸਤਰੀ ਫੁੱਲ ਜਾਂਦੀ ਹੈ ।

**ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ ॥੨॥੧੮॥੬੯॥**

ਕਬੀਰ ਜੀ ਆਖਦੇ ਹਨ, (ਮੈਂ ਤਾਂ ਤੇਰੇ) ਘਰ ਦਾ ਟੈਹਲੀਆਂ ਹਾਂ, ਭਾਵੇਂ ਮਾਰ (ਤੇ ਭਾਵੇਂ) ਰੱਖ ॥੨॥੧੮॥੬੯॥

## ਗਉੜੀ ॥

***ਉਥਾਨਕਾ***—ਕਿਸੇ ਸਮੇਂ ਕ੍ਰਿਸ਼ਨ ਉਪਾਸ਼ਕਾਂ ਨੇ ਕਿਹਾ "ਨੰਦ ਕੇ ਨੰਦਨ ਕੀ ਜੈ" ਜੋ ਸੋਲਾਂ ਕਲਾਂ ਸੰਪੂਰਨ ਈਸ਼ਵਰ ਅਵਤਾਰ ਸੀ, ਇਕ ਦੇ ਉਪਾਸ਼ਕ ਸ੍ਰੀ ਕਬੀਰ ਜੀ ਨੇ ਉਸ ਵੇਲੇ ਉਚਾਰਿਆ :—

**ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ ॥**

ਹੇ ਭਾਈ ! ਚੁਰਾਸੀ ਲੱਖ ਜੀਵਾਂ ਦੀਆਂ ਜੂਨਾਂ ਵਿਚ ਭੌਂਦਾ-ਭੌਂਦਾ ਨੰਦ ਬਹੁਤਾ ਥੱਕ ਗਿਆ ਸੀ ।

**ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ ॥੧॥**

(ਹੇ ਭਾਈ ! ਉਸ ਨੇ) ਭਗਤੀ (ਕਰਨ) ਵਾਸਤੇ ਮਨੁਖ ਜਨਮ ਲਿਆ, (ਉਸ) ਵਿਚਾਰੇ ਦੇ ਵਡੇ ਭਾਗ ਸਨ ॥੧॥

SIKHBOOKCLUB.COM

**ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ ॥**

(ਹੇ ਭਾਈ !) ਤੁਸੀਂ ਜੁ ਆਖਦੇ ਹੋ (ਕਿ ਈਸ਼ਵਰ) ਨੰਦ ਦਾ [ਨੰਦਨੁ] ਪੁੱਤਰ ਹੈ (ਇਹ ਦਸੋ, ਉਹ) ਨੰਦ ਕਿਸ ਦਾ ਪੁੱਤਰ ਸੀ ? ਜੇਕਰ ਈਸ਼ਵਰ ਦਾ ਪੈਦਾ ਕੀਤਾ ਨੰਦ ਸੀ, ਤਾਂ ਇਹ ਹੋ ਨਹੀਂ ਸਕਦਾ, ਕਿ ਈਸ਼ਵਰ ਫਿਰ ਨੰਦ ਦਾ ਪੁੱਤਰ ਹੋਵੇ ਅਤੇ:—

**ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ ॥੧॥ ਰਹਾਉ ॥**

ਹੇ (ਭਾਈ ! ਜਦੋਂ) ਧਰਤੀ ਅਕਾਸ਼ ਤੇ ਦਸੋਂ ਦਿਸ਼ਾਂ (ਭੀ) ਨਹੀਂ ਸਨ, ਓਦੋਂ ਇਹ ਨੰਦ ਕਿਥੇ ਸੀ ? (ਅਰਥਾਤ ਓਦੋਂ ਨੰਦ ਤਾਂ ਨਹੀਂ ਸੀ ਪਰ ਈਸ਼ਵਰ ਸੀ, ਫਿਰ ਨੰਦ ਦਾ ਪੁਤਰ ਈਸ਼ਵਰ ਕਿਵੇਂ ਹੋਯਾ ?) ॥੧॥

**ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥**

ਹੇ ਭਾਈ ! ਜਿਸ ਦਾ ਨਾਮ ਨਿਰੰਕਾਰ ਹੈ, (ਉਹ) [ਸੰਕਟਿ] ਦੁਖਾਂ ਵਿਚ ਨਹੀਂ ਪੈਂਦਾ ਤੇ ਨਾ ਹੀ ਜੂਨਾਂ ਵਿਚ ਆਉਂਦਾ ਹੈ ।

**ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥੨॥੧੯॥੭੦॥**

(ਮੈਂ) ਕਬੀਰ ਦਾ ਮਾਲਕ ਅਜਿਹਾ ਈਸ਼ਵਰ ਹੈ, ਜਿਸ ਦਾ ਮਾਂ ਪਿਉ ਨਹੀਂ ॥੨॥੧੯॥੭੦॥

## ਗਉੜੀ ॥

***ਉਥਾਨਕਾ***—ਈਰਖਾ ਸੜੇ ਪੰਡਤ ਭਗਤ ਜੀ ਦੀ ਨਿੰਦਾ ਕਰਨ ਲਗ ਪਏ, ਕਿ ਕਬੀਰ ਜੀ ਦੀ ਨਿੰਦਾ

ਸੁਣਕੇ ਲੋਕੀਂ ਆਪੇ ਹੀ ਭਗਤ ਵਲੋਂ ਹਟ ਜਾਣਗੇ, ਇਹ ਵੇਖਕੇ ਕਬੀਰ ਜੀ ਨੇ ਦੂਖਨ ਨੂੰ ਭੂਖਨ ਰੂਪ ਸਮਝਕੇ ਉਪਦੇਸ਼ ਦਿੱਤਾ, ਕਿ—

**ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥ ਨਿੰਦਾ ਜਨ ਕਉ ਖਰੀ ਪਿਆਰੀ ॥**

ਹੇ ਲੋਕੋ! ਮੈਨੂੰ ਨਿੰਦੋ, ਜ਼ਰੂਰ ਨਿੰਦੋ, ਜ਼ਰੂਰ ਨਿੰਦੋ (ਕਿਉਂਕਿ) ਨਿੰਦਾ ਮੈਨੂੰ ਬਹੁਤ ਪਿਆਰੀ ਹੈ।

**ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥**

ਨਿੰਦਾ (ਹੀ ਮੇਰਾ) ਪਿਉ (ਹੈ, ਅਤੇ) ਨਿੰਦਾ (ਹੀ ਮੇਰੀ) ਮਾਂ ਹੈ ॥੧॥ ਰਹਾਉ ॥

**ਨਿੰਦਾ ਹੋਇ ਤ ਬੈਕੁੰਠਿ ਜਾਈਐ ॥**

ਨਿੰਦਾ ਹੋਵੇ, ਤਾਂ ਬੈਕੁੰਠ ਵਿਚ ਜਾਈਦਾ ਹੈ (ਕਿਉਂਕਿ):—

**ਨਾਮੁ ਪਦਾਰਥੁ ਮਨਹਿ ਬਸਾਈਐ ॥**

(ਜਿਨ੍ਹਾਂ ਔਗੁਣਾਂ ਨੂੰ ਵੇਖ ਕੇ ਲੋਕ ਨਿੰਦਾ ਕਰਦੇ ਹਨ, ਉਹ ਛੱਡ ਕੇ) ਨਾਮ ਪਦਾਰਥ ਨੂੰ ਦਿਲ ਵਿਚ ਵਸਾ ਲਈਦਾ ਹੈ।

**ਰਿਦੈ ਸੁਧ ਜਉ ਨਿੰਦਾ ਹੋਇ ॥**

ਜੇ ਨਿੰਦਾ ਹੋਵੇ; (ਤਾਂ) ਹਿਰਦਾ ਸ਼ੁੱਧ (ਹੋ ਜਾਂਦਾ ਹੈ)।

**ਹਮਰੇ ਕਪਰੇ ਨਿੰਦਕੁ ਧੋਇ ॥੧॥**

ਸਾਡੇ (ਅੰਤਹਕਰਨ ਰੂਪ) ਕਪੜੇ ਨੂੰ ਨਿੰਦਕ ਸਾਫ ਕਰਦਾ ਹੈ ॥੧॥

**ਨਿੰਦਾ ਕਰੈ ਸੁ ਹਮਰਾ ਮੀਤੁ ॥**

(ਜੋ) ਨਿੰਦਾ ਕਰਦਾ ਹੈ, ਉਹ ਸਾਡਾ ਮਿੱਤਰ ਹੈ।

**ਨਿੰਦਕ ਮਾਹਿ ਹਮਾਰਾ ਚੀਤੁ ॥**

ਨਿੰਦਕ (ਦੀਆਂ ਗੱਲਾਂ) ਵਿਚ ਸਾਡਾ ਚਿੱਤ (ਲੱਗਾ ਹੋਇਆ ਹੈ, ਅਰਥਾਤ ਨਿੰਦਕ ਜੇਹੜਾ ਔਗੁਣ ਪ੍ਰਗਟ ਕਰਦਾ ਹੈ, ਉਹ ਅਸੀਂ ਝੱਟ ਹੀ ਛੱਡ ਦੇਂਦੇ ਹਾਂ)।

**ਨਿੰਦਕੁ ਸੋ ਜੋ ਨਿੰਦਾ ਹੋਰੈ ॥**

(ਅਸਲੀ) ਨਿੰਦਕ (ਤਾਂ) ਉਹ ਹੈ, (ਜਿਨ੍ਹਾਂ ਨੂੰ ਸਾਡੀ) ਨਿੰਦਾ (ਕਰਨ) ਤੋਂ ਹਟਾਉਂਦਾ ਹੈ, ਕਿਉਂਕਿ:—

**ਹਮਰਾ ਜੀਵਨੁ ਨਿੰਦਕੁ ਲੋਰੈ ॥੨॥**

ਨਿੰਦਾ ਕਰਨ ਵੇਾਲਾ (ਤਾਂ) ਸਾਡਾ (ਸੁਖੀ) ਜੀਵਨ ਚਾਹੁੰਦਾ ਹੈ, (ਇਸ ਲਈ) ਉਹ ਔਗੁਣ ਪ੍ਰਗਟ ਕਰਦਾ ਹੈ, ਅਸੀਂ ਔਗੁਣ ਛੱਡ ਕੇ ਆਪਣੇ ਜੀਵਨ ਨੂੰ ਸੁਖੀ ਬਣਾ ਰਹੇ ਹਾਂ ॥੨॥

**ਨਿੰਦਾ ਹਮਰੀ ਪ੍ਰੇਮ ਪਿਆਰੁ ॥**

(ਜੋ) ਪ੍ਰੇਮ (ਨਾਲ) ਹੀ ਸਾਡੀ ਨਿੰਦਾ (ਕਰਦਾ ਹੈ, ਸਾਡਾ ਉਸ ਨਾਲ) ਪਿਆਰ ਹੈ।

Sri Satguru Jagjit Singh Ji eLibrary NamdhariElibrary@gmail.com

**ਨਿੰਦਾ ਹਮਰਾ ਕਰੈ ਉਧਾਰੁ ॥**

(ਕਿਉਂਕਿ) ਨਿੰਦਾ ਹੀ ਸਾਡਾ ਪਾਰ ਉਤਾਰਾ ਕਰੇਗੀ।

**ਜਨ ਕਬੀਰ ਕਉ ਨਿੰਦਾ ਸਾਰੁ ॥**

ਮੈਂ ਕਬੀਰ ਨੂੰ (ਤਾਂ ਆਪਣੀ) ਨਿੰਦਾ ਹੀ ਚੰਗੀ ਲੱਗਦੀ ਹੈ।

**ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥**

ਨਿੰਦਾ ਕਰਨ ਵਾਲਾ (ਸਾਡਾ ਪਾਪ ਲੈ ਕੇ) ਡੁਬ ਜਾਵੇਗਾ, ਅਤੇ ਅਸੀਂ ਪਾਰ ਲੰਘ ਜਾਵਾਂਗੇ ॥੩॥੨੦॥੭੧॥

**ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ ॥੧॥ ਰਹਾਉ ॥**

ਹੇ [ਰਾਜਾ] ਪ੍ਰਕਾਸ਼ ਰੂਪ 'ਰਾਮ'! ਤੂੰ ਅਜੇਹਾ (ਹੈਂ, ਜੋ ਆਪਣੇ ਸੇਵਕਾਂ ਨੂੰ) ਨਿਡਰ (ਕਰਦਾ ਹੈਂ, ਅਤੇ ਹੇ) [ਰਾਇਆ] ਪ੍ਰਕਾਸ਼ ਰੂਪ ਰਾਮ! ਤੂੰਹੀ ਤਾਰਨ ਵਾਲਾ [ਤਰਨ] ਜਹਾਜ਼ ਹੈਂ ॥੧॥ ਰਹਾਉ ॥

**ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥**

ਜਦ [ਹਮ] ਹਉਮੈ ਹੁੰਦੀ ਹੈ ਤਦ ਤੁਸੀਂ ਨਹੀਂ (ਮਿਲਦੇ) ਹੁਣ ਤੁਸੀਂ (ਮਿਲੇ) ਹੋ, (ਇਸ ਲਈ) ਹਉਮੈ (ਹੰਕਾਰ) ਨਹੀਂ (ਰਿਹਾ)।

**ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥੧॥**

ਹੁਣ ਮੈਂ ਤੇ ਤੁਸੀਂ ਇਕ ਹੋ ਗਏ ਹਾਂ, (ਇਸ) ਏਕਤਾ ਨੂੰ ਵੇਖਕੇ ਮਨ ਮੰਨਿਆ ਗਿਆ ॥੧॥

**ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥**

ਜਦੋਂ (ਆਪਣੀ) ਅਕਲ ਹੁੰਦੀ ਹੈ, ਓਦੋਂ (ਤੇਰਾ) ਫਲ ਕੇਹਾ ? ਹੁਣ ਬੁਧੀ ਨਹੀਂ (ਰਹੀ, ਇਸ ਲਈ) ਜ਼ੋਰ [ਖਟਾਈ] ਮਿਲ ਗਿਆ ਹੈ।

**ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥**

ਕਬੀਰ ਜੀ ਆਖਦੇ ਹਨ, (ਤੁਸਾਂ) ਮੇਰੀ (ਅਲਪ) ਬੁਧੀ ਚੁਰਾ ਲਈ ਹੈ, (ਜਦ) ਬੁੱਧੀ ਬਦਲੀ (ਤਾਂ) ਮੁਕਤੀ ਪਾ ਲਈ ਹੈ ॥੨॥੨੧॥੭੨॥

**ਗਉੜੀ ॥ ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥**

(ਵਾਹਿਗੁਰੂ ਨੇ) ਛੇ [ਨੇਮ] ਚੱਕਰਾਂ ਵਾਲੀ (ਇਕ) ਕੋਠੀ (ਦੇਹ) ਬਣਾਈ ਹੈ (ਉਸ) ਵਿਚ ਸੁੰਦਰ ਵਸਤੂ ਚੇਤਨ ਸੱਤਾ ਪਾਈ ਹੈ (ਅਤੇ ਆਸਾ ਅੰਦੇਸਾ ਰੂਪੀ ਦੋ ਤਖਤੇ ਜੜੇ ਹੋਏ ਹਨ)।

**ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥੧॥**

(ਬ੍ਰਹਮ ਵਿਦਿਆ) ਕੁੰਜੀ (ਗੁਰਾਂ ਕੋਲ ਹੈ, ਅਗਯਾਨ ਦਾ) [ਕੁਲਫੁ] ਜੰਦਰਾ (ਵੱਜਾ ਹੋਇਆ ਹੈ, ਦਰਵਾਜ਼ੇ ਵਿਚ) [ਰਾਖੇ] ਪਹਿਰੇਦਾਰ ਕਰਤਾਰ ਨੇ ਪ੍ਰਾਣ ਬਣਾਏ ਹਨ, (ਇਹ ਕੁਝ ਕਰਦਿਆਂ ਵਾਹਿਗੁਰੂ ਨੇ) ਦੇਰ ਨਹੀਂ ਲਾਈ ॥੧॥

Sri Satguru Jagjit Singh Ji eLibrary NamdhariElibrary@gmail.com

**ਅਬ ਮਨ ਜਾਗਤ ਰਹੁ ਰੇ ਭਾਈ ॥**

ਹੇ [ਮਨ] ਪਿਆਰੇ ਭਰਾ! ਹੁਣ ਜਾਗਦਾ ਰਹੋ।

**ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥੧॥ ਰਹਾਉ ॥**

(ਅੱਗੇ ਤੂੰ) ਬੇ-ਖ਼ਬਰ ਹੋ ਕੇ ਜਨਮ ਗਵਾ ਲਿਆ ਹੈ, (ਤੇਰੇ) ਘਰ ਨੂੰ ਚੋਰ ਲੁਟੀ ਜਾਂਦੇ ਹਨ ॥੧॥ ਰਹਾਉ ॥

**ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥**

(ਜੋ) ਪੰਜ (ਨੱਕ, ਕੰਨ, ਅੱਖਾਂ, ਜੀਭ ਤੇ ਖੱਲੜੀ) ਪਹਿਰੇਦਾਰ ਦਰਵਾਜ਼ੇ ਵਿਚ ਰਹਿੰਦੇ ਹਨ, ਉਨ੍ਹਾਂ ਦਾ (ਭੀ ਕੋਈ) ਭਰੋਸਾ ਨਹੀਂ ਹੈ।

**ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥੨॥**

(ਇਹ ਗੱਲ) ਚੇਤੇ (ਰਖਕੇ) ਸੁਚੇਤ (ਖਬਰਦਾਰ) ਹੋ ਰਹੋ, ਤਾਂ ਚਿੱਤ (ਵਿਚੋਂ ਭੀ) [ਪਰਗਾਸੁ] ਗਿਆਨ ਦਾ ਚਾਨਣਾ ਲੈ (ਲਵੇਂਗਾ) ॥੨॥

**ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥**

ਜਿਸ ਦੀ [ਕਾਮਨਿ] ਬੁਧੀ ਨੌਂ ਘਰਾਂ ਨੂੰ ਵੇਖਣ ਵਿਚ ਭੁੱਲੀ (ਹੋਈ ਹੈ, ਉਸਨੇ) ਸੁੰਦਰ ਵਸਤੂ ਨਹੀਂ ਪਾਈ।

**ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥੩॥੨੨॥੭੩॥**

ਕਬੀਰ ਜੀ ਆਖਦੇ ਹਨ, ਨੌਂ ਘਰ ਹੀ ਲੁਟੇ ਜਾਣਗੇ, [ਤਤੁ] ਅਸਲ ਚੀਜ਼ ਤਾਂ ਦਸਵੇਂ ਘਰ ਵਿਚ ਪਈ ਹੋਈ ਹੈ ॥੩॥੨੨॥੭੩॥

**ਗਉੜੀ ॥ ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ ॥**

ਹੇ ਮਾਈ! ਮੈਂ ਹੋਰ ਕਿਸੇ [ਆਨਾ+ਨਾਂ]* ਦੂਸਰੇ ਨੂੰ ਨਹੀਂ ਜਾਣਿਆਂ।

**ਸਿਵ ਸਨਕਾਦਿ ਜਾਸੁ ਗੁਨ ਗਾਵਹਿ ਤਾਸੁ ਬਸਹਿ ਮੋਰੇ ਪ੍ਰਾਨਾਨਾਂ ॥ ਰਹਾਉ ॥**

ਸ਼ਿਵ ਜੀ ਤੇ ਸਨਕ ਆਦਿਕ ਜਿਸ ਦੇ ਗੁਨ ਗਾਉਂਦੇ ਹਨ, ਉਸ (ਕਰਤਾ ਦੀ ਯਾਦ ਵਿਚ ਹੀ) ਮੇਰੇ ਪ੍ਰਾਣ ਵਸਦੇ ਹਨ ॥ ਰਹਾਉ ॥

**ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ ॥**

(ਜਦ) ਗੁਰਾਂ (ਦੇ ਉਪਦੇਸ਼ ਵਿਚ ਮਨ ਦੀ) [ਗੰਮਿਤ] ਸਥਿਰਤਾ (ਹੋਈ, ਤਾਂ) ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ (ਹੋ ਗਿਆ, ਅਤੇ) [ਗਗਨ ਮੰਡਲ] ਦਸਮ ਦਵਾਰ ਵਿਚ ਧਿਆਨ ਲੱਗ ਗਿਆ।

**ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ ਸੁਖੁ ਜਾਨਾਨਾ ॥੧॥**

ਵਿਕਾਰਾਂ ਦਾ ਰੋਗ (ਹਟ ਗਿਆ), ਡਰ ਦੇ ਬੰਧਨ ਟੁਟ ਗਏ ਅਤੇ ਮਨ ਨੇ ਆਪਣੇ ਸਰੂਪ ਦੇ ਸੁਖ ਨੂੰ ਜਾਣ ਲਿਆ ਹੈ ॥੧॥

---

** ਪਦ ਪੂਰਨਤਾ ਰੂਪ ਤੁਕਾਂਤ ਨੰਨਾ ਹੈ।*

Sri Satguru Jagjit Singh Ji eLibrary NamdhariElibrary@gmail.com

**ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ ਦੂਸਰ ਮਨਹਿ ਨ ਆਨਾਨਾ ॥**

(ਗੁਰਾਂ ਦੀ) [ਸੁਮਤਿ] ਸ਼ੁਭ ਸਿਖਿਆ (ਲੈ ਕੇ) [ਰਤਿ] ਪ੍ਰੀਤ (ਨਾਲ) ਇਕ ਪ੍ਰਭੂ ਨੂੰ ਹੀ ਜਾਣਿਆਂ ਤੇ ਮੰਨਿਆ ਹੈ, ਹੋਰ (ਕਿਸੇ) ਦੂਸਰੇ ਨੂੰ ਮਨ ਵਿਚ ਨਹੀਂ ਵਸਾਇਆ।

**ਚੰਦਨ ਬਾਸੁ ਭਏ ਮਨ ਬਾਸਨ ਤਿਆਗਿ ਘਟਿਓ ਅਭਿਮਾਨਾਨਾ ॥੨॥**

(ਨਾਮ ਰੂਪ) ਚੰਦਨ ਦੀ ਵਾਸ਼ਨਾ (ਨਾਲ) ਸਾਡਾ (ਮਨ ਭੀ) ਵਾਸ਼ਨਾ ਵਾਲਾ ਹੋ ਗਿਆ ਹੈ, ਅਤੇ ਅਭਿਮਾਨ ਨੂੰ ਘਟਾਉਂਦਿਆਂ-ਘਟਾਉਂਦਿਆਂ (ਮੂਲੋਂ ਹੀ) ਛੱਡ ਦਿਤਾ ਹੈ ॥੨॥

**ਜੋ ਜਨ ਗਾਇ ਧਿਆਇ ਜਸੁ ਠਾਕੁਰ ਤਾਸੁ ਪ੍ਰਭੂ ਹੈ ਥਾਨਾਨਾਂ ॥**

ਜੋ ਪੁਰਸ਼ ਮਾਲਕ ਦਾ ਜਸ ਗਾਉਂਦਾ ਤੇ ਉਸ ਦਾ ਨਾਮ ਧਿਆਉਂਦਾ ਹੈ, ਉਸਨੂੰ ਪ੍ਰਭੂ ਵਿਚ ਜਗਾਹ ਮਿਲਦੀ ਹੈ।

**ਤਿਹ ਬਡ ਭਾਗ ਬਸਿਓ ਮਨਿ ਜਾ ਕੈ ਕਰਮ ਪ੍ਰਧਾਨ ਮਥਾਨਾਨਾ ॥੩॥**

ਜਿਸ ਦੇ ਮਨ (ਵਿਚ ਵਾਹਿਗੁਰੂ ਦਾਂ ਨਾਮ) ਵਸਿਆ ਹੈ, ਉਸ ਦੇ ਵਡੇ ਭਾਗ ਹਨ, ਅਤੇ ਮੱਥੇ ਦੇ ਕਰਮ ਭੀ ਚੰਗੇ ਹਨ ॥੩॥

**ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ ਏਕੈ ਏਕ ਸਮਾਨਾਨਾ ॥**

[ਸਕਤਿ] ਮਾਇਆ (ਦੀ ਫਾਹੀ) ਕਟੀ (ਗਈ ਹੈ, ਅਤੇ ਮਨ ਵਿਚ) [ਸਿਵ] ਕਲਿਆਨ ਸਰੂਪ ਦਾ [ਸਹਜੁ] ਗਿਆਨ ਪ੍ਰਗਟ ਹੋ ਗਿਆ ਹੈ, (ਇਉਂ) ਇਕ ਵਿਚ ਸਮਾ ਕੇ ਇਕ (ਦਾ ਰੂਪ ਹੋ ਗਏ ਹਾਂ)।

**ਕਹਿ ਕਬੀਰ ਗੁਰ ਭੇਟਿ ਮਹਾ ਸੁਖ ਭ੍ਰਮਤ ਰਹੇ ਮਨੁ ਮਾਨਾਨਾਂ ॥੪॥੨੩॥੭੪॥**

ਕਬੀਰ ਜੀ ਆਖਦੇ ਹਨ, ਗੁਰਾਂ ਨੂੰ ਮਿਲ ਕੇ ਵੱਡੇ ਸੁਖ ਨੂੰ ਮਨ ਨੇ ਮਾਣਿਆ (ਭੋਗਿਆ) ਹੈ, ਅਤੇ ਭੌਣ ਤੋਂ ਰਹਿ ਗਏ ਹਾਂ ॥੪॥੨੩॥੭੪॥

## ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ

*ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥*

**ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥**

ਤਿੰਨਾਂ ਲੋਕਾਂ ਦਾ ਸਭ ਕੁਝ ਇਨ੍ਹਾਂ ਬਵੰਜਾ ਅੱਖਰਾਂ ਵਿਚ ਹੀ ਹੈ, (ਅਰਥਾਤ ਸਾਰੀ ਦੁਨੀਆਂ ਬੋਲੀ ਵਿਚ ਹੈ)।

**ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥੧॥**

ਏਹ ਅੱਖਰ ਨਾਸ ਹੋ ਜਾਣਗੇ, ਉਹ (ਵਾਹਿਗੁਰੂ) ਅੱਖਰ ਇਨ੍ਹਾਂ ਵਿਚ ਨਹੀਂ ਹੈ, (ਅਰਥਾਤ ਵਾਹਿਗੁਰੂ ਬੋਲਣ ਵਿਚ ਨਹੀਂ ਆ ਸਕਦਾ) ॥੧॥

**ਜਹਾ ਬੋਲ ਤਹ ਅਛਰ ਆਵਾ ॥ ਜਹ ਅਬੋਲ ਤਹ ਮਨੁ ਨ ਰਹਾਵਾ ॥**

ਜਿਥੇ ਬੋਲੀ ਹੈ, ਉਥੇ ਅੱਖਰ ਆਉਂਦੇ ਹਨ, ਜਿਥੇ ਬੋਲੀ ਨਹੀਂ ਉਥੇ ਮਨ ਭੀ ਨਹੀਂ ਟਿਕ ਸਕਦਾ।

**ਬੋਲ ਅਬੋਲ ਮਧਿ ਹੈ ਸੋਈ ॥ ਜਸ ਓਹੁ ਹੈ ਤਸ ਲਖੈ ਨ ਕੋਈ ॥੨॥**

ਬੋਲਣ ਤੇ ਨਾ ਬੋਲਣ ਵਿਚ ਓਹੀ ਹੈ, ਜੈਸਾ ਓਹ ਹੈ, ਤੇਹਾ ਕੋਈ ਜਾਣ ਨਹੀਂ ਸਕਦਾ।

**ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ ॥**

ਅੱਲਾ ਨੂੰ ਜਾਣਿਆ ਹੈ, ਤਾਂ ਕੀ ਆਖਾਂ ? ਕੋਈ (ਉਸਦਾ) ਉਪਕਾਰ ਤਾਂ ਕਹੋ।

**ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ ॥੩॥**

(ਉਹ) ਬੋਹੜ ਦੇ ਬੀਜ ਵਿਚ ਭੀ ਵਿਆਪਕ ਹੋ ਰਿਹਾ ਹੈ, ਜਿਸ ਦਾ ਫੈਲਾਉ ਤਿੰਨਾਂ ਲੋਕਾਂ ਵਿਚ ਹੈ ॥੩॥

**ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ ॥**

ਪਰਮੇਸ਼ਰ ਨੂੰ [ਲਹੰਤਾ] ਜਾਣਿਆਂ ਭੇਦ ਨਾਸ ਹੁੰਦਾ ਹੈ, (ਹੁਣ ਅਸਾਂ ਉਸ ਨੂੰ ਜਾਨਣ ਦਾ) ਕੁਝ ਕੁਝ ਭੇਦ ਪਾਇਆ ਹੈ।

**ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ ॥੪॥**

[ਭੇਦ] ਫਰਕ ਵਲੋਂ ਮਨ ਨੂੰ ਉਲਟਾਕੇ (ਨਾਮ ਨਾਲ) ਵਿੰਨ੍ਹਿਆ ਹੈ, (ਇਸ ਲਈ) ਅਭੰਗ ਤੇ ਅਛੇਦ ਨੂੰ ਪਾਇਆ ਹੈ ॥੪॥

SIKHBOOKCLUB.COM

**ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ॥**

ਤੁਰਕ [ਤਰੀਕਤਿ] ਸ਼ਰ੍ਹਾ ਦੀਆਂ (ਕਿਤਾਬਾਂ) ਤੇ ਹਿੰਦੂ ਵੇਦਾਂ ਪੁਰਾਨਾਂ ਨੂੰ ਜਾਣਦੇ ਹਨ।

**ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥੫॥**

ਮਨ ਨੂੰ ਸਮਝਾਉਨ ਵਾਸਤੇ ਕੁਝ ਕੁ ਗਿਆਨ ਪੜ੍ਹਨਾ ਚਾਹੀਦਾ ਹੈ ॥੫॥

**ਓਅੰਕਾਰ ਆਦਿ ਮੈ ਜਾਨਾ ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥**

ਮੈਂ (ਤਾਂ ਸਾਰਿਆਂ ਦੇ) ਆਦਿ ਰੂਪ ਓਅੰਕਾਰ ਨੂੰ ਜਾਣਦਾ ਹਾਂ, (ਜੋ) [ਲਿਖਿ] ਜੰਮਦਾ ਤੇ [ਮੇਟੈ] ਮਰਦਾ ਹੈ ਉਸ ਨੂੰ (ਮੈਂ) ਨਹੀਂ ਮੰਨਦਾ।

**ਓਅੰਕਾਰ ਲਖੈ ਜਉ ਕੋਈ ॥ ਸੋਈ ਲਖਿ ਮੇਟਣਾ ਨ ਹੋਈ ॥੬॥**

ਜੇਹੜਾ ਕੋਈ ਓਅੰਕਾਰ ਨੂੰ [ਲਖੈ] ਜਾਣਦਾ ਹੈ। ਉਸ ਜਾਨਣ ਵਾਲੇ (ਦਾ ਮੁੜਕੇ) ਨਾਸ ਨਹੀਂ ਹੁੰਦਾ ॥੬॥

**ਕਕਾ ਕਿਰਣਿ ਕਮਲ ਮਹਿ ਪਾਵਾ ॥ ਸਸਿ ਬਿਗਾਸ ਸੰਪਟ ਨਹੀ ਆਵਾ ॥**

ਕੱਕੇ (ਅੱਖਰ ਦਾ ਉਪਦੇਸ਼ ਹੈ ਕਿ ਗੁਰੂ ਸੂਰਜ ਦੇ ਬਚਨਾਂ ਰੂਪ) ਕਿਰਣ (ਹਿਰਦੇ) ਕਮਲ ਵਿਚ ਪੈ ਜਾਏ (ਤਾਂ ਹਿਰਦਾ ਕਮਲ ਖਿੜ ਪੈਂਦਾ ਹੈ, ਜੋ ਮੁੜ ਕੇ ਪਦਾਰਥਾਂ ਰੂਪ) ਚੰਦ੍ਰਮਾ ਤੇ ਚੜ੍ਹਿਆ [ਸੰਪਟ] ਮੁੰਦਿਆ ਨਹੀਂ ਜਾਂਦਾ।

**ਅਰੁ ਜੇ ਤਹਾ ਕੁਸਮ ਰਸੁ ਪਾਵਾ ॥ ਅਕਹ ਕਹਾ ਕਹਿ ਕਾ ਸਮਝਾਵਾ ॥੭॥**

ਅਤੇ ਜੇਹੜਾ ਉਸ (ਹਿਰਦੇ ਰੂਪ ਕਮਲ) ਫੁੱਲ (ਵਿਚੋਂ) ਅਨੰਦ ਪਾਇਆ ਹੈ, (ਉਹ) ਅਕਹਿ ਹੈ, ਕਿਹਾ (ਨਹੀਂ ਜਾਂਦਾ) ਕਿਵੇਂ ਆਖ ਕੇ ਸਮਝਾਈਏ ? ॥੭॥

**ਖਖਾ ਇਹੈ ਖੋੜਿ ਮਨ ਆਵਾ ॥ ਖੋੜੇ ਛਾਡਿ ਨ ਦਹ ਦਿਸ ਧਾਵਾ ॥**

ਖੱਖੇ (ਅੱਖਰ ਦਾ) ਏਹ (ਉਪਦੇਸ਼ ਹੈ ਕਿ ਜਿਸਦਾ) ਮਨ (ਬ੍ਰਹਮ ਰੂਪ) [ਖੋੜਿ] ਗੁਫਾ ਵਿਚ ਆ ਗਿਆ ਹੈ, (ਉਹ ਫਿਰ) ਗੁਫਾ ਨੂੰ ਛੱਡਕੇ ਦਸੋਂ ਦਿਸ਼ਾਂ ਵਿਚ ਨਹੀਂ ਜਾਂਦਾ।

**ਖਸਮਹਿ ਜਾਣਿ ਖਿਮਾ ਕਰਿ ਰਹੈ ॥ ਤਉ ਹੋਇ ਨਿਖਿਅਉ ਅਖੈ ਪਦੁ ਲਹੈ ॥੮॥**

(ਜੋ) ਮਾਲਕ ਨੂੰ ਜਾਣਕੇ ਖਿਮਾ (ਧਾਰਨ) ਕਰ ਰਹਿੰਦਾ ਹੈ, ਉਹ [ਅਖੈ ਪਦੁ] ਅਮਰ ਪਦਵੀ ਲੈਕੇ [ਨਿਖਿਅਉ] ਨਾਸ ਤੋਂ ਰਹਿਤ ਹੋ ਜਾਂਦਾ ਹੈ ॥੮॥

**ਗਗਾ ਗੁਰ ਕੇ ਬਚਨ ਪਛਾਨਾ ॥ ਦੂਜੀ ਬਾਤ ਨ ਧਰਈ ਕਾਨਾ ॥**

ਗੱਗੇ (ਦਾ ਉਪਦੇਸ਼ ਹੈ ਕਿ ਮਨ ਨੇ) ਗੁਰਾਂ ਦੇ ਬਚਨਾਂ ਦੀ ਪਛਾਨ (ਕਰ ਲਈ ਹੈ, ਇਸ ਲਈ) ਦੂਜੀਆਂ ਗੱਲਾਂ ਵਲ ਕੰਨ ਨਹੀਂ ਧਰਦਾ।

**ਰਹੈ ਬਿਹੰਗਮ ਕਤਹਿ ਨ ਜਾਈ ॥ ਅਗਹ ਗਹੈ ਗਹਿ ਗਗਨ ਰਹਾਈ ॥੯॥**

[ਬਿਹੰਗਮ] ਉਦਾਸ ਹੋ ਰਿਹਾ ਹੈ, ਕਿਤੇ ਨਹੀਂ ਜਾਂਦਾ, ਨਾ ਫੜੇ ਜਾਣ ਵਾਲੇ ਨੂੰ ਫੜ ਲਿਆ ਸੂ, ਤੇ ਫੜ ਕੇ [ਗਗਨ] ਦਸਮ ਦਵਾਰ ਵਿਚ ਬੈਠਾ ਹੈ ॥੯॥

**ਘਘਾ ਘਟਿ ਘਟਿ ਨਿਮਸੈ ਸੋਈ ॥ ਘਟ ਫੂਟੇ ਘਟਿ ਕਬਹਿ ਨ ਹੋਈ ॥**

ਘੱਘੇ (ਦਾ ਉਪਦੇਸ਼ ਹੈ ਕਿ) [ਘਟਿ] ਸਾਰਿਆਂ [ਘਟਿ] ਸਰੀਰਾਂ ਵਿਚ ਓਹੀ [ਨਿਮਸੈ] ਵੱਸਦਾ ਹੈ, ਸਰੀਰ ਦੇ ਹੋਇਆਂ (ਭੀ ਉਸਦਾ) ਨਾਸ ਕਦੇ ਨਹੀਂ ਹੁੰਦਾ।

**ਤਾ ਘਟ ਮਾਹਿ ਘਾਟ ਜਉ ਪਾਵਾ ॥ ਸੋ ਘਟੁ ਛਾਡਿ ਅਵਘਟ ਕਤ ਧਾਵਾ ॥੧੦॥**

ਉਸ ਨੂੰ (ਪਾਉਣ ਦਾ) [ਘਾਟ] ਜੋ ਰਸਤਾ (ਅਸਾਂ) [ਘਟ] ਹਿਰਦੇ ਵਿਚੋਂ ਪਾਇਆ ਹੈ ਉਸ ਰਸਤੇ ਨੂੰ ਛੱਡਕੇ (ਅਸਾਂ) [ਅਵਘਟ] ਔਝੜੇ ਕਿਉਂ ਜਾਣਾ ਹੈ ॥੧੦॥

**ਙੰਙਾ ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ ॥**
**ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ ॥੧੧॥**

ਙੰਙੇ (ਦਾ ਉਪਦੇਸ਼ ਹੈ, ਕਿ) [ਸਨੇਹੁ] ਪ੍ਰੇਮ (ਵਿਚ ਮਨ ਨੂੰ) [ਨਿਗ੍ਰਹਿ] ਰੋਕੋ ਅਤੇ ਸੰਦੇਹ ਦੂਰ ਕਰ ਲਵੋ। (ਜੇਕਰ ਮਨ ਪ੍ਰੇਮ ਵਿਚ ਨਾ ਲਗੇ ਤਾਂ ਉਸ ਦੀ) ਨਾਂਹ ਵੇਖ ਕੇ ਹਟ ਨਾ ਜਾਵੇ, (ਸਗੋਂ ਉਦਮ ਕਰੋ) ਏਹੋ ਵਡੀ ਸਿਆਣਪ ਹੈ ॥੧੧॥

**ਚਚਾ ਰਚਿਤ ਚਿਤ੍ਰ ਹੈ ਭਾਰੀ ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥**

ਚੱਚੇ (ਦਾ ਉਪਦੇਸ਼ ਹੈ ਕਿ) ਰਚਨਾ (ਦੁਨੀਆਂ) ਦੀ [ਚਿਤ੍ਰ] ਤਸਵੀਰ ਬਹੁਤ ਵੱਡੀ ਹੈ, (ਇਸ) ਤਸਵੀਰ

Sri Satguru Jagjit Singh Ji eLibrary NamdhariElibrary@gmail.com

(ਦਾ ਖਿਆਲ) ਛੱਡਕੇ [ਚਿਤਕਾਰੀ] ਬਨਾਉਣ ਵਾਲੇ (ਵਾਹਿਗੁਰੂ ਮੁਸੱਵਰ) ਨੂੰ ਯਾਦ ਕਰੋ ।

**ਚਿਤ੍ਰ ਬਚਿਤ੍ਰ ਇਹੈ ਅਵਝੇਰਾ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥੧੨॥**

(ਜੋ) ਤਸਵੀਰ ਦੀ [ਬਚਿਤ੍ਰ] ਸੁੰਦਰਤਾ ਹੈ, ਏਹੋ ਵਡਾ ਝਮੇਲਾ ਹੈ, (ਜਿਸ ਤੋਂ ਨਿਕਲਿਆ ਨਹੀਂ ਜਾਂਦਾ, ਪਰ ਤਾਂ ਭੀ ਤੂੰ) ਤਸਵੀਰ (ਦੀ ਸੁੰਦਰਤਾ ਦਾ ਖਿਆਲ) ਛਡਕੇ ਚਿੱਤ ਵਿਚ ਚਿਤਰਕਾਰ (ਵਾਹਿਗੁਰੂ) ਨੂੰ ਯਾਦ ਰੱਖ ॥੧੨॥

**ਛਛਾ ਇਹੈ ਛਤ੍ਰਪਤਿ ਪਾਸਾ ॥ ਛਕਿ ਕਿ ਨ ਰਹਹੁ ਛਾਡਿ ਕਿ ਨ ਆਸਾ ॥**

ਛੱਛੇ (ਦਾ ਉਪਦੇਸ਼ ਹੈ ਕਿ) ਇਸ [ਛਤ੍ਰਪਤਿ] ਸ਼ਹਿਨਸ਼ਾਹ (ਵਾਹਿਗੁਰੂ) ਕੋਲ [ਛਕਿ] ਖੁਸ਼ ਹੋ ਕੇ ਕਿਉਂ ਨਹੀਂ ਰਹਿੰਦਾ ਅਤੇ ਆਸਾਂ ਨੂੰ ਕਿਉਂ ਨਹੀਂ ਛੱਡਦਾ ।

**ਰੇ ਮਨ ਮੈ ਤਉ ਛਿਨ ਛਿਨ ਸਮਝਾਵਾ ॥ ਤਾਹਿ ਛਾਡਿ ਕਤ ਆਪੁ ਬਧਾਵਾ ॥੧੩॥**

ਹੇ ਮਨ ! ਮੈਂ ਤੈਨੂੰ ਘੜੀ ਘੜੀ ਸਮਝਾਉਂਦਾ ਹਾਂ, ਕਿ ਉਸ (ਵਾਹਿਗੁਰੂ ਨੂੰ ਛਡ ਕੇ) ਤੂੰ ਕਿਉਂ ਆਪਣਾ ਆਪ ਬੰਨ੍ਹਾਉਂਦਾ ਹੈ ॥੧੩॥

**ਜਜਾ ਜਉ ਤਨ ਜੀਵਤ ਜਰਾਵੈ ॥ ਜੋਬਨ ਜਾਰਿ ਜੁਗਤਿ ਸੋ ਪਾਵੈ ॥**

ਜੱਜੇ (ਦਾ ਉਪਦੇਸ਼ ਹੈ ਕਿ) ਜੋ ਜੀਉ ਤੇ ਸਰੀਰ ਨੂੰ ਸਾੜਦਾ ਹੈ (ਅਰਥਾਤ ਇੱਛਾ ਦੂਰ ਕਰਦਾ ਹੈ) ਅਤੇ ਜੁਆਨੀ ਨੂੰ ਸਾੜਦਾ ਹੈ, (ਵਾਹਿਗੁਰੂ ਨੂੰ ਮਿਲਨ ਦੀ ਜਾਚ ਓਹੀ ਪਾਉਂਦਾ ਹੈ ।

**ਅਸ ਜਰਿ ਪਰ ਜਰਿ ਜਰਿ ਜਬ ਰਹੈ ॥ ਤਬ ਜਾਇ ਜੋਤਿ ਉਜਾਰਉ ਲਹੈ ॥੧੪॥**

[ਅਸ] ਆਪਣੀ [ਜਰਿ] ਦੌਲਤ (ਦਾ ਹੰਕਾਰ) ਅਤੇ ਪਰਾਈ ਦੌਲਤ (ਦਾ ਲੋਭ) ਜਦੋਂ ਸਾੜਕੇ ਮਾਇਆ ਤੋਂ ਅਤੀਤ ਹੋ ਰਹੇਗਾ, ਤਦੋਂ ਨਿਰੰਕਾਰੀ ਜੋਤ ਦਾ ਉਜਾਲਾ ਲਭੇਗਾ ॥੧੪॥

**ਝਝਾ ਉਰਝਿ ਸੁਰਝਿ ਨਹੀ ਜਾਨਾ ॥ ਰਹਿਓ ਝਝਕਿ ਨਾਹੀ ਪਰਵਾਨਾ ॥**

ਝੱਝੇ (ਦਾ ਉਪਦੇਸ਼ ਹੈ ਕਿ) [ਉਰਝਿ] ਫਸ ਗਿਆ ਹੈ, [ਸੁਰਝਿ] ਨਿਕਲਣਾ ਨਹੀਂ ਜਾਣਦਾ (ਜੋ) [ਝਝਕਿ] ਡਰ ਰਿਹਾ ਹੈ, (ਉਸ ਨੇ) ਕਬੂਲ ਨਹੀਂ ਪੈਣਾ ।

**ਕਤ ਝਖਿ ਝਖਿ ਅਉਰਨ ਸਮਝਾਵਾ ॥ ਝਗਰੁ ਕੀਏ ਝਗਰਉ ਹੀ ਪਾਵਾ ॥੧੫॥**

ਕਿਉਂ ਬਕਬਕ ਕੇ ਹੋਰਨਾਂ ਨੂੰ ਸਮਝਾਉਂਦਾ ਹੈਂ ? (ਜਦ ਆਪ ਨਹੀਂ ਮੰਨਿਆਂ ਤਾਂ ਕਹਿਣ ਦਾ ਕੀ ਫਲ ?) ਝਗੜਾ ਕੀਤਿਆਂ ਝਗੜਾ ਹੀ ਮਿਲਣਾ ਹੈ ॥੧੫॥

**ਞੰਞਾ ਨਿਕਟਿ ਜੁ ਘਟ ਰਹਿਓ ਦੂਰਿ ਕਹਾ ਤਜਿ ਜਾਇ ॥**

ਞੰਞੇ (ਦਾ ਉਪਦੇਸ਼ ਹੈ ਕਿ) ਜੋ ਵਾਹਿਗੁਰੂ [ਘਟ] ਦਿਲ ਦੇ ਨੇੜੇ ਰਹਿੰਦਾ ਹੈ, (ਉਸ ਨੂੰ ਮਿਲਣ ਲਈ ਘਰਾਂ ਨੂੰ) ਛੱਡਕੇ ਦੂਰ (ਜੰਗਲਾਂ ਵਿਚ) ਕਿਉਂ ਜਾਂਦੇ ਹੋ ?

**ਜਾ ਕਾਰਣਿ ਜਗੁ ਢੂਢਿਅਉ ਨੇਰਉ ਪਾਇਅਉ ਤਾਹਿ ॥੧੬॥**

ਜਿਸ ਨੂੰ (ਮਿਲਣ) ਵਾਸਤੇ ਜਗਤ ਨੂੰ ਢੂੰਡਿਆ ਹੈ, ਉਸ ਨੂੰ ਕੋਲੋਂ ਹੀ ਪਾਇਆ ਹੈ ॥੧੬॥

**ਟਟਾ ਬਿਕਟ ਘਾਟ ਘਟ ਮਾਹੀ ॥ ਖੋਲਿ ਕਪਾਟ ਮਹਲਿ ਕਿ ਨ ਜਾਹੀ ॥**

ਟੈਂਕੇ (ਦਾ ਉਪਦੇਸ਼ ਹੈ ਕਿ ਭਗਤੀ ਰੂਪ) [ਬਿਕਟ ਘਾਟ] ਖੁਲ੍ਹਾ ਰਸਤਾ ਹਿਰਦੇ ਵਿਚ ਹੀ ਹੈ, (ਆਸ਼ਾ ਅੰਦੇਸ਼ਾ ਰੂਪ) [ਕਪਾਟ] ਬੂਹੇ ਖੋਹਲ ਕੇ (ਉਸ ਰਸਤੇ ਥਾਨੀ) ਮਹੱਲ ਵਿਚ ਕਿਉਂ ਨਹੀਂ ਜਾਂਦਾ ?

**ਦੇਖਿ ਅਟਲ ਟਲਿ ਕਤਹਿ ਨ ਜਾਵਾ ॥ ਰਹੈ ਲਪਟਿ ਘਟ ਪਰਚਉ ਪਾਵਾ ॥੧੭॥**

ਨਾ ਟਲਣ ਵਾਲੇ (ਵਾਹਿਗੁਰੂ ਨੂੰ) ਵੇਖਣ (ਵਾਲਾ ਭੀ) ਟਲ ਕੇ ਕਿਤੇ ਨਹੀਂ ਜਾਂਦਾ, (ਕਿਉਂਕਿ ਉਸ ਦਾ ਮਨ ਭੀ ਵਾਹਿਗੁਰੂ ਨਾਲ) [ਲਪਟਿ] ਲਗਾ ਰਹਿੰਦਾ ਹੈ, ਹਿਰਦੇ (ਵਿਚ ਹੀ ਉਸ ਨੂੰ ਇਹ) ਪਰਚਾ ਮਿਲ ਗਿਆ ਹੈ ॥੧੭॥

**ਠਠਾ ਇਹੈ ਦੂਰਿ ਠਗ ਨੀਰਾ ॥ ਨੀਠਿ ਨੀਠਿ ਮਨੁ ਕੀਆ ਧੀਰਾ ॥**

ਠੱਠੇ (ਦਾ ਉਪਦੇਸ਼ ਹੈ ਕਿ) ਇਸ ਠੱਗੀ ਦੇ ਪਾਣੀ (ਵਿਕਾਰਾਂ) ਨੂੰ ਦੂਰ (ਕਰਕੇ) ਮਨ ਨੂੰ [ਨੀਠਿ ਨੀਠਿ] ਹੌਲੀ-ਹੌਲੀ ਧੀਰਜ ਵਾਲਾ ਬਣਾਇਆ ਹੈ ।

**ਜਿਨਿ ਠਗਿ ਠਗਿਆ ਸਗਲ ਜਗੁ ਖਾਵਾ ॥**
**ਸੋ ਠਗੁ ਠਗਿਆ ਠਉਰ ਮਨੁ ਆਵਾ ॥੧੮॥**

ਜਿਨ੍ਹਾਂ (ਕਾਮਾਦਿਕ) ਠੱਗਾਂ ਨੇ ਸਾਰੇ ਜਗਤ ਨੂੰ ਠੱਗ ਕੇ ਖਾ ਲਿਆ ਹੈ, (ਅਸਾਂ) ਉਨ੍ਹਾਂ ਠੱਗਾਂ ਨੂੰ ਠੱਗ ਲਿਆ ਹੈ, (ਇਸ ਲਈ) ਮਨ ਟਿਕਾਣੇ ਆ ਗਿਆ ਹੈ ॥੧੮॥

SIKHBOOKCLUB.COM

**ਡਡਾ ਡਰ ਉਪਜੇ ਡਰੁ ਜਾਈ ॥ ਤਾ ਡਰ ਮਹਿ ਡਰੁ ਰਹਿਆ ਸਮਾਈ ॥**

ਡੱਡੇ (ਦਾ ਉਪਦੇਸ਼ ਹੈ ਕਿ ਹਿਰਦੇ ਵਿਚ ਵਾਹਿਗੁਰੂ ਦੇ) ਡਰ ਦੇ ਪੈਦੇ ਹੋਇਆਂ, (ਜਮਾਂ ਦਾ) ਡਰ (ਮਿਟ) ਜਾਂਦਾ ਹੈ, (ਕਿਉਂਕਿ) ਉਸ (ਵਾਹਿਗੁਰੂ ਦੇ) ਡਰ ਵਿਚ (ਹੀ ਜਮਾਂ ਦਾ) ਡਰ ਸਮਾਇਆ ਰਹਿੰਦਾ ਹੈ ।

**ਜਉ ਡਰ ਡਰੈ ਤ ਫਿਰਿ ਡਰੁ ਲਾਗੈ ॥ ਨਿਡਰ ਹੂਆ ਡਰੁ ਉਰ ਹੋਇ ਭਾਗੈ ॥੧੯॥**

ਜੇਕਰ (ਵਾਹਿਗੁਰੂ ਦੇ) ਡਰ (ਕੋਲੋਂ) ਡਰੇਗਾ, ਤਾਂ ਫਿਰ (ਸਾਰੇ) ਡਰ ਆ ਲਗਣਗੇ (ਜੋ ਵਾਹਿਗੁਰੂ ਦੇ) ਡਰ ਤੋਂ ਨਹੀਂ ਡਰਦਾ, (ਵਾਹਿਗੁਰੂ ਦਾ ਡਰ ਮੰਨਦਾ ਹੈ ਉਸਦੇ) ਦਿਲ ਵਿਚ ਹੋਏ (ਸਾਰੇ) ਡਰ ਨਾਸ ਹੋ ਜਾਂਦੇ ॥੧੯॥

**ਢਢਾ ਢਿਗ ਢੂਢਹਿ ਕਤ ਆਨਾ ॥ ਢੂਢਤ ਹੀ ਢਹਿ ਗਏ ਪਰਾਨਾ ॥**

ਢੱਢੇ (ਦਾ ਉਪਦੇਸ਼ ਹੈ ਕਿ) ਨੇੜੇ ਹੈ ਹੋਰ ਕਿਤੇ (ਕਿਉਂ) ਢੂੰਢਦੇ ਹੋ ? (ਅੱਗੇ ਕਈ ਵਾਰੀ) ਢੂੰਢਦਿਆਂ-ਢੂੰਢਦਿਆਂ ਹੀ ਪ੍ਰਾਣ [ਢਹਿ] ਨਿਕਲ ਗਏ ਹਨ ।

**ਚੜਿ ਸੁਮੇਰਿ ਢੂਢਿ ਜਬ ਆਵਾ ॥ ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ ॥੨੦॥**

ਜਦ ਸੁਮੇਰ ਦੇ ਉੱਤੇ ਭੀ ਲੱਭਕੇ ਮੁੜ ਆਵੇ, (ਤਾਂ) ਜਿਸ ਨੇ (ਸਰੀਰ) ਕਿਲ੍ਹਾ ਬਣਾਇਆ ਹੈ, ਉਸ ਨੂੰ (ਇਸੇ) ਕਿਲ੍ਹੇ ਵਿਚੋਂ ਪਾਵੇਗਾ ॥੨੦॥

**ਣਾਣਾ ਰਣਿ ਰੂਤਉ ਨਰ ਨੇਹੀ ਕਰੈ ॥ ਨਾ ਨਿਵੈ ਨਾ ਫੁਨਿ ਸੰਚਰੈ ॥**

ਣਾਣੇ (ਦਾ ਉਪਦੇਸ਼ ਹੈ ਕਿ ਕਾਮਾਦਿਕਾਂ ਦੇ) ਜੁੱਧ ਵਿਚ ਲੱਗਾ ਹੋਇਆ (ਪੁਰਸ਼) [ਨੇਹੀ] ਧੀਰਜ ਰੱਖੇ, ਨਾ ਹੀ (ਉਨ੍ਹਾਂ ਅੱਗੇ) ਨੀਵਾਂ ਹੋਵੇ ਅਤੇ ਨਾ ਹੀ [ਸੰਚਰੈ] ਆਪਣੀ ਜਗ੍ਹਾ ਤੋਂ ਹਿੱਲੇ (ਜੋ ਪੁਰਸ਼ ਇਉਂ ਕਰਦਾ ਹੈ) :—

**ਧੰਨਿ ਜਨਮੁ ਤਾਹੀ ਕੋ ਗਣੈ ॥ ਮਾਰੈ ਏਕਹਿ ਤਜਿ ਜਾਇ ਘਣੈ ॥੨੧॥**

ਉਸਦਾ ਜਨਮ ਹੀ ਧੰਨ ਸਮਝੋ, (ਕਿਉਂਕਿ ਉਹ) ਇਕ ਮਨ ਨੂੰ ਮਾਰਦਾ ਹੈ, (ਅਤੇ ਉਸ ਨੂੰ) ਬਹੁਤੇ (ਵਿਕਾਰ ਆਪੇ ਹੀ) ਛੱਡ ਜਾਂਦੇ ਹਨ ॥੨੧॥

**ਤਤਾ ਅਤਰ ਤਰਿਓ ਨਹ ਜਾਈ ॥ ਤਨ ਤ੍ਰਿਭਵਣ ਮਹਿ ਰਹਿਓ ਸਮਾਈ ॥**

ਤੱਤੇ (ਦਾ ਉਪਦੇਸ਼ ਹੈ ਕਿ ਉਨਾਂ ਚਿਰ) ਸੰਸਾਰ ਸਮੁੰਦਰ ਤੋਂ [ਅਤਰ] ਤਰਨਾ ਔਖਾ ਹੈ, ਤਰਿਆ ਨਹੀਂ ਜਾਣਾ, (ਜਿੰਨਾ ਚਿਰ) ਸਰੀਰ ਤਿੰਨਾਂ ਲੋਕਾਂ ਵਿਚ ਸਮਾਇਆ ਹੋਇਆ ਹੈ ।

**ਜਉ ਤ੍ਰਿਭਵਣ ਤਨ ਮਾਹਿ ਸਮਾਵਾ ॥ ਤਉ ਤਤਹਿ ਤਤ ਮਿਲਿਆ ਸਚੁ ਪਾਵਾ ॥੨੨॥**

ਜਦ ਤਿੰਨਾਂ ਲੋਕਾਂ ਨੂੰ ਸਰੀਰ ਵਿਚ ਸਮਾਇਆ (ਜਾਣੇਗਾ), ਤਦ ਤੱਤ ਦੇ ਨਾਲ ਤੱਤ ਰੂਪ ਹੋ ਕੇ ਮਿਲ ਜਾਵੇਗਾ ਤੇ ਸੱਚ ਨੂੰ ਪਾ ਲਵੇਗਾ ॥੨੨॥

**ਥਥਾ ਅਥਾਹ ਥਾਹ ਨਹੀ ਪਾਵਾ ॥ ਓਹੁ ਅਥਾਹ ਇਹੁ ਥਿਰੁ ਨ ਰਹਾਵਾ ॥**

ਥੱਥੇ (ਦਾ ਉਪਦੇਸ਼ ਹੈ ਕਿ ਵਾਹਿਗੁਰੂ) ਬੇਅੰਤ ਹੈ, (ਉਸ ਦਾ) ਅੰਤ ਨਹੀਂ ਪੈਂਦਾ, ਓਹ ਵਾਹਿਗੁਰੂ ਬੇਅੰਤ ਹੈ ਤੇ ਇਹ ਜੀਵ ਅਚਲ ਰਹਿਣ ਵਾਲਾ ਨਹੀਂ ਹੈ ।

**ਥੋੜੈ ਥਲਿ ਥਾਨਕ ਆਰੰਭੈ ॥ ਬਿਨੁ ਹੀ ਥਾਭਹ ਮੰਦਿਰੁ ਥੰਭੈ ॥੨੩॥**

ਥੋੜੀ ਜਗ੍ਹਾ ਉਤੇ ਮਕਾਨ ਬਨਾਉਣੇ ਸ਼ੁਰੂ ਕਰ ਦੇਂਦਾ ਹੈ, ਥੰਮ੍ਹੀਆਂ ਤੋਂ ਬਿਨਾਂ ਹੀ ਮਕਾਨ ਖਲ੍ਹਾਰਨਾ ਚਾਹੁੰਦਾ ਹੈ ॥੨੩॥

**ਦਦਾ ਦੇਖਿ ਜੁ ਬਿਨਸਨਹਾਰਾ ॥ ਜਸ ਅਦੇਖਿ ਤਸ ਰਾਖਿ ਬਿਚਾਰਾ ॥**

ਦੱਦੇ (ਦਾ ਉਪਦੇਸ਼ ਹੈ ਕਿ) ਜੋ ਦਿਸਦਾ ਹੈ, ਉਹ ਨਾਸ ਹੋ ਜਾਣ ਵਾਲਾ ਹੈ, ਜੇਹੜਾ ਦਿਸਦਾ ਨਹੀਂ ਹੈ, ਉਸਦੀ ਵਿਚਾਰ (ਦਿਲ ਵਿਚ) ਰੱਖੋ ।

**ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨੁ ਕੀਜੈ ॥੨੪॥**

ਜਦੋਂ ਦਸਵੇਂ ਦੁਆਰ ਵਿਚ [ਕੁੰਚੀ] ਬਿਰਤੀ ਲਾਓਗੇ, ਓਦੋਂ ਹੀ ਦਿਆਲੂ ਵਾਹਿਗੁਰੂ ਦਾ ਦਰਸ਼ਨ ਕਰੋਗੇ ॥੨੪॥

**ਧਧਾ ਅਰਧਹਿ ਉਰਧ ਨਿਬੇਰਾ ॥ ਅਰਧਹਿ ਉਰਧਹ ਮੰਝਿ ਬਸੇਰਾ ॥**

ਧੱਧੇ (ਦਾ ਉਪਦੇਸ਼ ਹੈ ਕਿ) ਹੇਠਾਂ ਉਤਾਂਹ (ਦਾ ਇਉਂ) ਵਿਚਾਰ ਕਰੋ, ਹੇਠਲੀਆਂ ਉਤਲੀਆਂ ਥਾਵਾਂ ਵਿਚ ਪ੍ਰਮਾਤਮਾ ਹੀ ਵਸਦਾ ਹੈ ।

**ਅਰਧਹ ਛਾਡਿ ਉਰਧ ਜਉ ਆਵਾ ॥**

**ਤਉ ਅਰਧਹਿ ਉਰਧ ਮਿਲਿਆ ਸੁਖ ਪਾਵਾ ॥੨੫॥**

ਜਦ ਜੀਵ [ਅਰਧਹ] ਢਹਿੰਦੀਆਂ ਕਲਾਂ ਛਡਕੇ (ਉਰਧ) ਚੜ੍ਹਦੀਆਂ ਕਲਾਂ ਵਿਚ ਆਵੇਗਾ, ਤਦ [ਅਰਧਹਿ] ਜੀਵ ਪ੍ਰਮਾਤਮਾ ਦੇ ਮਿਲਾਪ ਦਾ ਸੁਖ ਪਾਵੇਗਾ ॥੨੫॥

**ਨੰਨਾ ਨਿਸਿ ਦਿਨੁ ਨਿਰਖਤ ਜਾਈ ॥ ਨਿਰਖਤ ਨੈਨ ਰਹੇ ਰਤਵਾਈ ॥**

ਨੰਨੇ (ਦਾ ਉਪਦੇਸ਼ ਹੈ, ਭਗਤਾਂ ਦੀ ਉਮਰਾ) ਦਿਨ ਰਾਤ (ਰਾਹ) [ਨਿਰਖਤ] ਵੇਖਦਿਆਂ ਹੀ ਗੁਜ਼ਰਦੀ ਹੈ, ਵੇਖਦਿਆਂ-ਵੇਖਦਿਆਂ ਅੱਖਾਂ ਰਤ ਵਰਗੀਆਂ ਲਾਲ ਹੋ ਰਹੀਆਂ ਹਨ ।

**ਨਿਰਖਤ ਨਿਰਖਤ ਜਬ ਜਾਇ ਪਾਵਾ ॥ ਤਬ ਲੇ ਨਿਰਖਹਿ ਨਿਰਖ ਮਿਲਾਵਾ ॥੨੬॥**

ਵੇਖਦਿਆਂ-ਵੇਖਦਿਆਂ ਜਦੋਂ ਥਾਂ ਮਿਲ ਪੈਂਦੀ ਹੈ, ਓਦੋਂ [ਨਿਰਖਹਿ] ਵੇਖਣ ਵਾਲੇ ਨੂੰ [ਨਿਰਖ] ਦਿਸਣ ਵਾਲਾ ਆਪਣੇ ਵਿਚ ਮਿਲਾ ਲੈਂਦਾ ਹੈ ॥੨੬॥

**ਪਪਾ ਅਪਰ ਪਾਰੁ ਨਹੀ ਪਾਵਾ ॥ ਪਰਮ ਜੋਤਿ ਸਿਉ ਪਰਚਉ ਲਾਵਾ ॥**

ਪੱਪੇ (ਦਾ ਉਪਦੇਸ਼ ਹੈ ਕਿ ਦਿਸਣ ਵਾਲਾ) ਹੱਦ ਤੋਂ ਪਾਰ ਹੈ, ਹੱਦ ਦਾ ਪਤਾ ਨਹੀਂ ਲਗਦਾ, (ਜਿਸ ਦਾ ਉਸ) ਪ੍ਰਕਾਸ਼ ਸਰੂਪ ਨਾਲ ਪਰਦਾ ਪੈ ਗਿਆ ਹੈ । ਉਸ ਨੇ—

**ਪਾਂਚਉ ਇੰਦ੍ਰੀ ਨਿਗ੍ਰਹ ਕਰਈ ॥ ਪਾਪੁ ਪੁੰਨੁ ਦੋਊ ਨਿਰਵਰਈ ॥੨੭॥**

ਪੰਜੇ ਇੰਦ੍ਰੀਆਂ [ਨਿਗ੍ਰਹ] ਵੱਸ ਕਰ ਲਈਆਂ ਹਨ, ਪਾਪ ਤੇ ਪੁੰਨ ਦੋਵੇਂ ਹੀ ਛਡ ਦਿਤੇ ਹਨ ਅਰਥਾਤ ਪਾਪ ਤੇ ਪੁੰਨ ਦੀ ਮਨੌਤ ਰਖਣ ਵਾਲੀ ਭੇਦ ਬੁਧੀ ਦੂਰ ਹੋ ਗਈ ਹੈ ॥੨੭॥

**ਫਫਾ ਬਿਨੁ ਫੂਲਹ ਫਲੁ ਹੋਈ ॥ ਤਾ ਫਲ ਫੰਕ ਲਖੈ ਜਉ ਕੋਈ ॥**

ਫੱਫੇ (ਦਾ ਉਪਦੇਸ਼ ਹੈ ਕਿ ਕਰਮਾਂ ਰੂਪ) ਫੁਲਾਂ ਤੋਂ ਬਿਨਾਂ ਹੀ (ਗਿਆਨ ਰੂਪ) ਫਲ ਹੁੰਦਾ ਹੈ, ਉਸ ਫਲ ਦੀ [ਫੰਕ] ਫਾੜੀ (ਤੁਰੀਆ ਪਦ) ਨੂੰ ਜੇਹੜਾ ਕੋਈ [ਲਖੈ] ਜਾਣਦਾ ਹੈ ।

**ਦੂਣਿ ਨ ਪਰਈ ਫੰਕ ਬਿਚਾਰੈ ॥ ਤਾ ਫਲ ਫੰਕ ਸਭੈ ਤਨ ਫਾਰੈ ॥੨੮॥**

ਫਾੜੀ ਦੀ ਵੀਚਾਰ ਕਰਨ ਵਾਲਾ [ਦੂਣਿ] ਜੂਨਾਂ ਵਿਚ ਨਹੀਂ ਪੈਂਦਾ ਕਿਉਂਕਿ ਉਸ ਫਲ ਦੀ ਫਾੜੀ ਸਾਰੇ ਸਰੀਰਾਂ (ਜਿਨ੍ਹਾਂ ਵਿਚ ਜੀਵ ਨੇ ਭਟਕਣਾ ਹੈ) ਨੂੰ ਨਾਸ ਕਰ ਦੇਂਦੀ ਹੈ ॥੨੮॥

**ਬਬਾ ਬਿੰਦਹਿ ਬਿੰਦ ਮਿਲਾਵਾ ॥ ਬਿੰਦਹਿ ਬਿੰਦਿ ਨ ਬਿਛੁਰਨ ਪਾਵਾ ॥**

ਬੱਬੇ (ਦਾ ਉਪਦੇਸ਼ ਹੈ ਕਿ ਜੋ) [ਬਿੰਦਹਿ] ਸਾਗਰ ਨਾਲ ਬੂੰਦ ਮਿਲ ਗਈ ਹੈ, ਓਹ ਬੂੰਦ ਫਿਰ ਸਾਗਰ ਨਾਲੋਂ ਵਿਛੋੜਾ ਨਹੀਂ ਪਾਂਦੀ, (ਅਰਥਾਤ ਜੋ ਬੰਦਾ ਵਾਹਿਗੁਰੂ ਨਾਲ ਮਿਲ ਗਿਆ ਹੈ, ਉਹ ਫਿਰ ਵੱਖ ਨਹੀਂ ਹੁੰਦਾ) ।

**ਬੰਦਉ ਹੋਇ ਬੰਦਗੀ ਗਹੈ ॥ ਬੰਦਕ ਹੋਇ ਬੰਧ ਸੁਧਿ ਲਹੈ ॥੨੯॥**

ਬੰਦਾ (ਉਹ) ਹੁੰਦਾ ਹੈ, ਜੋ ਬੰਦਗੀ ਕਰਦਾ ਹੈ, ਜੋ ਭਗਤੀ ਕਰਨ ਵਿਚ ਲਗਾ ਹੋਇਆ ਹੈ, [ਬੰਧ] ਵਾਹਿਗੁਰੂ ਉਸਦੀ ਖਬਰ ਸੁਰਤ ਲੈਂਦਾ ਹੈ ॥੨੯॥

**ਭਭਾ ਭੇਦਹਿ ਭੇਦ ਮਿਲਾਵਾ ॥ ਅਬ ਭਉ ਭਾਨਿ ਭਰੋਸਉ ਆਵਾ ॥**

ਭੱਭੇ (ਦਾ ਉਪਦੇਸ਼ ਹੈ ਕਿ ਜਦ) [ਭੇਦਹਿ] ਫਰਕ (ਦੂਈ) ਨੂੰ [ਭੇਦ] ਨਾਸ ਕਰ ਦਿੱਤਾ ਤਾਂ ਮੇਲ ਹੋ ਗਿਆ, ਹੁਣ ਡਰ ਮਿਟ ਗਿਆ ਹੈ ਅਤੇ ਭਰੋਸਾ ਆ ਗਿਆ ਹੈ।

**ਜੋ ਬਾਹਰਿ ਸੋ ਭੀਤਰਿ ਜਾਨਿਆ ॥ ਭਇਆ ਭੇਦੁ ਭੂਪਤਿ ਪਹਿਚਾਨਿਆ ॥੩੦॥**

ਜਿਸਨੂੰ ਬਾਹਰ (ਮੰਨਿਆਂ ਸੀ) ਓਸੇ ਨੂੰ ਅੰਦਰ ਜਾਣ ਲਿਆ ਹੈ, (ਜਦ) ਫੇਰ (ਮਲੂਮ) ਹੋਇਆ ਤਾਂ [ਭੂਪਤਿ=ਪ੍ਰਿਥਵੀ ਪਤੀ] ਵਾਹਿਗੁਰੂ ਨੂੰ ਪਛਾਨ ਲਿਆ ਹੈ ॥੩੦॥

**ਮਮਾ ਮੂਲ ਗਹਿਆ ਮਨੁ ਮਾਨੈ ॥ ਮਰਮੀ ਹੋਇ ਸੁ ਮਨ ਕਉ ਜਾਨੈ ॥**

ਮੰਮੇ (ਦਾ ਉਪਦੇਸ਼ ਹੈ ਕਿ) ਮੁਢ ਨੂੰ ਫੜਿਆਂ ਮਨ ਮੰਨਦਾ ਹੈ, (ਜੋ ਇਸ ਗੱਲ ਦਾ) [ਮਰਮੀ] ਭੇਤੀ ਹੋਇਆ ਹੈ, ਓਹੀ ਮਨ (ਦੀ ਦਸ਼ਾ) ਨੂੰ ਜਾਣਦਾ ਹੈ।

**ਮਤ ਕੋਈ ਮਨ ਮਿਲਤਾ ਬਿਲਮਾਵੈ ॥ ਮਗਨ ਭਇਆ ਤੇ ਸੋ ਸਚੁ ਪਾਵੈ ॥੩੧॥**

(ਜਦੋਂ) ਮਨ ਮਿਲਦਾ ਹੋਵੇ [ਬਿਲਮਾਵੈ] ਦੇਰ ਕੋਈ ਨਾ ਕਰੋ, (ਕਿਉਂਕਿ ਮਨ ਦੇ) ਮਸਤ ਹੋਣ ਮਗਰੋਂ ਹੀ ਉਹ ਸੱਚ ਮਿਲਦਾ ਹੈ ॥੩੧॥

**ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥**

ਮੰਮੇ (ਦੇ ਉਪਦੇਸ਼ ਦਾ ਸਿਧਾਂਤ ਹੈ ਕਿ) ਮਨ ਨਾਲ ਹੀ ਕੰਮ ਹੈ, ਮਨ ਨੂੰ ਵੱਸ ਕੀਤਿਆਂ ਹੀ ਮੁਕਤਿ ਹੋਈਦਾ ਹੈ।

SIKHBOOKCLUB.COM

**ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥੩੨॥**

ਕਬੀਰ ਜੀ ਆਖਦੇ ਹਨ, ਹੇ [ਮਨ] ਪਿਆਰੇ! ਮਨ ਨਾਲ ਹੀ ਕੰਮ ਹੈ, ਮਨ ਵਰਗਾ (ਹੋਰ) ਕੋਈ (ਸਾਧਨ ਅੱਜ ਤੱਕ ਕਿਸੇ ਨੂੰ) ਨਹੀਂ ਮਿਲਿਆ ॥੩੨॥

**ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥**

ਇਹ ਮਨ ਹੀ [ਸਕਤੀ] ਮਾਇਆ ਹੈ, ਇਹ ਮਨ ਹੀ [ਸੀਉ] ਈਸ਼ਵਰ ਹੈ। ਇਹ ਮਨ ਹੀ ਪੰਜਾਂ ਤੱਤਾਂ ਨਾਲ (ਮਿਲ ਕੇ) ਜੀਵ (ਕਹਾਉਂਦਾ ਹੈ)।

**ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥**

ਇਹ ਮਨ ਨੂੰ ਵੱਸ ਕਰਕੇ ਜੇਹੜਾ [ਉਨਮਨਿ] ਤੁਰੀਆ ਪਦ ਵਿਚ ਰਹਿੰਦਾ ਹੈ, ਉਹ ਤਿੰਨਾਂ ਲੋਕਾਂ ਦੀਆਂ ਗੱਲਾਂ ਸੁਣਾਉਂਦਾ ਹੈ (ਅਰਥਾਤ ਪੂਰਨ ਗਿਆਨੀ ਹੋ ਜਾਂਦਾ ਹੈ) ॥੩੩॥

**ਯਯਾ ਜਉ ਜਾਨਹਿ ਤਉ ਦੁਰਮਤਿ ਹਨਿ ਕਰਿ ਬਸਿ ਕਾਇਆ ਗਾਉ ॥**

ਯੱਯੇ (ਦਾ ਉਪਦੇਸ਼ ਹੈ ਕਿ) ਜੇ ਤੂੰ ਜਾਣਿਆਂ (ਚਾਹੁੰਦਾ ਹੈਂ) ਤਾਂ ਖੋਟੀ ਮੱਤ ਨਾਸ ਕਰ ਅਤੇ ਦੇਹ ਰੂਪੀ [ਗਾਉ] ਪਿੰਡ ਨੂੰ ਭੀ ਆਪਣੇ ਵੱਸ ਕਰ ਲੈ।

**ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ ॥੩੪॥**

(ਕਾਮਾਦਿਕਾਂ ਨਾਲ) ਲੜਾਈ ਕਰਨ ਵਿਚ ਲਗਾ ਹੋਇਆ ਭੱਜ ਨ ਜਾਵੇਂ, ਤਾਂ [ਥਾਰਉ] ਤੇਰਾ ਨਾਮ ਸੂਰਮਾ ਹੋਵੇਗਾ ॥੩੪॥

**ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥**

ਰਾਰੇ (ਦਾ ਉਪਦੇਸ਼ ਹੈ ਕਿ ਸੰਸਾਰ ਦੇ) ਸਵਾਦਾਂ ਨੂੰ ਬੇ-ਸੁਆਦ ਕਰਕੇ ਜਾਣਿਆ, (ਤੇ ਉਨ੍ਹਾਂ ਤੋਂ) ਨਿਰਾਸ਼ ਹੋਇਆ, ਤਾਂ ਉਸ ਰਸ (ਰੂਪ ਵਾਹਿਗੁਰੂ ਨੂੰ) ਪਛਾਣ ਲਿਆ ।

**ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥੩੫॥**

(ਜਿਸ ਨੇ) ਇਹ ਸਵਾਦ ਛਡੇ (ਹਨ ਉਸਨੂੰ) ਓਹ ਸਵਾਦ ਆਇਆ ਹੈ (ਜਿਸ ਨੇ) ਉਸ (ਆਤਮ) ਰਸ ਨੂੰ ਪੀਤਾ ਹੈ, (ਉਸ ਨੂੰ) ਇਹ (ਵਿਸ਼ੇ) ਰਸ ਚੰਗੇ ਨਹੀਂ ਲਗਦੇ ॥੩੫॥

**ਲਲਾ ਐਸੇ ਲਿਵ ਮਨੁ ਲਾਵੈ ॥ ਅਨਤ ਨ ਜਾਇ ਪਰਮ ਸਚੁ ਪਾਵੈ ॥**

ਲੱਲੇ (ਦਾ ਉਪਦੇਸ਼ ਹੈ ਕਿ) ਮਨ ਦੀ ਅਜੇਹੀ ਪ੍ਰੀਤ ਲਾਵੇ ਕਿ ਮਨ ਹੋਰ ਕਿਤੇ ਨਾ ਜਾਵੇ, ਤਾਂ ਉਸ ਸੱਚੇ ਪ੍ਰਮਾਤਮਾ ਨੂੰ ਪਾ ਲਵੇਗਾ ।

**ਅਰੁ ਜਉ ਤਹਾ ਪ੍ਰੇਮ ਲਿਵ ਲਾਵੈ ॥ ਤਉ ਅਲਹ ਲਹੈ ਲਹਿ ਚਰਨ ਸਮਾਵੈ ॥੩੬॥**

ਅਤੇ ਜੇਕਰ ਉਸਦੇ ਪ੍ਰੇਮ ਵਿਚ ਸੁਰਤ ਲਾਵੇਗਾ, ਤਾਂ ਅੱਲਾ ਨੂੰ ਜਾਣੇਗਾ ਤੇ ਜਾਨਣ ਵਾਲਾ (ਉਸਦੇ) ਚਰਨਾਂ ਵਿਚ ਸਮਾ ਜਾਵੇਗਾ ॥੩੬॥

**ਵਵਾ ਬਾਰ ਬਾਰ ਬਿਸਨ ਸਮ੍ਹਾਰਿ ॥ ਬਿਸਨ ਸੰਮ੍ਹਾਰਿ ਨ ਆਵੈ ਹਾਰਿ ॥**

ਵੱਵੇ (ਦਾ ਉਪ੍ਦੇਸ਼ ਹੈ ਕਿ) ਮੁੜ ਮੁੜ ਕੇ ਵਾਹਿਗੁਰੂ ਨੂੰ ਯਾਦ ਕਰੋ, ਰੱਬ ਨੂੰ ਯਾਦ ਕਰਨ ਵਾਲੇ ਨੂੰ ਮੁੜ ਘਾਟਾ ਨਹੀਂ ਪੈਂਦਾ ।

**ਬਲਿ ਬਲਿ ਜੇ ਬਿਸਨਤਨਾ ਜਸੁ ਗਾਵੈ ॥**
**ਵਿਸਨ ਮਿਲੇ ਸਭ ਹੀ ਸਚੁ ਪਾਵੈ ॥੩੭॥**

ਜੇਹੜਾ [ਬਿਸਨਤਨਾ] ਸੰਤਾਂ (ਨਾਲ ਮਿਲਕੇ) ਵਾਹਿਗੁਰੂ ਦਾ ਜਸ ਗਾਉਂਦਾ ਹੈ, ਮੈਂ (ਉਸ ਤੋਂ ਸਦਕੇ ਕੁਰਬਾਨ ਜਾਂਦਾ ਹਾਂ । (ਕਿਉਂਕਿ ਉਹ) ਵਾਹਿਗੁਰੂ ਨੂੰ ਮਿਲਕੇ ਸਾਰੇ ਸਿਧਾਂਤ ਨੂੰ ਪਾ ਲੈਂਦਾ ਹੈ ॥੩੭॥

**ਵਾਵਾ ਵਾਹੀ ਜਾਨੀਐ ਵਾ ਜਾਨੇ ਇਹੁ ਹੋਇ ॥**
**ਇਹੁ ਅਰੁ ਓਹੁ ਜਬ ਮਿਲੈ ਤਬ ਮਿਲਤ ਨ ਜਾਨੈ ਕੋਇ ॥੩੮॥**

ਵੱਵੇ (ਦਾ ਉਪਦੇਸ਼ ਹੈ ਕਿ) ਉਸ ਨੂੰ ਜਾਣੇ, ਉਸ ਨੂੰ ਜਾਣਿਆਂ ਹੀ ਇਹ (ਉਸ ਦਾ ਰੂਪ) ਹੋ ਜਾਵੇਗਾ, ਇਹ ਤੇ ਓਹ ਜਦ (ਦੋਵੇਂ) ਮਿਲ ਗਏ, (ਤਾਂ ਇਨ੍ਹਾਂ ਦੇ) ਮੇਲ ਨੂੰ ਕੋਈ ਭੀ ਨਾ ਜਾਣੇਗਾ ॥੩੮॥

**ਸਸਾ ਸੋ ਨੀਕਾ ਕਰਿ ਸੋਧਹੁ ॥ ਘਟ ਪਰਚਾ ਕੀ ਬਾਤ ਨਿਰੋਧਹੁ ॥**

ਸੱਸੇ (ਦਾ ਉਪਦੇਸ਼ ਹੈ ਕਿ) ਉਸ ਨੂੰ [ਨੀਕਾ] ਚੰਗੀ ਤਰ੍ਹਾਂ ਢੂੰਢੋ ਅਤੇ ਹਿਰਦੇ ਵਿਚ [ਪਰਚਾ] ਪ੍ਰੇਮ ਦੀਆਂ ਗੱਲਾਂ [ਨਿਰੋਧਹੁ] ਧਾਰਨ ਕਰੋ ।

**ਘਟ ਪਰਚੈ ਜਉ ਉਪਜੈ ਭਾਉ ॥ ਪੂਰਿ ਰਹਿਆ ਤਹ ਤ੍ਰਿਭਵਣ ਰਾਉ ॥੩੯॥**

ਹਿਰਦੇ ਦੇ ਪਰਚੇ ਵਿਚ ਜੇਕਰ ਪ੍ਰੇਮ ਪੈਦਾ ਹੋ ਗਿਆ, ਤਾਂ ਤਿੰਨਾਂ ਲੋਕਾਂ ਵਿਚ [ਰਾਉ] ਪ੍ਰਕਾਸ਼ ਰੂਪ ਪੂਰਨ ਹੋ ਰਿਹਾ (ਨਜ਼ਰ ਆ ਜਾਵੇਗਾ) ॥੩੯॥

**ਖਖਾ ਖੋਜਿ ਪਰੈ ਜਉ ਕੋਈ ॥ ਜੋ ਖੋਜੈ ਸੋ ਬਹੁਰਿ ਨ ਹੋਈ ॥**

ਖੱਖੇ (ਦਾ ਉਪਦੇਸ਼ ਹੈ ਕਿ) ਜੇਹੜਾ ਕੋਈ ਖੋਜ ਵਿਚ ਪਵੇਗਾ ਅਤੇ ਜੋ ਖੋਜ ਕਰਦਾ ਰਹੇਗਾ, ਉਸ ਨੂੰ ਫਿਰ (ਜਨਮ ਮਰਨ ਦਾ ਦੁਖ) ਨਹੀਂ ਹੋਵੇਗਾ।

**ਖੋਜ ਬੂਝਿ ਜਉ ਕਰੈ ਬੀਚਾਰਾ ॥ ਤਉ ਭਵਜਲ ਤਰਤ ਨ ਲਾਵੈ ਬਾਰਾ ॥੪੦॥**

ਖੋਜ ਨੂੰ ਸਮਝਕੇ ਵਿਚਾਰ ਕਰੇ, ਤਾ ਸੰਸਾਰ ਸਮੁੰਦਰ ਤੋਂ ਤਰਦਿਆਂ ਦੇਰ ਨਹੀਂ ਲਗੇਗੀ ॥੪੦॥

**ਸਸਾ ਸੋ ਸਹ ਸੇਜ ਸਵਾਰੈ ॥ ਸੋਈ ਸਹੀ ਸੰਦੇਹ ਨਿਵਾਰੈ ॥**

ਸੱਸੇ (ਦਾ ਉਪਦੇਸ਼ ਹੈ ਕਿ) ਉਸ [ਸਹ] ਪਤੀ ਨੂੰ ਪਾਉਣ ਲਈ ਅੰਤਹਕਰਣ (ਰੂਪ) ਸੇਜ (ਨੂੰ ਸ਼ੁਭ ਗੁਣਾਂ ਨਾਲ) ਸਵਾਰੇ ਅਤੇ ਸੰਸਾ ਦੂਰ ਕਰੇ, (ਤਦ) ਓਹ [ਸਹੀ] ਪ੍ਰਤੱਖ ਹੋਵੇਗਾ।

**ਅਲਪ ਸੁਖ ਛਾਡਿ ਪਰਮ ਸੁਖ ਪਾਵਾ ॥ ਤਬ ਇਹ ਤ੍ਰੀਅ ਓੁਹੁ ਕੰਤੁ ਕਹਾਵਾ ॥੪੧॥**

ਥੋੜੇ ਸੁਖਾਂ ਨੂੰ ਛਡ ਦੇਵੋ, ਤਦ ਵੱਡੇ ਸੁਖਾਂ ਨੂੰ ਪ੍ਰਾਵੇਗਾ, ਓਦੋਂ ਇਹ (ਉਸ ਦੀ) ਇਸਤ੍ਰੀ ਅਤੇ ਓਹ (ਇਸ ਦਾ) ਪਤੀ ਕਿਹਾ ਜਾਵੇਗਾ ॥੪੧॥

**ਹਾਹਾ ਹੋਤ ਹੋਇ ਨਹੀ ਜਾਨਾ ॥ ਜਬ ਹੀ ਹੋਇ ਤਬਹਿ ਮਨੁ ਮਾਨਾ ॥**

ਹਾਹੇ (ਦਾ ਉਪਦੇਸ਼ ਹੈ ਕਿ ਓਸ) ਹੁੰਦੇ ਹੋਏ ਨੂੰ (ਇਸ ਨੇ) ਨਹੀਂ ਜਾਣਿਆ, ਜਦੋਂ (ਓਸ ਤੇ) (ਹੀ) ਨਿਸਚਾ ਹੋਇਆ, ਓਦੋਂ ਹੀ ਮਨ ਮੰਨ ਜਾਵੇਗਾ।

**ਹੈ ਤਉ ਸਹੀ ਲਖੈ ਜਉ ਕੋਈ ॥ ਤਬ ਓਹੀ ਉਹੁ ਏਹੁ ਨ ਹੋਈ ॥੪੨॥**

(ਰੱਬ) ਹੈ ਤਾਂ ਜ਼ਰੂਰ, ਪਰ ਜੇਕਰ ਕੋਈ ਜਾਣੇ, ਤਾਂ ਓਹ ਜਾਨਣ ਵਾਲਾ) ਓਸੇ ਦਾ ਰੂਪ ਹੋ ਜਾਵੇਗਾ) ਏਹ (ਫਿਰ ਓਸ ਤੋਂ ਵਖਰਾ) ਨਾ ਹੋਵੇਗਾ ॥੪੨॥

**ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ ॥ ਤਾ ਕਾਰਣਿ ਬਿਆਪੈ ਬਹੁ ਸੋਗੁ ॥**

ਸਾਰੀ ਦੁਨੀਆਂ ਲੈਣਾ ਲੈਣਾ ਹੀ ਕਰਦੀ ਫਿਰਦੀ ਹੈ, ਇਸੇ ਵਾਸਤੇ ਇਸ ਨੂੰ ਬਹੁਤੇ ਦੁਖ ਲਗੇ ਹਨ।

**ਲਖਿਮੀ ਬਰ ਸਿਉ ਜਉ ਲਿਉ ਲਾਵੈ ॥ ਸੋਗੁ ਮਿਟੈ ਸਭ ਹੀ ਸੁਖ ਪਾਵੈ ॥੪੩॥**

ਜੋ [ਲਖਿਮੀ ਬਰ] ਵਾਹਿਗੁਰੂ ਨਾਲ ਪ੍ਰੀਤ ਲਾਂਦਾ ਹੈ, (ਉਸ ਦੇ) ਦੁਖ ਮਿਟ ਜਾਂਦੇ ਹਨ, (ਅਤੇ ਉਹ) ਸਾਰੇ ਹੀ ਸੁਖ ਪਾ ਲੈਂਦਾ ਹੈ ॥੪੩॥

**ਖਖਾ ਖਿਰਤ ਖਪਤ ਗਏ ਕੇਤੇ ॥ ਖਿਰਤ ਖਪਤ ਅਜਹੂੰ ਨਹ ਚੇਤੇ ॥**

ਖੱਖੇ (ਦਾ ਉਪਦੇਸ਼ ਹੈ ਕਿ ਅੱਗੇ) ਕਿੰਨੇ ਹੀ [ਖਿਰਤ] ਖਰ ਖਰ ਕੇ [ਖਪਤ] ਨਾਸ ਹੋ ਗਏ ਹਨ, (ਹੁਣ ਭੀ) ਖਰ ਖਰ ਕੇ ਨਾਸ ਹੁੰਦੇ ਹਨ ਪਰ ਇਹ ਅਜੇ ਭੀ (ਮੌਤ ਨੂੰ) ਯਾਦ ਨਹੀਂ ਕਰਦਾ।

Sri Satguru Jagjit Singh Ji eLibrary NamdhariElibrary@gmail.com

**ਅਬ ਜਗੁ ਜਾਨਿ ਜਉ ਮਨਾ ਰਹੈ ॥ ਜਹ ਕਾ ਬਿਛੁਰਾ ਤਹ ਥਿਰੁ ਲਹੈ ॥੪੪॥**

ਜੇਕਰ ਹੁਣ ਭੀ ਜਗਤ (ਨੂੰ ਨਾਸ ਰੂਪ) ਜਾਨਕੇ (ਇਸ ਦੇ ਪਿਆਰ ਵਲੋਂ) [ਮਨਾ= ਮਨ੍ਹਾਂ] ਹਟਿਆ ਰਹੇ ਤਾਂ ਜਿਥੋਂ ਵਿਛੜਿਆ ਹੈ ਉਸੇ ਵਿਚ ਜਾ ਟਿਕੇਗਾ ॥੪੪॥

**ਬਾਵਨ ਅਖਰ ਜੋਰੇ ਆਨਿ ॥ ਸਕਿਆ ਨ ਅਖਰੁ ਏਕੁ ਪਛਾਨਿ ॥**

(ਪੰਡਤਾਂ ਨੇ) ਬਵੰਜਾ ਅੱਖਰ [ਆਨਿ] ਦੂਈ (ਦੇ ਵਰਨਣ ਵਿਚ ਹੀ) ਜੋੜੇ ਹਨ, (ਅਰਥਾਤ ਬਵੰਜਾ ਅੱਖਰਾਂ ਵਿਚ ਮਾਯਾ ਦਾ ਹੀ ਵਰਨਣ ਕੀਤਾ ਹੈ) ਅਤੇ [ਅਖਰੁ] ਨਾਸ ਤੋਂ ਰਹਿਤ ਇਕ ਵਾਹਿਗੁਰੂ ਨੂੰ ਪਛਾਣ ਨਹੀਂ ਸਕੇ ।

**ਸਤ ਕਾ ਸਬਦੁ ਕਬੀਰਾ ਕਹੈ ॥ ਪੰਡਿਤ ਹੋਇ ਸੁ ਅਨਭੈ ਰਹੈ ॥**

ਕਬੀਰ ਤਾਂ ਸੱਚਾ ਬਚਨ ਆਖਦਾ ਹੈ ਕਿ ਜੋ [ਅਨਭੈ] ਗਿਆਨ ਪਦ ਵਿਚ ਰਹੇਗਾ ਓਹੀ ਪੰਡਿਤ ਹੋਵੇਗਾ ।

**ਪੰਡਿਤ ਲੋਗਹ ਕਉ ਬਿਉਹਾਰ ॥ ਗਿਆਨਵੰਤ ਕਉ ਤਤੁ ਬੀਚਾਰ ॥**

ਪੰਡਿਤ ਲੋਕਾਂ ਦਾ ਤਾਂ (ਪੁਸਤਕ ਲਿਖਣਾ) ਵਿਹਾਰ ਹੈ, ਗਿਆਨ ਵਾਲੇ ਸੱਚ ਦੀ ਵੀਚਾਰ (ਲਈ ਅੱਖਰ ਜੋੜਦੇ ਹਨ) ।

**ਜਾ ਕੈ ਜੀਅ ਜੈਸੀ ਬੁਧਿ ਹੋਈ ॥ ਕਹਿ ਕਬੀਰ ਜਾਨੈਗਾ ਸੋਈ ॥੪੫॥**

ਜਿਸ ਦੇ ਦਿਮਾਗ ਵਿਚ ਜੇਹੀ ਬੁਧੀ ਹੁੰਦੀ ਹੈ, ਕਬੀਰ ਜੀ ਆਖਦੇ ਹਨ, ਉਹ ਅਜੇਹਾ ਹੀ ਸਿਧਾਂਤ ਜਾਣਦਾ ਹੈ ॥੪੫॥

***੧ਓ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਥਿਤੀਂ ਕਬੀਰ ਜੀ ਕੀਂ ॥***

**ਸਲੋਕੁ ॥ ਪੰਦ੍ਰਹ ਥਿਤੀਂ ਸਾਤ ਵਾਰ ॥ ਕਹਿ ਕਬੀਰ ਉਰਵਾਰ ਨ ਪਾਰ ॥**

ਕਬੀਰ ਜੀ ਆਖਦੇ ਹਨ, ਪੰਦ੍ਹਾਂ ਥਿੱਤਾਂ ਤੇ ਸੱਤ ਵਾਰਾਂ (ਦਿਨਾਂ) ਦੇ ਆਦਿ ਅੰਤ ਦਾ ਪਤਾ ਨਹੀਂ ਲਗਦਾ। ਇਵੇਂ ਹੀ ਇਨ੍ਹਾਂ ਨੂੰ ਮੰਨਣ ਵਾਲਿਆਂ ਦੇ ਜਨਮ ਮਰਨ ਦਾ ਪਤਾ ਨਹੀਂ ਲਗਦਾ ।

**ਸਾਧਿਕ ਸਿਧ ਲਖੈ ਜਉ ਭੇਉ ॥ ਆਪੇ ਕਰਤਾ ਆਪੇ ਦੇਉ ॥੧॥**

ਜੇਹੜਾ ਕੋਈ ਸਾਧਨ ਕਰਨ ਵਾਲਾ ਸਿਧ (ਇਨ੍ਹਾਂ ਦਾ ਆਦਿ ਅੰਤ) ਜਾਣਦਾ ਹੈ (ਉਹ) ਆਪੇ (ਹੀ ਮੱਸਜਾ ਦੇ) ਕਰਨ ਵਾਲਾ ਹੈ ਅਤੇ ਆਪੇ (ਹੀ ਥਿੱਤਾਂ ਵਿਚ ਪੂਜਿਆ ਜਾਣ ਵਾਲਾ) ਦੇਵਤਾ ਹੈ ॥੧॥

**ਥਿਤੀਂ ॥ ਅੰਮਾਵਸ ਮਹਿ ਆਸ ਨਿਵਾਰਹੁ ॥ ਅੰਤਰਜਾਮੀ ਰਾਮੁ ਸਮਾਰਹੁ ॥**

ਮੱਸਜਾ ਦੇ ਦਿਨ ਆਸਾਂ ਸਾਰੀਆਂ ਦੂਰ ਕਰੋ, ਤੇ ਦਿਲ ਦੀ ਜਾਨਣ ਵਾਲੇ ਰਾਮ ਨੂੰ ਯਾਦ ਕਰੋ ।

**ਜੀਵਤ ਪਾਵਹੁ ਮੋਖ ਦੁਆਰ ॥ ਅਨਭਉ ਸਬਦੁ ਤਤੁ ਨਿਜੁ ਸਾਰ ॥੧॥**

(ਤਦ) ਜੀਉਂਦੇ ਹੀ ਮੁਕਤੀ ਦਾ ਦਰਵਾਜ਼ਾ ਪਾ ਲਉਗੇ, ਜੋ ਗਿਆਨ ਸ਼ਬਦ ਦਾ 'ਤੱਤ' ਤੇ ਨਿਜ ਜੀਵਨ ਦਾ 'ਸਾਰ' ਹੈ ॥੧॥

Sri Satguru Jagjit Singh Ji eLibrary NamdhariElibrary@gmail.com

**ਚਰਨ ਕਮਲ ਗੋਬਿੰਦ ਰੰਗੁ ਲਾਗਾ ॥**

ਵਾਹਿਗੁਰੂ ਦੇ ਚਰਨ ਕਮਲਾਂ (ਦਾ) [ਰੰਗੁ] ਪ੍ਰੇਮ (ਜਿਸ ਨੂੰ) ਲਗ ਗਿਆ ਹੈ ।

**ਸੰਤ ਪ੍ਰਸਾਦਿ ਭਏ ਮਨ ਨਿਰਮਲ**

**ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥੧॥ ਰਹਾਉ ॥**

ਸੰਤਾਂ ਦੀ ਕ੍ਰਿਪਾ ਨਾਲ (ਉਸਦਾ) ਮਨ ਸ਼ੁਧ ਹੋ ਗਿਆ ਹੈ, ਇਸ ਲਈ ਉਹ ਵਾਹਿਗੁਰੂ ਦੇ ਕੀਰਤਨ ਕਰਨ ਵਾਲਾ ਦਿਨ ਰਾਤ ਜਾਗਦਾ ਰਹਿੰਦਾ ਹੈ ॥੧॥ ਰਹਾਉ ॥

**ਪਰਿਵਾ ਪ੍ਰੀਤਮ ਕਰਹੁ ਬੀਚਾਰ ॥ ਘਟ ਮਹਿ ਖੇਲੈ ਅਘਟ ਅਪਾਰ ॥**

ਏਕਮ ਵਾਲੇ ਦਿਨ ਪਿਆਰੇ ਦਾ ਵਿਚਾਰ ਕਰੋ, ਕਿ [ਅਘਟ] ਨਿਰੰਕਾਰ ਬੇਅੰਤ ਰੂਪ ਹੋ ਕੇ ਸਾਡੇ ਸਰੀਰਾਂ ਵਿਚ ਖੇਡ ਰਿਹਾ ਹੈ ।

**ਕਾਲ ਕਲਪਨਾ ਕਦੇ ਨ ਖਾਇ ॥ ਆਦਿ ਪੁਰਖ ਮਹਿ ਰਹੈ ਸਮਾਇ ॥੨॥**

(ਉਸ ਨੂੰ) ਮੌਤ ਦਾ ਖਿਆਲ ਕਦੇ ਭੀ ਦੁਖ ਨਹੀਂ ਦੇਂਦਾ (ਜਿਸ ਦਾ ਮਨ) ਵਾਹਿਗੁਰੂ ਵਿਚ ਸਮਾ ਰਿਹਾ ਹੈ ॥੨॥

**ਦੁਤੀਆ ਦੁਹ ਕਰਿ ਜਾਨੈ ਅੰਗ ॥ ਮਾਇਆ ਬ੍ਰਹਮ ਰਮੈ ਸਭ ਸੰਗ ॥**

ਦੂਜ (ਦੇ ਦਿਨ ਵਿਚਾਰੇ ਤੇ) [ਅੰਗ] ਸਰੀਰ ਨੂੰ ਦੋ ਹਿੱਸੇ ਕਰ ਜਾਣੇ, (ਅਰਥਾਤ) ਮਾਇਆ ਤੇ ਬ੍ਰਹਮ (ਇਹ ਦੋਵੇਂ ਹਿੱਸੇ) ਸਾਰਿਆਂ ਨਾਲ ਮਿਲੇ ਹੋਏ ਹਨ ।

**ਨਾ ਓਹੁ ਬਢੈ ਨ ਘਟਤਾ ਜਾਇ ॥ ਅਕੁਲ ਨਿਰੰਜਨ ਏਕੈ ਭਾਇ ॥੩॥**

ਨਾ ਓਹ ਵਧਦਾ ਹੈ ਅਤੇ ਨਾ ਹੀ ਉਹ ਘਟ ਹੁੰਦਾ ਹੈ, ਕੁਲ ਤੋਂ ਰਹਿਤ ਵਾਹਿਗੁਰੂ ਸਦਾ ਹੀ ਇਕੋ ਜੇਹਾ ਰਹਿੰਦਾ ਹੈ ॥੩॥

**ਤ੍ਰਿਤੀਆ ਤੀਨੇ ਸਮ ਕਰਿ ਲਿਆਵੈ ॥ ਆਨਦ ਮੂਲ ਪਰਮ ਪਦੁ ਪਾਵੈ ॥**

ਤੀਜ (ਦਾ ਉਪਦੇਸ਼ ਹੈ ਕਿ) ਤਿੰਨਾਂ ਗੁਣਾਂ ਨੂੰ ਇਕ ਸਮਾਨ (ਜਾਣ ਕੇ ਮਨ ਨੂੰ ਇਨ੍ਹਾਂ ਵਲੋਂ ਮੋੜ) ਲਿਆਵੇ, ਤਾਂ ਅਨੰਦ ਦੇ ਮੂਲ ਵਾਹਿਗੁਰੂ ਨੂੰ ਪਾ ਲਵੇਗਾ ।

**ਸਾਧਸੰਗਤਿ ਉਪਜੈ ਬਿਸ੍ਵਾਸ ॥ ਬਾਹਰਿ ਭੀਤਰਿ ਸਦਾ ਪ੍ਰਗਾਸ ॥੪॥**

ਸਾਧ ਸੰਗਤਿ ਵਿਚ ਪੂਰਾ ਭਰੋਸਾ ਪੈਦਾ ਹੋਵੇ ਤਾਂ ਅੰਦਰ ਬਾਹਰ ਦਾ ਸਦਾ ਲਈ ਚਾਨਣ ਹੋ ਜਾਵੇਗਾ ॥੪॥

**ਚਉਥਹਿ ਚੰਚਲ ਮਨ ਕਉ ਗਹਹੁ ॥ ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥**

ਚੌਥ (ਦਾ ਉਪਦੇਸ਼ ਹੈ ਕਿ) ਚੰਚਲ ਮਨ ਨੂੰ ਕਾਬੂ ਕਰੋ ਤੇ ਕਾਮ ਕ੍ਰੋਧ ਦੀ ਸੰਗਤ ਵਿਚ ਕਦੇ ਭੀ ਨਾ ਬੈਠੋ ।

Sri Satguru Jagjit Singh Ji eLibrary NamdhariElibrary@gmail.com

**ਜਲ ਥਲ ਮਾਹੇ ਆਪਹਿ ਆਪ ॥ ਆਪੈ ਜਪਹੁ ਆਪਨਾ ਜਾਪ ॥੫॥**

ਜਲਾਂ ਥਲਾਂ ਵਿਚ ਆਪਣਾ ਆਪ (ਹੀ ਵਿਆਪਕ ਹੈ, ਏਹ ਜਾਣਕੇ ਤੇ ਨਿਰੰਕਾਰ ਦੀ ਅੰਸ) ਆਪ ਨੂੰ (ਮੰਨਕੇ) ਆਪੇ ਹੀ ਆਪਣਾ ਜਾਪ ਜਪੋ ॥੫॥

**ਪਾਂਚੈ ਪੰਚ ਤਤ ਬਿਸਥਾਰ ॥ ਕਨਿਕ ਕਾਮਿਨੀ ਜੁਗ ਬਿਉਹਾਰ ॥**

ਪੰਚਮੀ (ਦਾ ਉਪਦੇਸ਼ ਹੈ ਕਿ) ਪੰਜਾਂ ਤੱਤਾਂ ਦਾ ਪਸਾਰਾ ਹੈ, ਮਾਇਆ ਤੇ ਇਸਤਰੀ ਹੀ ਜਗਤ ਦਾ ਵਰਤਾਰਾ ਹੈ।

**ਪ੍ਰੇਮ ਸੁਧਾ ਰਸੁ ਪੀਵੈ ਕੋਇ ॥ ਜਰਾ ਮਰਣ ਦੁਖੁ ਫੇਰਿ ਨ ਹੋਇ ॥੬॥**

(ਜੋ) ਕੋਈ ਪ੍ਰੇਮ ਰੂਪ [ਸੁਧਾ ਰਸੁ] ਅੰਮ੍ਰਿਤ ਪੀਵੇਗਾ (ਉਸ ਨੂੰ) [ਜਰਾ] ਬੁਢੇਪੇ ਤੇ ਮਰਣ ਦਾ ਦੁਖ ਫੇਰ ਕਦੇ ਨਹੀਂ ਹੋਵੇਗਾ ॥੬॥

**ਛਠਿ ਖਟੁ ਚਕ੍ਰ ਛਹੂੰ ਦਿਸ ਧਾਇ ॥ ਬਿਨੁ ਪਰਚੈ ਨਹੀ ਥਿਰਾ ਰਹਾਇ ॥**

ਛੇਵੀਂ (ਥਿੱਤ ਦਾ ਉਪਦੇਸ਼ ਹੈ ਕਿ) ਛੇਆਂ ਚਕਰਾਂ ਵਾਲਾ ਸਰੀਰ ਛੇਆਂ ਪਾਸਿਆਂ (ਪੰਜ ਕਾਮਾਦਿਕ ਤੇ ਮਨ) ਵੱਲ ਦੌੜਦਾ ਹੈ, ਪ੍ਰੇਮ ਤੋਂ ਬਿਨਾਂ ਕਦੇ ਭੀ ਅਚੱਲ ਨਹੀਂ ਰਹਿੰਦਾ।

**ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ ਕਰਮ ਧਰਮ ਕੀ ਸੂਲ ਨ ਸਹਹੁ ॥੭॥**

ਦੂਈ ਮੇਟ ਕੇ ਖਿਮਾ ਨੂੰ ਫੜ ਬੈਠੋ ਤਾਂ ਕਰਮਾਂ ਧਰਮਾਂ ਦੀ [ਸੂਲ] ਪੀੜ ਨਾ ਸਹਾਰੋਗੇ ॥੭॥

SIKHBOOKCLUB.COM

**ਸਾਤੈਂ ਸਤਿ ਕਰਿ ਬਾਚਾ ਜਾਣਿ ॥ ਆਤਮ ਰਾਮੁ ਲੇਹੁ ਪਰਵਾਣਿ ॥**

ਸਪਤਮੀ (ਦਾ ਉਪਦੇਸ਼ ਹੈ ਕਿ) ਬਾਣੀ ਨੂੰ ਸੱਚ ਕਰਕੇ ਜਾਣੇ ਅਤੇ [ਆਤਮ] ਆਪਣੇ ਆਪ ਨੂੰ ਰਾਮ (ਦੀ ਅੰਸ ਕਰਕੇ) ਮੰਨ ਲਵੇ।

**ਛੂਟੈ ਸੰਸਾ ਮਿਟਿ ਜਾਹਿ ਦੁਖ ॥ ਸੁੰਨ ਸਰੋਵਰਿ ਪਾਵਹੁ ਸੁਖ ॥੮॥**

[ਸੰਸਾ] ਭਰਮ ਦੀ ਗੰਢ ਖੁਲ੍ਹ ਜਾਏਗੀ ਤੇ ਦੁੱਖ ਮਿਟ ਜਾਵੇਗਾ, ਅਤੇ ਸੁਖ ਦੇ ਸਰੋਵਰ [ਸੁੰਨ] ਬ੍ਰਹਮ ਵਿਚ ਨਿਵਾਸ (ਵਿਆਪਕ) ਪਾ ਲਓਗੇ ॥੮॥

**ਅਸਟਮੀ ਅਸਟ ਧਾਤੁ ਕੀ ਕਾਇਆ ॥ ਤਾ ਮਹਿ ਅਕੁਲ ਮਹਾ ਨਿਧਿ ਰਾਇਆ ॥**

ਅਸ਼ਟਮੀ (ਦਾ ਉਪਦੇਸ਼ ਹੈ ਕਿ) ਅੱਠਾਂ ਧਾਤਾਂ (ਖੱਲੜੀ, ਰੋਮ, ਲਹੂ, ਨਾੜਾਂ, ਹੱਡੀਆਂ, ਮਾਸ, ਚਰਬੀ ਬੀਰਜ) ਦੀ ਦੇਹ ਹੈ। ਇਸ ਦੇ ਵਿਚ ਹੀ ਵੱਡੇ ਖਜ਼ਾਨਿਆਂ ਦਾ ਮਾਲਕ ਨਿਰੰਕਾਰ ਵੱਸਦਾ ਹੈ।

**ਗੁਰ ਗਮ ਗਿਆਨ ਬਤਾਵੈ ਭੇਦ ॥ ਉਲਟਾ ਰਹੈ ਅਭੰਗ ਅਛੇਦ ॥੯॥**

ਗਿਆਨ ਦੀ [ਗਮ] ਪਹੁੰਚ ਵਾਲਾ ਗੁਰੂ ਭੇਦ ਦੱਸਦਾ ਹੈ (ਕਿ ਸੰਸਾਰ ਤੋਂ) ਉਲਟਾ (ਹੋ ਕੇ) ਰਹੋ ਤਾਂ ਨਾਸ ਤੋਂ ਰਹਿਤ (ਨੂੰ ਮਿਲਕੇ ਆਪ ਭੀ) ਨਾਸ ਤੋਂ ਰਹਿਤ (ਹੋ ਜਾਓਗੇ) ॥੯॥

**ਨਉਮੀ ਨਵੈ ਦੁਆਰ ਕਉ ਸਾਧਿ ॥ ਬਹਤੀ ਮਨਸਾ ਰਾਖਹੁ ਬਾਂਧਿ ॥**

ਨੌਮੀ (ਦਾ ਉਪਦੇਸ਼ ਹੈ ਕਿ) ਨੌਂ ਦਰਵਜ਼ਿਆਂ ਨੂੰ ਰੋਕੋ, ਵਗਦੀਆਂ ਵਾਸ਼ਨਾਂ ਨੂੰ ਰੋਕ ਰਖੋ।

**ਲੋਭ ਮੋਹ ਸਭ ਬੀਸਰਿ ਜਾਹੁ ॥ ਜੁਗੁ ਜੁਗੁ ਜੀਵਹੁ ਅਮਰ ਫਲ ਖਾਹੁ ॥੧੦॥**

(ਜਦ) ਲੋਭ ਤੇ ਮੋਹ ਸਾਰਾ ਭੁਲ ਜਾਓਗੇ, ਤਾਂ (ਨਾਮ ਰੂਪੀ) ਅਮਰ ਫਲ ਖਾ ਕੇ ਜੁੱਗਾਂ-ਜੁੱਗਾਂ ਤਕ ਜੀਵੋਗੇ ॥੧੦॥

**ਦਸਮੀ ਦਹ ਦਿਸ ਹੋਇ ਅਨੰਦ ॥ ਛੂਟੈ ਭਰਮੁ ਮਿਲੈ ਗੋਬਿੰਦ ॥**

ਦਸਮੀ (ਦਾ ਉਪਦੇਸ਼ ਹੈ, ਕਿ ਓਦੋਂ) ਦਸੋਂ ਦਿਸ਼ਾਂ ਵਿਚ ਹੀ ਅਨੰਦ ਹੁੰਦਾ ਹੈ, ਜਦੋਂ ਭਰਮ ਮਿਟਦਾ ਹੈ ਅਤੇ ਵਾਹਿਗੁਰੂ ਮਿਲ ਪੈਂਦਾ ਹੈ।

**ਜੋਤਿ ਸਰੂਪੀ ਤਤ ਅਨੂਪ ॥ ਅਮਲ ਨ ਮਲ ਨ ਛਾਹ ਨਹੀ ਧੂਪ ॥੧੧॥**

[ਤਤ] ਉਹ ਪ੍ਰਕਾਸ਼ ਸਰੂਪ ਹੈ, ਵੱਡਾ ਸੁੰਦਰ ਹੈ, ਸ਼ੁਧ ਰੂਪ ਹੈ, ਮੈਲ ਉਸ ਵਿਚ ਨਹੀਂ ਹੈ ਅਤੇ ਨਾਹੀ (ਉਸ ਵਿਚ) ਧੁੱਪ ਤੇ ਛਾਂ ਹੈ ॥੧੧॥

**ਏਕਾਦਸੀ ਏਕ ਦਿਸ ਧਾਵੈ ॥ ਤਉ ਜੋਨੀ ਸੰਕਟ ਬਹੁਰਿ ਨ ਆਵੈ ॥**

ਏਕਾਦਸ਼ੀ (ਦਾ ਉਪਦੇਸ਼ ਹੈ ਕਿ ਮਨ ਜਦ) ਇਕ ਵਲ ਦੌੜਦਾ ਹੈ, ਤਾਂ ਫੇਰ ਜੂਨਾਂ ਤੇ ਦੁਖਾਂ ਵਿਚ ਜੀਵ ਨਹੀਂ ਆਉਂਦਾ।

**ਸੀਤਲ ਨਿਰਮਲ ਭਇਆ ਸਰੀਰਾ ॥ ਦੂਰਿ ਬਤਾਵਤ ਪਾਇਆ ਨੀਰਾ ॥੧੨॥**

(ਜੋ ਨਾਮ) ਜਲ ਦੂਰ ਕਿਹਾ ਜਾਂਦਾ ਸੀ, ਜਦ ਉਹ ਪਾਇਆ ਤਾਂ ਸਰੀਰ ਠੰਢਾ ਤੇ ਨਿਰਮਲ ਹੋ ਗਿਆ ॥੧੨॥

SIKHBOOKCLUB.COM

**ਬਾਰਸਿ ਬਾਰਹ ਉਗਵੈ ਸੂਰ ॥ ਅਹਿਨਿਸਿ ਬਾਜੇ ਅਨਹਦ ਤੂਰ ॥**

ਦੁਆਦਸ਼ੀ (ਦਾ ਉਪਦੇਸ਼ ਹੈ, ਓਦੋਂ) ਬਾਰਾਂ ਸੂਰਜਾਂ ਦੇ ਚੜ੍ਹਨ ਜਿੰਨਾ ਚਾਨਣ ਹੋਇਆ ਤੇ ਦਿਨ ਰਾਤ ਇਕ ਰਸ [ਤੂਰ] ਵਾਜੇ ਵੱਜਣ ਲਗੇ।

**ਦੇਖਿਆ ਤਿਹੂੰ ਲੋਕ ਕਾ ਪੀਉ ॥ ਅਚਰਜੁ ਭਇਆ ਜੀਵ ਤੇ ਸੀਉ ॥੧੩॥**

(ਜਦ ਤੋਂ) ਤਿੰਨਾਂ ਲੋਕਾਂ ਦਾ ਮਾਲਕ ਵੇਖਿਆ ਹੈ, ਅਚਰਜ (ਤਾਂ ਏਹ ਹੈ ਕਿ ਵੇਖਣ ਵਾਲਾ) ਜੀਵ ਤਾਂ [ਸੀਉ=ਸਿਵ] ਕਲਿਆਣ ਰੂਪ ਹੋ ਗਿਆ ਹੈ ॥੧੩॥

**ਤੇਰਸਿ ਤੇਰਹ ਅਗਮ ਬਖਾਣਿ ॥ ਅਰਧ ਉਰਧ ਬਿਚਿ ਸਮ ਪਹਿਚਾਣਿ ॥**

ਤ੍ਰੌਦਸ਼ੀ (ਦਾ ਉਪਦੇਸ਼ ਹੈ ਕਿ) ਉਹ (ਜੰਮਣ ਮਰਣ ਤੋਂ) ਰਹਿ ਗਏ ਹਨ, ਜਿਨ੍ਹਾਂ ਨੇ ਅਗੰਮ (ਸਰੂਪ ਦਾ ਨਾਮ) ਜਪਿਆ ਹੈ ਅਤੇ ਛੋਟਿਆਂ ਤੇ ਵਡਿਆਂ ਵਿਚ ਇਕੋ ਜਿਹਾ ਪਛਾਣਿਆ ਹੈ।

**ਨੀਚ ਊਚ ਨਹੀ ਮਾਨ ਅਮਾਨ ॥ ਬਿਆਪਿਕ ਰਾਮ ਸਗਲ ਸਾਮਾਨ ॥੧੪॥**

ਨੀਵੇਂ ਉੱਚੇ (ਦੀ ਮਨੌਤ) ਨਹੀਂ ਅਤੇ ਇੱਜ਼ਤ ਬੇਇੱਜ਼ਤੀ (ਦਾ ਖਿਆਲ ਨਹੀਂ ਹੈ, ਇਕ) ਰਾਮ ਨੂੰ ਹੀ ਸਾਰਿਆਂ ਵਿਚ ਇਕੋ ਜਿਹਾ ਪੂਰਨ ਜਾਣਿਆ ਹੈ ॥੧੪॥

**ਚਉਦਸਿ ਚਉਦਹ ਲੋਕ ਮਝਾਰਿ ॥ ਰੋਮ ਰੋਮ ਮਹਿ ਬਸਹਿ ਮੁਰਾਰਿ ॥**

ਚੌਦਸ (ਦਾ ਉਪਦੇਸ਼ ਹੈ ਕਿ) ਚੌਦਾਂ ਲੋਕਾਂ ਵਿਚ (ਵੱਸਣ ਵਾਲੇ ਜੀਵਾਂ ਦੇ) ਲੂੰ ਲੂੰ ਵਿਚ [ਮੁਰਾਰਿ] ਰੱਬ ਵੱਸਦਾ ਹੈ।

**ਸਤ ਸੰਤੋਖ ਕਾ ਧਰਹੁ ਧਿਆਨ ॥ ਕਥਨੀ ਕਥੀਐ ਬ੍ਰਹਮ ਗਿਆਨ ॥੧੫॥**

ਸਤ ਤੇ ਸੰਤੋਖ ਦਾ ਧਿਆਨ ਲਾਓ ਅਤੇ ਬ੍ਰਹਮ ਗਿਆਨ (ਦੀ ਹੀ ਸਦਾ) ਕਥਾ ਕਰੋ ॥੧੫॥

**ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ ॥**

ਪੁੰਨਿਆਂ ਨੂੰ (ਜਿਵੇਂ) ਚੰਦ ਅਕਾਸ਼ ਵਿਚ ਪੂਰਾ (ਹੁੰਦਾ ਹੈ ਇਵੇਂ ਹੀ ਹਿਰਦੇ ਵਿਚ ਵਾਹਿਗੁਰੂ ਪੂਰਨ ਹੈ ਉਸੇ ਦੀਆਂ) [ਕਲਾ] ਸ਼ਕਤੀਆਂ ਦੇ ਪਸਾਰੇ ਕਰਕੇ [ਸਹਜ] ਗਿਆਨ ਦਾ (ਚਾਨਣ ਹੋ ਗਿਆ ਹੈ, ਜਿਸ ਦਵਾਰੇ ਜਾਣਿਆ ਹੈ, ਜੋ)—

**ਆਦਿ ਅੰਤਿ ਮਧਿ ਹੋਇ ਰਹਿਆ ਥੀਰ ॥ ਸੁਖ ਸਾਗਰ ਮਹਿ ਰਮਹਿ ਕਬੀਰ ॥੧੬॥**

(ਸਭਨਾਂ ਦੇ) ਸ਼ੁਰੂ, ਵਿਚਾਲੇ ਤੇ ਅਖੀਰ ਵਿਚ ਕਾਇਮ ਹੋ ਰਿਹਾ ਹੈ, (ਉਸ) ਸੁਖਾਂ ਦੇ ਸਮੁੰਦਰ ਵਿਚ (ਮੈਂ) ਕਬੀਰ [ਰਮਹਿ] ਲਗ ਰਿਹਾ ਹਾਂ ॥੧੬॥

**ੴ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਵਾਰ ਕਬੀਰ ਜੀਉ ਕੇ ੭ ॥**

**ਬਾਰ ਬਾਰ ਹਰਿ ਕੇ ਗੁਨ ਗਾਵਉ ॥**

**ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥੧॥ ਰਹਾਉ ॥**

ਮੁੜ ਮੁੜ ਕੇ ਜਾਂ ਵਾਰ ਵਾਰ (ਦਿਨ ਦਿਨ) ਵਿਚ ਹਰੀ ਦਾ ਜਸ ਗਾਉਂਦਾ ਹਾਂ; ਗੁਰਾਂ ਨੂੰ [ਗਮਿ] ਮਿਲ ਕੇ, ਉਸ ਹਰੀ ਦਾ ਭੇਦ ਪਾਇਆ ਹੈ ॥੧॥ ਰਹਾਉ ॥

**ਆਦਿਤ ਕਰੈ ਭਗਤਿ ਆਰੰਭ ॥ ਕਾਇਆ ਮੰਦਰ ਮਨਸਾ ਥੰਭ ॥**

ਐਤਵਾਰ (ਦਾ ਉਪਦੇਸ਼ ਹੈ ਕਿ) ਭਗਤੀ ਸ਼ੁਰੂ ਕਰੇ ਅਤੇ ਦੇਹ ਰੂਪ ਮਕਾਨ ਦੇ ਅੰਦਰ ਹੀ ਵਾਸ਼ਨਾ ਰੋਕ ਰਖੇ।

**ਅਹਿਨਿਸਿ ਅਖੰਡ ਸੁਰਹੀ ਜਾਇ ॥ ਤਉ ਅਨਹਦ ਬੇਣੁ ਸਹਜ ਮਹਿ ਬਾਇ ॥੧॥**

(ਜਦ ਬਿਰਤੀ) ਉਸ ਨਾਸ ਤੋਂ ਰਹਿਤ ਵਿਚ ਜਾਕੇ [ਅਹਿਨਿਸਿ] ਦਿਨ ਰਾਤ ਟਿਕੇਗੀ, ਤਾਂ ਸਹਜ ਅਵਸਥਾ ਵਿਚ ਪਹੁੰਚ ਕੇ ਨਾਸ ਨਾ ਹੋਣ ਵਾਲੇ [ਬੇਣੁ] ਵਾਜੇ ਵਜਣਗੇ ॥੧॥

**ਸੋਮਵਾਰਿ ਸਸਿ ਅੰਮ੍ਰਿਤੁ ਝਰੈ ॥ ਚਾਖਤ ਬੇਗਿ ਸਗਲ ਬਿਖ ਹਰੈ ॥**

ਸੋਮਵਾਰ (ਦਾ ਉਪਦੇਸ਼ ਹੈ ਕਿ ਗੁਰੂ) [ਸਸਿ] ਚੰਦ੍ਰਮਾ (ਵਿਚੋਂ ਬਾਣੀ ਰੂਪ) ਅੰਮ੍ਰਿਤ ਝਰਦਾ ਹੈ, ਜੋ ਪੀਣ ਵਾਲੇ ਦੇ ਸਾਰੇ ਜ਼ਹਿਰ [ਬੇਗਿ] ਛੇਤੀ ਹੀ ਨਾਸ ਕਰ ਦੇਂਦਾ ਹੈ।

**ਬਾਣੀ ਰੋਕਿਆ ਰਹੈ ਦੁਆਰ ॥ ਤਉ ਮਨੁ ਮਤਵਾਰੋ ਪੀਵਨਹਾਰ ॥੨॥**

(ਉਸ ਗੁਰੂ) ਬਾਣੀ ਦਾ ਰੋਕਿਆ (ਹੋਇਆ ਮਨ) [ਦੁਆਰ= ਦਰਵਾਜ਼ਾ] (ਸਤਿਸੰਗ ਵਿਚ) ਰਹਿੰਦਾ

ਹੈ, ਤਦ ਹੀ ਮਨ ਪੀਣ ਵਾਲਾ ਹੋ ਕੇ (ਸਹਜ ਪਦ ਦੀ ਮਸਤੀ ਨੂੰ ਪੀ ਕੇ) ਮਸਤ ਹੋ ਜਾਂਦਾ ਹੈ ॥੨॥

**ਮੰਗਲਵਾਰੇ ਲੇ ਮਾਹੀਤਿ ॥ ਪੰਚ ਚੋਰ ਕੀ ਜਾਣੈ ਰੀਤਿ ॥**

ਮੰਗਲਵਾਰ (ਦਾ ਉਪਦੇਸ਼ ਹੈ ਕਿ) [ਮਾਹੀਤਿ=ਮਾਹੀਅਤ] ਸਿੱਖਯਾ ਲਵੇ, (ਤਦ ਕਾਮਾਦਿਕ) ਪੰਜਾਂ ਚੋਰਾਂ ਨੂੰ (ਕਾਬੂ ਕਰਨ) ਦੀ ਰੀਤੀ ਜਾਣੇਗਾ।

**ਘਰ ਛੋਡੇਂ ਬਾਹਰਿ ਜਿਨਿ ਜਾਇ ॥ ਨਾਤਰੁ ਖਰਾ ਰਿਸੈ ਹੈ ਰਾਇ ॥੩॥**

(ਸਤਿਸੰਗ ਰੂਪ) ਘਰ ਨੂੰ ਛੱਡਕੇ ਬਾਹਰ [ਜਿਨਿ] ਨਾ ਜਾਵੇ, ਤਾਂ (ਰਾਇ=ਪ੍ਰਕਾਸ਼ਵਾਨ) ਵਾਹਿਗੁਰੂ ਬਹੁਤ [ਰਿਸੈ ਹੈ] ਗੁੱਸੇ ਹੋਵੇਗਾ ॥੩॥

**ਬੁਧਵਾਰਿ ਬੁਧਿ ਕਰੈ ਪ੍ਰਗਾਸ ॥ ਹਿਰਦੈ ਕਮਲ ਮਹਿ ਹਰਿ ਕਾ ਬਾਸ ॥**

ਬੁੱਧਵਾਰ (ਦਾ ਉਪਦੇਸ਼ ਹੈ ਕਿ ਆਪਣੀ) ਬੁਧੀ ਵਿਚ ਚਾਨਣ ਕਰੇ, (ਤਦ ਜਾਣੇਗਾ ਜੋ) ਹਿਰਦੇ ਰੂਪੀ ਕਮਲ ਵਿਚ ਹਰੀ ਦਾ ਵਸੇਬਾ ਹੈ।

**ਗੁਰ ਮਿਲਿ ਦੋਊ ਏਕ ਸਮ ਧਰੈ ॥ ਉਰਧ ਪੰਕ ਲੈ ਸੂਧਾ ਕਰੈ ॥੪॥**

ਗੁਰਾਂ ਨੂੰ ਮਿਲ ਕੇ ਦੋਹਾਂ (ਜੀਵ, ਈਸ਼ਵਰ) ਨੂੰ ਇਕੋ ਜੇਹਾ ਕਰਕੇ ਜਾਣੇ, (ਹਿਰਦੇ ਵਿਚਲੇ) [ਉਰਧ ਪੰਕ] ਪੁਠੇ ਕਮਲ ਨੂੰ ਸਿੱਧਾ ਕਰ ਲਵੇ (ਅਰਥਾਤ ਸੰਸਾਰ ਵਿਚ ਫਸੇ ਦਿਲ ਨੂੰ ਰੱਬ ਵਲ ਲਾਵੇ) ॥੪॥

**ਬ੍ਰਿਹਸਪਤਿ ਬਿਖਿਆ ਦੇਇ ਬਹਾਇ ॥ ਤੀਨਿ ਦੇਵ ਏਕ ਸੰਗਿ ਲਾਇ ॥**

[ਬ੍ਰਿਹਸਪਤਿ] ਵੀਰਵਾਰ (ਦਾ ਉਪਦੇਸ਼ ਹੈ ਕਿ) ਵਿਕਾਰਾਂ ਨੂੰ ਰੋਹੜ ਦੇਵੇ ਅਤੇ ਤਿੰਨਾਂ ਦੇਵਤਿਆਂ ਨੂੰ ਇਕੋ ਵੇਰੀ ਦਿਲੋਂ ਲਾਹ ਦੇਵੇ।

**ਤੀਨਿ ਨਦੀ ਤਹ ਤ੍ਰਿਕੁਟੀ ਮਾਹਿ ॥ ਅਹਿਨਿਸਿ ਕਸਮਲ ਧੋਵਹਿ ਨਾਹਿ ॥੫॥**

ਤਿੰਨੇ ਨਦੀਆਂ (ਗੰਗਾ, ਜਮਨਾ ਤੇ ਸਰਸ੍ਵਤੀ) ਤ੍ਰਿਕੁਟੀ ਵਿਚ ਹਨ, ਉਨ੍ਹਾਂ ਵਿਚ ਦਿਨ ਰਾਤ [ਨਾਹਿ= ਨ੍ਹਾ ਕੇ] ਇਸ਼ਨਾਨ ਕਰਕੇ [ਕਸਮਲ] ਪਾਪਾਂ ਦੀ ਮੈਲ ਧੋ ਦੇਵੇ ॥੫॥

**ਸੁਕ੍ਰਿਤੁ ਸਹਾਰੈ ਸੁ ਇਹ ਬ੍ਰਿਤਿ ਚੜੈ ॥ ਅਨਦਿਨ ਆਪਿ ਆਪ ਸਿਉ ਲੜੈ ॥**

ਸ਼ੁਕਰਵਾਰ (ਦਾ ਉਪਦੇਸ਼ ਹੈ ਕਿ) ਜੋ [ਸੁਕ੍ਰਿਤੁ] ਭਲੇ ਕੰਮ (ਕਰਕੇ) [ਸਹਾਰੈ] ਕਰਦਾ ਹੈ, ਉਸਦਾ ਇਹ ਵਰਤ ਪੂਰਾ ਹੁੰਦਾ ਹੈ, (ਪਰ ਤਦ ਜੇ) ਹਰ ਰੋਜ਼ ਆਪਣੇ ਮਨ ਨਾਲ ਆਪ ਲੜਦਾ ਰਹੇ, (ਅਰਥਾਤ ਮਨ ਨੂੰ ਕਦੇ ਭੀ ਉੱਚਾ ਨਾ ਹੋਣ ਦੇਵੇ।

**ਸੁਰਖੀ ਪਾਂਚਉ ਰਾਖੈ ਸਬੈ ॥ ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ ॥੬॥**

ਪੰਜਾਂ [ਸੁਰਖੀ] ਗਿਆਨ ਇੰਦ੍ਰੀਆਂ ਨੂੰ ਸਭਨਾਂ ਪਾਸਿਆਂ (ਤੋਂ ਰੋਕ) ਰਖੇ, ਤਾਂ ਉਹ ਕਦੇ ਭੀ ਦੂਈ ਦੀ ਨਜ਼ਰ ਵਿਚ ਨਾ [ਪੈਸੈ] ਪਵੇਗਾ ॥੬॥

**ਥਾਵਰ ਥਿਰੁ ਕਰਿ ਰਾਖੈ ਸੋਇ ॥ ਜੋਤਿ ਦੀਵਟੀ* ਘਟ ਮਹਿ ਜੋਇ ॥**

*ਅਰਥਾਂ ਅਨੁਸਾਰ ਪਾਠ ਇਕੱਠਾ ਕੀਤਾ ਹੈ।

[ਥਾਵਰ] ਛਨਿੱਛਰ ਵਾਰ (ਦਾ ਉਪਦੇਸ਼ ਹੈ ਕਿ ਮਨ ਨੂੰ) ਓਥੇ ਅਚੱਲ ਰਖੇ, ਜੋ ਦਿਲ ਵਿਚ ਪ੍ਰਕਾਸ਼ ਰੂਪ ਦਾ [ਦੀਵਟੀ=ਦੀਵਾਖਾ] ਅਸਥਾਨ ਹੈ।

**ਬਾਹਰਿ ਭੀਤਰਿ ਭਇਆ ਪ੍ਰਗਾਸੁ ॥ ਤਬ ਹੂਆ ਸਗਲ ਕਰਮ ਕਾ ਨਾਸੁ ॥੭॥**

(ਇਉਂ ਕੀਤਿਆਂ ਜਦ) ਅੰਦਰ ਬਾਹਰ ਦਾ ਚਾਨਣ ਹੋ ਗਿਆ ਤਾਂ ਸਾਰੇ ਕਰਮਾਂ ਦਾ ਨਾਸ ਹੋ ਜਾਵੇਗਾ ॥੭॥

**ਜਬ ਲਗੁ ਘਟ ਮਹਿ ਦੂਜੀ ਆਨ ॥ ਤਉ ਲਉ ਮਹਲਿ ਨ ਲਾਭੈ ਜਾਨ ॥**

ਜਿੰਨਾ ਚਿਰ ਦਿਲ ਵਿਚ ਕਿਸੇ ਦੂਜੇ ਦੀ [ਆਨ= ਆਣ] ਪ੍ਰਵਾਹ ਹੈ, ਓਨਾ ਚਿਰ ਸਰੂਪ ਵਿਚ ਜਾਣ (ਦਾ ਰਾਹ) ਨਹੀਂ ਲੱਭਦਾ।

**ਰਮਤ ਰਾਮ ਸਿਉ ਲਾਗੋ ਰੰਗੁ ॥ ਕਹਿ ਕਬੀਰ ਤਬ ਨਿਰਮਲ ਅੰਗ ॥੮॥੧॥**

ਜਦੋਂ ਵਿਆਪਕ ਰਾਮ ਨਾਲ [ਰੰਗੁ] ਪ੍ਰੇਮ ਲਗ ਗਿਆ, ਕਬੀਰ ਜੀ ਆਖਦੇ ਹਨ, ਓਦੋਂ ਹੀ [ਅੰਗ] ਸਰੀਰ ਸ਼ੁਧ ਹੋ ਜਾਵੇਗਾ (ਤੇ ਵਿਕਾਰਾਂ ਦੀ ਮੈਲ ਕੱਟੀ ਜਾਵੇਗੀ) ॥੮॥੧॥

## ਰਾਗੁ ਗਉੜੀ ਚੇਤੀ ਬਾਣੀ ਨਾਮਦੇਉ ਜੀਉ ਕੀ
## ੧ਓ ਸਤਿਗੁਰ ਪ੍ਰਸਾਦਿ ॥

**ਦੇਵਾ ਪਾਹਨ ਤਾਰੀਅਲੇ ॥ ਰਾਮ ਕਹਤ ਜਨ ਕਸ ਨ ਤਰੇ ॥੧॥ ਰਹਾਉ ॥**

(ਜਦਕਿ) ਦੇਵਾ (ਪੰਡੇ ਨੂੰ) ਪੱਥਰ ਨੇ ਤਾਰ ਲਿਆ ਹੈ ਤਾਂ ਰਾਮ ਨੂੰ ਜਪਣ ਵਾਲੇ ਪੁਰਸ਼ ਕਿਉਂ ਨਾ ਤਰਣਗੇ। (ਨੋਟ—ਭਗਤ ਮਾਲ ਸਟੀਕ ਵਿਚੋਂ ਦੇਵਾ ਪੰਡੇ ਦੀ ਸਾਖੀ ਪੜ੍ਹੋ)।

**ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥**

ਕੰਜਰੀ ਤਾਰ ਦਿੱਤੀ ਹੈ, ਕੋਝੇ ਰੂਪ ਵਾਲੀ ਕੁੱਬੀ ਤਾਰ ਦਿੱਤੀ ਹੈ, [ਬਿਆਧਿ] ਸ਼ਿਕਾਰੀ ਅੰਤੇ ਅਜਾਮਲ ਪਾਪੀ ਭੀ ਤਾਰ ਦਿੱਤਾ ਹੈ।

**ਚਰਨ ਬਧਿਕ ਜਨ ਤੇਊ ਮੁਕਤਿ ਭਏ ॥ ਹਉ ਬਲਿ ਬਲਿ ਜਿਨ ਰਾਮ ਕਹੇ ॥੧॥**

(ਜਿਸ ਨੇ ਪ੍ਰਭੂ ਦੇ) ਪੈਰਾਂ (ਨੂੰ ਰੱਸੀ ਨਾਲ) ਬੰਨ੍ਹਿਆਂ ਸੀ, ਉਹ [ਬਧਿਕ] ਸ਼ਿਕਾਰੀ ਭੀ ਮੁਕਤਿ ਹੋ ਗਿਆ ਹੈ, ਮੈਂ (ਉਸ ਤੋਂ) ਸਦਕੇ ਕੁਰਬਾਨ ਜਾਂਦਾ ਹਾਂ ਜਿਸਨੇ ਰਾਮ (ਦਾ ਨਾਮ) ਜਪ੍ਰਿਆ ਹੈ ॥੧॥

**ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥**

ਟੈਹਲਣ ਦਾ ਪੁਤ੍ਰ ਬਿਦਰ ਤੇ ਸੁਦਾਮਾ (ਪ੍ਰਭੂ ਕਿਰਪਾ ਨਾਲ ਤਰ ਗਏ ਹਨ ਅਤੇ ਪ੍ਰਭੂ ਨੇ ਕੰਸ ਨੂੰ ਮਾਰ ਕੇ) ਉਗਰਸੈਨ ਨੂੰ ਰਾਜ ਦਿਤਾ ਹੈ।

**ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ ॥੨॥੧॥**

(ਜੇਹੜੇ) ਜਪ ਤੋਂ ਹੀਨ (ਸਨ), ਤਪ ਤੋਂ ਹੀਨੇ (ਸਨ) ਕੁਲ ਤੋਂ ਹੀਨੇ (ਸਨ, ਅਤੇ) ਕਰਮਾਂ ਤੋਂ ਭੀ ਹੀਨੇ ਸਨ, ਨਾਮ (ਦੇਵ ਜੀ ਆਖਦੇ ਹਨ, ਮੇਰੇ) ਮਾਲਕ ਨੇ ਉਨ੍ਹਾਂ ਨੂੰ ਭੀ ਤਾਰ ਦਿਤਾ ਹੈ ॥੨॥੧॥

Sri Satguru Jagjit Singh Ji eLibrary NamdhariElibrary@gmail.com

(ਨੋਟ:—ਇਸ ਸ਼ਬਦ ਵਿਚ ਜਿਨ੍ਹਾਂ—ਭਗਤ ਜਨਾਂ ਦੇ ਪ੍ਰਸੰਗਾਂ ਵੱਲ ਇਸ਼ਾਰਾ ਕੀਤਾ ਹੈ, ਉਨ੍ਹਾਂ ਪ੍ਰਸੰਗਾਂ ਨੂੰ 'ਨਾਭਾ ਭਗਤ ਮਾਲਾ ਸਟੀਕ' ਵਿਚ ਵੇਖੋ।)

## ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ

### ੧ਓ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

**ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥ ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥**

(ਮੈਨੂੰ) ਦਿਨੇ ਰਾਤ (ਏਹੋ) ਸੋਚ (ਰਹਿੰਦੀ ਹੈ, ਕਿ) [ਪੋਚ] ਨੀਚ ਪੁਰਸ਼ਾਂ ਨਾਲ ਮੇਰੀ ਸੰਗਤ ਹੈ, ਮੇਰੇ ਕਰਮ ਭੀ [ਕੁਟਿਲਤਾ] ਬਹੁਤ ਬੁਰੇ ਹਨ, ਅਤੇ ਜਨਮ ਭੀ ਬੁਰੀ ਤਰ੍ਹਾਂ (ਨੀਚਾਂ ਦੇ ਘਰ) ਦਾ ਹੈ ॥੧॥

**ਰਾਮ ਗੁਸਈਆ ਜੀਅ ਕੇ ਜੀਵਨਾ ॥ ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧॥ ਰਹਾਉ ॥**

ਹੇ ਮੇਰੇ ਰਾਮ ਮਾਲਕ! ਜੀਵਾਂ ਦੇ ਜੀਵਨ ਰੂਪ! ਮੈਨੂੰ ਨਾ ਭੁਲਾ, ਮੈਂ ਤਾਂ ਤੇਰਾ ਦਾਸ ਹਾਂ ॥੧॥ ਰਹਾਉ ॥

**ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥**

ਮੇਰੀ ਅਪਦਾ ਦੂਰ ਕਰੋ ਅਤੇ ਦਾਸ ਨੂੰ ਆਪਣੇ ਪ੍ਰੇਮ ਵਾਲਾ ਬਣਾ ਲਵੋ।

**ਚਰਣ ਨ ਛਾਡਉ ਸਰੀਰ ਕਲ ਜਾਈ ॥੨॥**

(ਮੈਂ ਤੁਹਾਡੇ) ਚਰਨ ਨਹੀਂ ਛੱਡਣੇ, ਭਾਵੇਂ ਮੇਰਾ ਸਰੀਰ ਕਲ੍ਹ (ਜਾਂਦਾ, ਅੱਜ ਹੀ ਕਿਉਂ ਨਾ) ਚਲਾ ਜਾਵੇ ॥੨॥

SIKHBOOKCLUB.COM

**ਕਹੁ ਰਵਿਦਾਸ ਪਰਉ ਤੇਰੀ ਸਾਭਾ ॥ ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥੩॥੧॥**

ਰਵਿਦਾਸ (ਜੀ) ਆਖਦੇ ਹਨ, ਮੈਂ ਤੇਰੀ [ਸਾਭਾ] ਸ਼ਰਣੀ ਪਿਆ ਹਾਂ, ਦਾਸ ਨੂੰ [ਬੇਗਿ] ਛੇਤੀ ਆਣ ਕੇ ਮਿਲ, [ਬਿਲਾਂਬਾ] ਦੇਰੀ ਨਾ ਕਰ ॥੩॥੧॥

**ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥**

(ਉਸ) ਸ਼ਹਿਰ ਦਾ ਨਾਉਂ ਬੇਗਮ ਪੁਰਾ ਹੈ, ਉਥੇ ਦੁਖ ਤੇ [ਅੰਦੋਹੁ] ਚਿੰਤਾ ਦੀ ਕੋਈ ਥਾਂ ਨਹੀਂ ਹੈ।

**ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥**

(ਉਥੇ) ਨਾ ਸੋਚ ਹੈ, ਨਾ ਮਾਲ ਨੂੰ [ਖਿਰਾਜੁ] ਕੱਰ ਹੈ, ਨਾ ਹੀ [ਖਤਾ] ਗੁਨਾਹ ਦਾ ਡਰ ਹੈ, ਅਤੇ ਨਾ ਹੀ [ਜਵਾਲੁ] ਹੇਠਾਂ ਡਿੱਗ ਪੈਣ ਦੀ [ਤਰਸੁ] ਪੀੜ ਹੁੰਦੀ ਹੈ ॥੧॥

**ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥**

ਹੁਣ ਮੈ ਚੰਗੇ [ਵਤਨ] ਦੇਸ ਵਿਚ [ਗਹ] ਜਗ੍ਹਾ ਪਾਈ ਹੈ, ਹੇ ਮੇਰੇ ਭਾਈ! ਉਥੇ ਸਦਾ ਹੀ ਸੁਖ ਸਾਂਦ ਹੈ ॥੧॥ ਰਹਾਉ ॥

**ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥**

[ਦਾਇਮੁ] ਸਦਾ ਰਹਿਣ ਵਾਲੀ ਪਾਤਿਸ਼ਾਹੀ (ਉਥੋਂ ਦੀ) ਸਦਾ ਹੀ ਕਾਇਮ ਹੈ, [ਦੋਮ] ਦੂਜਾ [ਸੇਮ]

ਤੀਜਾ (ਦਰਜਾ ਉਥੇ) ਨਹੀਂ ਹੈ, ਸਾਰੇ ਇਕੋ ਜੇਹੇ ਹਨ।

**ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥**

(ਉਹ ਸ਼ਹਿਰ) ਸਦਾ ਹੀ ਵੱਸਦੇ ਰਹਿਣ ਵਾਲਾ ਬੜਾ ਪ੍ਰਸਿੱਧ ਹੈ, ਓਥੇ ਵਡੇ-ਵਡੇ [ਮਾਮੂਰ] ਰੱਜੇ ਹੋਏ [ਗਨੀ] ਸ਼ਾਹੂਕਾਰ ਵਸਦੇ ਹਨ ॥੨॥

**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥**

ਉਥੋਂ ਦੇ ਵਸਨੀਕਾਂ (ਦੀ) ਜਿਵੇਂ ਮਰਜੀ ਹੁੰਦੀ ਹੈ, ਤਿਵੇਂ-ਤਿਵੇਂ ਸੈਲ ਕਰਦੇ ਹਨ, ਮਹਲ ਦੇ ਭੇਤੀਆਂ (ਵਿਚੋਂ ਉਨ੍ਹਾਂ ਨੂੰ) ਕੋਈ ਭੀ ਨਹੀਂ ਰੋਕਦਾ।

**ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥**

ਖਾਲਸ ਚਮਾਰ (ਜਾਤਿ ਦਾ) ਰਵਿਦਾਸ ਆਖਦਾ ਹੈ, ਕਿ ਜੋ ਸਾਡੇ ਸ਼ਹਿਰ ਦਾ ਵਾਸੀ ਹੈ, ਓਹੀ ਸਾਡਾ ਮਿੱਤ੍ਰ ਹੈ ॥੩॥੨॥

**ੴ ਸਤਿਗੁਰ ਪ੍ਰਸਾਦਿ ॥ ਗਉੜੀ ਬੈਰਾਗਣਿ ਰਵਿਦਾਸ ਜੀਉ ॥**

**ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥**

ਰਾਹ [ਘਣਾ] ਬਹੁਤੁ [ਅਵਘਟ] ਔਖਾ [ਡੂਗਰ] ਪਹਾੜੀ ਹੈ, ਅਤੇ ਮੇਰਾ ਇਕ ਬਲਦ ਮਾੜਾ ਜੇਹਾ ਹੈ।

SIKHBOOKCLUB.COM

**ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧॥**

ਰਾਮ ਅੱਗੇ ਮੇਰੀ ਇਕ ਬੇਨਤੀ ਹੈ, ਹੇ ਵਾਹਿਗੁਰੂ! ਮੇਰੀ ਪੂੰਜੀ ਸਾਬਤ ਰੱਖੀਂ ॥੧॥

**ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ ॥**

ਹੇ ਭਾਈ! ਕੋਈ (ਹੋਰ ਭੀ) ਰਾਮ ਦਾ ਵਣਜਾਰਾ ਹੈ, ਮੈਂ ਤਾਂ [ਟਾਂਡਾ] ਖੇਪ ਲੱਦ ਕੇ ਤੁਰ ਪਿਆ ਜੇ ॥੧॥ ਰਹਾਉ ॥

**ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਯਾਪਾਰੁ ॥**

**ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥**

ਮੈਂ ਤਾਂ ਰਾਮ ਦਾ ਵਪਾਰੀ ਹਾਂ, [ਸਹਜ] ਗਿਆਨ ਦਾ ਵਪਾਰ ਕਰਦਾ ਹਾਂ। ਮੈਂ ਤਾਂ ਰਾਮ ਦਾ ਨਾਮ ਧਨ ਲੱਦਿਆ ਹੈ, ਅਤੇ ਸੰਸਾਰੀ (ਲੋਕਾਂ ਨੇ) ਵਿਕਾਰਾਂ ਰੂਪ ਜ਼ੈਹਰ ਲੱਦੀ ਹੋਈ ਹੈ ॥੨॥

**ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥**

ਹੇ ਇਸ ਲੋਕ ਤੇ ਪ੍ਰਲੋਕ ਦੀ ਜਾਨਣ ਵਾਲਿਓ (ਚਿੱਤ੍ਰ ਗੁਪਤੋ! ਮੇਰੇ ਹਿਸਾਬ ਦੀ ਥਾਂ ਤੇ) ਅੱਲ ਪੱਲ ਲਿਖ ਲਵੋ। (ਕਿਉਂਕਿ):—

**ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥੩॥**

ਮੈਨੂੰ ਜਮਾਂ ਦਾ ਡੰਡ ਨਹੀਂ ਲੱਗਣਾ, (ਕਾਰਣ ਏਹ ਹੈ ਕਿ ਮੈਂ) ਸਾਰੇ ਹੀ ਜੰਜਾਲ ਛੱਡ ਦਿਤੇ ਹਨ, (ਅਰਥਾਤ ਮੇਰੇ ਕੋਲ ਮਸੂਲ ਦੇਣ ਵਾਲਾ ਸੌਦਾ ਨਹੀਂ ਹੈ) ॥੩॥

**ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥**

**ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥੧॥**

ਜਿਵੇਂ ਕਸੁੰਭੇ ਦਾ ਰੰਗ (ਕੱਚਾ ਹੁੰਦਾ ਹੈ) ਤਿਵੇਂ ਹੀ ਇਸ ਸੰਸਾਰ (ਦਾ ਮੋਹ ਝੂਠਾ ਹੈ) ਚੁਮਾਰ (ਜਾਤੀ ਦਾ) ਰਵਿਦਾਸ (ਭਗਤ) ਆਖਦਾ ਹੈ ਕਿ ਮੇਰੇ ਰਾਮ ਦਾ ਰੰਗ ਮਜੀਠ ਵਰਗਾ ਪੱਕਾ ਹੈ ॥੪॥੧॥

***ਗਉੜੀ ਪੂਰਬੀ ਰਵਿਦਾਸ ਜੀਉ ॥ ੧ੴ ਸਤਿਗੁਰ ਪ੍ਰਸਾਦਿ ॥***

**ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥**

ਜਿਵੇਂ ਖੂਹ ਵਿਚ ਪਏ [ਦਾਦਿਰ] ਡੱਡੂ ਨੂੰ ਦੇਸ ਪ੍ਰਦੇਸ ਦਾ ਕੁਝ ਪਤਾ ਨਹੀਂ ਹੁੰਦਾ।

**ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥੧॥**

ਇਵੇਂ ਹੀ ਮੇਰਾ ਮਨ ਵਿਕਾਰਾਂ ਵਿਚ ਫਸਿਆ ਹੋਇਆ ਹੈ, ਇਸ ਨੂੰ ਲੋਕ ਪ੍ਰਲੋਕ (ਦੇ ਸਵਾਰਨ ਦਾ ਸਾਧਨ) ਕੁਝ ਨਹੀਂ ਸੁਝਦਾ ॥੧॥

**ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥**

ਹੇ ਸਾਰੇ ਲੋਕਾਂ ਦੇ [ਨਾਇਕਾ] ਮਾਲਕਾ! ਇਕ ਖਿਨ ਭਰ ਤਾਂ ਦਰਸ਼ਨ ਵਿਖਾ ॥੧॥ ਰਹਾਉ ॥

**ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥**

ਹੇ ਵਾਹਿਗੁਰੂ! (ਮੇਰੀ) ਬੁਧੀ ਮੈਲੀ ਹੋ ਗਈ ਹੈ, (ਇਸ ਲਈ) ਤੇਰੀ [ਗਤਿ] ਪਦਵੀ ਜਾਨੀ ਨਹੀਂ ਜਾਂਦੀ।

**ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨॥**

ਕ੍ਰਿਪਾ ਕਰੋ, ਮੈਨੂੰ ਚੰਗੀ ਸਿਖਿਆ ਸਮਝਾ ਦੇਵੋ (ਤਾਂ ਕਿ) ਮੇਰਾ ਭਰਮ ਦੂਰ ਹੋ ਜਾਵੇ ॥੨॥

**ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥**

ਵੱਡੇ-ਵੱਡੇ ਜੋਗੀ (ਭੀ ਅੰਤ) ਨਹੀਂ ਪਾ ਸਕੇ, ਤੇਰੇ ਗੁਣ ਕਹਿਣ ਵਿਚ ਬੇਅੰਤ ਹਨ।

**ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥੧॥**

ਮੈਂ ਰਵਿਦਾਸ ਚਮਾਰ ਤਾਂ ਪ੍ਰੇਮਾ ਭਗਤੀ ਵਾਸਤੇ ( ਹੀ ਤੇਰੇ ਗੁਣ) ਕਹਿ (ਰਿਹਾ ਹਾਂ, ਕੋਈ ਅੰਤ ਪਾਉਣ ਲਈ ਗੁਣ ਕਥਨ ਨਹੀਂ ਕਰਦਾ) ॥੩॥੧॥

***ਗਉੜੀ ਬੈਰਾਗਣਿ ੧ੴ ਸਤਿਗੁਰ ਪ੍ਰਸਾਦਿ ॥***

**ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥**

ਸਤਿਜੁਗ ਵਿਚ ਸੱਚ (ਬੋਲਣਾ), ਤ੍ਰੇਤਾ ਵਿਚ ਯੱਗ ਕਰਨੇ, ਅਤੇ ਦੁਆਪਰ ਵਿਚ ਪੂਜਾ (ਆਦਿਕ)

[ਚਾਰ] ਕਰਮ (ਕਰਨੇ)।

**ਤੀਨੋੰ ਜੁਗ ਤੀਨੋੰ ਦਿੜੇ ਕਲਿ ਕੇਵਲ ਨਾਮ ਅਧਾਰ ॥੧॥**

(ਪਿਛਲੇ) ਤਿੰਨਾਂ ਜੁਗਾਂ ਵਿਚ (ਪਿਛੇ ਦਸੇ) ਤਿੰਨੇ (ਕਰਮ ਮੁਕਤਿ ਲਈ ਪੁਰਸ਼) ਕਰਦੇ ਸਨ, ਕਲਿਜੁਗ ਵਿਚ ਤਾਂ ਇਕ ਨਾਮ ਦਾ ਹੀ ਆਸਰਾ ਹੈ ॥੧॥

**ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਕੋਊ ਨ ਕਹੈ ਸਮਝਾਇ ॥**
**ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥**

ਹੇ ਭਾਈ! (ਸੰਸਾਰ ਸਮੁੰਦਰ ਤੋਂ) ਕਿਸ ਤਰ੍ਹਾਂ ਪਾਰ ਉਤਰੋਗੇ ? ਮੈਨੂੰ ਕੋਈ ਸਮਝਾ ਕੇ (ਉਹ ਕਰਮ) ਨਹੀਂ ਦੱਸਦਾ, ਜਿਸ ਦੇ ਕੀਤਿਆਂ [ਆਵਾ ਗਵਨੁ] ਜੰਮਨਾ ਮਰਣਾ ਮਿਟ ਜਾਵੇ ॥੧॥ ਰਹਾਉ ॥

**ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥**

ਧਰਮ (ਦੇ ਕੰਮ) ਭੀ ਬਹੁਤ ਤਰ੍ਹਾਂ ਦੇ [ਨਿਰੂਪੀਐ] ਕਹੇ ਜਾਂਦੇ ਹਨ, ਅਤੇ ਸਭ ਕੋਈ (ਉਨ੍ਹਾਂ ਕਰਮਾਂ ਨੂੰ) ਕਰਦਾ ਭੀ ਦਿੱਸਦਾ ਹੈ।

**ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥੨॥**

(ਪਰ ਇਸ ਗੱਲ ਦਾ ਪਤਾ ਨਹੀਂ ਲਗਦਾ ਜੋ) ਕੇਹੜੇ ਕਰਮਾਂ ਨਾਲ ਛੁਟਕਾਰਾ ਹੋਣਾ ਹੈ। ਅਤੇ ਜਿਸ ਦੇ ਕੀਤਿਆਂ ਸਾਰੇ ਹੀ ਕੰਮ ਰਾਸ ਹੋ ਜਾਣੇ ਹਨ ? ॥੨॥

**ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥**

(ਜੇਕਰ) ਚੰਗੇ ਮੰਦੇ ਕਰਮਾਂ ਦੀ ਵਿਚਾਰ ਕਰਨ ਲੱਗੀਏ ਤਾਂ ਵੇਦਾਂ ਪੁਰਾਣਾਂ ਨੂੰ ਸੁਣਕੇ ਹੀ ਸ਼ੰਕਾ ਪੈ ਜਾਂਦਾ ਹੈ।

**ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥**

(ਜਦ ਹਿਰਦੇ ਵਿਚੋਂ ਸ਼ੰਕਾ ਹੀ ਦੂਰ ਨਾ ਹੋਇਆ,) ਸ਼ੰਕਾ ਸਦਾ ਦਿਲ ਵਿਚ ਰਿਹਾ ਤਾਂ [ਅਭਿ] ਦਿਲੋਂ ਹੰਕਾਰ ਨੂੰ ਕਿਨ ਦੂਰ ਕਰਨਾ ਹੈ ? (ਹੰਕਾਰ ਦੂਰ ਕੀਤੇ ਤੋਂ ਬਿਨਾਂ ਵੇਦਾਂ ਪੁਰਾਣਾਂ ਦਾ ਸੁਨਣਾ ਵਿਅਰਥ ਹੈ) ॥੩॥

**ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥**

(ਦੇਹ ਨੂੰ) ਬਾਹਰੋਂ ਤਾਂ [ਉਦਕਿ] ਪਾਣੀ ਨਾਲ ਧੋ ਲਈਦਾ ਹੈ, (ਪਰ ਜੇ) ਦਿਲ ਵਿਚ [ਬਿਬਿਧਿ] ਅਨੇਕਾਂ ਤਰ੍ਹਾਂ ਦੇ ਵਿਕਾਰ ਭਰੇ ਹੋਣ, ਤਾਂ :—

**ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥੪॥**

ਪਵਿਤ੍ਰ ਕਿਵੇਂ ਹੋਵੇਗਾ ? ਇਹ ਕਰਮ ਤਾਂ [ਕੁੰਚਰ] ਹਾਥੀ ਦੇ [ਸੁਚ] ਇਸ਼ਨਾਨ ਦੀ ਤਰ੍ਹਾਂ ਹੈ ॥੪॥

**ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥**

(ਇਹ ਗੱਲ) ਸਾਰਾ ਸੰਸਾਰ ਜਾਣਦਾ ਹੈ, ਕਿ ਜਿਵੇਂ [ਰਵਿ] ਸੂਰਜ ਦੇ ਚੜ੍ਹਿਆਂ [ਰਜਨੀ] ਰਾਤ [ਗਤਿ] ਦੂਰ ਹੋ ਜਾਂਦੀ ਹੈ, ਅਤੇ :—

**ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥**

ਪਾਰਸ ਨਾਲ ਲਗਦਿਆਂ ਹੀ ਤਾਂਬਾ [ਕਨਕ] ਸੋਨਾ ਹੋ ਜਾਂਦਾ ਹੈ, ਦੇਰ ਨਹੀਂ (ਲਗਦੀ) ॥੫॥ ਇਵੇਂ ਹੀ :—

**ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥**

(ਜਦ) ਮੱਥੇ ਉਪਰ ਲਿਖੇ ਕਰਮਾਂ ਅਨੁਸਾਰ ਪਵਿੱਤ੍ਰ ਪਾਰਸ ਰੂਪ ਗੁਰੂ ਜੀ ਮਿਲ ਪੈਣ ਤਾਂ :—

**ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥**

ਤੁਰੀਆ ਪਦ (ਵਿਚ ਜਾ ਕੇ) ਮਨ ਸ਼੍ਰੋਮਣੀ ਨਾਲ ਮਿਲ ਜਾਵੇਗਾ ਅਤੇ (ਆਸਾ ਅੰਦੇਸ਼ਾ ਰੂਪ) ਕਰੜੇ [ਕਪਾਟ] ਬੂਹੇ ਭੀ ਖੁਲ੍ਹ ਜਾਣਗੇ ॥੬॥

**ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥**

(ਜਿਸਨੇ) ਬੁਧੀ ਵਿਚ ਭਗਤੀ ਦੀ ਜੁਗਤੀ [ਸਤਿ ਕਰੀ] ਧਾਰਨ ਕੀਤੀ ਹੈ। (ਉਸ ਦੇ) ਭਰਮ ਦੇ ਬੰਧਨ ਤੇ ਵਿਕਾਰ ਕੱਟੇ ਗਏ ਹਨ।

**ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥**

ਓਹ (ਜੰਮਣ ਮਰਨ ਤੋਂ) ਬਸ ਹੋ ਕੇ ਅਨੰਦ ਰੂਪ ਨਾਲ ਮਿਲ ਗਏ ਹਨ ਅਤੇ ਮਨ ਵਿਚ ਇਕ ਨਿਰਗੁਨ ਵਾਹਿਗੁਰੂ ਦੇ ਗੁਣਾਂ ਦੀ ਵਿਚਾਰ (ਕਰਦੇ ਹਨ) ॥੭॥

SIKHBOOKCLUB.COM

**ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥**

(ਮਨ ਨੂੰ) [ਨਿਗ੍ਰਹ] ਰੋਕਣ ਲਈ ਅਨੇਕਾਂ ਜਤਨ ਕੀਤੇ (ਪਰ ਮਨ ਨਾ ਰੁਕਿਆ ਅਤੇ) ਨਾ ਹੀ ਭਰਮ ਦੀ ਫਾਹੀ (ਉਨ੍ਹਾਂ ਜਤਨਾਂ ਨਾਲ) ਕਟਿਆਂ ਕੱਟੀ ਗਈ।

**ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥੮॥੧॥**

(ਮਨ ਵਿਚ) ਪ੍ਰੇਮਾ ਭਗਤੀ ਭੀ ਪੈਦਾ ਨਾ ਹੋਈ, ਇਸ ਲਈ (ਮੈਂ) ਰਵਿਦਾਸ (ਉਨ੍ਹਾਂ ਕਰਮਾਂ) ਤੋਂ ਉਦਾਸ (ਹੋ ਕੇ ਇਕ ਨਾਮ ਹੀ ਜਪਦਾ ਹਾਂ) ॥੮॥੧॥

## ਰਾਗੁ ਆਸਾ (ਅੰਗ ੪੭੫-੪੮੮)

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ਵਾਹਿਗੁਰੂ ਇਕ ਹੈ, ਸਥਿਰ ਹੈ, [ਨ+ਆਮ] ਰੋਗ ਰਹਿਤ ਹੈ, ਕਰਨ ਵਾਲਾ ਹੈ, ਵਯਾਪਕ ਹੈ, ਡਰ ਤੋਂ ਰਹਿਤ ਹੈ, ਵੈਰ ਤੋਂ ਬਿਨਾਂ ਹੈ, ਮੌਤ ਤੋਂ ਰਹਿਤ ਹੋਣਾ (ਹੀ ਉਸ ਦਾ) ਸਰੂਪ ਹੈ, ਜੰਮਣ ਵਿਚ ਨਹੀਂ ਆਉਂਦਾ, ਆਪਣੇ ਆਪ ਹੀ ਪ੍ਰਕਾਸ਼ਵਾਨ ਹੈ, ਅਜੇਹੇ ਗੁਣਾਂ ਦਾ) ਸਰੂਪ ਹੈ, ਜੰਮਣ ਵਿਚ ਨਹੀਂ ਆਉਂਦਾ, ਆਪ ਹੀ ਪ੍ਰਕਾਸ਼ਵਾਨ ਹੈ, (ਅਜੇਹੇ ਗੁਣਾਂ ਵਾਲਾ ਰੱਬ) ਗੁਰਾਂ ਦੀ ਕ੍ਰਿਪਾ (ਨਾਲ ਮਿਲਦਾ ਹੈ)।

# ਰਾਗੁ ਆਸਾ ਬਾਣੀ ਭਗਤਾ ਕੀ ॥
# ਕਬੀਰ ਜੀਉ ਨਾਮਦੇਉ ਜੀਉ ਰਵਿਦਾਸ ਜੀਉ ॥
## ਆਸਾ ਸ੍ਰੀ ਕਬੀਰ ਜੀਉ ॥

*ਉਥਾਨਕਾ*—ਇਕ ਵੇਰੀ ਭਗਤ ਜੀ ਨੇ ਜੀਵਾਂ ਨੂੰ ਦੁਖੀ ਤੇ ਸੁਖੀ ਹੋਣ ਦੇ ਵਿਚਾਰ ਨਾਲ ਗੁਰੂ ਰਾਮਾਨੰਦ ਜੀ ਪਾਸ ਪ੍ਰਸ਼ਨ ਕੀਤਾ, ਫਿਰ ਗੁਰਾਂ ਨਾਲ ਇਸ ਗੱਲ ਉਪਰ ਪੂਰਨ ਵਿਚਾਰ ਕੀਤੀ ਜੋ ਸਿੱਟਾ ਨਿਕਲਿਆ ਉਸ ਸਣੇ ਉਹ ਸਾਰੀ ਵਿਚਾਰ ਇਸ ਸ਼ਬਦ ਵਿਚ ਗੁੰਥਨ ਕੀਤੀ ਹੈ, ਜੋ ਸਾਡੇ ਉਧਾਰ ਨਮਿੱਤ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਗਟ ਕਰਦੇ ਹਨ—

**ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ ॥**

ਹੇ ਗੁਰਦੇਵ ਜੀ ! ਮੈਂ (ਆਪ ਦੀ) ਚਰਨੀਂ ਲਗਦਾ ਹਾਂ, ਅਤੇ ਬੇਨਤੀ ਕਰਕੇ ਪੁੱਛਦਾ ਹਾਂ, ਕਿ ਜੀਵ (ਦੇਹ ਵਿਚ) ਕਿਉਂ ਪਾਇਆ (ਗਿਆ ਹੈ !) ਅਤੇ :—

**ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ ॥੧॥**

ਕਿਸ ਕੰਮ ਲਈ ਜਗਤ (ਵਿਚ ਜੀਵ) ਜੰਮਦਾ ਮਰਦਾ ਹੈ ? (ਏਹ ਦੋਵੇਂ ਗੱਲਾਂ) ਮੈਨੂੰ ਸਮਝਾ ਕੇ ਆਖੋ ! ॥੧॥

**ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥**

ਹੇ ਗੁਰਦੇਵ ਜੀ ! ਕ੍ਰਿਪਾ ਕਰੋ ਤੇ ਮੈਨੂੰ ਰਸਤੇ ਪਾਵੋ, ਜਿਸ ਕਰਕੇ ਡਰ ਦੇ ਬੰਧਨ ਟੁੱਟ ਜਾਣ।

SIKHBOOKCLUB.COM

**ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥੧॥ ਰਹਾਉ ॥**

[ਫੇੜ] ਕੀਤੇ ਕਰਮਾਂ (ਦਾ ਫਲ ਭੋਗਣ ਲਈ ਜੀਵ ਨੂੰ) ਜਨਮ ਮਰਨ ਦਾ ਦੁੱਖ (ਮਿਲਿਆ ਹੈ, ਅਤੇ) ਜਨਮ (ਮਰਨ) ਤੋਂ ਛੁਟਕਾਰਾ (ਪਾ ਕੇ) ਜੀਵ ਸੁਖੀ (ਹੋ ਜਾਵੇ, ਇਸ ਲਈ ਇਸਨੂੰ ਮਨੁਖ ਦੇਹ ਵਿਚ ਪਾਇਆ ਗਿਆ ਹੈ) ॥੧॥ ਰਹਾਉ ॥ ਪਰ :—

**ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥**

[ਮਨ] ਜੀਵ ਨੇ ਮਾਇਆ ਦੀ ਫਾਹੀ ਦਾ ਬੰਧਨ (ਮੋਹ) ਨਹੀਂ ਤੋੜਿਆ ਅਤੇ ਨਾ ਹੀ [ਸੁੰਨਿ] ਸਮਾਧੀ ਵਿਚ ਮਨ ਲਾਇਆ ਹੈ, (ਇਸੇ ਕਾਰਣ ਕਰਕੇ ਜੀਵ ਨੇ):—

**ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ ॥੨॥**

ਆਪਣੀ ਨਿਰਬੰਧ ਪਦਵੀ ਨੂੰ ਨਹੀਂ ਜਾਨਿਆ, ਇਸੇ ਬਿਧੀ (ਕਰਕੇ) ਡਰ ਤੋਂ ਰਹਿਤ ਨਹੀਂ (ਹੋਇਆ) ਚੁੱਕ ਗਿਆ ਹੈ ॥੨॥

**ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥**

(ਜੋ) ਕਦੇ ਭੀ ਨਹੀਂ ਹੋਈ, (ਉਸਨੂੰ) ਸੱਤ ਜਾਣਦਾ ਹੈ, (ਇਕ ਭੁਲ ਤਾਂ ਏਹ ਹੈ ਅਤੇ ਆਤਮਾ ਨਾਲ) [ਭਾਵ] ਪ੍ਰੇਮ (ਕਰਨਾ ਸੀ, ਉਹ ਭੀ) ਨਹੀਂ ਕੀਤਾ, (ਅਤੇ ਜਗਤ ਨਾਲ) ਪ੍ਰੇਮ ਨਹੀਂ (ਸੀ ਕਰਨਾ, ਇਸ ਗਲੋਂ ਭੀ) ਖਾਲੀ ਰਿਹਾ (ਇਹ ਦੋਵੇਂ ਭੁਲਾਂ ਹੋਣ ਕਰਕੇ ਡਰ ਤੋਂ ਰਹਿਤ ਨਾ ਹੋਇਆ। ਹੁਣ ਭੀ ਜੇਕਰ :—

**ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥**

ਚੜ੍ਹਦੇ ਤੋਂ ਲਹਿੰਦੇ ਤਕ ਦੇ (ਪਦਾਰਥਾਂ ਦੇ) ਮਨੌਤ (ਕਰਾਉਣ) ਵਾਲੀ ਬੁੱਧੀ ਨਾਸ ਹੋ ਜਾਵੇ, ਤਾਂ [ਲਿਵ] ਸੁਰਤ ਸਦਾ ਲਈ ਹੀ [ਸਹਜਿ] ਗਿਆਨ ਵਿਚ ਮਿਲ ਜਾਵੇਗੀ ॥੩॥

**ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥**

ਜਿਵੇਂ [ਕੁੰਭੁ] ਘੜੇ ਵਿਚੋਂ [ਉਦਕ] ਪਾਣੀ [ਬਿਗਰਾਨਾ] ਡੋਹਲ ਦੇਈਏ ਤਾਂ [ਪ੍ਰਤਿਬਿੰਬੁ] ਅਕਾਸ਼ (ਮੁੜ) [ਬਿੰਬ] ਅਕਸੀ (ਚੰਦ੍ਰਮਾਂ) ਵਿਚ ਹੀ ਮਿਲ ਜਾਂਦਾ ਹੈ, (ਇਵੇਂ ਹੀ ਦਿਲੋਂ ਵਾਸ਼ਨਾਂ ਛੱਡਿਆਂ ਸਹਜ ਪਦ ਵਿਚ ਜੀਵਾਤਮਾ ਜਾਵੇਗਾ)।

**ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥**

ਕਬੀਰ ਜੀ ਆਖਦੇ ਹਨ, (ਜੇਹਾ) [ਗੁਣ] ਰੱਸੀ (ਵਿਚ ਸੱਪ ਦਾ ਭਰਮ ਹੋ ਜਾਂਦਾ ਹੈ) ਤੇਹਾ ਹੀ ਜਗਤ ਵਿਚ ਸਚਾਈ ਦਾ) ਭਰਮ (ਹੈ, ਜਦ ਏਹ ਦਿਲੋਂ) ਨਾਸ ਹੋ ਗਿਆ, ਤਾਂ ਮਨ [ਸੁੰਨਿ] ਬ੍ਰਹਮ (ਵਯਾਪਤ) ਵਿਚ ਸਮਾ ਜਾਵੇਗਾ ॥੪॥੧॥

## ਆਸਾ ॥

*ਉਥਾਨਕਾ*—ਕੋਈ ਸ਼ਾਹੂਕਾਰ ਕਾਂਸ਼ੀ ਵਿਚ ਆ ਰਿਹਾ ਸੀ, ਉਸਨੂੰ ਆਉਂਦਿਆਂ ਵੇਖ ਕੇ ਇਕ ਸੰਤ ਨੇ ਕਿਹਾ, 'ਨਾਰਾਯਣ।' ਦੂਜੇ ਨੇ ਉਸ ਸ਼ਾਹੂਕਾਰ ਵਲ ਚੰਗੀ ਤਰ੍ਹਾਂ ਗਹੁ ਨਾਲ ਵੇਖ ਕੇ ਕਿਹਾ, 'ਦਾਮੋਦਰ'। ਇਨ੍ਹਾਂ ਦੋਹਾਂ ਦੀ ਬੋਲੀ ਸੁਣਕੇ ਤੀਜੇ ਨੇ ਉਪਦੇਸ਼ ਦਿੱਤਾ, 'ਹਰੇ ਕ੍ਰਿਸ਼ਨ' ਜਦ ਇਹ ਤਿੰਨੇ ਤਿਆਰ ਹੋ ਗਏ, ਤਾਂ ਚੌਥੇ ਸੰਤ ਨੇ ਦੂਰੋਂ ਅਵਾਜ਼ ਕੀਤੀ 'ਬਿੰਦ੍ਰਾਬਨ' ਜਦ ਏਹ ਕਹਿਕੇ ਚਾਰੇ ਸੰਤ 'ਕੱਠੇ ਹੋ ਕੇ ਸ਼ਾਹੂਕਾਰ ਨੂੰ ਆ ਮਿਲੇ ਅਤੇ ਗੱਲੀ-ਬਾਤੀਂ ਲਾ ਕੇ ਉਸਨੂੰ ਘਣੇ ਸੰਘਣੇ ਜੰਗਲ ਵਿਚ ਲਿਜਾ ਕੇ ਉਸ ਕੋਲੋਂ ਸਭ ਧਨ ਦੌਲਤ ਲੁਟਕੇ ਆਪ ਰਾਹੇ ਪਏ। ਦਿਨ ਚੜ੍ਹੇ ਉਹ ਸ਼ਾਹੂਕਾਰ ਕਬੀਰ ਜੀ ਨੂੰ ਮਿਲਿਆ ਤੇ ਰਾਤ ਵਾਲੇ ਸੰਤਾਂ ਦਾ ਹਾਲ ਕਹਿ ਕੇ ਪੁਛਿਆ—'ਮਹਾਰਾਜ! ਉਹ ਕੌਣ ਸਨ, ਜੋ ਇਉਂ ਪ੍ਰੇਮ ਨਾਲ ਪਰਮੇਸ਼ਰ ਦਾ ਨਾਮ-ਸਿਮਰਨ ਕਰਦੇ ਸਨ, ਅੰਤ ਨੂੰ ਮਾਯਾ ਮਗਰ ਲੱਗਕੇ ਉਨ੍ਹਾਂ ਖ਼ੂਨ ਕਰਨੋਂ ਭੀ ਫਰਕ ਨ ਕੀਤਾ ?' ਭਗਤ ਜੀ ਨੇ ਕਿਹਾ—'ਭਾਈ! ਉਹ ਪਰਮੇਸ਼ਰ ਦਾ ਨਾਮ ਨਹੀਂ ਸਨ ਜਪਦੇ, ਸਗੋਂ ਆਪੋ ਵਿਚ ਸਲਾਹ ਮੇਲ ਕੇ ਠੱਗੀ ਕਰਦੇ ਹਨ।' ਪਹਿਲੇ ਨੇ ਕਿਹਾ ਸੀ 'ਨਾਰਾਇਣ=ਬੰਦਾ ਆਯਾ ਹੈ।' ਦੂਜੇ ਨੇ ਕਿਹਾ ਸੀ, 'ਦਾਮੋਦਰ= ਇਸਦੇ ਲੱਕ ਨਾਲ ਮਾਯਾਂ ਹੈ।' ਤੀਜੇ ਨੇ ਕਿਹਾ ਸੀ 'ਹਰੇ ਕ੍ਰਿਸ਼ਨ=ਰਾਤ ਨੂੰ ਖੋਹ ਲੈਣਾ।' ਚੌਥੇ ਨੇ ਸਿਖਿਆ ਦਿਤੀ ਕਿ 'ਬਿੰਦ੍ਰਾਬਨ=ਸੰਘਣੇ ਜੰਗਲ ਵਿਚ ਲੁਟਣਾ।' ਇਹ ਤਾਂ ਉਨ੍ਹਾਂ ਨੇ ਠੱਗੀ ਦਾ ਵਸੀਲਾ ਬਣਾਇਆ ਹੋਇਆ ਹੈ, ਕਾਂਸ਼ੀ ਦੇ ਠੱਗ ਤਾਂ ਸੰਤਾਂ ਤੋਂ ਭੀ ਦਾਮੋਦਰ=ਵਧ ਭੇਖ ਬਣਾਕੇ ਰਹਿੰਦੇ ਹਨ', ਅਰਥਾਤ ਕਾਂਸ਼ੀ ਦੇ ਠੱਗਾਂ ਦਾ ਹੁਲੀਆ ਇਹ ਹੈ :—

**ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥**

(ਜੋ) ਸਾਢੇ ਤਿੰਨਾਂ-ਤਿੰਨਾਂ ਗਜਾਂ (ਦੀਆਂ ਦੋ) ਧੋਤੀਆਂ ਰਖਦੇ ਹਨ, ਅਤੇ (ਜਿਨ੍ਹਾਂ ਨੇ) ਤੀਹਰੇ [ਤਗੁ] ਜੰਞੂ ਪਾਏ ਹਨ।

**ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥**

ਜਿਨ੍ਹਾਂ ਦੇ ਗਲਾਂ ਵਿਚ ਮਾਲਾਂ ਹਨ, ਤੇ ਹੱਥਾਂ ਵਿਚ [ਨਿਬਗ] ਬਹੁਤ ਚਿੱਟੇ ਗੜਵੇ ਹਨ।

**ਓਇ ਹਰਿ ਕ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥**

ਓਹ ਹਰੀ ਦੇ ਸੰਤ ਨਹੀਂ ਕਹੇ ਜਾਂਦੇ, ਉਹ ਤਾਂ (ਬਾਨਾਰਸਿ) ਕਾਂਸ਼ੀ ਦੇ ਠੱਗ ਹਨ ॥੧॥

**ਐਸੇ ਸੰਤ ਨ ਮੋ ਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ ॥**

ਇਸ ਤਰ੍ਹਾਂ ਦੇ ਸੰਤ ਮੈਨੂੰ ਚੰਗੇ ਨਹੀਂ ਲਗਦੇ, ਜੋ ਟਾਹਣੀ ਦੇ ਮਗਰ ਲਗਕੇ, ਦਰਖ਼ਤ ਨੂੰ ਮੁਢੋਂ ਪੁੱਟ ਦੇਂਦੇ ਹਨ, (ਅਰਥਾਤ ਮਾਇਆ ਵਾਸਤੇ ਪੁਰਖ ਨੂੰ ਹੀ ਮਾਰ ਸੁੱਟਦੇ ਹਨ) ॥੧॥ ਰਹਾਉ ॥

**ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥**

ਭਾਂਡੇ (ਚੰਗੀ ਤਰ੍ਹਾਂ) ਮਾਂਜਕੇ (ਚੁਲ੍ਹੇ ਉਤੇ) ਚੜ੍ਹਾਉਂਦੇ ਹਨ ਅਤੇ ਲੱਕੜਾਂ ਨੂੰ ਭੀ ਧੋ ਕੇ ਬਾਲਦੇ ਹਨ।

**ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥੨॥**

ਜ਼ਮੀਨ ਪੁਟ ਕੇ ਦੋ ਚੁਲ੍ਹੇ ਬਨਾਉਂਦੇ ਹਨ, (ਪਰ ਕਰਨੀ ਵਿਚ ਤਾਂ) ਸਾਬਤ ਹੀ ਮਨੁਖ ਨੂੰ ਖਾ ਜਾਂਦੇ ਹਨ ॥੨॥

**ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥**

ਓਹ ਪਾਪੀ ਸ਼ਦਾ ਹੀ [ਅਪਰਾਧੀ] ਜ਼ੁਲਮ ਕਰਨ ਵਿਚ ਫਿਰਦੇ ਹਨ ਅਤੇ ਮੂੰਹੋਂ (ਆਪ ਨੂੰ) [ਅਪਰਸ] ਸੰਤ ਕਹਾਉਂਦੇ ਹਨ।

SIKHBOOKCLUB.COM

**ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥**

ਹਮੇਸ਼ਾ ਹੀ ਹੰਕਾਰ ਵਿਚ ਭਰੇ ਫਿਰਦੇ ਹਨ ਅਤੇ ਸਾਰੇ ਪ੍ਵਾਰ ਨੂੰ ਡੋਬਦੇ ਹਨ ॥੩॥

**ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥**

ਜਿਧਰ (ਕਰਮਾਂ ਨੇ) ਲਾਇਆ ਹੈ, ਉਸੇ ਪਾਸੇ ਹੀ ਹਰ ਕੋਈ ਲਗਾ ਹੋਇਆ ਹੈ ਅਤੇ ਅਜੇਹੇ ਕ੍ਰਮ (ਹਰ ਕੋਈ) ਕਰਦਾ ਹੈ, (ਜੇਹੇ ਕਰਮ ਕਰਾਉਂਦਾ ਹੈ)।

**ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥੪॥੨॥**

ਕਬੀਰ ਜੀ ਆਖਦੇ ਹਨ, (ਅਜੇਹੇ ਪਾਮਰਾਂ ਵਿਚੋਂ ਭੀ) ਜਿਸ ਨੂੰ ਸਤਿਗੁਰ ਮਿਲ ਜਾਵੇਗਾ, ਉਹ ਫੇਰ ਕਦੇ ਜੰਮਣ ਮਰਨ ਵਿਚ ਨਹੀਂ ਆਵੇਗਾ ॥੪॥੨॥

**ਆਸਾ ॥ ਬਾਪਿ ਦਿਲਾਸਾ ਮੇਰੋ ਕੀਨ੍ਹਾ ॥ ਸੇਜ ਸੁਖਾਲੀ ਮੁਖਿ ਅੰਮ੍ਰਿਤੁ ਦੀਨ੍ਹਾ ॥**

ਮੈਨੂੰ ਪਿਉ ਨੇ ਦਿਲਾਸਾ ਦਿੱਤਾ ਹੈ, ਸੁਖਾਂ ਦੀ ਸੇਜਾ ਤੇ ਮੂੰਹ ਵਿਚ ਨਾਮ ਅੰਮ੍ਰਿਤ ਦਿੱਤਾ ਹੈ।

**ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ ॥ ਆਗੈ ਗਇਆ ਨ ਬਾਜੀ ਹਾਰੀ ॥੧॥**

ਉਸ ਬਾਪੂ ਨੂੰ ਕਿਉਂ ਭੁਲਾਈਏ ? (ਜਿਸ ਦੀ ਕ੍ਰਿਪਾ ਨਾਲ) ਅੱਗੇ ਜਾ ਕੇ ਭੀ ਬਾਜ਼ੀ ਨਹੀਂ ਹਾਰੀ ਜਾਂਦੀ, (ਅਰਥਾਤ ਮਰਕੇ ਭੀ ਦੁਖ ਨਹੀਂ ਪਾਈਦਾ)।

**ਮੁਈ ਮੇਰੀ ਮਾਈ ਹਉ ਖਰਾ ਸੁਖਾਲਾ ॥**

**ਪਹਿਰਉ ਨਹੀ ਦਗਲੀ ਲਗੈ ਨ ਪਾਲਾ ॥੧॥ ਰਹਾਉ ॥**

ਮੇਰੀ (ਮਮਤਾ ਰੂਪੀ) ਮਾਂ ਮਰ ਗਈ ਹੈ, (ਇਸ ਲਈ) ਮੈਂ ਬਹੁਤ ਸੁਖੀ ਹੋ ਗਿਆ ਹਾਂ, (ਮੈਨੂੰ ਅਗਯਾਨ ਰੂਪ) ਪਾਲਾ ਨਹੀਂ ਲਗਦਾ ਤੇ ਨਾ ਹੀ ਮੈਂ (ਸਰੀਰ ਰੂਪ) [ਦਗਲੀ] ਝਗੜਾ (ਮੁੜਕੇ) ਪਾਵਾਂਗਾ ॥੧॥

**ਬਲਿ ਤਿਸੁ ਬਾਪੈ ਜਿਨਿ ਹਉ ਜਾਇਆ ॥ ਪੰਚਾ ਤੇ ਮੇਰਾ ਸੰਗੁ ਚੁਕਾਇਆ ॥**

ਜਿਸ ਨੇ ਮੈਨੂੰ ਪੈਦਾ ਕੀਤਾ ਹੈ, ਮੈਂ, ਉਸ ਬਾਪੂ ਤੋਂ ਬਲਿਹਾਰ ਜਾਂਦਾ ਹਾਂ (ਉਸੇ ਨੇ) ਮੇਰਾ ਪੰਜਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ) ਸਾਥ ਛੁਡਾ ਦਿੱਤਾ ਹੈ।

**ਪੰਚ ਮਾਰਿ ਪਾਵਾ ਤਲਿ ਦੀਨੇ ॥ ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ ॥੨॥**

ਪੰਜਾਂ ਨੂੰ ਮਾਰ ਕੇ ਪੈਰਾਂ ਹੇਠਾਂ ਦੇ ਦਿੱਤਾ ਹੈ, ਹਰੀ ਦੇ ਸਿਮਰਨ ਵਿਚ ਮੇਰਾ ਮਨ ਤੇ ਤਨ ਭਿੱਜ ਗਿਆ ਹੈ ॥੨॥

**ਪਿਤਾ ਹਮਾਰੋ ਵਡ ਗੋਸਾਈ ॥ ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ ॥**

ਮੇਰਾ ਪਿਤਾ ਵੱਡਾ ਹੀ ਮਾਲਕ ਹੈ, ਉਸ ਬਾਪੂ ਕੋਲ ਮੈਂ ਕਿਸ ਤਰ੍ਹਾਂ ਜਾਵਾਂ ?

**ਸਤਿਗੁਰ ਮਿਲੇ ਤ ਮਾਰਗੁ ਦਿਖਾਇਆ ॥ ਜਗਤ ਪਿਤਾ ਮੇਰੈ ਮਨਿ ਭਾਇਆ ॥੩॥**

(ਜਦ) ਸਤਿਗੁਰੂ ਮਿਲੇ ਤਾਂ ਉਨ੍ਹਾਂ ਨੇ) ਰਾਹ ਵਿਖਾ ਦਿਤਾ, (ਫਿਰ ਸਾਰੇ) ਜਗਤ ਦਾ ਪਿਉ ਮੇਰੇ ਮਨ ਨੂੰ ਚੰਗਾ ਲੱਗਾ ॥੩॥

**ਹਉ ਪੂਤੁ ਤੇਰਾ ਤੂੰ ਬਾਪੁ ਮੇਰਾ ॥ ਏਕੈ ਠਾਹਰ ਦੁਹਾ ਬਸੇਰਾ ॥**

ਮੈਂ ਤੇਰਾ ਪੁਤ੍ਰ ਹਾਂ, ਅਤੇ ਤੂੰ ਮੇਰਾ ਪਿਉ ਹੈਂ, (ਤੇਰਾ ਤੇ ਮੇਰਾ) ਦੋਹਾਂ ਦਾ ਵਸੇਬਾ ਭੀ ਇਕੋ ਜਗ੍ਹਾ ਤੇ ਹੈ।

**ਕਹੁ ਕਬੀਰ ਜਨਿ ਏਕੋ ਬੂਝਿਆ ॥ ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ ॥੪॥੩॥**

ਕਬੀਰ ਜੀ ਆਖਦੇ ਹਨ, ਦਾਸ ਨੇ ਤਾਂ ਇਕ (ਤੈਨੂੰ ਹੀ) ਜਾਣਿਆਂ ਹੈ, ਗੁਰਾਂ ਦੀ ਕ੍ਰਿਪਾ ਨਾਲ ਮੈਂ ਸਭ ਕਿਸੇ (ਵਿਚ ਇਕ ਤੈਨੂੰ ਹੀ) ਵੇਖਿਆ ਹੈ ॥੪॥੩॥

**ਆਸਾ ॥**

**ਉਥਾਨਕਾ**—ਇਕੇਰਾਂ ਮਾਯਾ ਕਬੀਰ ਜੀ ਨੂੰ ਭਰਮਾਉਣ ਲਈ ਆਈ, ਭਗਤ ਜੀ ਨੇ ਉਸ ਦਾ ਅਸਲ ਭਾਵ ਵੇਖ ਕੇ ਉਪਦੇਸ਼ ਕੀਤਾ।

**ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ ॥**

ਇਕ [ਪਤਰਿ=ਪਾਤ੍ਰਾ] ਭਾਂਡੇ (ਵਿਚ) [ਉਰਕਟ] ਭੇਡ ਦੀ ਰਾਨ ਤੇ [ਕੁਰਕਟ] ਕੁੱਕੜ ਦਾ ਮਾਸ (ਪਾਇਆ ਹੁੰਦਾ ਹੈ, ਅਤੇ) ਇਕ ਭਾਂਡੇ ਵਿਚ ਸ਼ਰਾਬ ਭਰੀ ਹੁੰਦੀ ਹੈ।

**ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ ॥੧॥**

ਆਲੇ ਦੁਆਲੇ ਪੰਜ ਜੋਗੀ (ਗੱਦੀਆਂ ਵਾਲੇ ਸਾਕਤਿਕ) ਬੈਠਦੇ ਹਨ, (ਹੇ ਨੱਕ ਕੱਟੀ ਰਾਣੀ ! ਉਨ੍ਹਾਂ ਦੇ) ਵਿਚਾਲੇ (ਤੂੰ ਸੋਭਾ ਪਾਉਂਦੀ ਹੈਂ) ॥੧॥

**ਨਕਟੀ ਕੋ ਠਨਗਨੁ ਬਾਡਾ ਡੂੰ ॥ ਕਿਨਹਿ ਬਿਬੇਕੀ ਕਾਟੀ ਤੂੰ ॥੧॥ ਰਹਾਉ ॥**

ਨੱਕ ਕੱਟੀ (ਮਾਇਆ ਦਾ) ਨਗਾਰਾ ਦੋ ਲੋਕਾਂ ਵਿਚ ਵੱਜ ਰਿਹਾ ਹੈ, (ਹੇ ਨੱਕ ਕੱਟੀ !) ਤੈਨੂੰ ਕਿਸੇ ਵਿਚਾਰ ਵਾਲੇ ਨੇ ਹੀ ਵੱਢਿਆ ਹੈ ॥੧॥ ਰਹਾਉ ॥

**ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥**

ਸਾਰੇ ਲੋਕਾਂ ਵਿਚ ਮਾਇਆ ਦਾ ਵਸੇਬਾ ਹੈ, ਸਾਰੇ ਪੁਰਸ਼ਾਂ ਨੂੰ ਮਾਰਦੀ ਤੇ [ਅਉਹੇਰੀ] ਲੁੱਟ ਲਿਜਾਂਦੀ ਹੈ ।

**ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥੨॥**

(ਹੇ ਮਾਯਾ ਜਿਨ੍ਹਾਂ ਨੇ ਤੈਨੂੰ) [ਹਉ] ਆਪਣੀ (ਜਾਨਿਆ ਹੈ ਉਨ੍ਹਾਂ) ਸਾਰਿਆਂ ਦੀ (ਤੂੰ) ਭੈਣ ਤੇ ਭਣੇਵੀ (ਹੈਂ, ਅਤੇ) ਜਿਸ ਨੇ (ਤੈਨੂੰ) ਵਰਤਿਆ ਹੈ ਉਸ ਦੀ (ਤੂੰ) ਟੈਹਲਣ ਹੈਂ । ਇਹ ਸੁਣਕੇ ਮਾਯਾ ਨੇ ਕਿਹਾ– 'ਸੰਤ ਜੀ ! ਤੁਸੀਂ ਮੈਨੂੰ ਆਪਣੀ ਦਾਸੀ ਬਣਾ ਲਵੋ ।' ਤਦ ਕਬੀਰ ਜੀ ਨੇ ਕਿਹਾ–ਮੈਂ ਤਾਂ ਆਪ ਦਾਸੀ ਹਾਂ 'ਇਸਤਰੀ ਰੂਪ ਚੇਰੀ ਕੀ ਨਿਆਈਂ' ਹੋਣ ਕਰਕੇ :–

**ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥**

ਮੇਰਾ ਪਤੀ ਵੱਡਾ ਵਿਚਾਰ ਵਾਲਾ ਹੈ ਅਤੇ ਉਹ ਆਪ ਹੀ ਸੰਤ* ਕਹਾਉਂਦਾ ਹੈ ।

**ਓਹੁ ਹਮਾਰੇ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ ॥੩॥**

ਉਹ ਮੇਰੇ ਸਿਰ (ਤੇ ਸਦਾ ਹੀ) ਕਾਇਮ ਹੈ, (ਇਸ ਲਈ) ਹੋਰ (ਕੋਈ) ਮੇਰੇ ਨੇੜੇ ਨਹੀਂ ਆ ਸਕਦਾ ॥੩॥

ਇਸ ਤਰ੍ਹਾਂ ਦਾ ਮੂੰਹ ਤੋੜਵਾਂ ਉੱਤਰ ਸੁਣ ਕੇ ਮਾਇਆ ਨੇ ਭਗਤ ਜੀ ਨੂੰ ਫਸਾਉਣ ਲਈ ਆਪਣਾ ਰੂਪ ਵਿਖਾਇਆ, ਤਾਂ ਕਬੀਰ ਜੀ ਨੇ ਮਾਇਆ ਦਾ :–

**ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥**

ਨੱਕ ਵੱਢ ਦਿੱਤਾ, ਕੰਨ ਵੱਢ ਦਿੱਤਾ [ਕੂਟਿ] ਗੁੱਤ ਵੱਢ ਕੇ (ਘਰੋਂ ਬਾਹਰ) ਕਢ ਦਿੱਤੀ (ਲੋਕਾਂ ਨੇ ਇਸਤਰੀ ਦੀ ਇਹ ਦਸ਼ਾ ਹੁੰਦੀ ਵੇਖ ਕੇ ਭਗਤ ਜੀ ਨੂੰ ਕਿਹਾ–ਇਸਤਰੀ ਨੂੰ ਇਸ ਤਰ੍ਹਾਂ ਕਿਉਂ ਮਾਰਦੇ ਹੋ ?) ਤਦ :–

**ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪॥੪॥**

ਕਬੀਰ ਜੀ ਨੇ ਕਿਹਾ–(ਹੇ ਲੋਕੋ ! ਇਹ ਤਾਂ) ਸੰਤਾਂ ਦੀ ਵੈਰਨ ਤੇ ਤਿੰਨਾਂ ਲੋਕਾਂ ਦੀ ਪਿਆਰੀ (ਮਾਇਆ

---

** ਸਮੇਂ ਅੰਤ ਪਰ ਹੋਤ ਸਹਾਈ॥ ਤਾਂ ਤੇ ਸੰਗਯਾ ਸੰਤ ਬਤਾਈ॥ (ਦਸਮ ਗ੍ਰੰਥ)*

Sri Satguru Jagjit Singh Ji eLibrary NamdhariElibrary@gmail.com

ਹੈ, ਇਸ ਲਈ ਇਸ ਦੀ ਇਹ ਦਸ਼ਾ ਕੀਤੀ ਹੈ) ॥੪॥੪॥

**ਆਸਾ ॥ ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ ॥**

ਜੋਗੀ, ਜਤੀ, ਤਪੀ, ਸੰਨਿਆਸੀ ਅਤੇ ਬਹੁਤੇ ਤੀਰਥਾਂ ਤੇ ਭੌਣ ਵਾਲੇ ਕਾਪੜੀਏ।

**ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ ॥੧॥**

ਸਰੇਵੜਾ, ਰੋਡ ਭੋਡ ਮੋਨੀ ਤੇ ਜਟਾਧਾਰੀ (ਇਸ ਤਰਾਂ ਦੇ ਭੇਖਾਂ ਵਿਚੋਂ ਭਾਵੇਂ ਕੋਈ ਰੂਪ ਬਣਾ ਲਵੇ) ਤਦ ਭੀ ਅੰਤ ਨੂੰ ਮਰ ਹੀ ਜਾਵੇਗਾ ॥੧॥

**ਤਾ ਤੇ ਸੇਵੀਅਲੇ ਰਾਮਨਾ ॥**

**ਰਸਨਾ ਰਾਮ ਨਾਮ ਹਿਤੁ ਜਾ ਕੈ ਕਹਾ ਕਰੈ ਜਮਨਾ ॥੧॥ ਰਹਾਉ ॥**

ਇਸ ਲਈ ਰਾਮ ਦਾ ਨਾਮ ਜਪ, ਜੋ ਪ੍ਰੇਮ ਕਰਕੇ ਜੀਭ ਨਾਲ ਰਾਮ ਦਾ ਨਾਮ (ਜਪਦਾ ਹੈ, ਉਸ ਦਾ) ਜਮ ਕੀ ਕਰ ਸਕਦਾ ਹੈ ?॥੧॥ ਰਹਾਉ ॥

**ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ ॥**

ਸ਼ਾਸਤ੍ਰ ਵੇਦ ਤੇ ਜੋਤਸ਼ ਅਤੇ ਬਹੁਤੇ ਵਿਆਕਰਣ ਭੀ ਜਾਣ ਲਵੇ।

**ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥੨॥**

(ਜੰਤ੍ਰ) ਮੰਤ੍ਰ ਤੰਤ੍ਰ ਅਤੇ ਸਭ ਦਵਾਈਆਂ ਭੀ ਜਾਣਦਾ ਹੋਵੇ, ਤਦ ਭੀ ਅੰਤ ਨੂੰ ਮਰ ਜਾਵੇਗਾ ॥੨॥

**ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ ॥**

ਰਾਜ ਦੇ ਭੋਗ, ਛਤ੍ਰ, ਸਿੰਘਾਸਨ ਅਤੇ ਬਹੁਤ ਸੋਹਣੀਆਂ (ਰਮਨਾ) ਇਸਤ੍ਰੀਆਂ ਵਾਲਾ ਹੋਵੇ।

**ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ ॥੩॥**

ਪਾਨ, ਕਪੂਰ, ਕਸਤੂਰੀ, ਚੰਦਨ (ਆਦਿਕ ਲਾਵੇ), ਤਦ ਭੀ ਅੰਤ ਨੂੰ ਮਰ ਜਾਵੇਗਾ ॥੩॥

**ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ ॥**

ਵੇਦ ਪੁਰਾਨ ਤੇ ਸਾਰੀਆਂ ਸਿੰਮ੍ਰਤੀਆਂ ਵਿਚਾਰ ਲਵੋ, ਕਿਤੇ ਭੀ ਉਧਾਰ ਨਹੀਂ ਹੋਣਾ।

**ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ ॥੪॥੫॥**

ਕਬੀਰ ਜੀ ਆਖਦੇ ਹਨ ਇਸ ਲਈ ਰਾਮ ਨੂੰ ਜਪੋ ਤਾਂ ਜਨਮ ਮਰਣ ਮਿਟ ਜਾਵੇਗਾ ॥੪॥੫॥

**ਆਸਾ ॥**

**ਉਥਾਨਕਾ**—ਇਕ ਵਾਰੀ ਕਿਸੇ ਨੇ ਪੁਛਿਆ 'ਜਗਤ ਸੱਤ ਹੈ ਜਾਂ ਅਸੱਤ ਹੈ' ਆਪ ਨੇ ਇਸ ਸ਼ਬਦ ਦਵਾਰਾ ਉੱਤਰ ਦਿਤਾ ਕਿ ਜਿਵੇਂ ਰਬਾਬ ਦਾ ਵਜਣਾ, ਨਾਚ ਦਾ ਹੋਣਾ ਵਿਆਹੇ ਜਾਣ (ਆਦਿਕ ਕਰਮ ਸਤ ਹਨ, ਇਵੇਂ ਜਗਤ ਦੀ ਭਾਸਨਾ ਤਾਂ ਸੱਤ ਹੈ, ਪਰ 'ਹਾਥੀ' ਦਾ ਰਬਾਬ ਵਜਾਉਣਾ 'ਖੋਤੇ ਦਾ ਨਚਣਾ' ਆਦਿਕ ਅਸੱਤ ਹਨ, ਇਵੇਂ ਸੰਸਾਰ ਦਾ ਸਥਿਰ ਰਹਿਣਾ ਅਸੱਤ ਹੈ।

**ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ ॥**

ਹਾਥੀ ਰਬਾਬ ਵਜਾਉਂਦਾ ਹੈ, ਬਲਦ ਤਬਲਾ ਤੇ ਕਾਂ ਕੈਸੀਂਆਂ ਵਜਾਉਂਦਾ ਹੈ।

**ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ॥੧॥**

ਚੋਲਾ ਪਾ ਕੇ ਖੋਤਾ ਨਚਦਾ ਹੈ ਅਤੇ ਸੰਢਾ ਭਗਤੀ ਕਰਦਾ (ਸੁਰਾਂ ਕਰਦਾ ਹੈ) ॥੧॥

**ਰਾਜਾ ਰਾਮ ਕਕਰੀਆ ਬਰੇ ਪਕਾਏ ॥ ਕਿਨੈ ਬੂਝਨਹਾਰੈ ਖਾਏ ॥੧॥ ਰਹਾਉ ॥**

ਰਾਜਾ ਰਾਮ (ਹਲਵਾਈ ਨੇ) ਕੱਕਰ ਦੇ ਵੜੇ ਪਕਾਏ ਹਨ, ਕਿਸੇ-ਕਿਸੇ ਸਿਆਣੇ ਪੁਰਸ਼ ਨੇ ਖਾਧੇ ਹਨ ॥੧॥ ਰਹਾਉ ॥

**ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ ॥**

ਘਰ ਵਿਚ ਬੈਠ ਸ਼ੇਰ ਤਾਂ ਪਾਨ ਲਾਉਂਦਾ ਹੈ ਅਤੇ [ਘੀਸ] ਛਛੂੰਦਰ ਉਹ [ਗਲਉਰੇ] ਪਾਨਾਂ ਦੇ ਬੀੜੇ ਲਿਆ-ਲਿਆ ਕੇ (ਜਾਂਞੀਆਂ ਨੂੰ ਦੇਂਦੀ ਹੈ)।

**ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ ॥੨॥**

ਘਰ ਘਰ ਦੀਆਂ [ਮੁਸਰੀ] ਚੂਹੀਆਂ ('ਕੱਠੀਆਂ ਹੋ ਕੇ) ਗੀਤ ਗਾਉਂਦੀਆਂ ਹਨ (ਲਾਵਾਂ ਵੇਲੇ) ਕਛੂ ਨੇ ਸੰਖ ਵਜਾਇਆ ॥੨॥

**ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ ॥**

ਬੰਸ ਦਾ ਪੁਤ੍ਰ ਵਿਆਹੁਣ ਤੁਰਿਆ (ਤੇ ਜੰਞ ਨੂੰ ਲੈ ਕੇ) [ਸੁਇਨੇ] ਪੁਲਾੜ ਰੂਪ ਮੰਦਰ ਵਿਚ ਜਾ ਕੇ ਉਤਾਰਾ ਕੀਤਾ।

**ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ ॥੩॥**

ਖੂਬਸੂਰਤ ਹੀ ਇਕ ਲੜਕੀ ਹੈ, (ਜਿਸ ਨਾਲ ਉਸ ਦਾ) [ਬੇਧੀ] ਵਿਆਹ ਹੋਇਆ, ਸਹੇ ਤੇ ਸ਼ੇਰ ਨੇ ਮਿਲਕੇ ਗੋਤਾਚਾਰ ਪੜ੍ਹਿਆ (ਜਦ ਜੰਞ ਡੋਲਾ ਲੈ ਕੇ ਤੁਰ ਪਈ ਤਾਂ ਰਾਹ ਵਿਚ ਇਕ ਪਹਾੜ ਆ ਗਿਆ) :—

**ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥**

ਕਬੀਰ ਜੀ ਆਖਦੇ ਹਨ, ਹੇ ਸੰਤੋ! ਸੁਣੋ, ਉਸ ਪਹਾੜ ਨੂੰ ਕੀੜੀ ਨੇ ਖਾ ਲਿਆ, (ਜਦ ਅੱਗੇ ਗਏ ਤਾਂ ਇਕ ਜੰਗਲ ਨੂੰ ਅੱਗ ਲਗੀ ਹੋਈ ਵੇਖ ਕੇ) :—

**ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥੪॥੬॥**

ਕੱਛੂ ਨੇ ਕਿਹਾ ਮੈਂ ਅੰਗਾਰੇ ਖਾ ਲੈਂਦਾ ਹਾਂ, ਅਤੇ [ਲੂਕੀ] ਗੁੱਤੀ ਨੇ ਉੱਚੀ ਆਵਾਜ਼ ਨਾਲ ਕਿਹਾ (ਕਿ ਇਧਰੋਂ ਰਾਹ ਸਾਫ ਹੈ ਲੰਘ ਆਓ ॥੪॥੬॥

**ਆਸਾ ॥ ਬਟੂਆ ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ ॥**

ਇਕ (ਦਾ ਨਾਮ ਹੀ ਸਾਡਾ) ਬਟੂਆ ਹੈ, ਬਹੱਤਰ (ਹਜ਼ਾਰ ਨਾੜੀਆਂ ਵਾਲਾ ਸਰੀਰ) [ਆਧਾਰੀ] ਝੋਲੀ ਹੈ, ਜਿਸ ਦਾ ਮੂੰਹ ਇਕੋ ਹੈ।

**ਨਵੈ ਖੰਡ ਕੀ ਪ੍ਰਿਥਮੀ ਮਾਗੈ ਸੋ ਜੋਗੀ ਜਗਿ ਸਾਰਾ ॥੧॥**

ਜੋ ਨੌਂ ਖੰਡਾਂ ਵਾਲੀ ਧਰਤੀ (ਦੇ ਮਾਲਕ ਦਾ ਨਾਮ) ਮੰਗਦਾ ਹੈ, ਉਹ ਜਗਤ ਉਤੇ ਸਰੇਸ਼ਟ ਜੋਗੀ ਹੈ ॥੧॥

**ਐਸਾ ਜੋਗੀ ਨਉ ਨਿਧਿ ਪਾਵੈ ॥**

ਅਜੇਹਾ ਜੋਗੀ ਹੀ ਨੌਂ ਨਿਧਾਂ ਪਾਂਦਾ ਹੈ।

**ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ ॥੧॥ ਰਹਾਉ ॥**

(ਜੋ) ਹੇਠਲੇ ਬ੍ਰਹਮ (ਜੀਵ) ਨੂੰ [ਗਗਨਿ] ਅਕਾਸ਼ (ਦਸਮ ਦਵਾਰ) ਵਿਚ ਚੜ੍ਹਾਂਦਾ ਹੈ ॥੧॥ ਰਹਾਉ ॥

**ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ ॥**

(ਅਤੇ) ਗਿਆਨ ਦੀ ਗੋਦੜੀ (ਨੂੰ ਸੀਊਣ ਲਈ) ਧਿਆਨ ਦੀ ਸੂਈ ਬਣਾਕੇ (ਉਸ ਵਿਚ) ਸ਼ਬਦ ਦੀ ਕਮਾਈ ਰੂਪ ਧਾਗਾ ਪਾਂਦਾ ਹੈ।

**ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ ॥੨॥**

ਪੰਜਾਂ ਤੱਤਾਂ ਦੀ (ਰਹਿਤ ਧਾਰਣ ਰੂਪ) ਮ੍ਰਿਗਾਨ ਬਣਾਏ ਗੁਰਾਂ ਦੇ ਦਸੇ ਰਾਹ ਉਤੇ ਤੁਰਨ (ਰੂਪ ਧਾਰਨ ਲਾਂਦਾ ਹੈ) ॥੨॥

**ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ ॥**

ਦਇਆ ਦੀ ਫਹੌੜੀ ਬਣਾਕੇ, ਸਰੀਰ (ਦੀ ਹੰਗਤਾ ਸਾੜਨ ਰੂਪ ਹੀ) ਧੂਣੀ ਤਪਾਂਦਾ ਹੈ, ਅਤੇ ਸਮਦ੍ਰਿਸ਼ਟੀ ਦੀ ਅੱਗ ਬਾਲਦਾ ਹੈ।

**ਤਿਸ ਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ ॥੩॥**

ਉਸ (ਵਾਹਿਗੁਰੂ) ਦਾ ਪ੍ਰੇਮ ਹਿਰਦੇ ਵਿਚ ਧਾਰਕੇ, ਚੌਹਾਂ ਜੁਗਾਂ (ਵਿਚ ਵਯਾਪਕ) ਜਾਣਨਾ ਹੀ ਸਮਾਧੀ ਲਾਂਦਾ ਹੈ ॥੩॥

**ਸਭ ਜੋਗਤਣ ਰਾਮ ਨਾਮੁ ਹੈ ਜਿਸ ਕਾ ਪਿੰਡੁ ਪਰਾਨਾ ॥**

(ਜਿਸ ਦਾ ਦਿੱਤਾ ਹੋਇਆ) ਸਰੀਰ ਤੇ ਪ੍ਰਾਣ (ਹਨ, ਉਸ) ਰਾਮ ਦਾ ਨਾਮ (ਹੀ) ਸਾਰੇ ਜੋਗ ਦਾ ਸਿਧਾਂਤ ਹੈ।

**ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ ॥੪॥੭॥**

ਕਬੀਰ ਜੀ ਆਖਦੇ ਹਨ, ਜੇਕਰ ਉਹ ਕ੍ਰਿਪਾ ਕਰੇ ਤਾਂ ਸੱਚ ਦਾ ਨੀਸ਼ਾਨ ਦੇਵੇਗਾ ॥੪॥੭॥

**ਆਸਾ ॥**

**ਉਥਾਨਕਾ**—ਇਕ ਕਾਜ਼ੀ ਜੋ (ਹਿੰਦੂਆਂ ਨੂੰ ਕਾਫਰ ਆਖਿਆ ਕਰਦਾ ਸੀ, ਉਸ ਨੇ ਕਬੀਰ ਜੀ ਨੂੰ ਕਿਹਾ, "ਤੁਸੀਂ ਸੁੰਨਤ ਕਰਾ ਕੇ ਮੋਮਨ ਬਣੋ", ਉਸ ਨੂੰ ਉਪਦੇਸ਼ ਕਰਦੇ ਹਨ :—

**ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥**

ਹਿੰਦੂ ਤੇ ਮੁਸਲਮਾਨ ਕਿਥੋਂ ਆਏ ਹਨ ? ਏਹ (ਦੋਵੇਂ) ਰਾਹ ਕਿਸ ਨੇ ਤੋਰੇ ਹਨ ।

**ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ ॥੧॥**

ਹੇ [ਕਵਾਦੇ] ਬੁਰਾ ਬੋਲਣ ਵਾਲੇ ! ਦਿਲ ਵਿਚ ਵਿਚਾਰ ਕਿ ਨਰਕ ਸੁਰਗ ਕਿਸ ਨੇ ਪਾਣਾ ਹੈ ? ॥੧॥

**ਕਾਜੀ ਤੈ ਕਵਨ ਕਤੇਬ ਬਖਾਨੀ ॥**

ਹੇ ਕਾਜ਼ੀ ! ਤੂੰ ਕੇਹੜੀ ਕਿਤਾਬ ਪੜ੍ਹੀ ਹੈ ?

**ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥**

ਇਸ ਤਰ੍ਹਾਂ ਦਾ ਪੜ੍ਹਨ ਤੇ ਵਿਚਾਰਨ ਵਾਲੇ ਸਾਰੇ ਮਾਰੇ ਗਏ ਹਨ, ਕਿਸੇ ਨੇ ਭੀ (ਅਸਲੀ) ਖ਼ਬਰ ਨਹੀਂ ਜਾਣੀ ॥੧॥ ਰਹਾਉ ॥

**ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥**

ਹੇ ਭਾਈ ! (ਪੈਕੰਬਰ ਇਬਰਾਹੀਮ ਜੀ ਨੇ) [ਸਕਤਿ] ਇਸਤ੍ਰੀ* ਦੇ ਪਿਆਰ ਵੱਸ ਹੋ ਕੇ ਸੁੰਨਤ (ਸ਼ਰਾਅ) ਕੀਤੀ ਹੈ, ਇਸ ਲਈ ਮੈਂ ਇਸ ਗੱਲ ਨੂੰ ਮੰਨਦਾ ਨਹੀਂ ।

**ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥੨॥**

ਹੇ ਕਾਜ਼ੀ ! ਜੇਕਰ ਖੁਦਾ ਮੈਨੂੰ ਤੁਰਕ ਚਾਹੇਗਾ, ਤਾਂ ਇੰਦ੍ਰੀ ਆਪੇ ਹੀ ਕੱਟੀ ਜਾਵੇਗੀ ॥੨॥

**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥**

ਜੇ ਸੁੰਨਤ ਕੀਤਿਆਂ ਹੀ ਮੁਸਲਮਾਨ ਹੋਈਦਾ ਹੈ ? ਤਾਂ ਔਰਤ ਦਾ ਕੀ ਕਰੀਏ ? (ਜਿਸ ਦੀ ਸੁੰਨਤ ਨਹੀਂ ਹੋ ਸਕਦੀ) ।

**ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥੩॥**

ਸਰੀਰ ਦਾ ਅੱਧਾ ਹਿੱਸਾ ਇਸਤ੍ਰੀ ਛੱਡੀ ਨਹੀਂ ਜਾਂਦੀ, (ਤਾਂ) ਉਹ ਤੇ ਹਿੰਦੂ (ਹੋਣ ਤੋਂ) ਭੀ (ਰਹਿਤ) ਰਹੀ ਹੈ, (ਅਰਥਾਤ ਇਸਤ੍ਰੀ ਹਿੰਦੂ ਭੀ ਨਹੀਂ ਹੋ ਸਕੀ, ਕਿਉਂਕਿ ਉਸ ਨੇ ਜੰਞੂ ਜੁ ਨਹੀਂ ਪਾਇਆ) ॥੩॥

**ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ ॥**

ਹੇ ਪਾਗਲ ! ਕਤੇਬਾਂ ਨੂੰ ਛੱਡ ਤੇ ਰਾਮ ਨੂੰ ਜਪ, ਕਿਉਂ ਬਹੁਤੇ ਜ਼ੁਲਮ ਕਰਦਾ ਹੈਂ ?

**ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ ॥੪॥੮॥**

(ਮੈਂ) ਕਬੀਰ ਨੇ ਤਾਂ ਰਾਮ ਦੀ ਓਟ ਫੜੀ ਹੈ ਅਤੇ ਤੁਰਕ ਈਰਖਾ ਦੀ ਅੱਗ ਵਿਚ ਸੜ ਰਹੇ ਹਨ ॥੪॥੮॥

**ਆਸਾ ॥ ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ ॥**

ਜਿੰਨਾ ਚਿਰ (ਸੁਆਸਾਂ ਰੂਪ) ਤੇਲ, (ਉਮਰਾ ਰੂਪੀ) ਬੱਤੀ (ਸਰੀਰ ਰੂਪੀ) ਦੀਵੇ ਵਿਚ ਹੈ, ਉਨਾਂ ਚਿਰ ਸਭ

---

* ਪ੍ਰਸੰਗ ਵੇਖਣ ਲਈ ਮੇਰਾ ਬਣਾਇਆ "ਗੁਰ ਸ਼ਬਦ ਰਤਨਾਕਰ" ਕੋਸ਼ ਦੇਖੋ।

Sri Satguru Jagjit Singh Ji eLibrary NamdhariElibrary@gmail.com

ਕੁਝ (ਆਪਣਾ ਹੀ) ਦਿੱਸਦਾ ਹੈ ।

**ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ ॥੧॥**

(ਜਦ) ਤੇਲ ਮੁਕ ਗਿਆ ਤਾਂ ਬੱਤੀ ਬੁਝ ਗਈ, ਉਸ ਵੇਲੇ ਮਕਾਨ ਸੁੰਞਾ ਹੋ ਜਾਵੇਗਾ ॥੧॥

**ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ ॥ ਤੂੰ ਰਾਮ ਨਾਮੁ ਜਪਿ ਸੋਈ ॥੧॥ ਰਹਾਉ ॥**

ਹੇ ਪਾਗਲਾ! ਤੈਨੂੰ ਕਿਸੇ ਨੇ (ਘਰ ਵਿਚ) ਘੜੀ ਵੀ ਨਹੀਂ ਰਖਣਾ, (ਇਸ ਲਈ) ਤੂੰ ਉਸ ਰਾਮ ਦਾ ਨਾਮ ਜਪ, (ਜੋ ਅੰਤ ਵੇਲੇ ਤੇਰੀ ਸਹਾਇਤਾ ਕਰੇਗਾ) ॥੧॥ ਰਹਾਉ ॥

**ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ ॥**

ਦੱਸੋ, ਮਾਂ ਕਿਸਦੀ ਹੈ? ਪਿਉ ਕਿਸਦਾ ਹੈ? ਕੇਹੜਾ ਪਤੀ ਤੇ ਕੇਹੜੀ (ਜੋਈ) ਇਸਤ੍ਰੀ ਹੈ?

**ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ ॥੨॥**

(ਸਰੀਰ) ਘੜਾ ਟੁੱਟ ਗਿਆ ਤਾਂ ਕਿਸੇ ਗੱਲ ਭੀ ਨਹੀਂ ਪੁਛਨੀ, ਬਾਹਰ ਕੱਢੋ; ਬਾਹਰ ਕੱਢੋ ਹੀ ਪਈ, ਹੋਣੀ ਹੈ ॥੨॥

**ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ ॥**

ਦਲ੍ਹੀਜਾਂ ਵਿਚ ਬੈਠੀ ਮਾਂ ਰੋਵੇਗੀ ਤੇ ਮੰਜੀ (ਸੀੜ੍ਹੀ) ਨੂੰ ਭਰਾ ਚੁੱਕ ਕੇ ਲੈ ਜਾਣਗੇ ।

**ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥੩॥**

(ਸਿਰ ਦੇ) ਵਾਲ ਖੋਲ੍ਹਕੇ ਇਸਤ੍ਰੀ ਰੋਵੇਗੀ, ਪਰ (ਅੱਗੇ) ਜੀਵ 'ਕੱਲਾ ਹੀ ਜਾਵੇਗਾ ॥੩॥

**ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ ॥**

ਕਬੀਰ ਜੀ ਆਖਦੇ ਹਨ, ਹੇ ਭਲੇ ਪੁਰਸ਼ੋ! ਸੁਣੋ, ਡਰ ਦੇ ਸਮੁੰਦ੍ਰ (ਸੰਸਾਰ) ਵਿਚ ਤਾਂ—

**ਇਸੁ ਬੰਦੇ ਸਿਰਿ ਜੁਲਮੁ ਹੋਤ ਹੈ ਜਮੁ ਨਹੀ ਹਟੈ ਗੁਸਾਈ ॥੪॥੯॥ ਦੁਤੁਕੇ**

ਇਸ ਬੰਦੇ ਦੇ ਸਿਰ ਤੇ ਜ਼ੁਲਮ ਹੋ ਰਿਹਾ ਹੈ, (ਕਿਉਂਕਿ) ਜਮ* ਸੁਆਮੀ ਸਿਰ ਤੋਂ (ਪਰ੍ਹੇ) ਨਹੀਂ ਹਟਦਾ ॥੪॥੯॥

*੧ੴ ਸਤਿਗੁਰ ਪ੍ਰਸਾਦਿ ॥*

**ਆਸਾ ਸ੍ਰੀ ਕਬੀਰ ਜੀਉ ਕੇ ਚਉਪਦੇ ਇਕਤੁਕੇ ॥**

**ਸਨਕ ਸਨੰਦ ਅੰਤੁ ਨਹੀ ਪਾਇਆ ॥**

**ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥੧॥**

ਸਨਕ ਸਨੰਦਨ (ਸਨਾਤਨ ਤੇ ਸੰਤ ਕੁਮਾਰ ਇਨ੍ਹਾਂ ਚੌਹਾਂ ਨੇ ਵਾਹਿਗੁਰੂ ਦਾ) ਅੰਤ ਨਹੀਂ ਪਾਇਆ । ਵੇਦ ਪੜ੍ਹਕੇ ਬ੍ਰਹਮਾ ਨੇ ਭੀ ਜਨਮ ਬਿਤਾ ਦਿੱਤਾ ਹੈ (ਉਸ ਨੂੰ ਭੀ ਥਹੁ ਨਹੀਂ ਲੱਗਾ) ॥੧॥

---

** ਜਿੰਦੁ ਵਹੁਟੀ ਮਰਣ ਵਰੁ ਲੈ ਜਾਸੀ ਪਰਣਾਇ ॥ (ਸਲੋਕ ਫਰੀਦ)*

Sri Satguru Jagjit Singh Ji eLibrary NamdhariElibrary@gmail.com

**ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥**

ਹੇ ਮੇਰੇ ਭਾਈ! ਹਰੀ ਦਾ ਰਿੜਕਾ ਰਿੜਕੋ।

**ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥੧॥ ਰਹਾਉ ॥**

(ਇਉਂ) ਸਹਜੇ-ਸਹਜੇ ਰਿੜਕੋ, ਜਿਵੇਂ ਸਿਧਾਂਤ ਗੁੰਮ ਨਾ ਹੋ ਜਾਵੇ ॥੧॥ ਰਹਾਉ ॥

**ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥**

ਸਰੀਰ ਨੂੰ ਮਟਕੀ ਬਣਾਵੋ ਅਤੇ ਮਨ ਨੂੰ (ਬਿਲੋਈ) ਮਧਾਣੀ ਪਾਓ।

**ਇਸੁ ਮਟੁਕੀ ਮਹਿ ਸਬਦੁ ਸੰਜੋਈ ॥੨॥**

(ਫਿਰ) ਇਸ ਮਟਕੀ ਵਿਚ (ਗੁਰਾਂ ਦੇ) ਉਪਦੇਸ਼ ਰੂਪ (ਦਹੀਂ) ਪਾਓ ॥੨॥

**ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ ॥**

ਮਨ ਨਾਲ ਵੀਚਾਰ ਕਰਨਾ ਹੀ ਹਰੀ ਦਾ ਰਿੜਕਨਾ ਹੈ।

**ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ ॥੩॥**

ਗੁਰਾਂ ਦੀ ਕ੍ਰਿਪਾ ਨਾਲ ਅੰਮ੍ਰਿਤ ਦੀ ਧਾਰਾ (ਆਤਮਕ ਰਸ) ਮਿਲੇਗੀ (ਏਹੋ ਮਖਣ ਹੈ) ॥੩॥

**ਕਹੁ ਕਬੀਰ ਨਦਰਿ ਕਰੇ ਜੇ ਮੀਰਾ ॥**

SIKHBOOKCLUB.COM

ਕਬੀਰ ਜੀ ਆਖਦੇ ਹਨ, ਜੇਕਰ [ਮੀਰਾ] ਮਾਲਕ ਦੀ ਮੇਹਰ ਹੋ ਜਾਵੇ, ਤਾਂ :—

**ਰਾਮ ਨਾਮ ਲਗਿ ਉਤਰੇ ਤੀਰਾ ॥੪॥੧॥੧੦॥**

ਰਾਮ ਨਾਮ (ਦੇ ਆਸਰੇ) ਲੱਗ ਕੇ (ਮਨੁੱਖ ਸੰਸਾਰ-ਸਮੁੰਦਰ ਦੇ ਪਾਰਲੇ) ਕੰਢੇ ਜਾ ਉਤਰੇਗਾ ਅਰਥਾਤ ਮੁਕਤੀ ਪਾ ਲਏਗਾ) ॥੪॥੧॥੧੦॥

**ਆਸਾ ॥ ਬਾਤੀ ਸੂਕੀ ਤੇਲੁ ਨਿਖੂਟਾ ॥ ਮੰਦਲੁ ਨ ਬਾਜੈ ਨਟੁ ਪੈ ਸੂਤਾ ॥੧॥**

(ਹੰਕਾਰ ਰੂਪ) ਵੱਟੀ ਸੁਕ ਗਈ ਹੈ, (ਮੋਹ ਰੂਪ) ਤੇਲ ਮੁੱਕ ਗਿਆ ਹੈ, (ਹਰਖ ਸੋਗ ਰੂਪ) [ਮੰਦਲੁ] ਢੋਲ ਨਹੀਂ ਵਜਦਾ, (ਕਿਉਂਕਿ ਮਨ ਰੂਪ) ਨਟ ਲੰਮੀਆਂ ਤਾਣਕੇ ਸੌਂ ਗਿਆ ਹੈ ॥੧॥

**ਬੁਝਿ ਗਈ ਅਗਨਿ ਨ ਨਿਕਸਿਓ ਧੂੰਆ ॥**

(ਤ੍ਰਿਸ਼ਨਾ ਰੂਪ) ਅੱਗ ਬੁਝ ਗਈ ਹੈ (ਇਸ ਲਈ ਝੂਰਨੇ ਰੂਪ) ਧੂੰਆਂ ਨਹੀਂ ਨਿਕਲਦਾ।

**ਰਵਿ ਰਹਿਆ ਏਕੁ ਅਵਰੁ ਨਹੀ ਦੂਆ ॥੧॥ ਰਹਾਉ ॥**

(ਹੁਣ ਤਾਂ ਇਹੋ ਦਿੱਸਦਾ ਹੈ ਕਿ ਸਭ ਜਗ੍ਹਾਂ ਤੇ) ਇਕੋ ਵਿਆਪਕ ਹੈ, ਹੋਰ ਕੋਈ ਦੂਜਾ ਨਹੀਂ ਹੈ ॥੧॥ ਰਹਾਉ ॥

**ਟੂਟੀ ਤੰਤੁ ਨ ਬਜੈ ਰਬਾਬੁ ॥ ਭੂਲਿ ਬਿਗਾਰਿਓ ਅਪਨਾ ਕਾਜੁ ॥੨॥**

(ਸੰਕਲਪ ਰੂਪ) ਤੰਦ ਟੁੱਟ ਗਈ (ਹੈ, ਸਰੀਰ ਦੀ ਮਨੌਤ ਰੂਪ) ਰਬਾਬ ਨਹੀਂ ਵੱਜਦੀ, (ਜਿਸ ਨੇ ਮਨੌਤ

ਨਹੀਂ ਛੱਡੀ, ਉਸ ਨੇ ਰਾਹ ਤੋਂ) ਭੁੱਲ ਕੇ ਆਪਣਾ ਕੰਮ ਵਿਗਾੜ ਲਿਆ ਹੈ ॥੨॥

**ਕਥਨੀ ਬਦਨੀ ਕਹਨੁ ਕਹਾਵਨੁ ॥ ਸਮਝਿ ਪਰੀ ਤਉ ਬਿਸਰਿਓ ਗਾਵਨੁ ॥੩॥**

[ਬਦਨੀ] ਮੂੰਹੋਂ ਕਥਾ ਕਰਨੀ ਤੇ (ਗੱਲਾਂ) ਕਹਿਣੀਆਂ ਸੁਣਨੀਆਂ (ਉਨਾਂ ਚਿਰ ਹਨ, ਜਿੰਨਾਂ ਚਿਰ ਸਮਝ ਨਹੀਂ ਪਈ, ਜਦ) ਸਮਝ ਪਈ ਤਦ (ਕਥਾ ਕਰਨੀ ਤੇ) ਗਾਉਣ ਭੁਲ ਜਾਂਦਾ ਹੈ ॥੩॥

**ਕਹਤ ਕਬੀਰ ਪੰਚ ਜੋ ਚੂਰੇ ॥ ਤਿਨ ਤੇ ਨਾਹਿ ਪਰਮ ਪਦੁ ਦੂਰੇ ॥੪॥੨॥੧੧॥**

ਕਬੀਰ ਜੀ ਆਖਦੇ ਹਨ, ਜੋ ਪੰਜਾਂ ਨੂੰ ਮਾਰਦਾ ਹੈ, ਉਸ ਤੋਂ ਮੁਕਤੀ ਦੂਰ ਨਹੀਂ ਹੈ ॥੪॥੨॥੧੧॥

**ਆਸਾ ॥ ਸੁਤੁ ਅਪਰਾਧ ਕਰਤ ਹੈ ਜੇਤੇ ॥ ਜਨਨੀ ਚੀਤਿ ਨ ਰਾਖਸਿ ਤੇਤੇ ॥੧॥**

ਪੁਤ੍ਰ ਜਿੰਨੇ ਗੁਨਾਹ ਕਰਦਾ ਹੈ ਮਾਂ ਓਨੇ ਕਦੇ ਭੀ ਚੇਤੇ ਨਹੀਂ ਰਖਦੀ ॥੧॥

**ਰਾਮਈਆ ਹਉ ਬਾਰਿਕੁ ਤੇਰਾ ॥ ਕਾਹੇ ਨ ਖੰਡਸਿ ਅਵਗਨੁ ਮੇਰਾ ॥੧॥ ਰਹਾਉ ॥**

ਹੇ ਰਾਮ! ਮੈਂ ਤੇਰਾ ਬੱਚਾ ਹਾਂ, ਤੂੰ ਮੇਰਾ ਗੁਨਾਹ ਕਿਉਂ ਨਾ ਭੁਲਾਵੇਂਗਾ ? ॥੧॥ ਰਹਾਉ ॥

**ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥ ਤਾ ਭੀ ਚੀਤਿ ਨ ਰਾਖਸਿ ਮਾਇਆ ॥੨॥**

ਜੇਕਰ ਪੁਤ੍ਰ ਵੱਡਾ ਗੁੱਸਾ ਕਰਕੇ (ਮਾਂ ਕੋਲੋਂ) ਦੌੜ ਜਾਵੇ, ਤਾਂ ਭੀ, [ਮਾਇਆ] ਮਾਂ ਚੇਤੇ ਨਹੀਂ ਰਖਦੀ, (ਉਸ ਨੂੰ ਜਾ ਕੇ ਮਨਾ ਲਿਆਉਂਦੀ ਹੈ) ॥੨॥

**ਚਿੰਤ ਭਵਨਿ ਮਨੁ ਪਰਿਓ ਹਮਾਰਾ ॥ ਨਾਮ ਬਿਨਾ ਕੈਸੇ ਉਤਰਸਿ ਪਾਰਾ ॥੩॥**

ਚਿੰਤਾ ਰੂਪ [ਭਵਨਿ] ਭੰਵਰ (ਘੁੰਮਨ ਘੇਰੀ) ਵਿਚ ਮੇਰਾ ਮਨ ਪਿਆ ਹੋਇਆ ਹੈ, (ਹੇ ਰਾਮ! ਤੇਰੇ) ਨਾਮ ਤੋਂ ਬਿਨਾਂ ਮੈਂ ਕਿਵੇਂ ਪਾਰ ਲੰਘਾਂਗਾ ? ॥੩॥

**ਦੇਹਿ ਬਿਮਲ ਮਤਿ ਸਦਾ ਸਰੀਰਾ ॥ ਸਹਜਿ ਸਹਜਿ ਗੁਨ ਰਵੈ ਕਬੀਰਾ ॥੪॥੩॥੧੨॥**

ਸਰੀਰ (ਦੇ ਰਹਿਣ ਤੱਕ ਮੈਨੂੰ) ਸਦਾ ਹੀ ਨਿਰਮਲ ਬੁਧਿ ਦੇਹੁ, (ਜਿਸ ਕਰਕੇ ਮੈਂ) ਕਬੀਰ ਸਹਜੇ ਸਹਜੇ ਤੇਰੇ ਗੁਣ ਗਾਉਂਦਾ ਰਹਾਂ ॥੪॥੩॥੧੨॥

**ਆਸਾ ॥**

*ਉਥਾਨਕਾ*—ਕਿਸੇ ਹਾਜੀ ਨੇ ਕਬੀਰ ਜੀ ਨੂੰ ਹੱਜ ਕਰਨ ਲਈ ਕਿਹਾ, ਤਾਂ ਆਪ ਜੀ ਨੇ ਉਸ ਨੂੰ ਉੱਤਰ ਦਿਤਾ :—

**ਹਜ ਹਮਾਰੀ ਗੋਮਤੀ ਤੀਰ ॥ ਜਹਾ ਬਸਹਿ ਪੀਤੰਬਰ ਪੀਰ ॥੧॥**

ਸਾਡੀ ਹੱਜ ਤਾਂ ਗੋਮਤੀ ਨਦੀ ਦਾ ਕੰਢਾ ਹੈ, ਜਿਥੇ [ਪੀਤੰਬਰ] ਪੀਲੇ ਕਪੜਿਆਂ ਵਾਲਾ [ਪੀਰ] ਮਹਾਂ ਪੁਰਸ਼ ਵੱਸਦਾ ਹੈ ॥੧॥

**ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ ॥**
**ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ ॥੧॥ ਰਹਾਉ ॥**

Sri Satguru Jagjit Singh Ji eLibrary NamdhariElibrary@gmail.com

ਵਾਹੁ! ਵਾਹੁ! ਕਿਆ ਸੋਹਣਾ ਗਾਉਂਦਾ ਹੈ। (ਉਸ ਦੇ ਮੂੰਹੋਂ ਸੁਣਕੇ) ਹਰੀ ਦਾ ਨਾਮ ਮੇਰੇ ਮਨ ਨੂੰ ਬਹੁਤ ਹੀ ਪਿਆਰਾ ਲਗਦਾ ਹੈ ॥੧॥ ਰਹਾਉ ॥

**ਨਾਰਦ ਸਾਰਦ ਕਰਹਿ ਖਵਾਸੀ ॥ ਪਾਸਿ ਬੈਠਿ ਬੀਬੀ ਕਵਲਾ ਦਾਸੀ ॥੨॥**

[ਖਵਾਸੀ] ਸੇਵਾ ਨਾਰਦ ਤੇ ਸਾਰਦਾ (ਉਸ ਦੀ) ਕਰਦੇ ਹਨ। ਮਾਯਾ [ਬੀਬੀ] ਟਹਿਲਣ ਹੋ ਕੇ ਚੁਪ ਕੀਤੀ ਕੋਲ ਬੈਠੀ ਹੈ ॥੨॥

**ਕੰਠੇ ਮਾਲਾ ਜਿਹਵਾ ਰਾਮੁ ॥ ਸਹੰਸ ਨਾਮੁ ਲੈ ਲੈ ਕਰਉ ਸਲਾਮੁ ॥੩॥**

(ਉਸ ਮਹਾਂ ਪੁਰਸ਼ ਦੇ) ਗਲ ਵਿਚ ਮਾਲਾ ਤੇ ਜੀਭ ਉਤੇ 'ਰਾਮ' (ਸ਼ਬਦ ਵਸਦਾ ਹੈ, ਮੈਂ ਉਸ ਦਾ) ਨਾਮ ਲੈ ਕੇ ਹਜ਼ਾਰਾਂ ਵੇਰੀ ਮੱਥਾ ਟੇਕਦਾ ਹਾਂ ॥੩॥

**ਕਹਤ ਕਬੀਰ ਰਾਮ ਗੁਨ ਗਾਵਉ ॥ ਹਿੰਦੂ ਤੁਰਕ ਦੋਊ ਸਮਝਾਵਉ ॥੪॥੪॥੧੩॥**

ਕਬੀਰ ਜੀ ਆਖਦੇ ਹਨ, ਮੈਂ ਤਾਂ ਰਾਮ ਦੇ ਹੀ ਗੁਣ ਗਾਉਂਦਾ ਹਾਂ, ਅਤੇ ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਉਪਦੇਸ਼ ਦੇਂਦਾ ਹਾਂ (ਕਿ ਤੁਸੀਂ ਹੱਜ ਕਰਨਾ ਤੇ ਇਸ਼ਨਾਨ ਕਰਨੇ ਛਡਕੇ ਨਾਮ ਨੂੰ ਜਪੋ) ॥੪॥੪॥੧੩॥

## ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ ੯ ਦੁਤੁਕੇ ੫

### ੧ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ**—ਫੁੱਲ ਤੋੜ ਕੇ ਪੱਥਰਾਂ ਦੀ ਪੂਜਾ ਲਈ ਲਿਜਾਣ ਵਾਲੀ ਮਾਲਣ ਦਵਾਰਾ ਪੱਥਰ ਪੂਜਕਾਂ ਨੂੰ ਉਪਦੇਸ਼ ਦੇਂਦੇ ਹਨ।

**ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥**

ਹੇ ਮਾਲਣ! ਤੂੰ ਪਤ੍ਰ ਤੋੜਦੀ ਹੈਂ (ਪਰ) ਪਤ੍ਰ ਪਤ੍ਰ ਵਿਚ ਚੇਤਨ ਸਤਾ ਹੈ।

**ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥**

ਜਿਸ ਪੱਥਰ ਨੂੰ (ਪੂਜਨ ਲਈ) ਪਤ੍ਰ ਤੋੜਦੀ ਹੈ, ਉਹ (ਪੱਥਰ) ਚੇਤਨ ਸਤਾ ਤੋਂ ਹੀਨ (ਜੜ੍ਹ) ਹੈ ॥੧॥

**ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥**

ਇਸ ਤਰ੍ਹਾਂ (ਦੀ ਪੂਜਾ ਵਿਚ ਲੱਗੀ) ਮਾਲਣ ਭੁੱਲੀ ਹੋਈ ਹੈ, ਜੋ ਜੀਉਂਦੇ ਜਾਗਦੇ ਦੇਵਤੇ ਸਤਿਗੁਰੂ (ਨੂੰ ਛੱਡ ਕੇ ਪੱਥਰ ਪੂਜਾ ਵਿਚ ਲਗੀ ਹੋਈ) ਹੈ ॥੧॥ ਰਹਾਉ ॥

**ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥**

ਪਤ੍ਰ ਵਿਚ ਬ੍ਰਹਮਾ, ਟਾਹਣੀਆਂ ਵਿਚ ਵਿਸ਼ਨੂੰ, ਤੇ ਫੁਲਾਂ ਵਿਚ ਸ਼ਿਵਜੀ ਦੇਵਤਾ (ਵਸਦਾ ਹੈ)।

**ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥੨॥**

ਤਿੰਨੇ ਦੇਵਤੇ ਤੂੰ ਪ੍ਰਗਟ ਹੀ ਤੋੜੇ ਹਨ, (ਹੇ ਮਾਲਣ! ਤੂੰ ਸੇਵਾ ਕਿਸ ਦੀ ਕਰੇਂਗੀ ? ॥੨॥

SIKHBOOKCLUB.COM

**ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥**

ਪੱਥਰ ਘੜਨ ਵਾਲੇ ਨੇ ਛਾਤੀ ਉਤੇ ਪੈਰ ਰਖਕੇ (ਇਹ) ਮੂਰਤਿ ਬਣਾਈ ਹੈ।

**ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥**

ਜੇਕਰ ਏਹ ਮੂਰਤਿ ਸੱਚਾ ਦੇਵਤਾ ਹੈ, ਤਾਂ (ਪਹਿਲਾਂ) ਘੜਨ ਵਾਲੇ ਨੂੰ ਖਾਵੇ (ਜਿਸ ਨੇ ਇਸ ਦੀ ਬੇਅਦਬੀ ਕੀਤੀ ਸੀ) ॥੩॥

**ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥**

ਭਤ ਦਾਲ [ਲਾਪਸੀ] ਰੇਬੜੀ, ਕਰਾਰੀ ਚੀਜ਼ ਤੇ ਪੰਜੀਰੀ (ਆਦਿਕ ਪਦਾਰਥਾਂ ਨੂੰ ਤਾਂ)—

**ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥੪॥**

ਖਾਣ ਵਾਲੇ ਪੁਜਾਰੀ ਜੀ ਨੇ ਖਾ ਲਿਆ ਹੈ ਤੇ ਇਸ ਮੂਰਤਿ ਦੇ ਮੂੰਹ ਸਵਾਹ (ਮਲੀ ਹੈ) ॥੪॥

**ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥**

ਮਾਲਣ ਭੀ ਭੁੱਲ ਗਈ (ਜੋ ਫੁੱਲ ਤੋੜਦੀ ਹੈ,) ਜਗਤ ਭੀ ਭੁੱਲ ਗਿਆ ਹੈ, (ਜੋ) ਪੱਥਰਾਂ ਦੀ ਪੂਜਾ ਕਰਦਾ ਹੈ, ਇਕ) ਅਸੀਂ ਨਹੀਂ ਭੁੱਲੇ।

**ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥**

ਕਬੀਰ ਜੀ ਆਖਦੇ ਹਨ, ਸਾਨੂੰ (ਰਾਇ) ਪ੍ਰਕਾਸ਼ਵਾਨ ਹਰੀ ਨੇ ਕ੍ਰਿਪਾ ਕਰਕੇ ਇਸ ਪੱਥਰ ਪੂਜਾ ਤੋਂ ਰੱਖ ਲਿਆ ਹੈ ॥੫॥੧॥੧੪॥

**ਆਸਾ ॥ ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ ॥**

ਬਾਰਾਂ ਵਰ੍ਹੇ ਬਾਲ ਉਮਰਾ ਵਿਚ ਬੀਤ ਗਏ, ਵੀਹਾਂ ਵਰ੍ਹਿਆਂ ਤਕ ਕੋਈ ਤਪ ਭੀ ਨਹੀਂ ਕੀਤਾ।

**ਤੀਸ ਬਰਸ ਕਛੁ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ ॥੧॥**

ਤੀਹਾਂ ਵਰ੍ਹਿਆਂ ਤਕ ਕੁਝ ਦੇਵ ਪੂਜਾ ਭੀ ਨਾ ਕੀਤੀ, ਫਿਰ ਬੁਢਾ ਹੋਇਆ ਤਾਂ ਪਛਤਾਉਂਦਾ ਹੈ ॥੧॥

**ਮੇਰੀ ਮੇਰੀ ਕਰਤੇ ਜਨਮੁ ਗਇਓ ॥ ਸਾਇਰੁ ਸੋਖਿ ਭੁਜੰ ਬਲਇਓ ॥੧॥ ਰਹਾਉ ॥**

ਮੇਰੀ ਮੇਰੀ ਕਰਦੇ ਦਾ ਹੀ ਜਨਮ ਬੀਤ ਗਿਆ ਹੈ, (ਬੁਢੇਪੇ ਰੂਪ ਅਗਸਤ ਮੁਨੀ ਨੇ) ਬਾਹਾਂ ਦੇ ਬਲ ਰੂਪ ਸਮੁੰਦਰ ਨੂੰ ਸੁਕਾ ਦਿਤਾ ਹੈ ॥੧॥ ਰਹਾਉ ॥

**ਸੂਕੇ ਸਰਵਰਿ ਪਾਲਿ ਬੰਧਾਵੈ ਲੂਣੈ ਖੇਤਿ ਹਥ ਵਾਰਿ ਕਰੈ ॥**

ਸੁਕੇ ਹੋਏ ਤਲਾਉ ਅੱਗੇ ਬੰਨ੍ਹ ਮਾਰਦਾ ਹੈ, ਅਤੇ ਵਢੀ ਹੋਈ ਖੇਤੀ ਨੂੰ ਹੱਥੀਂ ਵਾੜ ਕਰਦਾ ਹੈ (ਭਾਵ ਏਹ ਹੈ ਕਿ ਸਰੀਰਾਂ ਦਾ ਬਲ ਤਾਂ ਰਹਿੰਦਾ ਨਹੀਂ, ਪਰ ਧਾਤੂ ਖਾ ਕੇ ਸਰੀਰ ਨੂੰ ਕਾਇਮ ਰਖਿਆ ਚਾਹੁੰਦਾ ਹੈ)।

**ਆਇਓ ਚੋਰੁ ਤੁਰੰਤਹ ਲੇ ਗਇਓ ਮੇਰੀ ਰਾਖਤ ਮੁਗਧੁ ਫਿਰੈ ॥੨॥**

(ਜਦ ਬੁਢੇਪਾ ਰੂਪ) ਚੋਰ ਆਇਆ ਤਾਂ (ਉਹ) ਤੁਰੰਤ ਹੀ ਲੈ ਕੇ ਚਲਾ ਗਿਆ (ਜਿਸ ਜਵਾਨੀ ਨੂੰ ਇਹ) ਮੂਰਖ (ਮੇਰੀ) ਆਪਣੀ ਸਮਝਕੇ (ਸਾਂਭ-ਸਾਂਭ ਕੇ) ਰੱਖਦਾ ਸੀ ॥੨॥ ਉਸ ਵੇਲੇ :—

**ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ ॥**

ਪੈਰ, ਸਿਰ ਤੇ ਹੱਥ ਕੰਬਨ ਲੱਗ ਪਏ ਅਤੇ ਅੱਖਾਂ ਵਿਚੋਂ ਆਪਣੇ ਆਪ ਪਾਣੀ ਵਗਣ ਲੱਗ ਜਾਵੇਗਾ।

**ਜਿਹਵਾ ਬਚਨੁ ਸੁਧੁ ਨਹੀ ਨਿਕਸੈ ਤਬ ਰੇ ਧਰਮ ਕੀ ਆਸ ਕਰੈ ॥੩॥**

ਮੂੰਹੋਂ ਸਾਫ ਸਾਫ ਗੱਲ ਭੀ ਨਹੀਂ ਨਿਕਲੇਗੀ, (ਹੇ ਬੰਦੇ! ਤੂੰ ਓਦੋਂ) ਧਰਮ ਦੀ ਆਸਾ ਕਰੇਂਗਾ ? ॥੩॥

**ਹਰਿ ਜੀਉ ਕ੍ਰਿਪਾ ਕਰੈ ਲਿਵ ਲਾਵੈ ਲਾਹਾ ਹਰਿ ਹਰਿ ਨਾਮੁ ਲੀਓ ॥**

(ਜਿਸ) ਜੀਵ (ਉਤੇ) ਹਰੀ ਕਿਰਪਾ ਕਰਦਾ ਹੈ, (ਉਹ) ਹਰਿ ਹਰਿ ਨਾਮ (ਜਪਣ ਵਿਚ) ਸੁਰਤ ਲਾ ਕੇ ਲਾਭ ਖੱਟ ਲੈਂਦਾ ਹੈ।

**ਗੁਰ ਪਰਸਾਦੀ ਹਰਿ ਧਨੁ ਪਾਇਓ ਅੰਤੇ ਚਲਦਿਆ ਨਾਲਿ ਚਲਿਓ ॥੪॥**

ਗੁਰਾਂ ਦੀ ਕ੍ਰਿਪਾ ਨਾਲ (ਜਿਨ੍ਹਾਂ ਨੇ) ਹਰਿ (ਨਾਮ) ਧਨ ਪਾਇਆ ਹੈ, ਅੰਤ ਵੇਲੇ ਜਾਂਦੇ ਹੋਇਆਂ (ਹਰਿ ਨਾਮ ਧਨ ਉਨ੍ਹਾਂ ਦੇ) ਨਾਲ ਗਿਆ ਹੈ ॥੪॥

**ਕਹਤ ਕਬੀਰ ਸੁਨਹੁ ਰੇ ਸੰਤਹੁ ਅਨੁ ਧਨੁ ਕਛੂਐ ਲੈ ਨ ਗਇਓ ॥**

ਕਬੀਰ ਜੀ ਆਖਦੇ ਹਨ, ਹੇ ਸੰਤੋ! (ਜੀਵ ਦਰਗਾਹ ਵਿਚ ਜਾਂਦਾ ਹੋਇਆ) ਅੰਨ ਧਨ (ਆਦਿਕ) ਕੁਝ ਭੀ (ਨਾਲ) ਲੈ ਕੇ ਨਹੀਂ ਜਾਂਦਾ।

**ਆਈ ਤਲਬ ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ ॥੫॥੨॥੧੫॥**

(ਜਦ) ਗੁਪਾਲ ਰਾਜੇ ਦਾ [ਤਲਬ] ਹੁਕਮਿ ਆਇਆ, (ਉਸੇ ਵੇਲੇ) ਮਾਇਆ ਤੇ ਮੰਦਰ ਛੱਡ ਕੇ ਚਲਾ ਜਾਵੇਗਾ ॥੫॥੨॥੧੫॥

**ਆਸਾ ॥ ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ ॥**

ਕਿਸੇ ਨੂੰ ਪਟ ਦੇ ਕੱਪੜੇ ਦਿੱਤੇ ਹਨ, ਅਤੇ ਕਿਸੇ ਨੂੰ ਨਵਾਰ ਦੇ ਪਲੰਘ (ਦਿਤੇ ਹਨ)।

**ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥੧॥**

ਕਿਸੇ ਨੂੰ ਗਲੀ ਸੜੀ ਹੋਈ ਗੋਦੜੀ ਭੀ ਨਹੀਂ (ਮਿਲੀ, ਅਤੇ) ਕਿਸੇ ਦੇ (ਖਾਨ) ਘਰ ਵਿਚ ਪਰਾਲੀ (ਭੀ) ਨਹੀਂ ਹੈ) ॥੧॥

**ਅਹਿਰਖ ਵਾਦੁ ਨ ਕੀਜੈ ਰੇ ਮਨ ॥ ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥੧॥ ਰਹਾਉ ॥**

ਹੇ ਮਨ! [ਅਹਿਰਖ= ਗੁੱਸਾ] ਖੁਸ਼ੀ [ਵਾਦੁ] ਗਮੀ ਨਾ ਕਰ, ਹੇ ਮਨ! [ਸੁਕ੍ਰਿਤ=ਸੁਕ੍ਰਿਤ] ਆਪਣੇ ਕੀਤੇ ਕਰਮਾਂ ਕਰਕੇ (ਹੀ ਧਨ ਪਦਾਰਥ) ਲਈਦਾ ਹੈ ॥੧॥ ਰਹਾਉ ॥

**ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥**

ਕੁਮ੍ਹਿਆਰ ਨੇ ਇਕ ਮਿੱਟੀ ਗੁੰਨ ਕੇ ਬਹੁਤ ਤਰ੍ਹਾਂ ਦੇ [ਬਾਨੀ] ਬਰਤਨਾਂ (ਭਾਂਡਿਆਂ) ਨੂੰ ਲਾਈ ਹੈ।

**ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ ॥੨॥**

ਕਿਸੇ ਨੂੰ (ਇਕ) ਮੋਤੀ ਤੇ ਕਿਸੇ ਨੂੰ ਮੋਤੀਆਂ ਦੀਆਂ ਲੜੀਆਂ (ਲਾਈਆਂ ਹਨ, ਅਤੇ) ਕਿਸੇ ਨੂੰ [ਬਿਆਧਿ] ਰੋਗ ਲਾ ਦਿਤੇ ਹਨ ॥੨॥

**ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ ॥**

ਸੂਮ ਨੂੰ ਦੌਲਤ ਸਾਂਭਨ ਲਈ ਦਿਤੀ ਹੈ, (ਪਰ ਉਹ) ਮੂਰਖ ਆਖਦਾ ਹੈ, (ਜੋ ਏਹ) ਧਨ ਮੇਰਾ ਹੈ।

**ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ ॥੩॥**

(ਜਦ) ਜਮਾਂ ਦਾ ਡੰਡਾ ਸਿਰ ਵਿਚ ਵਜੇਗਾ, (ਉਸੇ) ਖਿਨ ਵਿਚ ਹੀ ਫੈਸਲਾ ਹੋ ਜਾਵੇਗਾ, (ਕਿ ਏਹ ਧਨ ਕਿਸ ਦਾ ਹੈ)? ॥੩॥

**ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ ॥**

(ਉਹ) ਹਰੀ ਦੇ ਭਗਤ ਉੱਤਮ ਪੁਰਸ਼ ਕਹੇ ਜਾਂਦੇ ਹਨ, ਜੋ ਭਾਣਾ ਮੰਨਣ ਵਿਚ ਹੀ ਸੁਖ ਪਾਂਦੇ ਹਨ।

**ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ ॥੪॥**

ਜੋ ਉਸ (ਵਾਹਿਗੁਰੂ) ਨੂੰ ਭਾਉਂਦਾ ਹੈ, ਉਸ ਨੂੰ ਸਤ ਜਾਣਕੇ ਮੰਨਦੇ ਹਨ, ਅਤੇ ਭਾਣੇ ਨੂੰ ਹੀ ਮਨ ਵਿਚ ਵਸਾਂਦੇ ਹਨ ॥੪॥

SIKHBOOKCLUB.COM

**ਕਹੈ ਕਬੀਰੁ ਸੁਨਹੁ ਰੇ ਸੰਤਹੁ ਮੇਰੀ ਮੇਰੀ ਝੂਠੀ ॥**

ਕਬੀਰ ਜੀ ਆਖਦੇ ਹਨ, ਹੇ ਭਲੇ ਪੁਰਸ਼! ਸੁਣੋ, ਮੇਰੀ-ਮੇਰੀ (ਆਖਣਾ ਹੀ) ਝੂਠੀ (ਗੱਲ ਹੈ)।

**ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ ॥੫॥੩॥੧੬॥**

(ਜਦ) [ਚਿਰਗਟ] ਪਿੰਜਰੇ ਨੂੰ ਤੋੜਕੇ (ਜੀਵ) [ਚਟਾਰਾ] ਚਿੜੇ (ਨੂੰ ਫੜਕੇ ਜਮ ਰੂਪ ਬਿੱਲਾ) ਲੈ ਗਿਆ, ਤਦ [ਤਰੀ ਤਾਗਰੀ] ਖਾਣ ਪੀਣ ਦੇ ਪਦਾਰਥ (ਉਸੇ ਘੜੀ ਵਿਚ) ਛੁਟ ਜਾਣਗੇ ॥੫॥੩॥੧੬॥

**ਆਸਾ ॥**

**ਉਥਾਨਕਾ**—ਕਿਸੇ ਕਾਜ਼ੀ ਨੂੰ ਉਪਦੇਸ਼ ਹੈ :—

**ਹਮ ਮਸਕੀਨ ਖੁਦਾਈ ਬੰਦੇ ਤੁਮ ਰਾਜਸੁ ਮਨਿ ਭਾਵੈ ॥**

ਅਸੀਂ ਗਰੀਬ ਲੋਕ ਖੁਦਾ ਦੇ ਬੰਦੇ ਹਾਂ, ਤੇ ਤੁਹਾਡੇ ਮਨ ਨੂੰ ਰਾਜਸੀ ਕੰਮ ਚੰਗੇ ਲੱਗਦੇ ਹਨ।

**ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ ॥੧॥**

ਪਹਿਲਾਂ (ਏਹ ਸੋਚੋ ਕਿ) ਦੀਨ ਦਾ ਮਾਲਕ ਅਲਹ ਜੋਰ ਕਰਨ ਦਾ ਹੁਕਮ ਨਹੀਂ ਦੇਂਦਾ ॥੧॥

**ਕਾਜੀ ਬੋਲਿਆ ਬਨਿ ਨਹੀ ਆਵੈ ॥੧॥ ਰਹਾਉ ॥**

ਹੇ ਕਾਜ਼ੀ! ਤੇਰੇ ਨਾਲ ਤਾਂ ਗੱਲ ਕਰਨੀ ਹੀ ਨਹੀਂ ਬਣ ਆਉਂਦੀ। (ਕਿਉਂਕਿ ਤੂੰ) :—

**ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ ॥**

ਰੋਜਾ ਰਖਦਾ ਹੈਂ, ਨਿਮਾਜ਼ਾਂ ਗੁਜਾਰਦਾ ਹੈਂ, ਅਤੇ ਕਲਮਾਂ ਪੜ੍ਹਦਾ ਹੈਂ ਪਰ ਇਸ ਤਰ੍ਹਾਂ ਕਰਨ ਨਾਲ ਤਾਂ ਸਵਰਗ ਨਹੀਂ ਮਿਲ ਜਾਣਾ ।

**ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ ॥੨॥**

ਦਿਲ ਵਿਚ [ਸਤਰਿ] ਲੁਕਿਆ ਹੋਇਆ ਕਾਬਾ ਹੈ ਜੇਕਰ ਕੋਈ ਉਸ ਨੂੰ ਜਾਣ ਲਵੇ, ਤਦ ਸਵਰਗ ਵਿਚ ਜਾਣਾ ਹੋਵੇਗਾ ॥੨॥

**ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ ॥**

ਜੋ ਇਨਸਾਫ ਦਾ ਵਿਚਾਰ ਕਰਨਾ ਹੈ, ਓਹੀ ਨਿਮਾਜ਼ ਹੈ ਅਤੇ [ਅਕਲਹਿ] ਕਲਪਨ ਤੋਂ ਰਹਿਤ ਵਾਹਿਗੁਰੂ ਦਾ ਜਾਣਨਾ ਹੀ ਕਲਮਾ ਹੈ ।

**ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ ॥੩॥**

ਪੰਜਾਂ ਨੂੰ ਮਾਰਨਾ ਹੀ ਮੁਸੱਲਾ ਵਿਛਾਵੇ ਤਦ ਤਾਂ ਦੀਨ ਦੀ ਪਛਾਨ ਵਾਲਾ ਹੋਵੇਗਾ ॥੩॥

**ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ ॥**

ਖਸਮ ਦੀ ਪਛਾਨ ਕਰ, ਜੀਵਾਂ ਉਤੇ ਤਰਸ ਕਰ, [ਮਣੀ] ਹੰਕਾਰ ਨੂੰ ਫਿਕਿਆ ਜਾਣ ਕੇ ਮਾਰ ਦੇਹੁ।

**ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ ॥੪॥**

(ਜੇਹਾ ਆਪਣੇ) ਆਪ ਨੂੰ ਜਾਣਦਾ (ਹੈਂ, ਤੇਹਾ ਹੀ) ਹੋਰਨਾਂ ਨੂੰ ਜਾਣੇ, ਤਦ ਸੁਰਗ ਦਾ ਹਿੱਸੇਦਾਰ ਹੋਵੇਂਗਾ ॥੪॥

**ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ ॥**

ਮਿੱਟੀ ਇਕੋ ਹੈ, ਅਨੇਕਾਂ ਰੂਪ ਬਣੇ ਹੋਏ ਹਨ, ਉਸ ਵਿਚ (ਇਕੋ) ਵਿਆਪਕ ਦੀ ਪਛਾਨ ਕਰ ।

**ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ ॥੫॥੪॥੧੭॥**

ਕਬੀਰ ਜੀ ਆਖਦੇ ਹਨ, (ਹੇ ਕਾਜ਼ੀ ! ਤੂੰ) ਸੁਰਗ (ਜਾਨ ਦੇ ਕੰਮ) ਛੱਡਕੇ ਨਰਕਾਂ (ਵਿਚ ਜਾਨ ਦੇ ਕੰਮਾਂ) ਨਾਲ ਮਨ ਨੂੰ ਲਾਇਆ ਹੋਇਆ ਹੈ ॥੫॥੪॥੧੭॥

**ਆਸਾ ॥**

**ਉਥਾਨਕਾ**—ਕਬੀਰ ਜੀ ਦਾ ਇਕ ਪਰਮਹੰਸ ਮਿੱਤਰ ਸੀ, ਉਸਦੇ ਅੰਤ ਸਮੇਂ ਦੇ ਵੇਲੇ ਭਗਤ ਜੀ ਨੇ ਏਹ ਸ਼ਬਦ ਉਚਾਰਿਆ ਹੈ :—

**ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥**

(ਅੱਜ ਤਾਂ) [ਗਗਨ] ਦਸਮ ਦਵਾਰ ਨਗਰੀ ਵਿਚੋਂ ਇਕ ਬੂੰਦ ਭੀ ਨਹੀਂ ਡਿੱਗਦੀ, (ਉਹ) ਸ਼ਬਦ ਕਿਥੇ ਹੈ ? ਜੋ (ਇਸ ਦੇਹ ਵਿਚ) ਸਮਾਇਆ ਹੋਇਆ ਸੀ ।

**ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥**

ਹੇ ਪਰਮਹੰਸ! ਤੂੰ ਮਾਯਾ ਦੇ ਆਸਰੇ ਪ੍ਰਮੇਸ਼ਰ ਨੂੰ ਨਾਲ ਹੀ ਲੈ ਗਿਆ ਹੈ ? ॥੧॥

**ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥**

ਹੇ ਭਾਈ! ਉਹ ਬੋਲਣ ਵਾਲਾ ਕਿਧਰ ਗਿਆ ਜੋ ਦੇਹ ਦੇ ਸੰਗ ਵਿਚ ਰਹਿੰਦਾ ਸੀ ?

**ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥੧॥ ਰਹਾਉ ॥**

[ਸੁਰਤਿ= ਸਰੁਤਿ] ਵੇਦਾਂ ਵਿਚੋਂ ਜੋ ਨਿਰਣੇ ਕਰਕੇ ਕਥਾ ਵਾਰਤਾ ਕਹਿੰਦਾ ਹੁੰਦਾ ਸੀ ॥੧॥ ਰਹਾਉ ॥

**ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ ॥**

(ਬੀਣਾ) ਵਜਾਉਣ ਵਾਲਾ ਕਿਧਰ ਗਿਆ ? ਜਿਸ ਨੇ ਏਹ ਮਕਾਨ ਬਨਾਇਆ ਸੀ ।

**ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਹਾ ॥੨॥**

ਸਾਖੀ ਰੂਪ [ਸਬਦੁ] ਬ੍ਰਹਮ (ਜੀਵ) ਦੀ [ਸੁਰਤਿ] ਖਬਰ ਨਹੀਂ ਲਗਦੀ (ਜੋ ਕਿਥੇ ਗਿਆ ਹੈ, ਉਸਨੇ ਆਪਣਾ) ਸਾਰਾ ਤੇਜ ਖਿਚ ਲਿਆ ਹੈ ॥੨॥

**ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ ॥**

(ਹੇ ਪਰਮਹੰਸ! ਉਸ ਦੇ ਜਾਨ) ਨਾਲ ਤੇਰੇ ਕੰਨ ਭੀ ਬੰਦ ਹੋ ਗਏ ਹਨ ਅਤੇ ਇੰਦ੍ਰੀਆਂ ਦਾ ਜੋਰ ਭੀ ਰਹਿ ਗਿਆ ਹੈ ।

SIKHBOOKCLUB.COM

**ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ ॥੩॥**

ਪੈਰ (ਤੁਰਨੋਂ) ਰਹਿ ਗਏ ਹਨ, ਹੱਥ ਲਮਕ ਪਏ ਹਨ ਅਤੇ ਮੂੰਹੋਂ ਗੱਲ ਵੀ ਨਹੀਂ ਨਿਕਲਦੀ ॥੩॥

**ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ ॥**

(ਜੋ) ਆਪੋ ਆਪਣੇ (ਵਿਸ਼ਿਆਂ ਵੱਲ) ਦੌੜਦੇ ਸਨ, ਉਹ ਚੋਰਾਂ ਸਮਾਨ ਪੰਜੇ ਦੂਤ ਵੀ ਸਭ ਤਰ੍ਹਾਂ ਨਾਲ ਥੱਕ ਗਏ ਹਨ ।

**ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥੪॥**

[ਉਰੁ] (ਹਿਰਦੇ ਰੂਪ) ਜਗ੍ਹਾਂ ਦਾ ਮਨ [ਕੁੰਚਰ] ਹਾਥੀ ਭੀ ਥੱਕ ਗਿਆ (ਜਿਸ ਦੇ) ਤੇਜ ਤੇ (ਸੂਤੁ=ਮਰਯਾਦਾ ਨਾਲ ਧਰਤੀ ਤੇ ਫਿਰਿਆ ਜਾਂਦਾ) ਸੀ ॥੪॥

**ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ ॥**

(ਜਦੋਂ) ਮੁਰਦਾ ਹੋ ਗਏ (ਤਾਂ ਪ੍ਰਾਣਾਂ ਦੇ) ਦਸੇ ਬੰਧਨ ਛੁਟ ਜਾਂਦੇ ਹਨ, ਉਸ ਵੇਲੇ ਮਿਤ੍ਰ ਤੇ ਭਰਾ (ਆਦਿਕ) ਸਾਰੇ ਹੀ ਛੁੱਟ ਜਾਂਦੇ ਹਨ ।

**ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥੫॥੫॥੧੮॥**

ਕਬੀਰ ਜੀ ਆਖਦੇ ਹਨ, ਜੋ ਹਰਿ ਨਾਮ ਜਪਦਾ ਹੈ, ਉਹ ਜੀਊਂਦਾ ਹੀ ਬੰਧਨ ਤੋੜ ਦੇਂਦਾ ਹੈ (ਅਰਥਾਤ

ਮਰ ਕੇ ਤਾਂ ਸਭ ਦੇ ਟੁੱਟ ਜਾਂਦੇ ਹਨ, ਪਰ ਜੋ ਜੀਊਂਦਾ ਆਪ ਤੋੜਦਾ ਹੈ ਉਹ ਸਾਖੀ ਹੁੰਦਾ ਹੈ ॥੫॥੫॥੧੮॥

**ਆਸਾ ਇਕਤੁਕੇ ੪ ॥ ਸਰਪਨੀ ਤੇ ਊਪਰਿ ਨਹੀ ਬਲੀਆ ॥**
**ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥**

[ਸਰਪਨੀ*] ਮਾਇਆ ਤੋਂ ਵਡਾ ਕੋਈ ਬਲਵਾਨ ਨਹੀਂ ਹੈ ਜਿਸ ਬ੍ਰਹਮਾ. ਵਿਸ਼ਨੂੰ ਤੇ ਸ਼ਿਵ ਜੀ ਨੂੰ ਛਲ ਲਿਆ ਹੈ ॥੧॥

**ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥**

(ਜਗਤ ਨੂੰ) ਮਾਰਦੀ ਮਾਰਦੀ (ਹੁਣ) [ਨਿਰਮਲ ਜਲਿ] ਸੰਤਾਂ ਦੇ ਸੰਗ ਵਿਚ (ਭੀ ਜਾ ਪਹੁੰਚੀ ਹੈ)।

**ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥੧॥ ਰਹਾਉ ॥**

ਜਿਸ (ਸੱਪਨੀ) ਨੇ ਤਿੰਨਾਂ ਲੋਕਾਂ ਨੂੰ ਡੰਗਿਆ ਹੈ, ਗੁਰਾਂ ਦੀ ਕ੍ਰਿਪਾ (ਨਾਲ ਅਸਾਂ ਉਸ ਨੂੰ) ਵੇਖ ਲਿਆ ਹੈ ॥੧॥ ਰਹਾਉ ॥

**ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ ॥**

ਹੇ ਭਾਈ! ਸੱਪਨੀ ਸੱਪਨੀ ਕੀ ਆਖਦੇ ਹੋ ?

**ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ ॥੨॥**

ਜਿਸ ਨੇ ਸੱਚ (ਵਾਹਿਗੁਰੂ) ਪਛਾਣ ਲਿਆ ਹੈ, ਉਸਨੇ ਸੱਪਨੀ ਖਾ ਲਈ ਹੈ ॥੨॥

**ਸ੍ਰਪਨੀ ਤੇ ਆਨ ਛੂਛ ਨਹੀ ਅਵਰਾ ॥ ਸ੍ਰਪਨੀ ਜੀਤੀ ਕਹਾ ਕਰੈ ਜਮਰਾ ॥੩॥**

ਮਾਇਆ ਵਰਗਾ ਹੋਰ ਕੋਈ ਦੂਜਾ ਕਮਜ਼ੋਰ ਨਹੀਂ ਹੈ, ਜਦ ਮਾਇਆ ਜਿੱਤ ਲਈ ਤਾਂ ਫਿਰ ਜਮ ਕੀ ਕਰ ਸਕੇਗਾ ? ॥੩॥

**ਇਹ ਸ੍ਰਪਨੀ ਤਾ ਕੀ ਕੀਤੀ ਹੋਈ ॥ ਬਲੁ ਅਬਲੁ ਕਿਆ ਇਸ ਤੇ ਹੋਈ ॥੪॥**

ਇਹ ਸੱਪਨੀ ਉਸ (ਵਾਹਿਗੁਰੂ) ਦੀ ਕੀਤੀ ਹੋਈ ਹੈ, (ਇਹ ਤਾਂ) ਜ਼ੋਰ ਤੋਂ ਖਾਲੀ (ਹੈ, ਇਸ ਵਿਚ) ਜ਼ੋਰ (ਹੀ ਨਹੀਂ ਤਾਂ) ਇਸ ਤੋਂ ਹੋ ਹੀ ਕੀ ਸਕੇਗਾ ॥੪॥

**ਇਹ ਬਸਤੀ ਤਾ ਬਸਤ ਸਰੀਰਾ ॥ ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥੫॥੬॥੧੯॥**

(ਜਿੰਨਾ ਚਿਰ) ਇਹ (ਦਿਲ ਵਿਚ) ਵੱਸਦੀ ਹੈ, ਤਦ (ਤੋੜੀ ਜੀਵ) ਸਰੀਰਾਂ ਵਿਚ ਵੱਸਦਾ ਹੈ (ਮੈਂ) ਕਬੀਰ (ਤਾਂ) ਗੁਰਾਂ ਦੀ ਕ੍ਰਿਪਾ (ਨਾਲ) ਸਹਜ (ਪਦ) ਵਿਚ ਪਹੁੰਚ ਕੇ ਇਸ ਤੋਂ ਤਰ (ਗਿਆ ਹਾਂ) ॥੫॥੬॥੧੯॥

**ਆਸਾ ॥ ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ॥**
**ਕਹਾ ਸਾਕਤ ਪਹਿ ਹਰਿ ਗੁਨ ਗਾਏ ॥੧॥**

[ਸੁਆਨ] ਕੁਤੇ ਨੂੰ ਸਿਮ੍ਰਿਤੀਆਂ ਦੇ ਸੁਨਾਉਣ ਦਾ ਕੀ ਲਾਭ ਹੈ ? [ਸਾਕਤ] ਮਾਇਆ ਦੇ ਪਿਆਰੇ

---

*ਮਾਇਆ ਹੋਈ ਨਾਗਨੀ ਜਗਤ ਰਹੀ ਲਪਟਾਇ॥

Sri Satguru Jagjit Singh Ji eLibrary NamdhariElibrary@gmail.com

ਕੋਲ ਹਰੀ ਗੁਣ ਗਾਉਣ ਦਾ ਕੀ ਫਲ ਹੈ ? ॥੧॥

**ਰਾਮ ਰਾਮ ਰਾਮ ਰਮੇ ਰਮਿ ਰਹੀਐ ॥ ਸਾਕਤ ਸਿਉ ਭੂਲਿ ਨਹੀ ਕਹੀਐ ॥੧॥ ਰਹਾਉ ॥**

ਰਾਮ ਰਾਮ ਜਪਨ ਵਿਚ ਹੀ [ਰਮਿ] ਲੱਗੇ ਰਹਿਣਾ ਚਾਹੀਦਾ ਹੈ ਅਤੇ ਮਾਇਆ ਦੇ ਪਿਆਰੇ ਨੂੰ ਭੁਲ ਕੇ ਭੀ ਕੁਝ ਨਾ ਆਖੀਏ (ਕਿਉਂਕਿ ਉਸ ਨੇ ਕਿਹਾ ਨਹੀਂ ਮੰਨਣਾ ਸਗੋਂ ਮਖੌਲ ਕਰ ਕੇ ਹੋਰ ਭੀ ਗੁਨਾਹੀ ਹੋਵੇਗਾ)॥੧॥ ਰਹਾਉ ॥

**ਕਊਆ ਕਹਾ ਕਪੂਰ ਚਰਾਏ ॥ ਕਹ ਬਿਸੀਅਰ ਕਉ ਦੂਧੁ ਪੀਆਏ ॥੨॥**

ਕਾਂ ਨੂੰ ਕਪੂਰ ਖੁਆਏ ਦਾ ਕੀ ਗੁਣ ਹੈ ? ਅਤੇ [ਬਿਸੀਅਰ] ਸੱਪ ਨੂੰ ਦੁਧ ਪੀਆਏ ਦਾ ਕੀ ਗੁਣ ਹੋਣਾ ਹੈ ? ॥੨॥

**ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥**

ਸਤਿ ਸੰਗਤਿ (ਨਾਲ) ਮਿਲ ਕੇ (ਪੁਰਸ਼ ਦੀ) ਬੁਧਿ ਵਿਚ ਵਿਚਾਰ ਪੈਦਾ ਹੋ ਜਾਂਦੀ ਹੈ ਜਿਵੇਂ ਪਾਰਸ ਨਾਲ ਲੱਗ ਕੇ ਲੋਹਾ ਭੀ ਸੋਨਾ ਹੋ ਜਾਂਦਾ ਹੈ ॥੩॥ ਪਰ :—

**ਸਾਕਤੁ ਸੁਆਨੁ ਸਭੁ ਕਰੇ ਕਰਾਇਆ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥੪॥**

ਮਾਯਾਧਾਰੀ ਤਾਂ ਕੁੱਤੇ (ਵਾਂਗੂੰ) ਸਾਰੇ (ਕੰਮ ਮਨ ਦੇ) ਕਰਾਏ ਹੀ ਕਰਦਾ ਹੈ, (ਉਸ ਦੇ ਭੀ ਵਸ ਕੁਝ ਨਹੀਂ) ਜੋ ਧੁਰ ਤੋਂ ਲਿਖਿਆ (ਗਿਆ ਹੈ ਉਸਨੇ) ਓਹੀ ਕਰਮ ਕਮਾਇਆ ਹੈ ॥੪॥

**ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ ॥ ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥੫॥੭॥੨੦॥**

[ਅੰਮ੍ਰਿਤੁ] ਦੁਧ ਪਾ ਕੇ ਨਿੰਮ ਸਿੰਜਿਆ ਜਾਵੇ, ਕਬੀਰ ਜੀ ਆਖਦੇ ਹਨ, ਤਦ ਭੀ ਉਸ ਦਾ [ਸਹਜੁ] ਸੁਭਾ [ਕੌੜਾਪਨ] ਨਹੀਂ ਜਾਂਦਾ ॥੫॥੭॥੨੦॥

**ਆਸਾ ॥ ਲੰਕਾ ਸਾ ਕੋਟੁ ਸਮੁੰਦ ਸੀ ਖਾਈ ॥**
**ਤਿਹ ਰਾਵਨ ਘਰ ਖਬਰਿ ਨ ਪਾਈ ॥੧॥**

ਓਹ ਲੰਕਾ ਦਾ ਕਿਲ੍ਹਾ (ਜਿਸ ਦੀ) ਖਾਈ ਸਮੁੰਦਰ ਸੀ, ਉਸ ਦੇ (ਮਾਲਕ) ਰਾਵਨ ਦੇ ਘਰ (ਦੀ ਅੱਜ ਕਿਤੇ) ਖਬਰ ਭੀ ਨਹੀਂ ਮਿਲਦੀ ॥੧॥

**ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥**
**ਦੇਖਤ ਨੈਨ ਚਲਿਓ ਜਗੁ ਜਾਈ ॥੧॥ ਰਹਾਉ ॥**

ਕੀ ਮੰਗੀਏ ? ਕੁਝ ਭੀ ਸਦਾ ਨਹੀਂ ਰਹਿਣਾ, ਅੱਖੀਂ ਵੇਖਦਿਆਂ ਹੀ ਸਾਰਾ ਜਗਤ ਤੁਰਿਆ ਜਾਂਦਾ ਹੈ ॥੧॥ ਰਹਾਉ ॥

**ਇਕੁ ਲਖੁ ਪੂਤ ਸਵਾ ਲਖੁ ਨਾਤੀ ॥ ਤਿਹ ਰਾਵਨ ਘਰ ਦੀਆ ਨ ਬਾਤੀ ॥੨॥**

(ਜਿਸ ਦਾ) ਇਕ ਲੱਖ ਪੁਤਰ ਤੇ ਸਵਾ ਲੱਖ [ਨਾਤੀ] ਪੋਤਰਾ ਸੀ, ਉਸ ਰਾਵਣ ਦੇ ਘਰ (ਅੱਜ) ਦੀਵਾ ਵਟੀ ਭੀ ਨਹੀਂ (ਜਗਦੀ) ॥੨॥

Sri Satguru Jagjit Singh Ji eLibrary NamdhariElibrary@gmail.com

**ਚੰਦੁ ਸੂਰਜੁ ਜਾ ਕੇ ਤਪਤ ਰਸੋਈ ॥ ਬੈਸੰਤਰੁ ਜਾ ਕੇ ਕਪਰੇ ਧੋਈ ॥੩॥**

ਚੰਦ੍ਰਮਾ ਤੇ ਸੂਰਜ ਜਿਸ ਦੀ ਰੋਟੀ ਪਕਾਂਦੇ ਸਨ ਤੇ ਅੱਗ ਜਿਸ ਦੇ ਕਪੜੇ ਧੋਂਦੀ ਸੀ ॥੩॥

**ਗੁਰਮਤਿ ਰਾਮੈ ਨਾਮਿ ਬਸਾਈ ॥ ਅਸਥਿਰੁ ਰਹੈ ਨ ਕਤਹੂੰ ਜਾਈ ॥੪॥**

ਗੁਰਾਂ ਦੀ ਸਿਖਿਆ ਲੈ ਕੇ ਰਾਮ ਦੇ ਨਾਮ (ਨੂੰ ਜਿਸ ਨੇ ਮਨ ਵਿਚ) ਵਸਾਇਆ ਹੈ (ਉਹ ਸਦਾ ਹੀ) ਕਾਇਮ ਰਹਿੰਦਾ ਹੈ, ਕਿਤੇ ਭੀ ਨਹੀਂ ਜਾਂਦਾ ॥੪॥

**ਕਹਤ ਕਬੀਰ ਸੁਨਹੁ ਰੇ ਲੋਈ ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ॥੫॥੮॥੨੧॥**

ਕਬੀਰ ਜੀ ਆਖਦੇ ਹਨ, ਹੇ ਲੋਕੋ! ਸੁਣੋ, ਰਾਮ ਦਾ ਨਾਮ (ਜਪੇ ਤੋਂ) ਬਿਨਾਂ ਮੁਕਤੀ ਨਹੀਂ ਹੋਣੀ ॥੫॥੮॥੨੧॥

**ਆਸਾ ॥ ਪਹਿਲਾ ਪੂਤੁ ਪਿਛੈਰੀ ਮਾਈ ॥ ਗੁਰੁ ਲਾਗੋ ਚੇਲੇ ਕੀ ਪਾਈ ॥੧॥**

ਪਹਿਲਾਂ (ਤਾਂ ਜੀਵ) ਪਵਿਤ੍ਰ ਸੀ, ਮਗਰੋਂ (ਇਸ ਨੂੰ) ਮਾਇਆ (ਲਗ ਗਈ) ਤਾਂ ਜੀਵ ਰੂਪ) ਗੁਰੂ (ਮਨ) ਚੇਲੇ ਦੀ ਪੈਰੀਂ ਜਾ ਲੱਗਾ ॥੧॥

**ਏਕੁ ਅਚੰਭਉ ਸੁਨਹੁ ਤੁਮ੍ ਭਾਈ ॥ ਦੇਖਤ ਸਿੰਘੁ ਚਰਾਵਤ ਗਾਈ ॥੧॥ ਰਹਾਉ ॥**

ਹੇ ਭਾਈ! ਤੁਸੀਂ ਇਕ ਅਸਚਰਜ ਗੱਲ ਸੁਣੋ, ਅਸਾਂ ਸ਼ੇਰ ਨੂੰ ਗਊਆਂ ਚਰਾਂਦਾ ਵੇਖਿਆ ਹੈ (ਅਰਥਾਤ ਸੁਧ ਆਤਮਾ ਇੰਦ੍ਰੀਆਂ ਨੂੰ ਵਿਸ਼ਿਆਂ ਵਿਚ ਪ੍ਰੇਰਦਾ ਹੈ) ॥੧॥ ਰਹਾਉ ॥

SIKHBOOKCLUB.COM

**ਜਲ ਕੀ ਮਛੁਲੀ ਤਰਵਰਿ ਬਿਆਈ ॥ ਦੇਖਤ ਕੁਤਰਾ ਲੈ ਗਈ ਬਿਲਾਈ ॥੨॥**

(ਆਤਮਕ ਸੁਖ ਰੂਪ ਸਮੁੰਦਰ ਦੇ) ਪਾਣੀ ਦੀ (ਬੁਧੀ ਰੂਪ) ਮੱਛੀ (ਨੇ ਸੰਸਾਰ ਰੂਪ) ਦਰਖਤ (ਉਤੇ) [ਬਿਆਈ] ਬੱਚੇ ਦਿਤੇ ਹਨ। (ਸਾਡੇ) ਵੇਖਦਿਆਂ-ਵੇਖਦਿਆਂ ਹੀ (ਸੰਤੋਖ ਰੂਪ) ਕੁਤੇ (ਨੂੰ ਲੋਭ ਬ੍ਰਿਤੀ ਰੂਪ) ਬਿੱਲੀ ਚੁਕ ਕੇ ਲੈ ਗਈ ਹੈ ॥੨॥

**ਤਲੈ ਰੇ ਬੈਸਾ ਊਪਰਿ ਸੂਲਾ ॥ ਤਿਸ ਕੈ ਪੇਡਿ ਲਗੇ ਫਲ ਫੂਲਾ ॥੩॥**

(ਸੰਸਾਰ ਰੂਪ) ਦਰਖਤ ਦੀਆਂ 'ਬੈਸਾ' ਟਾਹਣੀਆਂ ਹੇਠਾਂ ਹਨ ਅਤੇ ਉਤੇ ਮੁੱਢ ਹੈ, ਉਹ ਦਰਖਤ ਦੇ ਨਾਲ (ਧਰਮ ਰੂਪ) ਫੁਲ (ਤੇ ਗਿਆਨ ਰੂਪੀ) ਫਲ ਲਗਾ ਹੋਇਆ ਹੈ ॥੩॥

**ਘੋਰੈ ਚਰਿ ਭੈਸ ਚਰਾਵਨ ਜਾਈ ॥ ਬਾਹਰਿ ਬੈਲੁ ਗੋਨਿ ਘਰਿ ਆਈ ॥੪॥**

(ਮਨ ਸੰਕਲਪਾਂ ਰੂਪ) ਘੋੜੇ ਉਤੇ ਚੜ੍ਹਕੇ (ਇੰਦ੍ਰੀਆਂ ਰੂਪ) ਮੱਝਾਂ (ਨੂੰ ਵਿਸ਼ਿਆਂ, ਰੂਪ ਘਾਹ) ਚਰਾਵਨ (ਵਾਸਤੇ) ਜਾਂਦਾ ਹੈ, (ਮਨ ਰੂਪ) ਬਲਦ (ਅਜੇ) ਬਾਹਰ (ਹੀ ਹੁੰਦਾ ਹੈ ਅਤੇ ਤ੍ਰਿਸ਼ਨਾ ਰੂਪ) ਗੂਨੀ (ਅੰਤਹਕਰਣ ਰੂਪ) ਘਰ (ਵ੍ਹਿਚ ਪਹਿਲੇ ਹੀ) ਆ ਜਾਂਦੀ ਹੈ ॥੪॥

**ਕਹਤ ਕਬੀਰ ਜੁ ਇਸ ਪਦ ਬੂਝੈ ॥ ਰਾਮ ਰਮਤ ਤਿਸੁ ਸਭੁ ਕਿਛੁ ਸੂਝੈ ॥੫॥੯॥੨੨॥**

**ਬਾਈਸ ਚਉਪਦੇ ਤਥਾ ਪੰਚਪਦੇ**

ਕਬੀਰ ਜੀ ਆਖਦੇ ਹਨ, ਜੇਹੜਾ ਇਸ ਪਦ ਨੂੰ ਵਿਚਾਰ ਲਵੇਗਾ ਉਸ ਨੂੰ ਰਾਮ ਨਾਮ [ਰਮਤ] ਜਪਦਿਆਂ

ਹੋਇਆਂ ਸਭ ਕੁਝ ਨਜ਼ਰ ਆ ਜਾਵੇਗਾ ॥੫॥੯॥੨੨॥ ਬਾਈਸ ਚਉਪਦੇ ਤਥਾ ਪੰਚਪਦੇ ।

## ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ਦੁਤੁਕੇ ੭ ਇਕਤੁਕਾ ੧

ੴ ਸਤਿਗੁਰ ਪ੍ਰਸਾਦਿ ॥

**ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ ॥**

ਜਿਸ ਨੇ (ਬੀਰਜ ਤੇ ਰਕਤ ਦੀ) ਬੂੰਦ ਤੋਂ ਸਰੀਰ ਬਣਾ ਕੇ ਅੱਗ ਦੇ ਕੁੰਡ ਵਿਚ ਰਖਿਆ ਹੈ ।

**ਦਸ ਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ ॥੧॥**

ਦਸ ਮਹੀਨੇ ਮਾਂ ਦੇ ਪੇਟ ਵਿਚ ਰਖਿਆ ਕੀਤੀ, ਫਿਰ (ਜਗਤ ਤੇ ਆਉਂਦਿਆਂ ਹੀ ਜੀਵ ਨੂੰ ਮਾਇਆ ਲੱਗ ਗਈ ॥੧॥

**ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ ॥**

ਹੇ ਬੰਦੇ ! ਲੋਭ ਵਿਚ ਲੱਗ ਕੇ ਤੂੰ ਰਤਨ (ਵਰਗੇ ਮਨੁੱਖ ਜਨਮ ਨੂੰ ਕਿਉਂ (ਵਿਅਰਥ) ਗਵਾ ਲਿਆ ਹੈ ?

**ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ ॥੧॥ ਰਹਾਉ ॥**

ਪਿਛਲੇ ਜਨਮਾਂ (ਦੇ ਸ਼ੁਭ ਕਰਮਾਂ ਦੇ ਫਲ ਨਾਲ ਮਿਲੀ ਹੋਈ) [ਕਰਮ ਭੂਮਿ] ਮਨੁੱਖ ਦੇਹ (ਵਿਚ ਤੂੰ ਨਾਮ ਜਪਨ ਰੂਪ) ਬੀਜ ਨਹੀਂ ਬੀਜਿਆ ॥੧॥ ਰਹਾਉ ॥

SIKHBOOKCLUB.COM

**ਬਾਰਿਕ ਤੇ ਬਿਰਧਿ ਭਇਆ ਹੋਨਾ ਸੋ ਹੋਇਆ ॥**

ਬਾਲ ਤੋਂ ਬੁੱਢਾ ਹੋ ਗਿਆ ਹੈਂ ਜੋ ਹੋਣਾ ਸੀ ਓਹੀ ਹੋ ਗਿਆ ਹੈ ।

**ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ ॥੨॥**

ਜਦੋਂ ਜਮਾਂ ਨੇ ਆ ਕੇ ਜੂੜੇ ਤੋਂ ਫੜਿਆ, ਉਦੋਂ ਰੋਣਾ ਕਿਸ ਲੇਖੇ ਹੋਊ ॥੨॥

**ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ ॥**

(ਤੂੰ) ਜੀਉਣ ਦੀ ਆਸ ਕਰਦਾ ਹੈਂ ਅਤੇ ਜਮ ਤੇਰੇ ਸਾਹ ਵੇਖਦਾ ਹੈ (ਕਿ ਜਦੋਂ ਪੂਰੇ ਹੋਣ ਤੇ ਮੈਂ ਇਸ ਨੂੰ ਚੁੱਕ ਲਵਾਂ) ।

**ਬਾਜੀਗਰੀ ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ ॥੩॥੧॥੨੩॥**

ਕਬੀਰ (ਜੀ ਆਖਦੇ ਹਨ) ਸੰਸਾਰ ਤਾਂ ਨਟ ਦੀ ਖੇਡ (ਵਰਗਾ ਹੈ ਹੇ ਬੰਦੇ ! ਇਸ ਵਿਚ ਨਾਮ) ਜਪਣ ਰੂਪ ਪਾਸਾ ਸੁਟ ॥੩॥੧॥੨੩॥

**ਆਸਾ ॥ ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ ਪਾਚਉ ਤਤ ਬਰਾਤੀ ॥**

ਸਰੀਰ ਨੂੰ [ਰੈਨੀ] ਰੰਗ ਦੀ ਮੱਟੀ (ਬਣਾ ਕੇ ਉਸ ਵਿਚ) ਮਨ ਨੂੰ ਰੰਗਿਆ ਹੈ, ਅਤੇ ਪੰਜਾਂ ਤੱਤਾਂ (ਦੀ ਰਹਿਤ ਧਾਰਨੀ ਹੀ) ਜਾਂਞੀ ਹਨ ।

**ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ ॥੧॥**

ਉਸ ਆਤਮਾ ਦੇ ਰੰਗ ਵਿਚ ਰੱਤੀ ਹੋਈ (ਮੈਂ) ਰਾਮਰਾਜੇ ਨਾਲ [ਭਾਵਰਿ] ਫੇਰੇ ਲਵਾਂਗੀ ॥੧॥

**ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥**

(ਹੇ ਸੰਤ ਰੂਪ) ਸੁਹਾਗਣਿ ਇਸਤ੍ਰੀਓ ! ਖ਼ੁਸ਼ੀ ਦੇ ਗੀਤ (ਤੁਸੀਂ) ਗਾਵੋ, (ਜੀ ! ਜ਼ਰੂਰ) ਗਾਵੋ ।

**ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥੧॥ ਰਹਾਉ ॥**

(ਕਿਉਂਕਿ) [ਰਾਜਾ] ਪ੍ਰਕਾਸ਼ ਰੂਪ ਪਤੀ ਜੀ ਮੇਰੇ ਘਰ ਆਏ ਹਨ ॥੧॥ ਰਹਾਉ ॥

**ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ ॥**

ਨਾਭੀ [ਕਮਲ] ਸਥਾਨ ਵਿਚ [ਬੇਦੀ] ਬਿਰਤੀ ਲਾ ਕੇ ਬ੍ਰਹਮ ਗਿਆਨ (ਦੀ ਪ੍ਰਾਪਤੀ ਲਈ ਨਾਮ) ਜਪਿਆ ਹੈ ।

**ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ ॥੨॥**

(ਇਸ ਤਰ੍ਹਾਂ) ਉਸ ਰਾਮ ਰਾਜੇ ਪਤੀ (ਨੂੰ ਮੈਂ) ਪਾਇਆ ਹੈ, (ਹੁਣ ਤਾਂ) ਮੇਰੇ [ਅਸ] ਵੱਡੇ ਭਾਗ ਹਨ ॥੨॥

**ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸ ਉਜਾਨਾਂ ॥**

ਦੇਵਤੇ, ਮਨੁੱਖ, ਮੁਨੀ ਤੇ ਭਗਤ ਜਨ (ਇਹ) ਤਮਾਸ਼ਾ (ਵੇਖਣ) ਆਏ (ਸਨ, ਅਤੇ) ਤੇਤੀ ਕ੍ਰੋੜ ਦੇਵਤੇ ਭੀ ਜਾਣਦੇ ਹਨ, (ਕਿ) :—

**ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ ॥੩॥੨॥੨੪॥**

ਕਬੀਰ ਜੀ ਆਖਦੇ ਹਨ, ਮੈਨੂੰ ਇਕ ਭਗਵਾਨ ਪੁਰਖ ਜੀ ਵਿਆਹ ਕੇ ਲੈ ਚੱਲੇ ਹਨ ॥੩॥੨॥੨੪॥

**ਆਸਾ ॥ ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ ॥**

(ਮੈਂ ਮਾਇਆ ਰੂਪ) ਸੱਸ ਦੀ ਦੁਖੀ (ਕੀਤੀ ਹੋਈ ਹਾਂ, ਪਹਿਲਾਂ ਨਿਰੰਕਾਰ ਰੂਪ) ਸੌਹਰੇ ਵੀ ਪਿਆਰੀ (ਸੀ, ਹੁਣ ਤਾਂ ਜਮ ਰੂਪ) ਜੇਠ ਦੇ ਨਾਮ ਤੋਂ ਡਰਦੀ ਹਾਂ ।

**ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ ॥੧॥**

(ਹੇ ਮੇਰੀ) ਸਖੀ ਸਹੇਲੀਓ ! (ਮੈਨੂੰ ਤ੍ਰਿਸ਼ਨਾ ਰੂਪ) ਨਿਨਾਣ ਨੇ ਫੜ ਲਿਆ ਹੈ, (ਮੈਂ ਤਾਂ ਵਿਵੇਕ ਰੂਪ) ਦੇਉਰ ਦੇ ਵਿਛੋੜੇ ਵਿਚ ਸੜ ਰਹੀ ਹਾਂ ॥੧॥

**ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ਕਿਨ ਬਿਧਿ ਰਹਨਿ ਰਹਉ ਰੇ ॥**

ਮੇਰੀ ਮੱਤ ਬੌਰੀ (ਹੋ ਗਈ ਹੈ, ਜੋ) ਮੈਂ ਰਾਮ ਨੂੰ ਭੁਲਾ ਦਿਤਾ ਹੈ, (ਮੇਰਾ) ਰਹਿਣਾ ਹੁਣ ਕਿਸ ਤਰ੍ਹਾਂ ਹੋਵੇਗਾ ?

**ਸੇਜੈ ਰਮਤੁ ਨੈਨ ਨਹੀ ਪੇਖਉ ਇਹੁ ਦੁਖੁ ਕਾ ਸਉ ਕਹਉ ਰੇ ॥੧॥ ਰਹਾਉ ॥**

(ਵਾਹਿਗੁਰੂ ਪਤੀ ਅੰਤਹਕਰਣ ਰੂਪ) ਸੇਜਾ ਪੁਰ ਵੱਸਦਾ ਹੈ, ਪਰ ਮੈਂ ਅੱਖੀਂ ਨਹੀਂ ਵੇਖ ਸਕਦੀ, ਏਹ ਦੁਖ ਫੋਲ ਕੇ ਕਿਸ ਨੂੰ ਸੁਣਾਵਾਂ ? ॥੧॥ ਰਹਾਉ ॥

**ਬਾਪੁ ਸਾਵਕਾ ਕਰੈ ਲਰਾਈ ਮਾਇਆ ਸਦ ਮਤਵਾਰੀ ॥**

(ਸਰੀਰ ਰੂਪ) [ਸਾਵਕਾ] ਮਤ੍ਰੇਆ ਪਿਉ ਹਰ ਵੇਲੇ ਲੜਾਈ ਕਰਦਾ ਹੈ ਅਤੇ (ਖੁਦਗਰਜੀ ਰੂਪ) (ਮਾਇਆ=ਮਈਆ) ਮਾਂ (ਨੇ ਮੈਨੂੰ ਹੰਕਾਰ ਵਿਚ) ਮਸਤ ਕਰ ਦਿੱਤਾ ਹੈ ।

**ਬਡੇ ਭਾਈ ਕੈ ਜਬ ਸੰਗਿ ਹੋਤੀ ਤਬ ਹਉ ਨਾਹ ਪਿਆਰੀ ॥੨॥**

ਜਦ ਗਿਆਨ ਰੂਪ ਵਡੇ ਭਰਾ ਦੇ ਨਾਲ ਹੁੰਦੀ ਸਾਂ, ਓਦੋਂ ਮੈਂ [ਨਾਹ] ਪਤੀ ਨੂੰ ਪਿਆਰੀ (ਲੱਗਦੀ ਸਾਂ) ॥੨॥

**ਕਹਤ ਕਬੀਰ ਪੰਚ ਕੋ ਝਗਰਾ ਝਗਰਤ ਜਨਮੁ ਗਵਾਇਆ ॥**

ਕਬੀਰ ਜੀ ਆਖਦੇ ਹਨ, (ਇਨ੍ਹਾਂ) ਪੰਜਾਂ ਨੇ ਝਗੜਾ ਕਰਦਿਆਂ ਹੀ ਜਨਮ ਗਵਾ ਦਿਤਾ ਹੈ ।

**ਝੂਠੀ ਮਾਇਆ ਸਭੁ ਜਗੁ ਬਾਧਿਆ ਮੈ ਰਾਮ ਰਮਤ ਸੁਖੁ ਪਾਇਆ ॥੩॥੩॥੨੫॥**

ਝੂਠੀ ਮਾਇਆ ਵਿਚ ਸਾਰਾ ਜਗਤ ਬੱਧਾ ਹੋਇਆ ਹੈ, ਮੈਂ ਤਾਂ ਰਾਮ ਨੂੰ ਜਪ ਕੇ ਹੀ (ਆਤਮ) ਸੁਖ ਪਾਇਆ ਹੈ ॥੩॥੩॥੨੫॥

**ਆਸਾ ॥**

SIKHBOOKCLUB.COM

*ਉਥਾਨਕਾ*—ਇਕੇਰਾਂ ਮੁਕੰਦਾ ਬ੍ਰਾਹਮਣ ਇਸ਼ਨਾਨ ਕਰਕੇ ਤੁਰਿਆ ਆਉਂਦਾ ਸੀ, ਅਗੋਂ ਕਬੀਰ ਮਿਲ ਪਿਆ। ਭਗਤ ਦਾ ਪ੍ਰਛਾਵਾਂ ਬ੍ਰਾਹਮਣ ਤੇ ਪਿਆ ਤਾਂ ਉਹਨੇ ਹੰਕਾਰ ਨਾਲ ਕਿਹਾ ਤੂੰ ਕਿੱਡਾ ਹਨੇਰ ਮਾਰਿਆ ਹੈ ਜੋ ਜਨੇਊ ਧਾਰੀ ਨੂੰ ਆਪਣਾ ਪ੍ਰਛਾਵਾਂ ਦੇ ਕੇ ਭ੍ਰਿਸ਼ਟ ਕਰ ਦਿਤਾ ਹੈ, ਉਸ ਨੂੰ ਸਮਝਾਉਣ ਲਈ ਭਗਤ ਜੀ ਨੇ ਇਹ ਸ਼ਬਦ ਉਚਾਰਿਆ—

**ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ ॥**

(ਹੇ ਪੰਡਤ ਜੀ ! ਜੇ) ਤੁਹਾਡੇ ਗਲ ਵਿਚ (ਸੂਤਰ ਦਾ) ਜੰਞੂ (ਪਿਆ ਹੈ, ਇਸੇ ਦਾ ਮਾਨ ਕਰਦੇ ਹੋ ਤਾਂ) ਸਾਡੇ ਘਰ ਵਿਚ ਭੀ ਸੂਤਰ ਹੈ, ਅਤੇ ਅਸੀਂ ਰੋਜ਼ ਤਾਣਾ ਤਣਦੇ ਹਾਂ ।

**ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ ॥੧॥**

ਤੁਸੀਂ ਤਾਂ ਵੇਦ ਤੇ ਗਾਯਤ੍ਰੀ ਪੜ੍ਹਦੇ ਹੋ ਅਤੇ ਸਾਡੇ ਹਿਰਦੇ ਵਿਚ ਗੋਬਿੰਦ (ਵਸਦਾ ਹੈ) ॥੧॥

**ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ ॥**

ਮੇਰੀ ਜੀਭ ਵਿਚ ਵਿਸ਼ਨੂੰ, ਅੱਖਾਂ ਵਿਚ ਨਾਰਾਇਣ ਅਤੇ ਦਿਲ ਵਿਚ ਗੋਬਿੰਦ ਵਸਦਾ ਹੈ।

**ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ ॥੧॥ ਰਹਾਉ ॥**

ਹੇ ਮੁਕੰਦੇ! ਜਦੋਂ ਮਹਾਰਾਜਾ ਦੇ ਦਰਬਾਰ (ਵਿਚ ਹਿਸਾਬ) ਪੁਛਿਆ ਜਾਵੇਗਾ, ਪਾਗਲਾ! ਓਦੋਂ ਕੀ ਕਹੇਂਗਾ ?॥੧॥ ਰਹਾਉ ॥

Sri Satguru Jagjit Singh Ji eLibrary NamdhariElibrary@gmail.com

**ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ ॥**

ਅਸੀਂ ਗਊਆਂ ਹਾਂ, ਤੁਸੀਂ ਸਾਡੇ ਮਾਲਕ ਗੁਆਲੇ ਹੋ, ਅਤੇ ਜਨਮ ਜਨਮ (ਵਿਚ ਹੀ ਸਾਡੇ) ਰਖਵਾਲੇ ਹੋ।

**ਕਬਹੂੰ ਨ ਪਾਰਿ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ ॥੨॥**

(ਪਰ ਸਾਨੂੰ) ਕਦੇ ਭੀ (ਸੰਸਾਰ ਸਮੁੰਦਰ ਤੋਂ) ਪਾਰ ਨਹੀਂ ਲੰਘਾਇਆ (ਤੁਸੀਂ) ਕਿਸ ਤਰ੍ਹਾਂ ਦੇ ਸਾਡੇ ਖਸਮ ਹੋ ॥੨॥

**ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ॥**

ਤੂੰ ਬ੍ਰਾਹਮਣ ਹੈਂ ਅਤੇ ਮੈਂ ਕਾਂਸ਼ੀ ਦਾ ਜੁਲਾਹਾ ਹਾਂ, ਮੇਰੇ ਗਿਆਨ ਨੂੰ ਤਾਂ ਸਮਝ।

**ਤੁਮ੍ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ ॥੩॥੪॥੨੬॥**

ਤੁਸੀਂ ਤਾਂ ਜਾ ਕੇ ਰਾਜੇ ਰਾਣਿਆਂ ਕੋਲੋਂ ਮੰਗਦੇ ਹੋ ਅਤੇ ਮੇਰਾ ਧਿਆਨ ਤਾਂ ਹਰੀ ਨਾਲ (ਲੱਗਾ ਹੋਇਆ ਹੈ) ॥੩॥੪॥੨੬॥

**ਆਸਾ॥ ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥**

ਜਗਤ ਦੇ ਜੀਵਨ (ਰੂਪ ਵਾਹਿਗੁਰੂ ਨੂੰ) ਅਜੇਹਾ (ਜਾਣਿਆਂ ਹੈ) ਜੇਹਾ ਸੁਪਨਾ ਅਤੇ ਸੁਪਨੇ ਵਰਗਾ ਜੋ ਜੀਵਣਾ ਹੈ।

SIKHBOOKCLUB.COM

**ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ ॥੧॥**

(ਉਸ ਨੂੰ) ਸੱਚਾ ਜਾਣ ਕੇ ਅਸਾਂ ਗੰਢ ਬੰਨ੍ਹੀ ਹੋਈ ਹੈ, ਅਤੇ ਪਰਮ ਖਜ਼ਾਨੇ (ਰੂਪ ਵਾਹਿਗੁਰੂ ਨੂੰ) ਛਡ ਦਿਤਾ ਹੈ ॥੧॥

**ਬਾਬਾ ਮਾਇਆ ਮੋਹ ਹਿਤੁ ਕੀਨ੍॥**

ਹੇ ਬਾਬਾ! ਮਾਇਆ ਦੇ ਮੋਹ ਨਾਲ ਪਿਆਰ ਲਾਇਆ ਹੋਇਆ ਹੈ।

**ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥੧॥ ਰਹਾਉ ॥**

ਜਿਸ (ਪਿਆਰ) ਨੇ ਗਿਆਨ ਰੂਪ ਰਤਨ (ਮੈਥੋਂ) ਖੋਹ ਲਿਆ ਹੈ ॥੧॥ ਰਹਾਉ॥

**ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ ॥**

(ਜਿਵੇਂ) ਅੱਖੀਂ ਵੇਖ ਕੇ ਪਤੰਗਾ ਫਸ ਜਾਂਦਾ ਹੈ, 'ਪਸ਼ੂ' ਮੂਰਖ ਅੱਗ ਵੱਲ ਵੇਖਦਾ ਹੀ ਨਹੀਂ ਹੈ।

**ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ ॥੨॥**

(ਇਵੇਂ ਹੀ) ਮੂਰਖ ਬੰਦਾ ਕਾਲ ਦੀ ਫਾਹੀ ਨੂੰ ਯਾਦ ਨਹੀਂ ਕਰਦਾ ਤੇ ਸੋਨੇ ਤੇ ਇਸਤ੍ਰੀ (ਦੇ ਮੋਹ ਵਿਚ ਲਗਾ (ਹੋਇਆ ਹੈ) ॥੨॥

**ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ ॥**

(ਹੇ ਭਾਈ!) ਵਿਕਾਰ ਛੱਡ ਕੇ, ਉਸ ਤਾਰਨ ਵਾਲੇ [ਤਰਨ] ਜਹਾਜ਼ (ਰੂਪ ਵਾਹਿਗੁਰੂ) ਦਾ ਵਿਚਾਰ ਕਰ।

**ਕਹਿ ਕਬੀਰ ਜਗਜੀਵਨੁ ਐਸਾ ਦੁਤੀਅ ਨਾਹੀ ਕੋਇ ॥੩॥੫॥੨੭॥**

ਕਬੀਰ ਜੀ ਆਖਦੇ ਹਨ, ਜਗਤ ਦਾ ਜੀਵਨ (ਰੂਪ ਵਾਹਿਗੁਰੂ) ਅਜੇਹਾ (ਹੈ, ਜਿਸ ਵਰਗਾ ਹੋਰ) ਕੋਈ ਦੂਜਾ ਨਹੀਂ ਹੈ ॥੩॥੫॥੨੭॥

**ਆਸਾ ॥ ਜਉ ਮੈ ਰੂਪ ਕੀਏ ਬਹੁਤੇਰੇ ਅਬ ਫੁਨਿ ਰੂਪੁ ਨ ਹੋਈ ॥**

ਜੇਕਰ (ਅੱਗੇ) ਮੈਂ ਬਹੁਤ ਤੇਰੇ ਸਾਂਗ ਕਰਦਾ (ਰਿਹਾ ਹਾਂ, ਪਰ) ਹੁਣ ਮੈਥੋਂ ਕੋਈ ਸਾਂਗ ਨਹੀਂ ਹੋ ਸਕਦਾ।

**ਤਾਗਾ ਤੰਤੁ ਸਾਜੁ ਸਭੁ ਥਾਕਾ ਰਾਮ ਨਾਮ ਬਸਿ ਹੋਈ ॥੧॥**

(ਕਿਉਂਕਿ ਉਹ) ਸਾਰਾ ਠਾਠ ਤਾਗੇ ਤੰਦ ਰਹਿ ਗਏ ਹਨ, ਅਤੇ ਰਾਮ ਦਾ ਨਾਮ (ਜਪਕੇ) ਬਸ ਹੋ ਗਈ ਹੈ ॥੧॥

**ਅਬ ਮੋਹਿ ਨਾਚਨੋ ਨ ਆਵੈ ॥ ਮੇਰਾ ਮਨੁ ਮੰਦਰੀਆ ਨ ਬਜਾਵੈ ॥੧॥ ਰਹਾਉ ॥**

ਹੁਣ ਮੈਨੂੰ ਨੱਚਨ (ਦਾ ਵਲ) ਨਹੀਂ ਆਉਂਦਾ, (ਕਿਉਂਕਿ) ਮੇਰਾ ਮਨ (ਸੰਕਲਪ ਵਿਕਲਪ ਰੂਪ) [ਮੰਦਰੀਆ] ਢੋਲਕ ਨਹੀਂ ਵਜਾਂਦਾ ॥੧॥ ਰਹਾਉ ॥

**ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ ॥**

ਕਾਮ ਕ੍ਰੋਧ ਤੇ ਮਾਇਆ ਸਾੜ ਸੁੱਟੀ ਹੈ, ਤ੍ਰਿਸ਼ਨਾ ਦਾ ਭਾਂਡਾ ਟੁੱਟ ਗਿਆ ਹੈ।

**ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ ॥੨॥**

ਵਾਸ਼ਨਾ ਦਾ ਚੋਲਾ ਪੁਰਾਨਾ ਹੋ ਗਿਆ ਹੈ, (ਇਸ ਲਈ) ਸਾਰਾ ਭਰਮ ਵੀ ਮਿਟ ਗਿਆ ਹੈ ॥੨॥

**ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ ॥**

ਸਾਰੇ [ਭੂਤ] ਜੀਵਾਂ ਨੂੰ ਇਕੋ ਜੇਹਾ ਕਰਕੇ ਜਾਨਿਆਂ ਹੈ, (ਤਦੇ ਹੀ ਸਾਰੇ) ਝਗੜੇ ਤੇ ਬਖੇੜੇ ਮਿਟ ਗਏ ਹਨ।

**ਕਹਿ ਕਬੀਰ ਮੈ ਪੂਰਾ ਪਾਇਆ ਭਏ ਰਾਮ ਪਰਸਾਦਾ ॥੩॥੬॥੨੮॥**

ਕਬੀਰ ਜੀ ਆਖਦੇ ਹਨ, ਰਾਮ ਦੀ ਕ੍ਰਿਪਾ ਹੋ ਗਈ ਹੈ, (ਜਿਸ ਕਰਕੇ) ਮੈਂ ਪੂਰਨ ਪਦ ਪਾ ਲਿਆ ਹੈ ॥੩॥੬॥੨੮॥

**ਆਸਾ ॥**

*ਉਥਾਨਕਾ*—ਕਿਸੇ ਕਾਜ਼ੀ ਨੂੰ ਉਪਦੇਸ਼ ਦੇਂਦੇ ਹਨ।

**ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥**

ਖੁਦਾ ਨੂੰ [ਮਨਾਵੈ] ਖੁਸ਼ ਕਰਨ ਲਈ ਰੋਜ਼ੇ ਰਖਦਾ ਹੈ, ਅਤੇ (ਜੀਭ ਦੇ) [ਸੁਆਦਤਿ= ਸੁਆਦ ਹਿਤ] ਸਵਾਦ ਵਾਸਤੇ ਜੀਵ ਮਾਰਦਾ ਹੈ।

**ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ ॥੧॥**

ਆਪਣਾ ਸੁਖ ਵੇਖਦਾ ਹੈਂ, ਹੋਰਨਾਂ ਵਲ ਨਹੀਂ ਵੇਖਦਾ, ਕਾਸ ਨੂੰ ਝਖਾਂ ਮਾਰਦਾ ਹੈਂ ॥੧॥

**ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ ॥**

ਹੇ ਕਾਜੀ ! ਇਕ ਤੇਰੇ ਵਿਚ ਹੀ ਮਾਲਕ (ਵਸਦਾ ਹੈ ? ਅਤੇ) ਤੇਰਾ (ਮੁਲ ਲਿਆ ਹੋਇਆ ਹੈ ? ਤੂੰ) ਸੋਚ ਵਿਚਾਰ ਕੇ ਨਹੀਂ ਵੇਖਦਾ ਸੋ ਮਾਲਕ ਸਭਨਾਂ ਵਿਚ ਵੱਸਦਾ ਹੈ)।

**ਖਬਰਿ ਨ ਕਰਹਿ ਦੀਨ ਕੇ ਬਉਰੇ ਤਾ ਤੇ ਜਨਮੁ ਅਲੇਖੈ ॥੧॥ ਰਹਾਉ ॥**

ਹੇ ਪਾਗਲ ! ਤੂੰ ਦੀਨ ਦੀ ਖਬਰ ਨਹੀਂ ਜਾਣਦਾ, ਇਸ ਲਈ (ਤੇਰਾ) ਜਨਮ ਵਿਅਰਥ ਜਾ ਰਿਹਾ ਹੈ ॥੧॥ ਰਹਾਉ ॥

**ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ ॥**

ਕਤੇਬਾਂ ਸੱਚ ਆਖਦੀਆਂ ਹਨ, ਜੋ ਅੱਲਾ (ਤੋਂ ਖਾਲੀ) ਕੋਈ ਭੀ ਇਸਤਰੀ ਪੁਰਸ਼ ਨਹੀਂ ਹਨ।

**ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ ॥੨॥**

ਹੇ ਬੌਰੇ ! ਜੋ ਦਿਲ (ਵਿਚ ਤੈਨੂੰ ਇਸ ਗੱਲ ਦੀ) ਖਬਰ ਨਹੀਂ ਹੋਈ (ਤਾਂ ਕਿਤਾਬਾਂ) ਪੜ੍ਹਨ ਤੇ ਵਿਚਾਰਨ ਦਾ ਕੁਝ ਭੀ (ਫਲ) ਨਹੀਂ ਹੋਣਾ ॥੨॥

**ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥**

(ਇਹ ਗੱਲ) ਦਿਲ ਵਿਚ ਵਿਚਾਰ ਲਵੋ, ਕਿ ਰੱਬ ਸਾਰਿਆਂ ਦੇ ਦਿਲ ਵਿਚ [ਗੈਬੁ] ਲੁਕ ਕੇ (ਬੈਠਾ ਹੈ)।

**ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥੩॥੭॥੨੯॥**

ਕਬੀਰ ਤਾਂ ਪੁਕਾਰ ਕੇ ਆਖਦਾ ਹੈ ਜੋ ਹਿੰਦੂ ਤੇ ਮੁਸਲਮਾਨ ਦੋਹਾਂ ਵਿਚ ਇਕੋ (ਹੀ ਰੱਬ ਵੱਸਦਾ ਹੈ) ॥੩॥੭॥੨੯॥

**ਆਸਾ ॥ ਤਿਪਦਾ ॥ ਇਕਤੁਕਾ ॥**

**ਕੀਓ ਸਿੰਗਾਰੁ ਮਿਲਨ ਕੇ ਤਾਈ ॥ ਹਰਿ ਨ ਮਿਲੇ ਜਗਜੀਵਨ ਗੁਸਾਈ ॥੧॥**

(ਵਾਹਿਗੁਰੂ ਨੂੰ) ਮਿਲਣ ਦੇ ਵਾਸਤੇ ਸ਼ਿੰਗਾਰ ਤਾਂ ਕੀਤਾ (ਸੀ; ਪਰ) ਜਗਤ ਦੇ ਜੀਵਨ ਰੂਪ ਹਰੀ ਮਾਲਕ ਜੀ ਨਾ ਮਿਲੇ ॥੧॥

**ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥**

ਹਰੀ ਮੇਰਾ ਪਤੀ ਹੈ ਅਤੇ ਮੈਂ ਹਰੀ ਜੀ ਦੀ ਇਸਤਰੀ ਹਾਂ।

**ਰਾਮ ਬਡੇ ਮੈ ਤਨਕ ਲਹੁਰੀਆ ॥੧॥ ਰਹਾਉ ॥**

ਰਾਮ ਜੀ ਵੱਡੇ (ਹਨ ਅਤੇ) ਮੈਂ [ਤਨਕ] ਬਹੁਤ [ਲਹੁਰੀਆ] ਛੋਟੀ ਤਾਂ (ਅਰਥਾਤ ਮੈਂ ਭੁੱਲਾਂ ਕਰਨ

ਵਾਲੀ ਅਜੇ ਅੱਲ੍ਹੜ ਤੀਵੀਂ ਸਾਂ) ॥੧॥ ਰਹਾਉ ॥

**ਧਨ ਪਿਰ ਏਕੈ ਸੰਗਿ ਬਸੇਰਾ ॥ ਸੇਜ ਏਕ ਪੈ ਮਿਲਨੁ ਦੁਹੇਰਾ ॥੨॥**

(ਮੈਂ) ਇਸਤ੍ਰੀ ਤੇ (ਰਾਮ) ਪਤੀ ਦਾ ਵਸੇਬਾ ਤਾਂ ਇਕੋ ਜਗ੍ਹਾ (ਅੰਤਹਕਰਨ) ਵਿਚ ਹੈ, ਅਤੇ ਸੇਜਾ ਭੀ ਇਕੋ ਹੈ, ਪਰ ਮਿਲਣਾ [ਦੁਹੇਰਾ] ਔਖਾ ਹੈ ॥੨॥

**ਧੰਨਿ ਸੁਹਾਗਨਿ ਜੋ ਪੀਅ ਭਾਵੈ ॥ ਕਹਿ ਕਬੀਰ ਫਿਰਿ ਜਨਮਿ ਨ ਆਵੈ ॥੩॥੮॥੩੦॥**

(ਉਹ) ਸੁਹਾਗਣੀ ਧੰਨ ਹੈ, ਜੋ ਪਤੀ ਨੂੰ ਚੰਗੀ ਲੱਗੀ ਹੈ, ਕਬੀਰ ਜੀ ਆਖਦੇ ਹਨ, (ਉਹ) ਮੁੜ ਜਨਮ (ਮਰਨ ਵਿਚ) ਨਹੀਂ ਆਵੇਗੀ ॥੩॥੮॥੩੦॥

***ਆਸਾ ਸ੍ਰੀ ਕਬੀਰ ਜੀਉ ਕੇ ਦੁਪਦੇ ੴ ਸਤਿਗੁਰ ਪ੍ਰਸਾਦਿ ॥***

**ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ ॥**

(ਗੁਰਾਂ ਦੇ ਉਪਦੇਸ਼ ਰੂਪ) ਹੀਰੇ ਨੇ (ਆਤਮਾ ਰੂਪ) ਹੀਰਾ ਵਿੰਨ੍ਹਿਆਂ, (ਤਾਂ) ਹਵਾ (ਵਰਗਾ ਚੰਚਲ) ਮਨ [ਸਹਜੇ] ਗਿਆਨ ਵਿਚ ਸਮਾਈ ਕਰ ਗਿਆ।

**ਸਗਲ ਜੋਤਿ ਇਨਿ ਹੀਰੈ ਬੇਧੀ ਸਤਿਗੁਰ ਬਚਨੀ ਮੈ ਪਾਈ ॥੧॥**

ਸਾਰੀਆਂ [ਜੋਤਿ] ਰੂਹਾਂ ਇਸ (ਪਰਮਾਤਮਾ ਰੂਪ) ਹੀਰੇ ਵਿਚ [ਬੇਧੀ] ਮਿਲੀਆਂ ਹੋਈਆਂ ਹਨ ਸਤਿਗੁਰਾਂ ਦੇ ਬਚਨ (ਮੰਨ ਕੇ) ਮੈਂ (ਉਸ ਹੀਰੇ ਨੂੰ) ਪਾ ਲਿਆ ਹੈ ॥੧॥

**ਹਰਿ ਕੀ ਕਥਾ ਅਨਾਹਦ ਬਾਨੀ ॥ ਹੰਸੁ ਹੁਇ ਹੀਰਾ ਲੇਇ ਪਛਾਨੀ ॥੧॥ ਰਹਾਉ ॥**

ਹਰੀ ਦੀ ਕਥਾ ਦੀ ਬਾਣੀ [ਅਨਾਹਦ] ਬੇਅੰਤ ਹੈ, (ਜੋ) [ਹੰਸੁ] ਸੱਚ ਝੂਠ ਦੀ ਵਿਚਾਰ ਵਾਲਾ ਹੋਵੇਗਾ, (ਉਹ ਪਰਮਾਤਮਾ ਰੂਪ) ਹੀਰੇ ਨੂੰ ਪਛਾਨ ਲਵੇਗਾ ॥੧॥ ਰਹਾਉ ॥

**ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹ ਰਹਾ ਸਮਾਈ ॥**

ਕਬੀਰ ਜੀ ਆਖਦੇ ਹਨ, ਮੈਂ ਅਜੇਹਾ ਹੀਰਾ ਵੇਖਿਆ ਹੈ, (ਜੋ ਸਾਰੇ) ਜਗਤ ਵਿਚ ਸਮਾ ਰਿਹਾ ਹੈ।

**ਗੁਪਤਾ ਹੀਰਾ ਪ੍ਰਗਟ ਭਇਓ ਜਬ ਗੁਰ ਗਮ ਦੀਆ ਦਿਖਾਈ ॥੨॥੧॥੩੧॥**

ਜਦ ਗੁਰਾਂ ਨੂੰ [ਗਮ] ਮਿਲਿਆ (ਤਾਂ ਉਨ੍ਹਾਂ ਨੇ) ਵਿਖਾ ਦਿਤਾ (ਹੁਣ ਤਾਂ ਮੈਨੂੰ) ਲੁਕਿਆ ਹੋਇਆ ਹੀਰਾ ਪ੍ਰਗਟ ਹੋ ਗਿਆ ਹੈ ॥੨॥੧॥੩੧॥

**ਆਸਾ ॥**

*ਉਥਾਨਕਾ*—ਕਬੀਰ ਜੀ ਨੇ ਸੰਸਾਰਕ ਤੋਂ ਪ੍ਰਮਾਰਥਕ ਬੁਧੀ ਨੂੰ ਦੋ ਵਹੁਟੀਆਂ ਆਖਕੇ ਸੰਸਾਰਕ ਬੁਧੀ ਨੂੰ ਪਹਿਲੀ ਘਰ ਵਾਲੀ ਤੇ ਪ੍ਰਮਾਰਥਕ ਬੁਧੀ ਨੂੰ ਹੁਣ ਦੀ ਘਰ ਵਾਲੀ ਸਮਝ ਕੇ ਉਪਦੇਸ਼ ਰੂਪ ਸ਼ਬਦ ਉਚਾਰਿਆ ਹੈ—

**ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ ॥**

(ਮੇਰੀ) ਪਹਿਲੀ (ਵਹੁਟੀ) ਕੋਝੀ, ਕਮਜਾਤਿ ਤੇ ਭੈੜੇ ਲਛਨਾਂ ਵਾਲੀ [ਸਾਹੁਰੈ] ਪ੍ਰਲੋਕ ਤੇ [ਪੇਈਐ]

Sri Satguru Jagjit Singh Ji eLibrary NamdhariElibrary@gmail.com

ਲੋਕ ਵਿਚ ਦੁਖ ਵਾਲੀ ਸੀ ।

**ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ ॥੧॥**

(ਮੇਰੀ) ਹੁਣ ਦੀ (ਵਹੁਟੀ) ਸੋਹਣੇ ਰੂਪ ਵਾਲੀ, ਚਤਰ ਚੰਗੇ ਲਛਨਾਂ ਵਾਲੀ ਹੈ, ਜੋ ਮੈਂ ਸਹਜੇ ਹੀ [ਉਦਰਿ ਧਰੀ] ਛਾਤੀ ਨਾਲ ਲਾਈ ਹੋਈ ਹੈ ॥੧॥

**ਭਲੀ ਸਰੀ ਮੁਈ ਮੇਰੀ ਪਹਿਲੀ ਬਰੀ ॥**

**ਜੁਗੁ ਜੁਗੁ ਜੀਵਉ ਮੇਰੀ ਅਬ ਕੀ ਧਰੀ ॥੧॥ ਰਹਾਉ ॥**

ਚੰਗਾ ਹੋਇਆ ਜੋ ਮੇਰੀ ਪਹਿਲੀ [ਬਰੀ] ਵਿਆਹੀ ਹੋਈ ਮਰ ਗਈ ਹੈ, ਮੇਰੀ ਹੁਣ ਦੀ ਵਿਆਹੀ ਹੋਈ ਜੁਗਾਂ ਤਕ ਜੀਊਂਦੀ ਰਹੇ ॥੧॥ ਰਹਾਉ ॥

**ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ ॥**

ਕਬੀਰ ਜੀ ਆਖਦੇ ਹਨ, ਜਦ (ਤੋਂ ਮੇਰੀ) [ਲਹੁਰੀ] ਛੋਟੀ (ਵਹੁਟੀ) ਆਈ (ਹੈ, ਤਦ ਤੋਂ) ਵੱਡੀ ਦਾ ਸੁਹਾਗ ਹੀ ਟਲ ਗਿਆ ਹੈ ।

**ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ ॥੨॥੨॥੩੨॥**

ਹੁਣ ਛੋਟੀ ਮੇਰੇ ਨਾਲ ਹੋ ਗਈ ਹੈ, ਤੇ [ਜੇਠੀ] ਵੱਡੀ ਨੇ ਹੋਰ ਨੂੰ ਕਰ ਲਿਆ ਹੈ ॥੨॥੨॥੩੨॥

**ਆਸਾ ॥**

SIKHBOOKCLUB.COM

ਉਥਾਨਕਾ—ਕਬੀਰ ਜੀ ਦੀ ਮਾਂ ਦੇ ਕਥਨ ਦਾ ਅਨੁਵਾਦ ਪਹਿਲੀਆਂ ਚਾਰ ਤੁਕਾਂ ਵਿਚ ਹੈ, ਅਤੇ ਅੰਤਲੀਆਂ ਦੋ ਤੁਕਾਂ ਵਿਚ ਕਬੀਰ ਜੀ ਦਾ ਮਾਂ ਤਾਈਂ ਉਪਦੇਸ਼ ਹੈ—

**ਮੇਰੀ ਬਹੁਰੀਆ ਕੋ ਧਨੀਆ ਨਾਉ ॥**

**ਲੇ ਰਾਖਿਓ ਰਾਮ ਜਨੀਆ ਨਾਉ ॥੧॥**

ਮੇਰੀ ਬਹੂ ਦਾ ਨਾਮ ਤਾਂ ਧਨਦੇਈ ਹੈ[1] (ਸੀ, ਪਰ ਇਨ੍ਹਾਂ ਸਾਧਾਂ ਨੇ ਉਸ ਦਾ) ਨਾਉਂ ਰਾਮਜਨੀ[2] ਰਖ ਲਿਆ ਹੈ ॥੧॥

**ਇਨ੍ਹ ਮੁੰਡੀਅਨ ਮੇਰਾ ਘਰੁ ਧੁੰਧਰਾਵਾ ॥ ਬਿਟਵਹਿ ਰਾਮ ਰਮਊਆ ਲਾਵਾ ॥੧॥ ਰਹਾਉ ॥**

ਇਨ੍ਹਾਂ [ਮੁੰਡੀਅਨ] ਸਾਧਾਂ ਨੇ ਮੇਰਾ ਘਰ [ਧੁੰਧਰਾਵਾ] ਮਿੱਟੀ ਵਿਚ ਮਿਲਾ ਦਿੱਤਾ ਹੈ, (ਕਿਉਂਕਿ ਮੇਰੇ) [ਬਿਟਵਹਿ] ਬੇਟੇ (ਕਬੀਰ) ਨੂੰ ਰਾਮ [ਰਮਊਆ] ਸਿਮਰਨ ਵਿਚ ਲਾ ਦਿੱਤਾ ॥੧॥ ਰਹਾਉ ॥

---

੧. *ਲੋਈ ਦਾ ਪੇਕਾ ਨਾਮ 'ਧਨ ਦੇਈ' ਸੀ।*

੨. *ਰਾਮ ਦੀ ਜਨ, ਭਗਤ ਇਸਤਰੀ। ੨. ਪੂਰਬ ਵਿਚ ਠਾਕਰਾਂ ਨਾਲ ਵਿਆਹੀਆਂ ਹੋਈਆਂ ਮੰਦਰਾਂ ਵਿਚ ਰਹਿੰਦੀਆਂ ਇਸਤ੍ਰੀਆਂ ਨੂੰ ਭੀ ਰਾਮਜਨੀਆਂ ਕਹਿੰਦੇ ਹਨ, ਇਹ ਇਸਤ੍ਰੀਆਂ ਵੀ ਵੇਸਵਾ ਦਾ ਹੀ ਕੰਮ ਕਰਦੀਆਂ ਹਨ, ਸਾਧੂ ਤਾਂ ਕਬੀਰ ਦੀ ਇਸਤ੍ਰੀ ਨੂੰ 'ਭਗਤ ਇਸਤ੍ਰੀ' ਕਹਿ ਕੇ ਬੁਲਾਂਦੇ ਸਨ, ਪਰ ਕਬੀਰ ਜੀ ਦੀ ਮਾਂ ਰਾਮਜਨੀਆਂ ਦਾ 'ਵੇਸਵਾ' ਅਰਥ ਸਮਝ ਕੇ ਦੁਖੀ ਹੁੰਦੀ ਸੀ।*

**ਕਹਤੁ ਕਬੀਰ ਸੁਨਹੁ ਮੇਰੀ ਮਾਈ ॥ ਇਨ੍ ਮੁੰਡੀਅਨ ਮੇਰੀ ਜਾਤਿ ਗਵਾਈ ॥੨॥੩॥੩੩॥**

ਕਬੀਰ ਜੀ ਆਖਦੇ ਹਨ, ਹੇ ਮੇਰੀ ਮਾਂ! ਸੁਣ, ਇਨ੍ਹਾਂ ਸਾਧਾਂ ਨੇ ਤਾਂ ਮੇਰੀ ਜਾਤਿ ਹੀ ਗਵਾ ਦਿਤੀ ਹੈ, (ਅਰਥਾਤ ਮੇਰੀ ਜਾਤਿ ਜੁਲਾਹਾ ਸੀ ਇਨ੍ਹਾਂ ਨੇ ਭਗਤ ਨਾਮ ਰਖਾ ਦਿੱਤਾ ਹੈ, ਤੂੰ ਕਹਿੰਦੀ ਹੈਂ ਮੇਰਾ ਘਰ ਮਿੱਟੀ ਵਿਚ ਮਿਲਾ ਦਿੱਤਾ ਹੈ, ਸਗੋਂ ਮੇਰਾ ਘਰ ਤਾਂ ਸੁਰਗ ਬਣਾ ਦਿੱਤਾ ਹੈ) ॥੨॥੩॥੩੩॥

### ਆਸਾ ॥

*ਉਥਾਨਕਾ*—ਕਮਾਲੇ ਦੀ ਵਹੁਟੀ ਨੇ ਘੁੰਡ ਕੱਢਿਆ ਤਾਂ ਕਬੀਰ ਜੀ ਨੇ ਉਸ ਨੂੰ ਉਪਦੇਸ਼ ਦੇਣ ਲਈ ਏਹ ਸ਼ਬਦ ਉਚਾਰਿਆ :—

**ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ ॥**
**ਅੰਤ ਕੀ ਬਾਰ ਲਹੈਗੀ ਨ ਆਢੈ ॥੧॥ ਰਹਾਉ ॥**

ਹੇ ਬਹੂ! ਬੱਸ ਕਰ, ਬੱਸ ਕਰ, ਘੁੰਡ [ਜਿਨਿ] ਨਾ ਕੱਢ, ਅੰਤ ਵੇਲੇ (ਇਸ ਦਾ ਮੁਲ) [ਕਾਢੈ] ਕੌਡੀ ਵੀ ਨਹੀਂ ਮਿਲਣਾ ॥੧॥ ਰਹਾਉ ॥

**ਘੂੰਘਟੁ ਕਾਢਿ ਗਈ ਤੇਰੀ ਆਗੈ ॥ ਉਨ ਕੀ ਗੈਲਿ ਤੋਹਿ ਜਿਨਿ ਲਾਗੈ ॥੧॥**

ਘੁੰਡ ਕੱਢਣ ਵਾਲੀਆਂ ਤੇਰੀਆਂ (ਭੈਣਾਂ) ਅਗੇ (ਬਹੁਤ ਹੋ) ਗਈਆਂ ਹਨ, ਉਨ੍ਹਾਂ ਦੇ [ਗੈਲਿ] ਪਿੱਛੇ ਤੂੰ ਨਾ ਲੱਗੀ ਜਾਹ ॥੧॥

**ਘੂੰਘਟ ਕਾਢੇ ਕੀ ਇਹੈ ਬਡਾਈ ॥ ਦਿਨ ਦਸ ਪਾਂਚ ਬਹੂ ਭਲੇ ਆਈ ॥੨॥**

ਘੁੰਡ ਕੱਢਣ ਦੀ ਇਹੋ ਵਡਿਆਈ (ਹੋਵੇਗੀ, ਜੋ) ਪੰਜ ਦਸ ਦਿਨ (ਲੋਕੀਂ ਆਖਣਗੇ ਕਿ) ਨੂੰਹ ਚੰਗੇ (ਘਰ ਦੀ) ਆਈ ਹੈ ॥੨॥

**ਘੂੰਘਟੁ ਤੇਰੋ ਤਉ ਪਰਿ ਸਾਚੈ ॥ ਹਰਿ ਗੁਨ ਗਾਇ ਕੂਦਹਿ ਅਰੁ ਨਾਚੈ ॥੩॥**

ਤੇਰਾ ਤਾਂ ਘੁੰਡ ਤਦ ਸੱਚਾ ਹੈ ਜਦ ਹਰੀ ਦੇ ਗੁਣ ਗਾਉਂਦੀ ਹੋਈ ਨੱਚੇ ਕੁੱਦੇ (ਭਾਵ ਲੋਕ ਲਾਜ ਛੱਡ ਕੇ ਹਰੀ ਦੇ ਗੁਣ ਗਾਵੇ) ॥੩॥

**ਕਹਤ ਕਬੀਰ ਬਹੂ ਤਬ ਜੀਤੈ ॥ ਹਰਿ ਗੁਨ ਗਾਵਤ ਜਨਮੁ ਬਿਤੀਤੈ ॥੪॥੧॥੩੪॥**

ਕਬੀਰ ਜੀ ਆਖਦੇ ਹਨ, ਹੇ ਬਹੂ! ਤਦੋਂ (ਤੇਰੀ) ਜਿੱਤ (ਹੋਵੇਗੀ, ਜਦ) ਹਰੀ ਦੇ ਗੁਣ ਗਾਉਂਦਿਆਂ ਹੀ ਜਨਮ ਬੀਤ ਜਾਵੇ ॥੪॥੧॥੩੪॥

### ਆਸਾ ॥

*ਉਥਾਨਕਾ*—ਇਕੇਰਾਂ ਲੋਈ ਜੀ ਨਾਲ ਭਗਤ ਜੀ ਨਰਾਜ ਹੋ ਕੇ ਪਿੱਠ ਮੋੜ ਬੈਠੇ, ਉਸ ਵੇਲੇ ਲੋਈ ਜੀ ਨੇ ਅਰਜ਼ਾਂ ਕੀਤੀਆਂ, ਉਨ੍ਹਾਂ ਦਾ ਅਨੁਵਾਦ ਇਸ ਸ਼ਬਦ ਦੀਆਂ ਪਹਿਲੀਆਂ ਤੁਕਾਂ ਵਿਚ ਹੈ, ਅਤੇ ਅੰਤ ਦੀਆਂ ਦੋ ਤੁਕਾਂ ਵਿਚ ਭਗਤ ਜੀ ਦਾ ਕਥਨ ਹੈ।

**ਕਰਵਤੁ ਭਲਾ ਨ ਕਰਵਟ ਤੇਰੀ ॥ ਲਾਗੁ ਗਲੇ ਸੁਨੁ ਬਿਨਤੀ ਮੇਰੀ ॥੧॥**

(ਹੇ ਸਵਾਮੀ ! ਮੇਰੇ ਲਈ ਕਾਂਸ਼ੀ ਦਾ) ਕਲਵਤ੍ਰ ਚੰਗਾ ਹੈ, ਤੇਰੀ [ਕਰਵਟ] ਪਿੱਠ ਵੇਖਣੀ ਚੰਗੀ ਨਹੀਂ, ਮੇਰੀ ਬੇਨਤੀ ਸੁਣ ਕੇ ਗਲੇ ਲਗ ॥੧॥

**ਹਉ ਵਾਰੀ ਮੁਖੁ ਫੇਰਿ ਪਿਆਰੇ ॥**

**ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥੧॥ ਰਹਾਉ ॥**

ਮੈਂ ਵਾਰੀ ਜਾਵਾਂ, ਪਿਆਰੇ ! ਮੂੰਹ ਮੋੜ ਪਿੱਠ ਵਿਖਾ ਕੇ ਮੈਨੂੰ ਕਿਉਂ ਮਾਰਦਾ ਹੈਂ ? ॥੧॥ ਰਹਾਉ ॥

**ਜਉ ਤਨੁ ਚੀਰਹਿ ਅੰਗੁ ਨ ਮੋਰਉ ॥ ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥੨॥**

ਜੇਕਰ (ਮੇਰਾ) ਸਰੀਰ ਚੀਰ ਦੇਵੇਂ, ਤਾਂ ਅੰਗ ਭੀ ਨਾ ਹਿਲਾਵਾਂਗੀ, ਸਰੀਰ ਨਾਸ ਹੋ ਜਾਵੇ, ਤਾਂ ਭੀ ਮੈਂ ਪ੍ਰੀਤ (ਆਪ ਨਾਲੋਂ) ਨਾ ਤੋੜਾਂਗੀ ॥੨॥

**ਹਮ ਤੁਮ ਬੀਚੁ ਭਇਓ ਨਹੀ ਕੋਈ ॥ ਤੁਮਹਿ ਸੁ ਕੰਤ ਨਾਰਿ ਹਮ ਸੋਈ ॥੩॥**

ਮੇਰੇ ਤੁਹਾਡੇ ਵਿਚ ਕੋਈ (ਦੂਜਾ ਫੁਟ ਪਾਣ ਵਾਲਾ) ਨਹੀਂ ਆਇਆ, ਤੁਸੀਂ ਓਹੀ ਪਤੀ ਹੋ ਅਤੇ ਮੈਂ (ਆਪ ਦੀ) ਓਹੀ ਇਸਤ੍ਰੀ ਹਾਂ ॥੩॥

**ਕਹਤੁ ਕਬੀਰੁ ਸੁਨਹੁ ਰੇ ਲੋਈ ॥ ਅਬ ਤੁਮਰੀ ਪਰਤੀਤਿ ਨ ਹੋਈ ॥੪॥੨॥੩੫॥**

ਕਬੀਰ ਜੀ ਆਖਦੇ ਹਨ, ਹੇ ਲੋਈ ! ਸੁਣ, ਹੁਣ (ਮੈਨੂੰ) ਤੇਰਾ ਇਤਬਾਰ ਹੀ ਨਹੀਂ ਹੋਣਾ ॥੪॥੨॥੩੫॥

SIKHBOOKCLUB.COM

**ਆਸਾ ॥**

*ਉਥਾਨਕਾ*—ਇਕੇਰਾਂ ਇਕ ਪੰਡਤ ਨੇ ਹੰਕਾਰ ਨਾਲ ਕਿਹਾ, ਵੇਖੋ ਭਾਈ ਜੁਲਾਹਾ ਹੋ ਕੇ ਕਿੱਡੇ ਗਿਆਨ ਘੋਟਦਾ ਹੈ, ਉਸ ਵੇਲੇ ਭਗਤ ਜੀ ਨੇ ਕਿਹਾ—ਕੋਈ ਮੈਂ ਵੱਖਰਾ ਜੁਲਾਹਾ ਨਹੀਂ, ਨਿਰੰਕਾਰ ਭੀ ਜੁਲਾਹਾ ਹੈ। ਪੰਡਤ ਨੇ ਕਿਹਾ—ਉਹ ਕਿਵੇਂ ? ਭਗਤ ਜੀ ਨੇ ਇਸ ਸ਼ਬਦ ਦੁਆਰਾ ਉਸ ਨੂੰ ਸਮਝਾਇਆ :—

**ਕੋਰੀ ਕੋ ਕਾਹੂ ਮਰਮੁ ਨ ਜਾਨਾਂ ॥**

**ਸਭੁ ਜਗੁ ਆਨਿ ਤਨਾਇਓ ਤਾਨਾਂ ॥੧॥ ਰਹਾਉ ॥**

(ਉਸ) [ਕੋਰੀ] ਜੁਲਾਹੇ ਦਾ ਕਿਸੇ ਨੇ ਭੇਦ ਨਹੀਂ ਪਾਇਆ, (ਜਿਸ ਨੇ) ਸਾਰਾ ਜਗਤ ਤਾਣਾ ਤਣਿਆ ਹੋਇਆ ਹੈ ॥੧॥ ਰਹਾਉ ॥

**ਜਬ ਤੁਮ ਸੁਨਿ ਲੇ ਬੇਦ ਪੁਰਾਨਾਂ ॥ ਤਬ ਹਮ ਇਤਨਕੁ ਪਸਰਿਓ ਤਾਨਾਂ ॥੧॥**

ਜਦੋਂ ਤੁਸੀਂ ਵੇਦ ਪੁਰਾਨ ਸੁਣਦੇ ਹੋ (ਤਦ ਅਸੀਂ ਵਿਚਾਰ ਕਰਨ ਵਾਸਤੇ) ਇਸ ਪਸਾਰੇ ਨੂੰ ਤਾਨਾ ਕਥਨ ਕਰਦੇ ਹਾਂ (ਕਿ ਵਾਹਿਗੁਰੂ ਜੀ ਨੇ) :—

**ਧਰਨਿ ਅਕਾਸ ਕੀ ਕਰਗਹ ਬਨਾਈ ॥ ਚੰਦੁ ਸੂਰਜੁ ਦੁਇ ਸਾਥ ਚਲਾਈ ॥੨॥**

ਧਰਤੀ (ਦੀ ਖੱਡੀ ਤੇ) ਅਕਾਸ਼ ਦੀ [ਕਰਗਹ] ਕੰਘੀ ਬਣਾਈ (ਹੋਈ ਹੈ), ਚੰਦ ਤੇ ਸੂਰਜ ਦੋਵੇਂ [ਸਾਥ] ਨਾਲਾਂ ਤੋਰੀਆਂ ਹਨ ॥੨॥

**ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ ॥**

(ਜੇ ਉਸ ਨੇ) ਇਕ [ਬਾਤ] ਹੁਕਮ (ਕਾਇਮ) ਕੀਤਾ (ਹੈ, ਏਹੋ) [ਪਾਈ ਜੋਰਿ] ਪਉਇਆਂ ਦੀ ਜੋੜੀ ਹੈ, ਉਸ [ਤਾਂਤੀ] ਜੁਲਾਹੇ ਨਾਲ (ਮੇਰਾ) ਮਨ ਮੰਨ ਗਿਆ ਹੈ ।

**ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮੁ ਪਛਾਨਾਂ ॥੩॥**

(ਮੈਂ) ਜੁਲਾਹੇ (ਨੇ ਤਾਂ) ਆਪਣਾ [ਘਰੁ] ਸਰੂਪ ਪਛਾਣ ਲਿਆ ਹੈ ਅਤੇ ਦਿਲ ਵਿਚ ਹੀ ਰਾਮ ਨੂੰ ਪਛਾਣ ਲਿਆ ਹੈ ॥੩॥

**ਕਹਤੁ ਕਬੀਰੁ ਕਾਰਗਹ ਤੋਰੀ ॥ ਸੂਤੈ ਸੂਤ ਮਿਲਾਏ ਕੋਰੀ ॥੪॥੩॥੩੬॥**

ਕਬੀਰ ਜੀ ਆਖਦੇ ਹਨ, (ਮੈਂ ਤਾਂ ਸਰੀਰਕ ਹੰਕਾਰ ਰੂਪ) [ਕਾਰਗਹ] ਕੰਘੀ ਤੋੜ ਸੁਟੀ ਹੈ, (ਅਤੇ ਆਪਣੇ) [ਸੂਤ] ਆਤਮਾ ਨੂੰ (ਉਸ) [ਕੋਰੀ] ਜੁਲਾਹੇ ਦੇ ਆਤਮਾ ਨਾਲ ਮੇਲ ਦਿੱਤਾ ਹੈ ॥੪॥੩॥੩੬॥

**ਆਸਾ ॥ ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥**

(ਜਿਸ ਦੇ) ਅੰਦਰ (ਵਿਕਾਰਾਂ ਦੀ) ਮੈਲ ਹੈ ਜੇ (ਉਹ) ਤੀਰਥ ਇਸ਼ਨਾਨ (ਕਰੇ, ਤਾਂ) ਉਸ ਨੇ ਸੁਰਗਾਂ (ਵਿਚ ਕਦੇ ਭੀ) ਨਹੀਂ ਜਾਣਾ ।

**ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥**

ਲੋਕਾਂ ਦੇ ਪਤੀਜਿਆਂ ਕੁਝ ਨਹੀਂ ਹੋਣਾ, ਰਾਮ (ਕੋਈ) ਅਞਾਣਾ ਤਾਂ ਨਹੀਂ ਹੈ ॥੧॥

**ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ ॥**

[ਦੇਵਾ] ਪ੍ਰਕਾਸ਼ ਰੂਪ ਇਕ ਰਾਮ ਦੀ ਹੀ ਪੂਜਾ ਕਰੋ, ਗੁਰੂ ਦੀ ਸੇਵਾ (ਕਰਨੀ ਹੀ) ਸੱਚਾ ਇਸ਼ਨਾਨ ਹੈ ॥੧॥ ਰਹਾਉ ॥

**ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥**

ਪਾਣੀ ਵਿਚ ਨ੍ਹਾਤਿਆਂ ਜੇ ਮੁਕਤੀ ਹੁੰਦੀ ਹੋਵੇ, ਤਾਂ [ਮੇਂਡੁਕ] ਡੱਡੂ ਸਦਾ (ਹੀ ਪਾਣੀ ਵਿਚ) ਨ੍ਹਾਉਂਦਾ ਹੈ।

**ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥**

ਜੇਹਾ ਡੱਡੂ ਹੈ, ਤੇਹਾ ਹੀ ਉਹ ਮਨੁਖ (ਹੈ, ਜੋ ਮਨ ਦਾ ਮੈਲਾ ਤੀਰਥ ਇਸ਼ਨਾਨ ਕਰਦਾ ਹੈ, ਇਹ ਦੋਵੇਂ) ਮੁੜ ਕੇ ਜੂਨਾਂ ਵਿਚ ਆਉਂਦੇ ਹਨ ॥੨॥

**ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥**

ਮਨ ਦਾ ਕਰੜਾ (ਖੋਟਾ ਪੁਰਸ਼) ਕਾਂਸ਼ੀ ਵਿਚ ਮਰ ਕੇ ਭੀ ਨਰਕਾਂ ਤੋਂ ਨਹੀਂ ਬਚੇਗਾ ।

**ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥੩॥**

ਹਰੀ ਦਾ ਸੰਤ ਹੜੰਬੇ (ਵਿਚ) ਭੀ ਜਾ ਕੇ ਭਾਵੇਂ ਮਰੇ, ਤਾਂ ਭੀ (ਉਹ) ਸਾਰੇ ਸਾਥੀਆਂ ਨੂੰ ਤਾਰ ਲਵੇਗਾ ॥੩॥

**ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ ॥**

(ਜਿਥੇ) ਦਿਨ ਰਾਤ (ਨਹੀਂ ਤੇ) ਵੇਦ ਸ਼ਾਸਤ੍ਰ (ਦੀ ਪਹੁੰਚ) ਨਹੀਂ, ਓਥੇ ਨਿਰੰਕਾਰ ਵਸਦਾ ਹੈ।

**ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥੪॥੪॥੩੭॥**

ਕਬੀਰ ਜੀ ਆਖਦੇ ਹਨ, ਹੇ ਸੰਸਾਰ ਦੇ ਪਾਗਲ ਪੁਰਸ਼ੋ! ਉਸੇ (ਨਿਰੰਕਾਰ) ਨੂੰ ਯਾਦ ਕਰੋ ॥੪॥੪॥੩੭॥

***ੴ ਸਤਿਗੁਰ ਪ੍ਰਸਾਦਿ ॥ ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ***

**ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥**

ਇਕ (ਵਾਹਿਗੁਰੂ ਹੀ) ਅਨੇਕਾਂ (ਵਿਚ) ਵਿਆਪਕ ਹੈ, ਜਿਧਰ ਵੇਖਦੇ ਹਾਂ, ਉਧਰ ਉਹੀ ਪੂਰਨ ਦਿਸਦਾ ਹੈ।

**ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥**

ਮਾਯਾ [ਬਚਿਤ੍ਰ] ਅਸਚਰਜ [ਚਿਤ੍ਰ] ਤਸਵੀਰ ਰੂਪ ਹੋ ਕੇ ਮੋਹ ਰਹੀ ਹੈ, (ਇਸ ਗੱਲ ਨੂੰ) ਕੋਈ ਵਿਰਲਾ ਹੀ ਜਾਣਦਾ ਹੈ।

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥**

ਸਭ ਪਾਸੇ ਵਾਹਿਗੁਰੂ ਹੈ ਸਾਰਿਆਂ ਵਿਚ ਵਾਹਿਗੁਰੂ ਹੈ, ਵਾਹਿਗੁਰੂ ਤੋਂ ਬਿਨਾਂ ਕੋਈ ਜਗ੍ਹਾ ਨਹੀਂ ਹੈ।

**ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥**

ਜਿਸ ਤਰ੍ਹਾਂ (ਮਾਲਾ ਦੇ) ਇਕ ਸੂਤ੍ਰ ਦੇ ਸੈਂਕੜੇ ਹਜ਼ਾਰ ਮਣਕੇ (ਬਣੇ ਹੁੰਦੇ ਹਨ, ਇਸੇ ਤਰ੍ਹਾਂ) ਤਾਣੇ ਪੇਟੇ ਵਿਚ ਓਹੀ ਪ੍ਰਭੂ ਵਿਆਪਕ ਹੈ ॥੧॥ ਰਹਾਉ ॥

**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥**

(ਜਿਵੇਂ) ਪਾਣੀ, ਲਹਿਰਾਂ, ਝਗ ਤੇ ਬੁਲਬੁਲੇ ਪਾਣੀ ਤੋਂ ਵਖ ਨਹੀਂ ਹੁੰਦੇ।

**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥**

(ਇਸੇ ਤਰ੍ਹਾਂ) ਇਹ ਸੰਸਾਰ ਤਾਂ ਵਾਹਿਗੁਰੂ ਦੀ ਖੇਡ ਹੈ, ਵਿਚਾਰ ਕਰੀਏ ਤਾਂ (ਉਸ ਤੋਂ) ਵਖਰੀ (ਮਾਲੂਮ) ਨਹੀਂ ਹੁੰਦੀ ॥੨॥

**ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥**

ਝੂਠ ਭਰਮ ਤੇ ਸੁਪਨੇ ਦੇ ਮਨੋਰਾਜਾਂ ਨੂੰ ਮੈਂ ਸਚੇ ਪਦਾਰਥ ਜਾਣਿਆ ਹੈ।

**ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥**

(ਪਰ ਜਦ) ਗੁਰਾਂ ਦੇ ਉਪਦੇਸ਼ ਨਾਲ ਭਲੇ ਕਰਮ ਵਾਲੀ [ਮਨਸਾ] ਬੁੱਧੀ ਜਾਗ ਪਈ (ਤਦ) ਹੀ ਮਨ ਮੰਨ ਗਿਆ ॥੩॥

**ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥**

ਨਾਮਦੇਵ ਜੀ ਆਖਦੇ ਹਨ ਹਿਰਦੇ ਦੀ ਵਿਚਾਰ ਨਾਲ ਹਰੀ ਦੀ ਰਚਨਾ ਵੇਖੋ।

**ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥**

ਸਾਰਿਆਂ ਦੇ ਦਿਲਾਂ ਅੰਦਰ ਤੇ ਸਭਨਾਂ ਜੁਗਾਂ ਵਿਚ ਕੇਵਲ ਇਕ [ਮੁਰਾਰੀ] ਵਾਹਿਗੁਰੂ ਹੀ ਇਕ ਰਸ ਪੂਰਨ ਹੈ ॥੪॥੧॥

**ਆਸਾ ॥ ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥**

[ਕੁੰਭ] ਘੜਾ ਲਿਆ ਕੇ [ਊਦਕ] ਪਾਣੀ ਭਰ ਲਿਆਵਾਂ ਅਤੇ ਠਾਕਰਾਂ ਨੂੰ ਇਸ਼ਨਾਨ ਕਰਾਵਾਂ।

**ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥੧॥**

(ਫਿਰ ਵਿਚਾਰ ਫੁਰੀ ਕਿ) ਬਤਾਲੀ ਲੱਖ ਜੀਵ ਪਾਣੀ ਵਿਚ ਰਹਿੰਦੇ ਹਨ, (ਜਦ) [ਬੀਠਲੁ] ਨਿਰੰਕਾਰ (ਉਨ੍ਹਾਂ ਵਿਚ) [ਭੈਲਾ] ਮਿਲਿਆ ਹੋਇਆ ਹੈ (ਤਾਂ ਮੈਂ ਇਸ਼ਨਾਨ) ਕਿਸ ਨੂੰ ਕਰਾਵਾਂ ? ॥੧॥

**ਜਤ੍ਰ ਜਾਉ ਤਤ ਬੀਠਲੁ ਭੈਲਾ ॥ ਮਹਾ ਅਨੰਦ ਕਰੇ ਸਦ ਕੇਲਾ ॥੧॥ ਰਹਾਉ ॥**

ਜਿਥੇ ਜਾਂਦੇ ਹਾਂ, ਉਥੇ ਹੀ ਵਾਹਿਗੁਰੂ ਮਿਲਿਆ ਹੋਇਆ ਹੈ, ਵਡੇ ਅਨੰਦ ਨਾਲ ਸਦਾ ਹੀ (ਕੇਲਾ) ਖੇਡਾਂ ਕਰਦਾ ਹੈ ॥੧॥ ਰਹਾਉ ॥

**ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥**

ਫਿਰ ਇੱਛਾ ਹੋਈ ਕਿ ਫੁੱਲ ਲਿਆ ਕੇ ਮਾਲਾ ਪਰੋ ਲਵਾਂ ਤੇ ਮੈਂ ਠਾਕਰ ਜੀ ਦੀ ਪੂਜਾ ਕਰਾਂ।

**ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ ॥੨॥**

(ਫਿਰ ਸਮਝ ਲਿਆ ਜੋ ਫੁਲਾਂ ਵਿਚੋਂ) ਪਹਿਲਾਂ ਭੌਰੇ ਨੇ ਵਾਸ਼ਨਾ ਲੈ ਲਈ ਹੈ, ਭੌਰੇ ਵਿਚ) ਵਾਹਿਗੁਰੂ ਵਿਆਪਕ (ਹੈ, ਮੈਂ ਪੂਜਾ) ਕਿਸ ਦੀ ਕਰਾਂ ? ॥੨॥

**ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥**

(ਮਨ ਨੇ ਚਾਹਿਆ ਜੋ) ਦੁੱਧ ਲਿਆ ਕੇ ਖੀਰ ਰਿੰਨ੍ਹ ਲਵਾਂ ਤੇ ਠਾਕਰ ਜੀ ਨੂੰ [ਨੈਵੇਦੁ] ਭੋਗ ਲੁਆਵਾਂ।

**ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥੩॥**

(ਫਿਰ ਵਿਚਾਰਿਆ ਜੋ) ਪਹਿਲਾਂ ਤਾਂ ਦੁੱਧ ਵੱਛੇ ਨੇ ਚੁੰਘ ਲਿਆ ਹੈ, (ਵੱਛੇ ਵਿਚ) ਵਾਹਿਗੁਰੂ ਵਿਆਪਕ (ਹੈ, ਮੈਂ ਭੋਗ) ਕਿਸ ਨੂੰ ਲੁਆਵਾਂ ॥੩॥

**ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰ ਨਹੀ ॥**

ਇਧਰ ਭੀ ਵਾਹਿਗੁਰੂ ਹੈ, ਉਧਰ ਭੀ ਨਿਰੰਕਾਰ ਹੈ, ਵਾਹਿਗੁਰੂ ਤੋਂ ਬਿਨਾਂ ਸੰਸਾਰ (ਵਿਚ ਕੋਈ ਜਗ੍ਹਾ) ਨਹੀਂ ਹੈ।

**ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥**

ਨਾਮਦੇਵ ਜੀ ਬੇਨਤੀ ਕਰਦੇ ਹਨ, (ਹੇ ਵਾਹਿਗੁਰੂ ਜੀ! ਸਾਰੀਆਂ) ਜਗ੍ਹਾ ਜਗ੍ਹਾ ਦੇ ਅੰਦਰ (ਰਹਿਣ ਵਾਲਿਆਂ ਤੇ) ਸਾਰੀ ਧਰਤੀ ਵਿਚ ਤੂੰ ਪੂਰਨ ਹੋ ਰਿਹਾ ਹੈ ॥੪॥੨॥

**ਆਸਾ ॥ ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ॥**
**ਮਪਿ ਮਪਿ ਕਾਟਉ ਜਮ ਕੀ ਫਾਸੀ ॥੧॥**

ਮੇਰਾ ਮਨ ਗਜ ਹੈ, ਮੇਰੀ ਜੀਭ ਕੈਂਚੀ ਹੈ, ਮਿਣ ਮਿਣ ਕੇ ਜਮਾਂ ਦੀ ਫਾਹੀ ਕਟਦਾ ਹਾਂ ॥੧॥

**ਕਹਾ ਕਰਉ ਜਾਤੀ ਕਹ ਕਰਉ ਪਾਤੀ ॥**
**ਰਾਮ ਕੋ ਨਾਮੁ ਜਪਉ ਦਿਨ ਰਾਤੀ ॥੧॥ ਰਹਾਉ ॥**

ਜਾਤੀ ਨੂੰ ਕੀ ਕਰਾਂ ? ਬਰਾਦਰੀ ਨੂੰ ਕੀ ਕਰਾਂ ? ਰਾਮ ਦਾ ਨਾਮ ਹੀ ਦਿਨੇ ਰਾਤ ਜਪਦਾ ਹਾਂ ॥੧॥ ਰਹਾਉ ॥

**ਰਾਂਗਨਿ ਰਾਂਗਉ ਸੀਵਨਿ ਸੀਵਉ ॥ ਰਾਮ ਨਾਮ ਬਿਨੁ ਘਰੀਅ ਨ ਜੀਵਉ ॥੨॥**

ਰੰਗਨੇ (ਆਏ ਕਪੜੇ) ਰੰਗਦਾ ਹਾਂ, ਸੀਵਨੇ (ਆਏ ਕਪੜੇ) ਸੀਊਂਦਾ ਭੀ ਹਾਂ, (ਪਰ) ਰਾਮ ਦੇ ਨਾਮ ਤੋਂ ਬਿਨਾਂ ਇਕ ਘੜੀ ਭੀ ਨਹੀਂ ਜੀਊ ਸਕਦਾ ॥੨॥

**ਭਗਤਿ ਕਰਉ ਹਰਿ ਕੇ ਗੁਨ ਗਾਵਉ ॥**
**ਆਠ ਪਹਰ ਅਪਨਾ ਖਸਮੁ ਧਿਆਵਉ ॥੩॥**

ਭਗਤੀ ਕਰਦਾ ਹਾਂ, ਹਰੀ ਦੇ ਗੁਣ ਗਾਉਂਦਾ ਹਾਂ, ਅੱਠੇ ਪਹਿਰ ਆਪਣੇ ਮਾਲਕ ਨੂੰ ਚੇਤੇ ਕਰਦਾ ਹਾਂ ॥੩॥

SIKHBOOKCLUB.COM

**ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥ ਨਾਮੇ ਕਾ ਚਿਤੁ ਹਰਿ ਸਉ ਲਾਗਾ ॥੪॥੩॥**

(ਵਾਹਿਗੁਰੂ ਦੀ ਵਿਚਾਰ ਵਾਲੀ ਬਿਰਤੀ) ਸੋਨੇ ਦੀ ਸੂਈ ਹੈ, (ਅਤੇ ਗੁਰਾਂ ਦੇ ਉਪਦੇਸ਼ ਵਿਚ ਲਗਾ ਹੋਇਆ ਮਨ ਹੀ) ਚਾਂਦੀ ਦਾ ਤਾਗਾ ਹੈ, (ਇਸ ਤਰ੍ਹਾਂ ਮੈਂ) ਨਾਮੇ ਦਾ ਚਿੱਤ ਹਰੀ ਨਾਲ ਸੀਤਾ ਹੈ ॥੪॥੩॥

**ਆਸਾ ॥**

***ਉਥਾਨਕਾ***—ਇਕ ਭੇਖੀ ਸੰਤ ਕਿਸੇ ਦੀ ਵਾਂਸਲੀ ਚੁੱਕ ਕੇ ਆਪਣੇ ਆਸਣ ਹੇਠਾਂ ਲੁਕਾ ਕੇ ਉਪਰ ਸਮਾਧੀ ਲਾ ਬੈਠਾ, ਵਾਂਸਲੀ ਦੇ ਮਾਲਕ ਨੇ ਨਾਮਦੇਵ ਨੂੰ ਫੜ ਲਿਆ। ਲੋਕ ਛੁਡਾਉਣ ਲੱਗੇ ਛੁਡਾਉਣ ਵਾਲਿਆਂ ਵਿਚ ਉਹ ਸਾਧ ਉਠ ਕੇ ਨਾਮਦੇਵ ਦੀ ਮਦਦ ਕਰਨ ਲੱਗਾ, ਕੁਦਰਤ ਨਾਲ ਹਵਾ ਦਾ ਬੁਲਾ ਆਇਆ, ਜਿਸ ਨਾਲ ਆਸਨ ਉੱਡ ਗਿਆ ਤੇ ਵਾਂਸਲੀ ਨੰਗੀ ਹੋ ਗਈ, ਵਾਂਸਲੀ ਦੇ ਮਾਲਕ ਨੇ ਨਾਮਦੇਵ ਨੂੰ ਛੱਡ ਕੇ ਉਸ ਭੇਖੀ ਸਾਧ ਦੇ ਗਲ ਪੱਲਾ ਪਾ ਲਿਆ, ਉਸ ਨੂੰ ਉਪਦੇਸ਼ ਦੇਣ ਲਈ ਨਾਮਦੇਵ ਜੀ ਨੇ ਏਹ ਸ਼ਬਦ ਉਚਾਰਿਆ—

**ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥**
**ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥**

ਸੱਪ ਕੁੰਜ ਲਾਹ ਦੇਂਦਾ ਹੈ (ਪਰ) ਜ਼ਹਿਰ ਨਹੀਂ ਛੱਡਦਾ (ਇਵੇਂ ਤੂੰ ਗ੍ਰਿਹਸਤ ਤਾਂ ਛੱਡ ਦਿੱਤਾ ਪਰ ਵਿਕਾਰ ਨਾ ਛੱਡੇ) ਜਿਵੇਂ ਬਗਲਾ ਪਾਣੀ ਵਿਚ (ਮੱਛੀ ਫੜਨ ਲਈ) ਧਿਆਨ ਲਾਂਦਾ ਹੈ, ਇਵੇਂ ਤੂੰ ਲੋਕਾਂ ਨੂੰ ਠੱਗਣ

ਲਈ (ਧਿਆਨ ਲਾਂਦਾ ਹੈਂ) ॥੧॥

**ਕਾਹੇ ਕਉ ਕੀਜੈ ਧਿਆਨੁ ਜਪੰਨਾ ॥ ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥**

ਧਿਆਨ ਤੇ ਜਾਪ ਕਿਸ ਵਾਸਤੇ ਕਰਦੇ ਹੋ ? ਜਦ ਤਕ (ਤੁਹਾਡਾ) ਆਪਣਾ ਹੀ ਮਨ ਸੁਧ ਨਹੀਂ ? ॥੧॥ ਰਹਾਉ ॥

**ਸਿੰਘਚ ਭੋਜਨੁ ਜੋ ਨਰੁ ਜਾਨੈ ॥ ਐਸੇ ਹੀ ਠਗਦੇਉ ਬਖਾਨੈ ॥੨॥**

[ਸਿੰਘਚ] ਤਿੱਤਰ ਵਰਗੀ ਸ਼ਕਲ ਤੇ ਭੋਜਨ ਜੋ ਪੁਰਸ਼ ਜਾਨ (ਬੁਝਕੇ ਕਰਦਾ ਹੈ, ਅਰਥਾਤ ਤਿੱਤਰ ਦਿਸਣ ਨੂੰ ਸੋਹਣਾ ਤੇ ਬੋਲੀ ਚੰਗੀ ਪਰ ਖੁਰਾਕ ਕੀੜੇ ਹੈ, ਇਵੇਂ ਹੀ ਭੇਖੀ ਦਿਸਦੇ ਭੀ ਸੋਹਣੇ ਤੇ ਬੋਲਦੇ ਭੀ ਮਿੱਠਾ ਹਨ, ਪਰ ਦੁਨੀਆਂ ਠੱਗਨ ਲਈ ਅਤਿਅੰਤ ਜ਼ੁਲਮ ਕਰਦੇ ਹਨ)। ਅਜੇਹੇ (ਗੁਣਾਂ ਵਾਲੇ ਪੁਰਸ਼ ਨੂੰ) ਹੀ ਠੱਗਾਂ ਦਾ ਗੁਰੂ ਕਹੀਦਾ ਹੈ ॥੨॥

**ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥ ਰਾਮ ਰਸਾਇਨ ਪੀਓ ਰੇ ਦਗਰਾ ॥੩॥੪॥**

(ਮੈਂ) ਨਾਮੇ ਦੇ (ਗਲੋਂ ਤਾਂ) ਵਾਹਿਗੁਰੂ ਨੇ ਝਗੜਾ ਲਾਹ ਲਿਆ ਹੈ, ਹੇ ਦਗੇਬਾਜ ! (ਤੂੰ) ਰਾਮ (ਦੇ ਨਾਮ ਰੂਪ) [ਰਸਾਇਨ] ਅੰਮ੍ਰਿਤ ਨੂੰ ਪੀ ਕੇ (ਜਨਮ ਸਵਾਰ ਲੈ) ॥੩॥੪॥

**ਆਸਾ ॥ ਪਾਰਬ੍ਰਹਮੁ ਜਿ ਚੀਨ੍ਹਸੀ ਆਸਾ ਤੇ ਨ ਭਾਵਸੀ ॥**
**ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ ॥੧॥**

ਜੋ ਪਾਰਬ੍ਰਹਮ ਨੂੰ ਜਾਣੇਗਾ, ਉਹਨੂੰ (ਹੋਰ ਕਿਸੇ ਪਦਾਰਥ ਦੀ) ਆਸਾ ਚੰਗੀ ਨਹੀਂ ਲਗਦੀ। ਜੋ ਰਾਮ ਦੀ ਭਗਤੀ ਕਰਨਗੇ (ਰਾਮ ਉਨ੍ਹਾਂ ਦੇ) ਮਨ (ਨੂੰ ਸਦਾ ਹੀ) ਬੇਫਿਕਰੇ ਰਖੇਗਾ ॥੧॥

**ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ ॥**

ਹੇ ਮਨ ! ਵਿਸ਼ਿਆਂ ਦੇ (ਬਨਾ) ਪਾਣੀ (ਨਾਲ ਭਰੇ ਹੋਏ) ਸੰਸਾਰ-ਸਮੁੰਦਰ ਤੋਂ ਕਿਵੇਂ ਤਰੇਂਗਾ ?

**ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥੧॥ ਰਹਾਉ ॥**

ਹੇ ਮਨ ! ਝੂਠੀ ਮਾਇਆ ਨੂੰ ਵੇਖ ਕੇ (ਤੂੰ ਕਿਉਂ ਵਾਹਿਗੁਰੂ ਨੂੰ) ਭੁਲ ਗਿਆ ਹੈਂ ?॥੧॥ ਰਹਾਉ ॥

**ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ ॥**

ਛੀਂਬੇ ਦੇ ਘਰ ਵਿਚ (ਤਾਂ ਮੈਨੂੰ) ਜਨਮ ਦਿਤਾ ਹੈ (ਪਰ) ਗੁਰਾਂ ਦਾ ਉਪਦੇਸ਼ ਮਿਲ ਗਿਆ ਹੈ।

**ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ ॥੨॥੫॥**

(ਅਤੇ) ਸੰਤਾਂ ਦੀ ਕਿਰਪਾ (ਹੋ ਗਈ, ਇਸ ਲਈ ਮੈਂ) ਨਾਮਾ ਹਰੀ ਨਾਲ ਮਿਲ ਗਿਆ ਹਾਂ ॥੨॥੫॥

***ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ ੧ਓ ਸਤਿਗੁਰ ਪ੍ਰਸਾਦਿ ॥***

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥**
**ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥**

ਹਰਨ, ਮੱਛੀ, ਭੌਰਾ, ਪਤੰਗਾ ਤੇ ਹਾਥੀ (ਏਹ ਪੰਜੇ) ਇਕ-ਇਕ ਵਿਕਾਰ ਕਰਕੇ ਨਾਸ ਹੋ ਗਏ ਹਨ। ਜਿਸ ਵਿਚ [ਅਸਾਧ] ਨਾ ਹਟਣ ਵਾਲੇ ਪੰਜੇ ਵਿਕਾਰ ਹਨ, ਉਸ (ਦੇ ਜੀਊਣ) ਦੀ ਕਿੰਨੀ ਕੁ ਆਸ ਹੋ ਸਕਦੀ ॥੧॥

**ਮਾਧੋ ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥੧॥ ਰਹਾਉ ॥**

ਹੇ ਵਾਹਿਗੁਰੂ ! (ਆਸਾ) ਅਵਿਦਯਾ ਨਾਲ ਪਿਆਰ ਕੀਤਾ (ਹੋਇਆ) ਹੈ। ਇਸ ਲਈ ਸਾਡੇ ਮਨ ਬਿਕਲਾ) ਵਿਚਲਾ ਰੂਪ ਦੀਵਾ ਮੱਧਮ ਪੈ ਗਿਆ ਹੈ ॥੧॥ ਰਹਾਉ ॥

**ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥**

(ਕੀੜੇ ਆਦਿਕ) ਟੇਢੀਆਂ ਜੂਨਾਂ ਤਾਂ [ਅਚੇਤ] ਬੇਸਮਝ ਹੀ [ਸੰਭਵ] ਪੈਦਾ ਹੋਈਆਂ ਹਨ, (ਇਸ ਲਈ ਉਨ੍ਹਾਂ ਨੂੰ) ਪੁੰਨ ਪਾਪ ਦੀ [ਅਸੋਚ] ਖਬਰ ਨਹੀਂ ਹੈ।

**ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥੨॥**

(ਪਰ ਅਸਚਰਜ ਹੈ ਕਿ) ਦੁਰਲਭ ਮਨੁੱਖਾ ਜਨਮ (ਪਾ ਕੇ ਜੀਵ) ਉਨ੍ਹਾਂ [ਪੋਚ] ਨੀਚਾਂ ਦੀ ਸੰਗਤਿ (ਵਿਚ ਹੀ ਰਲ ਗਿਆ ਹੈ ॥੨॥

**ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥**

ਜੀਵ ਜੰਤੂ ਜਿਥੋਂ ਜਿਥੋਂ ਤਕ ਕਰਮ ਦੇ ਵੱਸ ਹੋ ਕੇ ਜਾਂਦੇ ਹਨ।

SIKHBOOKCLUB.COM

**ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥੩॥**

(ਅਬਧ) ਨਾ ਟੁੱਟਣ ਵਾਲੀ ਮੌਤ ਦੀ ਫਾਹੀ (ਉਥੇ-ਉਥੇ ਹੀ) ਜਾ ਪੈਂਦੀ ਹੈ, (ਇਸ ਤੋਂ ਬਚਨ ਲਈ) ਕੁਝ ਯਤਨ ਨਹੀਂ ਚੱਲ ਸਕਦਾ ॥੩॥

**ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ॥**

ਦਾਸ ਰਵਿਦਾਸ (ਤਾਂ ਸੰਸਾਰ ਤੋਂ) ਉਦਾਸ (ਹੋ ਕੇ ਤੇ) ਭਰਮ ਛੱਡ ਕੇ ਗੁਰਾਂ ਦੇ ਗਿਆਨ ਰੂਪ ਤਪ ਨੂੰ [ਤਪਨ] ਕਰਦਾ ਹੈ, (ਅਰਥਾਤ ਗੁਰਾਂ ਦਾ ਉਪਦੇਸ਼ ਕਮਾਂਦਾ ਹੈ)।

**ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥੪॥੧॥**

ਹੇ ਭਗਤ ਜਨਾਂ ਦੇ ਡਰ ਦੂਰ ਕਰਨ ਵਾਲੇ ! (ਹੁਣ ਇਸ) [ਨਿਦਾਨ] ਅੰਤਲੇ (ਜਨਮ ਵਿਚ ਤਾਂ) ਪਰਮ ਅਨੰਦ (ਸਰੂਪ ਕਰ ਲਵੋ) ॥੪॥੧॥

**ਆਸਾ ॥ ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥**

**ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥**

(ਜੋ) [ਤੁਝੀ ਤਨੁ] (ਤੇਰਾ ਸਰੂਪ) ਸੰਤ (ਹਨ, ਉਨ੍ਹਾਂ ਦੀ) ਸੰਗਤਿ (ਵਿਚ ਹੀ ਮੇਰੇ) ਪ੍ਰਾਣ ਹਨ, ਸਤਿਗੁਰਾਂ ਦੇ [ਗਿਆਨ] ਉਪਦੇਸ਼ (ਕਰਕੇ ਮੈਂ) ਸੰਤਾਂ ਦੇਵਤਿਆਂ ਦਾ ਭੀ ਦੇਵਤਾ ਜਾਣਿਆ ਹੈ ॥੧॥

**ਸੰਤ ਚੀ ਸੰਗਤਿ ਸੰਤ ਕਥਾ ਰਸੁ ॥**

**ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥੧॥ ਰਹਾਉ ॥**

ਸੰਤਾਂ ਦੀ ਸੰਗਤਿ (ਦਾ ਵਾਸਾ ਦੇਹ) ਸੰਤਾਂ ਦੀ ਕਥਾ ਦਾ ਸਵਾਦ (ਦੇਹੁ) ਹੇ ਦੇਵਤਿਆਂ ਦੇ ਦੇਵ! ਸੰਤਾਂ [ਮਾਝੈ] ਵਿਚ ਹੀ ਪ੍ਰੇਮ ਦੇਹੁ ॥੧॥ ਰਹਾਉ ॥

**ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ ॥੨॥**

ਸੰਤਾਂ ਦਾ [ਆਚਰਣ] ਕਰਤਬ, (ਦੇਹੁ) ਸੰਤਾਂ ਦਾ ਰਸਤਾ (ਬਖਸ਼), ਅਤੇ ਸੰਤਾਂ ਦੀ ਲਗਣ (ਜਿਸ ਵਿਚ) ਲਗੀ ਹੋਈ ਹੈ, ਉਸ (ਵਿਚ ਮੇਰੀ) ਲਗਣ ਲਾਈ ਰਖ ॥੨॥

**ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥**

**ਜਣੀ ਲਖਾਵਹੁ ਅਸੰਤ ਪਾਪੀ ਸਣਿ ॥੩॥**

ਹੋਰ ਇਕ ਭਗਤੀ ਰੂਪ ਚਿੰਤ ਮਣੀ ਮੰਗਦਾ ਹਾਂ। ਅਸੰਤਾਂ ਸਣੇ ਪਾਪੀ (ਦਾ ਦਰਸ਼ਨ ਭੀ) [ਜਣੀ] ਨਾ ਕਰਾਵੀਂ ॥੩॥

**ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥ ਸੰਤ ਅਨੰਤਹਿ ਅੰਤਰੁ ਨਾਹੀ ॥੪॥੨॥**

ਰਵਿਦਾਸ ਜੀ ਆਖਦੇ ਹਨ, ਜੋ ਜਾਨਣ ਵਾਲਾ ਹੈ, ਉਹ ਜਾਣਦਾ ਹੈ (ਕਿ) ਸੰਤਾਂ ਤੇ [ਅਨੰਤਹਿ] ਵਾਹਿਗੁਰੂ (ਵਿਚ ਕੋਈ) [ਅੰਤਰੁ] ਫਰਕ ਨਹੀਂ ਹੈ ॥੪॥੨॥

**ਆਸਾ ॥ ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥**

ਤੁਸੀਂ ਚੰਦਨ (ਦਾ ਬੂਟਾ ਹੋ) ਅਸੀਂ ਵਿਚਾਰੇ ਰਿੰਡੀ (ਦਾ ਬੂਟਾ ਹਾਂ ਪਰ) ਤੁਹਾਡੇ ਸੰਗ ਵਿਚ (ਮੇਰਾ) ਵਸੇਬਾ ਹੈ।

**ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥**

(ਇਸ ਲਈ ਅਸੀਂ) ਨਿਕੰਮੇ ਬੂਟੇ ਤੋਂ ਉੱਚੇ ਪਦ ਵਾਲੇ ਹੋ ਗਏ ਹਾਂ, (ਕਿਉਂਕਿ ਤੁਹਾਡੀ) ਸੁੰਦਰ ਵਾਸ਼ਨਾ (ਦਾ ਸਾਡੇ ਵਿਚ) ਵਸੇਬਾ ਹੋ ਗਿਆ ਹੈ ॥੧॥

**ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ ॥ ਹਮ ਅਉਗਨ ਤੁਮ੍ਹ ਉਪਕਾਰੀ ॥੧॥ ਰਹਾਉ ॥**

ਹੇ ਵਾਹਿਗੁਰੂ! ਤੇਰੀ ਸਤਿ ਸੰਗਤਿ (ਦੀ ਮੈਂ) ਸ਼ਰਨੀ ਹਾਂ, ਅਸੀਂ ਔਗੁਣਿਆਰੇ ਹਾਂ ਤੁਸੀਂ ਉਪਕਾਰੀ ਹੋ ॥੧॥ ਰਹਾਉ ॥

**ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥**

ਤੁਸੀਂ ਚਿੱਟੇ ਤੋਂ ਪੀਲੇ [ਮਖਤੂਲ] ਰੇਸ਼ਮ ਹੋ, ਅਤੇ ਅਸੀਂ ਵਿਚਾਰੇ (ਇਉਂ ਹਾਂ) ਜਿਵੇਂ [ਕੀਰਾ] ਟਾਟ (ਤਪੜ)।

**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥੨॥**

ਹੇ ਮਾਧੋ! ਸਤ ਸੰਗਤਿ (ਵਿਚ ਮੈਨੂੰ ਇਉਂ) ਮਿਲਾਈ ਰਖ, ਜਿਵੇਂ ਸ਼ਹਤ ਵਿਚ [ਮਖੀਰਾ] ਮਖੀਆਂ ॥੨॥

**ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥**

(ਮੇਰੀ) ਜਾਤਿ ਭੀ ਨੀਵੀਂ ਹੈ, ਬਰਾਦਰੀ ਨੀਵੀਂ ਹੈ, ਅਤੇ ਮੇਰਾ ਜਨਮ ਵੀ ਨੀਚ ਘਰ ਦਾ ਹੈ।

**ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥੩॥੩॥**

ਰਵਿਦਾਸ ਚੁਮਾਰ ਆਖਦਾ ਹੈ (ਮੈਂ) ਪ੍ਰਕਾਸ਼ ਰੂਪ ਰਾਮ ਦੀ ਸੇਵਾ ਭੀ ਨਹੀਂ ਕੀਤੀ ॥੩॥੩॥

**ਆਸਾ ॥ ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥**

**ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥**

ਕੀ ਹੋਇਆ ਜੇ ਸਰੀਰ ਟੋਟੇ-ਟੋਟੇ ਹੋ ਗਿਆ ਪ੍ਰੇਮ ਜਾਵੇ ਤਾਂ ਤੇਰੇ ਦਾਸ ਨੂੰ ਡਰ (ਲੱਗਦਾ ਹੈ) ॥੧॥

**ਤੁਝਹਿ ਚਰਨ ਅਰਬਿੰਦ ਭਵਨ ਮਨੁ ॥**

**ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥੧॥ ਰਹਾਉ ॥**

ਤੇਰੇ ਚਰਨ [ਅਰਬਿੰਦ] ਕੌਲ ਫੁਲ ਹਨ, ਅਤੇ ਮੇਰਾ ਮਨ [ਭਵਨ= ਭ੍ਰਮ] ਭੌਰਾ ਹੈ। (ਚਰਨਾਂ ਦਾ ਰਸ) ਪਾਨ ਕਰਦਿਆਂ ਹੀ ਰਾਮ ਰੂਪੀ ਧਨ ਪਾ ਲਿਆ ॥੧॥ ਰਹਾਉ ॥

**ਸੰਪਤਿ ਬਿਪਤਿ ਪਟਲ ਮਾਇਆ ਧਨੁ ॥ ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥**

ਸੁਖਿਆਈ, ਔਖਿਆਈ ਤੇ ਧਨ (ਇਹ) ਮਾਯਾ ਦੇ (ਪਟਲ) ਪੜਦੇ ਹਨ। ਇਨ੍ਹਾਂ ਵਿਚ ਤੇਰਾ ਦਾਸ ਮਸਤ ਨਹੀਂ ਹੁੰਦਾ ॥੨॥

SIKHBOOKCLUB.COM

**ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥**

**ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥**

ਪ੍ਰੇਮ ਦੀ ਫਾਹੀ ਵਿਚ ਤੇਰਾ ਦਾਸ ਬੱਧਾ ਹੋਇਆ ਹੈ। ਰਵਿਦਾਸ ਜੀ ਆਖਦੇ ਹਨ ਉਸ ਤੋਂ ਛੁਟਣ ਦਾ ਕੀ ਗੁਣ ਹੈ ? (ਅਰਥਾਤ ਕੁਝ ਭੀ ਨਫਾ ਨਹੀਂ ਹੈ) ॥੩॥੪॥

**ਆਸਾ ॥ ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥**

**ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥ ਰਹਾਉ ॥**

ਹਰਿ ਹਰਿ ਹਰਿ ਹਰਿ ਹਰਿ ਹਰਿ ਹਰਿ, (ਇਉਂ) ਹਰਿ (ਨਾਮ) ਸਿਮਰਨ ਕਰਦੇ ਹੋਏ [ਨਿਸਤਰਿ] ਨਾ ਤਰ ਸਕਣ ਵਾਲੇ ਪੁਰਸ਼ (ਭੀ ਸੰਸਾਰ ਸਮੁੰਦਰ ਤੋਂ) ਤਰ ਗਏ ਹਨ।

**ਹਰਿ ਕੇ ਨਾਮ ਕਬੀਰ ਉਜਾਗਰ ॥ ਜਨਮ ਜਨਮ ਕੇ ਕਾਟੇ ਕਾਗਰ ॥੧॥**

ਹਰੀ ਦਾ ਨਾਮ (ਜਪਣ) ਕਰਕੇ ਹੀ ਕਬੀਰ (ਜਗਤ ਵਿਚ) ਮਸ਼ਹੂਰ ਹੋਇਆ ਹੈ। (ਉਸ ਦੇ) ਜਨਮਾਂ ਜਨਮਾਂ ਦੇ (ਕਰਮਾਂ ਦੇ) ਕਾਗਤ ਪਾਟ ਗਏ ਹਨ ॥੧॥

**ਨਿਮਤ ਨਾਮਦੇਉ ਦੂਧੁ ਪੀਆਇਆ ॥ ਤਉ ਜਗ ਜਨਮ ਸੰਕਟ ਨਹੀ ਆਇਆ ॥੨॥**

(ਠਾਕਰਾਂ ਦੇ) ਬਹਾਨੇ (ਨਾਲ) ਨਾਮਦੇਵ (ਨੇ ਹਰੀ ਨੂੰ) ਦੁਧ ਪਿਆਇਆ ਸੀ। ਤਦੇ (ਤਾਂ ਮੁੜ ਕੇ)

ਉਹ ਜਗਤ ਵਿਚ ਜਨਮ (ਮਰਨ ਦੇ) ਦੁਖਾਂ ਵਿਚ ਨ ਆਇਆ ॥੨॥

**ਜਨ ਰਵਿਦਾਸ ਰਾਮ ਰੰਗਿ ਰਾਤਾ ॥ ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩॥੫॥**

ਰਵਿਦਾਸ ਜੀ ਆਖਦੇ (ਹਨ, ਜੋ) ਪੁਰਸ਼ ਰਾਮ ਦੇ ਰੰਗ ਵਿਚ ਰਤਾ (ਗਿਆ ਹੈ)। [ਇਉ] ਸੱਚ ਜਾਣੋ, ਗੁਰਾਂ ਦੀ ਕ੍ਰਿਪਾ ਨਾਲ (ਉਹ) ਨਰਕਾਂ ਵਿਚ ਨਹੀਂ ਜਾਏਗਾ ॥੩॥੫॥

**ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥**
**ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥੧॥ ਰਹਾਉ ॥**

ਮਿੱਟੀ ਦਾ ਪੁਤਲਾ ਕਿਵੇਂ ਨੱਚਦਾ ਹੈ। (ਕਦੇ ਇਧਰ) ਵੇਖਦਾ (ਹੈ, ਕਦੇ ਉਧਰ) ਵੇਖਦਾ (ਹੈ), ਸੁਣਦਾ ਬੋਲਦਾ ਤੇ ਭੱਜਾ ਫਿਰਦਾ ਹੈ ॥੧॥ ਰਹਾਉ ॥

**ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥**
**ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥**

ਜਦ ਕੁਝ ਪਾ ਲੈਂਦਾ ਹੈ, ਤਦ ਹੰਕਾਰ ਕਰਦਾ ਹੈ। ਮਾਇਆ ਚਲੀ ਜਾਵੇ ਤਦ ਰੋਣ ਲੱਗ ਜਾਂਦਾ ਹੈ ॥੧॥

**ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥**
**ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨॥**

ਮਨ, ਬਾਣੀ ਤੇ [ਕ੍ਰਮ] ਸਰੀਰ (ਕਰਕੇ) ਰਸਾਂ ਕਸਾਂ ਵਿਚ ਲੁਭਾ ਰਿਹਾ ਹੈ। (ਜਦ) ਮਰ ਗਿਆ, (ਤਾਂ ਪਤਾ ਨਹੀਂ) ਕਿਥੇ ਜਾ ਸਮਾਵੇਗਾ ॥੨॥

**ਕਹਿ ਰਵਿਦਾਸ ਬਾਜੀ ਜਗੁ ਭਾਈ ॥**
**ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ ॥੩॥੬॥**

ਰਵਿਦਾਸ ਜੀ ਆਖਦੇ ਹਨ, ਹੇ ਭਾਈ! (ਇਹ) ਜਗਤ (ਇਹ) [ਬਾਜੀ] ਖੇਡ ਹੈ। (ਪਰ) ਖੇਡ ਕਰਨ ਵਾਲੇ ਨਾਲ ਮੇਰੀ ਪ੍ਰੀਤ ਲਗ ਗਈ ਹੈ ॥੩॥੬॥

***ਆਸਾ ਬਾਣੀ ਭਗਤ ਧੰਨੇ ਜੀ ਕੀ ੴ ਸਤਿਗੁਰ ਪ੍ਰਸਾਦਿ ॥***

**ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥**

ਭੌਂਦਿਆਂ ਫਿਰਦਿਆਂ ਬਹੁਤ ਜਨਮ ਲੰਘ ਗਏ ਹਨ, ਤਨ, ਮਨ ਤੇ ਧਨ (ਕਦੇ ਭੀ) ਥਿਰ ਨਹੀਂ (ਰਿਹਾ)।

**ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥**

ਵਿਸ਼ਿਆਂ ਦੇ ਲਾਲਚ ਤੇ ਕਾਮ ਦੇ ਲੋਭ ਵਿਚ ਮਨ ਰਤਾ (ਰਿਹਾ ਹੈ, ਅਤੇ) [ਹੀਰੇ] ਪ੍ਰਕਾਸ਼ ਰੂਪ ਪ੍ਰਭੂ ਨੂੰ ਭੁਲ ਗਿਆ ਹੈ ॥੧॥ ਰਹਾਉ ॥

**ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥**

ਬੌਰੇ ਮਨ ਨੂੰ ਜ਼ਹਿਰ ਰੂਪ ਫਲ ਮਿੱਠੇ ਲਗੇ (ਹਨ, ਅਤੇ) ਸੁੰਦਰ ਵਿਚਾਰ (ਇਸ ਨੇ) ਜਾਣਿਆ ਹੀ ਨਹੀਂ

ਹੈ ।

**ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥**

ਗੁਣਾਂ ਵਲੋਂ (ਹਟਕੇ) ਪ੍ਰੀਤ ਹੋਰ ਤਰ੍ਹਾਂ ਦੇ (ਕੰਮਾਂ ਵਿਚ) ਵਧ ਗਈ, (ਇਸ ਲਈ) ਜਨਮ ਮਰਨ (ਵਿਚ) [ਫਿਰਿ ਤਾਨਿਆ] ਭੁਆਇਆ ਜਾਏਗਾ ॥੧॥

**ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥**

(ਵਾਹਿਗੁਰੂ ਨੂੰ ਮਿਲਣ ਦੀ) ਜੁਗਤੀ ਜਾਣ ਕੇ ਭੀ ਦਿਲ ਵਿਚ ਨਹੀਂ ਵਸਾਈ, (ਤਦੇ ਹੀ) ਜਮਾਂ ਦੀ ਫਾਹੀ ਵਿਚ ਫਸ ਕੇ [ਜਾਲ] ਅੱਗ ਵਿਚ ਸੜ ਰਹੇ ਹਨ ।

**ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥**

ਇਸ ਤਰ੍ਹਾਂ ਨਾਲ ਜ਼ਹਿਰ ਦੇ ਫਲ 'ਕੱਠੇ ਕਰ ਕੇ ਮਨ ਵਿਚ ਭਰ ਲਏ ਹਨ, ਅਤੇ ਪਵਿੱਤਰ ਪੁਰਖ ਪ੍ਰਭੂ ਮਨੋਂ ਭੁਲ ਗਿਆ ਹੈ ॥੨॥

**ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥**

ਗੁਰਾਂ ਨੇ (ਜੋ) ਗਿਆਨ ਧਨ ਦਿਤਾ ਹੈ, (ਜਦ) ਮਨ (ਨੇ ਉਸ ਵਿਚ) ਪ੍ਰਵੇਸ (ਕਰਨ ਵਲ) ਧਿਆਨ ਦਿੱਤਾ (ਤਦ ਉਸ) ਮਨ ਨੂੰ ਪ੍ਰਾਪਤ (ਕਰਕੇ) ਮਨ ਇਕ ਦਾ ਰੂਪ ਹੋ ਗਿਆ ।

**ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥**

(ਅਰਥਾਤ) ਪ੍ਰੇਮ ਭਗਤੀ (ਕਰਨੀ) ਮੰਨੀ (ਤਾਂ ਆਤਮ) ਸੁਖ ਨੂੰ ਜਾਨਿਆਂ ਤੇ ਤ੍ਰਿਪਤੀ ਨਾਲ ਰੱਜ ਕੇ ਮੁਕਤਿ (ਰੂਪ) ਹੋ ਗਏ ਹਾਂ ॥੩॥

**ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥**

(ਜੋ) ਜੋਤਿ (ਸਭਨਾਂ ਵਿਚ) ਸਮਾਈ (ਹੋਈ ਹੈ, ਉਹ) ਜਿਸ ਦੇ (ਹਿਰਦੇ ਵਿਚ) ਸਮਾਈ ਹੈ, (ਉਸ ਨੇ) ਨਾ ਛਲੇ ਜਾਣ ਵਾਲੇ ਪ੍ਰਭੂ ਨੂੰ ਪਛਾਣ ਲਿਆ ਹੈ ।

**ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥**

(ਦਾਸ) ਧੰਨੇ ਨੇ (ਉਸ) ਧਰਤੀ ਨੂੰ ਧਾਰਨ ਵਾਲੇ (ਦੇ ਨਾਮ) ਧਨ ਨੂੰ ਪਾਇਆ ਹੈ ਅਤੇ ਸੰਤਾਂ ਨਾਲ ਮਿਲ ਕੇ ਦਾਸ (ਉਸਦੇ ਵਿਚ ਹੀ) ਸਮਾ ਗਿਆ ਹੈ ॥੪॥੧॥

**ਮਹਲਾ ੫ ॥ ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥**

ਗੋਬਿੰਦ, ਗੋਬਿੰਦ, ਗੋਬਿੰਦ, (ਇਸ ਤਰ੍ਹਾਂ ਦੇ ਸਿਮਰਨ ਦੇ) ਨਾਲ ਹੀ (ਜਦ) ਨਾਮਦੇਵ ਦਾ ਮਨ ਲੀਣ (ਹੋ ਗਿਆ) ।

**ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥**

(ਤਾਂ) ਅੱਧੀ ਦਮੜੀ ਦਾ ਛੀਂਬਾ, ਲੱਖਾਂ (ਰੁਪਏ ਦਾ) ਹੋ ਗਿਆ ॥੧॥ ਰਹਾਉ ॥

**ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥**

(ਜਦ) ਕਬੀਰ ਨੇ ਤਾਣਾ ਬਾਣਾ ਛੱਡ ਕੇ (ਵਾਹਿਗੁਰੂ) ਦੇ ਚਰਨਾਂ (ਨਾਲ) ਪ੍ਰੀਤੀ (ਲਾਈ)।

**ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥**

(ਤਾਂ) ਨੀਚ ਕੁਲ ਦਾ ਜੁਲਾਹਾ (ਭੀ) ਗੁਣਾਂ ਦਾ ਗਹਿਰਾ ਸਮੁੰਦਰ ਹੋ ਗਿਆ ॥੧॥

**ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥**

ਰਵਿਦਾਸ (ਚੁਮਾਰ) ਰੋਜ਼ ਮੋਏ ਪਸ਼ੂ ਢੋਂਦਾ (ਸੀ, ਜਦ) ਉਸਨੇ ਮਾਇਆ ਦਾ ਮੋਹ ਛੱਡ ਦਿੱਤਾ।

**ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥**

(ਤਾਂ ਉਹ) ਸਾਧ ਸੰਗਤਿ ਵਿਚ ਪ੍ਰਸਿੱਧ ਹੋ ਗਿਆ (ਤੇ ਉਸ ਨੇ) ਹਰੀ ਦਾ ਦਰਸ਼ਨ ਪਾ ਲਿਆ ॥੨॥

**ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥**

ਸੈਣ ਨਾਈ ਬੁਤੀਆਂ ਕਰਦਾ ਸੀ, ਉਹਨੂੰ ਘਰ ਘਰ ਦਾ (ਬੰਦਾ) ਜਾਣਦਾ ਸੀ।

**ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥**

(ਜਦ ਉਸ ਦੇ) ਮਨ ਵਿਚ ਵਾਹਿਗੁਰੂ ਵੱਸ ਗਿਆ (ਤਾਂ ਉਹ ਭੀ) ਭਗਤਾਂ ਵਿਚ ਗਿਣਿਆ ਗਿਆ ॥੩॥

**ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥**

ਇਸ ਤਰ੍ਹਾਂ ਦੀਆਂ (ਗੱਲਾਂ) ਸੁਣਕੇ ਜੱਟ ਭੀ ਉੱਠ ਕੇ ਭਗਤੀ (ਕਰਨ) ਲਗ ਪਿਆ।

**ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥**

ਵਾਹਿਗੁਰੂ ਪ੍ਰਤੱਖ ਹੋ ਕੇ (ਉਸ ਨੂੰ ਮਿਲ ਪਿਆ ਹੈ, (ਇਸ ਲਈ) ਧੰਨਾ ਵੱਡੇ ਭਾਗਾਂ (ਵਾਲਾ ਹੋ ਗਿਆ) ॥੪॥੨॥

**ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥**

ਹੇ ਮਨ! [ਦਮੋਦਰ] ਮਾਯਾ ਦਾ ਆਸਰਾ ਵਾਹਿਗੁਰੂ ਦਿਆਲੂ ਨੂੰ ਕਿਉਂ ਨਹੀਂ ਯਾਦ ਕਰਦਾ? (ਉਸ ਤੋਂ ਬਿਨਾਂ ਹੋਰ) ਕੋਈ [ਬਿਬਹਿ] ਦੂਜਾ (ਤੇਰੀ ਸਹੈਤਾ ਕਰਨ ਵਾਲਾ) ਨਹੀਂ ਜਾਣੀਦਾ।

**ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥੧॥ ਰਹਾਉ॥**

ਜੇਕਰ (ਤੂੰ) ਖੰਡਾਂ ਬ੍ਰਹਮੰਡਾਂ (ਵਿਚ) ਦੌੜਦਾ ਫਿਰੇਂਗਾ, (ਤਾਂ) ਹੋਣਾ ਓਹੀ ਹੈ, (ਜੋ) ਕਰਤਾ ਕਰੇਗਾ ॥੧॥ ਰਹਾਉ॥

**ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥**

ਮਾਂ ਦੇ ਪੇਟ (ਦੇ ਵਿਚਲੇ) ਪਾਣੀ ਵਿਚ (ਜਿਸ ਨੇ) ਦਸਾਂ ਦਰਵਾਜ਼ਿਆਂ (ਵਾਲਾ ਤੇਰਾ) ਸਰੀਰ ਬਣਾ ਦਿਤਾ ਹੈ।

**ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥੧॥**

(ਅਤੇ ਫਿਰ) ਖੁਰਾਕ ਦੇ ਕੇ (ਪੇਟ ਦੀ) ਅੱਗ ਵਿਚ (ਜਿਸ ਨੇ ਰਖਿਆ ਕੀਤੀ) ਅਜੇਹਾ (ਕ੍ਰਿਪਾਲੂ) ਸਾਡਾ ਮਾਲਕ ਹੈ ॥੧॥

**ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥**

(ਕਛੂ) ਕੁੰਮੀ ਪਾਣੀ ਵਿਚ (ਰਹਿੰਦੀ ਹੈ ਅਤੇ) ਉਸ ਦੇ [ਤਨ] ਬੱਚੇ (ਪਾਣੀ ਤੋਂ) ਬਾਹਰ (ਹੁੰਦੇ ਹਨ, ਫਿਰ) ਉਨ੍ਹਾਂ ਨੂੰ ਖੰਭ (ਨਹੀਂ ਹੁੰਦੇ ਜੋ ਚੋਗਾ ਚੁਗ ਆਉਣ ਅਤੇ) ਨਾ ਹੀ (ਉਨ੍ਹਾਂ ਕੋਲ ਮਾਂ ਦਾ) ਦੁੱਧ (ਹੈ, ਜੋ ਪੀ ਕੇ ਪੇਟ ਭਰ ਲੈਣ)।

**ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥੨॥**

ਵੱਡਾ ਅਨੰਦ (ਸਰੂਪ) ਸੁੰਦਰ (ਵਾਹਿਗੁਰੂ ਉਨ੍ਹਾਂ ਦੀ) [ਪੂਰਨ] ਪਾਲਣਾ (ਉਥੇ ਹੀ ਕਰਦਾ ਹੈ), ਮਨ ਵਿਚ (ਇਹ ਸੋਚ ਸਮਝਕੇ ਵੇਖੋ) ॥੨॥

**ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥**

ਪੱਥਰ ਵਿਚ ਕੀੜਾ ਲੁਕ ਕੇ ਰਹਿੰਦਾ ਹੈ, ਫਿਰ ਉਸ (ਪੱਥਰ ਨੂੰ ਕੋਈ) ਰਾਹ (ਭੀ) ਨਹੀਂ ਹੈ।

**ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥੩॥੩॥**

ਧੰਨਾ ਜੀ ਆਖਦੇ ਹਨ, ਉਸ ਦੀ (ਭੀ) ਪਾਲਣਾ (ਵਾਹਿਗੁਰੂ ਕਰਦਾ ਹੈ) ਹੇ ਮਨ! (ਤੂੰ ਭੀ ਰੋਜ਼ੀ ਵਲੋਂ) ਨਾ ਡਰ! (ਤੇਰੀ ਪਾਲਣਾ ਜ਼ਰੂਰ ਕਰੇਗਾ) ॥੩॥੩॥

SIKHBOOKCLUB.COM

***ਆਸਾ ਸੇਖ ਫਰੀਦ ਜੀਉ ਕੀ ਬਾਣੀ ੧ੴ ਸਤਿਗੁਰ ਪ੍ਰਸਾਦਿ ॥***

**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥**

**ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥**

ਜਿਨ੍ਹਾਂ ਦਾ ਦਿਲੀ ਪ੍ਰੇਮ ਹੈ, ਓਹੀ ਸੱਚੇ ਹਨ। ਜਿਨ੍ਹਾਂ ਦੇ ਮਨ (ਵਿਚ) ਹੋਰ ਵਸਦਾ ਹੈ , ਅਤੇ ਮੂੰਹੋਂ (ਕੁਝ) ਹੋਰ (ਆਖਦੇ ਹਨ), ਉਹ ਕੱਚੇ [ਕਾਂਢੇ] ਕਹੇ ਜਾਂਦੇ ਹਨ ॥੧॥

**ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥**

**ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ ॥**

ਪ੍ਰੇਮ (ਵਾਲੇ) ਤਾਂ ਖੁਦਾ ਦੇ ਦਰਸ਼ਨ ਦੇ ਰੰਗ ਵਿਚ ਰੱਤੇ ਹੋਏ ਹਨ। ਜਿਨ੍ਹਾਂ ਨੂੰ ਨਾਮ ਭੁਲ ਗਿਆ ਹੈ, ਉਹ ਧਰਤੀ ਉਤੇ ਭਾਰ ਬਣੇ ਹੋਏ ਹਨ ॥੧॥ ਰਹਾਉ ॥

**ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥**

**ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥**

ਜੋ ਦਰਗਾਹ ਦੇ ਫਕੀਰ (ਹਨ) ਉਨ੍ਹਾਂ ਨੂੰ (ਉਸ ਨੇ) ਆਪਣੇ ਲੜ ਲਾ ਲਿਆ ਹੈ, ਉਨ੍ਹਾਂ ਦੇ ਜੰਮਣ ਵਾਲੀ ਮਾਂ ਧੰਨ ਹੈ, ਅਤੇ ਉਨ੍ਹਾਂ ਦਾ ਆਉਣਾ ਸਫਲ ਹੈ ॥੨॥

**ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥**
**ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥**

ਹੇ ਪਾਲਨਾ ਕਰਨ ਵਾਲੇ! (ਤੇਰਾ) ਪਾਰ ਨਹੀਂ ਆਉਂਦਾ, ਤੂੰ ਪਹੁੰਚ ਤੋਂ ਪਰੇ ਅਤੇ ਬੇਅੰਤ ਹੈਂ। ਹੇ ਸੱਚ! ਜਿਨ੍ਹਾਂ (ਨੇ ਤੈਨੂੰ) ਪਛਾਣਿਆ ਹੈ, ਮੈਂ (ਉਨ੍ਹਾਂ ਦੇ) ਪੈਰ ਚੁੰਮਦਾ ਹਾਂ ॥੩॥

**ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥੧॥**

ਹੇ ਖੁਦਾਇ! ਮੈਂ ਤੇਰੀ ਸ਼ਰਨ ਹਾਂ ਤੂੰ (ਗੁਨਾਹ) ਬਖਸ਼ਨ ਵਾਲਾ ਹੈਂ। (ਮੈਂ) ਸ਼ੇਖ ਫਰੀਦ ਨੂੰ (ਆਪਣੀ) ਬੰਦਗੀ ਦਾ ਖੈਰ ਦੇਹੁ ॥੪॥੧॥

**ਆਸਾ ॥ ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥**
**ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥**

ਸ਼ੇਖ ਫਰੀਦ ਜੀ ਆਖਦੇ ਹਨ, ਹੇ ਪਿਆਰੇ! ਅੱਲਾ (ਦੇ ਨਾਮ ਜਪਨ ਵਿਚ) ਲਗਾ ਰਹੁ। ਇਹ ਸਰੀਰ ਸਵਾਹ ਹੋ ਜਾਵੇਗਾ ਅਤੇ ਨਿਮਾਣੀ (ਰੂਹ) ਕਬਰ ਨੂੰ ਘਰ ਬਣਾਵੇਗੀ ॥੧॥

**ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ ॥**

ਸ਼ੇਖ ਫਰੀਦ (ਜੀ ਆਖਦੇ ਹਨ, ਵਾਹਿਗੁਰੂ ਨਾਲ) ਅੱਜ ਹੀ ਮੇਲ ਜੋ ਜਾਂਦਾ ਹੈ, ਜੇ ਮਨ ਨੂੰ [ਮਚਿੰਦੜੀਆ] ਮਛਰਾਉਣ ਵਾਲੀਆਂ [ਕੂੰਜੜੀਆ= ਕੂੰਜਾਂ] ਵਾਸ਼ਨਾਂ ਨੂੰ [ਟਾਕਿਮ] ਰੋਕ ਲਵਾਂ (ਅਰਥਾਤ ਵਾਸ਼ਨਾ ਛੱਡਿਆਂ ਹੀ ਰੱਬ ਨਾਲ ਮੇਲ ਹੋਣਾ ਹੈ) ॥੧॥ ਰਹਾਉ ॥

**ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥**
**ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥**

ਜੇ (ਇਹ) ਜਾਣੀਏ ਕਿ ਮਰ ਜਾਣਾ ਹੈ ਤੇ ਮੁੜ ਕੇ ਨਹੀਂ ਆਉਣਾ, ਤਾਂ ਝੂਠੀ ਦੁਨੀਆਂ (ਦੇ ਮਗਰ) ਲਗ ਕੇ ਆਪਣਾ ਆਪ ਨਾ ਗਵਾ ਲਈਏ ॥੨॥

**ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥**
**ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥**

ਸਚ ਤੇ ਧਰਮ ਦੀ ਗੱਲ ਕਰੀਏ, ਝੂਠ ਨ ਬੋਲੀਏ। ਜੋ ਰਾਹ ਗੁਰਾਂ ਨੇ ਦਸਿਆ ਹੈ, ਸਿੱਖਾਂ (ਨੂੰ ਉਸੇ ਰਾਹ) [ਜੋਲੀਐ] ਤੁਰਨਾ ਚਾਹੀਦਾ ਹੈ ॥੩॥

**ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥**
**ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥੪॥**

[ਛੈਲ] ਸੰਤਾਂ ਨੂੰ ਪਾਰ ਲੰਘਦਿਆਂ (ਵੇਖ ਕੇ) [ਗੋਰੀ] ਜਗਯਾਸੂ ਦੇ ਮਨ ਨੂੰ ਧੀਰਜ ਆ ਗਿਆ। (ਪਰ ਜੋ) [ਕੰਚਨ= ਸੋਨਾ] ਮਾਇਆ ਵਲ (ਲਗੇ ਹੋਏ ਹਨ, ਉਨ੍ਹਾਂ ਦੇ) ਪਾਸੇ [ਕਲਵਤਿ] ਆਰੇ ਨਾਲ ਚੀਰੇ

ਗਏ ਹਨ ॥੪॥

**ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥**
**ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥**

[ਹੈਯਾਤੀ] ਉਮਰਾਂ ਭੋਗਣ ਦੇ [ਸੇਖ] ਬਾਦ ਜਗਤ (ਉਤੇ) ਕੋਈ ਭੀ ਥਿਰ ਨਹੀਂ ਰਿਹਾ। ਜਿਸ ਜਗ੍ਹਾ 'ਤੇ ਅਸੀਂ ਬੈਠੇ ਹਾਂ, (ਇਥੇ ਅੱਗੇ) ਕਿੰਨੇ ਹੀ ਬਹਿ ਗਏ ਹਨ ॥੫॥

**ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥**
**ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥੬॥**

ਕਤਕ ਵਿਚ ਕੂੰਜਾਂ, ਚੇਤ (ਵਿਚ) ਕਾਨਿਆਂ ਨੂੰ ਅੱਗ (ਤੇ) ਸਾਵਣ ਵਿਚ ਬਿਜਲੀਆਂ (ਚਮਕਦੀਆਂ ਹਨ)। ਸਿਆਲ ਵਿਚ ਪਤੀ ਦੇ ਗਲ ਬਾਹੀਆਂ (ਪਾ ਕੇ ਇਸਤ੍ਰੀਆਂ) ਸੋਭਾ ਪਾਂਦੀਆਂ ਹਨ, (ਅਰਥਾਤ ਜਿਵੇਂ ਰੁਤ-ਰੁਤ ਨਾਲ ਸਾਰੇ ਕੰਮ ਹੋਕੇ ਫਿਰ ਕਾਇਮ ਨਹੀਂ ਰਹਿੰਦੇ, ਇਵੇਂ ਉਮਰਾਂ ਭੋਗ ਕੇ ਕੋਈ ਭੀ ਸਥਿਰ ਨਹੀਂ ਰਹਿੰਦਾ) ॥੬॥

**ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥**
**ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭॥**

ਹੇ ਮਨ! ਵਿਚਾਰ ਲੈ, ਨਾਸ ਹੋ ਜਾਣ ਵਾਲੇ (ਨੇ ਜ਼ਰੂਰ) ਨਾਸ ਹੋ ਜਾਣਾ ਹੈ। ਮਾਂ ਦੇ ਪੇਟ ਵਿਚ ਬਣਦਿਆਂ ਤਾਂ ਛੇ ਮਹੀਨੇ (ਲੱਗੇ ਸਨ, ਅਤੇ) ਟੁਟਦਿਆਂ ਇਕ ਖਿਨ ਲਗਦੀ ਹੈ ॥੭॥

**ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥**
**ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥**

ਫਰੀਦ (ਜੀ ਆਖਦੇ ਹਨ) ਜ਼ਮੀਨ ਨੇ ਅਕਾਸ਼ ਤੋਂ ਪੁਛਿਆ (ਜੋ ਅੱਗੇ) ਕਿੰਨੇ ਕੁ [ਖੇਵਟ-ਮਲਾਹ] ਮੁਰਸ਼ਦ ਹੋ ਗੁਜ਼ਰੇ ਹਨ? (ਉੱਤਰ ਮਿਲਿਆ)—ਕਈ ਲੱਕੜਾਂ ਵਿਚ ਸੜ ਗਏ, (ਕਈ ਕਬਰਾਂ ਵਿਚ ਦੱਬੇ ਗਏ, (ਅਤੇ ਕਈਆਂ ਦੇ ਰੂਹ ਦਰਗਾਹ ਵਿਚ) ਉਲਾਂਭੇ ਸਹਾਰ ਰਹੇ ਹਨ ॥੮॥੨॥

## ਰਾਗੁ ਗੂਜਰੀ (ਅੰਗ ੫੨੪-੨੯)

***ਰਾਗੁ ਗੂਜਰੀ ਭਗਤਾ ਕੀ ਬਾਣੀ ੧ੴ ਸਤਿਗੁਰ ਪ੍ਰਸਾਦਿ ॥***

**ਸ੍ਰੀ ਕਬੀਰ ਜੀਉ ਕਾ ਚਉਪਦਾ ਘਰੁ ੨ ਦੂਜਾ ॥**

**ਉਥਾਨਕਾ**—ਇਕ ਦੁਨੀਆ ਵਿਚ ਫਸੇ ਪੁਰਖ ਨੂੰ ਭਗਤ ਜੀ ਉਪਦੇਸ਼ ਦੇਂਦੇ ਹਨ, ਕਿ ਮਨੁਖ ਜਨਮ ਵਿਚ ਨਾਮ ਨਹੀਂ ਜਪਦਾ, ਜਦ ਕਰਮਾਂ ਦਾ ਫਲ ਭੋਗਣ ਲਈ ਪਸ਼ੂ ਬਣ ਕੇ ਦੁਖ ਪਾਵੇਂਗਾ ਉਸ ਵੇਲੇ ਕੀ ਕਰੇਂਗਾ?

**ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ ॥**

(ਜਦੋਂ) ਚਾਰ ਪੈਰ, ਦੋ ਸਿੰਙ ਤੇ ਮੂੰਹੋਂ ਗੂੰਗਾ (ਹੋਵੇਂਗਾ), ਓਦੋਂ ਕਿਸ ਤਰ੍ਹਾਂ (ਵਾਹਿਗੁਰੂ ਦੇ) ਗੁਣ ਗਾਵੇਂਗਾ ?

**ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ ॥੧॥**

ਉਠਦਿਆਂ ਬਹਿੰਦਿਆਂ ਡੰਡਾ ਵਜੇਗਾ, ਓਦੋਂ ਮੂੰਹ ਕਿਥੇ ਲੁਕਾਵੇਂਗਾ ? ॥੧॥

**ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥**

**ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ ॥੧॥ ਰਹਾਉ ॥**

ਹਰਿ (ਨਾਮ ਜਪੇ ਤੋਂ) ਬਿਨਾਂ [ਬਿਰਾਨੇ] ਨਿਖਸਮਾ ਬਲਦ ਹੋਵੇਂਗਾ, (ਨੱਥ ਨਾਲ) ਨੱਕ ਪਾਟ ਜਾਵੇਗਾ ਕੰਨ੍ਹਾ ਟੁਟ ਜਾਵੇਗਾ ਅਤੇ ਕੋਧਰੇ ਦੀ ਤੂੜੀ ਖਾਵੇਂਗਾ ॥੧॥ ਰਹਾਉ ॥

**ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ ॥**

ਸਾਰਾ ਦਿਨ ਜੰਗਲ ਵਿਚ ਫਿਰਦਿਆਂ (ਭੀ ਤੇਰਾ) ਢਿੱਡ ਨਹੀਂ ਭਰਿਆ ਕਰੇਗਾ ।

**ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ ॥੨॥**

(ਹੁਣ ਤੂੰ) ਭਗਤ ਜਨਾਂ ਦਾ ਕਿਹਾ ਨਹੀਂ ਮੰਨਦਾ, (ਓਦੋਂ) ਆਪਣੇ ਕੀਤੇ (ਕਰਮਾਂ ਦਾ ਫਲ ਦੁਖ) ਪਾਵੇਂਗਾ ? ॥੨॥

**ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ ॥**

ਵੱਡੇ ਭਰਮਾਂ ਵਿਚ ਡੁੱਬਾ ਹੋਣ ਕਰਕੇ ਅਨੇਕਾਂ ਜੂਨਾਂ ਵਿਚ ਭੌਂਦਿਆਂ ਦੁਖ ਤੇ ਸੁਖ ਪਾਵੇਂਗਾ ।

**ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ ॥੩॥**

ਪ੍ਰਭੂ ਨੂੰ ਭੁਲਾ ਕੇ ਰਤਨ (ਵਰਗਾ ਮਨੁਖਾ) ਜਨਮ ਗਵਾ ਲਿਆ ਹੈ, ਏਹ ਵੇਲਾ ਫੇਰ ਕਦੋਂ ਪਾਵੇਂਗਾ ॥੩॥

**ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ ॥**

ਤੇਲੀ ਦੇ [ਕਪਿ] ਬਲਦ ਵਾਂਗੂ ਭੌਂਦੇ ਫਿਰਦਿਆਂ [ਗਤਿ] ਬੇ-ਹਿਸਾਬ ਪੈਂਡੇ ਵਿਚ ਹੀ ਰਾਤ ਬੀਤ ਜਾਵੇਗੀ।

**ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈਹੈ ॥੪॥੧॥**

ਕਬੀਰ ਜੀ ਆਖਦੇ ਹਨ, ਰਾਮ (ਦਾ) ਨਾਮ (ਜਪੇ ਤੋਂ) ਬਿਨਾਂ (ਅੰਤ ਨੂੰ) ਸਿਰ (ਤੇ ਹੱਥ) ਮਾਰ ਮਾਰ ਕੇ ਪਛਤਾਵੇਂਗਾ ॥੪॥੧॥

## ਗੂਜਰੀ ਘਰੁ ੩ ॥

**ਉਥਾਨਕਾ**—ਜਦੋਂ ਕਬੀਰ ਜੀ ਭਗਤੀ ਵਿਚ ਲਗੇ ਤਾਂ ਘਰ ਦੇ ਸਾਰੇ ਵਿਹਾਰ ਕਾਰ ਛੱਡ ਬੈਠੇ। ਭਗਤ ਜੀ ਦੀ ਮਾਂ ਘਰ ਵਿਚ ਨਿੱਕਾ-ਨਿੱਕਾ ਜੀਅ ਜੰਤ ਵੇਖ ਕੇ ਚਿੰਤਾ ਕਰਿਆ ਕਰਦੀ ਤੇ ਦੁਖੀ ਹੁੰਦੀ। ਪਹਿਲੀਆਂ ਚੌਂਹ ਤੁਕਾਂ ਵਿਚ ਮਾਂ ਦੇ ਕਥਨ ਦਾ ਅਨੁਵਾਦ ਹੈ ਤੇ ਅੰਤ ਦੀਆਂ ਤੁਕਾਂ ਵਿਚ ਕਬੀਰ ਜੀ ਮਾਂ ਨੂੰ ਉਪਦੇਸ਼ ਦੇਂਦੇ ਹਨ—

**ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥**
**ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥੧॥**

ਕਬੀਰ ਜੀ ਦੀ ਮਾਂ ਡਸਕੋਰੇ ਲੈ ਕੇ ਰੋਂਦੀ ਹੈ (ਤੇ ਆਖਦੀ ਹੈ) ਕਿ ਹੇ ਰਾਮ ! ਇਹ ਬੱਚੇ ਕਿਵੇ ਜੀਊਣਗੇ ? ॥੧॥

**ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥**
**ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥੧॥ ਰਹਾਉ ॥**

(ਕਿਉਂਕਿ) ਕਬੀਰ ਨੇ ਸਭ ਤਾਣਾ ਬਾਣਾ ਛੱਡ ਦਿੱਤਾ ਹੈ (ਅਤੇ) ਹਰੀ ਦਾ ਨਾਮ ਹੀ ਸਰੀਰ ਉਤੇ ਲਿਖ ਲਿਆ ਹੈ ॥੧॥ ਰਹਾਉ ॥

**ਜਬ ਲਗੁ ਤਾਗਾ ਬਾਹਉ ਬੇਹੀ ॥ ਤਬ ਲਗੁ ਬਿਸਰੈ ਰਾਮੁ ਸਨੇਹੀ ॥੨॥**

(ਕਬੀਰ ਜੀ ਨੇ ਕਿਹਾ—ਹੇ ਮਾਂ !) ਜਦ ਤਕ (ਮੈਂ) [ਬੇਹੀ] ਨਾਲ ਵਿਚ ਧਾਗਾ ਪਾਉਂਦਾ ਹਾਂ ਓਨਾਂ ਚਿਰ ਪਿਆਰਾ ਰਾਮ ਭੁੱਲ ਜਾਂਦਾ ਹੈ, (ਇਸ ਲਈ ਮੈਂ ਤਾਣੇ ਉਣਨੇ ਛੱਡ ਦਿਤੇ ਹਨ) ॥੨॥

**ਓਛੀ ਮਤਿ ਮੇਰੀ ਜਾਤਿ ਜੁਲਾਹਾ ॥ ਹਰਿ ਕਾ ਨਾਮੁ ਲਹਿਓ ਮੈ ਲਾਹਾ ॥੩॥**

ਮੇਰੀ ਮੱਤ ਵੀ ਹਲਕੀ ਹੈ ਤੇ ਜਾਤਿ ਭੀ ਜੁਲਾਹਾ ਹੈ (ਪਰ) ਹਰੀ ਦਾ ਨਾਮ (ਜਪ ਕੇ) ਮੈਂ (ਇਹ) ਨਫਾ ਖਟਿਆ ਹੈ (ਜੋ ਸਾਰੇ ਲੋਕ ਮੈਨੂੰ ਭਗਤ-ਭਗਤ ਆਖਦੇ ਹਨ) ॥੩॥

**ਕਹਤ ਕਬੀਰ ਸੁਨਹੁ ਮੇਰੀ ਮਾਈ ॥ ਹਮਰਾ ਇਨ ਕਾ ਦਾਤਾ ਏਕੁ ਰਘੁਰਾਈ ॥੪॥੨॥**

ਕਬੀਰ ਜੀ ਆਖਦੇ ਹਨ, ਹੇ ਮੇਰੀ ਮਾਂ ! ਸੁਣ, ਮੈਨੂੰ ਤੇ ਇਨ੍ਹਾਂ (ਬੱਚਿਆਂ) ਨੂੰ (ਰੋਜ਼ੀ) ਦੇਣ ਵਾਲਾ ਇਕੋ ਰਾਮ ਹੀ ਹੈ ॥੪॥੨॥

***ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥***

**ਜੌ ਰਾਜੁ ਦੇਹਿ ਤ ਕਵਨ ਬਡਾਈ ॥**
**ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥੧॥**

ਜੇਕਰ (ਮੈਨੂੰ) ਰਾਜ ਦੇਵੇਂ, ਤਾਂ (ਮੇਰੀ) ਕਾਹਦੀ ਵਡਿਆਈ ਹੈ ? ਜੇਕਰ (ਮੈਥੋਂ) ਭੀਖ ਮੰਗਵਾਏਂ ਤਾਂ (ਮੇਰਾ) ਕੀ ਘਟ ਜਾਵੇਗਾ ? ॥੧॥

**ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ ॥**
**ਬਹੁਰਿ ਨ ਹੋਇ ਤੇਰਾ ਆਵਨ ਜਾਨੁ ॥੧॥ ਰਹਾਉ ॥**

ਹੇ ਮੇਰੇ ਮਨ ! (ਤੂੰ) ਬੰਧਨਾਂ ਤੋਂ ਰਹਿਤ ਪਦ (ਦੇਣ ਵਾਲੇ) ਹਰੀ ਨੂੰ ਜਪ ਮੁੜ ਤੇਰਾ ਆਉਣਾ ਜਾਣਾ ਨਹੀਂ ਹੋਵੇਗਾ ॥੧॥ ਰਹਾਉ ॥

**ਸਭ ਤੈ ਉਪਾਈ ਭਰਮ ਭੁਲਾਈ ॥ ਜਿਸ ਤੂੰ ਦੇਵਹਿ ਤਿਸਹਿ ਬੁਝਾਈ ॥੨॥**

ਸਾਰੀ (ਦੁਨੀਆਂ) ਤੂੰ ਪੈਦਾ ਕਰਕੇ ਭਰਮ ਵਿਚ ਭੁਲਾਈ ਹੈ। ਜਿਸ ਨੂੰ ਤੂੰ (ਸਮਝ) ਦੇਂਦਾ ਹੈਂ, ਉਸੇ ਨੂੰ ਸਮਝ ਆਉਂਦੀ ਹੈ ॥੨॥

**ਸਤਿਗੁਰੁ ਮਿਲੈ ਤ ਸਹਸਾ ਜਾਈ ॥ ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥੩॥**

ਸਤਿਗੁਰੂ ਮਿਲੇ, ਤਾਂ ਸੰਸਾ ਜਾਂਦਾ ਹੈ। ਮੈਂ ਕਿਸਦੀ ਪੂਜਾ ਕਰਾਂ, ਹੋਰ ਕੋਈ ਦੂਜਾ ਦਿੱਸਦਾ ਹੀ ਨਹੀਂ ਹੈ ॥੩॥

**ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥**

(ਲੋਕੀਂ) ਇਕ ਪੱਥਰ ਨਾਲ ਪ੍ਰੇਮ ਕਰਦੇ ਹਨ। ਦੂਜੇ ਪੱਥਰ ਉਤੇ ਪੈਰ ਧਰਦੇ ਹਨ।

**ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥੪॥੧॥**

ਜੇਕਰ ਪਹਿਲਾ ਪੱਥਰ ਦੇਵਤਾ ਹੈ, ਤਾਂ ਦੂਜਾ ਭੀ ਦੇਵਤਾ ਹੈ। ਨਾਮਦੇਵ ਜੀ ਆਖਦੇ ਹਨ, ਅਸੀਂ ਤਾਂ ਹਰੀ ਦੀ ਸੇਵਾ (ਕਰਦੇ ਹਾਂ, ਪੱਥਰ ਪੂਜਾ ਕਰਦੇ ਹੀ ਨਹੀਂ) ॥੪॥੧॥

**ਗੂਜਰੀ ਘਰੁ ੧ ॥ ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ ॥**

(ਜਿਸ ਵਿਚ) ਮੈਲ ਦਾ [ਲਾਛੈ] ਨਿਸ਼ਾਨ ਨਹੀਂ, ਮੈਲ ਤੋਂ ਪਰੇ ਹੈ, ਉਹ [ਪਰਮਲ] ਚੰਦਨ (ਸਰੂਪ ਵਾਹਿਗੁਰੂ ਮੇਰੇ ਹਿਰਦੇ ਵਿਚ) ਆ ਬੈਠਾ ਹੈ।

**ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥੧॥**

(ਉਸ ਨੂੰ) ਆਉਂਦਿਆਂ ਕਿਸੇ ਨੇਂ ਵੇਖਿਆ ਹੀ ਨਹੀਂ (ਤਾਂ ਉਸਦੇ ਸਰੂਪ ਨੂੰ) ਕੌਣ ਜਾਣ ਸਕਦਾ ਹੈ ? ਹੇ ਭੈਣ! ॥੧॥

**ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ ॥੧॥ ਰਹਾਉ ॥**

ਕੌਣ ਆਖ ਸਕਦਾ ਹੈ ? ਕਿਸ ਨੂੰ ਸਮਝ ਹੈ ? ਰਾਮ ਤਾਂ ਕੁਲ ਤੋਂ ਰਹਿਤ ਹੈ! ਹੇ ਭੈਣ! ॥੧॥ ਰਹਾਉ ॥

**ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥**

ਜਿਵੇਂ ਅਕਾਸ਼ ਵਿਚ ਜਾਂਦੇ ਪੰਛੀ ਦਾ ਰਾਹ ਨਜ਼ਰ ਨਹੀਂ ਆਉਂਦਾ (ਇਵੇਂ ਹੀ) ਉਸਦਾ ਸਰੂਪ ਵੇਖਿਆ ਨਹੀਂ ਜਾਂਦਾ।

**ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ॥੨॥**

ਜਿਵੇਂ ਅਕਾਸ਼ ਵਿਚ ਜਾਂਦੇ ਪੰਛੀ ਦਾ ਰਾਹ ਨਜ਼ਰ ਨਹੀਂ ਆਉਂਦਾ (ਇਵੇਂ ਹੀ ਉਸਦੇ ਆਉਣ ਦਾ) ਰਾਹ ਨਹੀਂ ਦਿਸਦਾ ॥੨॥

**ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥**

ਜਿਵੇਂ (ਕੋਈ ਕਹੇ ਕਿ) ਮ੍ਰਿਗ ਤ੍ਰਿਸ਼ਨਾ (ਦੇ ਪਾਣੀ ਦਾ) ਭਰਿਆ ਹੋਇਆ ਘੜਾ ਅਕਾਸ਼ ਵਿਚ (ਪਿਆ ਹੈ, ਇਹ ਗੱਲ ਅਸੰਭਵ ਹੈ, ਇਵੇਂ ਨਿਰੰਕਾਰ ਦੇ ਸਰੂਪ ਦਾ ਕਥਨ ਕਰਨਾ ਅਸੰਭਵ ਹੈ)।

**ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥੩॥੨॥**

ਨਾਮਦੇਵ ਦਾ ਮਾਲਕ ਵਾਹਿਗੁਰੂ (ਅਜੇਹਾ ਹੈ) ਜਿਸ (ਉਤੇ ਉਪਰ ਕਹੇ ਹੋਏ) ਤਿੰਨੇ (ਦ੍ਰਿਸ਼ਟਾਂਤ) [ਜਰਿਆ] ਘਟ ਜਾਂਦੇ ਹਨ ॥੩॥੨॥

## ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩

## ੧ੴ ਸਤਿਗੁਰ ਪ੍ਰਸਾਦਿ ॥

**ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥**

ਦੁਧ ਨੂੰ ਵੱਛੇ ਨੇ ਥਨਾਂ ਵਿਚੋਂ ਪੀ ਕੇ [ਬਿਟਾਰਿਓ] ਜੂਠਾ ਕਰ ਦਿੱਤਾ ਹੈ। ਫੁੱਲ ਨੂੰ ਭੌਰੇ ਨੇ ਤੇ ਪਾਣੀ ਨੂੰ ਮੱਛੀ ਨੇ ਖਰਾਬ ਕਰ ਦਿੱਤਾ ਹੈ ॥੧॥

**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥**
**ਅਵਰੁ ਨ ਫੂਲੁ ਅਨੂਪੁ ਨ ਪਾਵਉ ॥੧॥ ਰਹਾਉ ॥**

ਹੇ ਮਾਈ! (ਮੈਂ) ਗੋਬਿੰਦ ਪੂਜਾ ਕਰਨ ਲਈ ਕੀ ਭੇਟ ਚੜ੍ਹਾਵਾਂ ? ਹੋਰ (ਕੋਈ) ਫੁਲ (ਮਿਲਦਾ) ਨਹੀਂ, (ਮੈਂ ਉਸ) [ਅਨੂਪੁ] ਸੁੰਦਰ ਸਰੂਪ ਵਾਹਿਗੁਰੂ ਨੂੰ (ਪੂਜਾ ਕਰਕੇ) ਨਹੀਂ ਪਾ ਸਕਦਾ ॥੧॥ ਰਹਾਉ ॥

**ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥**

[ਮੈਲਾਗਰ] ਚੰਦਨ ਨਾਲ [ਭੁਇਅੰਗਾ] ਸੱਪ ਲਿਟਦੇ ਹੋਏ ਹਨ। ਜ਼ਹਿਰ ਤੇ ਅੰਮ੍ਰਿਤ (ਏਹ ਦੋਵੇਂ) ’ਕੱਠੇ ਹੀ ਇਕ ਸਮੁੰਦਰ ਵਿਚ ਵੱਸਦੇ ਰਹੇ ਹਨ, (ਅਰਥਾਤ ਚੰਦਨ ਨੂੰ ਸੱਪਾਂ ਨੇ ਖ਼ਰਾਬ ਕਰ ਦਿੱਤਾ ਹੈ ਅਤੇ ਅੰਮ੍ਰਿਤ ਨੂੰ ਜ਼ਹਿਰ ਨੇ ਵਿਗਾੜ ਦਿੱਤਾ) ॥੨॥

**ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥**

ਧੂਪ, ਦੀਪ, ਭੇਟਾ ਤੇ ਵਾਸ਼ਨਾ (ਕੋਈ ਭੀ ਸ਼ੁਧ ਨਹੀਂ ਮਿਲਦੀ, ਹੇ ਵਾਹਿਗੁਰੂ!) ਦਾਸ ਤੇਰੀ ਪੂਜਾ ਕਿਸ ਤਰ੍ਹਾਂ ਕਰੇ ? ॥੩॥

**ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥**

ਤਨ ਨੂੰ (ਤੇ) ਮਨ ਨੂੰ ਅਰਪਨ ਕਰ (ਸੌਂਪ) ਦੇਵਾਂ (ਏਹੋ ਹੀ) ਪੂਜਾ ਕਰਾਂ (ਤੇ ਭੇਟ) ਚੜ੍ਹਾਵਾਂ (ਇਸੇ ਤਰ੍ਹਾਂ) ਗੁਰਾਂ ਦੀ ਕ੍ਰਿਪਾ ਨਾਲ ਮਾਇਆ ਤੋਂ ਰਹਿਤ ਵਾਹਿਗੁਰੂ ਨੂੰ ਪਾਵਾਂਗਾ ॥੪॥

**ਪੂਜਾ ਅਰਚਾ ਆਹਿ ਨ ਤੋਰੀ ॥ ਕਹਿ ਰਵਿਦਾਸ ਕਵਨ ਗਤਿ ਮੋਰੀ ॥੫॥੧॥**

ਤੇਰੀ ਪੂਜਾ ਅਰਚਾ (ਕਰਨ ਲਈ) ਮੇਰੇ ਕੋਲ ਕੋਈ (ਵਸਤੂ) ਨਹੀਂ ਹੈ। ਰਵਿਦਾਸ ਜੀ ਆਖਦੇ ਹਨ, (ਹੇ ਵਾਹਿਗੁਰੂ! ਹੁਣ) ਮੇਰੀ ਕੀ ਗਤੀ ਹੋਵੇਗੀ ॥੫॥੧॥

## ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧

## ੧ੴ ਸਤਿਗੁਰ ਪ੍ਰਸਾਦਿ ॥

**ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥**

ਅੰਦਰੋਂ ਮੈਲੇ (ਮਨ ਨੂੰ) ਸਾਫ ਨਹੀਂ ਕੀਤਾ (ਤੇ) ਬਾਹਰੋਂ ਉਦਾਸੀ ਭੇਖ (ਬਣਾ ਲਿਆ ਹੈ)।

**ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥੧॥**

ਹਿਰਦੇ ਕਮਲ (ਵਿਚ ਬੈਠੇ ਹੋਏ) ਬ੍ਰਹਮ ਨੂੰ [ਘਟਿ] ਹਿਰਦੇ ਵਿਚ ਨਹੀਂ ਜਾਣਿਆ, ਤਾਂ ਸੰਨਿਆਸੀ ਕਿਉਂ ਹੋਇਆ ਹੈ ? ॥੧॥

**ਭਰਮੇ ਭੂਲੀ ਰੇ ਜੈ ਚੰਦਾ ॥ ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧॥ ਰਹਾਉ ॥**

ਹੇ ਜੈ ਚੰਦ ! (ਤੇਰੀ ਬੁੱਧੀ) ਭਰਮ ਵਿਚ ਭੁਲੀ ਹੋਈ ਹੈ। (ਕਿਉਂਕਿ ਤੂੰ) ਪਰਮ ਅਨੰਦ (ਸਰੂਪ ਨੂੰ) ਨਹੀਂ ਜਾਣਿਆ (ਕਦੇ ਭੀ) ਨਹੀਂ ਜਾਣਿਆ ॥੧॥ ਰਹਾਉ ॥

**ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥**

ਘਰ ਘਰ ਤੋਂ (ਮੰਗ ਕੇ) ਖਾਧਾ ਤੇ ਪਿੰਡ ਨੂੰ ਵਧਾ ਲਿਆ ਹੈ, ਗੁਰੂ ਤੋਂ ਹੀਣੇ (ਹੋਣ ਕਰਕੇ) ਉਸ ਵਾਹਿਗੁਰੂ ਨੂੰ ਨਹੀਂ ਪਾਇਆ।

**ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥੨॥**

ਸ਼ਮਸ਼ਾਨ ਭੂਮੀ ਦੀ ਸਵਾਹ (ਪਿੰਡੇ ਨੂੰ) ਮਲ ਲਈ ਹੈ, ਗੁਰੂ ਤੋਂ ਹੀਣੇ (ਹੋਣ ਕਰ ਕੇ) ਉਸ ਵਾਹਿਗੁਰੂ ਨੂੰ ਨਹੀਂ ਪਾਇਆ ॥੨॥

**ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥**

ਹੇ ਭਾਈ ! ਕਿਉਂ ਜਪ ਕਰਦੇ ਹੋ ? ਕਿਉਂ ਤਪ ਕਰਦੇ ਹੋ ? ਕਿਸ ਵਾਸਤੇ (ਐਵੇਂ) ਪਾਣੀ ਰਿੜਕਦੇ ਹੋ ?

**ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ ॥੩॥**

ਜਿਸ ਨੇ ਚਉਰਾਸੀਹ ਲਖ ਜੂਨ ਪੈਦਾ ਕੀਤੀ ਹੈ ਉਸ ਵਾਹਿਗੁਰੂ ਨੂੰ ਯਾਦ ਕਰੋ ॥੩॥

**ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥**

ਹੇ ਕਾਪੜੀਏ ! ਕਿਸ ਲਈ ਕਮੰਡਲ ਲਿਆ ਹੈ ਅਤੇ ਅਠਾਹਠ ਤੀਰਥਾਂ ਤੇ ਕਿਉਂ ਫਿਰਦਾ ਹੈਂ ?

**ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥੪॥੧॥**

ਤ੍ਰਿਲੋਚਨ ਜੀ ਆਖਦੇ ਹਨ, ਹੇ ਬੰਦੇ ! ਸੁਣ, ਅਨਾਜ ਤੋਂ ਹੀਣੇ (ਘਾਹ ਵਿਚ ਤੂੰ) ਗਾਹ ਕਿਉਂ ਪਾਇਆ ਹੈ ? (ਅਰਥਾਤ ਜਿਨ੍ਹਾਂ ਕਰਮਾਂ ਦੇ ਕੀਤਿਆਂ ਮੁਕਤੀ ਨਹੀਂ ਮਿਲਣੀ ਉਹ ਕਰਮ ਕਿਉਂ ਕਰਦੇ ਹੋ ?) ॥੪॥੧॥

**ਗੂਜਰੀ ॥ ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਸਰਪ ਜੋਨਿ ਵਲਿ ਵਲਿ ਅਉਤਰੈ ॥੧॥**

ਜੇ ਕੋਈ ਅੰਤ ਦੇ ਵੇਲੇ ਮਾਇਆ ਨੂੰ ਯਾਦ ਕਰੇਗਾ, ਜੇਕਰ (ਉਹ) ਇਸੇ ਫਿਕਰ ਵਿਚ ਹੀ ਮਰ ਜਾਵੇ (ਤਾਂ) ਮੁੜ-ਮੁੜ ਕੇ ਸੱਪ ਦੀ ਜੂਨ ਵਿਚ ਆਵੇਗਾ ॥੧॥

**ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥**

ਹੇ ਭੈਣ! (ਇਸ ਲਈ) ਵਾਹਿਗੁਰੂ ਦਾ ਨਾਮ ਕਦੇ ਭੀ ਨਾ ਵਿਸਾਰੋ ॥ ਰਹਾਉ ॥

**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥**

ਜੇ ਕੋਈ ਮਰਨ ਵੇਲੇ ਇਸਤਰੀ ਨੂੰ ਯਾਦ ਕਰਦਾ ਹੈ, ਜੇ (ਉਹ) ਇਸੇ ਸੋਚ ਵਿਚ ਹੀ ਮਰ ਜਾਵੇ (ਤਾਂ) ਮੁੜ ਮੁੜ ਕੇ ਵੇਸਵਾ ਦੀ ਜੂਨ ਵਿਚ ਆਵੇਗਾ ॥੨॥

**ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥**

ਜੋ ਮਰਨ ਵੇਲੇ ਪੁਤਰ ਨੂੰ ਚੇਤੇ ਕਰਦਾ ਹੈ, ਜੇ (ਉਹ) ਏਸੇ ਚਿੰਤਾ ਵਿਚ ਮਰ ਜਾਵੇ, ਤਾਂ ਮੁੜ ਮੁੜ ਕੇ [ਸੂਕਰ] ਸੂਰ ਦੀ ਜੂਨ ਵਿਚ ਆਵੇਗਾ ॥੩॥

**ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥**

ਜੋ (ਕੋਈ) ਮਰਨ ਦੇ ਸਮੇਂ ਮਕਾਨ ਨੂੰ ਯਾਦ ਕਰਦਾ ਹੈ, ਜੇ (ਉਹ) ਅਜੇਹੀ ਚਿੰਤਾ ਵਿਚ ਹੀ ਮਰ ਜਾਵੇ, ਤਾਂ ਮੁੜ ਮੁੜ ਕੇ ਪ੍ਰੇਤ ਦੀ ਜੂਨ ਵਿਚ ਆਵੇਗਾ ॥੪॥

SIKHBOOKCLUB.COM

**ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥**

ਅੰਤ ਦੇ ਵੇਲੇ ਜੋ ਵਾਹਿਗੁਰੂ ਨੂੰ ਯਾਦ ਕਰਦਾ ਹੈ, (ਜੇ ਉਹ ਇਸੇ ਫਿਕਰ ਵਿਚ ਹੀ ਮਰ ਜਾਵੇ, (ਤਾਂ) ਤ੍ਰਿਲੋਚਨ ਜੀ ਆਖਦੇ ਹਨ, ਉਹ ਪੁਰਸ਼ ਮੁਕਤ ਹੋ ਜਾਵੇਗਾ, (ਕਿਉਂਕਿ) ਉਸ ਦੇ ਹਿਰਦੇ ਵਿਚ [ਪੀਤੰਬਰੁ] ਵਾਹਿਗੁਰੂ ਵੱਸਦਾ ਹੈ ॥੫॥੨॥

***ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ ੪***

***ੴ ਸਤਿਗੁਰ ਪ੍ਰਸਾਦਿ ॥***

**ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ ॥**

[ਪਰੰ+ਆਦਿ= ਵੱਡਾ ਤੇ ਆਦਿ ਰੂਪ। ਪੁਰਖਮਨੋਪਿਮੰ=ਪੁਰਖੰ+ਅਨ—ਉਤਮੰ= ਉਪਮਾ ਰਹਿਤ ਪੁਰਖ]। (ਜੋ ਸਾਰਿਆਂ ਦਾ) ਵੱਡਾ (ਤੇ ਸਭ ਦਾ) ਆਦਿ ਰੂਪ ਹੈ, ਉਪਮਾ ਤੋਂ ਰਹਿਤ ਪੁਰਖ ਹੈ, ਅਤੇ ਸਤ ਆਦਿਕ (ਭਾਵ) ਵਿਸ਼ੇਸ਼ਣਾਂ (ਨਾਲ) [ਰਤੰ] ਮਿਲਿਆ (ਹੋਇਆ ਹੈ, ਅਰਥਾਤ ਸਤ ਚਿੱਤ ਅਨੰਦ ਰੂਪ ਹੈ)।

**ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ ॥੧॥**

[ਪਰ+ਅਦਭੁਤੰ= ਵੱਡਾ ਅਸਚਰਜ ਰੂਪ]। [ਪ੍ਰਕ੍ਰਿਤਿ= ਮਾਯਾ] । [ਜਦਿ= ਜਿਸਦੇ] । [ਚਿੰਤਿ= ਧਿਆਨ] । [ਗਤੰ= ਮਿਲ ਜਾਂਦਾ] । (ਜੋ) ਵੱਡਾ ਅਚਰਜ ਰੂਪ ਮਾਯਾ ਤੋਂ ਪਰੇ ਹੈ ਅਤੇ ਜਿਸ ਦੇ ਧਿਆਨ (ਕਰਨ ਨਾਲ ਹੀ) ਸਭ ਕੁਝ ਮਿਲ ਜਾਂਦਾ ਹੈ ॥੧॥

## ਕੇਵਲ ਰਾਮ ਨਾਮ ਮਨੋਰਮੰ ॥ ਬਦਿ ਅੰਮ੍ਰਿਤ ਤਤ ਮਇਅੰ ॥

[ਮਨੋਰਮੰ= ਹੇ ਮਨ ! ਪਿਆਰ ਕਰ। ਬਦਿ= ਉਚਾਰਨ ਕਰ] । [ਤਤ= ਉਸ] । [ਮਇਅੰ= ਸਰੂਪ]। ਹੇ ਮਨ ! ਕੇਵਲ ਰਾਮ ਦੇ ਰਾਮ ਨਾਮ ਨਾਲ ਪਿਆਰ ਕਰ ਅਤੇ ਉਸ ਅੰਮ੍ਰਿਤ ਸਰੂਪ ਨੂੰ ਉਚਾਰਨ ਕਰ।

## ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥੧॥ ਰਹਾਉ ॥

[ਦਨੋਤਿ= ਪੀੜਾ, ਦੁਖ। ਜਰਾ+ਆਧਿ= ਬੁਢੇਪਾ। ਆਧਿ= ਬਿਆਧਿ ਉਪਾਧਿ]

ਜਿਸ ਦੇ ਸਿਮਰਣੇ ਕਰਕੇ ਆਧਿ (ਬਿਆਧਿ, ਉਪਾਧਿ ਤੇ) ਬੁਢੇਪੇ) ਦਾ ਦੁਖ ਅਤੇ ਮਰਨ ਜੰਮਣ ਦਾ ਡਰ ਨਹੀਂ ਹੁੰਦਾ ॥੧॥ ਰਹਾਉ ॥

## ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ ॥

[ਇਛ+ਆਸੀ= ਚਾਹੁੰਦਾ ਹੈ। ਪਰਾਭਯੰ= ਜਿੱਤ। ਸ੍ਵਸਤਿ= ਕਲਿਆਨ। ਸੁਕ੍ਰਿਤ= ਨੇਕ ਕੰਮ। ਕ੍ਰਿਤੰ= ਕਰ] । (ਜੇਕਰ ਤੂੰ) ਜਮ ਆਦਿਕਾਂ ਨੂੰ ਜਿੱਤਣਾ ਚਾਹੁੰਦਾ ਹੈਂ, ਤਾਂ ਕਲਿਆਣ ਸਰੂਪ ਦੇ ਜਸ ਅਤੇ ਨੇਕ ਕੰਮਾਂ ਨੂੰ ਕਰ।

## ਭਵ ਭੂਤ ਭਾਵ ਸਮਬ੍ਯਿਅੰ ਪਰਮੰ ਪ੍ਰਸੰਨਮਿਦੰ ॥੨॥

[ਭਵ= ਵਰਤ ਰਿਹਾ ਸਮਾਂ। ਭੂਤ= ਬੀਤ ਗਿਆ ਸਮਾਂ। ਭਾਵ= ਅੱਗੇ ਹੋਣ ਵਾਲਾ ਸਮਾਂ। ਸੰ+ਅਬਿਅੰ= ਕੇਵਲ ਅਬਿਨਾਸੀ । ਪਰਮ= ਵੱਡਾ। ਪ੍ਰਸੰਨੰ × ਇੰਦਿੰ=ਅਨੰਦ ਰੂਪ ਇਕਰ ਦਾ ।]

(ਜੋ) ਵਰਤਮਾਨ, ਬੀਤ ਚੁਕੇ ਤੇ ਅੱਗੇ ਔਣ ਵਾਲੇ ਸਮੇਂ ਵਿਚ ਕੇਵਲ ਨਾਮ ਤੋਂ ਰਹਿਤ ਵੱਡਾ ਅਨੰਦ ਰੂਪ ਹੈ, ਇਸ ਤਰ੍ਹਾਂ ਦੇ ਵਾਹਿਗੁਰੂ ਨੂੰ ਪਾਉਣ ਦੀ ਇੱਛਾ ਹੈ) ਤਾਂ—

## ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ ॥

[ਪਰ ਗ੍ਰਿਹੰ= ਪਰ ਇਸਤ੍ਰੀ। ਜਦਬਿਧਿ= ਯਤ+ਅਬਿਧਿ= ਜੋ ਬੁਰੇ। ਆਚਰਣੰ= ਕਰਮ] ਲੋਭ ਆਦਿਕ ਵਿਕਾਰ, ਪਰ ਇਸਤ੍ਰੀ ਵੱਲ ਬੁਰੀ ਨਜ਼ਰ, (ਅਤੇ ਹੋਰ) ਜੋ ਬੁਰੇ ਕਰਮ ਹਨ।

## ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ ॥੩॥

[ਦੁਹਕ੍ਰਿਤ= ਪਾਪ। ਚਕ੍ਰਧਰ= ਜਗਤ ਦਾ ਆਸਰਾ ਰੂਪ ਵਾਹਿਗੁਰੂ।]

ਹੇ ਬੁਰੀ ਮੱਤ ਵਾਲੇ ! (ਇਸ ਤਰ੍ਹਾਂ ਦੇ) ਸਾਰੇ ਪਾਪ ਛੱਡ ਅਤੇ ਵਾਹਿਗੁਰੂ ਦੀ ਸ਼ਰਨ ਫੜ ਲੈ ॥੩॥

## ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ ॥

[ਨਿਹਕੇਵਲਾ= ਸੁੱਧ। ਕਰਮਣਾ= ਸਰੀਰ। ਬਚਸਾ= ਬਾਣੀ।]

(ਅਤੇ) ਆਪਣਾ ਹਿਰਦਾ ਸੁੱਧ (ਕਰਕੇ ਮਨ) ਬਾਣੀ, ਸਰੀਰ ਨਾਲ ਹਰੀ ਦੀ ਭਗਤੀ ਕਰ। (ਇਸ ਦੇ ਮੁਕਾਬਲੇ ਵਿਚ) :—

Sri Satguru Jagjit Singh Ji eLibrary NamdhariElibrary@gmail.com

**ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥੪॥**

ਜੋਗ ਭੀ ਕੀ ਹੈ ? ਜੱਗ ਭੀ ਕੀ ਹਨ ? ਦਾਨ ਭੀ ਕੀ ਹੈ ? ਅਤੇ ਤਪ (ਦਾ ਫਲ ਭੀ ਤੁੱਛ ਹੈ) ॥੪॥

**ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ॥**

[ਗੋਬਿੰਦ+ਇਤਿ= ਬੇਅੰਤ। ਪਦੰ (ਪ੍ਰਦੰ)= ਦੇਣ ਵਾਲਾ।]

ਹੇ ਨਰ! ਗੋਬਿੰਦ, ਗੋਬਿੰਦ ਹੀ ਬੇਅੰਤ (ਵਾਰ) ਜਪ (ਇਹੋ) ਸਾਰੇ ਪਦਾਰਥ ਦੇਣ ਵਾਲਾ ਹੈ।

**ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ ॥੫॥੧॥**

[ਤਸ= ਉਸ। ਸਫੁਟੰ= ਪ੍ਰਗਟ। ਭਵ= ਸੰਸਾਰ। ਭੂਤ= ਜੀਵ। ਗਤੰ= ਵਿਆਪਕ]

ਜੈ ਦੇਵ (ਜੀ ਆਖਦੇ ਹਨ, ਮੈਂ) ਪ੍ਰਗਟ (ਹੀ) ਉਸ ਦੀ (ਸ਼ਰਣੀ) ਆਇਆ ਹਾਂ, ਜੋ ਸੰਸਾਰ ਦੇ ਸਾਰੇ ਜੀਵਾਂ ਵਿਚ ਮਿਲਿਆ ਹੋਯਾ ਹੈ ॥੫॥੧॥

## ਰਾਗੁ ਸੋਰਠਿ (ਅੰਗ ੬੫੪-੫੯)

**ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧**

**ੴ ਸਤਿਗੁਰ ਪ੍ਰਸਾਦਿ ॥**

**ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥**

ਬੁੱਤਾਂ ਨੂੰ ਪੂਜਦੇ-ਪੂਜਦੇ ਹਿੰਦੂ ਮਰ ਗਏ (ਹਨ, ਅਤੇ) ਮੁਸਲਮਾਨ [ਸਿਰੁ ਨਾਈ] ਸਿਜਦੇ ਕਰਦੇ-ਕਰਦੇ ਮਰ ਗਏ ਹਨ।

**ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥੧॥**

ਉਹ (ਹਿੰਦੂ ਤਾਂ ਮੁਰਦੇ) ਸਾੜਦੇ ਹਨ ਤੇ ਉਹ (ਮੁਸਲਮਾਨ ਮੁਰਦੇ ਨੂੰ) ਦੱਬ ਦੇਂਦੇ ਹਨ, (ਹੇ ਵਾਹਿਗੁਰੂ!) ਤੇਰੀ [ਗਤਿ] ਪ੍ਰਾਪਤੀ (ਦੀ ਜੁਗਤੀ) ਦੋਹਾਂ (ਮਜ਼ਹਬਾਂ ਵਾਲਿਆਂ) ਨੇ ਹੀ ਨਹੀਂ ਪਾਈ ॥੧॥

**ਮਨ ਰੇ ਸੰਸਾਰੁ ਅੰਧ ਗਹੇਰਾ ॥ ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥੧॥ ਰਹਾਉ ॥**

ਹੇ ਮਨ! ਸੰਸਾਰ ਤਾਂ ਹਨੇਰੇ (ਅਗਿਆਨ) ਵਿਚ [ਗਹੇਰਾ] ਫਸਿਆ ਹੋਇਆ ਹੈ, (ਇਸ ਲਈ ਇਸ ਦੇ) ਚੌਹੀਂ ਪਾਸੀਂ ਜਮਾਂ ਦੀ [ਜੇਵਰਾ] ਫਾਹੀ ਖਿੱਲਰੀ ਹੋਈ ਹੈ ॥੧॥ ਰਹਾਉ ॥

**ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ ॥**

[ਕਬਿਤਾ] ਕਵੀਸ਼ਰ ਤਾਂ ਕਵਿਤਾ ਪੜ੍ਹਦੇ-ਪੜ੍ਹਦੇ ਮਰ ਗਏ ਹਨ, ਅਤੇ ਕਾਪੜੀਏ (ਲੋਕ) ਕੇਦਾਰ (ਨਾਥ ਆਦਿਕ ਤੀਰਥਾਂ ਤੇ) ਜਾ (ਜਾ ਕੇ ਹੀ ਮਰ ਗਏ ਹਨ)।

**ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ ॥੨॥**

ਜਟਾਂ ਨੂੰ ਧਾਰਣ ਵਾਲੇ ਜੋਗੀ (ਲੋਕ ਜਟਾਂ ਨੂੰ) ਵਧਾ ਕੇ ਹੀ ਮਰ ਗਏ ਹਨ, ਹੇ ਵਾਹਿਗੁਰੂ! ਇਨ੍ਹਾਂ

ਨੇ ਭੀ ਤੇਰੀ [ਗਤਿ] ਪ੍ਰਾਪਤੀ ਨਹੀਂ ਪਾਈ ॥੨॥

**ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ॥**

ਧਨ ਨੂੰ 'ਕੱਠਾ ਕਰਕੇ ਅਤੇ 'ਕੱਠਾ ਕੀਤੇ ਹੋਏ ਬਹੁਤ ਸਾਰੇ ਸੋਨੇ ਨੂੰ [ਗਡਿ ਲੇ] ਧਰਤੀ ਵਿਚ ਦਬ ਲਿਆ ਹੈ, ਰਾਜੇ (ਲੋਕ ਇਸੇ ਕੰਮ ਵਿਚ) ਮਰ ਗਏ ਹਨ, (ਇਨ੍ਹਾਂ ਭੀ ਤੇਰੀ ਪ੍ਰਾਪਤੀ ਨਹੀਂ ਪਾਈ)।

**ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ॥੩॥**

ਵੇਦਾਂ ਨੂੰ ਪੜ੍ਹਦੇ ਪੜ੍ਹਦੇ ਪੰਡਿਤ (ਲੋਕ) ਮਰ ਗਏ ਹਨ, (ਇਨ੍ਹਾਂ ਨੇ ਭੀ ਤੇਰੀ ਪ੍ਰਾਪਤੀ ਨਹੀਂ ਪਾਈ, ਅਤੇ ਆਪਣੇ) ਰੂਪ ਨੂੰ ਵੇਖਦੇ ਵੇਖਦੇ ਇਸਤ੍ਰੀਆਂ (ਮਰ ਗਈਆਂ ਹਨ ਇਨ੍ਹਾਂ ਭੀ ਤੇਰੀ ਪ੍ਰਾਪਤੀ ਨਹੀਂ ਪਾਈ) ॥੩॥

**ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ ॥**

ਰਾਮ ਨਾਮ ਤੋਂ ਹੀਣੇ, ਸਾਰੇ [ਬਿਗੂਤੇ] ਖਰਾਬ ਹੋ ਰਹੇ ਹਨ, [ਨਿਰਖਿ] ਵਿਚਾਰ ਕਰਕੇ ਸਰੀਰ ਦਾ (ਹਾਲ) ਵੇਖੋ ਕਿ :—

**ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ ॥੪॥੧॥**

ਹਰੀ ਦੇ ਨਾਮ (ਜਪੇ ਤੋਂ) ਬਿਨਾਂ ਕਿਸ ਨੇ ਮੁਕਤੀ ਪਾਈ ਹੈ ? (ਇਸ ਲਈ) ਕਬੀਰ (ਜੀ) ਉਪਦੇਸ਼ ਕਹਿੰਦੇ ਹਨ, (ਹੇ ਸੰਸਾਰੀ ਲੋਕੋ ! ਹਰੀ ਦਾ ਭਜਨ ਕਰੋ) ॥੪॥੧॥

SIKHBOOKCLUB.COM

**ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਈ ॥**

(ਜਦ ਸਰੀਰ) ਸੜਦਾ ਹੈ ਤਾਂ ਸਵਾਹ (ਦਾ ਢੇਰ) ਹੋ ਜਾਂਦਾ ਹੈ, ਅਤੇ (ਪਿਆ) ਰਹੇ (ਤਾਂ ਸਰੀਰ) ਕੀੜਿਆਂ ਦਾ ਦਲ ਖਾ ਜਾਂਦਾ ਹੈ।

**ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਹੈ ਬਡਾਈ ॥੧॥**

(ਜਿਵੇਂ) ਕੱਚੀ ਘੜੀ ਵਿਚ ਪਾਣੀ ਪੈਂਦਾ ਹੈ, (ਤਾਂ ਨਾ ਉਹ ਪਾਣੀ ਉਸ ਵਿਚ ਰਹਿ ਸਕਦਾ ਹੈ, ਅਤੇ ਨਾ ਪਾਣੀ ਦੀ ਸੰਗਤ ਕਰਕੇ ਘੜੀ ਹੀ ਸਾਬਤ ਰਹਿ ਸਕਦੀ ਹੈ) ਇਸ ਸਰੀਰ ਦੀ ਭੀ ਇਹੋ ਉਪਮਾ ਹੈ, (ਅਰਥਾਤ ਇਸ ਸਰੀਰ ਵਿਚ ਨਾ ਸਵਾਸ ਰਹਿ ਸਕਦੇ ਹਨ, ਅਤੇ ਨਾ ਹੀ ਸਰੀਰ ਰਹਿ ਸਕਦਾ ਹੈ) ॥੧॥

**ਕਾਹੇ ਭਈਆ ਫਿਰਤੌ ਫੂਲਿਆ ਫੂਲਿਆ ॥**

**ਜਬ ਦਸ ਮਾਸ ਉਰਧ ਮੁਖ ਰਹਤਾ ਸੋ ਦਿਨੁ ਕੈਸੇ ਭੂਲਿਆ ॥੧॥ ਰਹਾਉ ॥**

ਹੇ ਭਾਈ ! ਕਿਉਂ ਫੁਲ ਵਾਂਗੂੰ ਫੂਲਿਆ (ਖਿੜਿਆ) ਫਿਰਦਾ ਹੈਂ ? ਜਦੋਂ ਦਸ ਮਹੀਨੇ (ਮਾਂ ਦੇ ਪੇਟ ਵਿਚ) ਮੂਧੇ ਮੂੰਹ (ਲਟਕਿਆ) ਰਹਿੰਦਾ ਸੈਂ, ਉਹ ਦਿਨ (ਤੈਨੂੰ) ਕਿਸ ਤਰ੍ਹਾਂ ਭੁਲ ਗਿਆ ਹੈ ? ॥੧॥ ਰਹਾਉ ॥

**ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ ॥**

ਜਿਵੇਂ [ਮਧੁ ਮਾਖੀ] ਸ਼ਹਿਦ ਦੀ ਮੱਖੀ [ਰਸੁ] ਸ਼ਹਿਦ ਨੂੰ ਜੋੜਦੀ ਹੈ, ਤਿਵੇਂ ਹੀ [ਸਠੋਰਿ] ਮੂਰਖ ਨੇ ਧਨ ਨੂੰ ਜੋੜ-ਜੋੜ ਤੇ 'ਕੱਠਾ ਕੀਤਾ ਹੈ।

**ਮਰਤੀ ਬਾਰ ਲੇਹੁ ਲੇਹੁ ਕਰੀਐ ਭੂਤੁ ਰਹਨ ਕਿਉ ਦੀਆ ॥੨॥**

ਮਰਦੀ ਵਾਰੀ (ਦੱਬਿਆ ਦਬਾਇਆ) ਪੁਛ ਲਉ, (ਸਬੰਧੀ) ਕਰਦੇ ਹਨ, (ਪ੍ਰਾਣ ਨਿਕਲ ਗਏ ਤਾਂ ਕਹਿੰਦੇ ਹਨ ਘਰ ਵਿਚ) ਭੂਤ ਨੂੰ (ਏਨਾ ਚਿਰ) ਕਿਉਂ ਰਹਿਣ ਦਿਤਾ ਜੇ ? (ਛੇਤੀ-ਛੇਤੀ ਬਾਹਰ ਲੈ ਜਾਓ) ॥੨॥

**ਦੇਹੁਰੀ ਲਉ ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ ॥**

ਘਰ ਦੀ ਡੇਉਢੀ ਤੱਕ, ਵਿਆਹੀ ਹੋਈ ਇਸਤਰੀ ਨਾਲ ਹੁੰਦੀ ਹੈ, ਅਤੇ (ਉਸ ਤੋਂ) ਅਗੇ ਸੁਖਦਾਈ ਸੱਜਣ (ਚਲਦੇ ਹਨ)। ਪਰ—

**ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ ॥੩॥**

ਮਸਾਣ ਤੱਕ ਸਾਰੇ ਲੋਕ (ਤੇ) ਪ੍ਰਵਾਰ (ਦਾ ਸਾਥ) ਹੁੰਦਾ ਹੈ, (ਉਸ ਤੋਂ) ਅਗੇ ਜੀਵ ਇਕੱਲਾ (ਹੀ ਜਮਾਂ ਨਾਲ ਜਾਂਦਾ ਹੈ) ॥੩॥

**ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ ॥**

ਕਬੀਰ ਜੀ ਕਹਿੰਦੇ ਹਨ—ਹੇ ਪ੍ਰਾਣੀਓ ! ਸੁਣੋ, (ਇਹ ਜੀਵ) ਕਾਲ ਦਾ [ਗ੍ਰਸ] ਫੜਿਆ ਹੋਇਆ (ਮੋਹ ਰੂਪ) ਖੂਹ ਵਿਚ ਡਿਗ ਪਿਆ ਹੈ।

**ਝੂਠੀ ਮਾਇਆ ਆਪੁ ਬੰਧਾਇਆ ਜਿਉ ਨਲਨੀ ਭ੍ਰਮਿ ਸੂਆ ॥੪॥੨॥**

ਝੂਠੀ ਮਾਇਆ ਵਿਚ (ਇਸ ਨੇ) ਆਪ ਨੂੰ ਇਸ ਤਰ੍ਹਾਂ ਬੰਨ੍ਹਾ ਲਿਆ ਹੈ, ਜਿਵੇਂ [ਨਲਨੀ*] ਕੁੜਕੀ ਦੇ ਭਰਮ ਵਿਚ [ਸੂਆ] ਤੋਤਾ (ਆਪ ਨੂੰ ਬੰਨ੍ਹਵਾ ਲੈਂਦਾ ਹੈ) ॥੪॥੨॥

**ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ ॥**

ਵੇਦ ਤੇ ਪੁਰਾਨ (ਆਦਿਕ) ਸਾਰੇ (ਪੁਸਤਕਾਂ ਦਾ) ਮੱਤ ਸੁਣ ਕਰ ਕੇ, (ਮਨ ਵਿਚ) ਕਰਮ ਕਰਨ ਦੀ ਇੱਛਾ ਕੀਤੀ, (ਪਰ ਮਗਰੋਂ ਵਿਚਾਰ ਆਇਆ ਕਿ)—

**ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ ॥੧॥**

ਸਾਰੇ ਸਿਆਣੇ ਲੋਕ, ਕਾਲ ਦੇ ਗ੍ਰਸੇ ਹੋਏ ਹਨ, ਅਤੇ [ਪੈ] ਫਿਰ ਪੰਡਿਤ ਭੀ ਨਿਰਾਸ ਹੀ ਉਠ ਕੇ ਤੁਰ ਜਾਂਦੇ ਹਨ, (ਕਿਸੇ ਦੀ ਆਸ਼ਾ ਪੂਰੀ ਨਹੀਂ ਹੋਈ, ਤਾਂ ਇਨ੍ਹਾਂ ਦੇ ਕਰਨ ਨਾਲ ਮੇਰੀ ਆਸ਼ਾ ਕਿਵੇਂ ਪੂਰੀ ਹੋਵੇਗੀ ?) ॥੧॥

**ਮਨ ਰੇ ਸਰਿਓ ਨ ਏਕੈ ਕਾਜਾ ॥ ਭਜਿਓ ਨ ਰਘੁਪਤਿ ਰਾਜਾ ॥੧॥ ਰਹਾਉ ॥**

---

* *ਫੰਧਕ ਦੋ ਲੱਕੜਾਂ ਜ਼ਿਮੀਂ ਵਿੱਚ ਦੱਬਦਾ ਹੈ, ਉਨ੍ਹਾਂ ਦੋਹਾਂ ਦੇ ਵਿਚਾਲੇ ਇਕ ਤਾਰ ਤਣ ਦੇਂਦਾ ਹੈ, ਉਸ ਤਾਰ ਵਿਚ ਨੜਾ ਪਰੋਂਦਾ ਹੈ, ਉਸ ਨੜੇ ਦੇ ਹੇਠਾਂ ਪਾਣੀ ਦਾ ਪਿਆਲਾ ਰੱਖ ਦੇਂਦਾ ਹੈ, ਦੋਹਾਂ ਲੱਕੜਾਂ ਦੇ ਸਿਰਿਆਂ ਉਤੇ ਮਿਰਚ ਆਦਿਕ ਕੋਈ ਭਿੱਤੀ ਲਗਾ ਦੇਂਦਾ ਹੈ, ਉਸ ਦੇ ਖਾਣ ਵਾਸਤੇ ਤੋਤਾ ਆਣ ਕੇ ਨੜੇ ਉਤੇ ਬੈਠਦਾ ਹੈ, ਤਾਂ ਉਹ ਨੜਾ ਫਿਰ ਜਾਂਦਾ ਹੈ, ਤੋਤਾ ਵੀ ਨਾਲ ਹੀ ਪੁੱਠਾ ਹੋ ਜਾਂਦਾ ਹੈ, ਹੇਠਾਂ ਪਾਣੀ ਵੇਖ ਕੇ ਤੋਤੇ ਨੂੰ ਭਰਮ ਹੋ ਜਾਂਦਾ ਹੈ ਕਿ ਜੇ ਮੈਂ ਉਤੋਂ ਨੜਾ ਛੱਡ ਦਿੱਤਾ ਤਾਂ ਡੁਬ ਕੇ ਮਰ ਜਾਵਾਂਗਾ, ਇਸ ਲਈ ਨੜੇ ਨੂੰ ਘੁਟ ਕੇ ਫੜੀ ਰਖਦਾ ਹੈ, ਤੇ ਟਿਟਿਆਉਂਦਾ ਹੈ, ਜਿਸ ਦੀ ਆਵਾਜ਼ ਨੂੰ ਸੁਣ ਕੇ ਸ਼ਿਕਾਰੀ ਆਣ ਕੇ ਫੜ ਲੈਂਦਾ ਹੈ।*

Sri Satguru Jagjit Singh Ji eLibrary NamdhariElibrary@gmail.com

ਹੇ ਮਨ! (ਉਸ ਦਾ ਇਕ) ਕੰਮ ਭੀ [ਸਰਿਓ] ਪੂਰਾ ਨਹੀਂ ਹੋਇਆ, (ਜਿਸ ਨੇ) ਰਾਜਾ ਰਘੂ[1] ਦੇ ਸਵਾਮੀ ਨੂੰ ਨਹੀਂ ਸਿਮਰਿਆ।

**ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ ॥**

ਜੰਗਲ (ਦੇ ਕਿਸੇ) ਹਿੱਸੇ ਵਿਚ ਜਾ ਕੇ, ਜੋਗ ਨੂੰ (ਜਾਂ) ਤਪ ਨੂੰ ਕੀਤਾ, ਅਤੇ ਕੰਦ ਤੇ ਮੂਲ ਨੂੰ ਚੁਣ ਚੁਣ ਕੇ ਖਾਧਾ। (ਪਰ)—

**ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥੨॥**

[ਨਾਦੀ] ਨਾਦ ਵਜਾਉਣ ਵਾਲਿਆਂ, [ਬੇਦੀ] ਬੇਦ ਪੜ੍ਹਨ ਵਾਲਿਆਂ, [ਸਬਦੀ] ਅਲਖ-ਅਲਖ ਸ਼ਬਦ ਉਚਾਰਨ ਵਾਲਿਆਂ, ਅਤੇ ਮੋਨ ਧਾਰਨ ਵਾਲਿਆਂ ਨੇ (ਆਪਣਾ ਨਾਮ) ਜਮ ਦੇ ਪਟੇ ਵਿਚ ਲਿਖਵਾ ਲਿਆ ॥੧॥

**ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥**

[ਨਾਰ= ਗਯਾਨ × ਦੀ= ਦਾਤੀ।] ਗਿਆਨ ਦੇਣ ਵਾਲੀ (ਪਰੇਮਾ) ਭਗਤੀ ਹਿਰਦੇ ਵਿਚ ਨਹੀਂ ਆਈ, (ਨਿਰਾ) ਤਨੁ ਨੂੰ (ਕਾਛਿ ਕੂਛਿ) ਤਿਲਕ ਛਾਪਾਂ ਨਾਲ ਸ਼ਿੰਗਾਰਨ ਵਿਚ ਹੀ (ਮਨ ਨੂੰ) ਲਾ ਛਡਿਆ ਹੈ।

(੨) ਅਥਵਾ—ਨਾਰਦ ਦੀ ਦੱਸੀ ਹੋਈ ਭਗਤੀ ਤਾਂ ਹਿਰਦੇ ਵਿਚ ਨਹੀਂ ਆਈ ਅਤੇ ਤਨ ਨੂੰ ਕੂਚਨ ਕਾਚਨ ਵਿਚ ਹੀ (ਸਮਾਂ ਬਿਤਾ) ਦਿੱਤਾ ਹੈ[2]।

**ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥੩॥**

(ਜੋ) ਰਾਗ ਰਾਗਨੀ ਦਾ ਡਿੰਭ ਬਣਾ ਬੈਠਾ ਹੈ, ਉਸਨੇ ਹਰੀ ਪਾਸੋਂ ਕੀ ਲੈਣਾ ਹੈ? (ਅਰਥਾਤ) ਹਿਰਦੇ ਵਿਚ ਪ੍ਰੇਮ ਦਾ ਵਾਸਾ ਨਹੀਂ ਹੈ, ਤਾਂ ਕੇਵਲ ਕੀਰਤਨ ਭਗਤੀ ਕਰਨ ਨਾਲ ਕੀ ਹੋ ਜਾਣਾ ਹੈ, ਕੀਰਤਨ ਭਗਤੀ ਭੀ ਪ੍ਰੇਮ ਤੋਂ ਹੀਣੀ ਥੋਥੀ ਹੈ।

**ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥**

ਕਾਲ ਸਾਰੇ ਜਗਤ ਦੇ ਉਤੇ ਪਿਆ ਹੋਇਆ ਹੈ, ਅਤੇ ਭ੍ਰਾਮਿਕ ਗਿਆਨੀ (ਭੀ ਜਮ ਦੇ ਪਟੇ) ਵਿਚ ਲਿਖੇ ਹੋਏ ਹਨ, (ਅਰਥਾਤ ਜੋ ਗਿਆਨ ਦੀਆਂ ਗੱਲਾਂ ਤਾਂ ਕਰਦੇ ਹਨ, ਪਰ ਮਨ ਦਾ ਭਰਮ ਦੂਰ ਨਹੀਂ ਹੋਇਆ; ਉਨ੍ਹਾਂ ਨੂੰ ਗਿਆਨ ਦੀ ਪਰਾਪਤੀ ਨਹੀਂ, ਕਿਉਂਕਿ ਜਿਵੇਂ ਅੰਡੇ ਦੇ ਅੰਦਰ ਚੂਚਾ ਹੁੰਦਾ ਹੈ, ਜਿੰਨਾ ਚਿਰ ਅੰਡਾ ਨਾ ਟੁਟੇ ਚੂਚਾ ਬਾਹਰ ਨਹੀਂ ਨਿਕਲ ਸਕਦਾ, ਇਵੇਂ ਹੀ ਭਰਮ ਅੰਡਾ ਹੈ, ਉਸਦੇ ਅੰਦਰ ਗਿਆਨ

---

*੧. ਰਘੁਪਤਿ ਦਾ ਅਰਥ ਸਮਝਾਉਣ ਵਾਸਤੇ, ਮੇਰੇ ਬਣਾਏ ਹੋਏ 'ਗੁਰਮੁਖੀ ਸ਼ਬਦ ਸਾਗਰ' (ਪੰਜਾਬੀ ਮਹਾਨ ਕੋਸ਼) ਵਿਚੋਂ 'ਰਘੁਨਾਥ' ਪਦ ਦੀ ਵਿਆਖਿਆ ਪੜ੍ਹੋ।*

*੨. ਨਾਰਦ ਦੇ ਭਗਤੀ ਸੂਤਰ ਤੇ ਨਾਰਦ ਪੰਚ ਰਾਤ੍ਰਿ ਵਿੱਚ ਭਗਤਿ ਦਾ ਵਰਣਨ ਬਹੁਤ ਹੈ, ਪਰ ਨਾਲ ਹੀ ਕਰਮ ਕਾਂਡ ਦਾ ਵਰਣਨ ਹੈ, ਕਲਜੁਗੀ ਭਗਤ ਕਰਮ ਕਾਂਡ ਵਿਚ ਫਸ ਰਿਹਾ ਹੈ, ਅਤੇ ਭਗਤੀ ਮਨ ਵਿਚ ਵਸੀ ਨਹੀਂ ਹੈ।*

*ਵੇਖੋ 'ਗੁਰਮੁਖੀ ਸ਼ਬਦ ਸਾਗਰ' ਵਿਚੋਂ 'ਨਾਰਦੀ ਭਗਤਿ' ਦੀ ਵਿਆਖਿਆ।*

Sri Satguru Jagjit Singh Ji eLibrary NamdhariElibrary@gmail.com

ਚੂਚਾ ਹੈ, ਜਿੰਨਾ ਚਿਰ ਭਰਮ ਨਾ ਟੁਟੇ ਗਿਆਨ ਨਹੀਂ ਹੋਵੇਗਾ, ਇਸ ਲਈ ਤਾਂ ਸਤਿਗੁਰੂ ਜੀ ਨੇ ਫੁਰਮਾਇਆ ਹੈ—

*"ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ।" (ਮਾਰੂ ਮਹਲਾ ੫)*

ਜਿਨ੍ਹਾਂ ਦਾ ਭਰਮ ਨਹੀਂ ਟੁੱਟਾ ਉਹ ਭ੍ਰਾਮਿਕ ਗਿਆਨੀ ਹਨ, ਉਹ ਭੀ ਜਮਾਂ ਦੇ ਵੱਸ ਵਿਚ ਹਨ, ਕੇਵਲ ਗਿਆਨ ਦੀਆਂ ਗੱਲਾਂ ਨਾਲ ਮੁਕਤ ਨਹੀਂ ਹੋਵਣਗੇ ।)

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥**

ਕਬੀਰ ਜੀ ਕਹਿੰਦੇ ਹਨ, ਜਿਨ੍ਹਾਂ ਨੇ ਪ੍ਰੇਮਾ ਭਗਤੀ ਜਾਣੀ ਹੈ (ਓਹੀ) ਪੁਰਸ਼ (ਜਮ ਦੇ ਘਟੇ ਤੋਂ) [ਖਾਲਸੇ] ਅਜ਼ਾਦ (ਮੁਕਤਿ) ਹੋਏ ਹਨ ॥੪॥੩॥

**ਘਰੁ ੨ ॥ ਦੁਇ ਦੁਇ ਲੋਚਨ ਪੇਖਾ ॥ ਹਉ ਹਰਿ ਬਿਨੁ ਅਉਰੁ ਨ ਦੇਖਾ ॥**

ਮੈਂ ਦੋਹਾਂ ਦੋਹਾਂ ਅੱਖਾਂ ਨਾਲ ਵੇਖਦਾ ਹਾਂ । ਹਰੀ ਤੋਂ ਬਿਨਾਂ ਮੈਨੂੰ ਹੋਰ ਕੁਝ ਨਹੀਂ ਦਿਸਦਾ ।

**ਨੈਨ ਰਹੇ ਰੰਗੁ ਲਾਈ ॥ ਅਬ ਬੇ ਗਲ ਕਹਨੁ ਨ ਜਾਈ ॥੧॥**

ਨੈਨ (ਅਜੇਹਾ) ਰੰਗ ਲਾ ਰਹੇ ਹਨ । ਹੁਣ (ਮੈਥੋਂ) [ਬੇ] ਦੂਜੀ (ਕੋਈ) ਗੱਲ ਕਹੀ ਨਹੀਂ ਜਾਂਦੀ ॥੧॥

**ਹਮਰਾ ਭਰਮੁ ਗਇਆ ਭਉ ਭਾਗਾ ॥ ਜਬ ਰਾਮ ਨਾਮ ਚਿਤੁ ਲਾਗਾ ॥੧॥ ਰਹਾਉ ॥**

(ਤਦ ਤੋਂ) ਮੇਰਾ ਭਰਮ (ਮਿਟ) ਗਿਆ (ਹੈ ਅਤੇ) ਡਰ ਨਾਸ (ਹੋ ਗਿਆ ਹੈ) । ਜਦ ਤੋਂ ਰਾਮ ਨਾਮ (ਜਪਣ ਵਿਚ) ਮਨ ਲੱਗਾ (ਹੋਇਆ ਹੈ) ।

**ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥**

(ਜਦੋਂ) ਬਾਜ਼ੀਗਰ ਨੇ ਡੌਰੂ ਵਜਾਇਆ, ਤਾਂ ਸਾਰੀ ਖਲਕਤ ਤਮਾਸ਼ਾ (ਵੇਖਣ) ਆ ਗਈ, (ਇਵੇਂ ਹੀ ਜਦ ਈਸ਼ਵਰ ਰੂਪ) ਬਾਜ਼ੀਗਰ ਨੇ ਫੁਰਨਾ ਕੀਤਾ (ਕਿ ਮੈਂ ਇਕ ਤੋਂ ਅਨੇਕ ਹੋ ਜਾਵਾਂ, ਤਾਂ) ਸਾਰੀ ਦੁਨੀਆਂ ਤਮਾਸ਼ਾ (ਰੂਪ ਬਣਕੇ) ਆ ਗਈ ।

**ਬਾਜੀਗਰ ਸ੍ਵਾਂਗੁ ਸਕੇਲਾ ॥ ਅਪਨੇ ਰੰਗ ਰਵੈ ਅਕੇਲਾ ॥੨॥**

(ਜਦ) ਬਾਜ਼ੀਗਰ ਨੇ ਸਾਂਗ ਸਮੇਟ ਲਿਆ, ਤਾਂ ਆਪਣੀ ਮੌਜ ਵਿਚ ਇਕੱਲਾ ਫਿਰੇਗਾ, (ਇਵੇਂ ਹੀ ਜਦ ਈਸ਼ਵਰ ਨੇ ਫੁਰਨਾ ਸਮੇਟ ਲਿਆ, ਤਾਂ ਫਿਰ ਨਿਰਗੁਣ ਰੂਪ ਹੋ ਕੇ ਵਰਤੇਗਾ) ॥੨॥

**ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥**

(ਜ਼ਬਾਨੀ) ਕਥਾ ਨੂੰ ਕਹੇ (ਤਾਂ) ਭਰਮ ਨਹੀਂ (ਮਿਟ) ਜਾਣਾ । ਸਾਰੀ ਦੁਨੀਆਂ ਕਥਾਵਾਂ ਕਥ ਰਹੀ ਹੈ, (ਜਿਵੇਂ ਖੰਡ-ਖੰਡ ਆਖਣ ਨਾਲ ਜੀਭ ਮਿੱਠੀ ਨਹੀਂ ਹੋ ਜਾਂਦੀ ਇਵੇਂ ਗਿਆਨ ਦੀਆਂ ਕਥਾਂ ਕਰਨ ਨਾਲ ਭਰਮ ਨਹੀਂ ਮਿਟ ਜਾਂਦਾ) ।

**ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥**

ਜਿਸ ਨੂੰ ਗੁਰਾਂ ਦੇ ਰਾਹੀਂ (ਵਾਹਿਗੁਰੂ) ਆਪਣੀ ਬੂਝ ਦੇਂਦਾ ਹੈ । ਉਸਦੇ ਹਿਰਦੇ ਵਿਚ ਸਮਾਈ ਕਰ

Sri Satguru Jagjit Singh Ji eLibrary NamdhariElibrary@gmail.com

ਰਿਹਾ ਹੈ ॥੩॥

**ਗੁਰ ਕਿੰਚਤ ਕਿਰਪਾ ਕੀਨੀ ॥ ਸਭੁ ਤਨੁ ਮਨੁ ਦੇਹ ਹਰਿ ਲੀਨੀ ॥**

(ਜਿਨ੍ਹਾਂ ਉਤੇ) ਵਾਹਿਗੁਰੂ ਜੀ ਨੇ ਰਤਾ ਜਿੰਨੀ ਭੀ ਕ੍ਰਿਪਾ ਕੀਤੀ ਹੈ। (ਉਨ੍ਹਾਂ ਦੀ) ਸਾਰੀ ਤਨ ਮਨ ਦੀ [ਦੇਹ] ਅਗਿਆਨਤਾ [ਹਰਿ] ਖੋਹ ਲਈ ਹੈ।

**ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥੪॥੪॥**

ਕਬੀਰ ਜੀ ਕਹਿੰਦੇ ਹਨ, (ਫਿਰ ਉਹ) [ਰੰਗਿ] ਪ੍ਰੇਮ ਵਿਚ ਰੰਗਿਆ ਗਿਆ ਹੈ। (ਇਸ ਲਈ) ਜਗਤ ਨੂੰ ਜੀਵਨ ਦੇਣ ਵਾਲਾ (ਉਸ ਨੂੰ ਆਣ) ਮਿਲਿਆ ਹੈ ॥੪॥੪॥

**ਜਾ ਕੇ ਨਿਗਮ ਦੂਧ ਕੇ ਠਾਟਾ ॥ ਸਮੁੰਦੁ ਬਿਲੋਵਨ ਕਉ ਮਾਟਾ ॥**

ਜਿਸ ਦੇ ਦੁਧ ਦੇ [ਠਾਟਾ] ਥਨ [ਨਿਗਮ] ਵੇਦ (ਗਿਆਨ ਪ੍ਰਤਿਪਾਦਕ ਪੁਸਤਕ) ਹਨ, (ਅਤੇ) ਰਿੜਕਨ ਨੂੰ ਮਟਕਾ [ਸਮੁੰਦੁ] ਸਤਿ ਪੁਰਸ਼ਾਂ ਦੀ ਸੰਗਤ ਹੈ।

**ਤਾ ਕੀ ਹੋਹੁ ਬਿਲੋਵਨਹਾਰੀ ॥ ਕਿਉ ਮੇਟੈ ਗੋ ਛਾਛਿ ਤੁਹਾਰੀ ॥੧॥**

(ਹੇ ਜੀਵ ਇਸਤਰੀ! ਤੂੰ) ਉਸ ਦੇ ਰਿੜਕਨ ਵਾਲੀ ਹੋ। ਤੇਰੀ ਛਾਹ ਤਾਂ ਕਿਸੇ ਖੋਹ ਹੀ ਨਹੀਂ ਲੈਣੀ? (ਸਿਧਾਂਤ ਏਹ ਹੈ ਕਿ ਗਿਆਨ ਦੱਸਣ ਵਾਲੀਆਂ ਪੁਸਤਕਾਂ ਦੀ ਵਿਚਾਰ ਕਰ, ਜੇਕਰ ਗਿਆਨ ਨਾ ਭੀ ਹੋਇਆ ਤਾਂ ਨੇਕ ਕੰਮ ਹੋਣ ਕਰਕੇ ਸੁਰਗ ਸੁਖ ਤਾਂ ਜ਼ਰੂਰ ਹੀ ਮਿਲ ਜਾਵੇਗਾ) ॥੧॥

**ਚੇਰੀ ਤੂ ਰਾਮੁ ਨ ਕਰਸਿ ਭਤਾਰਾ ॥ ਜਗਜੀਵਨ ਪ੍ਰਾਨ ਅਧਾਰਾ ॥੧॥ ਰਹਾਉ ॥**

ਹੇ ਦਾਸੀ! ਤੂੰ ਰਾਮ (ਨੂੰ ਆਪਣਾ) ਪਤੀ (ਕਿਉਂ) ਨਹੀਂ ਬਣਾਉਂਦੀ? ਜੋ ਜਗਤ ਦਾ ਜੀਵਨ (ਰੂਪ ਤੇ) ਪ੍ਰਾਣਾਂ ਦਾ ਆਸਰਾ ਹੈ ॥੧॥ ਰਹਾਉ ॥

**ਤੇਰੇ ਗਲਹਿ ਤਉਕੁ ਪਗ ਬੇਰੀ ॥ ਤੂ ਘਰ ਘਰ ਰਮਈਐ ਫੇਰੀ ॥**

(ਇਸੇ ਲਈ) ਤੇਰੇ ਗਲ ਵਿਚ ਤੌਕ ਤੇ ਪੈਰੀਂ ਬੇੜੀ (ਪਾ ਕੇ), ਰਾਮ ਨੇ ਤੈਨੂੰ ਘਰ-ਘਰ (ਹਰੇਕ ਜੂਨ) ਵਿਚ ਫੇਰਿਆ ਹੈ।

**ਤੂ ਅਜਹੁ ਨ ਚੇਤਸਿ ਚੇਰੀ ॥ ਤੂ ਜਮਿ ਬਪੁਰੀ ਹੇ ਹੇਰੀ ॥੨॥**

ਹੇ ਦਾਸੀ! ਤੂੰ ਅਜੇ ਭੀ ਯਾਦ ਨਹੀਂ ਕਰਦੀ। ਹੇ ਵਿਚਾਰੀਏ! ਤੈਨੂੰ ਜਮ ਨੇ ਭੀ ਤਾੜਿਆ ਹੋਇਆ ਹੈ ॥੨॥

**ਪ੍ਰਭ ਕਰਨ ਕਰਾਵਨਹਾਰੀ ॥ ਕਿਆ ਚੇਰੀ ਹਾਥ ਬਿਚਾਰੀ ॥**

ਵਾਹਿਗੁਰੂ (ਹੀ ਸਭ ਕੁਝ) ਕਰਨ ਤੇ ਕਰਾਉਣ ਵਾਲਾ ਹੈ। (ਮੈਂ) ਵਿਚਾਰੀ ਦਾਸੀ ਦੇ ਹੱਥ ਕੀ ਹੈ?

**ਸੋਈ ਸੋਈ ਜਾਗੀ ॥ ਜਿਤੁ ਲਾਈ ਤਿਤੁ ਲਾਗੀ ॥੩॥**

(ਮੈਂ ਤਾਂ) ਸੁੱਤੀ ਸੁੱਤੀ ਜਾਗੀ ਹਾਂ। ਜਿਧਰ (ਉਸਨੇ) ਲਾਇਆ ਹੈ, ਉਸੇ (ਕੰਮ ਵਿਚ) ਲਗੀ (ਹੋਈ ਹਾਂ) ॥੩॥

Sri Satguru Jagjit Singh Ji eLibrary NamdhariElibrary@gmail.com

**ਚੇਰੀ ਤੈ ਸੁਮਤਿ ਕਹਾਂ ਤੇ ਪਾਈ ॥ ਜਾ ਤੇ ਭ੍ਰਮ ਕੀ ਲੀਕ ਮਿਟਾਈ ॥**

ਹੇ ਦਾਸੀ ! ਤੂੰ ਇਹ ਸ਼ੁਭ ਸਿਖਿਆ ਕਿਥੋਂ ਪਾਈ ਹੈ, ਜਿਸ ਕਰਕੇ (ਤੇਰੇ ਮਨੋਂ) ਭਰਮ ਦੀ ਲੀਕ ਮਿਟ ਗਈ ਹੈ ?

**ਸੁ ਰਸੁ ਕਬੀਰੈ ਜਾਨਿਆ ॥ ਮੇਰੋ ਗੁਰ ਪ੍ਰਸਾਦਿ ਮਨੁ ਮਾਨਿਆ ॥੪॥੫॥**

ਹੇ ਕਬੀਰ ! (ਮੈਂ) ਉਸ ਅਨੰਦ ਨੂੰ ਜਾਣ ਲਿਆ ਹੈ । ਗੁਰਾਂ ਦੀ ਕਿਰਪਾ ਨਾਲ (ਉਸ ਵਿਚ) ਮੇਰਾ ਮਨ ਲਗ ਗਿਆ ਹੈ ॥੪॥੫॥

**ਜਿਹ ਬਾਝੁ ਨ ਜੀਆ ਜਾਈ ॥ ਜਉ ਮਿਲੈ ਤ ਘਾਲ ਅਘਾਈ ॥**

ਜਿਸ ਤੋਂ ਬਿਨਾਂ ਜੀਵਿਆ ਨਹੀਂ ਜਾਂਦਾ । ਜੇ (ਉਹ) ਮਿਲ ਪਵੇ ਤਾਂ ਘਾਲ ਪੂਰੀ ਹੋ ਜਾਂਦੀ ਹੈ।

**ਸਦ ਜੀਵਨੁ ਭਲੋ ਕਹਾਂਹੀ ॥ ਮੂਏ ਬਿਨੁ ਜੀਵਨੁ ਨਾਹੀ ॥੧॥**

(ਫਿਰ) ਸਦਾ ਲਈ ਭਲਾ ਜੀਊਣਾ ਕਿਹਾ ਜਾਂਦਾ ਹੈ। (ਪਰ ਜੀਊਂਦੇ ਹੀ) ਮੋਏ ਤੋਂ ਬਿਨਾਂ (ਉਹ ਭਲਾ) ਜੀਵਨ ਨਹੀਂ (ਮਿਲ ਸਕਦਾ) ।

**ਅਬ ਕਿਆ ਕਥੀਐ ਗਿਆਨੁ ਬੀਚਾਰਾ ॥**

**ਨਿਜ ਨਿਰਖਤ ਗਤ ਬਿਉਹਾਰਾ ॥੧॥ ਰਹਾਉ ॥**

ਹੁਣ ਗਿਆਨ ਦਾ ਵਿਚਾਰ (ਹੋਰ) ਕੀ ਆਖਣਾ ਹੈ। ਸਾਡੇ [ਨਿਰਖਤ] ਵੇਖਦਿਆਂ (ਸੰਸਾਰ ਦੇ) ਵਿਹਾਰ ਨਾਸ ਹੋ ਗਏ ਹਨ ॥੧॥ ਰਹਾਉ ॥

**ਘਸਿ ਕੁੰਕਮ ਚੰਦਨੁ ਗਾਰਿਆ ॥ ਬਿਨੁ ਨੈਨਹੁ ਜਗਤੁ ਨਿਹਾਰਿਆ ॥**

(ਜਿਵੇਂ) ਕੇਸਰ ਘਸਾ ਕੇ ਚੰਦਨ (ਵਿਚ) [ਗਾਰਿਆ] ਮੇਲਿਆ ਜਾਏ (ਤਾਂ ਦੋਹਾਂ ਦੀ ਹਸਤੀ ਮਿਟ ਜਾਂਦੀ ਹੈ, ਇਵੇਂ ਹੀ ਆਤਮਾ ਨੂੰ ਪ੍ਰਮਾਤਮਾ ਵਿਚ ਮੇਲ ਦਿੱਤਾ ਹੈ, ਇਸ ਲਈ ਹੁਣ (ਹਮ ਤੁਮ ਏਕ ਭਏ ਹੈ ਕੋਇ ਨ ਸਕੈ ਪਛਾਨੀ) (ਅਸਾਂ) ਜਗਤ ਨੂੰ ਅੱਖਾਂ ਤੋਂ ਹੀਣਾ (ਅੰਨ੍ਹਾ) ਵੇਖਿਆ ਹੈ।

**ਪੂਤਿ ਪਿਤਾ ਇਕੁ ਜਾਇਆ ॥ ਬਿਨੁ ਠਾਹਰ ਨਗਰੁ ਬਸਾਇਆ ॥੨॥**

(ਜੀਵ) ਪਿਉ ਨੇ ਗਿਆਨ ਰੂਪ ਇਕ ਪੁੱਤਰ ਪੈਦਾ ਕੀਤਾ ਹੈ (ਜਿਸ ਨੇ) ਨਿਥਾਵੇਂ ਪਿਉ ਨੂੰ ਬੈਕੁੰਠ ਰੂਪ) ਸ਼ਹਿਰ ਵਿਚ ਵਸਾ ਦਿੱਤਾ ਹੈ ॥੨॥

**ਜਾਚਕ ਜਨ ਦਾਤਾ ਪਾਇਆ ॥ ਸੋ ਦੀਆ ਨ ਜਾਈ ਖਾਇਆ ॥**

ਮੰਗਤੇ ਪੁਰਸ਼ (ਨੂੰ ਗੁਰੂ) ਦਾਤਾ ਮਿਲ ਪਿਆ ਹੈ। ਉਸ ਦਾ ਦਿੱਤਾ (ਨਾਮ ਰੂਪ ਦਾਨ) ਖਾਧਾ ਹੀ ਨਹੀਂ ਜਾਂਦਾ ।

**ਛੋਡਿਆ ਜਾਇ ਨ ਮੂਕਾ ॥ ਅਉਰਨ ਪਹਿ ਜਾਨਾ ਚੂਕਾ ॥੩॥**

(ਫਿਰ ਉਹ ਦਾਨ) ਦਿਤਿਆਂ ਭੀ ਮੁੱਕ ਨਹੀਂ ਜਾਂਦਾ। ਹੋਰਨਾਂ ਕੋਲ ਜਾਕੇ (ਮੰਗਣਾ ਭੀ) ਰਹਿ ਗਿਆ ਹੈ ॥੩॥

Sri Satguru Jagjit Singh Ji eLibrary NamdhariElibrary@gmail.com

**ਜੋ ਜੀਵਨ ਮਰਨਾ ਜਾਨੈ ॥ ਸੋ ਪੰਚ ਸੈਲ ਸੁਖ ਮਾਨੈ ॥**

ਜੋ ਜੀਊਂਦਿਆਂ ਹੀ ਮਰਨ (ਦੀ ਜੁਗਤੀ) ਜਾਣਦਾ ਹੈ। ਉਹ [ਪੰਚ] ਸੰਤ [ਸੈਲ= ਪਹਾੜ] ਅਚੱਲ ਸੁਖ ਭੋਗਦਾ ਹੈ।

**ਕਬੀਰੈ ਸੋ ਧਨੁ ਪਾਇਆ॥ ਹਰਿ ਭੇਟਤ ਆਪੁ ਮਿਟਾਇਆ ॥੪॥੬॥**

(ਮੈਂ) ਕਬੀਰ ਨੇ (ਭੀ) ਉਹ (ਅਚਲ ਸੁਖ ਰੂਪ) ਧਨ ਪਾਇਆ ਹੈ, [ਆਪੁ] ਹੰਕਾਰ ਛੱਡਦਿਆਂ ਹੀ ਹਰੀ ਮਿਲ ਪਿਆ ॥੪॥੬॥

**ਕਿਆ ਪੜੀਐ ਕਿਆ ਗੁਨੀਐ॥ ਕਿਆ ਬੇਦ ਪੁਰਾਨਾਂ ਸੁਨੀਐ॥**

ਪੜ੍ਹਿਆਂ ਕੀ (ਹੋਣਾ ਹੈ ? ਤੇ) ਵਿਚਾਰ ਕੀਤਿਆਂ ਕੀ (ਮਿਲਣਾ ਹੈ ? ਅਤੇ) ਵੇਦਾਂ ਪੁਰਾਨਾਂ ਦੇ ਸੁਣਨ ਦਾ ਕੀ ਫਲ ਹੈ ?

**ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥**

(ਜੇ ਕੋਈ) ਪੜ੍ਹੇ ਸੁਣੇ ਤਾਂ ਕੀ ਹੋਣਾ ਹੈ ? ਜਦ (ਤਕ) ਉਸ ਦਾ (ਸਹਜ) ਗਿਆਨ ਨਹੀਂ ਮਿਲਦਾ ॥੧॥

**ਹਰਿ ਕਾ ਨਾਮੁ ਨ ਜਪਸਿ ਗਵਾਰਾ॥ ਕਿਆ ਸੋਚਹਿ ਬਾਰੰ ਬਾਰਾ ॥੧॥ ਰਹਾਉ ॥**

ਹੇ ਮੂਰਖ ! ਤੂੰ ਹਰੀ ਦਾ ਨਾਮ ਕਿਉਂ ਨਹੀਂ ਜਪਦਾ ? ਹੋਰ ਕੀ ਕੁਝ ਮੁੜ ਮੁੜ ਕੇ ਸੋਚਦਾ ਹੈਂ ? ॥੧॥ ਰਹਾਉ॥

**ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥**

(ਅਗਿਆਨ ਰੂਪ) ਹਨੇਰੇ (ਨੂੰ ਦੂਰ ਕਰਨ ਲਈ ਗਿਆਨ ਰੂਪ) ਦੀਵੇ ਦੀ ਲੋੜ ਹੈ (ਫਿਰ) ਨਾ ਦਿਸਣ ਵਾਲੀ ਏਕੰਕਾਰ ਵਸਤੂ ਲੱਭ ਪਵੇਗੀ।

**ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥੨॥**

(ਉਸ ਨੇ) ਨਾ ਦਿੱਸਣ ਵਾਲੀ ਨਿਰੰਕਾਰ ਵਸਤੂ ਪਾ ਲਈ ਹੈ। (ਜਿਸ ਦੇ) ਹਿਰਦੇ (ਵਿਚ ਗਿਆਨ ਰੂਪ) ਦੀਵਾ ਜਗ ਰਿਹਾ ਹੈ ॥੨॥

**ਕਹਿ ਕਬੀਰ ਅਬ ਜਾਨਿਆ॥ ਜਬ ਜਾਨਿਆ ਤਉ ਮਨੁ ਮਾਨਿਆ ॥**

ਕਬੀਰ ਜੀ ਆਖਦੇ ਹਨ, ਹੁਣ (ਅਸਾਂ) ਸਮਝ ਲਿਆ ਹੈ। ਜਦੋਂ ਤੋਂ ਸਮਝਿਆ ਹੈ, ਤਦ ਤੋਂ ਮਨ (ਮੇਰਾ ਕਿਹਾ) ਮੰਨਣ ਲਗ ਪਿਆ ਹੈ।

**ਮਨ ਮਾਨੇ ਲੋਗੁ ਨ ਪਤੀਜੈ ॥ ਨ ਪਤੀਜੈ ਤਉ ਕਿਆ ਕੀਜੈ ॥੩॥੭॥**

ਮਨ ਵਸ (ਹੋ ਜਾਵੇ, ਤਾਂ) ਲੋਕ ਖੁਸ਼ ਨਹੀਂ ਹੁੰਦੇ। ਖੁਸ਼ ਨਹੀਂ ਹੁੰਦੇ ਤਾਂ (ਉਨ੍ਹਾਂ ਸਾਡਾ) ਕੀ (ਨੁਕਸਾਨ) ਕਰ ਲੈਣਾ ਹੈ ॥੩॥੭॥

**ਹ੍ਰਿਦੈ ਕਪਟੁ ਮੁਖ ਗਿਆਨੀ॥ ਝੂਠੇ ਕਹਾ ਬਿਲੋਵਸਿ ਪਾਨੀ ॥੧॥**

(ਜੇ) ਦਿਲ ਵਿਚ ਛਲ ਹੈ ਤੇ ਮੂੰਹ ਦਾ ਗਿਆਨ ਹੈ (ਤਾਂ) ਝੂਠਿਆ! ਪਾਣੀ ਕਿਉਂ ਰਿੜਕਦਾ ਹੈ? ॥੧॥

**ਕਾਂਇਆ ਮਾਂਜਸਿ ਕਉਨ ਗੁਨਾਂ ॥ ਜਉ ਘਟ ਭੀਤਰਿ ਹੈ ਮਲਨਾਂ ॥੧॥ ਰਹਾਉ ॥**

ਜੇਕਰ ਦਿਲ ਵਿਚ ਮੈਲ ਹੈ ਤਾਂ ਦੇਹ ਨੂੰ ਧੋਣ ਦਾ ਕੀ ਗੁਣ ਹੈ? ॥੧॥ ਰਹਾਉ ॥

**ਲਉਕੀ ਅਠਸਠਿ ਤੀਰਥ ਨ੍ਹਾਈ ॥ ਕਉਰਾਪਨੁ ਤਊ ਨ ਜਾਈ ॥੨॥**

(ਜੇ ਕਰ) [ਲਉਕੀ] ਤੂੰਬੀ, ਅਠਾਹਠ ਤੀਰਥਾਂ ਵਿਚ ਨਹਾ ਆਵੇ, ਤਾਂ (ਭੀ ਉਸ ਦੀ) ਕੁੜੱਤਣ ਨਹੀਂ ਜਾਂਦੀ ॥੨॥

**ਕਹਿ ਕਬੀਰ ਬੀਚਾਰੀ ॥ ਭਵ ਸਾਗਰੁ ਤਾਰਿ ਮੁਰਾਰੀ ॥੩॥੮॥**

ਕਬੀਰ ਜੀ ਵਿਚਾਰ ਕਰਕੇ ਬੇਨਤੀ ਕਰਦੇ ਹਨ, ਹੇ ਵਾਹਿਗੁਰੂ! ਸੰਸਾਰ ਸਮੁੰਦਰ ਤੋਂ ਤਾਰ ਲੈ ॥੩॥੮॥

***ਸੋਰਠਿ ੴ ਸਤਿਗੁਰ ਪ੍ਰਸਾਦਿ ॥***

**ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥**

ਬਹੁਤੇ [ਪਰਪੰਚ] ਛਲ ਕਰਕੇ ਪਰਾਯਾ ਧਨ (ਠੱਗ ਕੇ) ਲਿਆਉਂਦਾ ਹੈ। ਪੁਤ੍ਰ [ਦਾਰਾ] ਇਸਤ੍ਰੀ ਕੋਲ ਆਣ ਕੇ (ਉਹ ਧਨ) ਲੁਟਾ ਦੇਂਦਾ ਹੈ ॥੧॥

SIKHBOOKCLUB.COM

**ਮਨ ਮੇਰੇ ਭੂਲੇ ਕਪਟੁ ਨ ਕੀਜੈ ॥**
**ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ ਰਹਾਉ ॥**

ਹੇ ਮੇਰੇ ਭੁਲੇ ਮਨ! ਛਲ ਨਾ ਕਰ! ਅੰਤ ਦੇ ਸਮੇਂ ਤਾਂ ਹਿਸਾਬ ਤੇਰੇ ਆਤਮਾ ਪਾਸੋਂ ਲਿਆ ਜਾਣਾ ਹੈ ॥੧॥ ਰਹਾਉ ॥

**ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥**
**ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥੨॥**

ਛਿਨ ਛਿਨ (ਵਿਚ) ਤਨ ਨਾਸ ਹੁੰਦਾ ਹੈ, ਬੁਢੇਪਾ ਜਦੋਂ ਆਵੇਗਾ, ਓਦੋਂ ਤੇਰੇ (ਓਕ ਬੁਕ ਵਿਚ ਕਿਸੇ ਨੇ ਪਾਣੀ ਭੀ ਨਹੀਂ ਪਾਉਣਾ ॥੨॥

**ਕਹਤੁ ਕਬੀਰੁ ਕੋਈ ਨਹੀ ਤੇਰਾ ॥ ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥੩॥੯॥**

ਕਬੀਰ ਜੀ ਆਖਦੇ ਹਨ, (ਅੰਤ ਵੇਲੇ) ਤੇਰਾ ਕੋਈ (ਭੀ ਸਹਾਇਕ) ਨਹੀਂ (ਹੋਵੇਗਾ। ਇਸ ਲਈ) ਸਵੇਰੇ (ਉਠ ਕੇ) ਹਿਰਦੇ ਵਿਚ ਰਾਮ (ਦਾ ਨਾਮ) ਕਿਉਂ ਨਹੀਂ ਜਪਦਾ? ॥੩॥੯॥

**ਸੰਤਹੁ ਮਨ ਪਵਨੈ ਸੁਖੁ ਬਨਿਆ ॥ ਕਿਛੁ ਜੋਗੁ ਪਰਾਪਤਿ ਗਨਿਆ ॥ ਰਹਾਉ ॥**

ਹੇ ਸ਼ਾਂਤਿ ਆਤਮਾ ਪੁਰਸ਼ੋ! (ਹੁਣ) ਪਵਨ (ਵਰਗੇ ਚੰਚਲ) ਮਨ ਨੂੰ ਸੁਖ ਹੋ ਗਿਆ ਹੈ। (ਇਸ ਲਈ) ਵਿਚਾਰ ਲਿਆ ਹੈ ਜੋ ਕੁਝ ਜੋਗ ਦੀ ਪ੍ਰਾਪਤੀ ਹੋ ਗਈ ਹੈ ॥ ਰਹਾਉ ॥

**ਗੁਰਿ ਦਿਖਲਾਈ ਮੋਰੀ ॥ ਜਿਤੁ ਮਿਰਗ ਪੜਤ ਹੈ ਚੋਰੀ ॥**

ਗੁਰਾਂ (ਨੇ ਉਹ ਵਿਕਾਰਾਂ ਦੀ) ਮੋਰੀ ਵਿਖਾ ਦਿਤੀ ਹੈ। ਜਿਧਰੋਂ (ਕਾਮਾਦਿਕ) ਹਰਨ (ਸ਼ੁਭ ਗੁਣਾਂ ਦੀ ਖੇਤੀ ਖਾਨ ਲਈ) ਚੋਰੀ-ਚੋਰੀ ਆ ਪੈਂਦੇ ਹਨ।

**ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥੧॥**

(ਹੁਣ ਅਸਾਂ) ਦਰਵਾਜ਼ੇ ਬੰਦ ਕਰ ਲਏ (ਹਨ। ਇਸ ਲਈ) ਅਨਹਦ ਵਾਜੇ ਵੱਜਣ ਲਗ ਪਏ ਹਨ ॥੧॥

**ਕੁੰਭ ਕਮਲੁ ਜਲਿ ਭਰਿਆ ॥ ਜਲੁ ਮੇਟਿਆ ਊਭਾ ਕਰਿਆ ॥**

(ਜੋ ਹਿਰਦੇ) ਕਮਲ ਰੂਪ ਘੜਾ (ਵਿਕਾਰਾਂ ਰੂਪ) ਪਾਣੀ ਨਾਲ ਭਰਿਆ ਹੋਇਆ ਸੀ। (ਉਸ ਵਿਚੋਂ) ਪਾਣੀ ਡੋਹਲ ਕੇ (ਹਿਰਦੇ ਨੂੰ) [ਊਭਾ] ਸਿੱਧਾ ਕਰ ਲਿਆ ਹੈ।

**ਕਹੁ ਕਬੀਰ ਜਨ ਜਾਨਿਆ ॥ ਜਉ ਜਾਨਿਆ ਤਉ ਮਨੁ ਮਾਨਿਆ ॥੨॥੧੦॥**

ਕਬੀਰ ਜੀ ਆਖਦੇ ਹਨ, ਦਾਸ (ਨੇ ਹੁਣ) ਸਮਝ ਲਿਆ ਹੈ। ਜਦ ਤੋਂ ਜਾਣਿਆ ਹੈ ਤਦ ਤੋਂ ਮਨ ਆਖੇ ਲਗ ਗਿਆ ਹੈ ॥੨॥੧੦॥

**ਰਾਗੁ ਸੋਰਠਿ ॥ ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥**

ਭੁੱਖੇ (ਰਹਿ ਕੇ ਸਾਥੋਂ) ਭਗਤੀ ਨਹੀਂ ਕੀਤੀ ਜਾਂਦੀ। ਇਸ ਲਈ ਇਹ ਆਪਣੀ ਮਾਲਾ (ਸਾਥੋਂ) ਲੈ ਲਵੋ।

**ਹਉ ਮਾਂਗਉ ਸੰਤਨ ਰੇਨਾ ॥ ਮੈ ਨਾਹੀ ਕਿਸੀ ਕਾ ਦੇਨਾ ॥੧॥**

ਮੈਂ ਸੰਤਾਂ ਦੀ ਚਰਨ ਧੂੜਿ ਮੰਗਦਾ ਹਾਂ। ਮੈਂ ਹੋਰ ਕਿਸੇ ਦਾ ਕੁਝ ਦੇਣਾ ਨਹੀਂ ਹੈ ॥੧॥

**ਮਾਧੋ ਕੈਸੀ ਬਨੈ ਤੁਮ ਸੰਗੇ ॥ ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ ॥**

ਹੇ ਵਾਹਿਗੁਰੂ! ਤੈਥੋਂ ਸੰਗਾ ਕਿਵੇਂ ਹੋ ਸਕਦੀ ਹੈ? ਜੇ ਤੁਸੀਂ ਆਪੇ ਨ ਦਿਉਗੇ, ਤਾਂ ਅਸੀਂ ਮੰਗ ਕੇ ਲਵਾਂਗੇ ॥ ਰਹਾਉ ॥

**ਦੁਇ ਸੇਰ ਮਾਂਗਉ ਚੂਨਾ ॥ ਪਾਉ ਘੀਉ ਸੰਗਿ ਲੂਨਾ ॥**

ਦੋ ਸੇਰ ਆਟਾ ਮੰਗਦਾ ਹਾਂ, ਪਾ ਘਿਉ ਤੇ ਨਾਲ ਲੂਣ (ਭੀ ਮੰਗਦਾ ਹਾਂ)।

**ਅਧ ਸੇਰੁ ਮਾਂਗਉ ਦਾਲੇ ॥ ਮੋ ਕਉ ਦੋਨਉ ਵਖਤ ਜਿਵਾਲੇ ॥੨॥**

ਅੱਧ ਸੇਰ ਦਾਲ ਮੰਗਦਾ ਹਾਂ, ਮੈਨੂੰ ਦੋਵੇਂ ਵੇਲੇ (ਏਨੀ ਰਸਦ) [ਜਿਵਾਲੇ] ਖਾਣ ਵਾਸਤੇ ਦੇਹੁ ॥੨॥

**ਖਾਟ ਮਾਂਗਉ ਚਉਪਾਈ ॥ ਸਿਰਹਾਨਾ ਅਵਰ ਤੁਲਾਈ ॥**

ਚਹੁੰ ਪਾਵਿਆਂ ਵਾਲੀ ਮੰਜੀ ਮੰਗਦਾ ਹਾਂ, ਸਿਰਹਾਨਾ ਅਤੇ ਤੁਲਾਈ (ਮੰਗਦਾ ਹਾਂ)।

**ਊਪਰ ਕਉ ਮਾਂਗਉ ਖੀਂਧਾ ॥ ਤੇਰੀ ਭਗਤਿ ਕਰੈ ਜਨੁ ਥੀਂਧਾ ॥੩॥**

ਉਤੇ (ਲੈਣ) ਨੂੰ [ਖੀਂਧਾ] ਲੇਫ ਮੰਗਦਾ ਹਾਂ। (ਤਦ) ਦਾਸ [ਥੀਧਾ] ਪ੍ਰੇਮ ਨਾਲ ਤੇਰੀ ਭਗਤੀ ਕਰੇਗਾ ॥੩॥

**ਮੈ ਨਾਹੀ ਕੀਤਾ ਲਬੋ ॥ ਇਕੁ ਨਾਉ ਤੇਰਾ ਮੈ ਫਬੋ ॥**

ਮੈਂ ਕੋਈ ਲੋਭ ਨਹੀਂ ਕੀਤਾ। (ਇਸ ਤਰ੍ਹਾਂ ਹੀ) ਮੈਥੋਂ ਇਕ ਤੇਰਾ ਨਾਮ (ਜਪਨਾ) ਹੋ ਸਕਦਾ ਹੈ।

**ਕਹਿ ਕਬੀਰ ਮਨੁ ਮਾਨਿਆ ॥ ਮਨੁ ਮਾਨਿਆ ਤਉ ਹਰਿ ਜਾਨਿਆ ॥੪॥੧੧॥**

ਕਬੀਰ ਜੀ ਆਖਦੇ ਹਨ, ਮਨ ਕਿਹਾ ਮੰਨ ਗਿਆ ਹੈ। ਮਨ ਮੰਨ ਗਿਆ ਹੈ, ਤਦੇ ਹੀ ਹਰੀ ਨੂੰ ਜਾਣ ਲਿਆ ਹੈ ॥੪॥੧੧॥

## ਰਾਗੁ ਸੋਰਠਿ ਬਾਣੀ ਭਗਤ ਨਾਮਦੇ ਜੀ ਕੀ ਘਰੁ ੨

**ੴ ਸਤਿਗੁਰ ਪ੍ਰਸਾਦਿ ॥**

**ਜਬ ਦੇਖਾ ਤਬ ਗਾਵਾ ॥ ਤਉ ਜਨ ਧੀਰਜੁ ਪਾਵਾ ॥੧॥**

ਜਦੋਂ (ਹਰੀ ਦੇ ਗੁਣ) ਗਾਉਂਦਾ ਹਾਂ, ਓਦੋਂ (ਹੀ ਉਸ ਦਾ) ਦਰਸ਼ਨ ਕਰਦਾ ਹਾਂ। ਤਦੋਂ ਹੀ ਦਾਸ (ਦੇ ਮਨ ਨੂੰ) ਧੀਰਜ ਆ ਜਾਂਦਾ ਹੈ ॥੧॥

**ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ ॥੧॥ ਰਹਾਉ ॥**

ਹੇ ਭਾਈ! ਸਤਿਗੁਰਾਂ ਦੇ [ਨਾਦਿ] ਉਪਦੇਸ਼ ਵਿਚ ਸਮਾ ਜਾਓ, ਤਦ [ਦੇਵਾ] ਵਾਹਿਗੁਰੂ [ਭੇਟਿਲੇ] ਮਿਲ ਪਵੇਗਾ ॥੧॥ ਰਹਾਉ ॥

**ਜਹ ਝਿਲਿ ਮਿਲਿ ਕਾਰੁ ਦਿਸੰਤਾ ॥ ਤਹ ਅਨਹਦ ਸਬਦ ਬਜੰਤਾ ॥**

ਜਿਥੇ ਝਿਲਮਿਲ-ਝਿਲਮਿਲ ਕਰਦਾ ਹੋਇਆ ਚਾਨਣ ਦਿਸਦਾ ਹੈ। ਉਥੇ ਅਨਹਦ ਸ਼ਬਦ ਭੀ ਵੱਜਦਾ ਹੈ।

**ਜੋਤੀ ਜੋਤਿ ਸਮਾਨੀ ॥ ਮੈ ਗੁਰ ਪਰਸਾਦੀ ਜਾਨੀ ॥੨॥**

(ਉਸ) [ਜੋਤੀ] ਪ੍ਰਕਾਸ਼ ਵਿਚ (ਮੇਰੀ) [ਜੋਤਿ] ਆਤਮਾ ਸਮਾ ਗਈ ਹੈ। (ਪਰ) ਗੁਰਾਂ ਦੀ ਕ੍ਰਿਪਾ ਨਾਲ ਮੈਂ (ਇਹ ਅਵਸਥਾ) ਜਾਣੀ ਹੈ ॥੨॥

**ਰਤਨ ਕਮਲ ਕੋਠਰੀ ॥ ਚਮਕਾਰ ਬੀਜੁਲ ਤਹੀ ॥**

(ਜੋ) ਰਤਨ-ਕਮਲ (ਦੀ) ਕੋਠੜੀ ਹੈ। ਉਥੇ ਬਿਜਲੀ ਦਾ ਚਮਕਾਰ ਹੋ ਰਿਹਾ ਹੈ।

**ਨੇਰੈ ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥੩॥**

(ਵਾਹਿਗੁਰੂ) (ਉਹ ਜਗ੍ਹਾ ਬਹੁਤ) ਨੇੜੇ ਹੈ, ਦੂਰ ਨਹੀਂ। ਆਪਣੇ ਆਤਮਾ ਦੇ ਵਿਚ ਹੀ ਪੂਰਨ ਹੋ ਰਿਹਾ ਹੈ ॥੩॥

**ਜਹ ਅਨਹਤ ਸੂਰ ਉਜ੍ਯਾਰਾ ॥ ਤਹ ਦੀਪਕ ਜਲੈ ਛੰਛਾਰਾ ॥**

ਜਿਥੇ ਬੇ-ਹੱਦ ਸੂਰਜਾਂ ਦਾ ਚਾਨਣ ਹੈ, ਉਥੇ [ਛੰਛਾਰਾ] ਅਖੰਡ ਤੇ ਪ੍ਰਚੰਡ ਦੀਵਾ ਬਲਦਾ ਹੈ ।

**ਗੁਰ ਪਰਸਾਦੀ ਜਾਨਿਆ ॥ ਜਨੁ ਨਾਮਾ ਸਹਜ ਸਮਾਨਿਆ ॥੪॥੧॥**

ਗੁਰਾਂ ਦੀ ਕ੍ਰਿਪਾ ਨਾਲ (ਮੈਂ ਉਸ ਨੂੰ) ਜਾਣ ਲਿਆ ਹੈ, (ਜਿਸ ਕਰਕੇ) ਦਾਸ ਨਾਮਦੇਉ (ਉਸ) ਸਹਜ ਵਿਚ ਸਮਾ ਗਿਆ ਹੈ ।

(ਨੋਟ—ਇਸ ਸ਼ਬਦ ਵਿਚ ਜਿਸ ਦਸ਼ਾ ਦਾ ਵਰਨਣ ਹੈ, ਉਹ ਅਕੈਹ ਅਵਸਥਾ ਹੈ, ਅਭਿਆਸੀ ਪੁਰਸ਼ ਇਸ ਪਦ ਨੂੰ ਅਨੁਭਵ ਕਰ ਸਕਦਾ ਹੈ, ਪਰ ਗੂੰਗੇ ਦੇ ਗੁੜ ਖਾਣ ਵਾਂਗੂੰ ਕਹਿ ਨਹੀਂ ਸਕਦਾ ।)

**ਘਰੁ ੪ ਸੋਰਠਿ ॥**

*ਉਥਾਨਕਾ*—ਇਕ ਵੇਰਾਂ ਨਾਮਦੇਵ ਨੇ ਛਪਰ ਬਣਵਾਇਆ, ਸੋਹਣਾ ਬਣਿਆ ਵੇਖ ਕੇ ਗਵਾਂਢਣ ਪੁਛਣ ਲੱਗੀ ਤੂੰ ਛੱਪਰ ਕਿਸ ਤੋਂ ਬਣਵਾਇਆ ਹੈ ? ਤਾਂ ਉੱਤਰ ਦਿੱਤਾ—

**ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥**

ਕੋਲ ਦੇ ਘਰ ਵਾਲੀ ਗਵਾਂਢਣ ਨੇ ਪੁਛਿਆ—ਹੇ ਨਾਮਦੇਵ! ਤੂੰ ਛੰਨ ਕਿਸ ਕੋਲੋਂ ਬਣਵਾਈ ਹੈ ?

**ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥**

ਮੈਂ ਤੇਰੇ ਨਾਲੋਂ ਦੂਣੀ ਮਜੂਰੀ ਦੇਵਾਂਗੀ, (ਉਹ) [ਬੇਢੀ] ਤਰਖਾਣ ਮੈਨੂੰ ਦੱਸ ਦੇਹੁ ॥੧॥

**ਰੀ ਬਾਈ ਬੇਢੀ ਦੇਨੁ ਨ ਜਾਈ ॥ ਦੇਖੁ ਬੇਢੀ ਰਹਿਓ ਸਮਾਈ ॥**
**ਹਮਾਰੈ ਬੇਢੀ ਪ੍ਰਾਨ ਅਧਾਰਾ ॥੧॥ ਰਹਾਉ ॥**

ਹੇ ਭੈਣ! (ਉਸ) ਤਰਖਾਣ (ਦਾ ਪਤਾ ਮੈਥੋਂ) ਦੱਸਿਆ ਨਹੀਂ ਜਾਂਦਾ। (ਕਿਉਂਕਿ) ਵੇਖ ਖਾਂ! (ਓਹੀ) ਤਰਖਾਣ (ਸਾਰਿਆਂ ਵਿਚ) ਸਮਾ ਰਿਹਾ ਹੈ, ਅਤੇ (ਓਹੀ) ਤਰਖਾਣ ਮੇਰੇ ਪ੍ਰਾਣਾਂ ਦਾ ਆਸਰਾ ਹੈ ॥੧॥ ਰਹਾਉ ॥

**ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥**

ਜੇਹੜਾ ਕੋਈ (ਉਸ ਤੋਂ) ਛੰਨ ਬਣਵਾਉਂਦਾ ਹੈ, (ਉਹ) ਤਰਖਾਣ (ਉਸ ਕੋਲੋਂ) ਪ੍ਰੀਤ ਦੀ ਮਜੂਰੀ ਮੰਗਦਾ ਹੈ ।

**ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥੨॥**

ਲੋਕਾਂ ਤੇ ਸਬੰਧੀਆਂ ਸਾਰਿਆਂ ਨਾਲੋਂ ਪ੍ਰੀਤ ਤੋੜ ਲਵਾਂ, ਤਾਂ ਉਹ ਤਰਖਾਣ ਆਪੇ ਹੀ ਆ ਜਾਂਦਾ ਹੈ ॥੨॥

**ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥**

ਅਜੇਹਾ ਤਰਖਾਣ ਹੈ, (ਉਸ ਦੇ ਗੁਣ ਮੈਂ) ਆਖ ਹੀ ਨਹੀਂ ਸਕਦਾ, ਸਾਰਿਆਂ ਦੇ ਅੰਦਰ ਤੇ ਸਭ ਜਗ੍ਹਾ ਵਿਚ (ਵਿਆਪਕ) ਹੈ ।

**ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥**

(ਜਿਵੇਂ) ਗੂੰਗੇ ਨੇ (ਕੋਈ) ਵੱਡਾ ਅੰਮ੍ਰਿਤ ਰੂਪ ਸਵਾਦ ਖਾਧਾ ਹੋਵੇ (ਤਾਂ) ਪੁਛੇ ਤੋਂ (ਉਸ ਦਾ ਸਵਾਦ ਉਸ ਤੋਂ) ਕਿਹਾ ਨਹੀਂ ਜਾਂਦਾ ॥੩॥

**ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥**

ਹੇ ਭੈਣ! ਉਸ ਤਰਖਾਣ ਦੇ ਗੁਣ ਸੁਣ, ਸਮੁੰਦਰ ਨੂੰ ਬੱਧਾ ਤੇ ਧ੍ਰੂਅ ਨੂੰ ਅਟੱਲ ਕਾਇਮ ਕੀਤਾ ਹੈ।

**ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥੪॥੨॥**

(ਮੈਂ) ਨਾਮੇ ਦੇ ਮਾਲਕ (ਨੇ ਹੀ) ਸੀਤਾ ਮੋੜ ਲਿਆਂਦੀ ਸੀ ਤੇ ਲੰਕਾ ਭਭੀਖਣ ਨੂੰ ਅਰਪਨ ਕਰ ਦਿਤੀ ॥੪॥੨॥

## ਸੋਰਠਿ ਘਰੁ ੩ ॥

**ਅਣਮੜਿਆ ਮੰਦਲੁ ਬਾਜੈ ॥ ਬਿਨੁ ਸਾਵਣ ਘਨਹਰੁ ਗਾਜੈ ॥**

ਮੜ੍ਹੇ ਤੋਂ ਬਿਨਾਂ (ਹੀ ਅਨਹਦ ਸ਼ਬਦ ਰੂਪ) [ਮੰਦਲੁ] ਢੋਲ ਵੱਜਦਾ ਹੈ। [ਸਾਵਣ] ਸੌਣ ਤੋਂ ਬਿਨਾਂ (ਹੀ ਗੁਰੂ ਰੂਪ) ਬੱਦਲ ਗੱਜਦਾ ਹੈ।

**ਬਾਦਲ ਬਿਨੁ ਬਰਖਾ ਹੋਈ ॥ ਜਉ ਤਤੁ ਬਿਚਾਰੈ ਕੋਈ ॥੧॥**

ਬੱਦਲ ਤੋਂ ਬਿਨਾਂ (ਹੀ ਨਾਮ ਦੀ) ਵਰਖਾ ਹੋ ਗਈ ਹੈ। (ਪਰ ਇਹ ਦਸ਼ਾ ਤਦੋਂ ਹੁੰਦੀ ਹੈ) ਜਦੋਂ ਕੋਈ ਤੱਤ (ਸਰੂਪ ਦੀ) ਵਿਚਾਰ ਕਰਦਾ ਹੈ ॥੧॥

**ਮੋ ਕਉ ਮਿਲਿਓ ਰਾਮੁ ਸਨੇਹੀ॥ ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥**

ਮੈਨੂੰ ਪਿਆਰਾ ਰਾਮ ਮਿਲ ਪਿਆ ਹੈ। ਜਿਸ ਦੇ ਮਿਲਿਆਂ ਦੇਹ ਸੁੰਦਰ ਹੋ ਗਈ ਹੈ ॥੧॥ ਰਹਾਉ ॥

**ਮਿਲਿ ਪਾਰਸ ਕੰਚਨੁ ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥**

(ਗੁਰੂ ਰੂਪ) ਪਾਰਸ ਨੂੰ ਮਿਲ ਕੇ (ਸ਼ੁੱਧ ਸਰੂਪ ਰੂਪ) ਸੋਨਾ ਹੋ ਗਿਆ ਹਾਂ। ਮਨ ਤੇ ਮੂੰਹ (ਵਿਚ ਨਾਮ) ਰਤਨ ਪ੍ਰੋਤਾ ਗਿਆ ਹੈ।

**ਨਿਜ ਭਾਉ ਭਇਆ ਭ੍ਰਮੁ ਭਾਗਾ ॥ ਗੁਰ ਪੂਛੇ ਮਨੁ ਪਤੀਆਗਾ ॥੨॥**

ਆਪਣੇ (ਸਰੂਪ ਨਾਲ) ਪ੍ਰੇਮ ਹੋਇਆ ਹੈ, ਅਤੇ ਭਰਮ ਮਿਟ ਗਿਆ ਹੈ। ਗੁਰਾਂ ਨੂੰ ਪੁਛ ਕੇ ਮਨ ਪਤੀਜ ਗਿਆ ਹੈ ॥੨॥

**ਜਲ ਭੀਤਰਿ ਕੁੰਭ ਸਮਾਨਿਆ॥ ਸਭ ਰਾਮੁ ਏਕੁ ਕਰਿ ਜਾਨਿਆ ॥**

ਘੜੇ ਵਿਚਲਾ ਪਾਣੀ (ਸਮੁੰਦਰ ਵਿਚ) ਮਿਲ ਗਿਆ ਹੈ। (ਇਸ ਲਈ) ਸਭਨਾਂ ਵਿਚ ਇਕ ਵਿਆਪਕ ਰਾਮ ਨੂੰ ਜਾਣ ਲਿਆ ਹੈ।

**ਗੁਰ ਚੇਲੇ ਹੈ ਮਨੁ ਮਾਨਿਆ॥ ਜਨ ਨਾਮੈ ਤਤੁ ਪਛਾਨਿਆ ॥੩॥੩॥**

(ਈਸ਼ੁਰ ਰੂਪ) ਗੁਰੂ (ਤੇ ਜੀਵ ਰੂਪ) ਚੇਲੇ (ਦੋਹਾਂ ਦਾ) ਮਨ ਮਿਲ ਗਿਆ ਹੈ। (ਤਦੇ ਹੀ) ਦਾਸ ਨਾਮੇ ਨੂੰ (ਭੀ) ਤਤੁ (ਸਰੂਪ) ਨੇ ਪਛਾਣ ਲਿਆ ਹੈ ॥੩॥੩॥

Sri Satguru Jagjit Singh Ji eLibrary NamdhariElibrary@gmail.com

## ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

### ੧ੴ ਸਤਿਗੁਰ ਪ੍ਰਸਾਦਿ ॥

**ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥**

ਜਦੋਂ ਅਸੀਂ ਹੁੰਦੇ ਹਾਂ, ਓਦੋਂ ਤੂੰ ਨਹੀਂ (ਦਿਸਦਾ) ਹੁਣ ਤੂੰ ਹੀ (ਪ੍ਰਗਟ ਹੈਂ) ਮੈਂ ਨਹੀਂ ।

**ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥**

ਜਿਵੇਂ [ਅਨਲ] ਹਵਾ (ਦੇ ਜ਼ੋਰ ਨਾਲ) [ਓਦਧਿ] ਸਮੁੰਦਰ [ਅਗਮ] ਬੇਅੰਤ ਲਹਿਰਾਂ [ਮਇ] ਰੂਪ (ਹੋ ਜਾਂਦਾ ਹੈ, ਪਰ ਸਮੁੰਦਰ ਦੇ) ਪਾਣੀ ਵਿਚ (ਲਹਿਰਾਂ) ਕੇਵਲ ਪਾਣੀ (ਰੂਪ ਹੀ ਹਨ, ਉਸ ਤੋਂ ਵਖ ਨਹੀਂ ਹਨ) ॥੧॥

**ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥**

ਹੇ ਵਾਹਿਗੁਰੂ ! ਕੀ ਆਖੀਏ, ਅਜੇਹਾ ਭਰਮ ਹੈ ਜੇਹਾ (ਜਗਤ ਨੂੰ) ਮੰਨੀਦਾ ਹੈ, ਤੇਹਾ ਹੁੰਦਾ ਨਹੀਂ ਹੈ ॥੧॥ ਰਹਾਉ ॥

**ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥**

ਇਕ ਰਾਜਾ ਤਖਤ (ਉੱਤੇ ਬੈਠਾ ਸੀ) ਸੌਂ ਗਿਆ ਅਤੇ ਸੁਪਨੇ ਵਿਚ ਮੰਗਤਾ ਹੋ ਗਿਆ ।

**ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥**

ਰਾਜ ਦੇ [ਅਛਤ] ਹੁੰਦਿਆਂ ਹੀ (ਉਸ ਤੋਂ) ਵਿਛੜਕੇ (ਰਾਜੇ ਨੇ) ਦੁੱਖ ਪਾਇਆ, ਓਹੀ ਦਸ਼ਾ ਸਾਡੀ ਹੋਈ ॥੨॥

**ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥**

ਜਿਵੇਂ [ਰਾਜ= ਰੱਜੂ] ਰੱਸੀ ਵਿਚ ਸੱਪ (ਮਲੂਮ ਹੋਣ ਦਾ) ਪ੍ਰਸੰਗ ਹੈ, ਹੁਣ ਕੁਝ-ਕੁਝ ਭੇਦ ਮਲੂਮ ਹੋਇਆ ਹੈ ।

**ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥**

ਜਿਵੇਂ (ਸੋਨੇ ਦੇ) ਅਨੇਕਾਂ ਕੜੇ (ਵੇਖਕੇ ਬੰਦਾ) ਭੁਲ ਜਾਵੇ, (ਤੇ) ਆਖੇ (ਜੋ ਸੋਨਾ ਤੇ ਕੜਾ ਵਖੋ ਵਖ ਹੈ) ਹੁਣ (ਜਦ ਇਸ ਗੱਲ ਦੀ ਸਮਝ ਆ ਗਈ ਤਾਂ ਉਹ ਆਖਿਆ ਨਹੀਂ ਜਾਂਦਾ ॥੩॥

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥**

ਇਕ ਵਾਹਿਗੁਰੂ ਹੀ ਅਨੇਕਾਂ (ਰੂਪ ਹੋ ਕੇ) ਸਾਰਿਆਂ (ਵਿਚ ਵਿਆਪਕ ਹੈ ਅਤੇ) ਓਹੀ ਸਾਰੇ ਘਟਾਂ (ਵਿਚ ਸਾਰੇ ਸੁਖ) ਭੋਗਦਾ ਹੈ ।

**ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥**

ਰਵਿਦਾਸ ਜੀ ਆਖਦੇ ਹਨ, ਹੱਥਾਂ ਤੇ ਪੈਰਾਂ ਨਾਲੋਂ ਭੀ ਨੇੜੇ ਹੈ, ਸਹਜੇ (ਹੀ ਜੋ ਕੁਝ ਉਸ ਤੋਂ) ਹੁੰਦਾ

ਹੈ, ਓਹੀ (ਭਾਣਾ) ਵਰਤਦਾ ਹੈ ॥੪॥੧॥

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥**

ਜੇ ਅਸੀਂ ਮੋਹ ਦੀ ਫਾਹੀ ਵਿਚ ਫਸੇ ਹਾਂ ਤਾਂ ਸਾਡੇ ਪ੍ਰੇਮ ਦੇ ਬੰਧਨਾਂ ਵਿਚ ਤੁਸੀਂ ਬੱਧੇ ਹੋਏ ਹੋ।

**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥**

(ਤੁਸੀਂ) ਆਪਣੇ ਛੁਟਕਾਰੇ ਦਾ ਯਤਨ ਕਰ ਲਵੋ। ਅਸੀਂ ਤਾਂ ਤੁਹਾਨੂੰ ਜਪ ਕੇ ਛੁਟਕਾਰਾ ਪਾ ਜਾਵਾਂਗੇ ॥੧॥

**ਮਾਧਵੇ ਜਾਨਤ ਹਹੁ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥**

ਹੇ ਵਾਹਿਗੁਰੂ! ਜੇਹੀ (ਸਾਡੀ ਪ੍ਰੀਤ ਹੈ) ਤੇਹੀ ਤੁਸੀਂ ਜਾਣਦੇ ਹੋ, ਹੁਣ (ਸਾਡੇ ਨਾਲ) ਅਜੇਹੀ (ਤੋੜ ਵਿਛੋੜੀ) ਕਿਉਂ ਕਰਦੇ ਹੋ ? ॥੧॥ ਰਹਾਉ ॥

**ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥**

ਮੱਛੀ ਨੂੰ ਫੜਕੇ ਫਾਕਾ ਕੀਤਾ ਅਤੇ ਟੋਟੇ ਕਰਕੇ ਬਹੁਤ [ਬਾਨੀ] ਕਿਸਮ ਦਾ ਬਣਾ ਕੇ ਰਿੰਨ੍ਹ ਲਿਆ।

**ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥**

ਟੋਟੇ-ਟੋਟੇ ਕਰਕੇ ਭੋਜਨ ਕਰ ਲਿਆ ਤਾਂ (ਉਸ ਨੂੰ ਫਿਰ ਭੀ) ਪਾਣੀ ਨਹੀਂ ਭੁੱਲਦਾ ॥੨।

**ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥**

[ਰਾਜਾ] ਪ੍ਰਕਾਸ਼ ਰੂਪ ਹਰੀ ਕਿਸੇ ਦੇ ਆਪਣੇ ਪਿਉ ਦਾ ਨਹੀਂ ਹੈ (ਉਹ ਤਾਂ) [ਭਾਵਨ] ਪਰੇਮ ਦਾ ਹੈ।

**ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥**

ਮੋਹ ਦਾ ਪੜਦਾ ਸਾਰੇ ਜਗਤ ਉਤੇ ਤਣਿਆਂ ਹੋਇਆ ਹੈ, ਪਰ ਭਗਤਾਂ ਨੂੰ (ਮੋਹ ਦਾ) ਦੁੱਖ ਨਹੀਂ ਹੁੰਦਾ ॥੩॥

**ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥**

ਰਵਿਦਾਸ ਜੀ ਆਖਦੇ ਹਨ, ਇਕ ਭਗਤੀ ਹੀ ਵਧ ਗਈ ਹੈ, ਹੁਣ ਇਹ ਦੁੱਖ ਕਿਸ ਨੂੰ ਆਖੀਏ ?

**ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥**

ਜਿਸ ਵਾਸਤੇ ਅਸੀਂ ਤੈਨੂੰ ਯਾਦ ਕਰਦੇ ਹਾਂ, ਉਹ ਦੁੱਖ ਅੱਜ ਤੱਕ ਸਹਾਰ ਰਹੇ ਹਾਂ ॥੪॥੨॥

**ਦੂਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ ॥**

ਜੋ ਪੁੰਨਾਂ ਦੇ ਪ੍ਰਤਾਪ ਨਾਲ ਦੁਲਭ ਜਨਮ ਲਿਆ ਹੈ, ਉਹ ਵਿਚਾਰ ਤੋਂ ਹੀਣੇ ਹੋਣ ਕਰਕੇ ਵਿਅਰਥ ਜਾ ਰਿਹਾ ਹੈ।

**ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥**

ਰਾਜੇ ਇੰਦਰ ਸਮਾਨ ਘਰ ਦੇ [ਆਸਨ] ਸੁਖ ਹੋਣ, ਤਾਂ ਦੱਸੋ ਭਾਈ! ਹਰੀ ਦੀ ਭਗਤੀ ਤੋਂ ਬਿਨਾਂ

(ਉਹ ਭੀ) ਕਿਸ ਲੇਖੇ ਵਿਚ ਹਨ ? ॥੧॥

**ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥**

**ਜਿਹ ਰਸ ਅਨ ਰਸ ਬੀਸਰਿ ਜਾਹੀ ॥੧॥ ਰਹਾਉ ॥**

ਰਾਜਾ ਰਾਮ ਦਾ ਪਰੇਮ ਨਹੀਂ ਵਿਚਾਰਿਆ। ਜਿਸ ਪਰੇਮ ਕਰ ਕੇ ਹੋਰ ਸਾਰੇ ਪਰਮ ਰਸ ਭੁੱਲ ਜਾਂਦੇ ਹਨ ॥੧॥ ਰਹਾਉ ॥

**ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥**

ਜਾਨ (ਬੁਝ ਕੇ) ਅਸੀਂ ਮੂਰਖ ਤੇ ਪਾਗਲ ਹੋ ਗਏ ਹਾਂ ਸਮਝ ਤੋਂ ਬੇ-ਸਮਝ ਹੋ ਕੇ ਦਿਨ ਬਿਤਾਉਂਦੇ ਹਾਂ।

**ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ ॥੨॥**

ਇੰਦਰੇ ਬਲਵਾਨ (ਹੋਣ ਕਰਕੇ) ਵਿਚਾਰ ਬੁਧੀ ਕਮਜ਼ੋਰ (ਹੋ ਗਈ ਹੈ, ਇਸ ਲਈ) ਪਰਮਾਰਥ (ਦੇ ਕੰਮਾਂ ਵਿਚ) ਪਹੁੰਚ ਹੀ ਨਹੀਂ ਸਕਦੇ।

**ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ ॥**

ਕਹਿੰਦੇ ਹੋਰ ਹਾਂ, ਕਰਦੇ ਕੁਝ ਹੋਰ ਹਾਂ, ਸਮਝ ਨਹੀਂ ਪੈਂਦੀ, ਮਾਯਾ (ਬੜੀ) ਅਥਾਹ ਹੈ।

**ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ ਕੋਪੁ ਕਰਹੁ ਜੀਅ ਦਇਆ ॥੩॥੩॥**

ਰਵਿਦਾਸ ਜੀ ਆਖਦੇ ਹਨ, ਮੈਂ ਦਾਸ ਦੀ ਮਤਿ (ਸੰਸਾਰ ਤੋਂ) ਉਦਾਸ ਹੈ, ਕ੍ਰੋਧ ਛੱਡਕੇ (ਮੇਰੇ) ਆਤਮਾ ਤੇ ਤਰਸ ਕਰੋ ॥੩॥

**ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ ॥**

(ਜੋ) ਸੁਖਾਂ ਦਾ ਸਮੁੰਦਰ ਹੈ, ਜਿਸ ਦੇ ਵਸ ਵਿਚ ਕਲਪ ਬਿਰਛ, ਚਿੰਤਾਮਣੀ ਤੇ ਕਾਮਧਨ ਹੈ।

**ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ ॥੧॥**

ਚਾਰੇ ਪਦਾਰਥ, ਅਠਾਰਾਂ ਸਿੱਧੀਆਂ ਤੇ ਨੌਂ ਨਿੱਧੀਆਂ ਭੀ ਉਸੇ ਦੇ ਹੱਥ ਹੇਠਾਂ ਹਨ ॥੧॥

**ਹਰਿ ਹਰਿ ਹਰਿ ਨ ਜਪਹਿ ਰਸਨਾ ॥**

**ਅਵਰ ਸਭ ਤਿਆਗਿ ਬਚਨ ਰਚਨਾ ॥੧॥ ਰਹਾਉ ॥**

(ਉਸ) ਹਰੀ ਦਾ ਹਰਿ ਹਰਿ (ਨਾਮ) ਜੀਭ ਨਾਲ (ਕਿਉਂ) ਨਹੀਂ ਜਪਦਾ ? [ਰਚਨਾ] ਜਗਤ ਦੀਆਂ ਹੋਰ ਸਾਰੀਆਂ ਗੱਲਾਂ ਛੱਡ ਦੇਹ ॥੧॥ ਰਹਾਉ ॥

**ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ ॥**

ਪੁਰਾਨਾਂ ਤੇ ਵੇਦਾਂ ਦੇ [ਨਾਨਾ ਬਿਧਿ] ਅਨੇਕ ਤਰ੍ਹਾਂ ਦੇ [ਖਿਆਨ] ਪ੍ਰਸੰਗ (ਜੋ ਭੀ) ਚੌਂਤੀ ਅੱਖਰਾਂ ਵਿਚ ਹਨ।

**ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥੨॥**

ਬਿਆਸ ਜੀ ਨੇ ਵਿਚਾਰ ਕੇ [ਪਰਮਾਰਥੁ] ਸਿਧਾਂਤ (ਏਹ) ਆਖਿਆ (ਹੈ ਕਿ ਇਨ੍ਹਾਂ ਸਾਰਿਆਂ ਵਿਚੋਂ) ਰਾਮ ਦੇ ਨਾਮ ਬਰਾਬਰ (ਕੋਈ ਭੀ ਕਥਾ) ਨਹੀਂ ਹੈ ॥੨॥

**ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥**

(ਜਿਨ੍ਹਾਂ ਦੀ) ਉਪਾਧੀ ਤੋਂ ਬਿਨਾਂ ਹੋ ਕੇ ਪ੍ਰੀਤ ਨਾਲ ਅਚੁਤ ਸਮਾਧੀ ਲੱਗੀ (ਰਹਿੰਦੀ ਹੈ ਉਨ੍ਹਾਂ ਦੇ) ਵੱਡੇ ਭਾਗ ਹਨ।

**ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ ॥੩॥੪॥**

ਰਵਿਦਾਸ ਜੀ ਆਖਦੇ ਹਨ, (ਜਿਸ ਦੇ) ਹਿਰਦੇ ਵਿਚ ਗਿਆਨ ਹੋਇਆ ਹੈ (ਉਸ ਦਾ) ਜਨਮ ਮਰਣ ਦਾ ਡਰ ਮਿਟ ਗਿਆ ਹੈ ॥੩॥੪॥

**ਜਉ ਤੁਮ ਗਿਰਿਵਰ ਤਉ ਹਮ ਮੋਰਾ ॥**
**ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥**

ਜੇ ਤੁਸੀਂ ਪਹਾੜ ਹੋ ਤਾਂ ਮੈਂ ਮੋਰ ਹਾਂ। ਜੇ ਤੁਸੀਂ ਚੰਦ ਹੋ ਤਾਂ ਚਕੋਰ ਹੋਇਆ ਹਾਂ ॥੧॥

**ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥**
**ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥**

ਹੇ ਮਾਧਵ! ਜੇਕਰ ਤੁਸੀਂ (ਮੇਰੇ ਨਾਲੋਂ ਪ੍ਰੀਤ) ਤੋੜੋ, ਤਾਂ ਮੈਂ ਨਹੀਂ ਤੋੜਾਂਗਾ। ਤੁਹਾਡੇ ਨਾਲੋਂ ਤੋੜਕੇ ਕਿਸ ਦੇ ਨਾਲ (ਪ੍ਰੀਤ) ਜੋੜਾਂਗਾ ॥੧॥ ਰਹਾਉ ॥

**ਜਉ ਤੁਮ ਦੀਵਰਾ ਤਉ ਹਮ ਬਾਤੀ ॥ ਜਉ ਤੁਮ ਤੀਰਥ ਤਉ ਹਮ ਜਾਤੀ ॥੨॥**

ਜੇ ਤੁਸੀਂ ਦੀਵਾ ਹੋ, ਤਾਂ ਮੈਂ ਬੱਤੀ ਹਾਂ। ਜੇ ਤੁਸੀਂ ਤੀਰਥ ਹੋ, ਤਾਂ ਮੈਂ ਯਾਤਰੂ ਹਾਂ ॥੨॥

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥**

ਮੈਂ ਸੱਚੀ ਪ੍ਰੀਤ ਤੁਹਾਡੇ ਨਾਲ ਜੋੜੀ ਹੈ। ਤੇਰੇ ਨਾਲ ਜੋੜ ਕੇ ਹੋਰਨਾਂ ਨਾਲੋਂ (ਪ੍ਰੀਤ) ਤੋੜ ਲਈ ਹੈ ॥੩॥

**ਜਹ ਜਹ ਜਾਉ ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥**

ਜਿਥੇ-ਜਿਥੇ ਜਾਵਾਂਗਾ, ਉਥੇ ਤੇਰੀ ਹੀ ਸੇਵਾ (ਕਰਾਂਗਾ)। ਹੇ ਦੇਵ! ਤੇਰੇ ਵਰਗਾ ਹੋਰ ਕੋਈ ਭੀ ਮਾਲਕ ਨਹੀਂ ਹੈ ॥੪॥

**ਤੁਮਰੇ ਭਜਨ ਕਟਹਿ ਜਮ ਫਾਂਸਾ ॥ ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥**

ਤੇਰੇ (ਨਾਮ ਦਾ) ਭਜਨ ਹੀ ਜਮਾਂ ਦੀ ਫਾਹੀ ਕੱਟਦਾ ਹੈ। (ਮੈਂ) ਰਵਿਦਾਸ, ਭਗਤੀ (ਪੂਰਨ ਕਰਨ) ਵਾਸਤੇ (ਤੇਰੇ ਗੁਣ) ਗਾਉਂਦਾ ਹਾਂ ॥੫॥੫॥

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥**

ਪਾਣੀ ਦੀ ਕੰਧ ਹੈ, ਹਵਾ ਦਾ ਥੰਮ੍ਹ ਹੈ, ਲਹੂ ਤੇ ਬੀਰਜ ਦਾ ਗਾਰਾ ਹੈ।

**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥**

ਹੱਡੀਆਂ, ਮਾਸ ਤੇ ਨਾੜੀਆਂ ਦਾ ਪਿੰਜਰਾ (ਬਣਿਆ ਹੋਇਆ ਹੈ, ਜਿਸ ਵਿਚ ਜੀਵ ਰੂਪ) ਗਰੀਬ ਪੰਛੀ ਵੱਸਦਾ ਹੈ ॥੧॥

**ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥**

ਹੇ ਪ੍ਰਾਣੀ! ਮੇਰਾ ਕੀ ਹੈ ? ਤੇ ਤੇਰਾ ਕੀ ? ਜਿਵੇਂ ਦਰੱਖਤ ਉਤੇ ਪੰਛੀ ਦਾ ਵਸੇਬਾ (ਰਾਤ ਗੁਜ਼ਾਰੇ ਲਈ ਹੁੰਦਾ ਹੈ, ਇਵੇਂ ਹੀ ਜਗਤ ਵਿਚ ਸਾਡਾ ਵਾਸਾ ਹੈ) ॥੧॥ ਰਹਾਉ ॥

**ਰਾਖਹੁ ਕੰਧ ਉਸਾਰਹੁ ਨੀਵਾਂ ॥ ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥**

(ਡੂੰਘੀਆਂ) ਨੀਂਹਾਂ ਰੱਖਦੇ ਹੋ (ਫਿਰ ਉਨ੍ਹਾਂ ਉਤੇ) ਕੰਧਾਂ ਉਸਾਰਦੇ ਹੋ। (ਪਰ ਰਹਿਣ ਲਈ ਜਗ੍ਹਾ ਦੀ) ਹੱਦ ਤਾਂ ਸਾਢੇ ਤਿੰਨ ਹੱਥ ਹੈ ॥੨॥

**ਬੰਕੇ ਬਾਲ ਪਾਗ ਸਿਰਿ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥**

ਸੋਹਣੇ ਵਾਲ (ਸਵਾਰ ਕੇ) ਸਿਰ ਉਤੇ ਟੇਢੀ ਪੱਗ (ਬੰਨ੍ਹਦੇ ਹੋ। ਇਹ ਨਹੀਂ ਜਾਣਦੇ ਜੋ) ਇਹ ਸਰੀਰ ਖਾਕ ਦੀ ਢੇਰੀ ਹੋ ਜਾਵੇਗਾ ॥੩॥

**ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨੁ ਬਾਜੀ ਹਾਰੀ ॥੪॥**

SIKHBOOKCLUB.COM

(ਜਿਨ੍ਹਾਂ ਨੇ) ਉੱਚੇ ਮੰਦਰਾਂ (ਵਿਚ ਵਸ ਕੇ), ਸੋਹਣੀ ਇਸਤ੍ਰੀਆਂ (ਦੇ ਪਿਆਰ ਵੱਸ ਹੋ ਕੇ) ਰਾਮ ਦਾ ਨਾਮ ਨਹੀਂ ਜਪਿਆ (ਉਨ੍ਹਾਂ ਨੇ ਮਨੁੱਖਾ ਜਨਮ ਦੀ) ਬਾਜੀ ਹਾਰ ਦਿੱਤੀ ਹੈ ॥੪॥

**ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥**

(ਭਾਵੇਂ) ਮੇਰੀ ਜਾਤਿ ਭੀ ਕਮੀਨੀ ਹੈ, ਬਿਰਾਦਰੀ ਭੀ ਕਮੀਨੀ ਹੈ, ਅਤੇ ਮੇਰਾ ਜਨਮ ਭੀ (ਛੋਟੇ) (ਘਰ ਦਾ ਹੈ)।

**ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥**

(ਪਰ) ਚੁਮਾਰ ਰਵਿਦਾਸ ਆਖਦਾ ਹੈ—ਹੇ ਚੰਦ (ਦੇ ਭੀ) [ਰਾਜਾ] ਪ੍ਰਕਾਸ਼ਕ ਰਾਮ! (ਮੈਂ) ਤੇਰੀ ਸ਼ਰਣ ਆਇਆ ਹਾਂ ॥੫॥੬॥

**ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ ॥੧॥ ਰਹਾਉ ॥**

ਚੁਮਾਰ—ਬੱਚਾ (ਰਵਿਦਾਸ) ਤਾਂ ਗੰਢਣਾ ਜਾਣਦਾ ਨਹੀਂ ਅਤੇ ਲੋਕੀਂ [ਪਨਹੀ] ਜੁੱਤੀਆਂ ਗੰਢਾਉਣ (ਆ ਜਾਂਦਾ ਹਨ) ॥੧॥ ਰਹਾਉ ॥

**ਆਰ ਨਹੀ ਜਿਹ ਤੋਪਉ॥ ਨਹੀ ਰਾਂਬੀ ਠਾਉ ਰੋਪਉ ॥੧॥**

(ਮੇਰੇ ਪਾਸ) ਆਰ ਭੀ ਨਹੀਂ, ਜਿਸ ਨਾਲ ਤੋਪਾ ਲਾਵਾਂ। ਰੰਬੀ ਭੀ ਨਹੀਂ, (ਜਿਸ ਨਾਲ) ਜਗ੍ਹਾ ਪੱਧਰੀ ਕਰਾਂ ॥੧॥

**ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥ ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥**

(ਸਾਡੀ ਬਰਾਦਰੀ ਦੇ) ਲੋਗ (ਜੁੱਤੀਆਂ) ਗੰਢ ਗੰਢ ਕੇ ਬਹੁਤ ਖੁਆਰ ਹੋ ਗਏ ਹਨ। (ਪਰ) ਮੈਂ ਤਾਂ ਬਿਨਾਂ ਗੰਢੇ ਤੋਂ ਹੀ (ਮੰਜ਼ਲ ਤੱਕ) ਜਾ ਪਹੁੰਚਿਆ ਹਾਂ ॥੨॥

**ਰਵਿਦਾਸੁ ਜਪੈ ਰਾਮ ਨਾਮਾ ॥ ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥**

ਰਵਿਦਾਸ (ਜੀ ਆਖਦੇ ਹਨ, ਮੈਂ ਤਾਂ) ਰਾਮ ਦਾ ਨਾਮ ਜਪਦਾ ਹਾਂ। ਇਸ ਲਈ ਹੁਣ ਮੇਰਾ ਜਮਾਂ ਨਾਲ (ਕੋਈ ਭੀ) ਕੰਮ ਨਹੀਂ ਰਿਹਾ ॥੩॥੭॥

## ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ

**ੴ ਸਤਿਗੁਰ ਪ੍ਰਸਾਦਿ ॥**

**ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧਵਾਨੀ ॥**

ਅੱਖਾਂ ਤੋਂ ਪਾਣੀ ਵਗਦਾ ਹੈ, ਸਰੀਰ ਮਾੜਾ ਹੋ ਗਿਆ ਹੈ ਅਤੇ ਕੇਸ ਦੁੱਧ [ਵਾਨੀ] ਰੰਗੇ (ਚਿੱਟੇ) ਹੋ ਗਏ ਹਨ।

**ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥੧॥**

(ਬਲਗਮ ਨਾਲ) ਗਲ ਰੁਕ ਗਿਆ ਹੈ, ਬੋਲ ਹੀ ਨਹੀਂ ਸਕਦਾ, ਹੇ ਪ੍ਰਾਣੀ! ਹੁਣ ਕੀ ਕਰੇਗਾ ?॥੧॥

**ਰਾਮ ਰਾਇ ਹੋਹਿ ਬੈਦ ਬਨਵਾਰੀ ॥ ਅਪਨੇ ਸੰਤਹ ਲੇਹੁ ਉਬਾਰੀ ॥੧॥ ਰਹਾਉ ॥**

ਹੇ ਸੰਸਾਰ ਬਨ ਦੇ ਵਾਲੀ ਰਾਮਰਾਜੇ! (ਹੁਣ) ਵੈਦ ਹੋ ਕੇ ਆਪਣੇ ਸੰਤਾਂ ਨੂੰ ਬਚਾ ਲਓ ॥੧॥ ਰਹਾਉ ॥

**ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥**

ਸਿਰ ਨੂੰ ਪੀੜ ਹੈ, ਸਰੀਰ ਸੜਦਾ ਹੈ, ਅਤੇ ਕਲੇਜੇ ਵਿਚ ਧੁਖਧੁਖੀ ਹੈ!

**ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥੨॥**

ਅਜੇਹੀ [ਬੇਦਨ] ਬਿਮਾਰੀ ਪੈਦਾ ਹੋ ਖਲੋਤੀ ਹੈ, ਉਸਦਾ ਕੋਈ ਦਾਰੂ ਨਹੀਂ (ਸੁੱਝਦਾ) ਹੈ ॥੨॥

**ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥**

ਹਰੀ ਦਾ ਨਾਮ ਹੀ ਨਿਰਮਲ ਜਲ ਵਾਂਗ ਅੰਮ੍ਰਿਤ ਰੂਪ ਹੈ, ਏਹੋ ਜਗਤ ਉਤੇ ਚੰਗੀ ਦਵਾਈ ਹੈ।

**ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥੩॥੧॥**

ਭੀਖਨ ਜੀ ਆਖਦੇ ਹਨ, ਹੇ ਪੁਰਸ਼ੋ! ਗੁਰਾਂ ਦੀ ਕ੍ਰਿਪਾ (ਦਵਾਰੇ ਇਸ ਦੁਆਈ) ਨੂੰ ਪਾ ਕੇ ਮੁਕਤੀ ਹਾਸਲ ਕਰ ਲਵੋ ॥੩॥੧॥

**ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥**

ਅਜੇਹਾ ਅਮੋਲਕ ਪਦਾਰਥ ਨਾਮ ਰਤਨ ਪੁੰਨਾਂ ਦੇ (ਪ੍ਰਤਾਪ ਕਰਕੇ ਜਿਸ ਨੇ) ਪਾਇਆ ਹੈ।

**ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥੧॥**

(ਭਾਵੇਂ ਉਸ ਨੇ) ਅਨੇਕਾਂ ਜਤਨ ਕਰਕੇ ਹਿਰਦੇ (ਵਿਚ ਲੁਕਾ) ਰਖਿਆ ਹੈ, (ਪਰ ਇਹ) ਰਤਨ ਲੁਕਾਇਆਂ (ਭੀ) ਲੁਕਿਆ ਨਹੀਂ ਰਿਹਾ ॥੧॥

**ਹਰਿ ਗੁਨ ਕਹਤੇ ਕਹਨੁ ਨ ਜਾਈ ॥ ਜੈਸੇ ਗੂੰਗੇ ਕੀ ਮਿਠਿਆਈ ॥੧॥ ਰਹਾਉ ॥**

ਹਰੀ ਦੇ ਗੁਣ ਕਹਿਣ ਲੱਗਿਆਂ ਕਹੇ ਨਹੀਂ ਜਾਂਦੇ, ਜਿਵੇਂ ਗੂੰਗਾ ਮਿਠਿਆਈ (ਖਾ ਕੇ ਉਸ ਦਾ ਸਵਾਦ ਨਹੀਂ ਦੱਸ ਸਕਦਾ) ॥੧॥ ਰਹਾਉ ॥

**ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥**

ਜੀਭ ਨਾਲ ਜਪਦਿਆਂ, ਕੰਨਾਂ ਨਾਲ ਸੁਣਦਿਆਂ ਤੇ ਦਿਲ ਵਿਚ ਸਿਮਰਨ ਕੀਤਿਆਂ ਹੀ ਸੁੱਖ ਹੁੰਦਾ ਹੈ।

**ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥੨॥੨॥**

ਭੀਖਨ ਜੀ ਆਖਦੇ ਹਨ, ਦੋਹਾਂ ਅੱਖਾਂ ਨੂੰ ਸੰਤੋਖ (ਹੋ ਗਿਆ, ਕਿਉਂਕਿ ਹੁਣ) ਜਿਧਰ ਵੇਖਦਾ ਹਾਂ, ਉਥੇ ਉਹ (ਵਾਹਿਗੁਰੂ) ਹੀ ਦਿਸਦਾ ਹੈ ॥੨॥੨॥

## ਰਾਗੁ ਧਨਾਸਰੀ (ਅੰਗ ੬੯੧-੯੫)

### ਬਾਣੀ ਭਗਤ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

**ਸਨਕ ਸਨੰਦ ਮਹੇਸ ਸਮਾਨਾਂ ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥**

ਸਨਕ, ਸਨੰਦਨ, (ਸਨਾਤਨ, ਸੰਤ ਕੁਮਾਰ) ਸ਼ਿਵ ਜੀ ਤੇ ਸ਼ੇਖ ਨਾਗ ਵਰਗਿਆਂ ਨੇ ਤੇਰਾ ਭੇਦ ਨਹੀਂ ਜਾਣਿਆ ॥੧॥

**ਸੰਤਸੰਗਤਿ ਰਾਮੁ ਰਿਦੈ ਬਸਾਈ ॥੧॥ ਰਹਾਉ ॥**

ਹੇ ਰਾਮ! ਸੰਤ ਸੰਗਤਿ (ਦੇ ਪ੍ਰਤਾਪ ਕਰਕੇ ਤੂੰ ਮੇਰੇ) ਹਿਰਦੇ ਵਿਚ ਆ ਵਸਿਆ ਹੈਂ ॥੧॥ ਰਹਾਉ ॥

**ਹਨੂਮਾਨ ਸਰਿ ਗਰੁੜ ਸਮਾਨਾਂ ॥ ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥**

ਹਨੂੰਮਾਨ ਜੇਹੇ (ਸੇਵਕਾਂ ਤੇ) ਗਰੜ ਵਰਗੇ (ਭਗਤਾਂ) ਅਤੇ ਇੰਦਰ (ਵਰਗੇ) ਰਾਜਿਆਂ (ਨੇ ਭੀ ਤੇਰੇ) ਗੁਣਾਂ ਨੂੰ ਨਹੀਂ ਜਾਣਿਆਂ ॥੨॥

**ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥ ਕਮਲਾਪਤਿ ਕਵਲਾ ਨਹੀ ਜਾਨਾਂ ॥੩॥**

ਚਾਰੇ ਵੇਦਾਂ, ਸਿੰਮ੍ਰਿਤੀਆਂ ਤੇ ਪੁਰਾਨਾਂ, ਲਛਮੀ ਦੇ ਪਤੀ ਵਿਸ਼ਨੂੰ ਤੇ ਲਛਮੀ (ਨੇ ਭੀ ਤੇਰਾ ਭੇਦ) ਨਹੀਂ ਜਾਣਿਆ ॥੩॥

**ਕਹਿ ਕਬੀਰ ਸੋ ਭਰਮੈ ਨਾਹੀ ॥ ਪਗ ਲਗਿ ਰਾਮ ਰਹੈ ਸਰਨਾਂਹੀ ॥੪॥੧॥**

ਕਬੀਰ ਜੀ ਆਖਦੇ ਹਨ, ਉਹ (ਜਨਮ ਮਰਨ ਵਿਚ) ਨਹੀਂ ਭੌਂਦਾ (ਜੋ) ਰਾਮ ਦੇ ਚਰਨਾਂ ਦੀ ਸ਼ਰਨੀ ਲਗ ਰਿਹਾ ਹੈ ॥੪॥੧॥

**ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥**

ਘੜੀਆਂ ਤੋਂ ਪਹਿਰ ਤੇ ਪਹਿਰਾਂ ਤੋਂ ਦਿਨ (ਹੋ ਹੋ ਕੇ) ਉਮਰਾ ਘਟਦੀ (ਜਾਂਦੀ ਤੇ) ਸਰੀਰ ਮਾੜਾ (ਹੁੰਦਾ ਜਾਂਦਾ ਹੈ)।

**ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥੧॥**

[ਬਧਿਕ] ਸ਼ਿਕਾਰੀ ਵਾਂਗੂ ਕਾਲ ਸ਼ਿਕਾਰੀ (ਮਗਰ) ਫਿਰਦਾ ਹੈ, ਦਸੋ! (ਇਸ ਤੋਂ ਬਚਨ ਲਈ) ਕੇਹੜੀ ਜੁਗਤੀ ਕਰੀਏ ? ॥੧॥

**ਸੋ ਦਿਨੁ ਆਵਨ ਲਾਗਾ ॥**

**ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ ॥੧॥ ਰਹਾਉ ॥**

ਉਹ ਦਿਨ (ਨੇੜੇ) ਲਗਾ ਆਉਂਦਾ ਹੈ, ਦਸੋ! ਮਾਂ, ਪਿਉ, ਭਰਾ, ਪੁਤਰ ਤੇ ਇਸਤਰੀ (ਵਿਚੋਂ ਕੌਣ) ਕੋਈ ਕਿਸੇ ਦਾ (ਬਣਦਾ ਹੈ) ?

**ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੂ ਨ ਬੂਝੈ ॥**

ਜਦ ਤਕ ਆਤਮਾ ਦੇਹ ਵਿਚ ਹੁੰਦੀ ਹੈ, (ਤਦੋਂ ਤਕ) ਪਸ਼ੂ ਆਪਣੇ ਸਰੂਪ ਦੀ ਪਛਾਣ ਨਹੀਂ ਕਰਦਾ।

**ਲਾਲਚ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥੨॥**

ਜੀਵਨ ਵਾਸਤੇ ਲਾਲਚ ਕਰਦਾ ਹੈ, ਪਰ ਅੱਖਾਂ ਤੋਂ ਕੁਝ ਦਿਸਦਾ ਹੀ ਨਹੀਂ ਹੈ ॥੨॥

**ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥**

ਕਬੀਰ ਜੀ ਆਖਦੇ ਹਨ, ਹੇ ਪੁਰਸ਼ੋ! ਮਨ ਦੇ ਭਰਮ ਛੱਡ ਦੇਵੋ।

**ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥੩॥੨॥**

ਹੇ ਪ੍ਰਾਣੀਓ! ਇਕ ਨਾਮ ਜਪੋ ਤੇ ਇਕੋ ਦੀ ਸ਼ਰਨੀ ਪੈ ਜਾਓ, (ਤਾਂ ਕਾਲ ਤੋਂ ਬਚ ਜਾਓਗੇ) ॥੩॥੨॥

**ਉਥਾਨਕਾ**—ਕਬੀਰ ਜੀ ਮਰਨ ਲਗਿਆਂ ਮਘਹਾ ਧਰਤੀ ਵਿਚ ਚਲੇ ਗਏ। ਲੋਕਾਂ ਨੇ ਕਿਹਾ, "ਇਥੇ ਮਰਕੇ ਤਾਂ ਖੋਤੇ ਬਣੀਦਾ ਹੈ, ਆਪ ਇਥੇ ਕਿਉਂ ਆਏ ਹੋ, ਅੰਤ ਸਮੇਂ ਕਾਂਸ਼ੀ ਵਿਚ ਰਹਿੰਦੇ ਤਾਂ ਨਿਰਸੰਦੇਹ ਮੁਕਤ ਹੋ ਜਾਂਦੇ।" ਭਗਤ ਜੀ ਨੇ ਕਹਾ, "ਅਸਾਂ ਮਘਹਾ ਵਿਚ ਮਰਕੇ ਮੁਕਤਿ ਹੋਣਾ ਹੈ।" ਲੋਕਾਂ ਨੇ ਅਸਚਰਜ ਮੰਨਿਆਂ ਤਾਂ ਆਪ ਨੇ ਕਿਹਾ—

**ਜੋ ਜਨੁ ਭਾਉ ਭਗਤਿ ਕਛੁ ਜਾਨੈ ਤਾ ਕਉ ਅਚਰਜੁ ਕਾਹੋ ॥**

ਜੋ ਪੁਰਸ਼ ਕੁਝ ਪ੍ਰੇਮਾ ਭਗਤੀ ਜਾਣਦਾ ਹੈ, ਉਸ ਨੂੰ (ਮਘਹਾ ਵਿਚ ਮਰਕੇ ਮੁਕਤਿ ਹੋਣ ਵਿਚ) ਅਸਚਰਜ ਹੀ ਕੀ ਹੈ ?

**ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥੧॥**

Sri Satguru Jagjit Singh Ji eLibrary NamdhariElibrary@gmail.com

ਜਿਵੇਂ ਪਾਣੀ ਵਿਚ ਪਾਣੀ ਪੈ ਕੇ ਫਿਰ ਵੱਖ ਨਹੀਂ ਹੋ ਸਕਦਾ, ਇਵੇਂ ਹੀ ਮੈਂ ਜੁਲਾਹਾ (ਪ੍ਰੇਮ ਭਗਤੀ ਵਿਚ) ਰਲ ਮਿਲ ਗਿਆ ਹਾਂ ॥੧॥

**ਹਰਿ ਕੇ ਲੋਗਾ ਮੈ ਤਉ ਮਤਿ ਕਾ ਭੋਰਾ ॥**

**ਜਉ ਤਨੁ ਕਾਸੀ ਤਜਹਿ ਕਬੀਰਾ ਰਮਈਐ ਕਹਾ ਨਿਹੋਰਾ ॥੧॥ ਰਹਾਉ ॥**

ਹੇ ਹਰੀ ਦੇ ਸੰਤੋ! ਮੈਂ ਤਾਂ ਅਕਲ ਦਾ ਭੋਲਾ ਹਾਂ, (ਪਰ ਏਹ ਤਾਂ ਸੋਚੋ ਕਿ) ਜੇਕਰ ਕਬੀਰ ਨੇ ਕਾਂਸ਼ੀ ਵਿਚ ਸਰੀਰ ਛੱਡਿਆ ਤਾਂ ਰਾਮ ਦਾ ਕੀ ਅਹਿਸਾਨ ? ॥੧॥ ਰਹਾਉ ॥

**ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ ॥**

ਕਬੀਰ ਜੀ ਆਖਦੇ ਹਨ, ਹੇ ਦੁਨੀਆਂ ਦਾਰੋ! ਸੁਣੋ, ਕੋਈ ਭਰਮ ਵਿਚ ਨਾ ਭੁਲੇ ਰਹਿਣਾ।

**ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ ॥੨॥੩॥**

ਜੇ ਹਿਰਦੇ ਵਿਚ ਰਾਮ ਦਾ ਵਾਸਾ ਹੋਵੇ, ਤਾਂ ਫਿਰ ਕੀ ਕਾਂਸ਼ੀ ਤੇ ਮਘਹਾ ਕੀ (ਊਖਰੁ) ਕੱਲਰੀ ਧਰਤੀ (ਦੋਵੇਂ ਇਕ ਸਮਾਨ ਹਨ) ॥੨॥੩॥

**ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ ਓਛੇ ਤਪ ਕਰਿ ਬਾਹੁਰਿ ਐਬੋ ॥੧॥**

ਇੰਦਰ ਲੋਕ ਜਾਂ ਸ਼ਿਵ ਲੋਕ ਵਿਚ ਜਾਓਗੇ। (ਤਾਂ) ਤਪ ਦਾ ਥੋੜਾ (ਚਿਰ ਫਲ) ਭੋਗ ਕੇ (ਫਿਰ) ਬਾਹਰ ਆ ਜਾਓਗੇ ॥੧॥

SIKHBOOKCLUB.COM

**ਕਿਆ ਮਾਂਗਉ ਕਿਛੁ ਥਿਰੁ ਨਾਹੀ ॥ ਰਾਮ ਨਾਮ ਰਖੁ ਮਨ ਮਾਹੀ ॥੧॥ ਰਹਾਉ ॥**

ਕੀ ਮੰਗੀਏ ? ਕੁਝ ਵੀ ਸਦਾ ਨਹੀਂ ਰਹਿਣਾ। (ਇਸ ਲਈ) ਰਾਮ ਦਾ ਨਾਮ ਹੀ ਮਨ ਵਿਚ ਰਖੋ ॥੧॥ ਰਹਾਉ ॥

**ਸੋਭਾ ਰਾਜ ਬਿਭੈ ਬਡਿਆਈ ॥ ਅੰਤਿ ਨ ਕਾਹੂ ਸੰਗ ਸਹਾਈ ॥੨॥**

ਰਾਜ ਦੀ ਸੋਭਾ [ਬਿਭੈ] ਧਨ ਪਦਾਰਥ (ਤੇ ਜਗਤ ਦੀ) ਵਡਿਆਈ ਅੰਤ ਵੇਲੇ ਕਿਸੇ ਦੇ ਭੀ ਨਾਲ (ਇਹ ਕੁਝ ਭੀ) ਸਹਾਈ ਨਹੀਂ ਹੁੰਦੇ ॥੨॥

**ਪੁਤ੍ਰ ਕਲਤ੍ਰ ਲਛਮੀ ਮਾਇਆ ॥ ਇਨ ਤੇ ਕਹੁ ਕਵਨੈ ਸੁਖੁ ਪਾਇਆ ॥੩॥**

ਪੁਤ੍ਰ, ਇਸਤ੍ਰੀ, ਧਨ ਤੇ ਦੌਲਤ, ਦਸੋ ਇਨ੍ਹਾਂ ਕੋਲੋਂ ਕਿਸ ਸੁਖ ਪਾਇਆ ਹੈ ? ॥੩॥

**ਕਹਤ ਕਬੀਰ ਅਵਰ ਨਹੀ ਕਾਮਾ ॥ ਹਮਰੈ ਮਨ ਧਨ ਰਾਮ ਕੋ ਨਾਮਾ ॥੪॥੪॥**

ਕਬੀਰ ਜੀ ਆਖਦੇ ਹਨ, ਹੋਰ (ਕੋਈ ਭੀ ਸਾਡੇ) ਕੰਮ (ਦੀ ਵਸਤੂ) ਨਹੀਂ ਹੈ। ਸਾਡੇ ਮਨ ਦਾ ਧਨ ਤਾਂ ਰਾਮ ਦਾ ਨਾਮ ਹੈ ॥੪॥੪॥

**ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ ॥**

ਹੇ ਭਾਈ! (ਮਨ ਕਰਕੇ) ਰਾਮ ਨੂੰ ਯਾਦ ਕਰ, (ਬਾਣੀ ਨਾਲ) ਰਾਮ ਨੂੰ ਯਾਦ ਕਰ, (ਤੇ ਸਰੀਰ ਕਰਕੇ) ਰਾਮ ਦੀ ਸੇਵਾ ਕਰ!

**ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ ॥੧॥ ਰਹਾਉ ॥**

ਰਾਮ ਦਾ ਨਾਮ ਜਪੇ ਤੋਂ ਬਿਨਾਂ ਵਡੇ-ਵਡੇ (ਪੁਰਸ਼ ਸੰਸਾਰ ਵਿਚ) ਡੁਬ ਗਏ ਹਨ ॥੧॥ ਰਹਾਉ ॥

**ਬਨਿਤਾ ਸੁਤ ਦੇਹ ਗ੍ਰੇਹ ਸੰਪਤਿ ਸੁਖਦਾਈ ॥**

ਇਸਤ੍ਰੀ, ਪੁਤਰ, ਸਰੀਰ, ਘਰ (ਤੇ ਹੋਰ) ਸੁਖ ਦੇਣ ਵਾਲੀ ਦੌਲਤ!

**ਇਨ੍ ਮੈ ਕਛੁ ਨਾਹਿ ਤੇਰੋ ਕਾਲ ਅਵਧ ਆਈ ॥੧॥**

ਉਮਰਾ ਦੇ ਅਖੀਰ ਆਇਆਂ ਇਨ੍ਹਾਂ ਵਿਚੋਂ ਤੇਰਾ ਕੁਝ (ਭੀ ਸਾਥੀ) ਨਹੀਂ ਹੋਣਾ ॥੧॥

**ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ ॥**

ਅਜਾਮਲ, ਹਾਥੀ ਤੇ ਕੰਜਰੀ ਨੇ ਪਾਪ ਕਰਮ ਕੀਤੇ ਸਨ।

**ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ ॥੨॥**

ਉਹ ਰਾਮ ਦਾ ਨਾਮ ਜਪ ਕੇ (ਸੰਸਾਰ ਸਮੁੰਦਰ ਤੋਂ) ਪਾਰ ਉਤਰ ਗਏ ਹਨ ॥੨॥

**ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ ॥**

ਸੂਰ ਤੇ ਕੁੱਤੇ (ਆਦਿਕ) ਜੂਨਾਂ ਵਿਚ ਭੌਂਦਾ (ਆਇਆ ਹੈਂ, ਅਜੇ ਭੀ) ਤੈਨੂੰ ਸ਼ਰਮ ਨਹੀਂ ਆਈ?

**ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ ॥੩॥**

ਰਾਮ ਦਾ ਨਾਮ ਰੂਪ ਅੰਮ੍ਰਿਤ ਛੱਡ ਕੇ ਕਿਉਂ ਜ਼ਹਿਰ ਖਾਂਦਾ ਹੈਂ? ॥੩॥

**ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ ॥**

[ਬਿਧਿ] ਕਰਨ ਵਾਲੇ ਤੇ [ਨਿਖੇਧ] ਨਾ ਕਰਨ ਵਾਲੇ ਕਰਮਾਂ ਦੇ ਭਰਮ ਨੂੰ ਛੱਡ ਕੇ ਰਾਮ ਦਾ ਨਾਮ ਲੈ।

**ਗੁਰ ਪ੍ਰਸਾਦਿ ਜਨ ਕਬੀਰ ਰਾਮੁ ਕਰਿ ਸਨੇਹੀ ॥੪॥੫॥**

ਕਬੀਰ ਜੀ (ਆਖਦੇ ਹਨ), ਹੇ ਜਨ! ਗੁਰਾਂ ਦੀ ਕਿਰਪਾ ਨਾਲ ਰਾਮ ਪਿਆਰਾ ਕਰਕੇ ਜਾਣ ॥੪॥੫॥

## ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ

*੧ੴ ਸਤਿਗੁਰ ਪ੍ਰਸਾਦਿ ॥*

**ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥**

ਡੂੰਘੀਆਂ ਨੀਹਾਂ ਪੁਟਾ ਕੇ ਉਤੇ ਪੱਕੇ ਮਕਾਨ ਬਣਾਏ ਹਨ।

**ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥੧॥**

ਮਾਰਕੰਡੇ ਤੋਂ ਕੌਣ ਵੱਡਾ ਹੈ? ਜਿਸਨੇ ਸਿਰ ਤੇ ਕੱਖਾਂ (ਦਾ ਪੂਲਾ) ਧਰਕੇ (ਹੀ ਦਿਨ) ਬਿਤਾ ਲਏ ਸਨ ॥੧॥

**ਹਮਰੋ ਕਰਤਾ ਰਾਮੁ ਸਨੇਹੀ ॥**

**ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ ॥੧॥ ਰਹਾਉ ॥**

ਸਿਰਜਨਹਾਰ ਰਾਮ ਹੀ ਸਾਡਾ ਪਿਆਰਾ ਹੈ। ਹੇ ਬੰਦੇ! ਕਿਉਂ ਹੰਕਾਰ ਕਰਦਾ ਹੈਂ, (ਤੇਰੀ) ਝੂਠੀ ਦੇਹ ਨਾਸ ਹੋ ਜਾਵੇਗੀ ॥੧॥ ਰਹਾਉ ॥

**ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥**

(ਉਹ) ਕੈਰੋਂ ਮੇਰੀ-ਮੇਰੀ ਕਰਦੇ ਸਨ, ਦੁਰਜੋਧਨ ਵਰਗੇ (ਜਿਨ੍ਹਾਂ) ਦੇ ਭਰਾ ਸਨ।

**ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝ ਨ ਖਾਈ ॥੨॥**

[ਬਾਰਹ ਜੋਜਨ] ਅਠਤਾਲੀ ਕੋਹਾਂ ਤਕ (ਜਿਸ ਦੀ ਫੌਜ ਦੇ ਸਿਪਾਹੀ ਛਤਰੀਆਂ ਲੈ ਕੇ ਖੜੇ ਸਨ, ਅਤੇ ਉਨ੍ਹਾਂ ਛਤ੍ਰੀਆਂ ਦੀ ਛਾਂ ਹੇਠਾਂ ਜੋ ਤੁਰਿਆ ਸੀ, (ਉਸ ਦੁਰਜੋਧਨ ਦੀ) ਦੇਹੀ ਗਿਰਝਾਂ ਨੇ ਭੀ ਨਾ ਖਾਧੀ (ਅਤੇ ਰਣ-ਭੂਮੀ ਵਿਚ ਹੀ ਤਰੱਕ ਗਈ ਸੀ) ॥੨॥

**ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥**

ਰਾਵਨ ਵਰਗੇ ਵਡੇ (ਹੋ ਗੁਜ਼ਰੇ ਹਨ, ਜਿਸ ਦੀ) ਲੰਕਾ ਸਾਰੀ ਸੋਨੇ ਦੀ ਹੁੰਦੀ ਸੀ।

**ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ ॥੩॥**

(ਅਤੇ) ਬੂਹੇ ਤੇ ਹਾਥੀ ਬੱਧੇ (ਹੁੰਦੇ ਸਨ, ਅੰਤ ਨੂੰ) ਕੀ ਹੋਇਆ ? ਇਕ ਖਿਨ ਵਿਚ (ਹੀ ਉਹ ਲੰਕਾ) ਬਗਾਨੀ ਹੋ ਗਈ ॥੩॥

**ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ॥**

ਦੁਰਬਾਸ਼ਾ (ਰਿਖੀ ਨਾਲ) [ਠਗਉਰੀ] ਠੱਗੀ ਦੀ ਗੱਲ ਕਰਕੇ ਜਾਦਵਾਂ ਨੇ ਇਹ ਫਲ ਪਾਇਆ (ਜੋ ਅੱਜ ਜਾਦਵ ਕੁਲ ਵਿਚੋਂ ਇਕ ਭੀ ਬੰਦਾ ਨਹੀਂ ਹੈ)।

**ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ ॥੪॥੧॥**

ਨਾਮਦੇਵ (ਜੀ ਆਖਦੇ ਹਨ, ਜਿਸ) ਆਪਣੇ ਦਾਸ ਉਤੇ ਹਰੀ ਨੇ ਕ੍ਰਿਪਾ ਕੀਤੀ (ਹੈ, ਓਹੀ ਉਸ ਦੇ) ਗੁਣ ਗਾਉਂਦਾ ਹੈ ॥੪॥੧॥

**ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ਪੰਚਹੁ ਕਾ ਮਿਟ ਨਾਵਉ ॥**

ਦਸ [ਬੈਰਾਗਨਿ] ਇੰਦ੍ਰੀਆਂ ਮੈਂ ਵਸ ਕਰ ਲਈਆਂ ਹਨ, ਅਤੇ ਪੰਜਾਂ (ਕਾਮਾਦਿਕ) ਦਾ ਨਾਮ ਹੀ ਮੇਟ ਦਿਤਾ ਹੈ।

**ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ ॥੧॥**

ਬਹੱਤ੍ਰ (ਹਜ਼ਾਰ ਨਾੜੀਆਂ ਦੇ) ਸਰੋਵਰ (ਸਰੀਰ) ਨੂੰ ਅੰਮ੍ਰਿਤ ਨਾਲ ਭਰ ਲਿਆ ਹੈ ਅਤੇ ਜ਼ਹਿਰ ਨੂੰ ਮਾਰ ਕੇ ਕੱਢ ਦਿਤਾ ਹੈ ॥੧॥

Sri Satguru Jagjit Singh Ji eLibrary NamdhariElibrary@gmail.com

**ਪਾਛੈ ਬਹੁਰਿ ਨ ਆਵਨੁ ਪਾਵਉ ॥**

(ਇਸ ਜਨਮ ਤੋਂ) ਮਗਰੋਂ ਫੇਰ (ਮੈਂ) ਔਣ (ਜਾਣ ਵਿਚ) ਨਹੀਂ ਪਵਾਂਗਾ।

**ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ ॥੧॥ ਰਹਾਉ ॥**

ਦਿਲੋਂ ਅੰਮ੍ਰਿਤ ਰੂਪ ਬਾਣੀ ਜਪਦਾ ਹਾਂ, ਅਤੇ ਮਨ ਨੂੰ ਸਮਝਾਉਂਦਾ ਹਾਂ ॥੧॥ ਰਹਾਉ ॥

**ਬਜਰ ਕੁਠਾਰੁ ਮੋਹਿ ਹੈ ਛੀਨਾਂ ਕਰਿ ਮਿੰਨਤਿ ਲਗਿ ਪਾਵਉ ॥**

(ਗੁਰਾਂ ਦੇ) ਚਰਨੀਂ ਲੱਗ ਕੇ ਤੇ ਮਿੰਨਤਾਂ ਕਰਕੇ (ਉਨ੍ਹਾਂ ਦੇ ਬਚਨਾਂ ਰੂਪ) ਕੁਹਾੜਾ (ਲੈ ਕੇ ਉਸ ਨਾਲ) ਬੱਜਰ (ਵਰਗੇ) ਮੋਹ ਨੂੰ ਨਾਸ ਕਰ ਦਿਤਾ ਹੈ।

**ਸੰਤਨ ਕੇ ਹਮ ਉਲਟੇ ਸੇਵਕ ਭਗਤਨ ਤੇ ਡਰਪਾਵਉ ॥੨॥**

(ਸੰਸਾਰ ਵਲੋਂ) ਉਲਟ ਕੇ ਅਸੀਂ ਸੰਤਾਂ ਦੇ ਸੇਵਕ (ਹੋਏ ਹਾਂ, ਅਤੇ) ਭਗਤਾਂ ਤੋਂ (ਹੀ ਸਾਨੂੰ) ਡਰ ਲਗਦਾ ਹੈ ॥੨॥

**ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ ॥**

ਜੇ ਮਾਇਆ ਵਿਚ ਨ ਫਸੋਗੇ ਤਦ ਹੀ ਇਸ ਸੰਸਾਰ ਤੋਂ ਮੁਕਤਿ ਹੋਵੋਗੇ।

**ਮਾਇਆ ਨਾਮੁ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ ॥੩॥**

(ਜਿਸ ਦਾ) ਨਾਮ ਮਾਇਆ (ਹੈ, ਉਹ) ਗਰਭ ਜੂਨ ਦਾ ਕਾਰਣ ਹੈ, ਉਸ ਨੂੰ ਛਡੋਗੇ (ਤਾਂ ਵਾਹਿਗੁਰੂ ਦਾ) ਦਰਸ਼ਨ ਕਰੋਗੇ ॥੩॥

**ਇਤੁ ਕਰਿ ਭਗਤਿ ਕਰਹਿ ਜੋ ਜਨ ਤਿਨ ਭਉ ਸਗਲ ਚੁਕਾਈਐ ॥**

ਜੋ ਪੁਰਸ਼ [ਇਤੁ] ਨਿਸਚਾ ਕਰਕੇ ਭਗਤੀ ਕਰਦਾ ਹੈ, ਉਸ ਦਾ ਸਾਰਾ ਡਰ ਮਿਟ ਜਾਂਦਾ ਹੈ।

**ਕਹਤ ਨਾਮਦੇਉ ਬਾਹਰਿ ਕਿਆ ਭਰਮਹੁ ਇਹ ਸੰਜਮ ਹਰਿ ਪਾਈਐ ॥੪॥੨॥**

ਨਾਮਦੇਵ ਜੀ ਆਖਦੇ ਹਨ, ਬਾਹਰ ਕਿਉਂ ਫਿਰਦੇ ਹੋ, ਇਸੇ ਸਾਧਨ ਨਾਲ ਹਰੀ ਮਿਲਦਾ ਹੈ ॥੪॥੨॥

**ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥**

ਜਿਵੇਂ ਮਾਰਵਾੜ (ਦੇਸ਼ ਵਿਚ) ਪਾਣੀ [ਬਾਲਹਾ] ਪਿਆਰਾ ਹੈ, ਅਤੇ [ਕਰਹਲਾ] ਊਠ (ਨੂੰ ਜਿਵੇਂ) ਵੇਲ ਪਿਆਰੀ ਹੈ।

**ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੧॥**

ਜਿਵੇਂ ਰਾਤ (ਵੇਲੇ) [ਕੁਰੰਕ] ਹਰਨ (ਨੂੰ ਘੰਡੇਹੇੜੇ ਦਾ) ਸ਼ਬਦ ਪਿਆਰਾ (ਹੁੰਦਾ ਹੈ) ਤਿਵੇਂ ਹੀ ਮੇਰੇ ਮਨ ਨੂੰ ਰਾਮ (ਪਿਆਰਾ ਹੈ) ॥੧॥

**ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ ॥੧॥ ਰਹਾਉ ॥**

ਹੇ ਮੇਰੇ ਰਾਮ! ਤੇਰਾ ਨਾਮ ਭੀ ਸੋਹਣਾ ਹੈ, ਰੂਪ ਭੀ ਸੁੰਦਰ ਹੈ, ਅਤੇ ਰੰਗ ਭੀ ਸੋਹਣਾ ਹੈ ॥੧॥ ਰਹਾਉ ॥

**ਜਿਉ ਧਰਣੀ ਕਉ ਇੰਦ੍ਰੁ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ ॥**

ਜਿਵੇਂ ਧਰਤੀ ਨੂੰ [ਇੰਦ੍ਰ] ਬੱਦਲ ਪਿਆਰਾ ਹੈ, ਅਤੇ ਜਿਵੇਂ ਭੌਰੇ ਨੂੰ ਫੁਲਾਂ ਦੀ ਵਾਸ਼ਨਾ (ਪਿਆਰੀ ਹੈ)।

**ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੨॥**

ਜਿਵੇਂ ਕੋਇਲ ਨੂੰ ਅੰਬ ਪਿਆਰਾ ਹੈ, ਤਿਵੇਂ ਹੀ ਮੇਰੇ ਮਨ ਵਿਚ ਰਾਮ (ਪਿਆਰਾ ਹੈ) ॥੨॥

**ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ ॥**

ਜਿਵੇਂ ਚੱਕਵੀ ਨੂੰ ਸੂਰਜ ਪਿਆਰਾ ਹੈ, ਅਤੇ ਹੰਸ ਨੂੰ ਮਾਨ ਸਰੋਵਰ (ਪਿਆਰਾ ਹੈ)।

**ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੩॥**

ਜਿਵੇਂ ਇਸਤ੍ਰੀ ਨੂੰ ਪਤੀ ਪਿਆਰਾ ਹੈ, ਤਿਵੇਂ ਹੀ ਮੇਰੇ ਮਨ ਨੂੰ ਰਾਮ (ਪਿਆਰਾ ਹੈ) ॥੩॥

**ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ ॥**

ਬੱਚੇ ਨੂੰ ਜਿਵੇਂ ਦੁਧ ਪਿਆਰਾ ਹੁੰਦਾ ਹੈ ਅਤੇ ਪਪੀਹੇ ਦੇ ਮੂੰਹ ਨੂੰ ਜਿਵੇਂ [ਜਲਧਰਾ] ਬੱਦਲ ਦੀ (ਸਵਾਂਤਿ) ਬੂੰਦ (ਪਿਆਰੀ ਹੈ)।

**ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੪॥**

ਮੱਛੀ ਨੂੰ ਜਿਵੇਂ ਪਾਣੀ ਪਿਆਰਾ ਹੈ, ਤਿਵੇਂ ਹੀ ਮੇਰੇ ਮਨ ਵਿਚ ਰਾਮ (ਪਿਆਰਾ) ਹੈ ॥੪॥

**ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ॥**

ਸਾਧਨਾ ਕਰਨ ਵਾਲੇ ਸਿੱਧੀਆਂ ਵਾਲੇ ਤੇ ਸਾਰੇ ਮੁਨੀ ਜਿਸ ਨੂੰ ਚਾਹੁੰਦੇ ਹਨ ਪਰ ਵੇਖਿਆ ਕਿਸੇ ਵਿਰਲੇ ਨੇ ਹੈ।

**ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ॥੫॥੩॥**

ਜਿਵੇਂ ਸਾਰੇ ਲੋਕਾਂ ਨੂੰ ਤੇਰਾ ਨਾਮ ਪਿਆਰਾ ਹੈ, ਤਿਵੇਂ ਹੀ ਨਾਮਦੇਵ ਦੇ ਮਨ ਵਿਚ ਨਿਰੰਕਾਰ (ਪਿਆਰਾ ਹੈ) ॥੫॥੩॥

**ਪਹਿਲ ਪੁਰੀਏ ਪੁੰਡਰਕ ਵਨਾ ॥ ਤਾ ਚੇ ਹੰਸਾ ਸਗਲੇ ਜਨਾਂ ॥**

ਪਹਿਲੇ ਪੂਰਨ ਤੋਂ ਕਮਲ ਬਣਿਆ ਹੈ। ਉਸ (ਕਮਲ) ਤੋਂ [ਹੰਸਾ] ਬ੍ਰਹਮਾ (ਤੇ ਫਿਰ ਉਸ ਤੋਂ) ਸਾਰੇ ਪੁਰਸ਼ (ਹੋਏ ਹਨ)।

**ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ ॥੧॥**

ਹਰੇਕ ਨਾਚ ਵਿਚ ਨੱਚਣ ਵਾਲੀ (ਦੁਨੀਆ) [ਕ੍ਰਿਸਨਾ] ਮਾਯਾ ਤੋਂ (ਪੈਦਾ ਹੋਣੀ ਜਾਣੀਦੀ ਹੈ) ॥੧॥

**ਪਹਿਲ ਪੁਰਸਾਬਿਰਾ ॥ ਅਥੋਨ ਪੁਰਸਾਦਮਰਾ ॥**

ਪਹਿਲੇ ਪੁਰਸ਼ ਤੋਂ [ਬਿਰਾ] ਬਾਣੀ ਹੋਈ। [ਅਥੋਨ] ਮਗਰੋਂ ਪੁਰਖ ਤੋਂ [ਦਮਰਾ] ਪ੍ਰਕ੍ਰਿਤੀ ਹੋਈ।

Sri Satguru Jagjit Singh Ji eLibrary NamdhariElibrary@gmail.com

**ਅਸਗਾ ਅਸ ਉਸਗਾ ॥ ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥੧॥ ਰਹਾਉ ॥**

ਇਸ (ਪ੍ਰਕ੍ਰਿਤੀ) ਦੇ (ਗੁਣ—ਅਸੱਤ, ਦੁਖ ਤੇ ਜੜ੍ਹ) ਉਸ (ਪੁਰਖ ਵਿਚ ਤੇ) ਉਸ (ਪੁਰਖ) ਦੇ (ਗੁਣ—ਸਤ, ਚਿਤ ਤੇ ਅਨੰਦ) ਇਸ (ਪ੍ਰਕ੍ਰਿਤੀ ਵਿਚ) ਆਏ ਹਨ, (ਇਉਂ) ਹਰੀ (ਤੋਂ ਪੈਦਾ ਹੋਯਾ) ਬਾਗ ਖੇਡਦਾ ਹੈ, ਜਿਵੇਂ [ਪਿੰਧੀ] ਟਿੰਡਾਂ ਵਿਚ (ਸਾਗਰਾ) ਪਾਣੀ (ਖੇਡਦਾ ਹੈ) ॥੧॥ ਰਹਾਉ ॥

**ਨਾਚੰਤੀ ਗੋਪੀ ਜੰਨਾ ॥ ਨਈਆ ਤੇ ਬੈਰੇ ਕੰਨਾ ॥**

[ਨਈਆ × ਨਯੰਤਾ, ਪ੍ਰੇਰਕ । ਬੈਰੇ × ਏਕ × ਨਾ ਬਾਹਰ ਇਕ ਭੀ ਨਹੀਂ ।]

(ਜੋ) ਇਸਤ੍ਰੀਆਂ ਪੁਰਸ਼ ਨਾਚ ਕਰਦੇ ਹਨ, ਵਾਹਿਗੁਰੂ ਤੋਂ ਬਾਹਰ ਇਕ ਭੀ ਨਹੀਂ ਹੈ ।

**ਤਰਕੁ ਨ ਚਾ ॥ ਭ੍ਰਮੀਆ ਚਾ ॥**

**ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥੨॥**

ਸ਼ੰਕਾ ਨਾ ਕਰ, (ਮੈਂ) ਭਰਮ ਵਿਚ ਫਸਿਆ ਹੋਇਆ ਹਾਂ, (ਇਸ ਲਈ ਸ਼ੰਕਾ ਕਰਦੇ ਹਾਂ) ਹੇ [ਕੇਸਵਾ] ਨਿਰੰਕਾਰ ਜੀ! ਬਚਾ ਲੌਂ, ਮੈਂ ਇਕ ਆਪ ਦੀ ਹੀ [ਆਨ] ਸ਼ਰਨ ਆਇਆ ਹਾਂ ॥੨॥

**ਪਿੰਧੀ ਉਭਕਲੇ ਸੰਸਾਰਾ ॥ ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ ॥**

(ਜਿਵੇਂ) [ਉਭਕਲੇ] ਹਰਟ ਦੀਆਂ ਟਿੰਡਾ (ਭੌਂਦੀਆਂ ਹੈਨ, ਇਵੇਂ ਹੀ ਮੈਂ) ਸੰਸਾਰ (ਵਿਚ) ਭੌਂਦਾ ਭੌਂਦਾ (ਹੁਣ) ਤੁਹਾਡੇ ਦਰਵਾਜ਼ੇ ਤੇ ਆਇਆ ਹਾਂ ।

SIKHBOOKCLUB.COM

**ਤੂ ਕੁਨੁ ਰੇ ॥ ਮੈ ਜੀ ॥ ਨਾਮਾ ॥**

**ਹੋ ਜੀ ॥ ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥**

ਹੇ ਭਾਈ! ਤੂੰ ਕੌਣ ਹੈਂ ? ਜੀ! ਮੈਂ ਨਾਮਦੇਵ ਹਾਂ । (ਹੇ) [ਆਲਾ] ਸੋਹਣਿਆਂ! (ਮੇਰੇ) ਜੰਮਣ (ਮਰਨ ਦੇ) ਕਾਰਣ ਨੂੰ ਦੂਰ ਕਰ ਦੇਹੁ ॥੩॥੪॥

**ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥**

ਹੇ ਵਾਹਿਗੁਰੂ! ਪਾਪੀਆਂ ਨੂੰ ਪਵਿੱਤਰ ਕਰਨਾ ਤੇਰਾ ਧਰਮ ਹੈ ।

**ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥੧॥**

ਉਹ ਮੁਨੀ ਤੇ ਉਹ ਪੁਰਸ਼ ਧੰਨ ਹਨ, ਜਿਨ੍ਹਾਂ ਨੇ ਮੇਰੇ ਹਰਿ ਪ੍ਰਭੂ ਨੂੰ ਯਾਦ ਕੀਤਾ ਹੈ ॥੧॥

**ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ ॥**

ਮੇਰੇ ਮੱਥੇ ਉਤੇ ਗੋਬਿੰਦ ਦੇ ਚਰਨਾਂ ਦੀ ਧੂੜੀ ਲੱਗੀ ਹੈ ।

**ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ॥੧॥ ਰਹਾਉ ॥**

(ਜੋ) ਦੇਵਤੇ, ਮਨੁਖ, ਮੁਨੀ ਤੇ ਭਗਤ ਇਨ੍ਹਾਂ ਸਭਨਾਂ (ਦੀ ਪਹੁੰਚ) ਤੋਂ ਦੂਰ ਹਨ ॥੧॥ ਰਹਾਉ ॥

**ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥**

ਹੇ ਮਾਧੋ! ਤੂੰ ਦੀਨਾਂ ਉਤੇ ਦਇਆ ਕਰਨ ਵਾਲਾ ਅਤੇ ਹੰਕਾਰ ਦੂਰ ਕਰਨ ਵਾਲਾ ਹੈਂ।

**ਚਰਨ ਸਰਨ ਨਾਮਾ ਬਲਿ ਤਿਹਾਰੀ ॥੨॥੫॥**

ਬਲਿਹਾਰ (ਜਾਵਾਂ ਮੈਂ) ਨਾਮਾ ਤੁਹਾਡੇ ਚਰਨਾਂ ਦੀ ਸ਼ਰਨ ਹਾਂ ॥੨॥੫॥

***ਧਨਾਸਰੀ ਭਗਤ ਰਵਿਦਾਸ ਜੀ ਕੀ ੴ ਸਤਿਗੁਰ ਪ੍ਰਸਾਦਿ ॥***

**ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥**

ਸਾਡੇ ਸਮਾਨ (ਕੋਈ) ਦੀਨ ਨਹੀਂ, ਤੁਹਾਡੇ ਵਰਗਾ (ਕੋਈ) ਦਿਆਲੂ ਨਹੀਂ, ਹੁਣ ਪਰਤਾਵਾ ਕੀ ਕਰਦੇ ਹੋ ?

**ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥੧॥**

ਤੇਰੇ ਬਚਨਾਂ ਨਾਲ ਮੇਰਾ ਮਨ ਖੁਸ਼ ਹੁੰਦਾ ਹੈ, ਹੇ ਪੂਰਨ! ਦਾਸ ਨੂੰ (ਦਰਸ਼ਨ) ਦਿਓ ॥੧॥

**ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥ ਕਾਰਨ ਕਵਨ ਅਬੋਲ ॥ ਰਹਾਉ ॥**

ਮੈਂ ਬਲਿਹਾਰ ਜਾਵਾਂ, ਹੇ ਰਾਮ! ਮੈਂ ਉਸ ਕਾਰਨ ਤੋਂ ਬਲਿਹਾਰ ਹਾਂ, ਚੁਪ ਕਰਨ ਦਾ ਕਾਰਨ (ਤਾਂ ਦਸੋ) ਕੀ ਹੈ ? ॥੧॥ ਰਹਾਉ ॥

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥**

ਬਹੁਤੇ ਜਨਮਾਂ ਦੇ ਵਿਛੜੇ ਹੋਏ ਸਾਂ, ਹੇ ਮਾਧੋ! ਇਹ ਜਨਮ ਤਾਂ ਤੁਹਾਡੇ ਹੀ ਲੇਖੇ (ਲਾਇਆ ਹੈ)।

**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨॥੧॥**

ਰਵਿਦਾਸ ਜੀ ਆਖਦੇ ਹਨ, ਮੈਂ ਤਾਂ ਆਸ ਕਰਕੇ ਹੀ ਜੀਊਂਦਾ ਹਾਂ, (ਕਿਉਂਕਿ) ਦਰਸ਼ਨ ਦੇਖੇ ਨੂੰ ਬਹੁਤ ਚਿਰ ਹੋ ਗਿਆ ਹੈ, (ਦਰਸ਼ਨ ਦੇਵੋ) ॥੨॥੧॥

**ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥**

ਚਿੱਤ ਵਿਚ ਯਾਦ ਕਰਦਾ ਹਾਂ, ਅੱਖਾਂ (ਨਾਲ ਦਰਸ਼ਨ) ਵੇਖਦਾ ਹਾਂ ਕੰਨਾਂ ਵਿਚ ਬਾਨੀ (ਤੇ ਪਿਆਰ ਦਾ) ਸੁੰਦਰ ਜਸ ਭਰੀ ਰਖਦਾ ਹਾਂ।

**ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ**
**ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥**

ਆਪਣੇ ਮਨ ਨੂੰ [ਮਧੁਕਰ] ਭੌਰਾ ਬਣਾ ਕੇ (ਪਿਆਰੇ ਦੇ) ਚਰਨ (ਕਵਲਾਂ ਨੂੰ) ਹਿਰਦੇ ਵਿਚ ਰਖਦਾ ਹਾਂ ਅਤੇ ਜੀਭ (ਨਾਲ) ਰਾਮ (ਦੇ) ਨਾਮ ਅੰਮ੍ਰਿਤ ਨੂੰ ਜਪਦਾ ਹਾਂ ॥੧॥

**ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥**

ਗੋਬਿੰਦ ਨਾਲੋਂ ਮੇਰੀ ਪ੍ਰੀਤਿ [ਜਿਨਿ] ਕਦੇ ਭੀ ਘਟ ਜਾਵੇ।

**ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ ਰਹਾਉ ॥**

ਮੈਂ ਤਾਂ ਬਹੁਤ ਮਹਿੰਗੇ ਮੁਲ ਤੋਂ (ਅਰਥਾਤ) ਜੀਅ ਦੇ [ਸਟੈ] ਬਦਲੇ ਵਿਚ ਲਈ ਹੈ॥੧॥ ਰਹਾਉ॥

**ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥**

ਸਾਧ ਸੰਗਤ ਤੋਂ ਬਿਨਾਂ ਪ੍ਰੇਮ ਪੈਦਾ ਨਹੀਂ ਹੁੰਦਾ ਅਤੇ ਪਰੇਮ ਤੋਂ ਬਿਨਾਂ ਤੇਰੀ ਭਗਤੀ ਨਹੀਂ ਹੋ ਸਕਦੀ।

**ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥੨॥**

ਰਵਿਦਾਸ ਜੀ ਹਰੀ ਅੱਗੇ ਇਕ ਬੇਨਤੀ ਕਰਦੇ ਹਨ, ਹੇ ਪ੍ਰਕਾਸ਼ ਰੂਪ ਰਾਮ ਜੀ! ਮੇਰੀ ਲੱਜਾ ਰਖ ਲੌ ॥੨॥

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥**

ਹੇ ਮੁਰਾਰੀ! ਤੇਰਾ ਨਾਮ ਹੀ ਆਰਤੀ (ਹੈ, ਅਤੇ ਨਾਮ ਹੀ) ਇਸ਼ਨਾਨ ਹੈ।

**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ॥**

ਹਰੀ ਦੇ ਨਾਮ ਤੋਂ ਬਿਨਾਂ ਸਾਰੇ ਦੁਨੀਆਵੀ ਪਸਾਰੇ ਝੂਠੇ ਹਨ॥੧॥ ਰਹਾਉ॥

**ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥**

ਤੇਰਾ ਨਾਮ ਹੀ ਆਸਨ ਹੈ, ਤੇਰਾ ਨਾਮ ਹੀ [ਉਰਸਾ] ਚੰਦਨ ਰਗੜਨ ਵਾਲੀ ਸਿਲਾ ਹੈ, ਤੇਰਾ ਨਾਮ ਹੀ ਕੇਸਰ (ਹੈ, ਅਤੇ ਉਸੇ ਨੂੰ) ਲੈ ਕੇ (ਤੇਰੇ ਉਤੇ) ਛੱਟੇ ਦੇਂਦਾ ਹਾਂ।

**ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ**
**ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥**

ਤੇਰਾ ਨਾਮ ਹੀ [ਅੰਭੁਲਾ] ਪਾਣੀ ਹੈ, ਤੇਰਾ ਨਾਮ ਹੀ ਚੰਦਨ ਹੈ, (ਨਾਮ ਦਾ) ਜਪਣਾ (ਹੀ ਉਸ ਦਾਂ) ਰਗੜਨਾ ਹੈ (ਫਿਰ ਨਾਮ ਦਾ ਧਿਆਨ ਕਰਨਾ ਹੀ ਉਸ ਨੂੰ) ਤੇਰੇ ਉਤੇ ਚੜ੍ਹਾਉਂਦਾ ਹਾਂ॥੧॥

**ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥**

ਤੇਰਾ ਨਾਮ ਹੀ ਦੀਵਾ ਹੈ, ਤੇਰਾ ਨਾਮ ਹੀ ਬੱਤੀ ਹੈ, ਤੇਰਾ ਨਾਮ ਹੀ ਤੇਲ ਹੈ, (ਜੋ ਇਸ ਦੀਵੇ) ਵਿਚ ਪਾਉਂਦਾ ਹਾਂ।

**ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥੨॥**

ਤੇਰੇ ਨਾਮ ਦੀ (ਹੀ ਉਸਨੂੰ) [ਜੋਤਿ] ਅੱਗ ਲਾਈ ਹੈ, (ਜਿਸ ਨਾਲ ਮੇਰੇ) ਸਾਰੇ ਘਰ ਵਿਚ ਚਾਨਣ ਹੋ ਗਿਆ ਹੈ॥੨॥

**ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥**

ਤੇਰਾ ਨਾਮ ਹੀ ਧਾਗਾ ਹੈ, ਨਾਮ ਹੀ ਫੁੱਲਾਂ ਦੀ ਮਾਲਾ ਹੈ, (ਹੋਰ) [ਭਾਰ ਅਠਾਰਹ] ਸਾਰੀ ਬਨਾਸਪਤੀ ਜੂਠੀ ਹੈ, (ਜੋ ਤੇਰੀ ਭੇਟ ਕਰਨ ਦੇ ਜੋਗ ਨਹੀਂ ਹੈ)।

**ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥**

ਤੇਰੇ (ਪੈਦਾ) ਕੀਤੇ (ਹੋਏ ਪਦਾਰਥਾਂ ਵਿਚੋਂ) ਤੈਨੂੰ ਕੀ ਭੇਟ ਕਰਾਂ ? ਤੇਰਾ ਨਾਮ ਹੀ ਚੌਰ ਹੈ (ਜੋ) ਤੇਰੇ ਉਤੇ ਹੀ ਝੁਲਾਉਂਦਾ ਹਾਂ ॥੩॥

**ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ ॥**

ਅਠਾਰਾਂ ਪੁਰਾਣ, ਅਠਾਹਠ ਤੀਰਥ ਤੇ ਚਾਰ ਖਾਣੀਆਂ, ਇਹ (ਕੰਮ ਤਾਂ) ਸਾਰੇ ਸੰਸਾਰੀ (ਜੀਵਾਂ ਦੇ) ਕਰਨ ਵਾਲੇ ਹਨ ।

**ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥**

ਰਵਿਦਾਸ ਜੀ ਆਖਦੇ ਹਨ; ਹੇ ਹਰੀ ! ਤੇਰਾ ਨਾਮ ਹੀ ਆਰਤੀ ਹੈ ਅਤੇ ਸਤਿਨਾਮੁ (ਦਾ ਜਾਪ) ਹੀ ਤੁਹਾਡਾ ਭੋਗ ਹੈ ॥੪॥੩॥

## ਧਨਾਸਰੀ ਬਾਣੀ ਭਗਤਾਂ ਕੀ ਤ੍ਰਿਲੋਚਨ

### ੧ੴ ਸਤਿਗੁਰ ਪ੍ਰਸਾਦਿ ॥

*ਉਥਾਨਕਾ*—ਤ੍ਰਿਲੋਚਨ ਭਗਤ ਦੇ ਘਰ ਧਨ ਤਾਂ ਬਹੁਤ ਸੀ, ਪਰ ਪੁਤਰ ਕੋਈ ਨਹੀਂ ਸੀ, ਇਕ ਵੇਰੀ ਕੋਈ ਬਿਪਤਾ ਪਈ ਤਾਂ ਭਗਤ ਜੀ ਦੀ ਇਸਤਰੀ ਈਸ਼ਵਰ ਉਤੇ ਦੋਸ਼ ਅਰੋਪਣ ਲੱਗੀ । ਉਸ ਵੇਲੇ ਭਗਤ ਜੀ ਨੇ ਆਪਣੀ ਇਸਤਰੀ ਨੂੰ ਸ਼ਬਦ ਦਵਾਰੇ ਉਪਦੇਸ਼ ਦੇ ਕੇ ਸਮਝਾਇਆ, ਕਿ—

**ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥**
**ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥੧॥ ਰਹਾਉ ॥**

ਹੇ ਭੁਲੀ ਹੋਈ ਮੂਰਖੇ ! ਨਰੈਣ ਦੀ ਨਿੰਦਾ ਕਿਉਂ ਕਰਦੀ ਹੈਂ ? ਦੁਖ ਸੁਖ ਤੇਰੇ ਕਰਮਾਂ (ਦਾ ਹੀ ਫਲ ਹੈ) ॥੧॥ ਰਹਾਉ ॥ (ਇਸਤ੍ਰੀ ਨੇ ਇਹ ਸੁਣ ਕੇ ਕਿਹਾ—ਕਰਮਾਂ ਦਾ ਫਲ ਜੇ ਭੋਗਣਾ ਹੈ, ਤਾਂ ਭਗਤੀ ਕਰਨ ਦਾ ਕੀ ਲਾਭ ਹੋਇਆ ? ਭਗਤ ਜੀ ਨੇ ਕਿਹਾ—ਵੇਖ !)

**ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ ॥**
**ਕੁਲ ਜਨ ਮਧੇ ਮਿਲੵੋ ਸਾਰਗ ਪਾਨ ਰੇ ॥ ਕਰਮ ਕਰਿ ਕਲੰਕੁ ਮਫੀਟਸਿ ਰੀ ॥੧॥**

(ਜੋ ਚੰਦ੍ਰਮਾ) ਸ਼ਿਵ ਜੀ ਦੇ ਮੱਥੇ ਉਤੇ ਵੱਸਦਾ ਹੈ, ਗੰਗਾ ਵਿਚ ਇਸ਼ਨਾਨ ਕਰਦਾ ਹੈ, (ਫਿਰ ਉਸਦੀ) ਕੁਲ ਵਿਚ [ਸਾਰਗ ਪਾਨ] ਕ੍ਰਿਸ਼ਨ ਜੀ ਨੇ ਜਨਮ ਭੀ ਲਿਆ ਹੈ, (ਇੰਨਾ ਕੁਝ ਹੁੰਦਿਆਂ ਭੀ ਚੰਦ੍ਰਮਾ ਦੇ) ਕੀਤੇ ਕਰਮਾਂ ਦਾ ਕਲੰਕ* (ਅਜੇ ਤਕ) ਅਮੇਟ ਹੈ ॥੧॥

**ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ ਪੰਖੀ ਰਾਇ ਗਰੁੜ**

---

* *ਚੰਦ੍ਰਮਾ ਨੇ ਗੌਤਮ ਦੀ ਇਸਤਰੀ ਦਾ ਸਤ ਭੰਗ ਕਰਨ ਵਿਚ ਇੰਦਰ ਦੀ ਸਹਾਇਤਾ ਕੀਤੀ ਸੀ, ਜੋ ਗੌਤਮ ਨੂੰ ਧੋਖਾ ਦੇਣ ਲਈ ਪਹਿਲੋਂ ਚੜ੍ਹ ਪਿਆ, ਗੌਤਮ ਨੇ ਕ੍ਰੋਧ ਨਾਲ ਪਰਨਾ ਛੰਡਿਆ ਤਾਂ ਇਸ ਵਿਚ ਕਾਲੇ ਦਾਗ ਪੈ ਗਏ, ਇਹ ਕਲੰਕ ਹਨ, ਕਈ ਆਖਦੇ ਹਨ, ਜੋ ਗੁਰੂ ਦੀ ਇਸਤਰੀ ਨੂੰ ਲੈ ਕੇ ਨੱਠ ਜਾਣ ਦੇ ਅਪਰਾਧ ਦਾ ਕਲੰਕ ਹੈ।*

Sri Satguru Jagjit Singh Ji eLibrary NamdhariElibrary@gmail.com

**ਤਾ ਚੇ ਬਾਧਵਾ ॥ ਕਰਮ ਕਰਿ ਅਰੁਣ ਪਿੰਗੁਲਾ ਰੀ ॥੨॥**

ਜਗਤ ਦਾ ਦੀਵਾ (ਸੂਰਜ, ਜੋ ਪੰਜਾਂ) ਸਵਾਮੀਆਂ (ਵਿਚ ਗਿਣਿਆ ਜਾਂਦਾ ਹੈ, ਉਸ ਦਾ) ਰਥਵਾਹੀ, ਜਿਸ ਦਾ ਭਰਾ ਪੰਖੀਆਂ ਦਾ ਰਾਜਾ ਗਰੜ ਹੈ, ਕੀਤੇ ਕਰਮਾਂ (ਕਰ ਕੇ ਉਹ) ਅਰੁਣ (ਅਜੇ ਤਕ) ਪਿੰਗਲਾ ਹੀ ਹੈ ॥੨॥

**ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥ ਕਰਮ ਕਰਿ ਕਪਾਲੁ ਮਫੀਟਸਿ ਰੀ ॥੩॥**

(ਜੋ) ਅਨੇਕਾਂ ਪਾਪ ਨਾਸ ਕਰਨ ਵਾਲਾ ਤੇ ਤਿੰਨਾਂ ਲੋਕਾਂ ਦਾ ਮਾਲਕ ਹੈ, ਉਹ ਸਾਰੇ ਤੀਰਥਾਂ ਤੇ ਭੌਂਦਾ (ਫਿਰਿਆ) ਅੰਤ ਨਹੀਂ ਆ ਸਕਦਾ। ਕੀਤੇ ਕਰਮਾਂ (ਦੇ ਫਲ ਕਰਕੇ ਉਸ ਸ਼ਿਵ ਜੀ ਦਾ ਨਾਮ) ਕਪਾਲੀ (ਅਜੇ ਤਕ) ਅਮੇਟ ਹੈ ॥੩॥

**ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪ ਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥ ਕਰਮ ਕਰਿ ਖਾਰੁ ਮਫੀਟਸਿ ਰੀ ॥੪॥**

ਅੰਮ੍ਰਿਤ, ਚੰਦ੍ਰਮਾ ਕਾਮਧੇਨੁ, ਲਛਮੀ, ਕਲਪ ਬ੍ਰਿਛ, [ਸਿਖਰਿ] ਉਚਸ੍ਰਵਾ ਘੋੜਾ, [ਸੁਨਾਗਰ] ਧਨੰਤਰ ਵੈਦ (ਜਸ ਵਿਚੋਂ ਨਿਕਲੇ ਹਨ, ਅਤੇ ਸਾਰੀਆਂ) ਨਦੀਆਂ ਦਾ ਰਾਜਾ ਹੈ। ਕੀਤੇ ਕਰਮਾਂ (ਕਰਕੇ ਉਸ ਸਮੁੰਦਰ ਦਾ ਅੱਜ ਤਕ) ਖਾਰਾ (ਪਨ ਹੀ) ਅਮੇਟ ਹੈ ॥੪॥

SIKHBOOKCLUB.COM

**ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ ॥ ਕਰਮ ਕਰਿ ਕਛਉਟੀ ਮਫੀਟਸਿ ਰੀ ॥੫॥**

(ਜਿਸ ਨੇ) ਲੰਕਾ ਦਾ ਕਿਲ੍ਹਾ ਸਾੜਿਆ, ਰਾਵਣ ਦਾ ਬਾਗ ਪੁਟਿਆ, ਤੇ [ਸਲਿ ਬਿਸਲਿ] ਸਲਜਾ ਤੇ ਬਿਸਲਜਾ ਬੂਟੀ ਲਿਆ ਕੇ [ਹਰੀ] ਰਾਮਚੰਦ ਜੀ ਨੂੰ [ਤੋਖੀਲੇ] ਖੁਸ਼ ਕੀਤਾ ਸੀ। ਕੀਤੇ ਕਰਮਾਂ (ਦੇ ਪ੍ਰਤਾਪ ਕਰਕੇ ਉਸ ਹਨੂੰਮਾਨ ਨੂੰ) ਕੱਛ (ਦਾ ਮਿਲਨਾ ਹੀ ਅੱਜ ਤੱਕ) ਅਮੇਟ ਹੈ ॥੫॥

**ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥ ਬਦਤਿ ਤ੍ਰਿਲੋਚਨ ਰਾਮ ਜੀ ॥੬॥੧॥**

ਹੇ ਘਰ ਦੀ ਇਸਤ੍ਰੀ! ਪਿਛਲੇ ਕੀਤੇ ਕਰਮ ਨਹੀਂ ਮਿਟਦੇ, ਇਸ ਲਈ ਮੈਂ ਰਾਮ ਦਾ ਨਾਮ ਜਪਣਾ (ਹੀ ਚੰਗਾ ਜਾਤਾ ਹੈ)। ਤ੍ਰਿਲੋਚਨ ਜੀ ਆਖਦੇ ਹਨ, (ਤੂੰ ਭੀ) ਸ੍ਰੀ ਰਾਮ ਜੀ (ਨੂੰ ਹੀ ਯਾਦ ਕਰ। ਬੁਰਾ ਭਲਾ ਕਿਸੇ ਨੂੰ ਨ ਆਖ) ॥੬॥੧॥

**ਸ੍ਰੀ ਸੈਣੁ ॥ ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾ ਪਤੀ ॥੧॥**

(ਮੈਂ ਤਾਂ) ਧੂਪ ਤੇ ਘਿਉ ਦੇ ਦੀਵੇ ਸਵਾਰ ਕੇ (ਏਹੋ) ਆਰਤੀ (ਕਰਦਾ ਹਾਂ, ਜੋ) [ਕਮਲਾ ਪਤੀ] ਨਿਰੰਕਾਰ ਤੋਂ ਕੁਰਬਾਨ ਜਾਂਦਾ ਹਾਂ॥੧॥

**ਮੰਗਲਾ ਹਰਿ ਮੰਗਲਾ ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥੧॥ ਰਹਾਉ ॥**

ਜੈ ਹੋਵੇ, ਹਰੀ ਦੀ ਜੈ ਹੋਵੇ, ਪ੍ਰਕਾਸ਼ ਰੂਪ ਰਾਮ ਰਾਜੇ ਦੀ ਸਦਾ ਹੀ ਜੈ ਹੋਵੇ ॥੧॥ ਰਹਾਉ ॥

**ਊਤਮੁ ਦੀਅਰਾ ਨਿਰਮਲ ਬਾਤੀ ॥ ਤੁਹੀਂ ਨਿਰੰਜਨੁ ਕਮਲਾ ਪਾਤੀ ॥੨॥**

(ਮੇਰੇ ਲਈ ਤਾਂ) ਸ਼ੁਧ ਦੀਵਾ ਤੇ ਸ਼ੁਧ ਬੱਤੀ ਤੂੰ ਹੀ ਹੈਂ । ਹੇ ਮਾਇਆ ਰਹਿਤ ਨਿਰੰਕਾਰ! ॥੨॥

**ਰਾਮਾ ਭਗਤਿ ਰਾਮਾਨੰਦੁ ਜਾਨੈ ॥ ਪੂਰਨ ਪਰਮਾਨੰਦੁ ਬਖਾਨੈ ॥੩॥**

ਰਾਮ ਦੀ ਭਗਤੀ (ਕਰਨ ਵਾਲਾ ਹੀ) ਰਾਮ ਦਾ ਅਨੰਦ ਜਾਣਦਾ ਹੈ । ਓਹੀ ਪੂਰਨ (ਪ੍ਰਮਾਤਮਾ ਦੇ) ਪਰਮ ਅਨੰਦ ਨੂੰ ਕਹਿ ਸਕਦਾ ਹੈ ॥੩॥

**ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ ਸੈਨੁ ਭਣੈ ਭਜੁ ਪਰਮਾਨੰਦੇ ॥੪॥੨॥**

[ਮਦਨ] ਸੁੰਦਰ ਸਰੂਪ ਵਾਲਾ ਗੋਬਿੰਦ ਹੀ ਡਰ (ਰੂਪ ਸੰਸਾਰ ਤੋਂ) ਤਾਰਦਾ ਹੈ । ਸੈਣ ਜੀ ਆਖਦੇ ਹਨ, (ਹੇ ਭਾਈ! ਤੂੰ ਭੀ ਉਸ) ਪਰਮ ਅਨੰਦ (ਸਰੂਪ ਨੂੰ) ਯਾਦ ਕਰ ॥੪॥੧॥

**ਪੀਪਾ ॥ ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥**

ਦੇਹ ਹੀ ਦੇਵਤਾ ਹੈ, ਦੇਹ ਹੀ [ਦੇਵਲ] ਮੰਦਰ ਹੈ, ਕਾਇਆ ਹੀ ਜੰਗਮ ਤੇ ਯਾਤ੍ਰੀ ਹੈ ।

**ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥**

ਦੇਹ ਨੂੰ ਧੂਪ, ਦੀਪ ਤੇ ਭੋਗ ਲੁਆਂਦਾ ਹਾਂ ਅਤੇ ਪਤ੍ਰਾਂ ਨਾਲ ਦੇਹ ਦੀ ਹੀ ਪੂਜਾ ਕਰਦਾ ਹਾਂ ॥੧॥

**ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥**

ਬਹੁਤ ਜਗ੍ਹਾ ਢੂੰਢਕੇ (ਅੰਤ ਨੂੰ) ਦੇਹ ਵਿਚੋਂ ਹੀ ਨੌਂ ਨਿਧਾਂ ਮਿਲੀਆਂ ਹਨ ।

**ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥**

(ਮੈਂ) ਰਾਮ ਦੀ ਦੁਹਾਈ ਦੇ ਕੇ (ਆਖਦਾ ਹਾਂ) ਨਾ ਕੋਈ ਜੰਮਦਾ ਹੈ, ਤੇ ਨਾ ਕੋਈ ਮਰਦਾ ਹੈ ॥੧॥ ਰਹਾਉ ॥

**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥**

ਜੋ ਬ੍ਰਹਮੰਡ (ਵਿਚ ਵਿਆਪਕ ਹੈ) ਓਹੀ ਸਰੀਰ (ਵਿਚ ਹੈ) ਜੋ ਖੋਜੇਗਾ, ਉਸੇ ਨੂੰ ਮਿਲੇਗਾ ।

**ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥**

ਪੀਪਾ ਜੀ ਆਖਦੇ ਹਨ, ਜੋ ਪਰਮ ਸੂਖਮ ਹੈ, ਸਤਿਗੁਰੂ ਮਿਲੇ, (ਤਾਂ ਉਹ ਆਪਣਾ ਆਪ) ਜਣਾ ਦੇਂਦਾ ਹੈ ॥੨॥੩॥

**ਧੰਨਾ ॥ ਗੋਪਾਲ ਤੇਰਾ ਆਰਤਾ ॥**

**ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥**

ਹੇ ਗੋਪਾਲ! (ਮੈਂ ਤੇਰਾ (ਸੇਵਕ ਹੋ ਕੇ ਭੀ) [ਆਰਤਾ] ਦੁਖੀ ਹਾਂ, ਜੋ ਪੁਰਸ਼ ਤੇਰੀ ਭਗਤੀ ਕਰਦੇ ਹਨ, ਤੂੰ ਉਨ੍ਹਾਂ ਦੇ ਕੰਮ ਸਵਾਰਦਾ ਹੈਂ, (ਮੇਰੇ ਕੰਮ ਭੀ ਸਵਾਰ) ॥੧॥

**ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥**

ਦਾਲ, ਆਟਾ ਤੇ ਘਿਉ ਮੰਗਦਾ ਹਾਂ। (ਏਹ ਚੀਜ਼ਾਂ) ਮੇਰੇ ਮਨ ਨੂੰ ਸਦਾ ਖੁਸ਼ ਰਖਣ ਵਾਲੀਆਂ ਹਨ।

**ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥**

ਜੁੱਤੀ ਤੇ ਕਪੜਾ ਚੰਗਾ ਮੰਗਦਾ ਹਾਂ, ਸੌ ਜੀਵਾਂ ਦਾ ਅੰਨ ਮੰਗਦਾ ਹਾਂ ॥੧॥

**ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥**

ਗਾਂ ਤੇ ਮੈਂਹ ਲਵੇਰੀ ਮੰਗਦਾ ਹਾਂ। ਤੁਰਕਿਸਤਾਨ ਦੀ ਇਕ ਚੰਗੀ [ਤੁਰੀ] ਘੋੜੀ ਭੀ ਮੰਗਦਾ ਹਾਂ।

**ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥**

(ਮੇਰੇ) ਘਰ ਦੀ [ਗੀਹਨਿ] ਇਸਤ੍ਰੀ ਚੰਗੀ (ਹੈ, ਉਹ ਇਨ੍ਹਾਂ ਨੂੰ ਸੰਭਾਲੇਗੀ ਤੇ ਮੈਂ ਤੇਰੀ ਭਗਤੀ ਕਰਾਂਗਾ, ਇਸ ਲਈ) ਦਾਸ ਧੰਨੇ (ਨੇ ਇਹ ਚੀਜ਼ਾਂ) ਮੰਗ ਲਈਆਂ ਹਨ ॥੨॥੪॥

## ਰਾਗੁ ਜੈਤਸਰੀ (ਅੰਗ ੭੧੦)

***ਜੈਤਸਰੀ ਬਾਣੀ ਭਗਤਾ ਕੀ ੧ੴ ਸਤਿਗੁਰ ਪ੍ਰਸਾਦਿ ॥***

**ਨਾਥ ਕਛੂਅ ਨ ਜਾਨਉ ॥ ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥**

ਹੇ ਨਾਥ! (ਆਪਣੇ ਬਚਾਉ ਲਈ ਮੈਂ) ਕੁਝ (ਭੀ ਉਪਾਉ) ਨਹੀਂ ਜਾਣਦਾ। (ਕਿਉਂਕਿ ਮੇਰਾ) ਮਨ ਤਾਂ ਮਾਇਆ ਦੇ ਹੱਥ ਵਿਕ ਚੁਕਾ ਹੈ ॥੧॥ ਰਹਾਉ॥

**ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥**
**ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥**

(ਹੇ ਸਵਾਮੀ! ਤੁਸੀਂ ਤਾਂ ਜਗਤ ਦੇ ਗੁਰੂ ਕਹੇ ਜਾਂਦੇ ਹੋ ਅਤੇ ਅਸੀਂ ਕਲਜੁਗ ਦੇ ਕਾਮੀ (ਜੀਵ) ਕਹੇ ਜਾਂਦੇ ਹਾਂ ॥੧॥

**ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥**
**ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥**

ਇਨ੍ਹਾਂ ਪੰਜਾਂ (ਕਾਮਾਦਿਕਾਂ) ਨੇ ਮੇਰਾ ਮਨ ਖਰਾਬ ਕਰ ਦਿਤਾ ਹੈ। ਹੇ ਹਰਿ ਜੀ! ਖਿਨ ਖਿਨ (ਵਿਚ) ਉਨ੍ਹਾਂ ਨੇ (ਤੇਰੇ ਨਾਲੋਂ ਮੈਨੂੰ) ਵਿੱਥ ਪੁਵਾ ਦਿਤੀ ਹੈ ॥੨॥

**ਜਤ ਦੇਖਉ ਤਤ ਦੁਖ ਕੀ ਰਾਸੀ ॥ ਅਜੌਂ ਨ ਪਤ੍ਯ੍ਯਾਇ ਨਿਗਮ ਭਏ ਸਾਖੀ ॥੩॥**

ਜਿਧਰ ਵੇਖਦਾ ਹਾਂ, ਉਧਰ ਦੁਖਾਂ ਦੀ ਰਾਸ (ਦਿਸਦੀ) ਹੈ। [ਨਿਗਮ] ਸ਼ਾਸਤ੍ਰ (ਇਸ ਗੱਲ ਦੀ) [ਸਾਖੀ] ਗਵਾਹੀ ਦੇਂਦੇ ਹਨ, ਪਰ ਮਨ ਅਜੇ ਭੀ ਮੰਨਦਾ ਨਹੀਂ ਹੈ ॥੩॥

**ਗੋਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ ਸਹਸ ਭਗ ਗਾਂਮੀ ॥੪॥**

ਗੋਤਮ (ਰਿਖੀ ਦੀ) ਇਸਤ੍ਰੀ (ਅਹਿਲਯਾ) ਨੂੰ [ਗਾਮੀ] ਭੋਗਣ (ਕਰਕੇ ਇੰਦ੍ਰ ਦੇ ਸਰੀਰ ਤੇ) ਹਜ਼ਾਰ ਭਗਾਂ (ਹੋਈਆਂ)। [ਉਮਾਪਤ] ਸ਼ਿਵਜੀ (ਮੋਹਨੀ ਰੂਪ ਵੇਖਕੇ ਕਾਮ ਨਾਲ ਬੋਲਾ ਹੋ ਗਿਆ)। [ਸ੍ਵਾਮੀ] ਵਿਸ਼ਨੂੰ (ਜਲੰਧਰ ਦੀ ਇਸਤ੍ਰੀ ਬਿੰਦਾ ਦਾ ਸਤ ਭੰਗ ਕਰਨ ਕਰਕੇ ਪੱਥਰ ਹੋ ਗਿਆ, ਅਤੇ ਬ੍ਰਹਮਾ ਨੇ ਆਪਣੀ ਧੀ ਸੁਰਸ੍ਵਤੀ ਦੇ ਰੂਪ ਉਤੇ ਮੋਹਤ ਹੋ ਕੇ ਚਾਰ ਪੰਜ) ਸਿਰ ਬਣਾ ਲਏ (ਇਹ ਸਭ ਸਾਖੀਆਂ ਪੁਸਤਕਾਂ ਵਿਚ ਸੁਣ ਕੇ ਭੀ ਮਨ ਨਹੀਂ ਮੰਨਦਾ) ॥੪॥

**ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥**
**ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥**

ਇਨ੍ਹਾਂ (ਪੰਜਾਂ) ਦੂਤਾਂ ਨੇ ਮੂਰਖ (ਮਨ ਨੂੰ) ਬੰਨ੍ਹ ਕੇ ਮਾਰਿਆ ਹੈ। ਏਹ ਵੱਡਾ ਬੇਸ਼ਰਮ ਹੈ, ਜੋ ਅਜੇ ਤਕ (ਭੀ ਉਨ੍ਹਾਂ ਵਲੋਂ) ਨਹੀਂ ਹਟਿਆ ॥੫॥

**ਕਹਿ ਰਵਿਦਾਸ ਕਹਾ ਕੈਸੇ ਕੀਜੈ ॥ ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥**

ਰਵਿਦਾਸ ਜੀ ਆਖਦੇ ਹਨ, ਦਸੋ ਭਾਈ! ਹੁਣ ਕਿਸ ਤਰ੍ਹਾਂ ਕਰੀਏ ? ਰਾਮ ਤੋਂ ਬਿਨਾਂ (ਹੋਰ) ਕਿਸ ਦੀ [ਸਰਨਿ] ਓਟ ਲਈਏ ? ॥੬॥੧॥

## ਰਾਗੁ ਟੋਡੀ (ਅੰਗ ੭੧੮)

***ਟੋਡੀ ਬਾਣੀ ਭਗਤਾਂ ਕੀ ੴ ਸਤਿਗੁਰ ਪ੍ਰਸਾਦਿ ॥***

**ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥ ਜਲ ਕੀ ਮਾਛੁਲੀ ਚਰੈ ਖਜੂਰਿ ॥੧॥**

ਕੋਈ ਆਖਦਾ ਹੈ (ਰੱਬ) ਨੇੜੇ ਹੈ, ਕੋਈ ਆਖਦਾ (ਪ੍ਰਮਾਤਮਾ) ਦੂਰ ਹੈ। (ਇਨ੍ਹਾਂ ਦੋਹਾਂ ਦਾ ਕਹਿਣਾ ਇਉਂ ਝੂਠਾ ਹੈ, ਜਿਵੇਂ ਕੋਈ ਆਖੇ ਕਿ) ਪਾਣੀ ਦੀ ਮੱਛੀ ਖਜੂਰ ਉਤੇ ਚੜ੍ਹ ਗਈ ਹੈ ॥੧॥

**ਕਾਂਇ ਰੇ ਬਕਬਾਦੁ ਲਾਇਓ ॥**
**ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥ ਰਹਾਉ ॥**

ਓਇ! ਤੂੰ ਬਕਵਾਸ ਕਿਉਂ ਕਰਦਾ ਹੈਂ ? ਜਿਸ ਨੇ ਹਰੀ ਨੂੰ ਪਾਇਆ ਹੈ, ਉਸੇ ਨੇ ਲੁਕਾਇਆ ਹੈ! ॥੧॥ ਰਹਾਉ ॥

**ਪੰਡਿਤੁ ਹੋਇ ਕੈ ਬੇਦੁ ਬਖਾਨੈ ॥ ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥੧॥**

(ਤੂੰ) ਪੰਡਿਤ ਹੋ ਕੇ ਵੇਦ ਨੂੰ ਪੜ੍ਹਦਾ ਹੈਂ (ਪਰ ਸਿਧਾਂਤ ਨਹੀਂ ਜਾਣਦਾ। ਮੈਂ) [ਮੂਰਖੁ] ਅਨਪੜ੍ਹ ਨਾਮਦੇਵ (ਤਾਂ) ਰਾਮ ਨੂੰ ਹੀ ਜਾਣਦਾ ਹਾਂ ॥੨॥

**ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ॥**

ਰਾਮ ਦਾ ਨਾਮ ਲੈਣ ਕਰਕੇ ਕਿਸ ਨੂੰ ਕਲੰਕ (ਲੱਗਾ) ਰਿਹਾ ਹੈ ?

**ਪਤਿਤ ਪਵਿਤ ਭਏ ਰਾਮੁ ਕਹਤ ਹੀ ॥੧॥ ਰਹਾਉ ॥**

Sri Satguru Jagjit Singh Ji eLibrary NamdhariElibrary@gmail.com

ਰਾਮ (ਦਾ ਨਾਮ) ਆਖਣ ਵਾਲੇ ਭੀ ਪਵਿਤ੍ਰ ਹੋ ਗਏ ਹਨ ॥੧॥ ਰਹਾਉ ॥

**ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ ॥**

ਦਾਸ ਨਾਮ ਦੇਵ ਨੂੰ ਤਾਂ ਰਾਮ ਦੇ ਸੰਗ ਕਰ ਕੇ ਇਹ ਪ੍ਰਤੀਤ ਹੋ ਆਈ ਹੈ।

**ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈਂ ॥੧॥**

(ਇਸ ਲਈ ਹੁਣ ਮੈਥੋਂ) ਇਕਾਦਸ਼ੀ ਦਾ ਵਰਤ ਭੀ ਛੁੱਟ ਗਿਆ ਹੈ ਅਤੇ ਤੀਰਥਾਂ ਤੇ ਇਸ਼ਨਾਨ ਕਰਨ ਭੀ ਹੁਣ ਕਿਸ ਵਾਸਤੇ ਜਾਣਾ ਹੈ ? ॥੧॥

**ਭਨਤਿ ਨਾਮਦੇਉ ਸੁക্রਿਤ ਸੁਮਤਿ ਭਏ ॥**

**ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥੨॥੨॥**

ਨਾਮਦੇਵ ਜੀ ਆਖਦੇ ਹਨ, (ਨਾਮ ਜਪਣ ਵਾਲੇ) ਪੁੰਨ-ਆਤਮਾ ਤੇ ਚੰਗੀ ਮਤਿ ਵਾਲੇ ਹੋ ਗਏ ਹਨ। ਗੁਰਾਂ ਦੀ ਸਿਖਯਾ (ਲੈ ਕੇ) ਰਾਮ (ਨੂੰ ਜਪਣ ਵਾਲਿਆਂ ਵਿਚੋਂ, ਦਸੋ) ਕੌਣ ਕੌਣ ਬੈਕੁੰਠ ਵਿਚ ਨਹੀਂ ਗਿਆ ? ॥੨॥੨॥

**ਤੀਨਿ ਛੰਦੇ ਖੇਲੁ ਆਛੈ ॥੧॥ ਰਹਾਉ ॥**

(ਸਾਰੇ ਜਗਤ ਦੀ) ਖੇਡ ਤਿੰਨਾਂ [ਛੰਦੇ=ਛਾਂਦੇ] ਹਿੱਸਿਆਂ ਵਿੱਚ [ਆਛੈ] ਹੈ ॥੧॥ ਰਹਾਉ ॥

**ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ ॥**

ਘੁਮਿਆਰ ਦੇ ਘਰ ਮਿੱਟੀ ਦੇ ਭਾਂਡੇ ਹਨ, ਰਾਜੇ ਦੇ ਘਰ [ਸਾਂਡੀ] ਸੈਨਾ [ਗੋ] ਕਹੀ ਜੇ।

**ਬਾਮਨ ਕੇ ਘਰ ਰਾਂਡੀ ਆਛੈ ਰਾਂਡੀ ਸਾਂਡੀ ਹਾਂਡੀ ਗੋ ॥੧॥**

ਬ੍ਰਾਹਮਣ ਦੇ ਘਰ ਦੀ (ਤੀਵੀਂ) ਰੰਡੀ (ਬੈਠੀ ਰਹਿੰਦੀ) ਹੈ, ਰੰਡੀ, ਸੈਨਾ ਤੇ ਹਾਂਡੀ (ਤਿੰਨੇ) ਕਹਿ ਦਿਤੇ ਹਨ ॥੧॥

**ਬਾਣੀਏ ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁ ਗੋ ॥**

ਬਾਨੀਏਂ ਦੇ ਘਰ ਹਿੰਗ (ਹੁੰਦੀ) ਹੈ, ਝੋਟੇ ਦੇ ਸਿਰ ਤੇ ਸਿੰਗ ਕਹੇ ਜਾਂਦੇ ਹਨ।

**ਦੇਵਲ ਮਧੇ ਲੀਗੁ ਆਛੈ ਲੀਗੁ ਸੀਗੁ ਹੀਗੁ ਗੋ ॥੨॥**

ਮੰਦਰ ਵਿਚ ਸ਼ਿਵਲਿੰਗ (ਹੁੰਦਾ) ਹੈ, ਸ਼ਿਵਲਿੰਗ, ਸਿੰਗ ਤੇ ਹਿੰਗ (ਤਿੰਨੇ) ਕਹਿ ਦਿਤੇ ਹਨ ॥੨॥

**ਤੇਲੀ ਕੈ ਘਰ ਤੇਲੁ ਆਛੈ ਜੰਗਲ ਮਧੇ ਬੇਲ ਗੋ ॥**

**ਮਾਲੀ ਕੇ ਘਰ ਕੇਲ ਆਛੈ ਕੇਲ ਬੇਲ ਤੇਲ ਗੋ ॥੩॥**

ਤੇਲੀ ਦੇ ਘਰ ਤੇਲ (ਹੁੰਦਾ) ਹੈ, ਜੰਗਲ ਵਿਚ ਵੇਲਾਂ ਕਹੀਦੀਆਂ ਹਨ। ਮਾਲੀ ਦੇ ਘਰ ਕੇਲਾ ਹੁੰਦਾ ਹੈ, ਕੇਲਾ, ਵੇਲਾਂ ਤੇ ਤੇਲ (ਤਿੰਨੇ) ਕਹਿ ਦਿਤੇ ਹਨ ॥੩॥

**ਸੰਤਾਂ ਮਧੇ ਗੋਬਿੰਦੁ ਆਛੈ ਗੋਕਲ ਮਧੇ ਸਿਆਮ ਗੋ ॥**

(ਇਵੇਂ ਹੀ) ਸੰਤਾਂ ਵਿਚ ਗੋਬਿੰਦ (ਵੱਸਦਾ) ਹੈ, ਗੋਕਲ ਵਿਚ ਕ੍ਰਿਸ਼ਨ ਕਹੀਦਾ ਹੈ ।

**ਨਾਮੇ ਮਧੇ ਰਾਮੁ ਆਛੈ ਰਾਮ ਸਿਆਮ ਗੋਬਿੰਦ ਗੋ ॥੪॥੩॥**

(ਮੈਂ) ਨਾਮੇ ਵਿਚ ਰਾਮ (ਰਹਿੰਦਾ) ਹੈ, ਰਾਮ, ਕ੍ਰਿਸ਼ਨ ਤੇ ਗੋਬਿੰਦ (ਤਿੰਨੇ ਹੀ) ਆਖ ਦਿਤੇ ਹਨ ॥੪॥੩॥

## ਰਾਗੁ ਤਿਲੰਗ (ਅੰਗ ੭੨੭)

## ਤਿਲੰਗ ਬਾਣੀ ਭਗਤਾ ਕੀ ਕਬੀਰ ਜੀ

### ੧ੴ ਸਤਿਗੁਰ ਪ੍ਰਸਾਦਿ ॥

**ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥**

ਹੇ ਭਾਈ ! ਬੇਦ ਕਤੇਬ (ਤਾਂ) [ਇਫਤਰਾ] ਸ਼ੀਸ਼ਾ (ਹਨ, ਇਨ੍ਹਾਂ ਦੇ ਪੜ੍ਹਿਆਂ) ਦਿਲ ਦਾ ਫਿਕਰ ਨਹੀਂ ਜਾਂਦਾ ।

**ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥੧॥**

ਜੇਕਰ [ਟੁਕੁ ਦਮੁ] ਥੋੜਾ ਚਿਰ (ਭੀ ਮਨ ਨੂੰ) [ਕਰਾਰੀ] ਇਕਾਗਰ ਕਰੋਗੇ, ਤਾਂ ਖੁਦਾ ਸਭ ਜਗ੍ਹਾ ਪ੍ਰਗਟ ਹੀ ਦਿੱਸ ਪਵੇਗਾ ॥੧॥

**ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥**

ਹੇ ਬੰਦੇ ! ਦਿਲ ਵਿਚ ਹਰ ਰੋਜ਼ ਵਿਚਾਰ ਕਰ, ਹੈਰਾਨੀ ਵਿਚ ਫਿਰ ਨਾ (ਪਵੇਂਗਾ)।

**ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥੧॥ ਰਹਾਉ ॥**

ਇਹ ਦੁਨੀਆਂ ਤਾਂ [ਸਿਹਰੁ ਮੇਲਾ] ਜਾਦੂ ਦਾ ਤਮਾਸ਼ਾ (ਹੈ ਇਸ ਵਿਚ ਕੋਈ ਕਿਸੇ ਦਾ) ਹੱਥ ਫੜਨ ਵਾਲਾ ਨਹੀਂ ਹੈ ॥੧॥ ਰਹਾਉ ॥

**ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥**

[ਦਰੋਗੁ] ਝੂਠੇ (ਚਿੱਠੇ) ਪੜ੍ਹ-ਪੜ੍ਹ ਕੇ ਖੁਸ਼ ਹੁੰਦਾ ਹੈਂ ਅਤੇ (ਸਿਧਾਂਤ) ਜਾਣੇ ਤੋਂ ਬਿਨਾਂ ਹੀ ਝਘੜੇ ਕਰਦਾ ਹੈਂ ।

**ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥੨॥**

[ਹਕੁ] ਸੱਚਾ [ਖਾਲਕੁ] ਵਾਹਿਗੁਰੂ ਸੱਚ (ਮੁਚ) ਖਲਕਤ ਦੇ [ਮਿਆਨੇ] ਵਿਚ ਹੈ, (ਇਸ ਤੋਂ ਬਿਨਾਂ ਕੋਈ ਉਸ ਦੀ) ਸ਼ਾਮ ਮੂਰਤਿ ਨਹੀਂ ਹੈ ॥੨॥

**ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥**

[ਅਸਮਾਨ] ਦਸਮ ਦਵਾਰ ਵਿਚ ਲੈਹਰਾਂ ਵਾਲਾ ਦਰਿਆਉ (ਹੈ, ਉਸ ਵਿਚ) ਇਸ਼ਨਾਨ ਕਰਨਾ [ਬੂਦ] ਸੀ, ਉਹ ਨਹੀਂ ਕੀਤਾ ।

**ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ ॥੩॥**

ਫਕੀਰੀ (ਧਾਰਨ) ਕਰ, (ਏਹੋ) [ਚਸਮੇ] ਐਨਕਾਂ (ਅੱਖਾਂ ਨੂੰ ਸਦਾ) ਲਾਈ (ਰੱਖ ਤਾਂ ਫਿਰ) ਜਿਥੇ ਕਿਥੇ ਹੀ ਹਾਜ਼ਰ ਦਿੱਸੇਗਾ ॥੩॥

**ਅਲਾਹ ਪਾਕੰ ਪਾਕ੍ ਹੈ ਸਕ ਕਰਉ ਜੇ ਦੂਸਰ ਹੋਇ ॥**

ਵਾਹਿਗੁਰੂ ਤਾਂ ਪਵਿੱਤ੍ਰ ਤੋਂ ਭੀ ਪਵਿੱਤ੍ਰ ਹੈ, ਸੱਕ (ਤਦ) ਕਰੋ, ਜੋ (ਉਸ ਬਿਨਾਂ ਹੋਰ ਕੋਈ) ਦੂਜਾ ਹੋਵੇ।

**ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ ॥੪॥੧॥**

ਕਬੀਰ (ਜੀ ਆਖਦੇ ਹਨ) [ਕਰੀਮ] ਕ੍ਰਿਪਾਲੂ [ਕਰਮੁ] ਬਖਸ਼ਸ਼ ਦਾ ਭੰਡਾਰ ਹੈ (ਜਿਸ ਉਤੇ) ਉਹ (ਆਪਣੀ ਮੇਹਰ) ਕਰਦਾ ਹੈ, ਓਹੀ (ਉਸ ਨੂੰ) ਜਾਣਦਾ ਹੈ ॥੪॥੧॥

**ਨਾਮਦੇਵ ਜੀ ॥ ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥**

ਮੈਂ ਅੰਨ੍ਹੇ ਦੀ ਓਟ, ਤੇਰੇ ਨਾਮ (ਦਾ ਹੀ) [ਖੁੰਦਕਾਰਾ] ਆਸਰਾ ਹੈ ।

**ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥੧॥ ਰਹਾਉ ॥**

ਮੈਂ ਗਰੀਬ ਹਾਂ, ਮੈਂ ਦੀਨ ਹਾਂ, ਤੇਰਾ ਨਾਮ ਹੀ ਆਸਰਾ ਹੈ ॥੧॥ ਰਹਾਉ ॥

**ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥ ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ ॥੧॥**

ਹੇ ਕ੍ਰਿਪਾਲੂ ! ਹੇ ਦਿਆਲੂ ! ਹੇ ਅੱਲਾ ! ਤੂੰ ਹਾਜ਼ਰਾ ਹਜ਼ੂਰ ਹੈਂ । ਤੇਰੇ ਅੱਗੇ (ਮੈਂ) ਹੰਕਾਰ (ਕਰਦਾ ਹਾਂ) ॥੧॥

**ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ॥**
**ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ ॥੨॥**

ਤੂੰ ਬੇਪਰਵਾਹ ਹੈਂ, ਤੂੰ ਦਾਤਾ ਹੈਂ, ਤੂੰ ਵੱਡਾ ਹੀ ਧਨਵਾਨ ਹੈਂ । ਇਕ ਤੂੰਹੀ ਦੇਂਦਾ ਤੇ ਲੈਂਦਾ ਹੈਂ, (ਤੈਥੋਂ ਬਿਨਾਂ ਹੋਰ) ਕੋਈ [ਦਿਗਰ] ਦੂਜਾ ਨਹੀਂ ਹੈ ॥੨॥

**ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥**

ਤੂੰ ਸਿਆਣਾ ਹੈਂ, ਤੂੰ [ਬੀਨਾ] ਦੂਰੰਦੇਸ਼ ਹੈਂ, ਮੈਂ (ਤੇਰੇ) ਕਿਹੜੇ-ਕਿਹੜੇ (ਗੁਣਾਂ ਦੀ) ਵਿਚਾਰ ਕਰਾਂ ?

**ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥੩॥੧॥੨॥**

(ਮੈਂ) ਨਾਮਦੇਵ ਦੇ ਮਾਲਕ ਹਰੀ ਜੀ ! ਤੁਸੀਂ (ਗੁਨਾਹ) ਬਖਸ਼ਣ ਵਾਲੇ ਹੋ ॥੩॥੧॥੨॥

*ਉਥਾਨਕਾ*—ਇਕੇਰਾਂ ਨਾਮਦੇਵ ਜੀ ਦੁਆਰਕਾ ਗਏ । ਉਥੇ ਇਕ ਮੁਗਲ ਨੇ ਭਗਤ ਜੀ ਨੂੰ ਵਿਗਾਰੀ ਫੜ ਲਿਆ । ਆਪ ਨੇ ਉਸ ਨੂੰ ਨਿਰੰਕਾਰ ਰੂਪ ਸਮਝ ਕੇ ਪ੍ਰੇਮ ਪ੍ਰਗਟ ਕਰਦੇ ਹੋਏ ਇਹ ਸ਼ਬਦ ਉਚਾਰਿਆ :—

**ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ ॥**
**ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ ॥**

ਆਓ ਯਾਰ ! ਸੁਣਾ ਓ ਯਾਰ ! ਰਾਜ਼ੀ ਤਾਂ ਹੈ । ਮੈਂ (ਤੇਰੇ ਤੋਂ) ਬਲਿਹਾਰ-ਬਲਿਹਾਰ ਜਾਵਾਂ, ਮੈਂ ਸਦਕੇ

Sri Satguru Jagjit Singh Ji eLibrary NamdhariElibrary@gmail.com

ਕੁਰਬਾਨ ਜਾਵਾਂ !

**ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ॥੧॥ ਰਹਾਉ ॥**

ਤੇਰੀ ਵਿਗਾਰ ਭੀ ਚੰਗੀ ਹੈ ਅਤੇ ਤੇਰਾ ਨਾਮ ਭੀ [ਆਲੇ] ਵੱਡਾ (ਚੰਗਾ ਹੈ) ॥੧॥ ਰਹਾਉ ॥

**ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ ॥ ਦ੍ਵਾਰਿਕਾ ਨਗਰੀ ਰਾਸਿ ਬੁਗੋਈ ॥੧॥**

ਕਿਥੋਂ ਆਏ ਹੋ ? ਕਿਥੇ ਗਏ ਸੀ ? ਕਿਥੇ ਜਾਂਦੇ ਹੋ ? (ਇਹ) ਦਵਾਰਕਾ ਨਗਰੀ ਹੈ ਇਥੇ [ਰਾਸਿ ਬੁਗੋਈ] ਸੱਚ ਆਖਣਾ ॥੧॥

**ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥ ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ॥੨॥**

ਤੇਰੀ ਪੱਗ ਭੀ ਸੋਹਣੀ ਹੈ, ਅਤੇ ਤੇਰੇ ਬੋਲ ਭੀ ਮਿੱਠੇ ਹਨ, (ਪਰ ਏਹ ਤਾਂ ਦੱਸ ! ਜੋ) ਦਵਾਰਕਾ ਨਗਰੀ ਵਿਚ ਮੁਗਲ ਕਦੋਂ ਦੇ (ਆਏ ਹਨ ?) ॥੨॥

**ਚੰਦੀਂ ਹਜਾਰ ਆਲਮ ਏਕਲ ਖਾਨਾਂ ॥ ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ ॥੩॥**

(ਜੋ) [ਚੰਦੀਂ] ਕਈ ਹਜ਼ਾਰ [ਆਲਮ] ਦੁਨੀਆਂ (ਦੇ ਜੀਵ ਹਨ, ਇਹਨਾਂ ਸਾਰਿਆਂ ਦੀ) [ਖਾਨਾਂ] ਘਰ ਇਕ ਤੂੰ ਹੀ ਹੈਂ। ਮੈਂ ਪਛਾਣ ਲਿਆ ਹੈ (ਤੂੰ) ਮੇਰਾ ਸ਼ਿਆਮ ਰੰਗ ਵਾਲਾ ਬਾਦਸ਼ਾਹ ਹੈਂ ॥੩॥

**ਅਸਪਤਿ ਗਜਪਤਿ ਨਰਹ ਨਰਿੰਦ ॥ ਨਾਮੇ ਕੇ ਸ੍ਵਾਮੀ ਮੀਰ ਮੁਕੰਦ ॥੪॥੨॥੩॥**

ਨਾਮਦੇਵ (ਜੀ ਆਖਦੇ ਹਨ, ਤੂੰ) [ਅਸਪਤਿ] ਸੂਰਜ [ਗਜਪਤਿ] ਗਣੇਸ਼ [ਨਰਹ] ਵਿਸ਼ਨਾਦਿਕ ਤੇ [ਨਰਿੰਦ] ਕੁਬੇਰ ਦਾ [ਮੀਰ] ਬਾਦਸ਼ਾਹ ਅਤੇ (ਮੇਰਾ) [ਮੁਕੰਦ] ਮੁਕਤੀ ਦਾਤਾ ਸੁਆਮੀ ਹੈ ॥੪॥੨॥੩॥

## ਰਾਗੁ ਸੂਹੀ (ਅੰਗ ੭੯੨-੯੪)

**ਰਾਗੁ ਸੂਹੀ ਬਾਣੀ ਸ੍ਰੀ ਕਬੀਰ ਜੀਉ ਤਥਾ ਸਭਨਾ ਭਗਤਾ ਕੀ ॥ ਕਬੀਰ ਕੇ**

**੧ਓ ਸਤਿਗੁਰ ਪ੍ਰਸਾਦਿ ॥**

**ਅਵਤਰਿ ਆਇ ਕਹਾ ਤੁਮ ਕੀਨਾ ॥ ਰਾਮ ਕੋ ਨਾਮੁ ਨ ਕਬਹੂ ਲੀਨਾ ॥੧॥**

[ਅਵਤਰਿ] ਮਨੁਖ ਜਨਮ ਵਿਚ ਆ ਕੇ ਤੁਸਾਂ ਕੀ ਕੀਤਾ ਹੈ ? ਜੋ ਰਾਮ ਦਾ ਨਾਮ ਕਦੇ ਭੀ ਨਹੀਂ ਲਿਆ ॥੧॥

**ਰਾਮ ਨ ਜਪਹੁ ਕਵਨ ਮਤਿ ਲਾਗੇ ॥**
**ਮਰਿ ਜਇਬੇ ਕਉ ਕਿਆ ਕਰਹੁ ਅਭਾਗੇ ॥੧॥ ਰਹਾਉ ॥**

ਰਾ. ਨੂੰ ਨਹੀਂ ਜਪਦੇ, ਕਿਸ ਅਕਲ ਵਿਚ ਲਗੇ ਹੋ ? ਹੇ ਮੰਦਭਾਗੀਓ ! (ਜਦ) ਮਰ ਜਾਓਗੇ, ਤਾਂ ਕੀ ਕਰੋਗੇ ? ॥੧॥ ਰਹਾਉ ॥

**ਦੁਖ ਸੁਖ ਕਰਿ ਕੈ ਕੁਟੰਬੁ ਜੀਵਾਇਆ ॥**
**ਮਰਤੀ ਬਾਰ ਇਕਸਰ ਦੁਖੁ ਪਾਇਆ ॥੨॥**

ਦੁਖ ਸੁਖ ਭੋਗ ਕੇ ਟੱਬਰ ਦੀ ਪਾਲਣਾ ਕਰਦੇ ਹੋ! ਮਰਦੀ ਵਾਰੀ 'ਕੱਲੇ ਨੂੰ ਦੁਖ ਪਾਣਾ ਪਵੇਗਾ ॥੨॥

**ਕੰਠ ਗਹਨ ਤਬ ਕਰਨ ਪੁਕਾਰਾ ॥ ਕਹਿ ਕਬੀਰ ਆਗੇ ਤੇ ਨ ਸੰਮ੍ਾਰਾ ॥੩॥੧॥**

(ਜਦੋਂ ਜਮ) ਸੰਘੀ ਘੁਟੇਗਾ, ਓਦੋਂ ਪੁਕਾਰ ਕਰੇਂਗਾ, (ਜੋ ਕਿਸੇ ਨਹੀਂ ਸੁਣਨੀ) ਕਬੀਰ ਜੀ ਆਖਦੇ ਹਨ, (ਹੇ ਭਾਈ! ਤੂੰ ਰਾਮ ਨੂੰ) ਪਹਿਲੋਂ ਕਿਉਂ ਨਹੀਂ ਯਾਦ ਕਰਦਾ ॥੩॥੧॥

**ਸੂਹੀ ਕਬੀਰ ਜੀ ॥ ਥਰਹਰ ਕੰਪੈ ਬਾਲਾ ਜੀਉ ॥**

**ਨਾ ਜਾਨਉ ਕਿਆ ਕਰਸੀ ਪੀਉ ॥੧॥**

[ਬਾਲਾ] ਇਸਤ੍ਰੀ ਦਾ ਦਿਲ ਥਰ-ਥਰ ਕੰਬਦਾ ਹੈ। ਪਤਾ ਨਹੀਂ (ਜੇ ਘਰ ਗਈ ਤਾਂ) ਪਤੀ ਕੀ (ਸਲੂਕ) ਕਰੇਗਾ ? ॥੧॥

**ਰੈਨਿ ਗਈ ਮਤ ਦਿਨੁ ਭੀ ਜਾਇ ॥**

**ਭਵਰ ਗਏ ਬਗ ਬੈਠੇ ਆਇ ॥੧॥ ਰਹਾਉ ॥**

(ਗਾਫਲੀ ਵਿਚ ਜੁਆਨੀ ਰੂਪ) ਰਾਤ ਬੀਤ ਗਈ ਹੈ, ਕਿਤੇ (ਬੁਢੇਪੇ ਰੂਪ) ਦਿਨ ਭੀ ਨਾ ਚਲਾ ਜਾਵੇ। (ਕਾਲੇ ਕੇਸਾਂ ਰੂਪ) ਭੌਰੇ (ਉੱਡ) ਗਏ ਹਨ, ਅਤੇ (ਚਿੱਟੇ ਕੇਸਾਂ ਰੂਪ) ਬਗਲੇ ਆ ਬੈਠੇ ਹਨ ॥੧॥ ਰਹਾਉ ॥

**ਕਾਚੈ ਕਰਵੈ ਰਹੈ ਨ ਪਾਨੀ ॥ ਹੰਸੁ ਚਲਿਆ ਕਾਇਆ ਕੁਮਲਾਨੀ ॥੨॥**

(ਸਰੀਰ ਰੂਪ) ਕੱਚੇ [ਕਰਵੈ] ਕੂੱਜੇ ਵਿਚ (ਸਵਾਸਾਂ ਰੂਪ) ਪਾਣੀ ਨਹੀਂ ਰਹੇਗਾ। (ਜਦੋਂ) ਜੀਵ ਚਲਾ ਗਿਆ ਤਾਂ ਦੇਹ ਕੁਮਲਾ ਜਾਵੇਗੀ ॥੨॥

**ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥ ਕਿਉ ਰਲੀਆ ਮਾਨੈ ਬਾਝੁ ਭਤਾਰਾ ॥੩॥**

ਕੁਆਰੀ ਕੁੜੀ ਜਿਵੇਂ ਸ਼ਿੰਗਾਰ ਕਰੇ ਤਾਂ ਪਤੀ ਤੋਂ ਬਿਨਾਂ [ਰਲੀਆ] ਖੁਸ਼ੀਆ ਕਿਵੇਂ ਭੋਗੇਗੀ ? ॥੩॥

**ਕਾਗ ਉਡਾਵਤ ਭੁਜਾ ਪਿਰਾਨੀ ॥ ਕਹਿ ਕਬੀਰ ਇਹ ਕਥਾ ਸਿਰਾਨੀ ॥੪॥੨॥**

ਕਾਂ ਉਡਾਂਦਿਆਂ ਬਾਂਹ [ਪਿਰਾਨੀ] ਥੱਕ ਗਈ ਹੈ। ਕਬੀਰ ਜੀ ਆਖਦੇ ਹਨ ਇਹ ਕਥਾ ਵੀ ਮੁੱਕ ਗਈ ਹੈ, (ਅਰਥਾਤ ਉਮਰਾ ਭੀ ਖਤਮ ਹੋ ਗਈ ਹੈ) ॥੪॥੨॥

**ਸੂਹੀ ਕਬੀਰ ਜੀਉ ॥**

**ਅਮਲੁ ਸਿਰਾਨੋ ਲੇਖਾ ਦੇਨਾ ॥ ਆਏ ਕਠਿਨ ਦੂਤ ਜਮ ਲੇਨਾ ॥**

[ਸਿਰਾਨੋ] ਕੀਤੇ [ਅਮਲੁ] ਕਰਮਾਂ ਦਾ ਲੇਖਾ ਦੇਣਾ ਹੈ। ਕਠਨ ਜਮਦੂਤ ਆਏ (ਹਨ, ਜਿਨ੍ਹਾਂ ਨੇ ਲੇਖਾ) ਲੈਣਾ ਹੈ।

**ਕਿਆ ਤੈ ਖਟਿਆ ਕਹਾ ਗਵਾਇਆ ॥ ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥**

ਤੁਸਾਂ ਕੀ ਖਟਿਆ ਹੈ ? ਅਤੇ ਕੀ ਗਵਾਇਆ ਹੈ ? ਚਲੋ ਛੇਤੀ ਦੀਵਾਨ ਜੀ ਨੇ ਬੁਲਾਇਆ ਹੈ ॥੧॥

**ਚਲੁ ਦਰਹਾਲੁ ਦੀਵਾਨਿ ਬੁਲਾਇਆ ॥**

**ਹਰਿ ਫੁਰਮਾਨੁ ਦਰਗਹ ਕਾ ਆਇਆ ॥੧॥ ਰਹਾਉ ॥**

[ਦਰਹਾਲੁ] ਬਹੁਤ ਛੇਤੀ ਚਲੋ ਕਚੈਹਰੀ ਵਿਚ ਬੁਲਾਇਆ (ਗਿਆ ਹੈ)। ਹਰੀ ਦੀ ਦਰਗਾਹ ਦਾ (ਫੁਰਮਾਨ) ਸ਼ਾਹੀ ਹੁਕਮ ਆਇਆ ਹੈ ॥੧॥ ਰਹਾਉ ॥

**ਕਰਉ ਅਰਦਾਸਿ ਗਾਵ ਕਿਛੁ ਬਾਕੀ ॥ ਲੇਉ ਨਿਬੇਰਿ ਆਜੁ ਕੀ ਰਾਤੀ ॥**

(ਹੇ ਦੂਤੋ! ਮੈਂ ਤੁਹਾਡੇ ਅਗੇ) ਬੇਨਤੀ ਕਰਦਾ ਹਾਂ, ਪਿੰਡ (ਵਿਚ ਮੇਰੀ) ਕੁਝ ਬਾਕੀ (ਰਹਿੰਦੀ ਹੈ, ਜੋ ਮੈਂ) ਅੱਜ ਦੀ ਰਾਤ ਵਿਚ ਹੀ ਨਬੇੜ ਲਵਾਂਗਾ।

**ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ ॥ ਸੁਬਹ ਨਿਵਾਜ ਸਰਾਇ ਗੁਜਾਰਉ ॥੨॥**

(ਉਸ ਵਿਚੋਂ) ਕੁਝ ਤੁਹਾਡਾ ਖਰਚ ਭੀ ਕਰਾਂਗਾ। ਫਜ਼ਰ ਦੀ ਨਿਮਾਜ ਸਰਾਂ ਵਿਚ ਚਲ ਪੜ੍ਹਾਂਗਾ (ਇਹ ਬੇਨਤੀ ਸੁਣਕੇ ਭੀ ਨਹੀਂ ਛੱਡਣਾ) ॥੨॥

**ਸਾਧਸੰਗਿ ਜਾ ਕਉ ਹਰਿ ਰੰਗੁ ਲਾਗਾ ॥ ਧਨੁ ਧਨੁ ਸੋ ਜਨੁ ਪੁਰਖੁ ਸਭਾਗਾ ॥**

ਸਾਧ ਸੰਗ (ਕਰਕੇ) ਹਰੀ ਨਾਲ ਜਿਸ ਦਾ ਪ੍ਰੇਮ ਲੱਗਾ ਹੈ। ਉਹ ਪੁਰਸ਼ ਚੰਗੇ ਭਾਗਾਂ ਵਾਲਾ ਧੰਨ ਹੈ ਧੰਨ ਹੈ।

**ਈਤ ਊਤ ਜਨ ਸਦਾ ਸੁਹੇਲੇ ॥ ਜਨਮੁ ਪਦਾਰਥੁ ਜੀਤਿ ਅਮੋਲੇ ॥੩॥**

(ਅਜੇਹੇ) ਪੁਰਸ਼ ਲੋਕ ਪ੍ਰਲੋਕ ਵਿਚ ਸਦਾ ਹੀ ਸੁਖੀ ਰਹਿੰਦੇ ਹਨ। (ਉਨ੍ਹਾਂ ਨੇ) ਅਮੋਲਕ ਜਨਮ ਪਦਾਰਥ ਜਿੱਤ ਲਿਆ ਹੈ ॥੩॥

SIKHBOOKCLUB.COM

**ਜਾਗਤੁ ਸੋਇਆ ਜਨਮੁ ਗਵਾਇਆ ॥ ਮਾਲੁ ਧਨੁ ਜੋਰਿਆ ਭਇਆ ਪਰਾਇਆ ॥**

(ਜੋ) ਜਾਗਦਾ ਹੀ ਸੌਂ ਗਿਆ (ਹੈ, ਉਸ ਨੇ) ਜਨਮ (ਵਿਅਰਥ) ਗਵਾ ਲਿਆ ਹੈ। (ਉਸ ਦਾ) ਮਾਲ ਧਨ ਜੋੜਿਆ ਹੋਇਆ ਬਿਗਾਨਾ ਹੋ ਗਿਆ ਹੈ।

**ਕਹੁ ਕਬੀਰ ਤੇਈ ਨਰ ਭੂਲੇ ॥ ਖਸਮੁ ਬਿਸਾਰਿ ਮਾਟੀ ਸੰਗਿ ਰੂਲੇ ॥੪॥੩॥**

ਕਬੀਰ ਜੀ ਆਖਦੇ ਹਨ, ਉਹ ਪੁਰਸ਼ ਭੁੱਲ ਗਏ ਹਨ। (ਜੋ) ਵਾਹਿਗੁਰੂ ਨੂੰ ਭੁਲਾ ਕੇ (ਵਿਕਾਰਾਂ ਰੂਪ) ਮਿੱਟੀ ਨਾਲ ਮਿਲ ਗਏ ਹਨ ॥੪॥੩॥

## ਸੂਹੀ ਕਬੀਰ ਜੀਉ ਲਲਿਤ ॥

**ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥**

ਅੱਖਾਂ ਥੱਕ ਗਈਆਂ, ਸੁਨਣ ਵਾਲੇ ਕੰਨ ਭੀ ਥੱਕ ਗਏ, ਅਤੇ ਸੋਹਣੀ ਦੇਹ ਭੀ ਥੱਕ ਗਈ।

**ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥੧॥**

(ਜਦ) ਬੁਢੇਪੇ ਨੇ [ਹਾਕ ਦੀ] ਵਾਜ ਮਾਰੀ ਤਾਂ ਮੱਤ ਮਾਰੀ ਗਈ ਪਰ ਇਕ ਮਾਇਆ ਮਨੋਂ ਨਹੀਂ ਮਿਟਦੀ ॥੧॥

**ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥ ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥**

ਹੇ ਪਾਗਲ! ਤੂੰ ਗਿਆਨ ਦੀ ਵੀਚਾਰ ਨਹੀਂ ਪਾਈ, (ਇਸ ਲਈ) ਜਨਮ ਵਿਅਰਥ ਗਵਾ ਲਿਆ ਹੈ ॥੧॥ ਰਹਾਉ ॥

**ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ ॥**

ਹੇ ਪ੍ਰਾਣੀਓ! ਉੱਨਾ ਚਿਰ ਉਸੇ ਨੂੰ ਯਾਦ ਕਰੋ, ਜਿੰਨਾ ਚਿਰ ਦੇਹ ਵਿਚ ਪ੍ਰਾਣ ਹਨ।

**ਜੇ ਘਟੁ ਜਾਇ ਤ ਭਾਉ ਨ ਜਾਸੀ ਹਰਿ ਕੇ ਚਰਨ ਨਿਵਾਸਾ ॥੨॥**

ਜੇ ਦੇਹ (ਨਾਸ ਭੀ ਹੋ) ਜਾਵੇ ਤਾਂ ਪ੍ਰੇਮ ਨਾ ਜਾਵੇ, ਤਦ ਹਰੀ ਦੇ ਚਰਨਾਂ ਵਿਚ ਵਾਸਾ (ਮਿਲੇਗਾ) ॥੨॥

**ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥**

ਜਿਸ ਦੇ ਅੰਦਰ (ਗੁਰ) ਸ਼ਬਦ ਵੱਸਦਾ ਹੈ, ਉਸ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ।

**ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥੩॥**

(ਤਦ ਉਹ) ਭਾਣਾ ਮੰਨਣ ਰੂਪ ਚੌਪੜ ਖੇਡਦਾ ਹੈ, (ਏਹੋ) ਮਨ ਦੇ ਜਿੱਤਣ ਦਾ ਪਾਸਾ ਸੁੱਟਦਾ ਹੈ ॥੩॥

**ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ ॥**

ਜੋ ਪੁਰਸ਼ [ਅਬਿਗਤ] ਨਿਰੰਕਾਰ ਨੂੰ ਜਾਣ ਕੇ (ਉਸਦਾ) ਭੋਜਨ ਕਰਦੇ ਹਨ, ਉਨ੍ਹਾਂ ਦਾ ਕੁਝ ਭੀ ਨੁਕਸਾਨ ਨਹੀਂ ਹੁੰਦਾ।

SIKHBOOKCLUB.COM

**ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ ॥੪॥੪॥**

ਕਬੀਰ ਜੀ ਆਖਦੇ ਹਨ ਉਹ ਪੁਰਸ਼ ਕਦੇ ਭੀ ਨਹੀਂ ਹਾਰਦੇ, ਜੋ ਇਸ ਪਾਸੇ ਨੂੰ ਸੁੱਟਣਾ ਜਾਣਦੇ ਹਨ ॥੪॥੪॥

## ਸੂਹੀ ਲਲਿਤ ਕਬੀਰ ਜੀਉ ॥

**ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥**

(ਸਰੀਰ ਰੂਪ) ਇਕ ਕਿਲ੍ਹਾ (ਹੈ ਕਾਮਾਦਿਕ) ਪੰਜ (ਇਸ ਦੇ) ਸਰਦਾਰ ਹਨ, ਪੰਜੇ ਮਾਮਲਾ ਮੰਗਦੇ ਹਨ।

**ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥੧॥**

ਮੈਂ ਕਿਸੇ ਦੀ ਜ਼ਮੀਨ ਨਹੀਂ ਬੀਜੀ, ਅਜੇਹਾ ਦੇਣਾ ਦੁਖਦਾ ਹੈ ॥੧॥

**ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥**

ਹੇ ਹਰੀ ਦੇ ਲੋਕੋ! ਮੈਨੂੰ (ਯਮ ਰੂਪ) ਪਟਵਾਰੀ ਸਦਾ ਹੀ [ਡਸੈ] ਦੁਖ ਦੇਂਦਾ ਹੈ।

**ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ<br>ਤਿਨਿ ਹਉ ਲੀਆ ਉਬਾਰੀ ॥੧॥ ਰਹਾਉ ॥**

ਮੈਂ ਬਾਂਹ ਖੜੀ ਕਰਕੇ ਗੁਰਾਂ ਕੋਲ ਪੁਕਾਰ ਕੀਤੀ ਤਾਂ ਉਨ੍ਹਾਂ ਨੇ ਮੈਨੂੰ ਬਚਾ ਲਿਆ ॥੧॥ ਰਹਾਉ ॥

**ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ ॥**

ਨੌਂ (ਗੋਲਕਾਂ ਰੂਪ) [ਡਾਡੀ] ਜਰੀਬਕਸ ਤੇ ਦਸ (ਇੰਦ੍ਰੇ ਰੂਪ) ਮੁਨਸਫ ਦੌਰਾ ਕਰਦੇ ਹਨ, (ਜੋ ਸ਼ੁਭ ਗੁਣਾਂ ਰੂਪ) ਰਈਅਤ (ਨੂੰ ਅਰਾਮ ਨਾਲ) ਵਸਨ ਨਹੀਂ ਦੇਂਦੇ।

**ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ ॥੨॥**

ਜਰੀਬ ਪੂਰੀ ਨਹੀਂ ਕਢਦੇ ਤੇ [ਬਿਸਟਾਲਾ] ਗੰਦੇ ਕੂੜੇ ਦਾ ਮੁਲ ਬਹੁਤ ਲੈਂਦੇ ਹਨ, (ਅਰਥਾਤ ਪ੍ਰਾਲਭਧ ਉਤੇ ਭਰੋਸਾ ਨਾ ਰਖਕੇ ਲੋਭ ਬਹੁਤਾ ਕਰਦੇ ਹਨ) ॥੨॥

**ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ ॥**

ਬਹੱਤ੍ਰ (ਹਜ਼ਾਰ ਨਾੜੀਆਂ ਵਾਲੇ) ਘਰ (ਸਰੀਰ ਵਿਚ ਜੋ) ਇਕ (ਅਕਾਲ) ਪੁਰਖ ਸਮਾਇਆ (ਹੋਇਆ ਹੈ, ਸਤਿਗੁਰੂ ਨੇ ਮੈਨੂੰ) ਉਸ ਦਾ ਨਾਮ [ਲਿਖਾਈ] ਜਣਾ ਦਿਤਾ ਹੈ।

**ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ ॥੩॥**

(ਜਦ ਅਸਾਂ ਜਾ ਕੇ) ਧਰਮ ਰਾਜੇ ਦਾ ਰਜਿਸਟਰ ਪੜਤਾਲਿਆ (ਤਾਂ ਸਾਡੇ ਵਲ) ਜਰਾ ਜਿੰਨੀ ਭੀ ਕੋਈ ਬਾਕੀ ਨਾ (ਨਿਕਲੀ) ॥੩॥

**ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ ॥**

ਸੰਤਾਂ ਦੀ ਕੋਈ ਨਿੰਦਾ ਨਾ ਕਰੋ, (ਕਿਉਂਕਿ) ਸੰਤ ਤੇ ਰਾਮ ਦੋਵੇਂ ਇਕੋ (ਰੂਪ) ਹਨ।

**ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ ॥੪॥੫॥**

ਕਬੀਰ ਜੀ ਆਖਦੇ ਹਨ, ਮੈਨੂੰ ਉਹ ਗੁਰੂ ਮਿਲਿਆ ਹੈ, ਜਿਸਦਾ ਨਾਮ ਵੀਚਾਰ ਹੈ ॥੪॥੫॥

## ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

### ੧ਓ ਸਤਿਗੁਰ ਪ੍ਰਸਾਦਿ ॥

**ਸਹ ਕੀ ਸਾਰ ਸੁਹਾਗਨਿ ਜਾਨੈ ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥**

ਪਤੀ ਦੀ ਕਦਰ (ਉਹ) ਸੁਹਾਗਨੀ ਜਾਣਦੀ ਹੈ, (ਜੋ) ਹੰਕਾਰ ਛਡ ਕੇ ਸੁਖ ਨਾਲ ਮੌਜਾਂ ਮਾਣਦੀ ਹੈ।

**ਤਨੁ ਮਨੁ ਦੇਇ ਨ ਅੰਤਰੁ ਰਾਖੈ ॥ ਅਵਰਾ ਦੇਖਿ ਨ ਸੁਨੈ ਅਭਾਖੈ ॥੧॥**

(ਉਸ ਨੇ) ਤਨ ਮਨ (ਪਤੀ ਨੂੰ ਦੇ) ਦਿਤਾ ਹੈ ਫਰਕ ਨਹੀਂ ਰਖਿਆ। ਹੋਰਨਾਂ ਵੱਲ ਵੇਖਦੀ ਨਹੀਂ (ਨਾ ਕਿਸੇ ਦੀ ਗੱਲ) ਸੁਣਦੀ ਹੈ ਤੇ ਨਾ ਕਿਸੇ ਨਾਲ ਕਰਦੀ ਹੈ ॥੧॥

**ਸੋ ਕਤ ਜਾਨੈ ਪੀਰ ਪਰਾਈ ॥ ਜਾ ਕੈ ਅੰਤਰਿ ਦਰਦੁ ਨ ਪਾਈ ॥੧॥ ਰਹਾਉ ॥**

ਉਹ ਬਿਗਾਨੀ ਪੀੜ ਨੂੰ ਕਿਵੇਂ ਜਾਨ ਸਕਦੀ ਹੈ, ਜਿਸਦੇ ਅੰਦਰ ਕਦੇ ਪੀੜ ਨਹੀਂ ਹੋਈ ? ॥੧॥ ਰਹਾਉ ॥

**ਦੁਖੀ ਦੁਹਾਗਨਿ ਦੁਇ ਪਖ ਹੀਨੀ ॥ ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥**

(ਸੌਹਰੇ ਪੇਕੇ ਰੂਪ) ਦੋਹਾਂ ਪਖਾਂ ਤੋਂ ਗਈ ਹੋਈ ਦੁਹਾਗਣੀ ਦੁਖੀ ਹੁੰਦੀ ਹੈ। ਜਿਸ ਨੇ [ਨਾਹ] ਪਤੀ ਦੀ ਅਖੰਡ ਭਗਤੀ ਨਹੀਂ ਕੀਤੀ।

**ਪੁਰ ਸਲਾਤ ਕਾ ਪੰਥੁ ਦੁਹੇਲਾ ॥ ਸੰਗਿ ਨ ਸਾਥੀ ਗਵਨੁ ਇਕੇਲਾ ॥੨॥**

ਸਰਾਤ ਪੁਲ ਦਾ ਰਾਹ ਔਖਾ ਹੈ। (ਉਥੇ) ਨਾਲ (ਕੋਈ) ਸਾਥੀ ਨਹੀਂ (ਹੋਣਾ) 'ਕੱਲਿਆਂ ਹੀ ਜਾਣਾ ਹੈ ॥੨॥

**ਦੁਖੀਆ ਦਰਦਵੰਦੁ ਦਰਿ ਆਇਆ ॥ ਬਹੁਤੁ ਪਿਆਸ ਜਬਾਬੁ ਨ ਪਾਇਆ ॥**

ਹੇ ਦਰਦ ਵੰਡਨ ਵਾਲੇ (ਵਾਹਿਗੁਰੂ! ਮੈਂ) ਦੁਖੀ (ਤੇਰੇ) ਦਰ ਤੇ ਆਇਆ ਹਾਂ (ਦਰਸ਼ਨ ਦੀ) ਬਹੁਤ ਪਿਆਸ (ਹੈ, ਪਰ ਆਪ ਵਲੋਂ ਕੋਈ) ਉੱਤਰ ਨਹੀਂ ਮਿਲਿਆ ?

**ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥ ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩॥੧॥**

ਰਵਿਦਾਸ ਜੀ ਆਖਦੇ ਹਨ, ਹੇ ਪ੍ਰਭੂ! ਮੈਂ ਤੇਰੀ ਸ਼ਰਨ ਹਾਂ। ਜਿਵੇਂ ਜਾਣੋ ਤਿਵੇਂ ਹੀ ਮੇਰੀ ਗਤੀ ਕਰੋ ॥੩॥੧॥

**ਸੂਹੀ ॥ ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥**

ਜੋ ਦਿਨ ਆਉਂਦਾ ਹੈ ਉਹ ਦਿਨ ਚਲਾ ਜਾਂਦਾ ਹੈ। (ਸਭ ਨੇ) ਚਲੇ ਜਾਣਾ ਹੈ, (ਕਿਸੇ ਨੇ ਭੀ ਇਥੇ) ਬੈਠ ਨਹੀਂ ਰਹਿਣਾ।

**ਸੰਗੁ ਚਲਤ ਹੈ ਹਮ ਭੀ ਚਲਨਾ ॥ ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥**

ਸੰਗੀ ਤੁਰੇ ਜਾਂਦੇ ਹਨ, ਅਸਾਂ ਭੀ ਜਾਣਾ ਹੈ। ਪਹੁੰਚਨਾ ਦੂਰ ਹੈ; ਸਿਰ ਉਤੇ ਮੌਤ ਹੈ ॥੧॥

**ਕਿਆ ਤੂ ਸੋਇਆ ਜਾਗੁ ਇਆਨਾ ॥**

**ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ ਰਹਾਉ ॥**

ਹੇ ਇਆਣੇ! ਤੂੰ ਕਿਉਂ ਸੁਤਾ ਹੈਂ! ਜਾਗ। ਤੂੰ ਜਗਤ ਦੇ ਜੀਉਣ ਨੂੰ ਸੱਚ ਕਰਕੇ ਜਾਣਦਾ ਹੈ ? ॥੧॥ ਰਹਾਉ ॥

**ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥ ਸਭ ਘਟ ਭੀਤਰਿ ਹਾਟੁ ਚਲਾਵੈ ॥**

ਜਿਸ ਨੇ ਜੀਊਣਾ ਦਿੱਤਾ ਹੈ, ਉਹ ਖੁਰਾਕ ਭੀ ਪੁਚਾਉਂਦਾ ਹੈ। ਸਾਰੇ ਘਟਾਂ ਦੇ ਅੰਦਰ ਹੱਟੀ ਤੋਰਦਾ ਹੈ।

**ਕਰਿ ਬੰਦਿਗੀ ਛਾਡਿ ਮੈ ਮੇਰਾ ॥ ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥੨॥**

ਮੈਂ ਤੇ ਮੇਰੀ ਛੱਡਕੇ ਬੰਦਗੀ ਕਰ। ਦਿਲ ਵਿਚ ਸਵੇਰੇ ਹੀ ਨਾਮ ਨੂੰ ਯਾਦ ਕੀਤਾ ਕਰ ॥੨॥

**ਜਨਮੁ ਸਿਰਾਨੋ ਪੰਥੁ ਨ ਸਵਾਰਾ ॥ ਸਾਂਝ ਪਰੀ ਦਹ ਦਿਸ ਅੰਧਿਆਰਾ ॥**

ਜਨਮ ਬੀਤ ਗਿਆ ਹੈ, ਤੂੰ ਰਸਤੇ ਨੂੰ ਯਾਦ ਭੀ ਨਹੀਂ ਕੀਤਾ (ਬੁਢੇਪੇ ਰੂਪ) ਸੰਧਿਆ ਪੈ ਗਈ ਹੈ, ਦਸਾਂ (ਇੰਦ੍ਰੀਆਂ ਰੂਪ) ਦਿਸ਼ਾ ਵਿਚ ਹਨੇਰਾ ਹੋ ਗਿਆ ਹੈ।

Sri Satguru Jagjit Singh Ji eLibrary NamdhariElibrary@gmail.com

**ਕਹਿ ਰਵਿਦਾਸ ਨਿਦਾਨਿ ਦਿਵਾਨੇ ॥ ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥**

ਰਵਿਦਾਸ ਜੀ ਆਖਦੇ ਹਨ, ਹੇ ਦੀਵਾਨੇ! [ਫਨ] ਫਨਾਹ ਦੇ ਘਰ (ਦੁਨੀਆਂ) ਵਿਚ ਫਸ ਰਿਹਾ ਹੈ, ਅਤੇ [ਨਿਦਾਨਿ] ਅੰਤ ਸਮੇਂ ਨੂੰ ਚੇਤੇ ਕਿਉਂ ਨਹੀਂ ਕਰਦਾ ? ॥੩॥੨॥

**ਸੂਹੀ ॥ ਊਚੇ ਮੰਦਰ ਸਾਲ ਰਸੋਈ ॥ ਏਕ ਘਰੀ ਫੁਨਿ ਰਹਨੁ ਨ ਹੋਈ ॥੧॥**

ਉਚੇ ਮੰਦਰ ਤੇ ਰਸੋਈ [ਸਾਲ] ਸਥਾਨ (ਵਿਚ), ਫਿਰ ਤਾਂ ਇਕ ਘੜੀ ਭਰ ਵੀ ਰਹਿਣਾ ਨਹੀਂ ਹੋਣਾ ॥੧॥

**ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥**
**ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥੧॥ ਰਹਾਉ ॥**

ਇਹ ਸਰੀਰ ਅਜੇਹਾ ਹੈ, ਜਿਵੇਂ ਘਾਹ ਦਾ ਛੱਪਰ। (ਜਦੋਂ ਇਹ) ਘਾਹ (ਦਾ ਛੱਪਰ) ਸੜ ਗਿਆ ਤਾਂ ਮਿੱਟੀ ਨਾਲ ਮਿਲ ਜਾਵੇਗਾ ॥੧॥ ਰਹਾਉ ॥

**ਭਾਈ ਬੰਧ ਕੁਟੰਬ ਸਹੇਰਾ ॥ ਓਇ ਭੀ ਲਾਗੇ ਕਾਢੁ ਸਵੇਰਾ ॥੨॥**

ਭਰਾ, ਸਬੰਧੀ, ਕੁਟੰਬ (ਤੇ ਹੋਰ) [ਸਹੇਰਾ] ਮਿਤ੍ਰ (ਜੋ ਹਨ) ਓਹ ਭੀ ਛੇਤੀ (ਛੇਤੀ ਬਾਹਰ) ਕੱਢਣ (ਦੇ ਆਹਰ ਵਿਚ) ਲਗ ਜਾਂਦੇ ਹਨ ॥੨॥

**ਘਰ ਕੀ ਨਾਰਿ ਉਰਹਿ ਤਨ ਲਾਗੀ ॥ ਉਹ ਤਉ ਭੂਤੁ ਭੂਤੁ ਕਰਿ ਭਾਗੀ ॥੩॥**

ਘਰ ਦੀ ਇਸਤ੍ਰੀ (ਜੋ) [ਉਰਹਿ ਤਨ] ਛਾਤੀ ਦੇ ਨਾਲ ਲੱਗੀ (ਰਹਿੰਦੀ ਸੀ)। ਉਹ ਤਾਂ ਭੂਤ ਭੂਤ ਆਖਕੇ ਕੋਲੋਂ ਹੀ ਨੱਸ ਜਾਂਦੀ ਹੈ ॥੩॥

**ਕਹਿ ਰਵਿਦਾਸ ਸਭੈ ਜਗੁ ਲੂਟਿਆ ॥ ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥੩॥**

ਰਵਿਦਾਸ ਜੀ ਆਖਦੇ ਹਨ, ਮੌਤ ਨੇ ਸਾਰੇ ਜਗਤ ਨੂੰ ਲੁਟ ਲਿਆ ਹੈ। ਮੈਂ ਤਾਂ ਇਕ ਰਾਮ ਦਾ ਨਾਮ ਜਪਕੇ (ਮੌਤ ਕੋਲੋਂ) ਛੁੱਟ ਗਿਆ ਹਾਂ ॥੪॥੩॥

***ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ॥***

**ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ ਬਾਵਲਿ ਹੋਈ ਸੋ ਸਹੁ ਲੋਰਉ ॥**

ਤਪ ਕਰਕੇ (ਤੇ ਪਿੰਡਾ) ਲੂਹ ਲੂਹ ਕੇ ਹੱਥ ਮਰੋੜਦੀ ਹਾਂ। ਪਾਗਲ ਹੋਈ ਹੋਈ ਉਸ ਪਤੀ ਨੂੰ ਲੱਭਦੀ ਹਾਂ।

**ਤੈ ਸਹਿ ਮਨ ਮਹਿ ਕੀਆ ਰੋਸੁ ॥ ਮੁਝੁ ਅਵਗਨ ਸਹ ਨਾਹੀ ਦੋਸੁ ॥੧॥**

ਹੇ ਪਤੀ! ਤੂੰ ਮਨ ਵਿਚ ਗੁੱਸਾ ਕਰ ਲਿਆ ਹੈ ? ਸਾਰੇ ਔਗੁਣ ਮੇਰੇ ਹਨ, ਪਤੀ ਦਾ ਕੋਈ ਦੋਸ਼ ਨਹੀਂ ਹੈ ॥੧॥

**ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥ ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥**

(ਜਵਾਨੀ ਵੇਲੇ) ਉਸ ਮਾਲਕ ਦੀ ਮੈਂ ਸੁਰਤ ਹੀ ਨਾ ਕੀਤੀ। ਜੁਆਨੀ ਗੁਆ ਕੇ ਮਗਰੋਂ ਪਛਤਾਉਂਦੀ

Sri Satguru Jagjit Singh Ji eLibrary NamdhariElibrary@gmail.com

ਹਾਂ ॥੧॥ ਰਹਾਉ ॥

**ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥**

ਹੇ ਕਾਲੀ ਕੋਇਲੇ! ਤੂੰ ਕਿਸ ਗੁਣ ਕਰਕੇ ਕਾਲੀ ਹੈਂ ? (ਉੱਤਰ) ਮੈਂ ਆਪਣੇ ਪਿਆਰੇ ਦੇ ਵਿਛੋੜੇ (ਦੀ ਅੱਗ ਵਿਚ) ਸੜੀ ਹੋਈ (ਹੋਣ ਕਰਕੇ ਕਾਲੀ ਹਾਂ)।

**ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥ ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥**

ਪਤੀ ਤੋਂ ਹੀਨੀ ਇਸਤ੍ਰੀ ਕਿਥੇ ਸੁਖ ਪਾਏਗੀ ? ਜਦੋਂ ਪ੍ਰਭੂ ਜੀ ਕ੍ਰਿਪਾਲ ਹੋਣਗੇ ਤਾਂ (ਮੈਨੂੰ ਆਪਣੇ ਨਾਲ) ਮਿਲਾ ਲੈਣਗੇ ॥੨॥

**ਵਿਧਣ ਖੂਹੀ ਮੁੰਧ ਇਕੇਲੀ ॥ ਨਾ ਕੋ ਸਾਥੀ ਨਾ ਕੋ ਬੇਲੀ ॥**

ਦੁਖਾਂ ਦੀ ਖੂਹੀ ਵਿਚ (ਮੈਂ) ਤੀਵੀਂ 'ਕੱਲੀ (ਫਸੀ ਹੋਈ ਹਾਂ) ਨਾ ਕੋਈ (ਮੇਰਾ) ਸਾਥੀ ਹੈ, ਅਤੇ ਨਾ ਹੀ ਕੋਈ ਮਿੱਤਰ ਹੈ।

**ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥ ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥**

ਪ੍ਰਭੂ ਨੇ ਕਿਰਪਾ ਕਰਕੇ ਸਾਧ ਸੰਗ ਨਾਲ ਮੇਲ ਦਿੱਤਾ। ਜਦ ਫੇਰ ਵੇਖਿਆ ਤਾਂ ਮੇਰਾ ਸਾਥੀ ਆਪ ਅੱਲਾ ਖੜਾ ਹੈ ॥੩॥

**ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥**

ਸਾਡਾ ਰਸਤਾ ਬਹੁਤ ਦਿਲ ਡਰਾਉਣ ਵਾਲਾ ਹੈ। ਖੰਡੇ ਨਾਲੋਂ ਤਿੱਖਾ ਤੇ ਬਹੁਤ ਬ੍ਰੀਕ ਹੈ।

**ਉਸੁ ਊਪਰਿ ਹੈ ਮਾਰਗੁ ਮੇਰਾ ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥੪॥੧॥**

ਉਸ ਰਸਤੇ ਉਪਰ ਅਸਾਂ ਜਾਣਾ ਹੈ, ਸ਼ੇਖ ਫਰੀਦ (ਜੀ ਆਖਦੇ ਹਨ) ਪਹਿਲੋਂ (ਹੀ ਉਸ) ਰਸਤੇ ਨੂੰ ਯਾਦ ਰੱਖੋ ॥੪॥੧॥

**ਸੂਹੀ ਲਲਿਤ ॥ ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥**

(ਜਦੋਂ) ਬੰਨਣ ਦਾ ਵੇਲਾ (ਸੀ, ਓਦੋਂ ਤਾਂ) ਬੇੜਾ ਬੰਨ੍ਹ ਨਹੀਂ ਸਕਿਆ।

**ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥**

ਜਦੋਂ ਸਮੁੰਦਰ ਭਰਕੇ ਉਛਲ ਪਵੇਗਾ ਓਦੋਂ ਤਰਣਾ ਔਖਾ ਹੋਵੇਗਾ (ਭਾਵ ਬੁਢੇਪੇ ਵੇਲੇ ਸੰਸਾਰ ਤੋਂ ਤਰਣ ਦਾ ਉਪਾਉ ਨਹੀਂ ਹੋ ਸਕਣਾ) ॥੧॥

**ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ ਰਹਾਉ ॥**

ਹੇ ਪਿਆਰੇ! (ਮਾਇਆ ਰੂਪ) [ਕਸੁੰਭੜੈ] ਅੱਗ ਨੂੰ ਹੱਥ ਨਾ ਲਾ, ਸੜ ਜਾਏਂਗਾ ॥੧॥ ਰਹਾਉ ॥

**ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ ॥**

ਇਕਨਾਂ ਨੇ ਪਤੀ ਦੇ ਬਚਨ (ਮੰਨ ਕੇ) ਆਪਣੀ ਪੱਤ (ਰੱਖ) ਲਈ ਹੈ।

**ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥੨॥**

(ਜਿਵੇਂ) ਥਣਾਂ ਵਿਚੋਂ ਨਿਕਲ ਚੁੱਕਾ ਦੁੱਧ (ਮੁੜ ਕੇ ਥਣਾਂ ਵਿਚ) ਨਹੀਂ ਆਉਂਦਾ (ਇਵੇਂ ਹੀ ਮਨੁੱਖ ਜਨਮ ਦਾ) ਮੇਲ ਫੇਰ ਨਹੀਂ ਹੋਣਾ ॥੨॥

**ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥**

**ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥੩॥੨॥**

ਕਬੀਰ ਜੀ ਆਖਦੇ ਹਨ, ਹੇ ਸਜਣੋ ! (ਜਦੋਂ) ਪਤੀ ਸੱਦੇਗਾ। (ਓਦੋਂ) ਜੀਵ ਉਦਾਸ (ਹੋ ਕੇ) ਟੁਰ ਪਵੇਗਾ ਤੇ ਇਹ ਸਰੀਰ ਮਿੱਟੀ ਦੀ ਢੇਰੀ ਹੋ ਜਾਵੇਗਾ ॥੩॥੨॥

## ਰਾਗੁ ਬਿਲਾਵਲੁ (ਅੰਗ ੮੫੫-੫੮)

**ਬਿਲਾਵਲੁ ਬਾਣੀ ਭਗਤਾ ਕੀ ॥ ਕਬੀਰ ਜੀਉ ਕੀ**

**ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥**

**ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ ॥**

ਹੇ ਭਾਈ ! ਇਹ ਸੰਸਾਰ ਅਜੇਹਾ ਦਿੱਸਦਾ ਹੈ, ਜਿਸ ਵਿਚ ਕੋਈ ਰਹਿਣਾ ਨਹੀਂ ਪਏਗਾ।

**ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ ॥੧॥ ਰਹਾਉ ॥**

ਹੇ ਭਾਈ ! ਸਿਧੇ (ਹੋ ਕੇ) ਸਿਧੇ ਰਸਤੇ ਤੁਸੀਂ ਚਲੋ, ਨਹੀਂ (ਤਾਂ ਜਮ) ਪੁੱਠਾ ਧੱਕਾ ਦੇਵੇਗਾ ॥੧॥ ਰਹਾਉ ॥

**ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ ॥**

ਹੇ ਭਾਈ ! (ਜੋ) ਬਾਲ ਬੁਢੇ (ਜਾਂ) ਜਵਾਨ ਹਨ, ਸਾਰਿਆਂ ਨੂੰ ਜਮ ਲੈ ਜਾਵੇਗਾ।

**ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ ॥੧॥**

ਹੇ ਭਾਈ ! ਮਨੁੱਖ ਵਿਚਾਰਾ ਤਾਂ [ਮੂਸਾ] ਚੂਹਾ ਬਣਿਆ ਹੋਇਆ ਹੈ, ਇਸ ਨੂੰ ਮੌਤ ਬਿੱਲੀ ਖਾ ਲਵੇਗੀ ॥੧॥

**ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ ॥**

(ਭਾਵੇਂ) ਧਨ ਵਾਲਾ [ਮਨਈ] ਮਨੁੱਖ (ਹੋਵੇ ਜਾਂ) ਕੰਗਾਲ, ਉਸ (ਕਾਲ) ਨੂੰ (ਕਿਸੇ ਦੀ ਭੀ) ਕੁਝ ਪ੍ਰਵਾਹ ਨਹੀਂ ਹੈ।

**ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥੨॥**

ਹੇ ਭਾਈ ! ਕਾਲ ਅਜੇਹਾ ਬਲਵਾਨ ਹੈ, ਜੋ ਰਾਜਾ ਤੇ ਪਰਜਾ ਨੂੰ ਇਕ ਸਮਾਨ ਜਾਣਕੇ ਮਾਰਦਾ ਹੈ ॥੨॥

**ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥**

ਹੇ ਭਾਈ ! ਜੋ ਹਰੀ ਦੇ ਸੇਵਕ ਹਰੀ ਨੂੰ ਚੰਗੇ ਲਗੇ ਹਨ, ਉਨ੍ਹਾਂ ਦੀ ਕਥਾ ਵੱਖਰੀ ਹੈ।

**ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥੩॥**

(ਉਹ) ਆਉਂਦੇ ਜਾਂਦੇ ਨਹੀਂ ਤੇ ਨਾ ਕਦੇ ਮਰਦੇ ਹਨ, ਪਾਰਬ੍ਰਹਮ ਦੇ ਨਾਲ ਮਿਲ ਜਾਂਦੇ ਹਨ॥੩॥

**ਪੁਤ੍ਰ ਕਲਤ੍ਰ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ ॥**

ਹੇ [ਜਾਨੀ] ਪਿਆਰੇ! ਇਸਤਰੀ, ਪੁੱਤਰ ਤੇ ਧਨ ਦੌਲਤ ਵਿਚੋਂ ਇਨ੍ਹਾਂ ਦਾ ਮੋਹ ਛੱਡ ਦੇਵੋ।

**ਕਹਤ ਕਬੀਰੁ ਸੁਨਹੁ ਰੇ ਸੰਤਹੁ ਮਿਲਿਹੈ ਸਾਰਿਗਪਾਨੀ ਰੇ ॥੪॥੧॥**

ਕਬੀਰ ਜੀ ਆਖਦੇ ਹਨ, ਹੇ ਸੰਤੋ! ਸੁਣੋ, (ਤਦ) ਵਾਹਿਗੁਰੂ ਮਿਲ ਪਵੇਗਾ ॥੪॥੧॥

**ਬਿਲਾਵਲੁ ॥ ਬਿਦਿਆ ਨ ਪਰਉ ਬਾਦੁ ਨਹੀ ਜਾਨਉ ॥**
**ਹਰਿ ਗੁਨ ਕਥਤ ਸੁਨਤ ਬਉਰਾਨੋ ॥੧॥**

ਨਾ ਵਿਦਿਆ ਪੜ੍ਹਦਾ ਹਾਂ, ਨਾ ਝਗੜੇ ਕਰਨੇ ਜਾਣਦਾ ਹਾਂ। ਹਰੀ ਦੇ ਗੁਣ ਕਹਿੰਦਾ ਤੇ ਸੁਣਦਾ ਹੋਇਆ ਬੌਰਾ ਹੋ ਗਿਆ ਹਾਂ ॥੧॥

**ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ ॥**

ਹੇ ਮੇਰੇ ਬਾਬਾ! ਮੈਂ ਬੌਰਾ ਹਾਂ ਸਾਰੀ ਖਲਕਤ ਸਿਆਣੀ ਹੈ, (ਇਕ) ਮੈਂ ਹੀ ਬੌਰਾ ਹਾਂ।

**ਮੈ ਬਿਗਰਿਓ ਬਿਗਰੈ ਮਤਿ ਅਉਰਾ ॥੧॥ ਰਹਾਉ ॥**

ਮੈਂ ਤਾਂ ਵਿਗੜ ਗਿਆ ਹਾਂ, (ਮੇਰੇ ਮਗਰ ਲੱਗ ਕੇ) ਹੋਰ ਕੋਈ ਵਿਗੜ ਨ ਜਾਵੇ ॥੧॥ ਰਹਾਉ ॥

**ਆਪਿ ਨ ਬਉਰਾ ਰਾਮ ਕੀਓ ਬਉਰਾ ॥ ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ ॥੨॥**

(ਮੈਂ) ਆਪ ਬੌਰਾ ਨਹੀਂ (ਹੋਇਆ, ਮੈਨੂੰ) ਰਾਮ ਨੇ ਬੌਰਾ ਕੀਤਾ ਹੈ। ਸਤਿਗੁਰੂ ਨੇ ਮੇਰਾ ਭਰਮ ਹੀ ਸਾੜ ਦਿੱਤਾ ਹੈ। (ਏਹੋ ਮੇਰੇ ਵਿਚ ਬੌਰਾਪਨ ਹੈ) ॥੨॥

**ਮੈ ਬਿਗਰੇ ਅਪਨੀ ਮਤਿ ਖੋਈ ॥ ਮੇਰੇ ਭਰਮਿ ਭੂਲਉ ਮਤਿ ਕੋਈ ॥੩॥**

ਮੈਂ ਵਿਗੜ ਕੇ ਆਪਣੀ ਅਕਲ ਗਵਾਈ ਹੈ। ਮੇਰੇ ਭਰਮ ਵਿਚ ਕੋਈ ਭੀ ਨਾ ਭੁੱਲੋ ॥੩॥

**ਸੋ ਬਉਰਾ ਜੋ ਆਪੁ ਨ ਪਛਾਨੈ ॥ ਆਪੁ ਪਛਾਨੈ ਤ ਏਕੈ ਜਾਨੈ ॥੪॥**

ਉਹ ਬੌਰਾ ਹੈ ਜੋ ਆਪਣੇ (ਸਰੂਪ ਨੂੰ) ਨਹੀਂ ਪਛਾਨਦਾ (ਜੋ) ਆਪਣੇ (ਸਰੂਪ ਨੂੰ) ਪਛਾਣੇਗਾ (ਉਹ ਤਾਂ ਸਾਰਿਆਂ ਨੂੰ) ਇਕ (ਰੂਪ ਕਰਕੇ) ਜਾਣੇਗਾ ॥੪॥

**ਅਬਹਿ ਨ ਮਾਤਾ ਸੁ ਕਬਹੁ ਨ ਮਾਤਾ ॥ ਕਹਿ ਕਬੀਰ ਰਾਮੈ ਰੰਗਿ ਰਾਤਾ ॥੫॥੨॥**

ਕਬੀਰ ਜੀ ਆਖਦੇ ਹਨ (ਅਨ੍ਹੈ) ਜੋ ਹੁਣ ਰਾਮ ਦੇ ਪ੍ਰੇਮ ਵਿਚ ਲਗ ਕੇ ਮਸਤ ਨਹੀਂ ਹੋਇਆ, ਉਹ ਕਦੇ ਭੀ ਮਸਤ ਨਹੀਂ ਹੋਵੇਗਾ ॥੫॥੨॥

**ਬਿਲਾਵਲੁ ॥ ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥**
**ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥੧॥**

ਘਰ ਨੂੰ ਛੱਡ ਕੇ ਜੰਗਲ ਵਿਚ ਚਲੇ ਜਾਈਏ ਤੇ ਕੰਦ (ਮੂਲ) ਚੁਣਕੇ ਖਾਈਏ। ਤਦ ਭੀ ਪਾਪੀ ਦਾ ਮੰਦਾ ਮਨ ਵਿਕਾਰ ਨਹੀਂ ਛੱਡਦਾ ॥੧॥

**ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥**
**ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਾਰੀ ॥੧॥ ਰਹਾਉ ॥**

ਕਿਵੇਂ (ਜਮਾਂ ਤੋਂ) ਛੁਟਾਂਗਾ ? ਕਿਵੇਂ (ਸੰਸਾਰ ਤੇ) ਤਰਾਂਗਾ ? ਸੰਸਾਰ ਵਡਾ ਸਮੁੰਦਰ ਹੈ। ਹੇ ਮੇਰੇ ਵਾਹਿਗੁਰੂ ! ਰਖ ਲੈ! ਰਖ ਲੈ! ਦਾਸ ਤੇਰੀ ਸ਼ਰਨੀ (ਪਿਆ ਹੈ) ॥੧॥ ਰਹਾਉ ॥

**ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥**
**ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ ॥੨॥**

ਜ਼ਹਿਰ ਰੂਪ ਵਿਸ਼ਿਆਂ ਦੀ ਵਾਸ਼ਨਾ ਛੱਡੀ ਨਹੀਂ ਜਾਂਦੀ। ਅਨੇਕਾਂ ਉਪਾਓ ਕਰਕੇ (ਮਨ ਨੂੰ ਉਨ੍ਹਾਂ ਵਲੋਂ) ਰੋਕ ਰਖੀਦਾ ਹੈ, (ਪਰ ਮਨ) ਮੁੜ ਮੁੜ ਕੇ (ਉਨ੍ਹਾਂ ਵਿਚ ਹੀ) ਫਸਦਾ ਹੈ ॥੨॥

**ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥**
**ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ ॥੩॥**

ਜੁਆਨੀ, ਬੁਢੇਪਾ ਤੇ ਜੀਊਣਾ ਬੀਤ ਗਿਆ, ਕੁਝ (ਭੀ) [ਨੀਕਾ] ਚੰਗਾ (ਕੰਮ) ਨਹੀਂ ਕੀਤਾ। ਏਹ ਜੀਊੜਾ ਅਮੋਲਕ (ਸੀ, ਜੋ) [ਕਉਡੀ] ਮਾਇਆ (ਮਗਰ) ਲਗ ਕੇ (ਮਿੱਟੀ ਨਾਲ) [ਮੀਕਾ] ਮਿਲ ਗਿਆ ਹੈ ॥੩॥

**ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ ॥**
**ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ ॥੪॥੩॥**

ਕਬੀਰ ਜੀ ਆਖਦੇ ਹਨ, ਹੇ ਮੇਰੇ ਮਾਧੋ ! ਤੂੰ ਸਾਰਿਆਂ ਵਿਚ ਵਿਆਪਕ ਹੈਂ। ਤੇਰੇ ਸਮਾਨ ਦਿਆਲੂ, ਅਤੇ ਮੇਰੇ ਸਮਾਨ (ਕੋਈ) ਪਾਪੀ ਨਹੀਂ ਹੈ ॥੪॥੩॥

**ਬਿਲਾਵਲੁ ॥**

ਉਥਾਨਕਾ—ਕਬੀਰ ਜੀ ਨੂੰ ਭਜਨ ਵਿਚ ਲੱਗਿਆਂ ਵੇਖ ਕੇ, ਉਨ੍ਹਾਂ ਦੀ ਮਾਈ ਭਗਤ ਜੀ ਉਪਰ ਰੋਸ ਪ੍ਰਗਟ ਕਰਦੀ ਹੋਈ, ਦਿਰਾਨੀ ਜਿਠਾਨੀ ਅੱਗੇ ਝੋਰੇ ਝੁਰਦੀ ਹੈ। ਪਹਿਲੇ ਅੰਕ ਵਿਚ ਮਾਈ ਜੀ ਦੇ ਕਥਨ ਦਾ ਅਨੁਵਾਦ ਹੈ, ਅਗਲੀਆਂ ਤੁਕਾਂ ਵਿਚ ਭਗਤ ਜੀ ਦਾ ਉਪਦੇਸ਼ ਹੈ—

**ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ ॥**

ਰੋਜ਼ ਉਠਦਿਆਂ ਹੀ ਕੋਰੀ ਘੜੀ (ਪਾਣੀ ਦੀ ਭਰ) ਲਿਆਉਂਦਾ ਹੈ, (ਅਤੇ ਜਗ੍ਹਾ ਦੇ) ਲਿੰਬਨ ਪੋਚਨ ਵਿਚ ਹੀ ਇਸ ਦਾ ਜੀ (ਲੱਗ) ਗਿਆ ਹੈ।

**ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ ॥੧॥**

ਤਾਨਾ ਬਾਨਾ (ਇਸ ਨੂੰ) ਕੁਝ ਸੁਝਦਾ ਨਹੀਂ, ਹਰਿ ਹਰਿ (ਨਾਮ ਜਪਨ ਦੇ) ਪ੍ਰੇਮ ਵਿਚ ਹੀ ਉਲਝ ਗਿਆ

Sri Satguru Jagjit Singh Ji eLibrary NamdhariElibrary@gmail.com

ਹੈ ॥੧॥

**ਹਮਾਰੇ ਕੁਲ ਕਉਨੇ ਰਾਮੁ ਕਹਿਓ ॥**

**ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ ॥੧॥ ਰਹਾਉ ॥**

ਸਾਡੀ ਕੁਲ (ਵਿਚ ਅੱਗੇ) ਕਿਸ ਨੇ ਰਾਮ (ਦਾ ਨਾਂ) ਜਪਿਆ ਹੈ ? ਜਦ ਤੋਂ (ਇਸ) ਔਤਰੇ (ਕਬੀਰ) ਨੇ ਮਾਲਾ ਫੜ ਲਈ ਹੈ, ਉਸ ਦਿਨ ਤੋਂ (ਲੈ ਕੇ ਅੱਜ ਤੱਕ) ਸੁਖ ਹੋਇਆ ਹੀ ਨਹੀਂ ॥੧॥ ਰਹਾਉ ॥

**ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ ॥**

ਹੇ ਜਿਠਾਣੀ! ਸੁਣ, ਹੇ ਦਿਰਾਨੀ! (ਤੂੰ ਭੀ) ਸੁਣ, ਇਕ ਅਸਚਰਜ ਤਾਂ ਏਹ ਹੋਇਆ ਹੈ।

**ਸਾਤ ਸੂਤ ਇਨਿ ਮੁਡੀਂਏ ਖੋਏ ਇਹੁ ਮੁਡੀਆ ਕਿਉ ਨ ਮੁਇਓ ॥੨॥**

ਇਸ ਮੁੰਡੇ ਨੇ ਸੱਤਾਂ ਕੁਲਾਂ ਦੀ ਮਰਯਾਦਾ ਹੀ ਗਵਾ ਦਿਤੀ ਹੈ, ਇਹ ਮੁੰਡਾ ਮਰ ਕਿਉਂ ਨਾ ਗਿਆ ? ॥੨॥

**ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ ॥**

(ਕਬੀਰ ਜੀ ਨੇ ਕਿਹਾ—ਹੇ ਮਾਂ! ਜੋ) ਸਾਰੇ ਸਖਾਂ ਦਾ (ਸਮੁੰਦਰ) ਇਕ ਹਰੀ ਮਾਲਕ ਹੈ, ਉਸ ਦਾ ਨਾਮ (ਮੈਨੂੰ) ਗੁਰਾਂ ਨੇ ਦਿਤਾ ਹੈ।

**ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ ॥੩॥**

ਜਿਸ (ਹਰੀ ਨੇ) ਪ੍ਰਹਿਲਾਦ ਸੰਤ ਦੀ ਪੈਜ ਰਖੀ ਸੀ ਅਤੇ ਹਰਨਾਖਸ਼ ਨੂੰ ਨੌਹਾਂ ਨਾਲ ਪਾੜ ਦਿਤਾ ਸੀ ॥੩॥

**ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ ॥**

ਘਰ ਦੇ ਦੇਵਤੇ (ਸੰਡੇ ਅਮਰਕੇ ਤੇ) ਪਿਉ ਦੀ (ਸਿਖਿਆ ਉਸ ਪ੍ਰਹਿਲਾਦ ਨੇ ਭੀ) ਛੱਡ ਦਿੱਤੀ ਸੀ, ਅਤੇ ਗੁਰਾਂ ਦਾ ਉਪਦੇਸ਼ (ਪੱਲੇ ਬੰਨ੍ਹ) ਲਿਆ ਸੀ।

**ਕਹਤ ਕਬੀਰੁ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ ॥੪॥੪॥**

ਕਬੀਰ ਜੀ ਆਖਦੇ ਹਨ, ਜੋ ਸਾਰੇ ਪਾਪ ਨਾਸ ਕਰਨ ਵਾਲਾ (ਵਾਹਿਗੁਰੂ ਹੈ, ਉਸ ਨੇ ਪ੍ਰਹਿਲਾਦ) ਸੰਤ ਨੂੰ ਤਾਰ ਲਿਆ ਸੀ, (ਮੈਂ ਭੀ ਘਰ ਬਾਰ ਦੀ ਸਿਖਿਆ ਛੱਡ ਕੇ ਉਸ ਹਰੀ ਦਾ ਨਾਮ ਜਪਦਾ ਹਾਂ) ॥੪॥੪॥

**ਬਿਲਾਵਲੁ ॥ ਕੋਊ ਹਰਿ ਸਮਾਨਿ ਨਹੀ ਰਾਜਾ ॥**

**ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥੧॥ ਰਹਾਉ ॥**

ਹਰੀ ਦੇ ਬਰਾਬਰ ਹੋਰ ਕੋਈ ਰਾਜਾ ਨਹੀਂ। ਇਹ ਸਾਰੇ ਰਾਜੇ ਚਾਰ ਦਿਨ ਦੇ (ਪ੍ਰਾਹੁਣੇ ਹਨ) ਅਤੇ [ਦਿਵਾਜਾ] ਲੋਕ ਦਿਖਾਵੇ ਦੇ ਝੂਠੇ ਕੰਮ ਕਰਦੇ ਹਨ ॥੧॥ ਰਹਾਉ ॥

**ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ ॥**

(ਹੇ ਹਰੀ ! ਜੋ) ਤੇਰਾ ਦਾਸ ਹੋਇਆ ਹੈ, ਉਹ ਕਾਹਨੂੰ ਡੋਲਦਾ ਹੈ ? ਤਿੰਨਾਂ ਲੋਕਾਂ ਵਿਚ ਉਸ ਦਾ ਜਸ ਹੁੰਦਾ ਹੈ।

**ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ ॥੧॥**

ਦਾਸ ਉਤੇ ਕੌਣ ਹੱਥ ਚੁੱਕ ਸਕਦਾ ਹੈ ? (ਦਾਸ ਦੇ ਤਾਂ ਕੋਈ) ਸਾਹਮਣੇ ਹੀ ਨਹੀਂ ਬੋਲ ਸਕਦਾ ॥੧॥

**ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ ॥**

ਹੇ ਮੇਰੇ ਗਾਫਲ ਤੇ ਮੂਰਖ ਮਨ ! (ਵਾਹਿਗੁਰੂ ਨੂੰ) ਯਾਦ ਕਰ, (ਤਾਂ ਕਿ) ਅਨਾਹਦ ਵਾਜਾ ਵੱਜ ਪਵੇ।

**ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ ॥੨॥੫॥**

ਕਬੀਰ ਜੀ ਆਖਦੇ ਹਨ, (ਮੇਰਾ) ਸੰਸਾ ਤੇ ਭਰਮ ਮਿਟ ਗਿਆ ਹੈ, ਕਿਉਂਕਿ ਜਿਸ ਨੇ ਧਰੂ ਪ੍ਰਹਿਲਾਦ ਨੂੰ ਵਡਿਆਇਆ ਹੈ, (ਮੇਰੀ ਭੀ ਓਹੀ ਪੈਜ ਰਖੇਗਾ) ॥੨॥੫॥

**ਬਿਲਾਵਲੁ ॥ ਰਾਖਿ ਲੇਹੁ ਹਮ ਤੇ ਬਿਗਰੀ ॥**

**ਸੀਲੁ ਧਰਮੁ ਜਪੁ ਭਗਤਿ ਨ ਕੀਨੀ ਹਉ ਅਭਿਮਾਨ ਟੇਢ ਪਗਰੀ ॥੧॥ ਰਹਾਉ ॥**

(ਹੇ ਵਾਹਿਗੁਰੂ !) ਰੱਖ ਲੈ, ਮੈਥੋਂ ਵਿਗੜ ਗਈ ਹੈ। ਸੀਲ, ਧਰਮ, ਜਪ ਤੇ ਭਗਤੀ ਮੈਂ (ਕੋਈ) ਨਹੀਂ ਕੀਤੀ, ਮੈਂ ਟੇਢੀ ਪੱਗ ਵਾਲਾ ਹੰਕਾਰੀ ਹਾਂ ॥੧॥ ਰਹਾਉ ॥

**ਅਮਰ ਜਾਨਿ ਸੰਚੀ ਇਹ ਕਾਇਆ ਇਹ ਮਿਥਿਆ ਕਾਚੀ ਗਗਰੀ ॥**

(ਮੈਂ) ਅਮਰ ਜਾਣ ਕੇ ਇਸ ਦੇਹ ਨੂੰ ਪਾਲਦਾ ਰਿਹਾ ਹਾਂ, ਪਰ ਇਹ ਤਾਂ ਕੱਚੀ ਘੜੀ ਵਾਂਗੂੰ ਨਾਸ ਹੋ ਜਾਣ ਵਾਲੀ ਹੈ।

**ਜਿਨਹਿ ਨਿਵਾਜਿ ਸਾਜਿ ਹਮ ਕੀਏ ਤਿਸਹਿ ਬਿਸਾਰਿ ਅਵਰ ਲਗਰੀ ॥੧॥**

ਜਿਸ ਨੇ ਸਾਨੂੰ [ਸਾਜਿ] ਪੈਦਾ ਕਰਕੇ [ਨਿਵਾਜਿ] ਵਡਿਆਈ ਦਿਤੀ ਹੈ ਅਸੀਂ ਉਸ (ਨਿਰੰਕਾਰ) ਨੂੰ ਭੁੱਲਕੇ ਹੋਰਨਾਂ ਨਾਲ ਪਿਆਰ ਕਰਦੇ ਹਾਂ ॥੧॥

**ਸੰਧਿਕ ਤੋਹਿ ਸਾਧ ਨਹੀ ਕਹੀਅਉ ਸਰਨਿ ਪਰੇ ਤੁਮਰੀ ਪਗਰੀ ॥**

(ਅਸੀਂ) ਤੇਰੇ [ਸੰਧਿਕ] ਚੋਰ ਹਾਂ, ਸੰਤ ਨਹੀਂ ਕਹਾ ਕਰਦੇ, (ਪਰ ਹੁਣ) ਤੇਰੇ (ਪਗ × ਰੀ) ਚਰਨਾਂ ਦੀ ਸ਼ਰਣ ਪਏ ਹਾਂ।

**ਕਹਿ ਕਬੀਰ ਇਹ ਬਿਨਤੀ ਸੁਨੀਅਹੁ ਮਤ ਘਾਲਹੁ ਜਮ ਕੀ ਖਬਰੀ ॥੨॥੬॥**

ਕਬੀਰ ਜੀ ਆਖਦੇ ਹਨ, (ਮੇਰੀ) ਏਹ ਬੇਨਤੀ ਸੁਣੋ, (ਜੋ ਮੇਰੇ ਗਲ ਹੁਣ) ਜਮਾਂ ਦੀ [ਖਬਰੀ] ਫਾਹੀ ਨਾ [ਘਾਲਹੁ] ਪਾਉਣੀ ॥੨॥੬॥

**ਬਿਲਾਵਲੁ ॥ ਦਰਮਾਦੇ ਠਾਢੇ ਦਰਬਾਰਿ ॥**

**ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ ਰਹਾਉ ॥**

Sri Satguru Jagjit Singh Ji eLibrary NamdhariElibrary@gmail.com

ਮੈਂ [ਦਰਮਾਦੇ] ਨਿਮਾਣਾ, ਗਰੀਬ (ਆਪ ਦੇ) ਦਰਬਾਰ (ਅੱਗੇ ਖੜਾ ਹਾਂ, ਤੈਥੋਂ ਬਿਨਾਂ ਮੇਰੀ ਕੌਣ ਸੰਭਾਲ ਕਰੇਗਾ, [ਕਿਵਾਰ] ਬੂਹਾ ਖੋਲ੍ਹ ਕੇ ਮੈਨੂੰ ਦਰਸ਼ਨ ਦੇਵੋ ॥੧॥ ਰਹਾਉ ॥

**ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ੍ ਸੁਨੀਅਤੁ ਸੁਜਸੁ ਤੁਮ੍ਾਰ ॥**

ਤੂੰ ਧਨ ਦਾ ਮਾਲਕ ਵੱਡਾ ਧਨਵਾਨ ਹੈ, [ਉਦਾਰ] ਖੁਲ੍ਹੇ ਦਿਲ ਵਾਲਾ ਦਾਤਾ ਹੈਂ। (ਇਸ ਤਰ੍ਹਾਂ ਦਾ) ਤੇਰਾ ਸੁੰਦਰ ਜਸ (ਮੈਂ ਆਪਣੇ) ਕੰਨੀਂ ਸੁਣਿਆ ਹੈ।

**ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ ਹੀ ਤੇ ਮੇਰੋ ਨਿਸਤਾਰੁ ॥੧॥**

ਕਿਸ ਕੋਲੋਂ ਮੰਗਾਂ ? (ਹੋਰ) ਸਾਰੇ (ਤਾਂ ਮੈਨੂੰ) ਕੰਗਾਲ ਹੀ ਦਿਸਦੇ ਹਨ, ਤੈਥੋਂ ਹੀ ਪਾਰ ਉਤਾਰਾ (ਹੋਣਾ) ਹੈ ॥੧॥

**ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥**

ਜੈ ਦੇਵ ਜੀ, ਨਾਮਦੇਵ ਜੀ ਤੇ ਬ੍ਰਾਹਮਣ ਸੁਦਾਮਾ, ਇਨ੍ਹਾਂ ਉਤੇ (ਆਪਦੀ) ਵਡੀ ਕ੍ਰਿਪਾ ਹੋਈ ਹੈ।

**ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ ॥੨॥੭॥**

ਕਬੀਰ ਜੀ ਆਖਦੇ ਹਨ, ਤੁਸੀਂ (ਐਨੀ) ਸਮਰਥਾ ਵਾਲੇ ਦਾਤੇ ਹੋ, ਜੋ ਚਾਰ ਪਦਾਰਥ ਦੇਂਦਿਆਂ ਦੇਰ ਨਹੀਂ (ਕਰਦੇ) ॥੨॥੭॥

**ਬਿਲਾਵਲੁ ॥**

SIKHBOOKCLUB.COM

*ਉਥਾਨਕਾ*—ਇਕ ਭੇਖਧਾਰੀ ਜੋਗੀ ਨੂੰ ਉਪਦੇਸ਼ ਦੇਂਦੇ ਹਨ—

**ਡੰਡਾ ਮੁੰਦ੍ਰਾ ਖਿੰਥਾ ਆਧਾਰੀ ॥ ਭ੍ਰਮ ਕੈ ਭਾਇ ਭਵੈ ਭੇਖਧਾਰੀ ॥੧॥**

ਡੰਡਾ, ਮੁੰਦਰਾ, ਗੋਦੜੀ ਤੇ [ਆਧਾਰੀ] ਝੋਲੀ ਲੈ ਕੇ ਭਰਮ ਦੇ ਵਸ ਹੋ ਕੇ ਭੇਖ ਧਾਰ ਕੇ ਫਿਰਦਾ ਹੈ ॥੧॥

**ਆਸਨੁ ਪਵਨ ਦੂਰਿ ਕਰਿ ਬਵਰੇ ॥ ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥੧॥ ਰਹਾਉ ॥**

ਹੇ ਬੌਰੇ! ਆਸਨ (ਲਾਉਣੇ) ਤੇ [ਪਵਨ] ਪ੍ਰਾਣਾਯਾਮ (ਕਰਨਾ) ਛੱਡ ਦੇਹ। ਹੇ ਬੌਰੇ! ਕਪਟ ਨੂੰ ਛੱਡ ਕੇ ਸਦਾ ਹੀ ਹਰੀ ਦਾ ਭਜਨ ਕਰ ॥੧॥ ਰਹਾਉ ॥

**ਜਿਹ ਤੂ ਜਾਚਹਿ ਸੋ ਤ੍ਰਿਭਵਨ ਭੋਗੀ ॥ ਕਹਿ ਕਬੀਰ ਕੇਸੌ ਜਗਿ ਜੋਗੀ ॥੨॥੮॥**

ਜਿਸ (ਮਾਇਆ) ਨੂੰ ਤੂੰ ਮੰਗਦਾ ਹੈਂ, ਉਹ ਤਿੰਨਾਂ ਲੋਕਾਂ ਦੀ ਭੋਗੀ (ਹੋਈ ਹੈ)। ਕਬੀਰ ਜੀ ਆਖਦੇ ਹਨ, ਹੇ ਜੋਗੀ! ਜਗਤ (ਸਮੁੰਦਰ ਤੋਂ ਤਰਨ ਲਈ) [ਕੇਸੌ] ਵਾਹਿਗੁਰੂ (ਦਾ ਹੀ ਨਾਮ ਜਪ ਲੈ) ॥੨॥੮॥

**ਬਿਲਾਵਲੁ ॥ ਇਨਿ੍ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥**

ਹੇ ਜਗਤ ਦੇ ਈਸ਼ਵਰ (ਮੇਰੇ) ਮਾਲਕ! ਇਸ ਮਾਇਆ ਨੇ (ਮੇਰੇ ਮਨੋਂ) ਤੇਰੇ ਚਰਨਾਂ (ਦਾ ਪ੍ਰੇਮ) ਭੁਲਾ ਦਿੱਤਾ ਹੈ।

**ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥੧॥ ਰਹਾਉ ॥**

ਦਾਸ ਨੂੰ ਰਤਾ ਜਿੰਨੀ ਪ੍ਰੀਤ (ਭੀ ਆਪ ਨਾਲ) ਨਹੀਂ ਕਰਨ ਦੇਂਦੀ, ਦਾਸ ਵਿਚਾਰੇ ਕੀ ਕਰਨ ? ॥੧॥ ਰਹਾਉ ॥

**ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ ॥**

ਸਰੀਰ ਨੂੰ ਧ੍ਰਿਕਾਰ ਹੈ, ਧਨ ਧ੍ਰਿਕਾਰ ਹੈ, ਇਸ ਮਾਇਆ ਨੂੰ ਭੀ ਲਾਨ੍ਹਤ ਹੈ ਅਤੇ ਮਤਿ ਨੂੰ ਭੀ ਫਿਟਕਾਰ ਹੈ, ਜਿਸ ਵਿਚ [ਫੰਨੀ] ਛਲ ਵਾਲੀ ਬੁੱਧੀ ਹੈ।

**ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ ॥੧॥**

(ਹੇ ਵਾਹਿਗੁਰੂ ! ਤੁਸੀਂ) ਇਸ ਮਾਇਆ ਨੂੰ ਚੰਗੀ ਤਰ੍ਹਾਂ ਬੰਨ੍ਹ ਕੇ ਰਖੋ (ਅਤੇ) ਆਪਣੇ (ਦਾਸ ਨੂੰ) ਬਚਾ ਲੌ ॥੧॥

**ਕਿਆ ਖੇਤੀ ਕਿਆ ਲੇਵਾ ਦੇਈ ਪਰਪੰਚ ਝੂਠੁ ਗੁਮਾਨਾ ॥**

ਕੀ ਖੇਤੀ ਤੇ ਕੀ ਲੈਣ ਦੇਣ (ਕਰਨਾ, ਇਹ ਸਭ ਮਾਇਆ ਦਾ) ਛਲ ਹੈ (ਇਸ ਦਾ) ਹੰਕਾਰ ਝੂਠਾ ਹੈ।

**ਕਹਿ ਕਬੀਰ ਤੇ ਅੰਤਿ ਬਿਗੂਤੇ ਆਇਆ ਕਾਲੁ ਨਿਦਾਨਾ ॥੨॥੯॥**

ਕਬੀਰ ਜੀ ਆਖਦੇ ਹਨ, (ਜਦੋਂ) [ਨਿਦਾਨਾ] ਅਖੀਰ ਨੂੰ ਕਾਲ ਆਇਆ, (ਤਾਂ ਜੋ ਇਸ ਵਿਚ ਫਸੇ ਹੋਏ ਹਨ) ਉਹ (ਪੁਰਸ਼) ਅੰਤ ਨੂੰ [ਬਿਗੂਤੇ] ਖੁਆਰ ਹੋਣਗੇ ॥੨॥੯॥

**ਬਿਲਾਵਲੁ ॥ ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ ॥**

ਸਰੀਰ (ਰੂਪੀ) ਤਲਾ ਵਿਚ (ਇਕ) ਵਡਾ ਸੋਹਣਾ ਕਮਲ [ਆਛੈ] ਹੈ।

**ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ ॥੧॥**

ਵਡੇ ਪ੍ਰਕਾਸ਼ ਵਾਲਾ ਉੱਤਮ ਪੁਰਖ (ਵਾਹਿਗੁਰੂ) (ਹੀ ਕਮਲ ਹੈ) ਜਿਸ ਦਾ ਰੇਖ ਰੂਪ ਨਹੀਂ ॥੧॥

**ਰੇ ਮਨ ਹਰਿ ਭਜੁ ਭ੍ਰਮੁ ਤਜਹੁ ਜਗਜੀਵਨ ਰਾਮ ॥੧॥ ਰਹਾਉ ॥**

ਹੇ ਮਨ ! ਹਰਿ ਨਾਮ ਜਪ, ਭਰਮ ਛੱਡ ਦੇਹੁ, ਰਾਮ ਹੀ ਜਗਤ ਦਾ ਜੀਵਨ (ਰੂਪ) ਹੈ ॥੧॥ ਰਹਾਉ ॥

**ਆਵਤ ਕਛੂ ਨ ਦੀਸਈ ਨਹ ਦੀਸੈ ਜਾਤ ॥**

ਨਾ ਕੁਝ ਆਉਂਦਾ ਦਿੱਸਦਾ ਹੈ, ਅਤੇ ਨਾ ਹੀ (ਕੁਝ) ਜਾਂਦਾ ਦਿੱਸਦਾ ਹੈ।

**ਜਹ ਉਪਜੈ ਬਿਨਸੈ ਤਹੀ ਜੈਸੇ ਪੁਰਿਵਨ ਪਾਤ ॥੨॥**

ਜਿਥੋਂ ਪੈਦਾ ਹੁੰਦੇ ਹਨ, (ਫਿਰ) ਉਸ ਵਿਚ ਲੀਨ ਹੋ ਜਾਂਦੇ ਹਨ, ਜਿਵੇਂ [ਪੁਰਿਵਨ] ਚੁਪੱਤੀ ਦੇ ਪੱਤੇ (ਪਾਣੀ ਵਿਚੋਂ ਹੀ ਪੈਦਾ ਹੋ ਕੇ ਫਿਰ ਪਾਣੀ ਵਿਚ ਹੀ ਲੈ ਹੋ ਜਾਂਦੇ ਹਨ)॥੨॥

**ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥**

ਨਾਸ ਹੋ ਜਾਣ ਵਾਲੀ ਜਾਣ ਕੇ ਮਾਇਆ ਛੱਡ ਦਿੱਤੀ ਹੈ ਅਤੇ ਸਹਜ ਸੁਖ ਦਾ ਵੀਚਾਰ (ਕਰਦੇ ਹਾਂ)।

Sri Satguru Jagjit Singh Ji eLibrary NamdhariElibrary@gmail.com

**ਕਹਿ ਕਬੀਰ ਸੇਵਾ ਕਰਹੁ ਮਨ ਮੰਝਿ ਮੁਰਾਰਿ ॥੩॥੧੦॥**

ਕਬੀਰ ਜੀ ਆਖਦੇ ਹਨ, ਮਨ ਵਿਚ [ਮੁਰਾਰਿ] ਹੰਕਾਰ ਨਾਸਕ ਵਾਹਿਗੁਰੂ ਦਾ [ਸੇਵਾ= ਸੇਵਨ] ਅਰਾਧਨ (ਯਾਦ) ਕਰਦਾ ਹਾਂ ॥੩॥੧੦॥

**ਬਿਲਾਵਲੁ ॥ ਜਨਮ ਮਰਨ ਕਾ ਭ੍ਰਮੁ ਗਇਆ ਗੋਬਿਦ ਲਿਵ ਲਾਗੀ ॥**

(ਜਦ ਤੋਂ) ਗੋਬਿੰਦ ਨਾਲ ਪ੍ਰੀਤ ਲਗੀ (ਹੈ, ਤਦ ਤੋਂ) ਜਨਮ ਮਰਨ ਦਾ ਭਰਮ (ਮਿਟ) ਗਿਆ ਹੈ।

**ਜੀਵਤ ਸੁੰਨਿ ਸਮਾਨਿਆ ਗੁਰ ਸਾਖੀ ਜਾਗੀ ॥੧॥ ਰਹਾਉ ॥**

ਗੁਰਾਂ ਦੀ ਸਿਖਿਆ (ਸੁਣ ਕੇ ਜਿਸ ਦੀ ਬੁਧੀ ਅਵਿਦਿਆ ਨੀਂਦ ਤੋਂ) ਜਾਗ ਪਈ ਹੈ, (ਉਹ) ਜੀਊਂਦਾ ਹੀ [ਸੁੰਨਿ] ਬ੍ਰਹਮ ਵਿਚ ਸਮਾ ਗਿਆ ਹੈ ॥੧॥ ਰਹਾਉ ॥

**ਕਾਸੀ ਤੇ ਧੁਨਿ ਊਪਜੈ ਧੁਨਿ ਕਾਸੀ ਜਾਈ ॥**
**ਕਾਸੀ ਫੂਟੀ ਪੰਡਿਤਾ ਧੁਨਿ ਕਹਾਂ ਸਮਾਈ ॥੧॥**

(ਜਿਵੇਂ) ਕੈਂਹ ਤੋਂ ਆਵਾਜ਼ ਨਿਕਲ ਕੇ, (ਫਿਰ) ਆਵਾਜ਼ ਕੈਂਹ ਵਿਚ ਜਾ ਮਿਲਦੀ ਹੈ। ਹੇ ਪੰਡਤ! (ਜਦ ਉਹ) ਕੈਂਹ (ਦਾ ਘੜਿਆਲ) ਟੁੱਟ ਜਾਵੇ (ਤਾਂ ਫਿਰ) ਉਹ ਆਵਾਜ਼ ਕਿਥੇ ਜਾ ਸਮਾਉਂਦੀ ਹੈ ? (ਅਰਥਾਤ ਫਿਰ ਉਸੇ ਵਿਚ ਹੀ ਸਮਾਈ ਰਹਿੰਦੀ ਹੈ, ਇਵੇਂ ਹੀ ਸਰੀਰ ਦੇ ਨਾਸ ਹੋ ਜਾਣ ਮਗਰੋਂ ਆਤਮਾ ਪ੍ਰਮਾਤਮਾ ਵਿਚ ਹੀ ਲੀਣ ਹੋ ਜਾਂਦਾ ਹੈ) ॥੧॥

SIKHBOOKCLUB.COM

**ਤ੍ਰਿਕੁਟੀ ਸੰਧਿ ਮੈ ਪੇਖਿਆ ਘਟ ਹੂ ਘਟ ਜਾਗੀ ॥**

ਜੋ ਘਟ ਘਟ ਵਿਚ [ਜਾਗੀ] ਪ੍ਰਗਟ ਹੈ (ਮੈਂ ਉਸ ਦਾ ਦਰਸ਼ਨ) [ਤ੍ਰਿਕੁਟੀ] ਗਿਆਤਾ, ਗਿਆਨ, ਗੇਯ (ਇਨ੍ਹਾਂ ਤਿੰਨਾਂ ਦੇ) [ਸੰਧਿ] ਮੇਲ ਵਿਚ ਵੇਖਿਆ ਹੈ।

**ਐਸੀ ਬੁਧਿ ਸਮਾਚਰੀ ਘਟ ਮਾਹਿ ਤਿਆਗੀ ॥੨॥**

(ਮੇਰੇ ਵਿਚ ਹੁਣ) ਅਜੇਹੀ ਬੁਧਿ (ਸੰ × ਆਚਰੀ) ਚੰਗੀ ਆ ਗਈ ਹੈ, (ਜੋ ਮੈਂ) ਸਰੀਰ ਵਿਚ (ਰਹਿੰਦਾ ਹੋਇਆ ਹੀ) ਤਿਆਗੀ (ਹੋ ਗਿਆ ਹਾਂ) ॥੨॥

**ਆਪੁ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ ॥**

(ਜਦੋਂ ਮੈਂ) ਆਪੇ (ਹੀ) ਉਸ ਆਪਣੇ (ਰੂਪ ਨੂੰ) ਜਾਣ ਲਿਆ ਹੈ, ਤਦ ਤੋਂ (ਮੇਰੇ ਵਿਚ) [ਤੇਜ] ਪ੍ਰਕਾਸ਼ ਕਰਨ ਵਾਲਾ (ਆਤਮਾ ਆਪਨੇ) [ਤੇਜੁ] ਪ੍ਰਕਾਸ਼ਕ (ਪ੍ਰਮਾਤਮਾ) ਵਿਚ ਜਾ ਮਿਲਿਆ ਹੈ।

**ਕਹੁ ਕਬੀਰ ਅਬ ਜਾਨਿਆ ਗੋਬਿਦ ਮਨੁ ਮਾਨਾ ॥੩॥੧੧॥**

ਕਬੀਰ ਜੀ ਆਖਦੇ ਹਨ, ਹੁਣ (ਮੈਂ ਇਹ ਭੇਦ) ਜਾਣ ਲਿਆ ਹੈ, (ਕਿਉਂਕਿ) ਗੋਬਿੰਦ ਵਿਚ (ਮੇਰਾ) ਮਨ ਲੱਗ ਗਿਆ ਹੈ ॥੩॥੧੧॥

**ਬਿਲਾਵਲੁ ॥ ਚਰਨ ਕਮਲ ਜਾ ਕੈ ਰਿਦੈ ਬਸਹਿ ਸੋ ਜਨੁ ਕਿਉ ਡੋਲੈ ਦੇਵ ॥**

ਹੇ ਦੇਵ! ਜਿਸ ਦੇ ਹਿਰਦੇ (ਵਿਚ ਤੇਰੇ) ਚਰਨ ਕਮਲ ਵਸਦੇ ਹਨ, (ਉਸ) ਦਾਸ (ਦਾ ਮਨ) ਕਿਉਂ

ਡੋਲੇਗਾ ?

**ਮਾਨੌ ਸਭ ਸੁਖ ਨਉ ਨਿਧਿ ਤਾ ਕੈ ਸਹਜਿ ਸਹਜਿ ਜਸੁ ਬੋਲੈ ਦੇਵ ॥ ਰਹਾਉ ॥**

ਮਾਨੋਂ ਸਾਰੇ ਸੁਖ ਤੇ ਨੌ ਨਿਧਾਂ ਉਸ ਦੇ (ਕੋਲ ਹਨ, ਜੋ) ਪ੍ਰਮਾਤਮਾ ਦਾ ਸਹਜੇ-ਸਹਜੇ ਜਸ ਕਰਦਾ ਹੈ ।

**ਤਬ ਇਹ ਮਤਿ ਜਉ ਸਭ ਮਹਿ ਪੇਖੈ ਕੁਟਿਲ ਗਾਂਠਿ ਜਬ ਖੋਲੈ ਦੇਵ ॥**

ਜਦੋਂ [ਕੁਟਿਲ] ਟੇਢਤਾਈ ਦੀ ਗੰਢ ਬੁਧੀ ਵਿਚੋਂ ਖੋਲ੍ਹ ਕੇ ਸਾਰਿਆਂ ਵਿਚ ਇਕ ਵਾਹਿਗੁਰੂ ਨੂੰ ਵੇਖੇ, ਤਾਂ ਇਹ (ਪਦ) ਮਿਲਦਾ ਹੈ ।

**ਬਾਰੰ ਬਾਰ ਮਾਇਆ ਤੇ ਅਟਕੈ ਲੈ ਨਰਜਾ ਮਨੁ ਤੋਲੈ ਦੇਵ ॥੧॥**

(ਜੋ) ਮੁੜ ਮੁੜ ਕੇ ਮਾਇਆ ਵਲੋਂ ਮਨ ਰੋਕਦਾ ਹੈ ਅਤੇ (ਵਿਚਾਰ ਦੀ) [ਨਰਜਾ] ਤੱਕੜੀ ਲੈ ਕੇ ਮਨ ਨੂੰ ਤੋਲਦਾ ਹੈ ॥੧॥

**ਜਹ ਉਹੁ ਜਾਇ ਤਹੀ ਸੁਖੁ ਪਾਵੈ ਮਾਇਆ ਤਾਸੁ ਨ ਝੋਲੈ ਦੇਵ ॥**

ਉਹ ਜਿਥੇ ਜਾਵੇਗਾ, ਉਥੇ ਹੀ ਸੁਖ ਪਾਵੇਗਾ, ਉਸ ਨੂੰ ਮਾਇਆ ਦਾ ਝੋਲਾ ਨਹੀਂ ਲਗਦਾ ।

**ਕਹਿ ਕਬੀਰ ਮੇਰਾ ਮਨੁ ਮਾਨਿਆ ਰਾਮ ਪ੍ਰੀਤਿ *ਕੀਓ ਲੈ ਦੇਵ ॥੨॥੧੨॥**

ਕਬੀਰ ਜੀ ਆਖਦੇ ਹਨ ਮੇਰਾ ਮਨ ਮੰਨ ਗਿਆ ਹੈ, (ਤਦ ਹੀ) ਰਾਮ ਦੀ ਪ੍ਰੀਤ ਦੇ ਓਹਲੇ (ਹੋ ਕੇ ਜਗਤ ਵਿਚ ਨਿਰਬਾਹ ਕਰ ਰਿਹਾ ਹੈ) ॥੨॥੧੨॥

## ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ

*ੴ ਸਤਿਗੁਰ ਪ੍ਰਸਾਦਿ ॥*

**ਸਫਲ ਜਨਮੁ ਮੋ ਕਉ ਗੁਰ ਕੀਨਾ ॥ ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥੧॥**

ਮੇਰਾ ਜਨਮ ਗੁਰਾਂ ਨੇ ਸਫਲ ਕਰ ਦਿੱਤਾ ਹੈ । ਦੁਖ ਭੁਲ ਗਏ ਹਨ, ਸੁਖਾਂ ਵਿਚ ਮਿਲ ਗਿਆ ਹਾਂ ॥੧॥

**ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥**
**ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥੧॥ ਰਹਾਉ ॥**

ਮੈਨੂੰ ਗੁਰਾਂ ਨੇ ਗਿਆਨ ਰੂਪ ਸੁਰਮਾ ਦਿਤਾ ਹੈ, (ਇਸ ਲਈ) ਮਨ (ਵਿਚ ਜਾਣਿਆ ਹੈ, ਜੋ) ਰਾਮ ਦੇ ਨਾਮ ਬਿਨਾਂ ਜੀਊਣਾ ਕਿਸੇ ਲੇਖੇ ਵਿਚ ਨਹੀਂ ਹੈ ॥੧॥ ਰਹਾਉ ॥

**ਨਾਮਦੇਇ ਸਿਮਰਨੁ ਕਰਿ ਜਾਨਾਂ ॥ ਜਗਜੀਵਨ ਸਿਉ ਜੀਉ ਸਮਾਨਾਂ ॥੨॥੧॥**

(ਮੈਂ) ਨਾਮਦੇਵ (ਨੇ) ਸਿਮਰਨ ਕਰਕੇ (ਵਾਹਿਗੁਰੂ ਨੂੰ) ਜਾਨ ਲਿਆ ਹੈ । ਇਸ ਲਈ ਜਗਤ ਦੇ ਜੀਵਨ

---

*ਅਰਥਾਂ ਅਨੁਸਾਰ ਪਾਠ 'ਕੀ ਓਲੈ' ਹੈ।

SIKHBOOKCLUB.COM

(ਰੂਪ) ਨਾਲ (ਮੇਰਾ) ਆਤਮਾ ਮਿਲ ਗਿਆ ਹੈ ॥੨॥੧॥

## ਬਿਲਾਵਲੁ ਬਾਣੀ ਰਵਿਦਾਸ ਭਗਤ ਕੀ

ੴ ਸਤਿਗੁਰ ਪ੍ਰਸਾਦਿ ॥

**ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥**

ਗਰੀਬੀ ਨੂੰ ਵੇਖ ਕੇ ਸਭ ਕੋਈ ਮਖੌਲ ਕਰਦਾ ਹੈ, ਸਾਡਾ ਏਹੋ ਹਾਲ ਸੀ ।

**ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥੧॥**

(ਹੁਣ) ਅਠਾਰਾਂ ਸਿਧੀਆਂ (ਸਾਡੇ) ਹੱਥ ਉਤੇ ਹਨ, (ਏਹ) ਸਭ ਤੇਰੀ ਕ੍ਰਿਪਾ ਹੈ ॥੧॥

**ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ ॥**

ਹੇ ਡਰ ਨਾਸ ਕਰਨ ਵਾਲੇ ਰਾਮ! ਤੂੰ ਜਾਣਦਾ ਹੈਂ, ਜੋ ਮੈਂ ਤਾਂ ਕੁਝ ਭੀ ਨਹੀਂ ਹਾਂ ।

**ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥੧॥ ਰਹਾਉ ॥**

ਹੇ ਕਾਮਨਾ ਪੂਰਨ ਕਰਨ ਵਾਲੇ ਪ੍ਰਭੂ! ਸਾਰੇ ਜੀਵ ਤੇਰੀ ਸ਼ਰਨ ਆਏ ਹੋਏ ਹਨ ॥੧॥ ਰਹਾਉ ॥

**ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥**

ਜੋ (ਪੁਰਸ਼) ਤੇਰੀ ਸ਼ਰਨ ਆਏ ਹਨ, ਉਨ੍ਹਾਂ ਦੇ (ਸਿਰ ਉਤੇ ਪਾਪਾਂ ਦਾ ਕੋਈ) ਭਾਰ ਨਹੀਂ ਰਿਹਾ।

**ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥੨॥**

ਊਚ ਨੀਚ (ਪੁਰਸ਼) ਤੁਹਾਡੇ ਆਸਰੇ ਹੋ ਕੇ [ਆਲਜੁ] ਦੁਖ ਰੂਪ ਸੰਸਾਰ ਤੋਂ ਲੰਘ ਗਏ ਹਨ ॥੨॥

**ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥**

ਰਵਿਦਾਸ ਜੀ ਆਖਦੇ ਹਨ, (ਹੇ ਵਾਹਿਗੁਰੂ! ਤੇਰੀ) ਕਥਾ ਕਹਿਣ ਤੋਂ ਬਾਹਰ ਹੈ, ਬਹੁਤਾ ਕੀ (ਕਥਨ) ਕਰਨਾ ਹੈ ?

**ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥੩॥੧॥**

ਜੇਹਾ ਤੂੰ ਹੈਂ, ਤੇਹੋ ਜੇਹਾ ਤੂੰ ਹੀ ਹੈਂ, ਉਪਮਾ ਕਿਸ ਦੀ ਦੇਈਏ ? (ਕਿਉਂਕਿ ਤੇਰੇ ਜੇਹਾ ਹੋਰ ਕੋਈ ਨਹੀਂ ਹੈ) ॥੩॥੧॥

**ਬਿਲਾਵਲੁ ॥ ਜਿਹ ਕੁਲ ਸਾਧੁ ਬੈਸਨੌ ਹੋਇ ॥ ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ ॥੧॥ ਰਹਾਉ ॥**

ਜਿਸ ਕੁਲ ਵਿਚੋਂ ਵੈਸ਼ਨਵ ਸੰਤ ਹੋ ਜਾਵੇ, (ਫਿਰ) ਵਰਨ, ਅਵਰਨ, ਕੰਗਾਲ [ਈਸੁਰੁ] ਸ਼ਾਹੂਕਾਰ (ਦੀ ਵਿਚਾਰ ਕੋਈ) ਨਹੀਂ (ਕਰਦਾ), ਜਗਤ ਵਿਚ (ਉਸਦੀ) ਨਿਰਮਲ [ਬਾਸੁ] ਸੋਭਾ ਹੋ ਜਾਂਦੀ ਹੈ ॥੧॥ ਰਹਾਉ ॥

**ਬ੍ਰਹਮਨ ਬੈਸ ਸੂਦ ਅਰੁ ਖ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥**

ਬ੍ਰਾਹਮਣ, ਸ਼ੂਦਰ, ਖਤਰੀ [ਡੋਮ] ਚੂਹੜਾ, ਚੰਡਾਲ, (ਜਾਂ ਇਨ੍ਹਾਂ ਤੋਂ ਭੀ) [ਮਨ ਸੋਇ] ਨੀਚ ਹੋਵੇ।

**ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧॥**

(ਉਹ) ਭਗਵੰਤ ਦੇ ਭਜਨ ਨਾਲ ਪਵਿਤਰ ਹੋ ਜਾਵੇਗਾ, ਆਪ ਤਰ ਕੇ (ਆਪਣੀਆਂ) ਦੋਹਾਂ ਕੁਲਾਂ ਨੂੰ ਭੀ ਤਾਰ ਲਏਗਾ ॥੧॥

**ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥**

ਉਹ ਪਿੰਡ ਧੰਨ ਹੈ, ਉਹ ਜਗ੍ਹਾ ਧੰਨ ਹੈ, ਉਸ ਪਵਿਤ੍ਰ ਕੁਟੰਬ ਦੇ ਸਾਰੇ ਲੋਕ ਭੀ ਧੰਨ ਹਨ।

**ਜਿਨਿ ਪੀਆ ਸਾਰ ਰਸੁ ਤਜੇ ਆਨ ਰਸ**
**ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥**

ਜਿਸ ਨੇ ਰਾਮ ਰੂਪ ਅੰਮ੍ਰਿਤ ਰਸ ਪੀਤਾ ਹੈ, ਅਤੇ ਸਾਰੇ ਰਸ ਅਨ ਰਸ ਛੱਡ ਦਿਤੇ ਹਨ, (ਉਸਦੇ ਨਾਮ) ਰਸ ਨਾਲ ਮਸਤ ਹੋ ਕੇ (ਵਿਕਾਰਾਂ ਰੂਪ) ਜ਼ਹਿਰ ਨਾਸ ਕਰ ਦਿੱਤੀ ਹੈ ॥੨॥

**ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥**

ਪੰਡਿਤ, ਸੂਰਮਾ, ਚਕ੍ਰਵਰਤੀ ਰਾਜਾ (ਜਾਂ) ਹੋਰ ਭੀ ਕੋਈ (ਉਸ) ਭਗਤ ਦੇ ਬਰਾਬਰ ਦਾ ਨਹੀਂ ਹੈ।

**ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ ॥੩॥੨॥**

ਰਵਿਦਾਸ ਜੀ ਆਖਦੇ ਹਨ, ਜਿਵੇਂ [ਪੁਰੈਨ] ਚੁਪੱਤੀ ਦੇ ਪੱਤੇ ਪਾਣੀ ਦੇ ਕੋਲ ਰਹਿੰਦੇ (ਹਨ, ਇਵੇਂ ਹੀ ਜੋ ਹਰੀ ਦੇ ਕੋਲ ਰਹਿੰਦੇ ਹਨ) ਜਗਤ ਵਿਚ ਉਨ੍ਹਾਂ ਦਾ ਜਨਮ (ਸਫਲਾ ਹੈ) ॥੩॥੨॥

***ਬਾਣੀ ਸਧਨੇ ਕੀ ਰਾਗੁ ਬਿਲਾਵਲੁ ੧ੴ ਸਤਿਗੁਰ ਪ੍ਰਸਾਦਿ ॥***

**ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥**

(ਇਕ) ਰਾਜੇ ਦੀ ਲੜਕੀ ਦੇ ਵਾਸਤੇ ਇਕ* (ਤ੍ਰਖਾਣ) [ਭੇਖਧਾਰੀ] ਬਨਾਉਟੀ (ਵਿਸ਼ਨੂੰ) ਬਣਿਆ ਸੀ।

**ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥**

ਉਹ ਕਾਮ ਦੀ ਇੱਛਾ ਵਾਲਾ ਆਪਣੇ ਮਤਲਬ ਲਈ (ਹੀ ਵਿਸ਼ਨੂੰ ਬਣਿਆ ਸੀ ਪਰ ਤੁਸਾਂ) ਉਸ ਦੀ ਇੱਜ਼ਤ ਰਖ ਲਈ ਸੀ ॥੧॥

**ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥**

ਹੇ ਜਗਤ ਗੁਰੂ! ਤੇਰੇ (ਭਗਤ ਦਾ) ਕੀ ਗੁਨ (ਹੋਇਆ)? ਜੇਕਰ (ਮੇਰੇ ਕੀਤੇ) ਕਰਮ ਨਾਸ ਨਾ ਹੋਏ?

**ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ ਰਹਾਉ ॥**

---

* *ਇਕ ਪੰਚ ਤੰਤ੍ਰ ਦੀ ਕਹਾਣੀ ਦਾ ਇਸ਼ਾਰਾ ਹੈ, ਜੇ ਸਾਰੀ ਵੇਖਣੀ ਹੋਵੇ ਤਾਂ ਪੰਜ ਵਿਚੋਂ ਵੇਖੋ ਜਾਂ ਮੇਰੇ ਬਣਾਏ 'ਗੁਰ-ਸ਼ਬਦ ਰਤਨਾਕਰ' (ਗੁਰੂ ਗ੍ਰੰਥ ਕੋਸ਼) ਵਿਚ ਵੇਖੋ।*

ਜੇ (ਫੇਰ ਭੀ) [ਜੰਬੁਕੁ] ਗਿੱਦੜ ਨੇ ਹੀ ਫੜ ਲੈਣਾ ਹੈ, ਤਾਂ ਸ਼ੇਰ ਦੀ ਸ਼ਰਨ ਵਿਚ ਹੀ ਕਿਉਂ ਜਾਣਾ ਹੈ ? ॥੧॥ ਰਹਾਉ ॥

**ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥**

ਪਾਣੀ ਦੀ ਇਕ ਬੂੰਦ ਵਾਸਤੇ ਪਪੀਹਾ ਦੁਖ ਪਾਂਦਾ ਹੈ।

**ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥**

(ਉਸ ਦੇ) ਪ੍ਰਾਣ ਨਿਕਲ ਗਏ ਜੇ ਮਗਰੋਂ ਸਮੁੰਦਰ ਮਿਲ ਪਵੇ, ਤਾਂ ਫਿਰ ਉਸ ਦੇ ਕੰਮ ਨਹੀਂ ਆ ਸਕਦਾ ॥੨॥

**ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥**

ਪਰਾਣ ਨਿਕਲ ਚਲੇ ਹਨ, ਰਹਿੰਦੇ ਨਹੀਂ, ਕਿਸ ਵਾਸਤੇ [ਬਿਰਮਾਵਉ] ਦੇਰ ਕਰਦੇ ਹੋ ?

**ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥**

ਡੁੱਬ ਕੇ ਮਰ ਗਏ। ਮਗਰੋਂ [ਨਉਕਾ] ਬੇੜੀ ਮਿਲ ਗਈ ਤਾਂ ਦਸੋ ! ਕਿਸ ਨੂੰ ਚੜ੍ਹਾਉਗੇ ? ॥੩॥

**ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥**

ਨਾ ਹੀ ਮੈਂ (ਪਿਛੇ ਸਾਂ, ਹੁਣ ਭੀ) ਮੈਂ ਕੁਝ ਨਹੀਂ ਹਾਂ, ਅਤੇ ਨਾ ਹੀ ਕੁਝ ਮੇਰਾ ਹੈ।

**ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥**

SIKHBOOKCLUB.COM

ਵੇਲਾ ਹੈ, ਲੱਜ ਰੱਖ ਲੌ, (ਮੈਂ) ਸਧਨਾ (ਤਾਂ) ਤੇਰਾ ਦਾਸ ਹਾਂ ॥੪॥੧॥

## ਰਾਗੁ ਗੋਂਡ (ਅੰਗ ੮੭੦-੭੫)

**ਰਾਗੁ ਗੋਂਡ ਬਾਣੀ ਭਗਤਾ ਕੀ ॥ ਕਬੀਰ ਜੀ ਘਰੁ ੧**

*ੴ ਸਤਿਗੁਰ ਪ੍ਰਸਾਦਿ ॥*

**ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥ ਮਿਲੈ ਅਸੰਤੁ ਮਸਟਿ ਕਰਿ ਰਹੀਐ ॥੧॥**

ਸੰਤ ਮਿਲ ਪਵੇ ਤਾਂ ਕੁਝ ਸੁਣੋ ਤੇ ਕੁਝ ਆਖੋ। [ਅਸੰਤੁ] ਪਾਪੀ ਪੁਰਸ਼ ਮਿਲ ਪਵੇ, ਤਾਂ [ਮਿਸਟਿ] ਚੁਪ ਕਰਕੇ ਬੈਠੋ ॥੧॥

**ਬਾਬਾ ਬੋਲਨਾ ਕਿਆ ਕਹੀਐ ॥ ਜੈਸੇ ਰਾਮ ਨਾਮ ਰਵਿ ਰਹੀਐ ॥੧॥ ਰਹਾਉ ॥**

ਹੇ ਬਾਬਾ ! (ਸੰਤਾਂ ਨਾਲ) ਬੋਲਨਾ (ਹੋਵੇ ਤਾਂ) ਕੀ ਆਖੀਏ ? (ਉੱਤਰ)-ਜਿਸ ਕਰਕੇ ਰਾਮ ਦੇ ਨਾਮ ਵਿਚ ਲਗੇ ਰਹੀਏ (ਸੰਤਾਂ ਨਾਲ ਉਹ ਗੱਲਾਂ ਕਰੋ) ॥੧॥ ਰਹਾਉ ॥

**ਸੰਤਨ ਸਿਉ ਬੋਲੇ ਉਪਕਾਰੀ ॥ ਮੂਰਖ ਸਿਉ ਬੋਲੇ ਝਖ ਮਾਰੀ ॥੨॥**

ਸੰਤ ਨਾਲ ਬੋਲਿਆਂ ਦੂਜੇ ਦਾ ਭਲਾ ਹੁੰਦਾ ਹੈ। ਮੂਰਖ ਨਾਲ ਬੋਲਨਾ ਤਾਂ ਝੱਖਾਂ ਮਾਰਨੀਆਂ ਹਨ ॥੨॥

**ਬੋਲਤ ਬੋਲਤ ਬਢਹਿ ਬਿਕਾਰਾ ॥ ਬਿਨੁ ਬੋਲੇ ਕਿਆ ਕਰਹਿ ਬੀਚਾਰਾ ॥੩॥**

(ਮੂਰਖ ਨਾਲ) ਬੋਲਦਿਆਂ-ਬੋਲਦਿਆਂ ਹੀ ਝਗੜਾ ਵਧ ਜਾਂਦਾ ਹੈ। (ਜੇ ਉਸ ਨਾਲ) ਨਾ ਬੋਲੀਏ (ਤਾਂ ਫੇਰ ਉਹ) ਵਿਚਾਰਾ (ਸਾਡਾ) ਕੀ ਵਿਗਾੜ ਕਰੇਗਾ ? ॥੩॥

**ਕਹੁ ਕਬੀਰ ਛੂਛਾ ਘਟੁ ਬੋਲੈ ॥ ਭਰਿਆ ਹੋਇ ਸੁ ਕਬਹੁ ਨ ਡੋਲੈ ॥੪॥੧॥**

ਕਬੀਰ ਜੀ ਆਖਦੇ ਹਨ, ਖਾਲੀ ਘੜਾ ਹੀ ਵਜਦਾ ਹੈ। ਜੋ ਭਰਿਆ ਹੁੰਦਾ ਹੈ, ਉਹ ਕਦੇ ਨਹੀਂ ਡੋਲਦਾ (ਸਿਧਾਂਤ ਏਹ ਹੈ ਕਿ ਹਿਰਦੇ ਦੇ ਖਾਲੀ ਮੂਰਖ ਪੁਰਸ਼ ਹੀ ਝਗੜੇ ਕਰਦੇ ਹਨ, ਜੋ ਵਿਚਾਰਵਾਨ ਹਨ, ਉਨ੍ਹਾਂ ਦਾ ਮਨ ਕਦੇ ਭੀ ਨਹੀਂ ਭਟਕਦਾ) ॥੪॥੧॥

**ਗੋਂਡ ॥ ਨਰੂ ਮਰੈ ਨਰੁ ਕਾਮਿ ਨ ਆਵੈ ॥ ਪਸੂ ਮਰੈ ਦਸ ਕਾਜ ਸਵਾਰੈ ॥੧॥**

ਬੰਦਾ ਮਰ ਜਾਵੇ ਤਾਂ ਬੰਦੇ (ਦੀ ਕੋਈ ਭੀ ਚੀਜ਼) ਕੰਮ ਨਹੀਂ ਆਉਂਦੀ। ਪਸ਼ੂ ਮਰੇ ਤਾਂ ਦੱਸ ਕੰਮ ਸਵਾਰਦਾ ਹੈ ॥੧॥

**ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ ॥**
**ਮੈ ਕਿਆ ਜਾਨਉ ਬਾਬਾ ਰੇ ॥੧॥ ਰਹਾਉ ॥**

ਆਪਣੇ ਕਰਮਾਂ (ਦਾ ਫਲ) ਮੈਂ ਕੀ ਜਾਣਾ, (ਜੋ ਮੇਰਾ ਕੀ ਹਾਲ ਹੋਵੇਗਾ ?)। ਹੇ ਬਾਬਾ! (ਇਹ) ਮੈਂ ਕਿਵੇਂ ਜਾਣਾਂ ? ॥੧॥ ਰਹਾਉ ॥

**ਹਾਡ ਜਲੇ ਜੈਸੇ ਲਕਰੀ ਕਾ ਤੂਲਾ ॥ ਕੇਸ ਜਲੇ ਜੈਸੇ ਘਾਸ ਕਾ ਪੂਲਾ ॥੨॥**

ਲੱਕੜਾਂ ਦੇ [ਤੂਲਾ] ਗੱਠੇ ਵਾਂਗ ਹੱਡ ਸੜਨਗੇ। ਘਾਹ ਦੀ ਪੂਲੀ ਵਾਂਗੂੰ ਕੇਸ ਸੜਨਗੇ ॥੨॥

**ਕਹੁ ਕਬੀਰ ਤਬ ਹੀ ਨਰੁ ਜਾਗੈ ॥ ਜਮ ਕਾ ਡੰਡੁ ਮੂੰਡ ਮਹਿ ਲਾਗੈ ॥੩॥੨॥**

ਕਬੀਰ ਜੀ ਆਖਦੇ ਹਨ, (ਇਹ) ਪੁਰਸ਼ (ਨੀਂਦ ਤੋਂ) ਤਦੋਂ ਜਾਗੇਗਾ (ਜਦੋਂ) ਸਿਰ ਵਿਚ ਜਮਾਂ ਦਾ ਡੰਡਾ ਵਜੇਗਾ ॥੩॥੨॥

**ਗੋਂਡ ॥ ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ ॥**

ਅਕਾਸ਼ (ਵਿਚ ਭੀ) [ਗਗਨੁ= ਪੂਰਨ ਪੁਰਖ] ਵਾਹਿਗੁਰੂ ਹੈ, ਪਤਾਲ (ਵਿਚ ਭੀ) ਵਾਹਿਗੁਰੂ ਹੈ, ਚੌਹਾਂ ਪਾਸਿਆਂ ਵਿਚ ਵਾਹਿਗੁਰੂ ਸਥਿਰ ਹੈ।

**ਆਨਦ ਮੂਲੁ ਸਦਾ ਪੁਰਖੋਤਮੁ ਘਟੁ ਬਿਨਸੈ ਗਗਨੁ ਨ ਜਾਇਲੇ ॥੧॥**

(ਉਹ) ਸਦਾ ਹੀ ਅਨੰਦ ਦਾ ਮੁੱਢ, ਉੱਤਮ ਪੁਰਖ ਵਾਹਿਗੁਰੂ ਸਰੀਰ ਦੇ ਨਾਸ ਹੋਣ ਮਗਰੋਂ (ਭੀ ਕਿਤੇ) ਨਹੀਂ ਜਾਂਦਾ ॥੧॥

**ਮੋਹਿ ਬੈਰਾਗੁ ਭਇਓ ॥ ਇਹੁ ਜੀਉ ਆਇ ਕਹਾ ਗਇਓ ॥੧॥ ਰਹਾਉ ॥**

ਮੈਨੂੰ (ਇਹ ਸਮਝਣ ਦੀ) [ਬੈਰਾਗੁ] ਡਾਢੀ ਇੱਛਾ ਹੋਈ ਹੈ ਕਿ ਇਹ ਜੀਵ (ਜਗਤ ਵਿਚ) ਆ ਕੇ (ਮੁੜ) ਕਿਥੇ ਗਿਆ ? ॥੧॥ ਰਹਾਉ ॥

**ਪੰਚ ਤਤੁ ਮਿਲਿ ਕਾਇਆ ਕੀਨ੍ੀ ਤਤੁ ਕਹਾ ਤੇ ਕੀਨੁ ਰੇ ॥**

(ਕਹਿੰਦੇ ਹਨ) ਪੰਜ ਤੱਤ ਮਿਲਾ ਕੇ ਦੇਹ ਬਣਾਈ ਹੈ (ਪਰ ਕੋਈ ਇਹ ਤਾਂ ਦਸੋ! ਜੋ) ਉਹ ਤੱਤ ਕਿਸ ਨੇ ਬਣਾਏ ਹਨ?

**ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥੨॥**

ਤੁਸੀਂ ਆਖਦੇ ਜੋ ਕਰਮਾਂ ਦਾ ਬੱਧਾ ਜੀਵ (ਆਉਂਦਾ ਜਾਂਦਾ ਹੈ ਪਰ ਏਹ ਤਾਂ ਦੱਸੋ ਜੋ) ਕਰਮਾਂ ਨੂੰ ਜੀਵਨ ਪਦ ਕਿਸ ਦਿੱਤਾ ਹੈ? (ਅਰਥਾਤ ਕਰਮ ਕਿਸ ਤੋਂ ਪੈਦਾ ਹੋਏ ਹਨ?) ॥੨॥

**ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥**

ਹਰੀ ਵਿਚ ਸਰੀਰ ਹੈ, ਸਰੀਰ ਵਿਚ ਹਰੀ (ਪੂਰਨ) ਹੈ, ਸਾਰਿਆਂ ਵਿਚ ਓਹੀ ਵਿਆਪਕ ਹੈ।

**ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ ॥੩॥੩॥**

ਕਬੀਰ ਜੀ ਆਖਦੇ ਹਨ, ਹੇ ਭਾਈ! ਰਾਮ ਦਾ ਨਾਮ ਨਾ ਛੱਡੋ ਜੋ ਹੋਣਾ ਹੈ ਉਹ ਤਾਂ ਸਹਜੇ ਹੀ ਹੋ ਜਾਣਾ ਹੈ ॥੩॥੩॥

## ਰਾਗੁ ਗੋਂਡ ਬਾਣੀ ਕਬੀਰ ਜੀਉ ਕੀ ਘਰੁ ੨

### ੧ਓ ਸਤਿਗੁਰ ਪ੍ਰਸਾਦਿ ॥

*ਉਥਾਨਕਾ*—ਸਿਕੰਦਰ ਲੋਧੀ ਪਾਤਸ਼ਾਹ ਕਾਂਸ਼ੀ ਵਿਚ ਗਿਆ ਤਾਂ ਕਾਜੀਆਂ ਬ੍ਾਹਮਣਾਂ ਨੇ ਰਲ ਕੇ ਕਬੀਰ ਜੀ ਦੀ ਸ਼ਕੈਤ ਕੀਤੀ। ਕਬੀਰ ਜੀ ਦਰਬਾਰ ਵਿਚ ਆਏ ਤਾਂ ਉਨ੍ਹਾਂ ਨੇ ਨਿਉਂਕੇ ਬਾਦਸ਼ਾਹ ਨੂੰ ਸਲਾਮ ਭੀ ਨਾ ਕੀਤੀ। ਇਹ ਵੇਖ ਕੇ ਸਿਕੰਦਰ ਨੇ ਕ੍ਰੋਧ ਨਾਲ ਪੁਛਿਆ—"ਤੂੰ ਸਲਾਮ ਕਿਉਂ ਨਹੀਂ ਕੀਤਾ?" ਆਪ ਨੇ ਕਿਹਾ, "ਮੈਂ ਨਿਰੰਕਾਰ ਤੋਂ ਬਿਨਾਂ ਹੋਰ ਕਿਸੇ ਅੱਗੇ ਨਿਉਂਦਾ ਹੀ ਨਹੀਂ।" ਇਹ ਜਵਾਬ ਸੁਣ ਕੇ ਕ੍ਰੋਧ ਨਾਲ ਬਾਦਸ਼ਾਹ ਨੇ ਹੁਕਮ ਦਿੱਤਾ, "ਜੋ ਇਸ ਜੁਲਾਹੇ ਨੂੰ ਖ਼ੂਨੀ ਹਾਥੀ ਅੱਗੇ ਸੁੱਟ ਕੇ ਮਰਵਾ ਦਿਓ!" ਉਹ ਸਾਰੀ ਵਿਥਿਆ ਇਸ ਸ਼ਬਦ ਵਿਚ ਪ੍ਰਗਟ ਕੀਤੀ :—

**ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥**

(ਮੇਰੀਆਂ) ਬਾਹੀਆਂ ਬੰਨ੍ਹ ਕੇ [ਭਿਲਾ] ਗਠੜੀ ਜੇਹਾ ਕਰਕੇ ਸੁੱਟ ਦਿੱਤਾ। (ਮਹਾਵਤ ਨੇ) ਹਾਥੀ ਨੂੰ ਕ੍ਰੋਧ ਚੜ੍ਹਾਉਣ (ਲਈ ਉਸ ਦੇ) ਸਿਰ ਵਿਚ (ਅੰਕਸ) ਮਾਰਿਆ।

**ਹਸਤਿ ਭਾਗਿ ਕੈ ਚੀਸਾ ਮਾਰੈ ॥ ਇਆ ਮੂਰਤਿ ਕੈ ਹਉ ਬਲਿਹਾਰੈ ॥੧॥**

ਹਾਥੀ ਚੀਕਾਂ ਮਾਰਦਾ ਭੱਜ ਗਿਆ। (ਜਾਨੋ ਉਹ ਆਖਦਾ ਹੈ ਕਿ) ਮੈਂ ਇਸ ਮੂਰਤ ਤੋਂ ਬਲਿਹਾਰ ਜਾਂਦਾ ਹਾਂ ॥੧॥

**ਆਹਿ ਮੇਰੇ ਠਾਕੁਰ ਤੁਮਰਾ ਜੋਰੁ ॥ ਕਾਜੀ ਬਕਿਬੋ ਹਸਤੀ ਤੋਰੁ ॥੧॥ ਰਹਾਉ ॥**

ਹੇ ਮੇਰੇ ਮਾਲਕ! ਤੇਰਾ ਹੀ ਆਸਰਾ ਹੈ। ਕਾਜ਼ੀ ਬੋਲਿਆ (ਹੇ ਮਹਾਵਤ!) ਹਾਥੀ ਨੂੰ ਤੋਰ ॥੧॥ ਰਹਾਉ ॥

**ਰੇ ਮਹਾਵਤ ਤੁਝੁ ਡਾਰਉ ਕਾਟਿ ॥ ਇਸਹਿ ਤੁਰਾਵਹੁ ਘਾਲਹੁ ਸਾਟਿ ॥**

ਹੇ ਮਹਾਵਤ! (ਮੈਂ) ਤੈਨੂੰ ਮਰਵਾ ਦੇਵਾਂਗਾ, (ਨਹੀਂ ਤਾਂ ਹਾਥੀ ਨੂੰ) ਅੱਗੇ ਤੋਰੋ (ਅਤੇ ਇਸ ਪਾਸੋਂ) ਸੱਟ ਮਰਵਾ ਕੇ, ਇਸ (ਕਬੀਰ) ਨੂੰ ਮਰਵਾ ਦੇਹੁ।

**ਹਸਤਿ ਨ ਤੋਰੈ ਧਰੈ ਧਿਆਨੁ ॥ ਵਾ ਕੈ ਰਿਦੈ ਬਸੈ ਭਗਵਾਨੁ ॥੨॥**

ਹਾਥੀ ਤੁਰਦਾ ਨਹੀਂ ਟਕ ਬੰਨ੍ਹਕ ਵੇਖਦਾ ਹੈ, (ਕਿਉਂਕਿ) ਉਸਦੇ ਹਿਰਦੇ ਵਿਚ ਭੀ ਤਾਂ ਨਿਰੰਕਾਰ ਵਸਦਾ ਹੈ (ਜੋ ਆਪਣੇ ਭਗਤ ਨੂੰ ਮਾਰ ਨਹੀਂ ਪੈਣ ਦੇਂਦਾ) ॥੨॥

**ਕਿਆ ਅਪਰਾਧੁ ਸੰਤ ਹੈ ਕੀਨ੍ਹਾ ॥ ਬਾਂਧਿ ਪੋਟ ਕੁੰਚਰ ਕਉ ਦੀਨ੍ਹਾ ॥**

(ਲੋਕੀਂ ਆਖਦੇ ਹਨ, ਇਸ) ਸੰਤ ਨੇ ਕੀ ਗੁਨਾਹ ਕੀਤਾ ਹੈ ? ਗੰਢ ਬੰਨ੍ਹ ਕੇ ਹਾਥੀ ਅੱਗੇ (ਮਾਰਨ ਲਈ ਸੁਟ) ਦਿੱਤਾ ਹੈ।

**ਕੁੰਚਰੁ ਪੋਟ ਲੈ ਲੈ ਨਮਸਕਾਰੈ ॥ ਬੂਝੀ ਨਹੀ ਕਾਜੀ ਅੰਧਿਆਰੈ ॥੩॥**

ਹਾਥੀ ਗੰਢ ਨੂੰ ਚੁੱਕ ਕੇ ਸਲਾਮ ਕਰਦਾ ਹੈ। ਕਾਜ਼ੀ ਅੰਨ੍ਹੇ ਨੇ ਅਜੇ ਭੀ ਨਹੀਂ ਸਮਝਿਆ ॥੩॥

**ਤੀਨਿ ਬਾਰ ਪਤੀਆ ਭਰਿ ਲੀਨਾ ॥ ਮਨ ਕਠੋਰੁ ਅਜਹੂ ਨ ਪਤੀਨਾ ॥**

ਤਿੰਨ ਵੇਰੀ ਪਰਤਾਵਾ ਕਰ ਲਿਆ ਹੈ। (ਪਰ ਕਾਜ਼ੀ ਦਾ) ਕਠੋਰ ਮਨ ਅਜੇ ਵੀ ਨਹੀਂ ਪਤੀਜਿਆ।

**ਕਹਿ ਕਬੀਰ ਹਮਰਾ ਗੋਬਿੰਦੁ ॥ ਚਉਥੇ ਪਦ ਮਹਿ ਜਨ ਕੀ ਜਿੰਦੁ ॥੪॥੧॥੪॥**

ਕਬੀਰ ਜੀ ਆਖਦੇ ਹਨ, ਵਾਹਿਗੁਰੂ ਸਾਡਾ ਰਾਖਾ ਹੈ, ਦਾਸ ਦੀ ਜਾਨ (ਤਾਂ) ਤੁਰੀਆ ਪਦ ਵਿਚ (ਵਸਦੀ) ਹੈ ॥੪॥੧॥੪॥

**ਗੋਂਡ ॥ ਨਾ ਇਹੁ ਮਾਨਸੁ ਨਾ ਇਹੁ ਦੇਉ ॥ ਨਾ ਇਹੁ ਜਤੀ ਕਹਾਵੈ ਸੇਉ ॥**

ਇਹ (ਆਤਮਾ) ਨਾ ਮਨੁੱਖ ਹੈ, ਨਾ ਇਹ ਦੇਵਤਾ ਹੈ। ਨਾ ਇਹ ਜਤੀ (ਹੈ, ਅਤੇ ਨਾ ਹੀ) ਸ਼ੈਵੀ ਕਹਾ ਸਕਦਾ ਹੈ।

**ਨਾ ਇਹੁ ਜੋਗੀ ਨਾ ਅਵਧੂਤਾ ॥ ਨਾ ਇਸੁ ਮਾਇ ਨ ਕਾਹੂ ਪੂਤਾ ॥੧॥**

ਇਹ ਜੋਗੀ (ਭੀ) ਨਹੀਂ ਤੇ ਨਾ ਹੀ ਅਵਧੂਤ ਹੈ। ਨਾ ਇਸ ਦੀ (ਕੋਈ) ਮਾਂ ਹੈ, ਨਾ (ਇਹ) ਕਿਸੇ ਦਾ ਪੁਤ੍ਰ ਹੈ ॥੧॥

**ਇਆ ਮੰਦਰ ਮਹਿ ਕੌਨ ਬਸਾਈ ॥ ਤਾ ਕਾ ਅੰਤੁ ਨ ਕੋਊ ਪਾਈ ॥੧॥ ਰਹਾਉ ॥**

ਇਸ ਸਰੀਰ ਵਿਚ ਕੌਣ ਵਸਦਾ ਹੈ ? ਉਸ ਦਾ ਕੋਈ ਅੰਤ ਨਹੀਂ ਪਾ ਸਕਦਾ ॥੧॥ ਰਹਾਉ ॥

**ਨਾ ਇਹੁ ਗਿਰਹੀ ਨਾ ਓਦਾਸੀ ॥ ਨਾ ਇਹੁ ਰਾਜ ਨ ਭੀਖ ਮੰਗਾਸੀ ॥**

ਨਾ ਇਹ ਗ੍ਰਿਹਸਤੀ ਹੈ, ਨਾ ਤਿਆਗੀ ਹੈ, ਨਾ ਇਹ ਰਾਜਾ ਹੈ, ਨਾ ਭਿਖ ਮੰਗਾ ਹੈ।

**ਨਾ ਇਸੁ ਪਿੰਡੁ ਨ ਰਕਤੂ ਰਾਤੀ ॥ ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥੨॥**

ਨਾ ਹੀ ਇਸਦਾ ਸਰੀਰ ਹੈ, ਨਾ ਹੀ (ਇਸ ਵਿਚ) ਲਹੂ ਦੀ ਰੱਤੀ ਹੈ। ਨਾ ਏਹ ਬ੍ਰਾਹਮਣ ਹੈ, ਨਾ ਹੀ ਏਹ ਖੱਤ੍ਰੀ ਹੈ ॥੨॥

**ਨਾ ਇਹੁ ਤਪਾ ਕਹਾਵੈ ਸੇਖੁ ॥ ਨਾ ਇਹੁ ਜੀਵੈ ਨ ਮਰਤਾ ਦੇਖੁ ॥**

ਨਾ ਹੀ ਏਹ ਤਪਾ ਹੈ, ਨਾ ਹੀ ਸੇਖ ਕਹਾ ਜਾ ਸਕਦਾ ਹੈ, ਨਾ ਏਹ ਜੀਂਵਦਾ ਹੈ, ਨਾ ਮਰਦਾ ਦਿਸਦਾ ਹੈ।

**ਇਸੁ ਮਰਤੇ ਕਉ ਜੇ ਕੋਊ ਰੋਵੈ ॥ ਜੋ ਰੋਵੈ ਸੋਈ ਪਤਿ ਖੋਵੈ ॥੩॥**

ਜੇਹੜਾ ਕੋਈ ਇਸ ਨੂੰ ਮੋਇਆ ਜਾਣ ਕੇ ਰੋਂਦਾ ਹੈ। ਉਹ ਰੋਣ ਵਾਲਾ ਆਪਣੀ ਹੀ ਇੱਜ਼ਤ ਗੁਆਉਂਦਾ ਹੈ ॥੩॥

**ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥ ਜੀਵਨ ਮਰਨੁ ਦੋਊ ਮਿਟਵਾਇਆ ॥**

ਗੁਰਾਂ ਦੀ ਕ੍ਰਿਪਾ ਨਾਲ ਮੈਨੂੰ [ਡਗਰੋ] ਰਾਹ ਲੱਭ ਪਿਆ ਹੈ। (ਇਸ ਲਈ) ਜੰਮਣਾ ਤੇ ਮਰਨਾ ਦੋਵੇਂ ਮਿਟ ਗਏ ਹਨ।

**ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥੨॥੫॥**

ਕਬੀਰ ਜੀ ਆਖਦੇ ਹਨ, ਇਹ (ਆਤਮਾ ਤਾਂ) ਰਾਮ ਦੀ ਅੰਸ ਹੈ। ਜਿਵੇਂ ਕਾਗਤ (ਉਤੇ ਛਪੀ ਹੋਈ) [ਮੰਸੁ] ਸ਼ਜਾਹੀ ਮਿਟਦੀ ਨਹੀਂ, (ਇਵੇਂ ਇਹ ਕਦੇ ਨਾਸ ਨਹੀਂ ਹੁੰਦਾ)॥੪॥੨॥੫॥

## ਗੋਂਡ ॥

**ਉਥਾਨਕਾ**—ਇਸ ਸ਼ਬਦ ਦੇ ਪਹਿਲੇ ਤਿੰਨਾਂ ਅੰਕਾਂ ਵਿਚ ਉਸਦਾ ਅਨੁਵਾਦ ਹੈ, ਜੋ ਕਬੀਰ ਜੀ ਦੀ ਮਾਂ ਘਰ ਵਿਚ ਔਂਦੇ ਜਾਂਦੇ ਸੰਤਾਂ ਨੂੰ ਵੇਖ ਕੇ ਤੇ ਉਨ੍ਹਾਂ ਦੀ ਸੇਵਾ ਵਿਚ ਲਗੇ ਹੋਏ ਆਪਣੇ ਪੁੱਤ ਨੂੰ ਵੇਖ ਕੇ ਦੁਖੀ ਹੁੰਦੀ ਤੇ ਵਿਚੋਂ ਵਿਚ ਸੜਦੀ ਹੋਈ ਆਖਿਆ ਕਰਦੀ ਸੀ। ਅੰਤਲੇ ਅੰਕ ਵਿਚ ਭਗਤ ਜੀ ਨੇ ਲੋਈ ਜੀ ਨੂੰ ਮੁਖਾਤਬ ਹੋ ਕੇ ਮਾਂ ਨੂੰ ਉਪਦੇਸ਼ ਦਿਤਾ ਹੈ :—

**ਤੂਟੇ ਤਾਗੇ ਨਿਖੁਟੀ ਪਾਨਿ ॥ ਦੁਆਰ ਊਪਰਿ ਝਿਲਕਾਵਹਿ ਕਾਨ ॥**

ਧਾਗੇ ਟੁਟ ਗਏ ਹਨ, ਪਾਨ ਮੁਕ ਗਈ ਹੈ। ਬੂਹੇ ਉਤੇ (ਟੰਗੇ ਹੋਏ) ਖਾਲੀ ਕਾਨੇ ਪਏ ਲਿਸ਼ਕਦੇ ਹਨ।

**ਕੂਚ ਬਿਚਾਰੇ ਫੂਏ ਫਾਲ ॥ ਇਆ ਮੁੰਡੀਆ ਸਿਰਿ ਚਢਿਬੋ ਕਾਲ ॥੧॥**

ਵਿਚਾਰੇ ਕੂਚ ਭੀ [ਫੂਏ ਫਾਲ] ਤਿੜ੍ਹ ਬਿੜ੍ਹ ਹੋ ਗਏ ਹਨ। ਇਸ ਮੁੰਡੇ (ਕਬੀਰ) ਦੇ ਸਿਰ ਤੇ ਕਾਲ ਸਵਾਰ ਹੋ ਗਿਆ ਹੈ ॥੧॥

**ਇਹੁ ਮੁੰਡੀਆ ਸਗਲੋ ਦ੍ਰਬੁ ਖੋਈ ॥ ਆਵਤ ਜਾਤ ਨਾਕ ਸਰ ਹੋਈ ॥੧॥ ਰਹਾਉ ॥**

ਇਸ ਮੁੰਡੇ ਨੇ (ਅਗਲਾ ਜੁੜਿਆ) ਧਨ ਭੀ ਸਾਰਾ ਲੁਟਾ ਦਿੱਤਾ ਹੈ। (ਸਾਧਾਂ ਨੂੰ) ਔਂਦੇ ਜਾਂਦੇ (ਵੇਖ ਕੇ ਤਾਂ ਮੇਰੀ) ਨਕ [ਸਰ] ਜਾਨ ਆ ਗਈ ਹੈ ॥੧॥ ਰਹਾਉ ॥

**ਤੁਰੀ ਨਾਰਿ ਕੀ ਛੋਡੀ ਬਾਤਾ ॥ ਰਾਮ ਨਾਮ ਵਾ ਕਾ ਮਨੁ ਰਾਤਾ ॥**

'ਤਰ' ਤੇ 'ਨਾਲ' ਦੀ ਤਾਂ ਉਸ ਨੇ ਗੱਲ ਹੀ ਛੱਡ ਦਿਤੀ ਹੈ। ਰਾਮ ਦਾ ਨਾਮ (ਜਪਣ ਵਿਚ) ਉਸ ਦਾ ਮਨ ਲੱਗ ਗਿਆ ਹੈ।

Sri Satguru Jagjit Singh Ji eLibrary NamdhariElibrary@gmail.com

**ਲਰਿਕੀ ਲਰਿਕਨ ਖੈਬੋ ਨਾਹਿ ॥ ਮੁੰਡੀਆ ਅਨਦਿਨੁ ਧਾਪੇ ਜਾਹਿ ॥੨॥**

ਕੁੜੀ ਤੇ ਮੁੰਡੇ ਦੇ ਖਾਣ ਜੋਗਾ ਨਹੀਂ (ਮਿਲਦਾ) ਸਾਧੂ ਦਿਨ ਰਾਤ ਰੱਜ ਕੇ (ਘਰੋਂ ਤੁਰੇ) ਜਾਂਦੇ ਹਨ ॥੨॥

**ਇਕ ਦੁਇ ਮੰਦਰਿ ਇਕ ਦੁਇ ਬਾਟ ॥ ਹਮ ਕਉ ਸਾਥਰੁ ਉਨ ਕਉ ਖਾਟ ॥**

ਇਕ ਦੋ ਸਾਧੂ ਘਰ (ਦੇ ਅੰਦਰ ਬੈਠੇ ਹੁੰਦੇ ਹਨ), ਇਕ ਦੋ ਰਾਹ (ਵਿਚ ਤੁਰੇ ਔਂਦੇ ਹਨ)। ਸਾਨੂੰ ਭੁੰਞੇ (ਸੌਣਾ ਪੈਂਦਾ ਹੈ, ਅਤੇ) ਉਨ੍ਹਾਂ ਨੂੰ [ਖਾਟ] ਮੰਜੇ (ਦੇਂਦਾ ਹੈ)।

**ਮੂਡ ਪਲੋਸਿ ਕਮਰ ਬਧਿ ਪੋਥੀ ॥ ਹਮ ਕਉ ਚਾਬਨੁ ਉਨ ਕਉ ਰੋਟੀ ॥੩॥**

(ਜੋ) ਸਿਰ ਤੇ ਹੱਥ ਫੇਰਦੇ ਹਨ, ਤੇ ਲੱਕ ਨਾਲ ਪੋਥੀ ਬੰਨ੍ਹੀ (ਆਉਂਦੇ ਹਨ)। ਉਨ੍ਹਾਂ ਨੂੰ ਰੋਟੀ (ਪਕਵਾ ਕੇ ਦੇਂਦਾ ਹੈ, ਅਤੇ) ਸਾਨੂੰ ਚਬੀਨਾ (ਮਿਲਦੀ ਹੈ) ॥੩॥

**ਮੁੰਡੀਆ ਮੁੰਡੀਆ ਹੂਏ ਏਕ ॥ ਏ ਮੁੰਡੀਆ ਬੂਡਤ ਕੀ ਟੇਕ ॥**

(ਮੇਰਾ) ਸਿਰ ਮੁੰਨਾ (ਭੀ ਉਨ੍ਹਾਂ) ਸਿਰ ਮੁੰਨਿਆਂ ਨਾਲ ਮਿਲ ਗਿਆ ਹੈ। ਏਹ ਸਿਰਮੁੰਨੇ ਤਾਂ ਡੋਬਨ ਵਾਲੀ ਓਟ ਹਨ, (ਅਰਥਾਤ ਇਨ੍ਹਾਂ ਦੀ ਓਟ ਲੈਣ ਵਾਲਾ ਡੁੱਬ ਜਾਵੇਗਾ)।

**ਸੁਨਿ ਅੰਧੁਲੀ ਲੋਈ ਬੇਪੀਰਿ ॥ ਇਨ੍ ਮੁੰਡੀਅਨ ਭਜਿ ਸਰਨਿ ਕਬੀਰ ॥੪॥੩॥੬॥**

ਹੇ ਅੰਨ੍ਹੀ ਤੇ ਨਿਗੁਰੀ ਲੋਈ! ਸੁਣ, ਇਨਾਂ ਦੀ ਸ਼ਰਨ ਲੈ ਕੇ (ਤਰ ਜਾਵੇਂਗੀ) ਕਬੀਰ (ਜੀ ਆਖਦੇ ਹਨ) ॥੪॥੩॥੬॥

SIKHBOOKCLUB.COM

**ਗੋਂਡ ॥ ਖਸਮੁ ਮਰੈ ਤਉ ਨਾਰਿ ਨ ਰੋਵੈ ॥ ਉਸੁ ਰਖਵਾਰਾ ਅਉਰੋ ਹੋਵੈ**

ਮਾਲਕ ਮਰ ਜਾਵੇ ਤਾਂ [ਨਾਰਿ] ਮਾਇਆ ਨਹੀਂ ਰੋਂਦੀ। (ਕਿਉਂਕਿ) ਉਸ ਦੀ ਰਾਖੀ ਕਰਨ ਨੂੰ ਹੋਰ ਖੜਾ ਹੋ ਜਾਂਦਾ ਹੈ।

**ਰਖਵਾਰੇ ਕਾ ਹੋਇ ਬਿਨਾਸ ॥ ਆਗੈ ਨਰਕੁ ਈਹਾ ਭੋਗ ਬਿਲਾਸ ॥੧॥**

ਉਹ ਰਖਵਾਲਾ ਇਥੇ ਮੌਜਾਂ ਮਾਣਦਾ ਹੈ, (ਜਦ ਉਸਦਾ) ਨਾਸ ਹੁੰਦਾ ਹੈ। (ਤਾਂ) ਅਗੇ (ਜਾ ਕੇ) ਨਰਕਾਂ (ਵਿਚ ਪੈਂਦਾ ਹੈ) ॥੧॥

**ਏਕ ਸੁਹਾਗਨਿ ਜਗਤ ਪਿਆਰੀ ॥ ਸਗਲੇ ਜੀਅ ਜੰਤ ਕੀ ਨਾਰੀ ॥੧॥ ਰਹਾਉ ॥**

ਇਕੋ [ਸੁਹਾਗਨਿ] ਮਾਇਆ (ਹੀ ਸਾਰੇ) ਜਗਤ ਨੂੰ ਪਿਆਰੀ ਹੈ। ਸਾਰੇ ਜੀਵ ਜੰਤੂਆਂ ਦੀ (ਏਹੋ) ਇਸਤਰੀ ਹੈ ॥੧॥ ਰਹਾਉ ॥

**ਸੋਹਾਗਨਿ ਗਲਿ ਸੋਹੈ ਹਾਰੁ ॥ ਸੰਤ ਕਉ ਬਿਖੁ ਬਿਗਸੈ ਸੰਸਾਰੁ ॥**

ਮਾਇਆ ਦੇ ਗਲ (ਸੁੰਦਰਤਾਈ) ਹਾਰ ਸੋਭਦਾ ਹੈ। ਸੰਸਾਰ ਨੂੰ ਖੁਸ਼ ਕਰਦੀ ਹੈ, ਪਰ ਸੰਤਾਂ ਨੂੰ ਜ਼ੈਹਰ (ਰੂਪ ਦਿਸਦੀ ਹੈ)।

**ਕਰਿ ਸੀਗਾਰੁ ਬਹੈ ਪਖਿਆਰੀ ॥ ਸੰਤ ਕੀ ਠਿਠਕੀ ਫਿਰੈ ਬਿਚਾਰੀ ॥੨॥**

[ਪਖਿਆਰੀ] ਕੰਜਰੀ ਵਾਂਗੂੰ ਸ਼ਿੰਗਾਰ ਲਾ ਕੇ ਬਹਿੰਦੀ ਹੈ। ਸੰਤਾਂ ਦੀ ਸਰਾਪੀ ਹੋਈ ਵਿਚਾਰੀ (ਦਰ

ਦਰ ਧੱਕੇ ਖਾਂਦੀ) ਫਿਰਦੀ ਹੈ ॥੨॥

**ਸੰਤ ਭਾਗਿ ਓਹ ਪਾਛੈ ਪਰੈ ॥ ਗੁਰ ਪਰਸਾਦੀ ਮਾਰਹੁ ਡਰੈ ॥**

ਉਹ ਭੱਜ-ਭੱਜ ਸੰਤਾਂ ਦੇ ਮਗਰ ਪੈਂਦੀ ਹੈ। ਪਰ ਨਾਲ ਹੀ [ਗੁਰ ਪਰਸਾਦੀ] ਸੰਤਾਂ ਦੀ ਮਾਰ ਤੋਂ ਡਰਦੀ ਹੈ।

**ਸਾਕਤ ਕੀ ਓਹ ਪਿੰਡ ਪਰਾਇਣਿ ॥ ਹਮ ਕਉ ਦ੍ਰਿਸਟਿ ਪਰੈ ਤ੍ਰਖਿ ਡਾਇਣਿ ॥੩॥**

ਸਾਕਤਾਂ ਦੀ ਤਾਂ ਉਹ ਦੇਹ ਪ੍ਰਾਣ ਹੈ। (ਪਰ) ਸਾਨੂੰ ਤਾਂ ਉਹ ਡਰੌਣੀ ਨਜ਼ਰ ਔਂਦੀ ਹੈ।

**ਹਮ ਤਿਸ ਕਾ ਬਹੁ ਜਾਨਿਆ ਭੇਉ ॥ ਜਬ ਹੂਏ ਕ੍ਰਿਪਾਲ ਮਿਲੇ ਗੁਰਦੇਉ ॥**

ਜਦ ਗੁਰਦੇਵ ਜੀ ਕ੍ਰਿਪਾਲ ਹੋਏ ਤਾਂ ਅਸਾਂ ਉਸਦਾ ਭੇਦ ਚੰਗੀ ਤਰ੍ਹਾਂ ਜਾਣ ਲਿਆ।

**ਕਹੁ ਕਬੀਰ ਅਬ ਬਾਹਰਿ ਪਰੀ ॥ ਸੰਸਾਰੈ ਕੈ ਅੰਚਲਿ ਲਰੀ ॥੪॥੪॥੭॥**

ਕਬੀਰ ਜੀ ਆਖਦੇ ਹਨ, ਹੁਣ (ਸਾਡੇ ਘਰੋਂ ਬਾਹਰ ਨਿਕਲ ਗਈ ਹੈ, ਅਤੇ) ਸੰਸਾਰ ਦੇ ਲੜ ਲਗ ਗਈ ਹੈ ॥੪॥੪॥੭॥

**ਗੋਂਡ ॥ ਗ੍ਰਿਹਿ ਸੋਭਾ ਜਾ ਕੈ ਰੇ ਨਾਹਿ ॥ ਆਵਤ ਪਹੀਆ ਖੂਧੇ ਜਾਹਿ ॥**

ਹੇ ਭਾਈ! ਜਿਸ ਦੇ ਘਰ [ਸੋਭਾ= ਇਸਤਰੀ] ਮਾਇਆ ਨਹੀਂ ਹੈ। (ਉਸ ਦੇ ਘਰ) ਆਏ ਹੋਏ [ਪਹੀਆ] ਪ੍ਰਾਹੁਣੇ ਭੀ ਭੁਖੇ ਜਾਂਦੇ ਹਨ।

SIKHBOOKCLUB.COM

**ਵਾ ਕੈ ਅੰਤਰਿ ਨਹੀ ਸੰਤੋਖੁ ॥ ਬਿਨੁ ਸੋਹਾਗਨਿ ਲਾਗੈ ਦੋਖੁ ॥੧॥**

ਉਸ ਦੇ ਦਿਲ ਨੂੰ ਸੰਤੋਖ ਨਹੀਂ (ਹੁੰਦਾ) ਮਾਇਆ ਤੋਂ ਹੀਣੇ (ਪੁਰਸ਼ ਨੂੰ ਕਈ) ਦੁਖ ਲਗ ਜਾਂਦੇ ਹਨ ॥੧॥

**ਧਨੁ ਸੋਹਾਗਨਿ ਮਹਾ ਪਵੀਤ ॥ ਤਪੇ ਤਪੀਸਰ ਡੋਲੈ ਚੀਤ ॥੧॥ ਰਹਾਉ ॥**

ਮਾਇਆ ਧੰਨ ਹੈ, (ਜਿਸ ਨੇ) ਵੱਡਾ ਪਵਿਤ੍ਰ ਤਪੀ ਤੇ ਤਪੀਸਰਾਂ ਦੇ ਚਿੱਤ ਨੂੰ ਡੁਲਾ ਦਿੱਤਾ ਹੈ ॥੧॥ ਰਹਾਉ ॥

**ਸੋਹਾਗਨਿ ਕਿਰਪਨ ਕੀ ਪੂਤੀ ॥ ਸੇਵਕ ਤਜਿ ਜਗਤ ਸਿਉ ਸੂਤੀ ॥**

ਮਾਇਆ ਤਾਂ ਸੂਮ ਦੀ ਧੀ ਹੈ। ਜੋ ਹਰੀ ਦੇ ਸੇਵਕ ਨੂੰ ਛਡ ਕੇ ਸਾਰੇ ਜਗਤ ਦੇ ਗਲ ਚੰਬੜੀ ਹੋਈ ਹੈ।

**ਸਾਧੂ ਕੈ ਠਾਢੀ ਦਰਬਾਰਿ ॥ ਸਰਨਿ ਤੇਰੀ ਮੋ ਕਉ ਨਿਸਤਾਰਿ ॥੨॥**

ਸੰਤਾਂ ਦੇ ਬੂਹੇ ਅਗੇ ਖੜੀ (ਆਖਦੀ ਹੈ, ਮੈਂ) ਤੇਰੀ ਸ਼ਰਨੀ ਹਾਂ, ਮੈਨੂੰ ਤਾਰ ਲੈ ॥੨॥

**ਸੋਹਾਗਨਿ ਹੈ ਅਤਿ ਸੁੰਦਰੀ ॥ ਪਗ ਨੇਵਰ ਛਨਕ ਛਨਹਰੀ ॥**

ਮਾਇਆ ਡਾਢੀ ਸੋਹਣੀ ਹੈ, (ਇਸ ਦੇ) ਪੈਰਾਂ ਦੀਆਂ [ਨੇਵਰ] ਝਾਂਜਰਾਂ ਛਣ ਛਣ ਕਰਦੀਆਂ ਹਨ।

**ਜਉ ਲਗੁ ਪ੍ਰਾਨ ਤਊ ਲਗੁ ਸੰਗੇ ॥ ਨਾਹਿ ਤ ਚਲੀ ਬੇਗਿ ਉਠਿ ਨੰਗੇ ॥੩॥**

ਜਿੰਨਾ ਚਿਰ ਪ੍ਰਾਣ (ਰਹਿੰਦੇ ਹਨ) ਤਦ ਤਕ ਨਾਲ (ਰਹਿੰਦੀ ਹੈ, ਪ੍ਰਾਣ) ਨਾ ਰਹਿਣ ਤਾਂ [ਬੇਗਿ] ਛੇਤੀ ਨਾਲ ਨੰਗੇ (ਪੈਰੀਂ) ਉੱਠ ਤੁਰਦੀ ਹੈ ॥੩॥

**ਸੋਹਾਗਨਿ ਭਵਨ ਤ੍ਰੈ ਲੀਆ ॥ ਦਸ ਅਠ ਪੁਰਾਣ ਤੀਰਥ ਰਸ ਕੀਆ ॥**

ਮਾਇਆ ਨੇ ਤਿੰਨਾਂ ਲੋਕਾਂ ਨੂੰ (ਜਿੱਤ) ਲਿਆ ਹੈ। ਅਠਾਰਾਂ ਪੁਰਾਣਾਂ ਤੇ ਤੀਰਥਾਂ (ਨੇ ਭੀ ਮਾਇਆ ਨਾਲ) ਪ੍ਰੇਮ ਕੀਤਾ (ਹੋਇਆ ਹੈ)।

**ਬ੍ਰਹਮਾ ਬਿਸਨੁ ਮਹੇਸਰ ਬੇਧੇ ॥ ਬਡੇ ਭੂਪਤਿ ਰਾਜੇ ਹੈ ਛੇਧੇ ॥੪॥**

ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ (ਨੂੰ ਭੀ ਮਾਇਆ ਨੇ) ਵਿੰਨ੍ਹ ਲਿਆ ਹੈ, ਵੱਡੇ ਵੱਡੇ [ਭੂ × ਪਤਿ] ਜ਼ਿਮੀਦਾਰ ਤੇ ਰਾਜੇ ਭੀ ਇਸ ਨੇ ਮਾਰ ਦਿਤੇ ਹਨ ॥੪॥

**ਸੋਹਾਗਨਿ ਉਰਵਾਰਿ ਨ ਪਾਰਿ ॥ ਪਾਂਚ ਨਾਰਦ ਕੈ ਸੰਗਿ ਬਿਧਵਾਰਿ ॥**

ਮਾਇਆ ਦੇ ਆਦਿ ਅੰਤ (ਦਾ ਪਤਾ) ਨਹੀਂ (ਲੱਗਦਾ) ਪੰਜਾਂ [ਨਾਰਦ] ਇੰਦ੍ਰੀਆਂ ਦੇ ਨਾਲ [ਬਿਧਵਾਰਿ] ਮਿਲੀ ਹੋਈ ਹੈ।

**ਪਾਂਚ ਨਾਰਦ ਕੇ ਮਿਟਵੇ ਫੂਟੇ ॥ ਕਹੁ ਕਬੀਰ ਗੁਰ ਕਿਰਪਾ ਛੂਟੇ ॥੫॥੫॥੮॥**

ਪੰਜਾਂ ਇੰਦ੍ਰੀਆਂ ਦੇ ਭਾਂਡੇ ਟੁਟ ਗਏ ਹਨ। ਕਬੀਰ ਜੀ ਆਖਦੇ ਹਨ, ਗੁਰਾਂ ਦੀ ਕ੍ਰਿਪਾ (ਨਾਲ ਮੈਂ ਮਾਇਆ ਤੋਂ) ਛੁਟਕਾਰਾ ਪਾ ਗਿਆ ਹਾਂ ॥੫॥੫॥੮॥

SIKHBOOKCLUB.COM

**ਗੋਂਡ ॥ ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ ॥**
**ਨਾਮ ਬਿਨਾ ਕੈਸੇ ਪਾਰਿ ਉਤਰੈ ॥**

ਜਿਵੇਂ ਮਕਾਨ ਵਿਚ [ਬਲਹਰ] ਛਤੀਰ ਨਾ (ਹੋਵੇ ਤਾਂ ਮਕਾਨ ਨਹੀਂ) ਠਹਿਰ ਸਕਦਾ, (ਇਵੇਂ ਹੀ ਨਾਮ ਤੋਂ ਬਿਨਾਂ ਪਾਰ ਉਤਾਰਾ ਕਿਸੇ ਤਰ੍ਹਾਂ ਭੀ (ਨਹੀਂ ਹੋ ਸਕਦਾ)।

**ਕੁੰਭ ਬਿਨਾ ਜਲੁ ਨਾ ਟੀਕਾਵੈ ॥ ਸਾਧੂ ਬਿਨੁ ਐਸੇ ਅਬਗਤੁ ਜਾਵੈ ॥੧॥**

(ਜਿਵੇਂ) ਘੜੇ ਤੋਂ ਬਿਨਾਂ ਪਾਣੀ ਨਹੀਂ ਟਿਕ ਸਕਦਾ, ਇਸ ਤਰ੍ਹਾਂ ਸੰਤਾਂ ਬਿਨ (ਜੀਵ) ਨੀਚ ਗਤੀ ਨੂੰ ਜਾਂਦਾ ਹੈ ॥੧॥

**ਜਾਰਉ ਤਿਸੈ ਜੁ ਰਾਮੁ ਨ ਚੇਤੈ ॥**
**ਤਨ ਮਨ ਰਮਤ ਰਹੈ ਮਹਿ ਖੇਤੈ ॥੧॥ ਰਹਾਉ ॥**

ਜੋ ਰਾਮ ਨੂੰ ਨਹੀਂ ਜਪਦਾ ਤੇ ਤਨ ਮਨ ਕਰਕੇ [ਖੇਤੈ] ਸਰੀਰ ਦੀ (ਪਾਲਣਾ ਪੋਸਨਾ ਵਿਚ ਹੀ) [ਰਮਤ] ਫਸਿਆ ਰਹਿੰਦਾ ਹੈ, ਉਸ ਨੂੰ ਸਾੜ ਦੇਵੇ ॥੧॥ ਰਹਾਉ ॥

**ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ ॥ ਸੂਤ ਬਿਨਾ ਕੈਸੇ ਮਣੀ ਪਰੋਈਐ ॥**

ਜਿਵੇਂ [ਹਲਹਰ] ਵਾਹੇ ਤੋਂ ਬਿਨਾਂ ਜ਼ਿਮੀ ਨਹੀਂ ਬੀਜੀ ਜਾਂਦੀ (ਜਿਵੇਂ) ਸੂਤਰ ਤੋਂ ਬਿਨਾਂ ਕਿਸੇ ਤਰ੍ਹਾਂ ਭੀ ਮਣਕੇ ਨਹੀਂ ਪ੍ਰੋਤੇ ਜਾਂਦੇ।

**ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ ॥ ਸਾਧੂ ਬਿਨੁ ਤੈਸੇ ਅਬਗਤੁ ਜਾਈਐ ॥੨॥**

(ਜਿਵੇਂ) ਮਰੋੜੀ ਦਿਤੇ ਤੋਂ ਬਿਨਾਂ ਗੰਢ ਕਿਸ ਤਰ੍ਹਾਂ ਦਿਤੀ ਜਾ ਸਕਦੀ ? ਤਿਵੇਂ ਹੀ ਸਾਧੂ ਤੋਂ ਬਿਨਾਂ ਅਧੋਗਤੀ ਨੂੰ ਜਾਈਦਾ ਹੈ ॥੨॥

**ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥ ਬਿੰਬ ਬਿਨਾ ਕੈਸੇ ਕਪਰੇ ਧੋਈ ॥**

ਜਿਵੇਂ ਮਾਂ ਪਿਉ ਤੋਂ ਬਿਨਾਂ ਬੱਚਾ (ਪੈਦਾ) ਨਹੀਂ ਹੋ ਸਕਦਾ। (ਜਿਵੇਂ) [ਬਿੰਬ] ਪਾਣੀ ਤੋਂ ਬਿਨਾਂ ਕਪੜੇ ਕਿਵੇਂ ਧੋਤੇ ਜਾਣਗੇ ?

**ਘੋਰ ਬਿਨਾ ਕੈਸੇ ਅਸਵਾਰ ॥ ਸਾਧੂ ਬਿਨੁ ਨਾਹੀ ਦਰਵਾਰ ॥੩॥**

(ਜਿਵੇਂ) ਘੋੜੇ (ਉਤੇ ਚੜ੍ਹੇ ਤੋਂ) ਬਿਨ੍ਹਾਂ ਅਸਵਾਰ ਕਿਵੇਂ ਕਹਾ ਸਕਦਾ ਹੈ ? (ਇਵੇਂ ਹੀ) ਸੰਤਾਂ ਬਿਨਾਂ ਦਰਬਾਰ (ਵਿਚ ਪਹੁੰਚ) ਨਹੀਂ (ਹੋ ਸਕਦੀ) ॥੩॥

**ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ ॥ ਖਸਮਿ ਦੁਹਾਗਨਿ ਤਜਿ ਅਉਹੇਰੀ ॥**

ਜਿਵੇਂ ਸਾਜਾਂ ਤੋਂ ਬਿਨਾਂ ਫੇਰੀ ਨਹੀਂ ਲਾਈ ਜਾਂਦੀ। (ਇਵੇਂ) ਦੂਜਿਆਂ (ਪੁਰਸ਼ਾਂ ਵੱਲ) [ਹੇਰੀ] ਤੱਕਣ ਵਾਲੀ ਦੁਹਾਗਣਿ (ਇਸਤ੍ਰੀ ਨੂੰ) ਖਸਮ ਛੱਡ ਦੇਂਦਾ ਹੈ।

SIKHBOOKCLUB.COM

**ਕਹੈ ਕਬੀਰੁ ਏਕੈ ਕਰਿ ਕਰਨਾ ॥ ਗੁਰਮੁਖਿ ਹੋਇ ਬਹੁਰਿ ਨਹੀ ਮਰਨਾ ॥੪॥੬॥੯॥**

ਕਬੀਰ ਜੀ ਆਖਦੇ ਹਨ, ਇਕੋ ਕੰਮ ਕਰੋ, ਗੁਰਸਿਖ ਹੋ ਜਾਓ, ਫੇਰ ਮਰਨਾ ਨਹੀਂ (ਹੋਵੇਗਾ) ॥੪॥੬॥੯॥

## ਗੋਂਡ ॥

**ਉਥਾਨਕਾ**—ਸੰਸਾਰੀ ਲੋਕ ਕਬੀਰ ਜੀ ਨੂੰ ਗਾਲ੍ਹਾਂ ਕਢਿਆ ਕਰਦੇ, ਭਗਤ ਜੀ ਗਾਲ੍ਹਾਂ ਦਾ ਅਰਥ ਹੋਰ ਕਰਕੇ ਗਿਲ੍ਹਾ ਹੀ ਨਾ ਕਰਦੇ ਸਗੋਂ ਉਨ੍ਹਾਂ ਨੂੰ ਝੂਠਾ ਸਾਬਤ ਕਰਦੇ ਇਕੇਰਾਂ ਲੋਕਾਂ ਨੇ ਕਿਹਾ—ਹੇ ਕਬੀਰ! ਤੂੰ ਚੋਰ ਨੂੰ ਆਪਣੀ ਧੀ ਨਾਲ ਸੁਆ ਲਿਆ ਸੀ, ਇਸ ਲਈ ਤੂੰ ਵੱਡਾ ਕੁਟਨਾ ਹੈਂ, ਏਹ ਸੁਣਕੇ ਭਗਤ ਜੀ ਨੇ ਕਿਹਾ—

**ਕੂਟਨੁ ਸੋਇ ਜੁ ਮਨ ਕਉ ਕੂਟੈ ॥ ਮਨ ਕੂਟੈ ਤਉ ਜਮ ਤੇ ਛੂਟੈ ॥**

ਕੁੱਟਨਾ ਉਹ ਹੈ ਜੋ ਮਨ ਨੂੰ ਕੁੱਟਦਾ ਹੈ। ਮਨ ਨੂੰ ਕੁੱਟੇਗਾ ਤਾਂ ਜਮਾਂ ਤੋਂ ਛੁਟ ਜਾਵੇਗਾ।

**ਕੁਟਿ ਕੁਟਿ ਮਨੁ ਕਸਵਟੀ ਲਾਵੈ ॥ ਸੋ ਕੂਟਨੁ ਮੁਕਤਿ ਬਹੁ ਪਾਵੈ ॥੧॥**

ਮਨ ਨੂੰ ਕੁਟ ਕੁਟ ਕੇ (ਜੋ ਸੱਚ ਦੀ) ਕਸੌਟੀ (ਉਤੇ) ਲਾਂਦਾ ਹੈ। ਉਹ ਕੁਟਨਾ ਬਹੁਤੀਆਂ ਮੁਕਤੀਆਂ (ਚਾਰੇ ਮੁਕਤੀਆਂ) ਪਾਵੇਗਾ ॥੧॥

**ਕੂਟਨੁ ਕਿਸੈ ਕਹਹੁ ਸੰਸਾਰ ॥ ਸਗਲ ਬੋਲਨ ਕੇ ਮਾਹਿ ਬੀਚਾਰ ॥੧॥ ਰਹਾਉ ॥**

ਹੇ ਸੰਸਾਰੀ ਲੋਕੋ! ਤੁਸੀਂ ਕੁੱਟਨਾ ਕਿਸਨੂੰ ਆਖਦੇ ਹੋ ? ਬੋਲਨ ਦੇ ਵਿਚ ਹੀ ਸਾਰੇ ਵਿਚਾਰ ਹਨ! (ਇਹ

ਸੁਣ ਕੇ ਲੋਕਾਂ ਨੇ ਕਿਹਾ ਤੂੰ ਵੱਡਾ ਨਾਚਾ ਹੈਂ ॥੧॥ ਰਹਾਉ ॥ ਤਦ ਭਗਤ ਜੀ ਨੇ ਕਿਹਾ)—

**ਨਾਚਨੁ ਸੋਇ ਜੁ ਮਨ ਸਿਉ ਨਾਚੈ ॥ ਝੂਠਿ ਨ ਪਤੀਐ ਪਰਚੈ ਸਾਚੈ ॥**

ਨਾਚਾ ਉਹ ਹੈ, ਜੋ ਮਨ ਨਾਲ ਨੱਚਦਾ ਹੈ। ਝੂਠ ਦੀ ਪ੍ਰਤੀਤ ਨਹੀਂ ਕਰਦਾ, ਸੱਚ ਵਿਚ ਲਗਾ ਰਹਿੰਦਾ ਹੈ।

**ਇਸੁ ਮਨ ਆਗੇ ਪੂਰੈ ਤਾਲ ॥ ਇਸੁ ਨਾਚਨ ਕੇ ਮਨ ਰਖਵਾਲ ॥੨॥**

ਇਸ ਮਨ ਨਾਲ (ਨਿਰੰਕਾਰ ਅਗੇ) ਤਾਲ ਪੂਰਦਾ ਹੈ। ਅਜੇਹੇ ਨਾਚ ਦੇ ਮਨ ਦਾ ਰਾਖਾ ਵਾਹਿਗੁਰੂ ਹੁੰਦਾ ਹੈ) ॥੨॥ (ਇਹ ਸੁਣ ਕੇ ਲੋਕਾਂ ਨੇ ਕਿਹਾ ਤੂੰ ਵੱਡਾ ਮਖੌਲੀਆ ਹੈਂ, ਤਦ ਭਗਤ ਜੀ ਨੇ ਕਿਹਾ)—

**ਬਜਾਰੀ ਸੋ ਜੁ ਬਜਾਰਹਿ ਸੋਧੈ ॥ ਪਾਂਚ ਪਲੀਤਹ ਕਉ ਪਰਬੋਧੈ ॥**

ਮਖੌਲੀਆ ਉਹ ਹੈ, ਜੋ (ਸਰੀਰ ਰੂਪ ਸ਼ੈਹਰ ਦੇ ਇੰਦਰੇ ਰੂਪ) ਬਾਜ਼ਾਰਾਂ ਨੂੰ ਸ਼ੁਧ ਕਰਦਾ ਹੈ। [ਪਲੀਤਾ] ਅਪਵਿਤ੍ਰ ਪੰਜਾਂ (ਇੰਦ੍ਰੀਆਂ) ਨੂੰ ਅਵਿਦਿਆ (ਨੀਂਦ ਤੋਂ) ਜਗਾਉਂਦਾ ਹੈ।

**ਨਉ ਨਾਇਕ ਕੀ ਭਗਤਿ ਪਛਾਨੈ ॥ ਸੋ ਬਾਜਾਰੀ ਹਮ ਗੁਰ ਮਾਨੇ ॥੩॥**

(ਜੋ) ਨੌਂ (ਖੰਡਾਂ ਰੂਪ ਜਗਤ ਦੇ) ਮਾਲਕ ਦੀ ਭਗਤੀ ਕਰਦਾ ਹੈ। ਉਸ ਬਾਜ਼ਾਰੀ ਨੂੰ ਮੈਂ ਗੁਰੂ ਕਰਕੇ ਮੰਨਦਾ ਹਾਂ ॥੩॥ (ਲੋਕਾਂ ਨੇ ਕਿਹਾ, "ਤੂੰ ਤਾਂ ਚੋਰ ਹੈਂ।" ਤਾਂ ਆਪ ਨੇ ਉੱਤਰ ਦਿਤਾ)—

**ਤਸਕਰੁ ਸੋਇ ਜਿ ਤਾਤਿ ਨ ਕਰੈ ॥ ਇੰਦ੍ਰੀ ਕੈ ਜਤਨਿ ਨਾਮੁ ਉਚਰੈ ॥**

ਚੋਰ ਉਹ ਹੈ, ਜੇਹੜਾ (ਕਿਸੇ ਨਾਲ) [ਤਾਤਿ] ਈਰਖਾ ਨਹੀਂ ਕਰਦਾ ਜਤਨ ਨਾਲ ਇੰਦਰੀਆਂ (ਨੂੰ ਵਸ) ਕਰਕੇ ਨਾਮ ਜਪਦਾ ਹੈ।

**ਕਹੁ ਕਬੀਰ ਹਮ ਐਸੇ ਲਖਨ ॥ ਧੰਨੁ ਗੁਰਦੇਵ ਅਤਿ ਰੂਪ ਬਿਚਖਨ ॥੪॥੭॥੧੦॥**

ਕਬੀਰ ਜੀ ਆਖਦੇ ਹਨ, ਸਾਨੂੰ ਅਜੇਹੇ [ਲਖਨ] (ਗੁਰੂ ਦੀ ਕਿਰਪਾ ਨਾਲ ਮਿਲੇ ਹਨ। ਇਸ ਲਈ) ਸੋਹਣੇ ਰੂਪ ਵਾਲਾ [ਬਿਚਖਨ] ਚਤਰ ਗੁਰਦੇਵ ਜੀ ਧੰਨ ਹਨ ॥੪॥੭॥੧੦॥

## ਗੋਂਡ ॥

**ਉਥਾਨਕਾ**—ਕਿਸੇ ਪਖੰਡੀ ਦੂਧਾਧਾਰੀ ਨੂੰ ਵੇਖ ਕੇ ਭਗਤ ਜੀ ਨੇ ਉਚਾਰਿਆ—

**ਧੰਨੁ ਗੁਪਾਲ ਧੰਨੁ ਗੁਰਦੇਵ ॥ ਧੰਨੁ ਅਨਾਦਿ ਭੂਖੇ ਕਵਲੁ ਟਹਕੇਵ ॥**

ਵਾਹਿਗੁਰੂ ਧੰਨ ਹੈ, (ਫਿਰ) ਗੁਰਦੇਵ ਧੰਨ ਹੈ, (ਫਿਰ) ਅਨਾਜ ਧੰਨ ਹੈ, (ਜਿਸ ਨੂੰ ਖਾ ਕੇ) ਭੁਖੇ (ਪੁਰਸ਼ ਦਾ ਹਿਰਦਾ) ਕਵਲ ਟਹਿਕ ਆਉਂਦਾ ਹੈ।

**ਧਨੁ ਓਇ ਸੰਤ ਜਿਨ ਐਸੀ ਜਾਨੀ ॥ ਤਿਨ ਕਉ ਮਿਲਿਬੋ ਸਾਰਿੰਗਪਾਨੀ ॥੧॥**

ਉਹ ਸੰਤ ਧੰਨ ਹਨ, ਜਿਨ੍ਹਾਂ ਨੇ ਇਸ ਤਰ੍ਹਾਂ ਜਾਨਿਆ ਹੈ। ਉਨ੍ਹਾਂ ਨੂੰ [ਸਾਰਿੰਗਪਾਨੀ] ਪ੍ਰਮਾਤਮਾ ਮਿਲ ਜਾਂਦਾ ਹੈ ॥੧॥

**ਆਦਿ ਪੁਰਖ ਤੇ ਹੋਇ ਅਨਾਦਿ ॥ ਜਪੀਐ ਨਾਮੁ ਅੰਨ ਕੈ ਸਾਦਿ ॥੧॥ ਰਹਾਉ ॥**

Sri Satguru Jagjit Singh Ji eLibrary NamdhariElibrary@gmail.com

ਅਕਾਲ ਪੁਰਖ ਤੋਂ ਹੀ ਅਨਾਜ ਹੋਇਆ ਹੈ। ਅੰਨ ਦਾ (ਸਵਾਦ ਲੈ ਕੇ ਹੀ) ਨਾਮ ਜਪਿਆ ਜਾਂਦਾ ਹੈ ॥੧॥ ਰਹਾਉ ॥

**ਜਪੀਐ ਨਾਮੁ ਜਪੀਐ ਅੰਨੁ ॥ ਅੰਭੈ ਕੈ ਸੰਗਿ ਨੀਕਾ ਵੰਨੁ ॥**

ਨਾਮ ਜਪਨਾ ਚਾਹੀਦਾ ਹੈ, ਅੰਨ ਛਕਣਾ ਚਾਹੀਦਾ ਹੈ। [ਅੰਭੈ] ਪਾਣੀ ਦੇ ਨਾਲ (ਅੰਨ ਦਾ) ਸੋਹਣਾ [ਵੰਨੁ] ਰੰਗ (ਹੋ ਜਾਂਦਾ ਹੈ)।

**ਅੰਨੈ ਬਾਹਰਿ ਜੋ ਨਰ ਹੋਵਹਿ ॥ ਤੀਨਿ ਭਵਨ ਮਹਿ ਅਪਨੀ ਖੋਵਹਿ ॥੨॥**

ਜੋ ਪੁਰਸ਼ ਅੰਨ ਤੋਂ ਬਾਹਰ ਹੋਵੇਗਾ ਤਿੰਨਾਂ ਲੋਕਾਂ ਵਿਚ (ਉਹ) ਆਪਣੀ ਇੱਜ਼ਤ ਗਵਾਏਗਾ ॥੨॥

**ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥**

ਜੋ ਅੰਨ ਨੂੰ ਛਡਕੇ ਪਖੰਡ ਕਰਦੀ ਹੈ, ਉਹ ਨਾ ਸੋਹਾਗਣੀ ਹੈ ਤੇ ਨਾ ਹੀ ਰੰਡੀ ਹੈ।

**ਜਗ ਮਹਿ ਬਕਤੇ ਦੂਧਾਧਾਰੀ ॥ ਗੁਪਤੀ ਖਾਵਹਿ ਵਟਿ ਕਾਸਾਰੀ ॥੩॥**

(ਜੋ ਆਪਣੇ ਆਪ ਨੂੰ) ਜਗਤ ਵਿਚ ਦੂਧਾਧਾਰੀ ਕਹਾਉਂਦੇ ਹਨ। ਉਹ [ਕਾਸਾਰੀ] ਪੰਜੀਰੀ [ਵਟਿ] ਬਨਾ ਕੇ (ਲੋਕਾਂ ਤੋਂ) ਚੋਰੀ ਖਾਂਦੇ ਹਨ ॥੩॥

**ਅੰਨੈ ਬਿਨਾ ਨ ਹੋਇ ਸੁਕਾਲੁ ॥ ਤਜਿਐ ਅੰਨਿ ਨ ਮਿਲੈ ਗੁਪਾਲੁ ॥**

ਅੰਨ ਤੋਂ ਬਿਨਾਂ ਸੁਕਾਲ ਨਹੀਂ ਹੁੰਦਾ। ਅੰਨ ਨੂੰ ਛੱਡਿਆਂ ਗੁਪਾਲ ਨਹੀਂ ਮਿਲਦਾ।

SIKHBOOKCLUB.COM

**ਕਹੁ ਕਬੀਰ ਹਮ ਐਸੇ ਜਾਨਿਆ ॥ ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥੪॥੮॥੧੧॥**

ਕਬੀਰ ਜੀ ਆਖਦੇ ਹਨ ਅਸਾਂ ਇਉਂ ਜਾਣਿਆ ਹੈ, ਜੋ ਅਨਾਜ ਧੰਨ ਹੈ। (ਜਿਸ ਨੂੰ ਛਕ ਕੇ) ਵਾਹਿਗੁਰੂ ਵਿਚ ਮਨ ਲਗ ਗਿਆ ਹੈ ॥੪॥੮॥੧੧॥

## ਰਾਗੁ ਗੋਂਡ ਬਾਣੀ ਨਾਮਦੇਉ ਜੀ ਕੀ ਘਰੁ ੧

### ੴ ਸਤਿਗੁਰ ਪ੍ਰਸਾਦਿ ॥

***ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥੧॥**

ਪੁਰਖ ਅਸਮੇਧ ਜਗ ਕਰੇ (ਆਪਣੇ ਬਰਾਬਰ) ਤੋਲਕੇ ਦਾਨ ਕਰੇ ਪ੍ਰਾਗ ਦਾ ਇਸ਼ਨਾਨ ਕਰੇ ॥੧॥

**ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥**

**ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥੧॥ ਰਹਾਉ ॥**

---

** ਇਹ ਜਗ ਰਾਜੇ ਲੋਕ ਕੀਤਾ ਕਰਦੇ ਸਨ, ਜਿਸ ਵਿਚ ਘੋੜਾ ਖੁਲ੍ਹਾ ਛੱਡ ਦੇਂਦੇ ਸਨ, ਜੋ ਇਕ ਵਰ੍ਹੇ ਤੱਕ ਸਾਰੇ ਦੇਸ਼ਾਂ ਦੇਸ਼ਾਂਤਰਾਂ ਵਿਚ ਫਿਰਦਾ ਸੀ, ਮਗਰ ਫੌਜ ਹੁੰਦੀ ਸੀ। ਜੋ ਕੋਈ ਘੋੜੇ ਨੂੰ ਫੜਦਾ ਉਸ ਨਾਲ ਲੜਾਈ ਕਰ ਕੇ ਜਿੱਤਦੇ, ਜਦ ਘੋੜਾ ਸੁਖ ਸਾਂਦ ਨਾਲ ਘਰ ਆਉਂਦਾ, ਤਦ ਜਗ ਕਰਦੇ ਸਨ, ਅਜਿਹੇ ਸੌ ਜਗ ਕਰਨ ਨਾਲ ਇੰਦਰ ਦੀ ਪਦਵੀ ਮਿਲਦੀ ਹੈ, ਇਉਂ ਪੁਰਾਣਾਂ ਵਿਚ ਲਿਖਿਆ ਹੈ।*

Sri Satguru Jagjit Singh Ji eLibrary NamdhariElibrary@gmail.com

ਤਦ ਭੀ ਹਰਿ ਨਾਮ (ਜਪਨ ਤੇ ਹਰੀ ਦੇ) ਜਸ (ਦੇ ਬਰਾਬਰ) ਨਹੀਂ ਪੁੱਜੇਗਾ। ਹੇ ਮੇਰੇ ਆਲਸੀ ਮਨ! ਆਪਣੇ ਰਾਮ ਨੂੰ ਜਪ ਲੈ ॥੧॥ ਰਹਾਉ ॥

**ਗਇਆ ਪਿੰਡੁ ਭਰਤਾ ॥ ਬਨਾਰਸਿ ਅਸਿ ਬਸਤਾ ॥**
**ਮੁਖਿ ਬੇਦ ਚਤੁਰ ਪੜਤਾ ॥੨॥**

ਗਯਾ (ਤੀਰਥ ਤੇ ਜਾਕੇ) ਪਿੰਡ ਭਰਾਉਂਦਾ ਹੈ। ਕਾਂਸ਼ੀ ਵਿਚ ਵਸਦਾ [ਅਸਿ] ਹੈ, ਮੂਹੋਂ ਚਾਰੇ ਵੇਦ ਪੜ੍ਹਦਾ ਹੈ ॥੨॥

**ਸਗਲ ਧਰਮ ਅਛਿਤਾ ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥**
**ਖਟੁ* ਕਰਮ ਸਹਿਤ ਰਹਤਾ ॥੩॥**

ਸਾਰੇ ਧਰਮ (ਦੇ ਕੰਮ ਕਰਨ) ਵਾਲਾ ਹੈ। ਗੁਰੂ ਉਪਦੇਸ਼ ਲੈ ਕੇ ਇੰਦ੍ਰੇ ਰੋਕਨ ਵਾਲਾ ਹੈ। ਛੇ ਕਰਮਾਂ ਸਹਿਤ ਰਹਿੰਦਾ ਹੈ ॥੩॥

**ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥**
**ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵ ਸਿੰਧੰ ॥੪॥੧॥**

[ਸਿਵਾ] ਸ਼ਿਵ ਜੀ ਤੇ [ਸਕਤਿ] ਪਾਰਬਤੀ ਦੇ ਸੰਬਾਦ (ਰੂਪ ਤੰਤ੍ਰ ਸ਼ਾਸਤ੍ਰਾਂ ਦਾ ਪੜ੍ਹਨਾ)। ਹੇ ਮਨ! (ਇਹ) ਸਾਰੇ ਭੇਦ (ਵਾਚਕ ਕਰਮ ਧਰਮ) ਛੱਡ ਦੇਹ, ਛੱਡ ਦੇਹ। ਗੋਬਿੰਦ ਨੂੰ ਯਾਦ ਕਰ ਲੈ, ਯਾਦ ਕਰ ਲੈ ਨਾਮਦੇਵ ਜੀ ਆਖਦੇ ਹਨ, ਤਦ ਸੰਸਾਰ ਸਮੁੰਦਰ ਤੋਂ ਤਰ ਜਾਵੇਗਾ ॥੪॥੧॥

**ਗੋਂਡ ॥ ਨਾਦ ਭ੍ਰਮੇ ਜੈਸੇ ਮਿਰਗਾਏ ॥ ਪ੍ਰਾਨ ਤਜੇ ਵਾ ਕੋ ਧਿਆਨੁ ਨ ਜਾਏ ॥੧॥**

ਜਿਵੇਂ ਹਰਨ (ਘੰਡੇਹੇੜੇ ਦਾ) ਸ਼ਬਦ (ਸੁਣਕੇ) ਆਪਣਾ ਆਪ) ਭੁਲ ਜਾਂਦਾ ਹੈ ॥੧॥

**ਐਸੇ ਰਾਮਾ ਐਸੇ ਹੇਰਉ ॥ ਰਾਮੁ ਛੋਡਿ ਚਿਤੁ ਅਨਤ ਨ ਫੇਰਉ ॥੧॥ ਰਹਾਉ ॥**

ਇਸੇ ਤਰ੍ਹਾਂ (ਸ਼ਬਦ ਵਾਂਗ ਮੇਰਾ) ਰਾਮ (ਹੈ, ਅਤੇ ਮੈਂ ਹਰਨ ਰੂਪ ਹੋ ਕੇ) ਉਸੇ ਤਰ੍ਹਾਂ ਵੇਖਦਾ ਹਾਂ। ਰਾਮ ਨੂੰ ਛੱਡ ਕੇ ਚਿੱਤ ਹੋਰ ਕਿਤੇ ਨਹੀਂ ਲਿਆਂਦਾ ॥੧॥ ਰਹਾਉ ॥

**ਜਿਉ ਮੀਨਾ ਹੇਰੈ ਪਸੂਆਰਾ ॥ ਸੋਨਾ ਗਢਤੇ ਹਿਰੈ ਸੁਨਾਰਾ ॥੨॥**

ਜਿਵੇਂ ਮੱਛੀਆਂ ਨੂੰ [ਪਸੂਆਰਾ] ਦਧੀਰਾ ਪੰਛੀ ਵੇਖਦਾ ਹੈ। (ਜਿਵੇਂ) ਸੋਨਾ ਘੜਦਾ ਹੋਇਆ ਸੁਨਿਆਰਾ (ਦੁਕਾਨ ਵੱਲ ਭੀ) [ਹਿਰੈ] ਵੇਖਦਾ ਰਹਿੰਦਾ ਹੈ ॥੨॥

**ਜਿਉ ਬਿਖਈ ਹੇਰੈ ਪਰ ਨਾਰੀ ॥ ਕਉਡਾ ਡਾਰਤ ਹਿਰੈ ਜੁਆਰੀ ॥੩॥**

ਜਿਵੇਂ ਵਿਸ਼ਈ ਪਰ-ਇਸਤ੍ਰੀ ਨੂੰ ਵੇਖਦਾ ਹੈ। (ਜਿਵੇਂ) ਕੌਡਾਂ ਨੂੰ ਸੁਟਦਾ ਹੀ ਜੁਆਰੀਆ (ਕੌਡਾਂ ਨੂੰ) ਵੇਖ ਲੈਂਦਾ ਹੈ ॥੩॥

---

* ਵੇਦ ਪੜ੍ਹਨਾ ਤੇ ਪੜ੍ਹਾਨਾ, ਜਗ ਕਰਨਾ ਤੇ ਕਰਾਉਣਾ, ਦਾਨ ਦੇਣਾ ਤੇ ਲੈਣਾ।

Sri Satguru Jagjit Singh Ji eLibrary NamdhariElibrary@gmail.com

**ਜਹ ਜਹ ਦੇਖਉ ਤਹ ਤਹ ਰਾਮਾ ॥ ਹਰਿ ਕੇ ਚਰਨ ਨਿਤ ਧਿਆਵੈ ਨਾਮਾ ॥੪॥੨॥**

(ਇਸੇ ਤਰ੍ਹਾਂ ਮੈਂ) ਜਿਥੇ ਜਿਥੇ ਵੇਖਦਾ ਹਾਂ, ਉਥੇ ਉਥੇ ਹੀ ਰਾਮ (ਦਿਸਦਾ ਹੈ)। (ਮੈਂ) ਨਾਮਾ (ਤਾਂ ਉਸੇ) ਹਰੀ ਦੇ ਚਰਨਾਂ ਦਾ ਸਦਾ ਹੀ ਧਿਆਨ ਕਰਦਾ ਹਾਂ ॥੪॥੨॥

**ਗੋਂਡ ॥ ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥**

**ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ ॥੧॥ ਰਹਾਉ ॥**

ਮੈਨੂੰ ਤਾਰ ਲੈ, ਹੇ ਰਾਮ! ਤਾਰ ਲੈ ਮੈਂ ਅਜਾਨ ਦਾਸ ਤਰਨਾ ਨਹੀਂ ਜਾਣਦਾ, ਹੇ ਨਿਰੰਕਾਰ ਬਾਪੂ! (ਮੈਨੂੰ ਆਪਣੀ) ਬਾਂਹ ਫੜਾ ਦੇਹੁ ॥੧॥ ਰਹਾਉ ॥

**ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ ॥**

(ਜਿਸ ਨੂੰ) ਸਤਿਗੁਰੂ ਨੇ ਅਕਲ ਸਿਖਾਈ ਹੈ, (ਉਹ) ਖਿਨ ਵਿਚ ਹੀ ਮਨੁੱਖ ਤੋਂ ਦੇਵਤਾ ਹੋ ਜਾਂਦਾ ਹੈ।

**ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ ॥੧॥**

ਮੈਂ ਉਹ ਦਵਾਈ ਪਾ ਲਈ ਹੈ, (ਜਿਸ ਦੇ ਨਾਲ ਮੈਂ) ਮਨੁੱਖ ਲੋਕ ਵਿਚ ਪੈਦਾ ਹੋ ਕੇ ਸੁਰਗ ਨੂੰ ਜਿੱਤ ਲਿਆ ਹੈ ॥੧॥

**ਜਹਾ ਜਹਾ ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ ॥**

(ਹੇ ਵਾਹਿਗੁਰੂ! ਤੁਸਾਂ) ਜਿਥੇ ਜਿਥੇ ਧਰੂ ਤੇ ਨਾਰਦ ਨੂੰ ਟਿਕਾਇਆ ਹੈ ਉਥੇ [ਨੈਕੁ] ਥੋੜਾ ਚਿਰ ਮੈਨੂੰ ਭੀ ਟਿਕਾਵੋ।

**ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ ਨਾਮੇ ਕੀ ਨਿਜ ਮਤਿ ਏਹ ॥੨॥੩॥**

ਤੇਰੇ ਨਾਮ ਦੇ [ਅਵਿਲੰਬਿ] ਆਸਰੇ ਹੋ ਕੇ ਬਹੁਤੇ ਪੁਰਸ਼ ਤਰ ਗਏ ਹਨ, ਨਾਮਦੇਵ (ਜੀ ਆਖਦੇ ਹਨ) ਆਪਣੀ [ਮਤਿ] ਰਾਇ ਏਹੋ ਹੈ ॥੨॥

**ਗੋਂਡ ॥ ਮੋਹਿ ਲਾਗਤੀ ਤਾਲਾਬੇਲੀ ॥ ਬਛਰੇ ਬਿਨੁ ਗਾਇ ਅਕੇਲੀ ॥੧॥**

ਮੈਨੂੰ [ਬੇਲੀ] ਪਿਆਰੇ ਦੇ (ਮਿਲਨ ਦੀ) [ਤਾਲਾ] ਚਾਹ ਲਗੀ ਹੋਈ ਹੈ। (ਜਿਵੇਂ) ਵੱਛੇ ਤੋਂ ਬਿਨਾਂ ਇਕੱਲੀ ਗਾਂ (ਵੱਛੇ ਲਈ ਤੜਫਦੀ ਹੈ, ਇਵੇਂ ਮੈਂ ਤੜਫਦਾ ਹਾਂ) ॥੧॥

**ਪਾਨੀਆ ਬਿਨੁ ਮੀਨੁ ਤਲਫੈ ॥ ਐਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ ॥੧॥ ਰਹਾਉ ॥**

(ਜਿਵੇਂ) ਪਾਣੀ ਤੋਂ ਬਿਨਾਂ ਮੱਛੀ ਤੜਫਦੀ ਹੈ। ਇਵੇਂ (ਹੀ ਮੈਂ) ਵਿਚਾਰਾ ਨਾਮਾ ਰਾਮ ਤੇ ਨਾਂ ਤੋਂ ਬਿਨਾਂ (ਤੜਫਦਾ ਹਾਂ) ॥੧॥ ਰਹਾਉ ॥

**ਜੈਸੇ ਗਾਇ ਕਾ ਬਾਛਾ ਛੂਟਲਾ ॥ ਥਨ ਚੋਖਤਾ ਮਾਖਨੁ ਘੂਟਲਾ ॥੨॥**

ਜਿਵੇਂ ਗਾਂ ਦਾ ਵੱਛਾ ਛੁੱਟ ਕੇ (ਗਾਂ ਦੇ) ਥਣ ਚੁੰਘਦਾ ਤੇ [ਮਾਖਨੁ] ਦੁੱਧ ਦੇ ਘੁਟ ਭਰਦਾ ਹੈ ॥੨॥

**ਨਾਮਦੇਉ ਨਾਰਾਇਨੁ ਪਾਇਆ ॥ ਗੁਰੁ ਭੇਟਤ ਅਲਖੁ ਲਖਾਇਆ ॥੩॥**

(ਇਵੇਂ ਹੀ ਮੈਂ) ਨਾਮਦੇਵ ਨੇ ਨਰਾਇਣ ਨੂੰ ਪਾਇਆ ਹੈ। (ਪਰ) ਗੁਰਾਂ ਨੂੰ ਮਿਲ ਕੇ [ਅਲਖੁ] ਨਾ ਜਾਣੇ ਜਾਣ ਵਾਲੇ ਨੂੰ ਜਾਣ ਲਿਆ ਹੈ ॥੩॥

**ਜੈਸੇ ਬਿਖੈ ਹੇਤ ਪਰ ਨਾਰੀ ॥ ਐਸੇ ਨਾਮੇ ਪ੍ਰੀਤਿ ਮੁਰਾਰੀ ॥੪॥**

ਜਿਵੇਂ ਵਿਸ਼ਈ ਦਾ ਪਰ-ਇਸਤ੍ਰੀ ਨਾਲ [ਹੇਤ] ਪਿਆਰ ਹੁੰਦਾ ਹੈ। ਇਸੇ ਤਰ੍ਹਾਂ ਦੀ ਪ੍ਰੀਤਿ ਨਾਮਦੇਵ ਦੀ ਮੁਰਾਰੀ ਨਾਲ ਹੈ ॥੪॥

**ਜੈਸੇ ਤਾਪਤੇ ਨਿਰਮਲ ਘਾਮਾ ॥ ਤੈਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ ॥੫॥੪॥**

ਜਿਸ ਤਰ੍ਹਾਂ ਨਿਰਮਲ [ਘਾਮਾ] ਧੁਪ (ਵਿਚ ਬੰਦਾ) [ਤਾਪਤੇ] ਦੁਖੀ ਹੁੰਦਾ ਹੈ। ਇਸ ਤਰ੍ਹਾਂ (ਮੈਂ) ਵਿਚਾਰਾ ਨਾਮਦੇਵ ਰਾਮ ਦੇ ਨਾਮ ਤੋਂ ਬਿਨਾਂ (ਦੁਖੀ ਹੋ ਰਿਹਾ ਹਾਂ) ॥੫॥੪॥

## ਰਾਗੁ ਗੋਂਡ ਬਾਣੀ ਨਾਮਦੇਉ ਜੀਉ ਕੀ ਘਰੁ ੨

### ੴ ਸਤਿਗੁਰ ਪ੍ਰਸਾਦਿ ॥

**ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥ ਹਰਿ ਕੋ ਨਾਮੁ ਲੈ ਊਤਮ ਧਰਮਾ ॥**

ਹਰਿ ਹਰਿ (ਨਾਮ ਨੂੰ ਯਾਦ) ਕਰਨ ਵਾਲੇ ਦੇ ਸਾਰੇ ਭਰਮ ਮਿਟ ਗਏ ਹਨ। (ਹੇ ਭਾਈ! ਤੂੰ ਭੀ) ਹਰੀ ਦਾ ਨਾਮ ਜਪੁ (ਏਹੋ) ਉੱਤਮ ਧਰਮ ਹੈ।

**ਹਰਿ ਹਰਿ ਕਰਤ ਜਾਤਿ ਕੁਲ ਹਰੀ ॥ ਸੋ ਹਰਿ ਅੰਧੁਲੇ ਕੀ ਲਾਕਰੀ ॥੧॥**

ਹਰਿ-ਹਰਿ ਕਰਦਿਆਂ ਜਾਤਿ ਤੇ ਕੁਲ (ਦੋਵੇਂ) ਮਿਟ ਜਾਂਦੇ ਹਨ। ਉਸੇ ਹਰੀ (ਦਾ ਨਾਮ ਮੈਂ) ਅੰਨ੍ਹੇ ਦੀ ਡੰਗੋਰੀ ਹੈ ॥੧॥

**ਹਰਏ ਨਮਸਤੇ ਹਰਏ ਨਮਹ ॥ ਹਰਿ ਹਰਿ ਕਰਤ ਨਹੀ ਦੁਖੁ ਜਮਹ ॥੧॥ ਰਹਾਉ ॥**

ਹਰੀ ਨੂੰ (ਮੇਰੀ) ਨਮਸ਼ਕਾਰ ਹੈ, ਹਰੀ ਨੂੰ (ਮੇਰੀ) ਨਮਸ਼ਕਾਰ ਹੈ। ਹਰਿ ਹਰਿ ਜਪਨ ਵਾਲੇ ਨੂੰ ਜਮਾਂ ਦਾ ਡਰ ਨਹੀਂ ਹੁੰਦਾ ॥੧॥ ਰਹਾਉ ॥

**ਹਰਿ ਹਰਨਾਖਸ ਹਰੇ ਪਰਾਨ ॥ ਅਜੈਮਲ ਕੀਓ ਬੈਕੁੰਠਹਿ ਥਾਨ ॥**

(ਜਿਸ) ਹਰੀ ਨੇ ਹਰਨਾਖਸ਼ ਦੇ ਪ੍ਰਾਣ ਕਢੇ ਸਨ, ਅਤੇ ਅਜੈਮਲ ਨੂੰ ਬੈਕੁੰਠ ਵਿਚ ਜਗ੍ਹਾ ਦਿਤੀ ਸੀ।

**ਸੂਆ ਪੜਾਵਤ ਗਨਿਕਾ ਤਰੀ ॥ ਸੋ ਹਰਿ ਨੈਨਹੁ ਕੀ ਪੂਤਰੀ ॥੨॥**

(ਜਿਸ ਹਰੀ ਦਾ ਨਾਮ) [ਸੂਆ] ਤੋਤੇ ਨੂੰ ਪੜ੍ਹਾਉਂਦੀ-ਪੜ੍ਹਾਉਂਦੀ ਕੰਜਰੀ ਤਰ ਗਈ ਹੈ। ਓਹ ਹਰੀ (ਮੇਰੀਆਂ) ਅੱਖਾਂ ਦੀ ਪੁਤਲੀ (ਵਿਚਲਾ ਕਾਲਾ ਤਾਰਾ) ਹੈ ॥੨॥

**ਹਰਿ ਹਰਿ ਕਰਤ ਪੂਤਨਾ ਤਰੀ ॥ ਬਾਲ ਘਾਤਨੀ ਕਪਟਹਿ ਭਰੀ ॥**

ਹਰਿ ਹਰਿ ਕਰਦੀ (ਹੋਈ ਉਹ) ਪੂਤਨਾ ਭੀ ਤਰ ਗਈ ਹੈ, ਜੋ ਬੱਚੇ ਮਾਰਨ ਵਾਲੀ ਤੇ ਕਪਟਾਂ ਦੀ ਭਰੀ ਹੋਈ ਸੀ।

**ਸਿਮਰਨ ਦ੍ਰੂਪਦ ਸੁਤ ਉਧਰੀ ॥ ਗਊਤਮ ਸਤੀ ਸਿਲਾ ਨਿਸਤਰੀ ॥੩॥**

(ਹਰੀ ਦਾ) ਸਿਮਰਨ (ਕਰਕੇ) ਦਰੁਪਤ (ਰਾਜਾ ਦੀ) ਲੜਕੀ (ਦਰੋਪਤੀ) ਉਧਰ ਗਈ ਹੈ, ਗੌਤਮ (ਰਿਖੀ ਦੀ) [ਸਤੀ] ਇਸਤਰੀ (ਜੋ ਪਤੀ ਦੇ ਸਰਾਪ ਨਾਲ) ਸ਼ਿਲਾ (ਹੋਈ ਪਈ ਸੀ, ਸੋ ਭੀ ਹਰੀ ਦੀ ਕ੍ਰਿਪਾ ਕਰਕੇ) ਤਰ ਗਈ ਹੈ ॥੩॥

**ਕੇਸੀ ਕੰਸ ਮਥਨੁ ਜਿਨਿ ਕੀਆ ॥ ਜੀਅ ਦਾਨੁ ਕਾਲੀ ਕਉ ਦੀਆ ॥**

ਕੇਸੀ (ਦੈਂਤ ਤੇ) ਕੰਸ (ਰਾਜੇ ਨੂੰ) ਜਿਸ ਨੇ ਨਾਸ ਕੀਤਾ ਹੈ, (ਜਿਸਨੇ) [ਕਾਲੀ] ਨਾਗ ਨੂੰ ਜੀਵਨ ਦਾਨ ਦਿੱਤਾ ਹੈ।

**ਪ੍ਰਣਵੈ ਨਾਮਾ ਐਸੋ ਹਰੀ ॥ ਜਾਸੁ ਜਪਤ ਭੈ ਅਪਦਾ ਟਰੀ ॥੪॥੧॥੫॥**

ਨਾਮਦੇਵ ਜੀ ਆਖਦੇ ਹਨ, ਹਰੀ ਅਜੇਹਾ ਹੈ, ਜਿਸ ਨੂੰ ਜਪਣ ਕਰਕੇ ਡਰ ਤੇ ਬਿਪਤਾ ਦੂਰ ਹੋ ਜਾਂਦੀ ਹੈ ॥੪॥੧॥੫॥

**ਗੋਂਡ ॥ ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥**

(ਜੋ) ਭੈਰੋਂ ਭੂਤ ਤੇ ਸੀਤਲਾ ਨੂੰ ਧਿਆਉਂਦਾ ਹੈ, (ਭੈਰੋਂ ਦਾ ਪੂਜਕ ਕੁਤੇ ਦਾ ਸਵਾਰ ਹੋ ਕੇ ਫਿਰੇਗਾ, ਭੂਤਾਂ ਦਾ ਪੂਜਕ ਭੂਤ ਬਨੇਗਾ ਅਤੇ ਸੀਤਲਾ ਦਾ ਭਗਤ) [ਖਰ] ਖੋਤੇ ਉਤੇ [ਬਾਹਨੁ] ਸਵਾਰ ਹੋ ਕੇ ਖੇਹ ਉਡਾਵੇਗਾ ॥੧॥

**ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥੧॥ ਰਹਾਉ ॥**

ਮੈਂ ਤਾਂ ਇਕ ਰਾਮ ਦਾ ਨਾਮ ਲਿਆ ਹੈ। ਹੋਰ (ਸਾਰੇ) ਦੇਵਤੇ (ਇਸ ਦੇ) ਬਦਲੇ ਵਿਚ ਦੇ ਦਿਤੇ ਹਨ ॥੧॥ ਰਹਾਉ ॥

**ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨॥**

ਜੋ ਪੁਰਸ਼ ਸ਼ਿਵ ਜੀ (ਦਾ ਜਾਪ ਕਰਦਾ ਤੇ) ਸ਼ਿਵਾਂ ਦਾ ਹੀ ਧਿਆਨ ਕਰਦਾ ਹੈ (ਉਸ ਸ਼ਿਵ ਜੀ ਰੂਪ ਹੋ ਕੇ) ਬਲਦ ਉਤੇ ਚੜ੍ਹ ਕੇ ਡੌਰੂ ਵਜਾਵੇਗਾ ॥੨॥

**ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥**

ਜੋ ਮਹਾਂ ਮਾਈ ਦੀ ਪੂਜਾ ਕਰਦਾ ਹੈ। ਉਹ ਪੁਰਸ਼ ਤੋਂ ਇਸਤ੍ਰੀ ਹੋ ਕੇ ਜਨਮਦਾ ਰਹੇਗਾ ॥੩॥

**ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥**

(ਹੇ ਮਹਾਂ ਮਾਈ!) ਤੂੰ ਤਾਂ ਆਦਿ ਭਵਾਨੀ ਕਹੀ ਜਾਂਦੀ ਹੈਂ। (ਪਰ) ਮੁਕਤਿ ਦੇਣ ਵੇਲੇ ਕਿਥੇ ਲੁਕ ਜਾਂਦੀ ਹੈਂ ॥੪॥

**ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥**

ਹੇ ਮਿਤ੍ਰ! ਗੁਰਾਂ ਦੀ ਸਿਖਯਾ ਲੈ ਕੇ ਰਾਮ ਦੇ ਨਾਮ ਦੀ ਓਟ ਫੜ ਲੈ ਨਾਮਦੇਵ ਜੀ ਆਖਦੇ ਹਨ, ਗੀਤਾ ਦਾ ਭੀ ਏਹੋ ਕਹਿਣਾ ਹੈ ॥੫॥੨॥੬॥

## ਬਿਲਾਵਲੁ ਗੋਂਡ ॥

**ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥**

ਨਾਮੇ ਨੇ ਅਜ ਪ੍ਰਮਾਤਮਾ ਦਾ ਦਰਸ਼ਨ ਕੀਤਾ ਹੈ, ਜੋ ਮੂਰਖਾਂ ਨੂੰ ਸਮਝਾਉਂਦਾ ਹਾਂ ॥ ਰਹਾਉ ॥

**ਪਾਂਡੇ ਤੁਮਰੀ [1]ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥**

ਹੇ ਪਾਂਡੇ! ਤੇਰੀ ਗਾਇਤ੍ਰੀ (ਵੇਖੀ ਹੈ ਜੋ) ਲੋਧੇ ਦਾ ਖੇਤ ਖਾਂਦੀ ਸੀ।

**ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥੧॥**

(ਲੋਧੇ ਨੇ) ਡਾਂਗ ਲੈ ਕੇ (ਉਸ ਦੀ) ਟੰਗ ਤੋੜ ਦਿੱਤੀ ਉਹ ਲੰਙੀ ਹੋ ਕੇ ਜਾਂਦੀ ਸੀ ॥੧॥

**ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥**

ਹੇ ਪਾਂਡੇ! ਤੇਰਾ ਸ਼ਿਵਜੀ ਵੀ ਚਿੱਟੇ ਬਲਦ ਉਤੇ ਚੜ੍ਹਿਆ ਆਉਂਦਾ ਦੇਖਿਆ ਸੀ।

**ਮੋਦੀ[2] ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥੨॥**

[ਮੋਦੀ] ਇਸਤ੍ਰੀ ਨੇ ਘਰ ਰੋਟੀ ਤਿਆਰ ਕੀਤੀ, (ਰੋਟੀ ਖਾਣ ਗਿਆ ਤਾਂ) ਉਸ ਦਾ ਪੁੱਤ੍ਰ ਮਾਰ ਆਇਆ ਸੀ ॥੨॥

**ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥**

ਹੇ ਪਾਂਡੇ! (ਜੋ ਤੁਹਾਡਾ ਰਾਮ ਚੰਦ (ਹੈ, ਮੈਂ) ਉਹ ਭੀ ਆਉਂਦਾ ਵੇਖਿਆ ਸੀ।

---

*੧. ਇਥੇ ਪੁਰਾਣੀ ਕਹਾਣੀ ਵੱਲ ਇਸ਼ਾਰਾ ਹੈ, ਜੋ ਅਤ੍ਰਯ ਬ੍ਰਾਹਮਣ ੩-੨੫ ਵਿਚ ਇਉਂ ਲਿਖੀ ਹੈ ਕਿ ਇਕ ਵਾਰੀ ਚੰਦ੍ਰਮਾ ਨਾ ਚੜ੍ਹਿਆ। ਰਿਸ਼ੀਆਂ ਨੇ ਚੰਦ੍ਰਮਾ ਨੂੰ ਲਿਆਣ ਲਈ ਗਾਇਤ੍ਰੀ ਨੂੰ ਭੇਜਿਆ। ਉਹ ਉੱਡ ਕੇ ਆਕਾਸ਼ ਵੱਲ ਗਈ ਤੇ ਚੰਦ੍ਰਮਾ ਨੂੰ ਜਾ ਕੇ ਆਪਣੇ ਪੌਂਚਿਆਂ ਤੇ ਚੁੰਜ ਨਾਲ ਫੜ ਲਿਆ, ਚੰਦ੍ਰਮਾ ਦੇ ਪਹਿਰੇਦਾਰ ਇਕ ਕ੍ਰਿਸਾਨ ਨੇ ਤੀਰ ਮਾਰਿਆ, ਜਿਸ ਨਾਲ ਗਾਇਤ੍ਰੀ ਦੀ ਖੱਬੀ ਲੱਤ ਦਾ ਨੌਂਹ ਕੱਟਿਆ ਗਿਆ।*

*(੨) ਕਈ ਆਖਦੇ ਹਨ, ਬ੍ਰਹਮਾ ਦੇ ਸਰਾਪ ਕਰਕੇ ਗਾਇਤ੍ਰੀ ਗਊ ਦਾ ਰੂਪ ਹੋ ਕੇ ਖੇਤੀ ਚਰਨ ਜਾ ਪਈ, 'ਲੋਧੇ' ਜੱਟ ਨੇ ਡਾਂਗ ਮਾਰ ਕੇ ਉਸ ਦੀ ਟੰਗ ਤੋੜ ਦਿੱਤੀ।*

*(੩) ਕਈ ਸੁਣਾਉਂਦੇ ਹਨ, ਜੋ ਵਿਸ਼ਵਾਮਿੱਤ੍ਰ ਨੇ ਵਸ਼ਿਸਟ ਦੇ ਨੜਿੰਨਵੇਂ ਪੁੱਤਰ ਇਸ ਕ੍ਰੋਧ ਕਰਕੇ ਮਾਰੇ ਸਨ, ਜੋ ਉਹ ਵਿਸ਼ਵਾਮਿੱਤ੍ਰ ਨੂੰ ਰਾਜ ਰਿਖੀ ਕਿਹਾ ਕਰਦੇ ਸਨ, ਘਰ ਜਾ ਕੇ ਵਿਸ਼ਵਾਮਿੱਤ੍ਰ ਗਾਯਤ੍ਰੀ ਪਾਠ ਕਰ ਕੇ ਬ੍ਰਹਮ ਹਤਿਆ ਦਾ ਪਾਪ ਨਵਿਰਤ ਕਰ ਲਿਆ ਕਰਦਾ ਸੀ, ਇਸ ਗੱਲ ਦਾ ਪਤਾ ਜਦ ਵਸ਼ਿਸ਼ਟ ਜੀ ਨੂੰ ਲੱਗਾ ਤਾਂ ਵਸ਼ਿਸ਼ਟ ਜੀ ਨੇ ਗਾਯਤ੍ਰੀ ਨਾਲੋਂ ਪਾਪ ਨਾਸਕ ਮੰਤ੍ਰ ਹੀ ਹਟਾ ਦਿੱਤਾ।*

*੨. ਪਾਰਬਤੀ ਨੇ ਆਪਣੇ ਪਿੰਡੇ ਦੀ ਮੈਲ ਲਾਹ ਕੇ ਇਕ ਮੁੰਡਾ ਬਣਾ ਲਿਆ, ਉਹਨੂੰ ਬੂਹੇ ਅਗੇ ਬਿਠਾ ਕੇ ਆਪ ਨਹਾਉਣ ਲਗ ਪਈ; ਸ਼ਿਵ ਜੀ ਜਦੋਂ ਆਏ ਤੇ ਅੰਦਰ ਵੜਨ ਲੱਗੇ ਤਾਂ ਮੁੰਡੇ ਨੇ ਰੋਕ ਲਿਆ ਕਿ ਮੇਰੀ ਮਾਂ ਅੰਦਰ ਨਹਾਉਂਦੀ ਹੈ। ਇਹ ਸੁਣ ਕੇ ਸ਼ਿਵ ਜੀ ਨੇ ਕ੍ਰੋਧ ਨਾਲ ਉਸ ਦਾ ਸਿਰ ਵੱਢ ਦਿੱਤਾ। ਪਾਰਬਤੀ ਦਾ ਵਿਰਲਾਪ ਸੁਣ ਕੇ ਉਸ ਧੜ ਨਾਲ ਹਾਥੀ ਦਾ ਸਿਰ ਜੋੜ ਦਿਤਾ, ਓਹੀ ਗਣੇਸ਼ ਨਾਮ ਤੇ ਪ੍ਰਸਿੱਧ ਹੋ ਗਿਆ।*

*(੨) ਕਈ ਆਖਦੇ ਹਨ, ਇਕ ਵਾਰੀ ਪਾਰਬਤੀ ਨੇ ਸ਼ਿਵ ਜੀ ਲਈ ਪ੍ਰਸ਼ਾਦ ਤਿਆਰ ਕੀਤਾ, ਸ਼ਿਵ ਜੀ ਨੇ ਪਾਰਬਤੀ ਦੀ ਪ੍ਰੀਖਿਆ ਕਰਨ ਵਾਸਤੇ ਬਲਦ ਲਈ ਪੁੱਤ੍ਰ ਦਾ ਮਾਸ ਮੰਗਿਆ। ਪਾਰਬਤੀ ਨੇ ਝੱਟ ਹੀ ਦੇ ਦਿੱਤਾ, ਸ਼ਿਵ ਜੀ ਨੇ ਫੇਰ ਉਸ ਦਾ ਪੁੱਤ੍ਰ ਜਿਵਾ ਦਿੱਤਾ।*

Sri Satguru Jagjit Singh Ji eLibrary NamdhariElibrary@gmail.com

**ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥੩॥**

ਰਾਵਨ ਨਾਲ (ਉਸ ਦੀ) [ਸਰਬਰ] ਲੜਾਈ ਹੋਈ ਸੀ, ਅਤੇ ਘਰ ਦੀ [ਜੋਇ] ਇਸਤ੍ਰੀ ਖੁਹਾ ਬੈਠਾ ਸੀ ॥੩॥

**ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥**

ਹਿੰਦੂ ਅੰਨ੍ਹਾ ਹੈ, ਮੁਸਲਮਾਨ ਕਾਣਾ ਹੈ। ਦੋਹਾਂ ਨਾਲੋਂ ਗਿਆਨੀ ਸਿਆਣਾ ਹੈ।

**ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥**
**ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥**

ਹਿੰਦੂ ਮੰਦਰਾਂ ਦੀ ਪੂਜਾ ਕਰਦੇ ਹਨ, ਮੁਸਲਮਾਨ ਮਸੀਤ (ਵਿਚ ਰੱਬ ਨੂੰ ਮੰਨਦੇ ਹਨ)। ਨਾਮਦੇਵ ਉਸ ਨੂੰ ਯਾਦ ਕਰਦਾ ਹੈ, ਜੋ ਮੰਦਰ ਤੇ ਮਸੀਤ (ਦੋਹਾਂ ਵਿਚ ਹੀ) ਨਹੀਂ ਰਹਿੰਦਾ) ॥੪॥੩॥੭॥

**ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨**

**ੴ ਸਤਿਗੁਰ ਪ੍ਰਸਾਦਿ ॥**

**ਮੁਕੰਦ ਮੁਕੰਦ ਜਪਹੁ ਸੰਸਾਰ ॥ ਬਿਨੁ ਮੁਕੰਦ ਤਨੁ ਹੋਇ ਅਉਹਾਰ ॥**

ਹੇ ਸੰਸਾਰ (ਦੇ ਲੋਕੋ!) [ਮੁਕੰਦ] ਮੁਕਤੀ ਦਾਤੇ ਮੁਕੰਦ ਨੂੰ ਜਪੋ। ਮੁਕੰਦ (ਨੂੰ ਜਪੇ ਤੋਂ) ਬਿਨਾਂ ਸਰੀਰ [ਅਉਹਾਰ] ਨੀਚ ਗਤੀ (ਨੂੰ ਪ੍ਰਾਪਤ) ਹੋਵੇਗਾ।

**ਸੋਈ ਮੁਕੰਦੁ ਮੁਕਤਿ ਕਾ ਦਾਤਾ ॥ ਸੋਈ ਮੁਕੰਦੁ ਹਮਰਾ ਪਿਤ ਮਾਤਾ ॥੧॥**

ਓਹੀ ਨਿਰੰਕਾਰ ਮੁਕਤੀ ਦੇਣ ਵਾਲਾ ਹੈ। ਓਹੀ ਨਿਰੰਕਾਰ ਸਾਡਾ ਮਾਂ ਪਿਉ ਹੈ ॥੧॥

**ਜੀਵਤ ਮੁਕੰਦੇ ਮਰਤ ਮੁਕੰਦੇ ॥ ਤਾ ਕੇ ਸੇਵਕ ਕਉ ਸਦਾ ਅਨੰਦੇ ॥੧॥ ਰਹਾਉ ॥**

ਜੋ ਜੀਉਂਦਾ ਨਿਰੰਕਾਰ (ਨੂੰ ਜਪਦਾ ਹੈ, ਤੇ) ਮਰਦਾ (ਹੋਇਆ) ਨਿਰੰਕਾਰ (ਦਾ ਧਿਆਨ ਕਰਦਾ ਹੈ) ਉਸ (ਨਿਰੰਕਾਰ) ਦੇ ਸੇਵਕ ਨੂੰ ਸਦਾ ਹੀ ਅਨੰਦ ਰਹਿੰਦਾ ਹੈ ॥੧॥ ਰਹਾਉ ॥

**ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥ ਜਪਿ ਮੁਕੰਦ ਮਸਤਕਿ ਨੀਸਾਨੰ ॥**

ਮੁਕੰਦ ਮੁਕੰਦ (ਜਾਪ ਹੀ) ਸਾਡੇ ਪ੍ਰਾਣ ਹਨ। ਮੁਕੰਦ ਨੂੰ ਜਪਣ ਵਾਲੇ ਦੇ ਮੱਥੇ (ਤੇ ਨੂਰ) ਪ੍ਰਗਟ (ਹੁੰਦਾ ਹੈ)।

**ਸੇਵ ਮੁਕੰਦ ਕਰੈ ਬੈਰਾਗੀ ॥ ਸੋਈ ਮੁਕੰਦੁ ਦੁਰਬਲ ਧਨੁ ਲਾਧੀ ॥੨॥**

ਜਿਸ ਮੁਕਤੀ ਦਾਤੇ ਨੂੰ ਬੈਰਾਗੀ ਯਾਦ ਕਰਦੇ ਹਨ। ਉਸੇ ਮੁਕੰਦ (ਦੇ ਨਾਮ ਰੂਪ) ਦੁਰਲੱਭ ਧਨ (ਨੂੰ ਮੈਂ) ਲਭਿਆ ਹੈ ॥੨॥

**ਏਕੁ ਮੁਕੰਦੁ ਕਰੈ ਉਪਕਾਰੁ ॥ ਹਮਰਾ ਕਹਾ ਕਰੈ ਸੰਸਾਰੁ ॥**

(ਜਦ) ਇਕ ਮੁਕਤੀ ਦਾਤਾ (ਹੀ ਸਾਡਾ) ਭਲਾ ਕਰੇਗਾ, ਤਾਂ ਸੰਸਾਰ ਸਾਡਾ ਕੀ (ਵਿਗਾੜ) ਕਰ ਸਕਦਾ

ਹੈ ?

**ਮੇਟੀ ਜਾਤਿ ਹੂਏ ਦਰਬਾਰਿ ॥ ਤੁਹੀ ਮੁਕੰਦ ਜੋਗ ਜੁਗ ਤਾਰਿ ॥੩॥**

(ਅਸੀਂ) ਜਾਤਿ ਗਵਾ ਕੇ ਦਰਬਾਰੀ ਹੋ ਗਏ ਹਾਂ। ਹੇ ਮੁਕੰਦ! ਕਲਜੁਗ ਵਿਚ ਇਕ ਤੂੰਹੀ ਤਾਰਨੇ ਜੋਗ ਹੈਂ ॥੩॥

**ਉਪਜਿਓ ਗਿਆਨੁ ਹੂਆ ਪਰਗਾਸ ॥ ਕਰਿ ਕਿਰਪਾ ਲੀਨੇ ਕੀਟ ਦਾਸ ॥**

ਗਿਆਨ ਪੈਦਾ ਹੋ ਜਾਣ ਕਰਕੇ ਚਾਨਣ ਹੋ ਗਿਆ ਹੈ। (ਉਸਨੇ) ਕ੍ਰਿਪਾ ਕਰਕੇ (ਮੈਂ) ਨਿਮਣੇ (ਨੂੰ ਆਪਣਾ) ਦਾਸ ਕਰ ਲਿਆ ਹੈ।

**ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥ ਜਪਿ ਮੁਕੰਦ ਸੇਵਾ ਤਾਹੂ ਕੀ ॥੪॥੧॥**

ਰਵਿਦਾਸ ਜੀ ਆਖਦੇ ਹਨ, ਹੁਣ ਮੇਰੀ ਤ੍ਰਿਸ਼ਨਾ ਮੁਕ ਗਈ ਹੈ। ਮੁਕੰਦ ਨੂੰ ਹੀ ਜਪਦਾ ਹਾਂ ਅਤੇ ਉਸ ਦੀ ਸੇਵਾ ਕਰਦਾ ਹਾਂ ॥੪॥੧॥

**ਗੋਂਡ ॥ ਜੇ ਓਹੁ ਅਠਸਠਿ ਤੀਰਥ ਨ੍ਹਾਵੈ ॥ ਜੇ ਓਹੁ ਦੁਆਦਸ ਸਿਲਾ ਪੂਜਾਵੈ ॥**
**ਜੇ ਓਹੁ ਕੂਪ ਤਟਾ ਦੇਵਾਵੈ ॥ ਕਰੈ ਨਿੰਦ ਸਭ ਬਿਰਥਾ ਜਾਵੈ ॥੧॥**

ਜੇਕਰ ਉਹ ਅਠਾਹਠ ਤੀਰਥਾਂ ਵਿਚ ਇਸ਼ਨਾਨ ਕਰ ਚੁਕਾ ਹੈ। ਜੇਕਰ ਉਹ ਬਾਰਾਂ (ਜਯੋਤੀ ਲਿੰਗਾਂ ਦੀ) ਪੂਜਾ ਕਰ ਚੁਕਾ ਹੈ। ਜੇਕਰ ਉਹ ਖੂਹਾਂ ਉਤੇ ਮਣਾਂ ਬਣਵਾ ਹਟਿਆ ਹੈ। ਪਰ ਨਿੰਦਾ ਕਰਦਾ ਹੈ, ਤਾਂ ਉਸਦਾ ਸਾਰਾ ਕੀਤਾ ਪੁੰਨ ਕਰਮ ਬਿਰਥਾ ਜਾਂਦਾ ਹੈ ॥੧॥

**ਸਾਧ ਕਾ ਨਿੰਦਕੁ ਕੈਸੇ ਤਰੈ ॥ ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥**

ਸੰਤ ਦਾ ਨਿੰਦਕ ਕਿਵੇਂ ਤਰੇਗਾ ? ਸੱਚ ਜਾਣੋ, ਉਹ ਜ਼ਰੂਰ ਹੀ ਨਰਕ ਵਿਚ ਪਵੇਗਾ ॥੧॥ ਰਹਾਉ ॥

**ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥ ਅਰਪੈ ਨਾਰਿ ਸੀਗਾਰ ਸਮੇਤਿ ॥**
**ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥ ਕਰੈ ਨਿੰਦ ਕਵਨੈ ਨਹੀ ਗੁਨੈ ॥੨॥**

ਜੇਕਰ ਉਹ ਗ੍ਰਹਣ ਦੇ ਵੇਲੇ ਕੁਰਖੇਤਰ ਉਤੇ ਜਾ ਕੇ ਸ਼ਿੰਗਾਰਾਂ ਸਣੇ ਇਸਤ੍ਰੀ ਦਾਨ ਭੀ ਕਰ ਦੇਵੇ। ਸਾਰੀਆਂ ਸਿਮ੍ਰਤੀਆਂ ਕੰਨੀਂ ਸੁਣ ਲਵੇ। (ਪਰ) ਨਿੰਦਾ ਕਰੇਗਾ (ਤਾਂ ਇਨ੍ਹਾਂ ਕੰਮਾਂ ਦਾ) ਕੋਈ ਲਾਭ ਨਹੀਂ ਹੋਵੇਗਾ ॥੨॥

**ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥ ਭੂਮਿ ਦਾਨ ਸੋਭਾ ਮੰਡਪਿ ਪਾਵੈ ॥**
**ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥ ਕਰੈ ਨਿੰਦ ਬਹੁ ਜੋਨੀ ਹਾਂਢੈ ॥੩॥**

ਜੇ ਕਰ ਉਹ ਅਨੇਕਾਂ ਪੁਰਸ਼ਾਂ ਨੂੰ ਅੰਨ ਛਕਾਂਦਾ ਹੈ। ਜ਼ਮੀਨ ਦਾਨ ਕਰਦਾ ਹੈ, ਮੰਦਰ ਬਣਵਾ ਕੇ ਸੋਭਾ ਖਟਦਾ ਹੈ। ਆਪਣਾ ਕੰਮ ਵਿਗਾੜ ਕੇ ਦੂਜਿਆਂ ਦਾ ਕੰਮ ਸਵਾਰਦਾ ਹੈ। (ਪਰ) ਨਿੰਦਾ ਕਰੇਗਾ ਤਾਂ ਬਹੁਤੀਆਂ ਜੂਨਾਂ ਵਿਚ ਫਿਰੇਗਾ ॥੩॥

**ਨਿੰਦਾ ਕਹਾ ਕਰਹੁ ਸੰਸਾਰਾ ॥ ਨਿੰਦਕ ਕਾ ਪਰਗਟਿ ਪਾਹਾਰਾ ॥**

Sri Satguru Jagjit Singh Ji eLibrary NamdhariElibrary@gmail.com

**ਨਿੰਦਕੁ ਸੋਧਿ ਸਾਧਿ ਬੀਚਾਰਿਆ ॥**

**ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥੪॥੨॥੧੧॥੭॥੨॥੪੯॥ ਜੋੜੁ ॥**

ਹੇ ਸੰਸਾਰੀ ਲੋਕੋ ! ਨਿੰਦਾ ਕਿਉਂ ਕਰਦੇ ਹੋ ? ਨਿੰਦਕ ਦਾ (ਹਾਲ ਜੋ ਹੁੰਦਾ ਹੈ ਉਹ ਤਾਂ) [ਪਾਹਾਰਾ] ਸੰਸਾਰ ਵਿਚ ਪ੍ਰਗਟ ਹੈ। ਰਵਿਦਾਸ ਜੀ ਆਖਦੇ ਹਨ, ਅਸਾਂ ਸੋਧ ਸਾਧ ਕੇ ਵਿਚਾਰ ਲਿਆ ਹੈ, (ਕਿ) ਨਿੰਦਕ ਪਾਪੀ ਨਰਕਾਂ ਨੂੰ ਜਾਂਦਾ ਹੈ ॥੪॥੨॥੧੧॥੭॥੨॥੪੯॥ ਜੋੜ ॥

## ਰਾਗੁ ਰਾਮਕਲੀ (ਅੰਗ ੯੬੮-੯੭੪)

**ਰਾਮਕਲੀ ਬਾਣੀ ਭਗਤਾ ਕੀ ॥ ਕਬੀਰ ਜੀਉ**

**ੴ ਸਤਿਗੁਰ ਪ੍ਰਸਾਦਿ ॥**

***ਉਥਾਨਕਾ***—ਇਕ ਵਾਰੀ ਇਕ ਜੋਗੀ ਨੇ ਭਗਤ ਜੀ ਨੂੰ ਕਿਹਾ—ਆਪ ਸ਼ਰਾਬ ਪੀਤਾ ਕਰੋ, ਤਾਂ ਸੁਰਤ ਜੁੜੀ ਰਿਹਾ ਕਰੇਗੀ ਤੇ ਯੋਗਾ ਅਨੰਦ ਮਾਨਿਆ ਕਰੋਗੇ। ਤਦ ਆਪ ਨੇ ਕਿਹਾ ਅਸਾਂ ਸ਼ਰਾਬ ਪੀਤੀ ਹੋਈ ਹੈ। ਜੋ ਸ਼ਰਾਬ ਪੀਤੀ ਹੈ, ਉਸ ਦਾ ਸਰੂਪ ਪ੍ਰਗਟ ਕਰਦੇ ਹਨ—

**ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ ॥**

ਹੇ ਭਾਈ ! ਦੇਹ (ਰੂਪ) [ਕਲਾਲਨਿ] ਮੱਟੀ (ਵਿਚ ਜੋ) [ਲਾਹਨਿ] ਪਾਇਆ ਹੈ, (ਉਸ ਵਿਚ) ਗੁੜ ਤਾਂ ਗੁਰਾਂ ਦਾ ਉਪਦੇਸ਼ ਹੈ।

SIKHBOOKCLUB.COM

**ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ ॥੧॥**

ਤ੍ਰਿਸ਼ਨਾ, ਕਾਮ, ਕ੍ਰੋਧ, ਹੰਕਾਰ ਤੇ [ਮਤਸਰ] ਈਰਖਾ ਦਾ ਨਾਸ ਕਰਨਾ ਹੀ [ਕਸੁ] (ਕਿਕਰ ਦੇ) ਸੱਕਾਂ ਦੇ [ਕਾਟਿ] ਟੋਟੇ ਪਾਏ ਹਨ ॥੧॥

**ਕੋਈ ਹੈ ਰੇ ਸੰਤੁ ਸਹਜ ਸੁਖ ਅੰਤਰਿ ਜਾ ਕਉ ਜਪੁ ਤਪੁ ਦੇਉ ਦਲਾਲੀ ਰੇ ॥**

ਹੇ ਭਾਈ ! ਕੋਈ [ਸਹਜ] ਆਤਮਕ ਸੁਖ ਵਿਚ (ਰਹਿਣ ਵਾਲਾ) ਸੰਤ ਹੈ, ਜਿਸ ਨੂੰ (ਮੈਂ) ਜਪ ਤਪ (ਰੂਪ ਕਰਮ) ਦਲਾਲੀ ਵਿਚ ਦੇਵਾਂਗਾ।

**ਏਕ ਬੂੰਦ ਭਰਿ ਤਨੁ ਮਨੁ ਦੇਵਉ ਜੋ ਮਦੁ ਦੇਇ ਕਲਾਲੀ ਰੇ ॥੧॥ ਰਹਾਉ ॥**

ਜੋ (ਮੈਨੂੰ ਇਸ) [ਕਲਾਲੀ] ਮੱਟੀ ਵਿਚੋਂ ਇਕ ਬੂੰਦ ਜਿੰਨੀ ਸ਼ਰਾਬ ਦੇਵੇਗਾ (ਮੈਂ ਉਸ ਨੂੰ) ਤਨ ਤੇ ਮਨ (ਭੇਟ) ਦੇਵਾਂਗਾ ॥੧॥ ਰਹਾਉ ॥

**ਭਵਨ ਚਤੁਰ ਦਸ ਭਾਠੀ ਕੀਨੀ ਬ੍ਰਹਮ ਅਗਨਿ ਤਨਿ ਜਾਰੀ ਰੇ ॥**

ਚੌਦਾਂ ਲੋਕ ਭੱਠੀ ਬਣਾਏ ਹਨ, ਅਤੇ ਬ੍ਰਹਮ ਗਿਆਨ [ਤਨਿ] ਉਸ ਵਿਚ ਅੱਗ ਬਾਲੀ ਹੈ।

**ਮੁਦ੍ਰਾ ਮਦਕ ਸਹਜ ਧੁਨਿ ਲਾਗੀ ਸੁਖਮਨ ਪੋਚਨਹਾਰੀ ਰੇ ॥੨॥**

ਸਹਜ ਪਦ (ਵਿਚ ਜੋ) [ਧੁਨਿ] ਸਮਾਧੀ ਲਗੀ (ਹੈ ਏਹੋ) [ਮਦਕ] ਸ਼ਰਾਬ ਦੀ ਮੱਟੀ ਨੂੰ [ਮੁਦ੍ਰਾ] ਬੰਦ

ਕੀਤਾ ਹੈ ਅਤੇ ਸੁਖਮਨਾ (ਵਿਚ ਬ੍ਰਿਤੀ ਦਾ ਦ੍ਰਿੜ ਕਰਨਾ ਹੀ ਉਪਰ) ਪੋਚਾ ਦਿਤਾ ਹੈ ॥੨॥

**ਤੀਰਥ ਬਰਤ ਨੇਮ ਸੁਚਿ ਸੰਜਮ ਰਵਿ ਸਸਿ ਗਹਨੈ ਦੇਉ ਰੇ ॥**

ਤੀਰਥ (ਇਸ਼ਨਾਨ) ਨੇਮ, ਸੁਚ ਤੇ ਸੰਜਮ (ਧਾਰਨੇ) ਅਤੇ ਸੂਰਜ ਤੇ ਚੰਦ੍ਰਾਯਣ ਵਰਤ (ਆਦਿਕ ਕਰਮ) ਗਹਿਣੇ ਰੱਖ ਦਿਤੇ ਹਨ ।

**ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ ॥੩॥**

ਸੁਰਤ ਦਾ ਪਿਆਲਾ (ਬਣਾਕੇ) ਅੰਮ੍ਰਿਤਾਂ ਦੇ ਭੀ ਅੰਮ੍ਰਿਤ ਰੂਪ ਇਸ ਸ਼ਰਾਬ ਨੂੰ ਪੀਤਾ ਹੈ ॥੩॥

**ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ ॥**

ਜੋ ਡਾਢੀ ਸਾਫ ਇਕ ਰਸ ਧਾਰ ਚੋਂਦੀ ਹੈ, ਇਸਦਾ ਸੁਆਦ (ਲੈਣ ਵਿਚ ਮੇਰਾ) ਮਨ ਲੱਗਾ ਹੋਇਆ ਹੈ ।

**ਕਹਿ ਕਬੀਰ ਸਗਲੇ ਮਦ ਛੂਛੇ ਇਹੈ ਮਹਾ ਰਸੁ ਸਾਚੋ ਰੇ ॥੪॥੧॥**

ਕਬੀਰ ਜੀ ਆਖਦੇ ਹਨ, ਹੋਰ ਸਾਰੇ ਸ਼ਰਾਬ ਨਿਕੰਮੇ ਹਨ, ਏਹੋ ਅੰਮ੍ਰਿਤ ਸੱਚਾ ਸ਼ਰਾਬ ਹੈ ॥੪॥੧॥

**ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ ॥**

ਗਿਆਨ ਗੁੜ ਹੈ, ਧਿਆਨ ਮਹੂਆ ਹੈ, ਜੋ ਮਨ ਵਿਚ ਡਰ ਧਾਰਿਆ (ਹੈ, ਏਹੋ) ਭੱਠੀ ਹੈ ।

**ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ ॥੧॥**

(ਜੋ) ਸੁਖਮਨਾਂ ਵਿਚ (ਬ੍ਰਿਤੀ) ਸਹਜੇ ਹੀ ਸਮਾ ਗਈ (ਹੈ, ਏਹੋ) ਨਾਲੀ ਹੈ, ਪੀਣ ਵਾਲਾ (ਹੋ ਕੇ ਮਨ ਇਸ ਤੋਂ ਨਿਕਲੀ ਸ਼ਰਾਬ) ਪੀਂਦਾ ਹੈ ॥੧॥

**ਅਉਧੂ ਮੇਰਾ ਮਨੁ ਮਤਵਾਰਾ॥ ਉਨਮਦ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ ॥੧॥ ਰਹਾਉ ॥**

ਹੇ ਜੋਗੀ! ਮੇਰਾ ਮਨ ਮਸਤ ਹੋ ਗਿਆ ਹੈ [ਮਦਨ] ਸ਼ਰਾਬ ਦਾ ਸਵਾਦ ਦੇਖਦਿਆਂ ਹੀ [ਉਨਮਦ] ਮਸਤੀ (ਚੜ੍ਹ ਗਈ ਹੈ, ਅਤੇ) ਤਿੰਨਾਂ ਲੋਕਾਂ ਵਿਚ ਚਾਨਣ ਹੋ ਗਿਆ ਹੈ ॥੧॥ ਰਹਾਉ ॥

**ਦੁਇ ਪੁਰ ਜੋਰਿ ਰਸਾਈ ਭਾਠੀ ਪੀਉ ਮਹਾ ਰਸੁ ਭਾਰੀ ॥**

(ਇੜਾ, ਪਿੰਗਲਾ ਰੂਪ) ਦੋਵੇਂ ਪੁਰ ਜੋੜ ਕੇ ਭੱਠੀ ਚੜ੍ਹਾਈ (ਹੈ, ਇਸ ਤੋਂ ਨਿਕਲੀ ਭਾਰੀ [ਮਹਾ ਰਸੁ] ਸ਼ਰਾਬ ਮੈਂ ਪੀਤੀ ਹੈ ।

**ਕਾਮੁ ਕ੍ਰੋਧੁ ਦੁਇ ਕੀਏ ਜਲੇਤਾ ਛੂਟਿ ਗਈ ਸੰਸਾਰੀ ॥੨॥**

ਕਾਮ ਕ੍ਰੋਧ ਰੂਪ ਦੋਵੇਂ [ਜਲੇਤਾ] ਲੱਕੜਾਂ (ਬਾਲੀਆਂ ਹਨ, ਇਸ ਲਈ) ਸੰਸਾਰੀ (ਕ੍ਰਿਯਾ ਮੈਥੋਂ) ਛੁੱਟ ਗਈ ਹੈ ॥੨॥

**ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਿਤ ਸਤਿਗੁਰ ਤੇ ਸੁਧਿ ਪਾਈ ॥**

ਗੁਰਾਂ ਨੂੰ [ਗੰਮਿਤ] ਮਿਲਦਿਆਂ ਹੀ ਗਿਆਨ ਪ੍ਰਗਟ (ਹੋ ਗਿਆ ਹੈ, ਇਸ ਗਿਆਨ ਦੀ) ਖ਼ਬਰ ਸਤਿਗੁਰਾਂ ਤੋਂ ਪਾਈ ਹੈ।

**ਦਾਸੁ ਕਬੀਰੁ ਤਾਸੁ ਮਦ ਮਾਤਾ ਉਚਕਿ ਨ ਕਬਹੂ ਜਾਈ ॥੩॥੨॥**

(ਮੈਂ) ਕਬੀਰ ਦਾਸ (ਤਾਂ) ਉਸ ਸ਼ਰਾਬ ਨਾਲ ਮਸਤ ਹੋ ਰਿਹਾ ਹਾਂ (ਇਹ ਨਸ਼ਾ) ਕਦੇ ਭੀ ([ਉਚਕਿ] ਉਤਰ ਨਹੀਂ ਜਾਵੇਗਾ ॥੩॥੨॥

**ਤੂੰ ਮੇਰੋ ਮੇਰੁ ਪਰਬਤੁ ਸੁਆਮੀ ਓਟ ਗਹੀ ਮੈ ਤੇਰੀ ॥**

ਹੇ ਸੁਆਮੀ! ਤੂੰ ਮੇਰਾ ਸੁਮੇਰ ਪਹਾੜ ਹੈ, ਮੈਂ ਤੇਰੀ ਓਟ ਲਈ ਹੈ।

**ਨਾ ਤੁਮ ਡੋਲਹੁ ਨਾ ਹਮ ਗਿਰਤੇ ਰਖਿ ਲੀਨੀ ਹਰਿ ਮੇਰੀ ॥੧॥**

ਤੁਸੀਂ ਡੋਲਦੇ ਨਹੀਂ ਅਸੀਂ ਡਿਗਦੇ ਨਹੀਂ, ਹੇ ਹਰੀ! ਤੁਸਾਂ ਮੇਰੀ ਪੈਜ ਰਖ ਲਈ ਹੈ ॥੧॥

**ਅਬ ਤਬ ਜਬ ਕਬ ਤੁਹੀ ਤੁਹੀ ॥ ਹਮ ਤੁਅ ਪਰਸਾਦਿ ਸੁਖੀ ਸਦ ਹੀ ॥੧॥ ਰਹਾਉ ॥**

ਹੁਣ ਓਦੋਂ, ਜਦੋਂ ਕਦੋਂ (ਮੇਰਾ) ਤੂੰਹੀਓਂ ਹੀ ਤੂੰ (ਆਸਰਾ) ਹੈ। ਮੈਂ ਤੇਰੀ ਕ੍ਰਿਪਾ ਨਾਲ ਸਦਾ ਹੀ ਸੁਖੀ ਰਹਿੰਦਾ ਹਾਂ ॥੧॥ ਰਹਾਉ ॥

**ਤੋਰੇ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ ॥**

ਤੇਰੇ ਹੀ ਭਰੋਸੇ ਮੈਂ ਮਘਹਾ ਧਰਤੀ ਵਿਚ ਵਸਿਆ ਹਾਂ, ਉਥੋਂ ਤੁਸਾਂ ਮੇਰੇ ਸਰੀਰ ਦੀ ਸੜਨ ਦੂਰ ਕੀਤੀ ਹੈ।

**ਪਹਿਲੇ ਦਰਸਨੁ ਮਗਹਰ ਪਾਇਓ ਫੁਨਿ ਕਾਸੀ ਬਸੇ ਆਈ ॥੨॥**

ਪਹਿਲੇ ਮੈਂ ਮਘਹਾ ਵਿਚ ਦਰਸ਼ਨ ਕੀਤਾ, ਫਿਰ ਕਾਂਸ਼ੀ ਵਿਚ ਆ ਵਸਿਆ ॥੨॥

**ਜੈਸਾ ਮਗਹਰੁ ਤੈਸੀ ਕਾਸੀ ਹਮ ਏਕੈ ਕਰਿ ਜਾਨੀ ॥**

ਜੇਹਾ ਮਗਹਰ ਹੈ, ਤੇਹੀ ਕਾਂਸ਼ੀ ਹੈ, ਮੈਂ (ਤਾਂ ਦੋਹਾਂ ਨੂੰ) ਇਕੋ ਜੇਹਾ ਕਰਕੇ ਜਾਣਿਆ ਹੈ।

**ਹਮ ਨਿਰਧਨ ਜਿਉ ਇਹੁ ਧਨੁ ਪਾਇਆ ਮਰਤੇ ਫੂਟਿ ਗੁਮਾਨੀ ॥੩॥**

ਅਸੀਂ ਕੰਗਾਲ ਵਰਗੇ (ਸੀ, ਤੇਰੀ ਕ੍ਰਿਪਾ ਨਾਲ) ਇਹ (ਨਾਮ) ਧਨ ਪਾਇਆ ਹੈ, ਹੰਕਾਰੀ ਤਾਂ ਫੁੱਟਕੇ ਮਰਦੇ ਹਨ ॥੩॥

**ਕਰੈ ਗੁਮਾਨੁ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ ॥**

ਜੋ ਹੰਕਾਰ ਕਰੇਗਾ, ਉਸ ਨੂੰ ਕੰਢੇ ਚੁਭਣਗੇ, (ਉਨ੍ਹਾਂ ਕੰਢਿਆਂ) ਨੂੰ ਕੱਢਣ ਵਾਲਾ ਕੋਈ ਭੀ ਨਹੀਂ ਹੋਵੇਗਾ।

**ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ ॥੪॥**

ਅਜੇਹੀ [ਚੋਭ] ਪੀੜ ਹੋਵੇਗੀ, ਜੋ ਉਸ ਨਾਲ ਬਿਲ ਬਿਲਾਉਣਗੇ ਤੇ ਕੁੰਭੀ ਨਰਕ ਵਿਚ ਸੜਨਗੇ ॥੪॥

**ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥**

ਕੇਹੜਾ ਨਰਕ ਹੈ ? ਅਤੇ ਸੁਰਗ ਵਿਚਾਰਾ ਕੀ ਹੈ ? ਸੰਤਾਂ ਨੇ ਦੋਵੇਂ ਰੱਦ ਕਰ ਦਿਤੇ ਹਨ ।

**ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥**

ਆਪਣੇ ਗੁਰਾਂ ਦੀ ਕ੍ਰਿਪਾ ਨਾਲ ਅਸੀਂ ਹੁਣ ਕਿਸੇ ਦੀ ਭੀ ਕਾਨ ਨਹੀਂ ਰੱਖ ਸਕਦੇ ॥੫॥

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥**

ਹੁਣ ਤੇ ਤਖਤ ਉਤੇ ਜਾ ਚੜ੍ਹੇ ਹਾਂ ਅਤੇ ਨਿਰੰਕਾਰ ਨਾਲ ਮਿਲਾਪ ਹੋ ਗਿਆ ਹੈ ।

**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥**

ਰਾਮ ਤੇ ਕਬੀਰ (ਦੋਵੇਂ) ਇਕ ਰੂਪ ਹੋ ਗਏ ਹਨ, ਕੋਈ ਪਛਾਣ ਨਹੀਂ ਸਕਦਾ ॥੬॥੩॥

**ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥**

ਸੰਤਾਂ ਦੀ ਸੇਵਾ ਕਰਦਾ ਹਾਂ, ਦੂਤਾਂ ਨੂੰ ਡਾਂਟਦਾ ਹਾਂ, ਏਹੋ ਮੇਰੀ ਕੋਟਵਾਰੀ ਹੈ ।

**ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥**

ਦਿਨ ਰਾਤ ਤੇਰੇ ਚਰਨ ਦਬਦਾ ਹਾਂ, ਅਤੇ ਕੇਸਾਂ ਦਾ ਚੌਰ ਕਰਦਾ ਹਾਂ ॥੧॥

**ਹਮ ਕੂਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥੧॥ ਰਹਾਉ ॥**

ਮੈਂ ਕੁੱਤਾ ਹਾਂ, ਤੇਰੇ ਦਰਬਾਰ ਅੱਗੇ [ਬਦਨੁ] ਮੂੰਹ ਅੱਡਕੇ ਭੌਂਕਦਾ ਹਾਂ ॥੧॥ ਰਹਾਉ ॥

**ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ ॥**

ਪਿਛਲੇ ਜਨਮ ਤੋਂ ਹੀ ਅਸੀਂ ਤੇਰੇ ਸੇਵਕ ਹਾਂ, ਹੁਣ ਤਾਂ ਹਟਿਆ ਨਹੀਂ ਜਾਂਦਾ ।

**ਤੇਰੇ ਦੁਆਰੇ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥**

ਤੇਰੇ ਦਰਵਾਜ਼ੇ ਉਤੇ ਜੋ ਗਿਆਨ ਦੀ ਧੁਨਿ ਹੋ ਰਹੀ ਹੈ, ਏਹੋ ਮੇਰੇ ਮੱਥੇ ਉਤੇ [ਦਗਾਈ] ਨਿਸ਼ਾਨ ਪੈ ਗਿਆ ਹੈ ॥੨॥

**ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥**

(ਜਿਨ੍ਹਾਂ ਦੇ ਮੱਥੇ ਉੱਤੇ) ਦਾਗ ਲੱਗਾ ਹੁੰਦਾ ਹੈ, ਉਹ ਜੰਗ ਵਿਚ ਲੜ ਮਰਦੇ ਹਨ, ਅਤੇ ਜੋ ਦਾਗ ਤੋਂ ਬਿਨਾਂ ਹੁੰਦੇ ਹਨ ਉਹ ਭੱਜ ਜਾਂਦੇ ਹਨ ।

**ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥੩॥**

(ਜੋ) ਸੰਤਾਂ ਦਾ ਸੰਗੀ ਹੋ ਕੇ ਭਗਤੀ ਕਰਨੀ ਪਛਾਣੇਗਾ, ਹਰੀ ਉਸਨੂੰ (ਮੁਕਤੀ ਰੂਪ) ਖਜ਼ਾਨੇ ਵਿਚ ਪਾ ਲਵੇਗਾ ॥੩॥

**ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ ॥**

(ਸਰੀਰ ਰੂਪ) ਕੋਠੇ ਵਿਚ (ਹਿਰਦਾ ਰੂਪ ਰੋਰ) ਕੋਠੜੀ ਹੈ, (ਉਸ) ਕੋਠੜੀ ਵਿਚ ਵਡਮੁੱਲੀ (ਵਸਤੂ)

Sri Satguru Jagjit Singh Ji eLibrary NamdhariElibrary@gmail.com

ਵੀਚਾਰ ਹੈ ।

**ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹਾਰਿ ॥੪॥**

ਗੁਰਾਂ ਨੇ ਕਬੀਰ ਨੂੰ ਇਹ ਵਸਤੂ ਦਿੱਤੀ ਹੈ, (ਉਸ ਨੇ ਇਹ) ਵਸਤੂ ਸਾਂਭ ਕੇ (ਰੱਖ) ਲਈ ਹੈ ॥੪॥

**ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ ॥**

(ਫਿਰ) ਕਬੀਰ (ਨੇ ਉਹ ਵਸਤੂ) ਸੰਸਾਰ ਨੂੰ ਦਿੱਤੀ, (ਪਰ) ਜਿਸਦੇ ਮੱਥੇ ਦੇ ਭਾਗ (ਚੰਗੇ ਹਨ, ਉਸਨੇ) ਲਈ ਹੈ ।

**ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾ ਕਾ ਸੋਹਾਗੁ ॥੫॥੪॥**

ਜਿਸਨੇ (ਨਾਮ) ਅੰਮ੍ਰਿਤ ਰਸ ਪਾਇਆ ਹੈ ਉਸਦਾ ਸੁਹਾਗ (ਅਚੱਲ ਹੋਇਆ ਹੈ) ॥੫॥੪॥

ਉਥਾਨਕਾ—ਇਕ ਬ੍ਰਾਹਮਣ ਵੇਦਕ ਕਰਮਾਂ ਵਿਚ ਫਸ ਕੇ ਰਾਮ ਤੋਂ ਬੇਮੁਖ ਹੋ ਕੇ ਲੋਕਾਂ ਨੂੰ ਰੋਜ਼ ਕਿਹਾ ਕਰਦਾ ਸੀ ਵੇਦ ਤੇ ਗਾਇਤ੍ਰੀ ਮੰਤਰ ਈਸ਼ਵਰ ਦੇ ਉਚਾਰਨ ਕੀਤੇ ਹੋਏ ਹਨ, ਉਸ ਪ੍ਰਤੀ ਉਪਦੇਸ਼ ਦੇਂਦੇ ਹਨ—

**ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰੁ ਕਰੈ ॥**

ਹੇ ਬ੍ਰਾਹਮਣ! (ਤੇਰੇ ਕਹੇ ਅਨੁਸਾਰ) ਜਿਸ ਦੇ ਮੂੰਹ ਵਿਚੋਂ ਵੇਦ ਤੇ ਗਾਇਤਰੀ ਮੰਤਰ ਨਿਕਲੇ ਹਨ, ਉਸ ਨੂੰ ਤੂੰ ਕਿਉਂ ਵਿਸਾਰ ਦਿੱਤਾ ਹੈ।

**ਜਾ ਕੈ ਪਾਇ ਜਗਤੁ ਸਭੁ ਲਾਗੈ ਸੋ ਕਿਉ ਪੰਡਿਤੁ ਹਰਿ ਨ ਕਹੈ ॥੧॥**

ਜਿਸ ਦੇ ਚਰਨੀ ਸਾਰਾ ਜਗਤ ਪੈਂਦਾ ਹੈ, ਹੇ ਪੰਡਿਤ! ਉਸ ਹਰੀ ਦਾ ਨਾਮ ਕਿਉਂ ਨਹੀਂ ਜਪਦਾ ॥੧॥

**ਕਾਹੇ ਮੇਰੇ ਬਾਮ੍ਹਨ ਹਰਿ ਨ ਕਹਹਿ ॥**

**ਰਾਮੁ ਨ ਬੋਲਹਿ ਪਾਡੇ ਦੋਜਕੁ ਭਰਹਿ ॥੧॥ ਰਹਾਉ ॥**

ਹੇ ਬ੍ਰਾਹਮਣ! ਮੇਰੇ ਹਰੀ ਨੂੰ ਕਿਉਂ ਨਹੀਂ ਜਪਦਾ ? ਹੇ ਪਾਂਡੇ! ਰਾਮ ਨੂੰ (ਤੂੰ) ਨਹੀਂ ਜਪਦਾ, (ਇਸ ਲਈ) ਨਰਕਾਂ ਵਿਚ ਪਵੇਂਗਾ ॥੧॥ ਰਹਾਉ ॥

**ਆਪਨ ਊਚ ਨੀਚ ਘਰਿ ਭੋਜਨੁ ਹਠੇ ਕਰਮ ਕਰਿ ਉਦਰੁ ਭਰਹਿ ॥**

ਆਪਣੇ (ਆਪ ਨੂੰ) ਉੱਚਾ (ਮੰਨਦਾ), ਨੀਚਾਂ ਦੇ ਘਰ ਜਾ ਕੇ ਰੋਟੀ ਖਾਂਦਾ ਹੈ, (ਫਿਰ) ਹਠ ਦੇ ਕਰਮ ਕਰਕੇ [ਉਦਰੁ] ਢਿੱਡ ਨੂੰ ਭਰਦਾ ਹੈ ।

**ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ ॥੨॥**

ਚੌਦਸ ਤੇ ਮੱਸਿਆ ਨੂੰ ਰੱਜ ਰੱਜ ਕੇ ਮੰਗਦਾ ਹੈ, ਹੱਥ ਵਿਚ ਦੀਵਾ ਲੈ ਕੇ ਖੂਹ ਵਿਚ ਡਿੱਗਦਾ ਜਾ ਰਿਹਾ ਹੈ ॥੨॥

**ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ ॥**

ਤੂੰ ਬ੍ਰਾਹਮਣ ਹੈਂ (ਪਰ) ਮੈਂ ਕਾਂਸ਼ੀ ਦਾ ਜੁਲਾਹਾ ਹਾਂ, ਮੇਰੀ ਤੇਰੀ ਬਰਾਬਰੀ ਕਿਵੇਂ ਬਣ ਸਕਦੀ ਹੈ ?

Sri Satguru Jagjit Singh Ji eLibrary NamdhariElibrary@gmail.com

**ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ ॥੩॥੫॥**

ਅਸੀਂ ਤਾਂ ਰਾਮ ਦਾ ਨਾਮ ਜਪ ਕੇ ਤਰ ਜਾਵਾਂਗੇ, ਹੇ ਪਾਂਡੇ! ਤੂੰ ਵੇਦਾਂ ਦੇ ਭਰੋਸੇ (ਰਹਿ ਕੇ ਸੰਸਾਰ ਸਮੁੰਦਰ ਵਿਚ) ਡੁਬ ਮਰੇਂਗਾ ॥੩॥੫॥

**ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ ॥**

(ਸੰਸਾਰ) ਇਕ ਦਰਖਤ ਹੈ, (ਜਿਸ ਦੇ ਵਰਨ ਆਸ਼ਰਮ ਰੂਪ) ਅਨੇਕਾਂ ਟਾਹਨ ਤੇ [ਸਾਖਾ] ਟਾਹਣੀਆਂ ਹਨ, (ਸੰਤ) [ਪੁਹਪ] ਫੁਲ (ਹਨ, ਜੀਵ) ਪੱਤਰ ਹਨ, ਅਤੇ ਚੌਥੀ ਭੂਮਿਕਾ ਦੀ ਪ੍ਰਾਪਤੀ [ਰਸ ਭਰੀਆ] ਫਲ ਹੈ।

**ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ ॥੧॥**

ਏਹ (ਸੰਸਾਰ ਹੀ) ਅੰਮ੍ਰਿਤ ਦੀ ਬਗੀਚੀ ਹੈ, ਹੇ ਭਾਈ! ਉਸ ਪੂਰੇ ਹਰੀ (ਨੇ ਹੀ ਇਸ ਨੂੰ) ਬਣਾਇਆ ਹੈ ॥੧॥

**ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥**

ਹੇ (ਭਾਈ! ਮੈਂ) ਪ੍ਰਕਾਸ਼ ਰੂਪ [ਜਾਨੀ] ਪਿਆਰੇ ਰਾਮ ਜੀ ਦੀ ਕਹਾਣੀ ਜਾਣ ਲਈ ਹੈ।

**ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥੧॥ ਰਹਾਉ ॥**

ਰਾਮ ਦੀ ਜੋਤਿ (ਦਾ ਹੀ ਸਾਰਿਆਂ ਦੇ) ਅੰਦਰ ਚਾਨਣ ਹੈ, ਪਰ ਉਸ ਰਾਮ ਨੂੰ ਕਿਸੇ ਵਿਰਲੇ ਗੁਰਮੁਖ ਨੇ ਹੀ ਜਾਣਿਆਂ ਹੈ ॥੧॥ ਰਹਾਉ ॥

SIKHBOOKCLUB.COM

**ਭਵਰੁ ਏਕੁ ਪੁਹਪ ਰਸ ਬੀਧਾ ਬਾਰਹ ਲੇ ਉਰ ਧਰਿਆ ॥**

(ਜਗਯਾਸੂ ਰੂਪ) ਇਕ ਭੌਰਾ (ਸੰਤਾਂ ਰੂਪ) ਫੁਲ ਨਾਲ ਪ੍ਰੇਮ ਕਰਕੇ [ਬੀਧਾ] ਮਿਲ ਗਿਆ ਹੈ (ਅਤੇ) ਬਾਹਰ ਜਾਂਦੇ (ਮਨ ਨੂੰ) ਫੜ ਕੇ ਹਿਰਦੇ ਵਿਚ ਰੋਕ ਰਖਿਆ ਹੈ।

**ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁ ਫਰਿਆ ॥੨॥**

(ਅਤੇ) ਪਵਣ ਝਕੋਰਿਆਂ (ਵਰਗੀ ਚੰਚਲ ਵਾਸ਼ਨਾ ਨੂੰ ਹਿਰਦੇ) ਵਿਚੋਂ ਮੇਟਨ (ਕਰਕੇ ਉਹ (ਜੰਮਨ ਮਰਨ ਤੋਂ) ਰਹਿ ਗਿਆ ਹੈ (ਕਿਉਂਕਿ ਉਸਨੂੰ) [ਆਕਾਸੇ= ਵਿਆਪਕ] ਪ੍ਰਮਾਤਮਾ (ਦੀ ਪ੍ਰਾਪਤੀ ਰੂਪ) ਫਲ ਮਿਲ ਪਿਆ ਹੈ ॥੨॥

**ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲਹਰੁ ਸੋਖਿਆ ॥**

[ਸੁੰਨਿ] ਬ੍ਰਹਮ [ਸਹਜ] ਗਿਆਨ (ਰੂਪ) ਇਕ ਦਰਖਤ ਪੈਦਾ ਹੋਇਆ ਹੈ (ਜਿਸਨੇ ਬੁਧੀ ਰੂਪੀ) ਧਰਤੀ (ਵਿਚੋਂ ਵਿਸ਼ੇ) ਜਲ ਨੂੰ (ਖਿੱਚ ਕੇ) ਸੁਕਾ ਦਿੱਤਾ ਹੈ।

**ਕਹਿ ਕਬੀਰ ਹਉ ਤਾ ਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ ॥੩॥੬॥**

ਕਬੀਰ ਜੀ ਆਖਦੇ ਹਨ, ਮੈਂ ਉਸ ਦਾ ਦਾਸ ਹਾਂ, ਜਿਸ ਨੇ ਇਹ (ਬ੍ਰਹਮ ਗਿਆਨ ਰੂਪ) ਦਰਖਤ ਵੇਖਿਆ ਹੈ ॥੩॥੬॥

*ਉਥਾਨਕਾ*—ਇਕ ਭੇਖੀ ਜੋਗੀ ਨੂੰ ਉਪਦੇਸ਼ ਦੇਂਦੇ ਹਨ—

**ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ਰ ਕਾ ਕਰਹੁ ਬੀਚਾਰੁ ਰੇ ॥**

ਹੇ ਭਾਈ! ਮੋਨ ਦੀਆਂ ਮੁੰਦਰਾਂ, ਦਇਆ ਦੀ ਝੋਲੀ ਬਨਾ ਅਤੇ ਵੀਚਾਰ ਦਾ [ਪਤ੍ਰ] ਖੱਪਰ ਬਨਾ ਲੈ।

**ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ ॥੧॥**

ਆਪਣੇ ਇਸ ਸਰੀਰ (ਨੂੰ ਕਾਲ ਦੀ ਗ੍ਰਾਹੀ ਸਮਝਨਾ ਹੀ) ਗੋਦੜੀ ਸੀਊ ਲੈ, ਅਤੇ ਨਾਮ ਦਾ ਆਸਰਾ ਕਰ ਲੈ ॥੧॥

**ਐਸਾ ਜੋਗੁ ਕਮਾਵਹੁ ਜੋਗੀ ॥ ਜਪ ਤਪ ਸੰਜਮੁ ਗੁਰਮੁਖਿ ਭੋਗੀ ॥੧॥ ਰਹਾਉ ॥**

ਹੇ ਜੋਗੀ! ਅਜੇਹਾ ਜੋਗ ਕਮਾ ਜੋ ਗੁਰਮੁਖ [ਭੋਗੀ] ਗ੍ਰਿਹਸਤੀ (ਹੋਣਾ ਹੀ) ਜਪ ਤਪ ਸੰਜਮ ਕਰ ॥੧॥ ਰਹਾਉ ॥

**ਬੁਧਿ ਬਿਭੂਤਿ ਚਢਾਵਉ ਅਪੁਨੀ ਸਿੰਗੀ ਸੁਰਤਿ ਮਿਲਾਈ ॥**

ਬੁਧੀ (ਵਿਚ ਵਿਚਾਰ ਕਰਨੀ ਹੀ) ਬਿਭੂਤ ਚੜਾਓ ਅਤੇ ਆਪਣੀ ਸੁਰਤਿ (ਨੂੰ ਪ੍ਰੀਤਮ ਨਾਲ) ਮਿਲਾਉਣਾ ਹੀ ਸਿੰਗੀ ਵਜਾਓ।

**ਕਰਿ ਬੈਰਾਗੁ ਫਿਰਉ ਤਨਿ ਨਗਰੀ ਮਨ ਕੀ ਕਿੰਗੁਰੀ ਬਜਾਈ ॥੨॥**

ਵੈਰਾਗ ਨੂੰ ਧਾਰਨ ਕਰਕੇ ਦੇਹ ਰੂਪ ਨਗਰੀ ਵਿਚ ਫਿਰੋ ਅਤੇ ਮਨ ਦੀ ਬੀਣਾ ਬਜਾਓ ॥੨॥

**ਪੰਚ ਤਤੁ ਲੈ ਹਿਰਦੈ ਰਾਖਹੁ ਰਹੈ ਨਿਰਾਲਮ ਤਾੜੀ ॥**

ਪੰਜਾਂ ਤੱਤਾਂ (ਦੀ ਰਹਿਤ) ਲੈ ਕੇ ਹਿਰਦੇ ਵਿਚ ਰੱਖ ਨਿਰਲੇਪ ਰਹਿਣਾ ਹੀ [ਤਾੜੀ] ਸਮਾਧੀ ਲਾਓ।

**ਕਹਤੁ ਕਬੀਰੁ ਸੁਨਹੁ ਰੇ ਸੰਤਹੁ ਧਰਮੁ ਦਇਆ ਕਰਿ ਬਾੜੀ ॥੩॥੭॥**

ਕਬੀਰ ਜੀ ਆਖਦੇ ਹਨ, ਹੇ ਸੰਤੋ! ਸੁਣੋ, ਧਰਮ ਤੇ ਦਇਆ ਨੂੰ ਸੈਰ ਕਰਨ ਵਾਲੀ [ਬਾੜੀ= ਬਗੀਚੀ] ਜੰਗਲ ਬਣਾਓ ॥੩॥੭॥

**ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ ॥**

ਜਿਸ ਕੰਮ ਲਈ ਜਗਤ ਵਿਚ [ਸਿਰਜੇ] ਪੈਦਾ ਕੀਤੇ ਗਏ ਹਾਂ ? (ਮਨੁੱਖ) ਜਨਮ ਪਾਏ ਦਾ ਕੀ ਫਲ (ਗਿਆ ਹੈ ?)

**ਭਵ ਨਿਧਿ ਤਰਨ ਤਾਰਨ ਚਿੰਤਾਮਨਿ ਇਕ ਨਿਮਖ ਨ ਇਹੁ ਮਨੁ ਲਾਇਆ ॥੧॥**

ਮਨ ਦੀਆਂ ਚਿੰਤਾ (ਪੂਰੀਆਂ ਕਰਨ ਵਾਲਾ ਜੋ) ਸੰਸਾਰ ਸਮੁੰਦਰ ਤੋਂ ਤਾਰਨ ਵਾਲਾ [ਤਰਨ] ਜਹਾਜ਼ (ਹੈ ਉਸ ਨਾਲ ਮੈਂ) ਇਕ ਛਿਨ ਭਰ ਭੀ ਮਨ ਨਹੀਂ ਲਾਇਆ ॥੧॥

**ਗੋਬਿੰਦ ਹਮ ਐਸੇ ਅਪਰਾਧੀ ॥**

ਹੇ ਗੋਬਿੰਦ! ਅਸੀਂ ਅਜੇਹੇ ਗੁਨਾਹੀ ਹਾਂ।

Sri Satguru Jagjit Singh Ji eLibrary NamdhariElibrary@gmail.com

## ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ
## ਤਿਸ ਕੀ ਭਾਉ ਭਗਤਿ ਨਹੀ ਸਾਧੀ ॥੧॥ ਰਹਾਉ ॥

ਜਿਸ ਪ੍ਰਭੂ ਨੇ ਜੀਵ ਤੇ ਸਰੀਰ ਦਿਤਾ ਸੀ, ਉਸ ਦੀ ਮੈਂ ਪ੍ਰੇਮ ਨਾਲ ਭਗਤੀ ਭੀ ਨਹੀਂ [ਸਾਧੀ] ਕੀਤੀ ॥੧॥ ਰਹਾਉ ॥

## ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ ॥

ਪਰਾਇਆ ਧਨ, ਪਰਾਇਆ ਤਨ, ਪਰ ਇਸਤ੍ਰੀ, ਪਰਾਈ ਨਿੰਦਾ ਅਤੇ [ਅਪਬਾਦੁ] ਵਿਰੋਧ (ਸਾਥੋਂ) ਛੁੱਟਿਆ ਹੀ ਨਹੀਂ ।

## ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ ॥੨॥

(ਇਸ ਕਰਕੇ) ਮੁੜ ਮੁੜ ਕੇ ਜੰਮਨਾ ਮਰਨਾ ਹੁੰਦਾ ਹੈ, ਇਹ ਸਿਲਸਿਲਾ ਟੁੱਟਦਾ ਨਹੀਂ ਹੈ ॥੨॥

## ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨੋ੍ ਮੈ ਫੇਰਾ ॥

ਜਿਸ ਘਰ ਵਿਚ ਕਥਾ ਹੁੰਦੀ ਹੈ ਅਤੇ ਹਰੀ ਦੇ ਸੰਤ (ਵੱਸਦੇ ਹਨ, ਉੱਥੇ) ਮੈਂ ਇਕ ਪਲ ਭਰ ਭੀ ਫੇਰਾ ਨਹੀਂ ਪਾਇਆ ।

## ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ ॥੩॥

ਵਿਸ਼ਈ, ਚੋਰ, ਚੁਗ਼ਲ ਤੇ ਜੋ ਸ਼ਰਾਬੀ (ਲੋਕ, ਹਨ) ਉਨ੍ਹਾਂ ਨਾਲ ਹੀ ਸਦਾ ਵਸੇਬਾ (ਰਖਿਆ ਹੈ) ॥੩॥

## ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥

ਕਾਮ, ਕ੍ਰੋਧ, [ਮਾਇਆ] ਧੋਖੇਬਾਜੀ, ਹੰਕਾਰ ਤੇ ਈਰਖਾ ਮੇਰੇ (ਘਰ) ਵਿਚ ਏਹੋ [ਸੰਪੈ] ਧਨ ਹੈ।

## ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥੪॥

ਦਇਆ, ਧਰਮ ਤੇ ਗੁਰੂ ਦੀ ਸੇਵਾ, ਇਨ੍ਹਾਂ (ਦਾ ਖਿਆਲ) ਸੁਪਨੇ ਵਿਚ ਭੀ ਨਹੀਂ (ਫੁਰਦਾ) ॥੪॥

## ਦੀਨ ਦਇਆਲ ਕ੍ਰਿਪਾਲ ਦਮੋਦਰ ਭਗਤਿ ਬਛਲ ਭੈ ਹਾਰੀ ॥

ਹੇ ਦੀਨਾਂ ਉਤੇ ਦਇਆ (ਕਰਨ ਵਾਲੇ !) ਹੇ ਕ੍ਰਿਪਾਲੂ ਹੇ ਮਾਇਆ ਦੇ ਆਸਰੇ ! ਹੇ ਡਰ ਦੂਰ ਕਰਨ ਵਾਲੇ ! ਹੇ ਭਗਤਾਂ ਦੇ ਪਿਆਰੇ !

## ਕਹਤ ਕਬੀਰ ਭੀਰ ਜਨ ਰਾਖਹੁ ਹਰਿ ਸੇਵਾ ਕਰਉ ਤੁਮ੍ਾਰੀ ॥੫॥੮॥

ਕਬੀਰ ਜੀ ਆਖਦੇ ਹਨ—ਹੇ ਹਰੀ ! ਦਾਸ ਨੂੰ [ਭੀਰ] ਔਖੇ ਵੇਲੇ ਤੇ ਰੱਖ ਲਉ ! (ਇਸੇ ਲਈ ਮੈਂ) ਤੁਹਾਡੀ ਸੇਵਾ ਕਰਦਾ ਹਾਂ ॥੫॥੮॥

## ਜਿਹ ਸਿਮਰਨਿ ਹੋਇ ਮੁਕਤਿ ਦੁਆਰੁ ॥ ਜਾਹਿ ਬੈਕੁੰਠਿ ਨਹੀ ਸੰਸਾਰਿ ॥

ਜਿਸ ਦੇ ਸਿਮਰਨ (ਕੀਤਿਆਂ) ਮੁਕਤੀ ਦੇ ਦਰਵਾਜ਼ੇ (ਵਿਚ ਦੀ ਹੁੰਦਾ) ਹੋਇਆ ਬੈਕੁੰਠ ਵਿਚ ਜਾਵੇਗਾ, (ਅਤੇ ਮੁੜਕੇ) ਸੰਸਾਰ ਵਿਚ ਨਹੀਂ (ਆਵੇਗਾ)।

Sri Satguru Jagjit Singh Ji eLibrary NamdhariElibrary@gmail.com

**ਨਿਰਭਉ ਕੈ ਘਰਿ ਬਜਾਵਹਿ ਤੂਰ ॥ ਅਨਹਦ ਬਜਹਿ ਸਦਾ ਭਰਪੂਰ ॥੧॥**

ਨਿਰਭਉ ਦੇ ਘਰ ਵਿਚ ਜਾ ਕੇ ਅਨਹਦ ਵਾਜੇ ਵੱਜਣਗੇ ਅਤੇ ਸਦਾ (ਸਭ ਵਿਚ) ਪੂਰਨ (ਦੇ ਦਰਸ਼ਨ ਕਰੇਗਾ) ॥੧॥

**ਐਸਾ ਸਿਮਰਨੁ ਕਰਿ ਮਨ ਮਾਹਿ ॥ ਬਿਨੁ ਸਿਮਰਨ ਮੁਕਤਿ ਕਤ ਨਾਹਿ ॥੧॥ ਰਹਾਉ ॥**

ਐਹੋ (ਜਿਹਾ) ਸਿਮਰਨ ਮਨ ਵਿਚ ਕਰ ਜਿਸ ਸਿਮਰਨ (ਤੋਂ) ਬਿਨਾਂ ਮੁਕਤੀ ਕਦੀ (ਵੀ) ਨਹੀਂ ਹੋਣੀ ॥੧॥ ਰਹਾਉ ॥

**ਜਿਹ ਸਿਮਰਨਿ ਨਾਹੀ ਨਨਕਾਰੁ ॥ ਮੁਕਤਿ ਕਰੈ ਉਤਰੈ ਬਹੁ ਭਾਰੁ ॥**

ਜਿਸ ਦਾ ਸਿਮਰਨ (ਕੀਤਿਆਂ) ਮੁੜ ਕਿਸੇ (ਜਗ੍ਹਾ ਤੇ) [ਨਨਕਾਰੁ] ਰੋਕ ਨਹੀਂ ਹੁੰਦੀ ਤੇ ਮੁਕਤਿ (ਪ੍ਰਾਪਤ) ਕਰੇਂਗਾ, (ਅਤੇ ਤੇਰੇ ਸਿਰੋਂ ਪਾਪਾਂ ਦਾ) ਬਹੁਤਾ ਭਾਰ ਉਤਰ ਜਾਵੇਗਾ।

**ਨਮਸਕਾਰੁ ਕਰਿ ਹਿਰਦੈ ਮਾਹਿ ॥ ਫਿਰਿ ਫਿਰਿ ਤੇਰਾ ਆਵਨੁ ਨਾਹਿ ॥੨॥**

ਉਸ ਨੂੰ ਹੇ ਭਾਈ! ਤੂੰ (ਦਿਲੋਂ ਨਮਸ਼ਕਾਰ ਕਰ, ਮੁੜ ਮੁੜ ਕੇ ਤੇਰਾ ਔਣਾ (ਜਾਣਾ) ਨਹੀਂ (ਹੋਵੇਗਾ) ॥੨॥

**ਜਿਹ ਸਿਮਰਨਿ ਕਰਹਿ ਤੂ ਕੇਲ ॥ ਦੀਪਕੁ ਬਾਂਧਿ ਧਰਿਓ ਬਿਨੁ ਤੇਲ ॥**

ਜਿਸਦੇ ਸਿਮਰਨ ਕਰਕੇ ਤੂੰ [ਕੇਲ] ਅਨੰਦ ਪ੍ਰਾਪਤ ਕਰੇਂਗਾ, ਅਤੇ ਤੇਲ ਤੋਂ ਬਿਨਾਂ (ਬਲਨ ਵਾਲਾ ਗਿਆਨ ਰੂਪ) ਦੀਵਾ ਤੇਰੇ ਅੰਦਰ ਕਾਇਮ ਹੋ ਜਾਵੇਗਾ।

**ਸੋ ਦੀਪਕੁ ਅਮਰਕੁ ਸੰਸਾਰਿ ॥ ਕਾਮ ਕ੍ਰੋਧ ਬਿਖੁ ਕਾਢੀਲੇ ਮਾਰਿ ॥੩॥**

ਉਹ ਦੀਵਾ ਸੰਸਾਰ ਵਿਚ ਅਮਰ ਕਰਨ ਵਾਲਾ ਹੈ, ਅਤੇ ਕਾਮ ਕ੍ਰੋਧ (ਰੂਪ) ਜ਼ਹਿਰ ਨੂੰ ਮਾਰ ਕੇ (ਹਿਰਦੇ ਵਿਚੋਂ) ਕੱਢ ਦੇਂਦਾ ਹੈ ॥੩॥

**ਜਿਹ ਸਿਮਰਨਿ ਤੇਰੀ ਗਤਿ ਹੋਇ ॥ ਸੋ ਸਿਮਰਨੁ ਰਖੁ ਕੰਠਿ ਪਰੋਇ ॥**

ਜਿਸ ਸਿਮਰਨ (ਦੇ ਕੀਤਿਆਂ) ਤੇਰੀ ਗਤੀ ਹੋਵੇਗੀ। ਉਹ ਸਿਮਰਨ ਨੂੰ ਗਲ ਦਾ ਹਾਰ ਬਣਾਈ ਰਖ।

**ਸੋ ਸਿਮਰਨੁ ਕਰਿ ਨਹੀ ਰਾਖੁ ਉਤਾਰਿ ॥ ਗੁਰ ਪਰਸਾਦੀ ਉਤਰਹਿ ਪਾਰਿ ॥੪॥**

ਉਹ ਸਿਮਰਨ (ਦਿਲ ਵਿਚ ਧਾਰਨ) ਕਰ ਰਖ, (ਦਿਲੋਂ) ਵਿਸਾਰ ਨਹੀਂ (ਤਾਂ ਗੁਰਾਂ ਦੀ ਕ੍ਰਿਪਾ (ਨਾਲ ਸੰਸਾਰ ਸਮੁੰਦਰ ਤੋਂ) ਪਾਰ ਹੋ ਜਾਵੇਂਗਾ ॥੪॥

**ਜਿਹ ਸਿਮਰਨਿ ਨਾਹੀ ਤੁਹਿ ਕਾਨਿ ॥ ਮੰਦਰਿ ਸੋਵਹਿ ਪਟੰਬਰ ਤਾਨਿ ॥**

ਜਿਸ ਦੇ ਸਿਮਰਨ (ਕਰਕੇ) ਤੈਨੂੰ (ਕਿਸੇ ਦੀ ਕਾਨ ਨਹੀਂ (ਰਹੇਗੀ)। (ਬੇ-ਫਿਕਰੀ ਰੂਪ) [ਪਟੰਬਰ] ਪਟ ਦਾ ਕਪੜਾ ਤਾਣਕੇ (ਨਿਜ ਸਰੂਪ ਮੰਦਰ ਵਿਚ ਸਵੇਂਗਾ)।

**ਸੇਜ ਸੁਖਾਲੀ ਬਿਗਸੈ ਜੀਉ ॥ ਸੋ ਸਿਮਰਨੁ ਤੂ ਅਨਦਿਨੁ ਪੀਉ ॥੫॥**

ਸੁਖਾਂ ਦੀ ਸੇਜਾ ਮਿਲਦੀ ਹੈ ਤੇ ਜੀਵ ਅਨੰਦ ਹੁੰਦਾ ਹੈ। ਉਹ ਸਿਮਰਨ (ਰੂਪ ਅੰਮ੍ਰਿਤ) ਤੂੰ ਦਿਨ ਰਾਤ

Sri Satguru Jagjit Singh Ji eLibrary NamdhariElibrary@gmail.com

ਪੀ ॥੫॥

**ਜਿਹ ਸਿਮਰਨਿ ਤੇਰੀ ਜਾਇ ਬਲਾਇ ॥ ਜਿਹ ਸਿਮਰਨਿ ਤੁਝੁ ਪੋਹੈ ਨ ਮਾਇ ॥**

ਜਿਸ ਸਿਮਰਨ ਕਰਕੇ ਤੇਰੀ (ਅਵਿਦਯਾ ਰੂਪ) ਬਲਾ ਚਲੀ ਜਾਵੇਗੀ। ਜਿਸਦੇ ਸਿਮਰਨ (ਕਰਕੇ) ਤੈਨੂੰ ਮਾਯਾ ਨਹੀਂ ਪੋਹੇਗੀ।

**ਸਿਮਰਿ ਸਿਮਰਿ ਹਰਿ ਹਰਿ ਮਨਿ ਗਾਈਐ ॥**
**ਇਹੁ ਸਿਮਰਨੁ ਸਤਿਗੁਰ ਤੇ ਪਾਈਐ ॥੬॥**

(ਉਹ) ਸਿਮਰਨ (ਕਰ, ਸਿਮਰਨ ਕਰ) ਹਰਿ ਹਰਿ (ਨਾਮ) ਮਨ ਵਿਚ ਗਾਉਣਾ ਚਾਹੀਦਾ ਹੈ, (ਪਰ) ਇਹ ਸਿਮਰਨ ਸਤਿਗੁਰਾਂ ਤੋਂ ਮਿਲਦਾ ਹੈ ॥੬॥

**ਸਦਾ ਸਦਾ ਸਿਮਰਿ ਦਿਨੁ ਰਾਤਿ ॥ ਊਠਤ ਬੈਠਤ ਸਾਸਿ ਗਿਰਾਸਿ ॥**

ਸਦਾ (ਰੂਪ ਦੇ) ਸਿਮਰਨ ਨੂੰ ਸਦਾ ਹੀ ਦਿਨ ਰਾਤ, ਉਠਦਿਆਂ ਬੈਠਦਿਆਂ ਸਾਸ ਗਰਾਸ (ਯਾਦ ਕਰ)।

**ਜਾਗੁ ਸੋਇ ਸਿਮਰਨ ਰਸ ਭੋਗ ॥ ਹਰਿ ਸਿਮਰਨੁ ਪਾਈਐ ਸੰਜੋਗੁ ॥੭॥**

[ਸੋਇ] ਨੀਂਦ ਤੋਂ ਜਾਗ, ਅਤੇ ਸਿਮਰਨ ਦਾ ਸਵਾਦ ਚਖ। ਹਰੀ ਦਾ ਸਿਮਰਨ ਕਰਮਾਂ ਨਾਲ ਮਿਲਦਾ ਹੈ ॥੭॥

**ਜਿਹ ਸਿਮਰਨਿ ਨਾਹੀ ਤੁਝੁ ਭਾਰ ॥ ਸੋ ਸਿਮਰਨੁ ਰਾਮ ਨਾਮ ਅਧਾਰੁ ॥**

ਜਿਸ ਸਿਮਰਨ ਕਰਕੇ ਤੈਨੂੰ (ਕੋਈ) ਭਾਰ ਨਹੀਂ, (ਵਿਆਪੇਗਾ)। ਉਸ ਰਾਮ ਨਾਮ ਦੇ ਸਿਮਰਨ ਨੂੰ ਆਸਰਾ ਬਣਾ ਲੈ।

**ਕਹਿ ਕਬੀਰ ਜਾ ਕਾ ਨਹੀ ਅੰਤੁ ॥ ਤਿਸ ਕੇ ਆਗੇ ਤੰਤੁ ਨ ਮੰਤੁ ॥੮॥੯॥**

ਕਬੀਰ ਜੀ ਆਖਦੇ ਹਨ, ਜਿਸ (ਵਾਹਿਗੁਰੂ) ਦਾ ਅੰਤ ਨਹੀਂ (ਆਉਂਦਾ, ਸਿਮਰਨ ਤੋਂ ਬਿਨਾਂ) ਉਸ ਦੇ ਅਗੇ ਤੰਤ ਮੰਤ (ਕੋਈ) ਨਹੀਂ (ਫੁਰਦਾ) ॥੮॥੯॥

***ਰਾਮਕਲੀ ਘਰੁ ੨ ਬਾਣੀ ਕਬੀਰ ਜੀ ਕੀ ੧ੴ ਸਤਿਗੁਰ ਪ੍ਰਸਾਦਿ ॥***

**ਬੰਧਚਿ ਬੰਧਨੁ ਪਾਇਆ ॥ ਮੁਕਤੈ ਗੁਰਿ ਅਨਲੁ ਬੁਝਾਇਆ ॥**

ਬੰਧਨ ਵਿਚ (ਪਾਉਣ ਵਾਲੀ ਮਾਇਆ ਨੂੰ) ਬੰਧਨ ਪਾ ਲਿਆ ਹੈ, ਮੁਕਤਿ ਰੂਪ ਗੁਰਾਂ (ਨੇ ਤ੍ਰਿਸ਼ਨਾ) [ਅਨਲੁ] ਅੱਗ ਨੂੰ ਬੁਝਾ ਦਿੱਤਾ ਹੈ।

**ਜਬ ਨਖ ਸਿਖ ਇਹੁ ਮਨੁ ਚੀਨ੍ਹਾ ॥ ਤਬ ਅੰਤਰਿ ਮਜਨੁ ਕੀਨ੍ਹਾ ॥੧॥**

ਜਦ ਨੌਹਾਂ (ਤੋਂ ਲੈ ਕੇ) ਸਿਰ (ਤਕ) ਇਸ ਮਨ ਨੂੰ ਜਾਣਿਆ, ਜਦ ਅੰਦਰਲੇ ਤੀਰਥ ਵਿਚ ਇਸ਼ਨਾਨ ਕੀਤਾ ॥੧॥

**ਪਵਨਪਤਿ ਉਨਮਨਿ ਰਹਨੁ ਖਰਾ ॥ ਨਹੀ ਮਿਰਤੁ ਨ ਜਨਮੁ ਜਰਾ ॥੧॥ ਰਹਾਉ ॥**

[ਪਵਨਪਤਿ] ਜੀਵਾਤਮਾ ਦਾ [ਉਨਮਨਿ] ਤੁਰੀਆ ਪਦ ਵਿਚ ਚੰਗੀ ਤਰ੍ਹਾਂ ਵਸੇਬਾ ਹੋ ਗਿਆ। (ਫਿਰ ਉਸ ਨੂੰ) ਨਾ ਮੌਤ, ਜਨਮ (ਮਰਣ) ਅਤੇ ਨਾ ਹੀ [ਜਰਾ] ਬੁਢੇਪੇ (ਦਾ ਦੁੱਖ ਲਗਦਾ ਹੈ) ॥੧॥ ਰਹਾਉ ॥

**ਉਲਟੀ ਲੇ ਸਕਤਿ ਸਹਾਰੰ ॥ ਪੈਸੀਲੇ ਗਗਨ ਮਝਾਰੰ ॥**

(ਪ੍ਰਾਣਾਂ ਨੂੰ) ਉਲਟਾ ਕੇ [ਸਕਤਿ] ਕੁੰਡਲਨੀ (ਵਿਚ) [ਸਹਾਰੰ] ਰੋਕਿਆ (ਤਾਂ) [ਗਗਨ] ਦਸਮ ਦਵਾਰ ਵਿਚ ਜਾ ਪੁੱਜੇ ਹਾਂ।

**ਬੇਧੀਅਲੇ ਚਕ੍ਰ ਭੁਅੰਗਾ ॥ ਭੇਟੀਅਲੇ ਰਾਇ ਨਿਸੰਗਾ ॥੨॥**

(ਜਦ) [ਭੁਅੰਗਾ] (ਨਾੜੀ ਵਾਲੇ ਪਹਿਲੇ) ਚਕ੍ਰ ਨੂੰ ਵਿੰਨ੍ਹ ਲਿਆ। (ਤਾਂ) ਨਿਸੰਗ ਹੀ [ਰਾਇ] ਪ੍ਰਕਾਸ਼ ਰੂਪ ਨੂੰ ਜਾ ਮਿਲੇ।

**ਚੂਕੀਅਲੇ ਮੋਹ ਮਇਆਸਾ ॥ ਸਸਿ ਕੀਨੋ ਸੂਰ ਗਿਰਾਸਾ ॥**

ਮੋਹ [ਮਇ] ਰੂਪ ਆਸਾ ਮਿਟ ਗਈ ਹੈ। ਚੰਦ੍ਰਮਾ ਨੇ ਸੂਰਜ ਨੂੰ ਖਾ ਲਿਆ ਹੈ, ਇਸਦੇ ਕਹਿਣ ਦਾ ਭਾਵ ਏਹ ਹੈ ਕਿ ਜੋ ਸੰਘ ਵਿਚਲੀ ਮੋਰੀ ਦੇ ਉਪਰ ਖੋਪਰੀ ਵਿਚ ਹੈ, ਉਸ ਵਿਚੋਂ ਅੰਮ੍ਰਿਤ ਝਰਦਾ ਹੈ, ਧੁੰਨੀ ਕੋਲ ਸੂਰਜ ਵਸਦਾ ਹੈ ਜੋ ਉਸ ਅੰਮ੍ਰਿਤ ਨੂੰ ਸਾੜ ਦੇਂਦਾ ਹੈ, ਕੋਈ ਜਨ ਉਸ ਅੰਮ੍ਰਿਤ ਨੂੰ ਸੂਰਜ ਤਕ ਪਹੁੰਚਣ ਤੋਂ ਪਹਿਲੇ ਹੀ ਪੀ ਲੈਂਦੇ ਹਨ।

**ਜਬ ਕੁੰਭਕੁ ਭਰਿਪੁਰਿ ਲੀਣਾ ॥ ਤਹ ਬਾਜੇ ਅਨਹਦ ਬੀਣਾ ॥੩॥**

ਜਦ [ਕੁੰਭਕੁ] ਪ੍ਰਾਣਾਂ ਨੂੰ ਰੋਕ ਕੇ ਵਿਆਪਕ ਵਿਚ ਲੀਣ ਹੋਏ ਤਾਂ ਅਨਹਦ ਵਾਜੇ ਵੱਜ ਪਏ ਹਨ ॥੩॥

**ਬਕਤੈ ਬਕਿ ਸਬਦੁ ਸੁਨਾਇਆ ॥ ਸੁਨਤੈ ਸੁਨਿ ਮੰਨਿ ਬਸਾਇਆ ॥**

[ਬਕਤੈ] ਵਕਤਾ ਰੂਪ ਗੁਰੂ ਨੇ [ਬਕਿ] ਉਚਾਰਨ ਕਰਕੇ ਉਪਦੇਸ਼ ਸੁਣਾਇਆ ਹੈ, ਸਰੋਤੇ ਨੇ ਸੁਣ ਕੇ ਉਪਦੇਸ਼ ਮਨ ਵਿਚ ਵਸਾਇਆ ਹੈ।

**ਕਰਿ ਕਰਤਾ ਉਤਰਸਿ ਪਾਰੰ ॥ ਕਹੈ ਕਬੀਰਾ ਸਾਰੰ ॥੪॥੧॥੧੦॥**

[ਕਰਤਾ] ਕਰਦਿਆਂ-ਕਰਦਿਆਂ ਹੀ ਪਾਰ ਉਤਾਰਾ (ਹੋਣਾ) ਹੈ। ਕਬੀਰ ਜੀ ਆਖਦੇ ਹਨ, (ਏਹੋ ਗੱਲ) ਦਰ (ਅਸਲ ਹੈ) ॥੪॥੧॥੧੦॥

**ਚੰਦੁ ਸੂਰਜੁ ਦੁਇ ਜੋਤਿ ਸਰੂਪੁ ॥ ਜੋਤੀ ਅੰਤਰਿ ਬ੍ਰਹਮੁ ਅਨੂਪੁ ॥੧॥**

ਚੰਦ੍ਰਮਾ ਤੇ ਸੂਰਜ ਦੋਵੇਂ [ਜੋਤਿ] ਚਾਨਣ ਦਾ ਰੂਪ ਹਨ। (ਪਰ ਇਨ੍ਹਾਂ) ਚਾਨਣ ਦੇਣ ਵਾਲਿਆਂ ਅੰਦਰ ਹੀ ਸੁੰਦਰ ਰੂਪ ਵਾਲਾ [ਬ੍ਰਹਮੁ] ਵਾਹਿਗੁਰੂ ਹੈ ॥੧॥

**ਕਰੁ ਰੇ ਗਿਆਨੀ ਬ੍ਰਹਮ ਬੀਚਾਰੁ ॥ ਜੋਤੀ ਅੰਤਰਿ ਧਰਿਆ ਪਸਾਰੁ ॥੧॥ ਰਹਾਉ ॥**

ਹੇ ਗਿਆਨੀ! (ਉਸ) ਬ੍ਰਹਮ ਦਾ ਬੀਚਾਰ ਕਰ। (ਜਿਸ ਨੇ) ਪ੍ਰਕਾਸ਼ ਸਰੂਪਾਂ ਵਿਚ (ਆਪਣਾ) ਪਸਾਰਾ ਰਖਿਆ ਹੋਇਆ ਹੈ ॥੧॥ ਰਹਾਉ ॥

Sri Satguru Jagjit Singh Ji eLibrary NamdhariElibrary@gmail.com

**ਹੀਰਾ ਦੇਖਿ ਹੀਰੇ ਕਰਉ ਆਦੇਸੁ ॥ ਕਹੈ ਕਬੀਰੁ ਨਿਰੰਜਨ ਅਲੇਖੁ ॥੨॥੨॥੧੧॥**

[ਹੀਰਾ] ਪ੍ਰਕਾਸ਼ ਸਰੂਪ [ਹੀਰੇ] ਵਾਹਿਗੁਰੂ ਨੂੰ ਵੇਖ ਕੇ ਨਮਸ਼ਕਾਰ ਕਰੋ। ਕਬੀਰ ਜੀ ਆਖਦੇ ਹਨ, ਉਹ ਅਲੇਖ ਮਾਇਆ ਤੋਂ ਰਹਿਤ ਹੈ ॥੨॥੨॥੧੧॥

**ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ ॥**

ਹੇ ਦੁਨੀਆਂ (ਦੇ ਲੋਕੋ! ਤੁਸੀਂ) ਖਬਰਦਾਰ ਹੋ ਜਾਓ! [ਬੇਦਾਰ] ਜਾਗਦੇ ਹਾਂ। ਹੇ ਭਾਈ! (ਤੁਸੀਂ ਤਾਂ) ਜਾਗਦੇ ਹੀ ਲੁੱਟੀ ਜਾਂਦੇ ਹੋ।

**ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥੧॥ ਰਹਾਉ ॥**

[ਨਿਗਮ] ਵੇਦਾਂ ਰੂਪ ਤਕੜੇ ਪਹਿਰੇਦਾਰਾਂ ਦੇ ਵੇਖਦਿਆਂ (ਹੀ ਤੁਹਾਨੂੰ) ਜਮ ਲੈ ਜਾਵੇਗਾ ॥੧॥ ਰਹਾਉ ॥

**ਨੀਂਬੁ ਭਇਓ ਆਂਬੁ ਆਂਬੁ ਭਇਓ ਨੀਂਬਾ ਕੇਲਾ ਪਾਕਾ ਝਾਰਿ ॥**

(ਸਕਾਮ ਕਰਮਾਂ ਰੂਪ) ਨਿੰਮ (ਤਾਂ ਤੁਹਾਡੀ ਨਜ਼ਰ ਵਿਚ) ਅੰਬ (ਬਣਿਆ) ਹੋਇਆ ਹੈ, ਅਤੇ (ਨਿਸ਼ਕਾਮ ਕਰਮਾਂ ਰੂਪ) ਅੰਬ ਤੁਹਾਡੀ ਨਿਗਾਹ ਵਿਚ ਨਿੰਮ ਭਾਸਦਾ ਹੈ (ਨਾਮ ਰੂਪ) ਪੱਕਾ ਕੇਲਾ (ਤੁਸਾਂ) [ਝਾਰਿ] ਮਲ੍ਹੇ ਦੇ ਬੂਟੇ (ਵਰਗਾ ਦੁਖਦਾਈ ਜਾਣਕੇ ਛੱਡ ਦਿੱਤਾ ਹੈ, ਅਤੇ) ਝਾੜੀ (ਵਰਗੇ ਦੁਖ ਦੇਣ ਵਾਲੇ ਕਾਮ ਨੂੰ ਪੱਕੇ ਕੇਲੇ ਵਾਂਗੂੰ ਸੁਖਦਾਈ ਮੰਨਿਆਂ ਹੋਇਆ ਹੈ)।

**ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ ॥੧॥**

(ਸਤਿਸੰਗ ਰੂਪ) ਨਰੇਲ ਫਲ ਪੱਕਾ ਸਿੰਮਲ (ਜਾਣਿਆ ਹੈ, ਅਤੇ ਕੁਸੰਗਤ ਰੂਪ ਸਿੰਮਲ ਨੂੰ ਨਰੇਲ ਮੰਨਿਆ ਹੋਇਆ ਹੈ, ਇਸੇ ਲਈ ਹੇ ਲੋਕੋ! ਤੁਸੀਂ) ਮੂਰਖਾਂ ਤੋਂ ਮੂਰਖ ਤੇ ਗਵਾਰ ਹੋ ॥੧॥

**ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੰੀ ਚੁਨਿਓ ਨ ਜਾਈ ॥**

ਹਰਿ (ਨਾਮ ਤਾਂ) ਖੰਡ (ਹੈ, ਜੋ ਜਗਤ ਰੂਪੀ) ਰੇਤ ਵਿਚ ਰਲੀ ਹੋਈ ਹੈ, (ਜਾਤਿ ਦੇ ਅਭਿਮਾਨ ਵਾਲੇ) ਹਾਥੀ ਕੋਲੋਂ (ਇਹ ਖੰਡ) ਚੁਣੀ ਨਹੀਂ ਜਾਂਦੀ।

**ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ ॥੨॥੩॥੧੨॥**

ਕਬੀਰ ਜੀ ਆਖਦੇ ਹਨ, (ਜਿਨ੍ਹਾਂ ਨੇ) ਕੁਲ, ਜਾਤਿ ਤੇ ਬਰਾਦਰੀ (ਦਾ ਹੰਕਾਰ ਛਡਿਆ ਹੈ, (ਉਨ੍ਹਾਂ ਨੇ) [ਚੀਟੀ= ਕੀੜੀ] ਗਰੀਬ ਹੋ ਕੇ (ਹਰਿ ਨਾਮ ਰੂਪ ਖੰਡ) ਚੁਣਕੇ ਖਾ ਲਈ ਹੈ ॥੨॥੩॥੧੨॥

## ਬਾਣੀ ਨਾਮਦੇਉ ਜੀਉ ਕੀ ਰਾਮਕਲੀ ਘਰੁ ੧

*ੴ ਸਤਿਗੁਰ ਪ੍ਰਸਾਦਿ ॥*

*ਉਥਾਨਕਾ*—ਇਕ ਵੇਰਾਂ ਤ੍ਰਿਲੋਚਨ ਜੀ ਨੇ ਕਿਹਾ—ਨਾਮਦੇਵ! ਤੈਨੂੰ ਹੁਣ ਮਾਇਆ ਦਾ ਮੋਹ ਹੋ ਗਿਆ ਹੈ, ਜਿਸ ਕਰਕੇ ਤੂੰ ਨਾਮ ਜਪਣਾ ਛੱਡ ਕੇ ਵਿਹਾਰਾਂ ਵਿਚ ਫਸ ਗਿਆ ਹੈਂ? ਨਾਮਦੇਵ ਜੀ ਨੇ ਉੱਤਰ ਦਿੱਤਾ :—

**ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ ॥**

(ਜਿਵੇਂ ਮੁੰਡਾ) ਕਾਗਤ ਲਿਆ ਕੇ ਗੁੱਡੀ ਬਣਾਉਂਦਾ ਹੈ, (ਅਤੇ ਉਸ ਨੂੰ) ਅਕਾਸ਼ ਵਿਚ ਉਡਾਉਂਦਾ

ਹੈ ।

**ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥੧॥**

(ਅਤੇ) ਪੰਜਾਂ (ਸੱਤਾਂ) ਮੁੰਡਿਆਂ ਨਾਲ ਗੱਲਾਂ ਕਰਦਾ ਹੈ, ਪਰ ਉਹ ਚਿੱਤ ਨੂੰ ਡੋਰ ਵਿਚ ਹੀ ਰਖਦਾ ਹੈ ॥੧॥

**ਮਨੁ ਰਾਮ ਨਾਮਾ ਬੇਧੀਅਲੇ ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥੧॥ ਰਹਾਉ ॥**

(ਇਸੇ ਤਰ੍ਹਾਂ ਮੈਂ) ਮਨ ਨੂੰ ਰਾਮ ਦੇ ਨਾਮ (ਵਿਚ ਜੋੜਿਆ ਹੋਇਆ ਹੈ)। ਜਿਸ ਤਰ੍ਹਾਂ (ਸੁਨਿਆਰੇ ਦਾ) ਚਿੱਤ [ਕਨਿਕ] ਸੋਨੇ ਦਾ ਪੱਤਰ ਘੜਨ ਵਿਚ ਲਗਾ ਹੁੰਦਾ ਹੈ ॥੧॥ ਰਹਾਉ ॥

**ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ ॥**
**ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥੨॥**

(ਜਿਵੇਂ) [ਪੁਰੰਦਰੀਏ] ਸ਼ਹਿਰ ਦੇ ਅੰਦਰੋਂ ਰਾਜ ਟਹਿਲਣਾਂ ਘੜੇ ਲਿਆ ਕੇ [ਊਦਕ] ਪਾਣੀ ਭਰਦੀਆਂ ਹਨ, (ਆਪੋ ਵਿਚ) ਹੱਸਦੀਆਂ ਖੇਡਦੀਆਂ ਤੇ ਵਿਚਾਰਾਂ ਕਰਦੀਆਂ ਹਨ, ਪਰ ਉਹ ਚਿੱਤ ਨੂੰ ਗਾਗਰ ਵਿਚ ਹੀ ਰਖਦੀਆਂ ਹਨ ॥੨॥

**ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥**
**ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥੩॥**

(ਜਿਵੇਂ) ਮਕਾਨ ਇਕ ਹੈ, ਜਿਸ ਦੇ ਦਰਵਾਜ਼ੇ ਦਸ (ਹਨ, ਉਥੋਂ ਚਰਵਾਹਾ) ਗਊ ਨੂੰ ਚਰਾਉਣ ਲਈ ਛੱਡ ਕੇ ਲੈ ਜਾਂਦਾ ਹੈ, ਪੰਜਾਂ ਕੋਹਾਂ ਤੇ ਜਾ ਕੇ ਗਊ ਨੂੰ ਚਰਾਉਂਦਾ ਹੈ, ਪਰ ਉਹ (ਗਊ) ਚਿੱਤ ਨੂੰ ਵੱਛੇ ਵਿਚ ਰਖਦੀ ਹੈ ॥੩॥

**ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ ॥**
**ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥੪॥੧॥**

ਨਾਮਦੇਵ ਜੀ ਆਖਦੇ ਹਨ, ਹੇ ਤ੍ਰਿਲੋਚਨ ਜੀ! ਸੁਣੋ, (ਜਿਵੇਂ ਮਾਂ) ਬੱਚੇ ਨੂੰ [ਪਾਲਨ] ਪੰਘੂੜੇ ਵਿਚ ਲਿਟਾ ਕੇ ਕੰਮ ਵਿਚ [ਬਿਰੂਧੀ] ਲੱਗੀ ਹੋਈ (ਘਰ ਦੇ) ਅੰਦਰ ਬਾਹਰ (ਜਾਂਦੀ ਹੈ, ਪਰ) ਉਹ ਚਿੱਤ ਨੂੰ ਬੱਚੇ ਵਿਚ ਹੀ ਰਖਦੀ ਹੈ ॥੪॥੧॥

**ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ ॥**

ਅਨੇਕਾਂ ਵੇਦ, ਪੁਰਾਨ ਤੇ ਸ਼ਾਸਤ੍ਰਾਂ ਦੇ ਗੀਤ ਤੇ ਕਬਿੱਤ ਨਹੀਂ ਗਾਵਾਂਗਾ।

**ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ ॥੧॥**

ਨਿਰੰਕਾਰ ਦੇ ਨਾਸ ਰਹਿਤ [ਮੰਡਲ] ਸਥਾਨ ਵਿਚ (ਜਾ ਕੇ) ਅਨਹਦ ਵਾਜੇ ਵਜਾਵਾਂਗਾ ॥੧॥

**ਬੈਰਾਗੀ ਰਾਮਹਿ ਗਾਵਉਗੋ ॥**

**ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉਗੋ ॥੧॥ ਰਹਾਉ ॥**

ਵੈਰਾਗਵਾਨ ਹੋ ਕੇ ਰਾਮ ਨੂੰ ਗਾਵਾਂਗਾ । [ਸਬਦਿ] ਸੰਸਾਰ ਤੋਂ [ਅਤੀਤ] ਉਦਾਸ (ਹੋ ਕੇ) (ਅਨਾਹਦਿ=ਹੱਦ ਰਹਿਤ) ਬੇਅੰਤ (ਵਾਹਿਗੁਰੂ ਨਾਲ) [ਰਾਤਾ] ਪ੍ਰੇਮ ਕਰਕੇ [ਆਕੁਲ] ਨਿਰੰਕਾਰ ਦੇ [ਘਰਿ] ਸਰੂਪ (ਵਿਚ ਚਲਾ) ਜਾਵਾਂਗਾ ॥੧॥ ਰਹਾਉ ॥

**ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ ॥**

ਇੜਾ, ਪਿੰਗਲਾ ਤੇ ਸੁਖਮਨਾ ਵਿਚ [ਪਉਨੈ ਬੰਧਿ] ਸਵਾਸ ਰੋਕਨ ਤੋਂ ਰਹਿ ਗਿਆ ਹਾਂ।

**ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ ॥੨॥**

ਚੰਦ੍ਰਮਾ ਤੇ ਸੂਰਜ ਦੋਹਾਂ ਨੂੰ ਇਕੋ ਜਿਹਾ ਰਖਾਂਗਾ ਤੇ ਬ੍ਰਹਮ ਦੀ ਜੋਤਿ ਨਾਲ ਮਿਲ ਜਾਵਾਂਗਾ ॥੨॥

**ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ ॥**

ਤੀਰਥ ਵੇਖ ਕੇ ਨਾ ਹੀ ਪਾਣੀ ਵਿਚ ਵੜਾਂਗਾ ਤੇ ਨਾ ਜੀਆਂ ਜੰਤਾਂ ਨੂੰ ਸਤਾਵਾਂਗਾ ।

**ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨ੍ਹਾਉਗੋ ॥੩॥**

ਅਠਸਠ ਤੀਰਥ (ਸਮਾਨ ਤੀਰਥ ਜੋ) ਗੁਰੂ ਨੇ ਹਿਰਦੇ ਵਿਚ ਹੀ ਵਿਖਾਇਆ ਹੈ, (ਉਸ ਵਿਚ) ਇਸ਼ਨਾਨ ਕਰਾਂਗਾ ॥੩॥

**ਪੰਚ ਸਹਾਈ ਜਨ ਕੀ ਸੋਭਾ ਭਲੋ ਭਲੋ ਨ ਕਹਾਵਉਗੋ ॥**

ਪੰਜਾਂ ਮਿੱਤ੍ਰਾਂ ਤੇ ਬੰਦਿਆਂ ਦੀ ਸੋਭਾ (ਨਾ ਖੱਟਾਂਗਾ ਤੇ) ਨਾ ਹੀ ਭਲਾ-ਭਲਾ ਕਹਾਵਾਂਗਾ।

**ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ ॥੪॥੨॥**

ਨਾਮਦੇਵ ਜੀ ਆਖਦੇ ਹਨ, (ਮੇਰਾ) ਚਿੱਤ ਹਰੀ ਨਾਲ ਰੰਗਿਆ (ਗਿਆ ਹੈ, ਇਸੇ ਲਈ ਮੈਂ) ਅਫੁਰ ਸਮਾਧੀ (ਲਾ ਕੇ ਉਸੇ ਵਿਚ) ਸਮਾ ਜਾਵਾਂਗਾ ॥੪॥੨॥

*ਉਥਾਨਕਾ*—ਕਈਆਂ ਨੇ ਜਗਤ ਦੀ ਉਤਪਤੀ ਦਾ ਕਾਰਨ ਪੰਜ ਤੱਤ ਕਹੇ ਹਨ । ਕਈ ਕਰਮਾਂ ਤੋਂ ਹੀ ਸੰਸਾਰ ਦੀ ਪੈਦਾਇਸ਼ ਮੰਨਦੇ ਹਨ । ਨਾਸਤਕ ਆਖਦੇ ਹਨ ਜੋ ਮਨੁਖ ਤੋਂ ਮਨੁਖ ਪੈਦਾ ਹੁੰਦਾ ਹੈ, ਅਜੇਹੇ ਝਗੜੇ ਵਾਲਿਆਂ ਨੂੰ ਭਗਤ ਜੀ ਉਪਦੇਸ਼ ਦੇਂਦੇ ਹਨ—

**ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ ॥**

(ਜਦੋਂ) ਮਾਂ ਨਹੀਂ ਸੀ, ਪਿਓ ਨਹੀਂ ਸੀ, ਕਰਮ (ਨਹੀਂ ਸਨ, ਅਤੇ ਕਰਮ ਕਰਨ ਵਾਲੀ) ਦੇਹ ਵੀ ਨਹੀਂ ਸੀ ।

**ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ ॥੧॥**

ਅਸੀਂ ਨਹੀਂ ਸੀ, ਤੁਸੀਂ ਭੀ ਨਹੀਂ ਸੀ, (ਦਸੋ) ਕੌਣ ਕਿਥੋਂ ਆਇਆ ਹੈ ? ॥੧॥

**ਰਾਮ ਕੋਇ ਨ ਕਿਸ ਹੀ ਕੇਰਾ ॥ ਜੈਸੇ ਤਰਵਰਿ ਪੰਖਿ ਬਸੇਰਾ ॥੧॥ ਰਹਾਉ ॥**

ਹੇ ਭਾਈ ! ਕੋਈ ਭੀ ਕਿਸੇ ਦਾ ਨਹੀਂ ਹੈ । ਜਿਵੇਂ ਦਰਖਤ (ਉਤੇ ਰਾਤ ਨੂੰ) ਪੰਛੀ ਵਸੇਬਾ (ਕਰਦੇ ਹਨ,

ਉਸੇ ਤਰ੍ਹਾਂ ਦੀ ਏਹ ਸਾਰੀ ਖੇਡ ਹੈ) ॥੧॥ ਰਹਾਉ ॥

**ਚੰਦੁ ਨ ਹੋਤਾ ਸੂਰੁ ਨ ਹੋਤਾ ਪਾਨੀ ਪਵਨੁ ਮਿਲਾਇਆ ॥**

(ਜਦੋਂ) ਚੰਦ੍ਰਮਾ ਨਹੀਂ ਸੀ, ਸੂਰਜ ਨਹੀਂ ਸੀ ਅਤੇ ਹਵਾ ਪਾਣੀ ਦਾ ਮਿਲਾਪ (ਭੀ ਨਹੀਂ ਸੀ)।

**ਸਾਸਤੁ ਨ ਹੋਤਾ ਬੇਦੁ ਨ ਹੋਤਾ ਕਰਮੁ ਕਹਾਂ ਤੇ ਆਇਆ ॥੨॥**

ਸ਼ਾਸਤ੍ਰ ਨਹੀਂ ਸੀ, ਵੇਦ ਭੀ ਨਹੀਂ ਸੀ, (ਤਾਂ ਦਸੋ) ਕਰਮ ਕਿਥੋਂ ਆਇਆ ? ॥੨॥

**ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ ॥**

[੧]ਖੇਚਰ [੨]ਭੂਚਰ (ਆਦਿਕ ਜੋਗ ਦੇ ਸਾਧਨ ਤੇ) ਤੁਲਸੀ ਦੀ ਮਾਲਾ (ਆਦਿਕ ਭਗਤੀ ਦੇ ਸਾਧਨ ਸਾਰੇ ਹੀ ਮੈਨੂੰ) ਗੁਰਾਂ ਦੀ ਕ੍ਰਿਪਾ (ਵਿਚ ਹੀ) ਆ ਮਿਲੇ ਹਨ।

**ਨਾਮਾ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਇਆ ॥੩॥੩॥**

ਨਾਮਦੇਵ ਜੀ ਆਖਦੇ ਹਨ, ਜੋ ਵੱਡਾ ਹੀ ਸੂਖਮ ਸਰੂਪ ਹੈ, (ਉਸਨੂੰ) ਸਤਿਗੁਰਾਂ ਨੇ ਜਣਾ ਦਿੱਤਾ ਹੈ ॥੩॥੩॥

**ਰਾਮਕਲੀ ਘਰੁ ੨ ॥ ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥**

(ਭਾਵੇਂ) ਕਾਂਸ਼ੀ (ਵਿਚ ਜਾ ਕੇ) ਪੁੱਠਾ ਲਟਕ ਕੇ ਤਪ ਕਰੇ, ਤੀਰਥ (ਵਿਚ ਡੁਬ ਕੇ ਮਰ ਜਾਵੇ, ਅੱਗ ਵਿਚ ਸੜ ਜਾਵੇ, (ਭਾਵੇਂ) ਕਲਪ (ਤਕ ਜੀਊਣ ਵਾਲੀ) ਦੇਹੁ ਕਰ ਲਵੇ।

**ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥੧॥**

(ਭਾਵੇਂ) ਅਸ੍ਵਮੇਧ ਜਗ ਕਰੇ, ਸੋਨਾ [ਗਰਭ] ਲੁਕਾ ਕੇ ਦਾਨ ਕਰ ਦੇਵੇ ਤਾਂ ਭੀ ਰਾਮ ਨਾਮ ਦੇ ਬਰਾਬਰ ਏਹ (ਕਰਮ) ਨਹੀਂ ਪੁਜਣਗੇ ॥੧॥

**ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥ ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥੧॥ ਰਹਾਉ ॥**

ਹੇ ਮਨ! ਪਖੰਡ ਕਰਨੇ ਛਡ ਦੇਹੁ, ਛੱਡ ਦੇਹੁ [ਕਪਟੁ] ਧੋਖੇ-ਬਾਜ਼ੀਆਂ ਨਾ ਕਰ। ਰੋਜ਼ ਦਾ ਰੋਜ਼ ਹਰੀ ਦਾ ਹੀ ਨਾਮ ਲੈ ॥੧॥ ਰਹਾਉ ॥

**ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ ॥**

(ਭਾਵੇਂ) ਕੁੰਭ ਵੇਲੇ ਗੰਗਾ ਜਾਂ ਗੋਦਾਵਰੀ ਤੇ ਜਾਈਏ, ਕੇਦਾਰ, (ਨਾਥ) ਜਾ ਕੇ ਇਸ਼ਨਾਨ ਕਰੀਏ, ਗੋਮਤੀ

---

*੧. ਜੀਭ ਨੂੰ ਉਲਟਾ ਕੇ ਸੰਘ ਵਿਚਲੀ ਖੋਪਰ ਵਾਲੀ ਮੋਰੀ ਨੂੰ ਬੰਦ ਕਰਨ ਰੂਪ ਕਰਮ ਦਾ ਨਾਮ ਹੈ।*

*੨. ਭ੍ਰਵਟਿਆਂ ਵਿਚ ਨਜ਼ਰ ਟਿਕਾਉਣ ਰੂਪ ਕਰਮ ਦਾ ਨਾਮ ਹੈ।*

Sri Satguru Jagjit Singh Ji eLibrary NamdhariElibrary@gmail.com

(ਨਦੀ ਦੇ ਕੰਢੇ ਤੇ ਜਾ ਕੇ) ਹਜ਼ਾਰਾਂ ਗਊ ਦਾਨ ਕਰੀਏ ।

**ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ**
**ਰਾਮ ਨਾਮ ਸਰਿ ਤਊ ਨ ਪੂਜੈ ॥੨॥**

(ਭਾਵੇਂ) ਕ੍ਰੋੜਾਂ ਤੀਰਥਾਂ (ਵਿਚ ਇਸ਼ਨਾਨ) ਕਰ ਸਰੀਰ ਨੂੰ ਹਿਮਾਲੇ (ਪਹਾੜ ਦੀ ਬਰਫ ਵਿਚ) ਗਾਲ ਦੇਵੇ, ਤਾਂ ਭੀ ਰਾਮ ਨਾਮ ਬਰਾਬਰ (ਏਹ ਸਾਧਨ) ਨਹੀਂ ਪੁਜਣਗੇ ॥੨॥

**ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ**
**ਐਸੋ ਦਾਨੁ ਨਿਤ ਨਿਤਹਿ ਕੀਜੈ ॥**

(ਭਾਵੇਂ) ਘੋੜਾ ਦਾਨ ਕਰੇ, [ਗਜ] ਹਾਥੀ ਦਾਨ (ਕਰੇ) ਸੇਜਾ (ਸਣੇ) ਇਸਤ੍ਰੀ (ਦਾ ਦਾਨ ਤੇ) ਜ਼ਮੀਨ ਦਾਨ ਕਰੇ, ਇਸ ਤਰ੍ਹਾਂ ਦੇ ਦਾਨ ਰੋਜ਼ ਰੋਜ਼ ਕਰਦਾ ਰਹੇ।

**ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ**
**ਰਾਮ ਨਾਮ ਸਰਿ ਤਊ ਨ ਪੂਜੈ ॥੩॥**

(ਭਾਵੇਂ) ਸਰੀਰ ਨੂੰ ਸ਼ੁਧ ਕਰੇ, ਆਪਣੇ ਬਰਾਬਰ (ਤੋਲ ਕੇ) ਸੋਨਾ ਦਾਨ ਕਰੇ, ਤਾਂ ਭੀ ਰਾਮ ਦੇ ਨਾਮ ਬਰਾਬਰ ਨਹੀਂ ਪੁਜ ਸਕਣਗੇ ॥੩॥

**ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ**
**ਨਿਰਮਲ ਨਿਰਬਾਣ ਪਦੁ ਚੀਨਿ੍ ਲੀਜੈ ॥**

ਮਨ ਵਿਚ [ਰੋਸ] ਗੁੱਸਾ ਨਾ ਕਰੋ, ਜਮ ਨੂੰ ਦੋਸ਼ ਨ ਦੇਵੋ, (ਨਿਰ × ਬਾਣ) ਬਾਣੀ ਤੋਂ ਪਰ੍ਹੇ (ਜੋ) ਨਿਰਮਲ ਪਦ (ਹੈ, ਉਸ ਨੂੰ) ਪਛਾਣ ਲਵੋ।

**ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ**
**ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥੪॥੪॥**

(ਜੋ) ਦਸਰਥ ਰਾਜਾ ਦੇ [ਨੰਦੁ] ਪੁਤ੍ਰ ਦਾ [ਰਾਜਾ] ਮਾਲਕ ਮੇਰਾ ਰਾਮ ਚੰਦ ਹੈ, ਨਾਮਦੇਵ ਜੀ ਆਖਦੇ ਹਨ, [ਰਸੁ] ਨਾਲ [ਤਤੁ] ਉਸਦੇ (ਨਾਮ) ਅੰਮ੍ਰਿਤ ਨੂੰ ਪੀਵੋ ॥੪॥੪॥

## ਰਾਮਕਲੀ ਬਾਣੀ ਰਵਿਦਾਸ ਜੀ ਕੀ

*ੴ ਸਤਿਗੁਰ ਪ੍ਰਸਾਦਿ ॥*

**ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥**

ਪੜ੍ਹਦੇ ਹਨ, ਵਿਚਾਰਦੇ ਹਨ, ਸਾਰੇ (ਲੋਕ) ਨਾਮ ਭੀ ਸੁਣਦੇ ਹਨ, ਪਰ [ਅਨਭਉ] ਗਿਆਨ (ਸਰੂਪ ਵਾਹਿਗੁਰੂ ਦਾ) ਪ੍ਰੇਮ (ਕਿਸੇ ਵਿਚ ਭੀ) ਨਹੀਂ ਦਿਸਦਾ।

**ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥੧॥**

Sri Satguru Jagjit Singh Ji eLibrary NamdhariElibrary@gmail.com

ਜਦ ਪਾਰਸ ਨਾਲ ਲਗੇ ਹੀ ਨਾ ਤਾਂ ਲੋਹਾ [ਕੰਚਨੁ ਹਿਰਨ] ਅਸਲ ਸੋਨਾ ਕਿਵੇਂ ਹੋ ਜਾਵੇਗਾ ॥੧॥

**ਦੇਵ ਸੰਸੇ ਗਾਂਠਿ ਨ ਛੂਟੈ ॥ ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥**

ਹੇ ਵਾਹਿਗੁਰੂ! ਸੰਸਿਆਂ ਦੀ ਗੰਢ ਨਹੀਂ ਖੁਲ੍ਹਦੀ। ਕਾਮ, ਕ੍ਰੋਧ, ਮਾਇਆ, ਹੰਕਾਰ ਤੇ ਈਰਖਾ ਇਨ੍ਹਾਂ ਪੰਜਾਂ ਨੇ 'ਕੱਠਿਆਂ ਹੋ ਕੇ (ਮੈਨੂੰ) ਲੁੱਟ ਲਿਆ ਹੈ ॥੧॥ ਰਹਾਉ ॥

**ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥**

ਅਸੀਂ ਵੱਡੇ ਕਵੀਸ਼ਰ ਹਾਂ, ਅਸੀਂ ਉੱਚੀ ਕੁਲ ਵਾਲੇ ਹਾਂ, ਅਸੀਂ ਪੰਡਿਤ ਹਾਂ, ਅਸੀਂ ਜੋਗੀ ਤੇ ਸੰਨਿਆਸੀ ਹਾਂ।

**ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥**

(ਅਸੀਂ) ਗਿਆਨੀ ਤੇ ਗੁਣੀ ਹਾਂ, ਅਸੀਂ ਸੂਰਮੇ ਤੇ ਦਾਤੇ ਹਾਂ, ਏਹ (ਹੰਕਾਰ ਵਾਲੀ) ਬੁਧੀ ਕਦੇ ਭੀ ਨਾਸ ਨਹੀਂ ਹੋਈ ॥੨॥

**ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥**

ਰਵਿਦਾਸ ਜੀ ਆਖਦੇ ਹਨ, ਸਾਰੇ ਹੀ ਨਹੀਂ ਸਮਝਦੇ, ਪਾਗਲਾਂ ਵਾਂਗੂੰ ਭੁੱਲੇ ਫਿਰਦੇ ਹਨ।

**ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥**

ਮੈਨੂੰ ਪ੍ਰਮਾਤਮਾ ਦੇ ਨਾਮ ਦਾ ਹੀ ਆਸਰਾ ਹੈ, (ਓਹੀ) ਮੇਰੇ ਜੀਵਨ ਦਾ ਧਨ ਪ੍ਰਾਣ (ਰੂਪ) ਹੈ ॥੩॥੧॥

## ਰਾਮਕਲੀ ਬਾਣੀ ਬੇਣੀ ਜੀਉ ਕੀ

*੧ੴ ਸਤਿਗੁਰ ਪ੍ਰਸਾਦਿ ॥*

**ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥**

(ਜਿਥੇ) ਇੜਾ, ਪਿੰਗਲਾ ਤੇ ਸੁਖਮਨਾ (ਏਹ) ਤਿੰਨੇ (ਤੁਰੀਆ ਪਦ ਰੂਪ) ਇਕ ਜਗ੍ਹਾਂ ਵਿਚ 'ਕੱਠੀਆਂ ਹੁੰਦੀਆਂ ਹਨ।

**ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥**

ਤ੍ਰਿਬੇਣੀ (ਗੰਗਾ, ਜਮਨਾ ਤੇ ਸੁਰਸਵਤੀ) ਦੇ ਮਿਲਾਪ ਰੂਪ ਓਹੀ ਪਿਰਾਗ ਰਾਜ ਹੈ, ਉਥੇ ਹੀ ਮਨ ਇਸ਼ਨਾਨ ਕਰਦਾ ਹੈ ॥੧॥

**ਸੰਤਹੁ ਤਹਾ ਨਿਰੰਜਨ ਰਾਮੁ ਹੈ ॥ ਗੁਰ ਗਮਿ ਚੀਨੈ ਬਿਰਲਾ ਕੋਇ ॥ ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥**

ਹੇ ਸੰਤੋ! ਉਥੇ ਹੀ ਮਾਇਆ ਤੋਂ ਰਹਿਤ ਰਾਮ (ਵੱਸਦਾ) ਹੈ। ਕੋਈ ਵਿਰਲਾ ਹੀ ਗੁਰਾਂ ਨੂੰ [ਗਮਿ] ਮਿਲ ਕੇ (ਉਸ ਜਗ੍ਹਾ ਨੂੰ) ਜਾਣਦਾ ਹੈ, (ਜੋ) ਉਥੇ (ਜਾਂਦਾ ਹੈ, ਉਹ) ਮਾਇਆ ਤੋਂ ਰਹਿਤ ਰਾਮ (ਦਾ ਰੂਪ

Sri Satguru Jagjit Singh Ji eLibrary NamdhariElibrary@gmail.com

ਹੀ) ਹੋ ਜਾਂਦਾ ਹੈ ॥੧॥ ਰਹਾਉ ॥

**ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥**

ਨਿਰੰਕਾਰ (ਦੇ ਰਹਿਣ ਦੀ) ਜਗ੍ਹਾ ਦੀ ਕੀ ਨਿਸ਼ਾਨੀ ਹੈ ? (ਉੱਤਰ)—ਉਥੇ ਅਨਾਹਦ ਵਾਜਿਆਂ ਦਾ ਸ਼ਬਦ ਵੱਜ ਰਿਹਾ ਹੈ।

**ਤਹ ਚੰਦੁ ਨ ਸੂਰਜੁ ਪਉਣ ਨ ਪਾਣੀ ॥ ਸਾਖੀ ਜਾਗੀ ਗੁਰਮੁਖਿ ਜਾਣੀ ॥੨॥**

ਉਥੇ ਚੰਦ ਸੂਰਜ (ਦਾ ਚਾਨਣ ਨਹੀਂ ਹੈ,) ਅਤੇ ਪੌਣ ਪਾਣੀ (ਆਦਿਕ ਤੱਤਾਂ ਦੀ ਬਣਾਵਟ) ਨਹੀਂ ਹੈ। ਗੁਰਾਂ (ਮੁਖਿ) ਦਵਾਰੇ [ਸਾਖੀ] ਸਿਖਿਆ ਜਾਨਣ (ਕਰਕੇ ਉਹ ਜਗ੍ਹਾ) [ਜਾਗੀ] ਪ੍ਰਗਟ ਹੋਈ ਹੈ ॥੨॥

**ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥**

ਗਿਆਨ ਪੈਦਾ ਹੋ ਜਾਣ ਤੇ ਖੋਟੀ ਬੁਧੀ ਨਾਸ ਹੋ ਜਾਵੇ ਤਾਂ [ਗਗਨੰਤਰ] ਦਸਮ ਦਵਾਰ ਵਿਚੋਂ ਅੰਮ੍ਰਿਤ-ਰਸ ਝਰਦਾ ਹੈ।

**ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥**

ਜੋ ਇਸ [ਕਲਾ= ਬਾਜੀ] ਜੁਗਤੀ ਦਾ ਭੇਦ ਜਾਣਦਾ ਹੈ, ਉਸ ਨੂੰ (ਪਵਿਤ੍ਰ) [ਗੁਰਦੇਉ] ਨਿਰੰਕਾਰ ਮਿਲਦਾ ਹੈ ॥੩॥

**ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥**

ਅਗਮ ਅਪਾਰ ਪਰਮ ਪੁਰਖ ਨੂੰ (ਮਿਲਣ ਦੀ) [ਘਾਟੀ] ਰਸਤਾ ਦਸਮ ਦੁਆਰ ਹੈ।

**ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥**

(ਚੁਰਾਸੀ ਲਖ ਜੂਨਾਂ ਦੇ) ਉਪਰ (ਮਨੁਖ ਸਰੀਰ) ਹੱਟੀ (ਹੈ) ਇਸ ਹੱਟੀ ਦੇ ਉਤੇ (ਦਸਮ ਦਵਾਰ) ਆਲਾ ਹੈ, (ਇਸ) ਆਲੇ ਵਿਚ [ਥਾਤੀ] ਨਿਰੰਕਾਰ ਰੂਪ ਥੈਲੀ ਹੈ ॥੪॥

**ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ ॥**

(ਜੋ ਉਥੇ ਜਾਂਦਾ ਹੈ) ਉਹ ਜਾਗਦਾ ਰਹਿੰਦਾ ਹੈ, ਕਦੇ ਭੀ ਅਵਿਦਯਾ ਨੀਂਦ ਵਿਚ ਨਹੀਂ ਸੌਂਦਾ। (ਅਜੇਹੀ ਸਮਾਧੀ ਲਾਉਂਦਾ ਹੈ, ਜੋ) ਤਿੰਨੇ ਗੁਣ ਤੇ ਤਿੰਨੇ ਲੋਕਾਂ (ਦਾ ਫੁਰਨਾ ਹੀ) ਮਿਟ ਜਾਂਦਾ ਹੈ।

**ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥**

[ਬੀਜ ਮੰਤ੍ਰ] ਸਤਿਨਾਮੁ ਜਾਪੁ ਨੂੰ ਹਿਰਦੇ ਵਿਚ ਸਥਿਰ ਕਰਦਾ ਹੈ। ਮਨ ਨੂੰ (ਪਸਾਰੇ ਵਲੋਂ) ਹਟਾ ਕੇ [ਸੁੰਨ] ਅਫੁਰ ਪਦ ਵਿਚ ਟਿਕਾਉਂਦਾ ਹੈ ॥੫॥

**ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥**

(ਇਸ ਪਦ ਨੂੰ ਪਹੁੰਚ ਕੇ ਚਾਹੀਦਾ ਹੈ, ਜੋ ਪੁਰਸ਼) ਸਾਵਧਾਨ ਰਹੇ। ਮਨ ਨੂੰ [ਅਲੀਆ] ਫਿੱਕਾ ਨਾ ਬੋਲੇ, ਅਤੇ ਪੰਜਾਂ ਇੰਦ੍ਰੀਆਂ (ਨੂੰ ਆਪਣੇ) ਵੱਸ ਵਿਚ ਰਖੇ।

**ਗੁਰ ਕੀ ਸਾਖੀ ਰਾਖੈ ਚੀਤਿ ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥**

ਗੁਰਾਂ ਦੀ ਸਿਖਿਆ (ਸਦਾ ਹੀ) ਚੇਤੇ ਰਖੇ ਅਤੇ ਪ੍ਰੀਤ ਨਾਲ ਮਨ ਤਨ ਨੂੰ [ਕ੍ਰਿਸਨ] ਪ੍ਰਮਾਤਮਾ ਦੀ ਭੇਟ ਕਰ ਦੇਵੇ ॥੬॥

**ਕਰ ਪਲਵ ਸਾਖਾ ਬੀਚਾਰੇ ॥ ਅਪਨਾ ਜਨਮੁ ਨ ਜੂਐ ਹਾਰੇ ॥**

ਇਸ ਜਗਤ ਨੂੰ (ਪ੍ਰਮਾਤਮਾ ਰੂਪ ਬਿਰਛ ਦੀਆਂ) [ਸਾਖਾ] ਟਾਹਣੀਆਂ ਤੇ [ਪਲਵ] ਪੱਤੇ ਕਰ ਕੇ ਸਮਝੇ। (ਇਸ ਦੀ ਸੁੰਦਰਤਾ ਵਿਚ ਫਸ ਕੇ) ਆਪਣਾ ਜਨਮ ਜੂਏ ਵਿਚ ਨਾ ਹਾਰ ਦੇਵੇ।

**ਅਸੁਰ ਨਦੀ ਕਾ ਬੰਧੈ ਮੂਲੁ ॥ ਪਛਿਮ ਫੇਰਿ ਚੜਾਵੈ ਸੂਰੁ ॥**

[ਅਸੁਰ ਨਦੀ] ਮੰਦੇ ਖਿਆਲਾਂ ਦਾ ਮੂੰਹ ਬੰਦ ਕਰੇ। (ਪ੍ਰਾਣਾਂ ਨੂੰ) ਪਿਛਾਂਹ ਮੋੜ ਕੇ ਸੂਰਜ (ਨਾੜੀ ਬਾਣੀ) ਚੜ੍ਹਾਵੇ।

**ਅਜਰੁ ਜਰੈ ਸੁ ਨਿਝਰੁ ਝਰੈ ॥ ਜਗੰਨਾਥ ਸਿਉ ਗੋਸਟਿ ਕਰੈ ॥੭॥**

(ਜੋ ਇਸ) ਅਜਰ (ਪਦ ਨੂੰ ਪਾ ਕੇ) ਜਰ ਜਾਵੇਗਾ, ਉਸ ਨੂੰ ਇਕ ਰਸ (ਅੰਮ੍ਰਿਤ) ਝਰੇਗਾ (ਫਿਰ ਓਹੀ) ਜਗਤ ਦੇ ਮਾਲਕ ਨਾਲ ਮਿਲਾਪ ਕਰ ਲਵੇਗਾ ॥੭॥

**ਚਉਮੁਖ ਦੀਵਾ ਜੋਤਿ ਦੁਆਰ ॥ ਪਲੂ ਅਨਤ ਮੂਲੁ ਬਿਚਕਾਰਿ ॥**

(ਦਸਮ) ਦੁਆਰ (ਵਿਚ) ਚੌਮੁਖੀ ਦੀਵੇ ਦਾ ਚਾਨਣ ਹੈ (ਅਰਥਾਤ ਚੁਤਰਫੇ ਹੀ ਇਕ ਸਾਰ ਪ੍ਰਕਾਸ਼ ਹੈ)। ਅਤੇ ਵਿਚਾਲੇ ਅਨੇਕਾਂ [ਪਲੂ] ਪੱਤਿਆਂ ਵਾਲਾ [ਮੂਲੁ] ਮੁੱਢ ਪ੍ਰਮਾਤਮਾ) ਹੈ।

**ਸਰਬ ਕਲਾ ਲੇ ਆਪੇ ਰਹੈ ॥ ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥**

ਸਾਰੀਆਂ [ਕਲਾ] ਤਾਕਤਾਂ ਲੈ ਕੇ (ਪ੍ਰਮਾਤਮਾ) ਆਪ (ਉਥੇ) ਰਹਿੰਦਾ ਹੈ (ਜੀਵ ਆਪਣੇ) ਮਨ (ਰੂਪ) ਮਾਣਕ (ਨੂੰ ਉਸ ਦੇ ਗੁਣਾਂ ਰੂਪ) ਰਤਨਾਂ (ਵਿਚ ਹੀ) ਪਰੋ ਦੇਵੋ ॥੮॥

**ਮਸਤਕਿ ਪਦਮੁ ਦੁਆਲੈ ਮਣੀ ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥**

ਮੱਥੇ (ਵਿਚਲੇ) [ਪਦਮੁ] ਕਵਲ (ਦੇ ਆਲੇ) ਦੁਆਲੇ ਮਣੀਆਂ (ਸਮਾਨ ਹਜ਼ਾਰ ਪੱਤੇ ਹਨ।) ਉਸ ਵਿਚ ਤਿੰਨਾਂ ਲੋਕਾਂ ਦਾ ਮਾਲਕ ਨਿਰੰਕਾਰ (ਵੱਸਦਾ ਹੈ)।

**ਪੰਚ ਸਬਦ ਨਿਰਮਾਇਲ ਬਾਜੇ ॥ ਢੁਲਕੇ ਚਵਰ ਸੰਖ ਘਨ ਗਾਜੇ ॥**

ਸ਼ੁਧ (ਸਰੂਪ ਕਲ) ਪੰਜ ਸ਼ਬਦ ਵਜਦੇ ਹਨ, ਚੌਰ ਝੁਲਦੇ ਹਨ, ਅਤੇ ਸੰਖ ਘੜਿਆਲ (ਆਦਿਕਾਂ ਦੀ) ਅਵਾਜ ਹੁੰਦੀ ਹੈ।

**ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥ ਬੇਣੀ ਜਾਚੈ ਤੇਰਾ ਨਾਮੁ ॥੯॥੧॥**

ਗੁਰਮੁਖ (ਉਸ ਦੇ) ਗਿਆਨ (ਨੂੰ ਪਾ ਕੇ ਵਿਕਾਰਾਂ ਰੂਪ) ਦੈਤਾਂ ਨੂੰ ਦਲ ਮਲ ਦੇਂਦੇ ਹਨ। (ਹੇ ਨਿਰੰਕਾਰ! ਮੈਂ) ਬੇਣੀ ਭੀ ਤੇਰਾ (ਹੀ) ਨਾਮ ਮੰਗਦਾ ਹਾਂ ॥੯॥੧॥

Sri Satguru Jagjit Singh Ji eLibrary NamdhariElibrary@gmail.com

## ਰਾਗੁ ਮਾਲੀ ਗਉੜਾ (ਅੰਗ ੯੮੮)

# ਮਾਲੀ ਗਉੜਾ ਬਾਣੀ ਭਗਤ ਨਾਮਦੇਵ ਜੀ ਕੀ

ੴ ਸਤਿਗੁਰ ਪ੍ਰਸਾਦਿ ॥

***ਧਨਿ ਧੰਨਿ ਓ ਰਾਮ ਬੇਨੁ ਬਾਜੈ ॥**

**ਮਧੁਰ ਮਧੁਰ ਧੁਨਿ ਅਨਹਤ ਗਾਜੈ ॥੧॥ ਰਹਾਉ ॥**

ਹੇ ਭਾਈ! ਉਹ [ਬੇਨੁ] ਬੰਸਰੀ ਧੰਨ ਧੰਨ (ਹੈ, ਜੋ ਸੁੰਦਰ) ਵਜਦੀ ਹੈ। (ਜਿਸ ਦੀ) ਮਿੱਠੀ-ਮਿੱਠੀ ਆਵਾਜ਼ ਇਕ ਸਾਰ ਗੂੰਜਦੀ ਹੈ ॥੧॥ ਰਹਾਉ ॥

**ਧਨਿ ਧਨਿ ਮੇਘਾ ਰੋਮਾਵਲੀ ॥ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥੧॥**

ਧੰਨ (ਹੈ, ਉਹ) [ਮੇਘਾ] ਭੇਡ (ਤੇ) ਧੰਨ (ਹੈ, ਉਸ ਦੀ) [ਰੋਮਾਵਲੀ] ਉੱਨ (ਉਹ) ਕੰਬਲੀ ਵੀ ਧੰਨ-ਧੰਨ (ਹੈ-ਜੋ), ਕ੍ਰਿਸ਼ਨ ਉਪਰ ਲਿਆ ਕਰਦਾ ਸੀ ॥੧॥

**ਧਨਿ ਧਨਿ ਤੂ ਮਾਤਾ ਦੇਵਕੀ ॥ ਜਿਹ ਗ੍ਰਿਹ ਰਮਈਆ ਕਵਲਾਪਤੀ ॥੨॥**

ਹੇ ਮਾਤਾ ਦੇਵਕੀ! ਤੂੰ ਭੀ ਧੰਨ ਧੰਨ ਹੈਂ ਜਿਸ ਦੇ ਘਰ ਲਛਮੀ ਦੇ ਪਤੀ (ਰਾਮ ਨੇ ਅਵਤਾਰ ਧਾਰਿਆ ਹੈ) ॥੨॥

SIKHBOOKCLUB.COM

**ਧਨਿ ਧਨਿ ਬਨ ਖੰਡ ਬਿੰਦ੍ਰਾਬਨਾ ॥ ਜਹ ਖੇਲੈ ਸ੍ਰੀ ਨਾਰਾਇਨਾ ॥੩॥**

ਬਿੰਦਰਾ ਬਨ ਦਾ ਜੰਗਲ ਧੰਨ ਧੰਨ ਹੈ। ਜਿਥੇ ਸ੍ਰੀ ਨਰੈਣ ਜੀ ਖੇਡਦੇ ਰਹੇ ਹਨ ॥੩॥

**ਬੇਨੁ ਬਜਾਵੈ ਗੋਧਨੁ ਚਰੈ ॥ ਨਾਮੇ ਕਾ ਸੁਆਮੀ ਆਨਦ ਕਰੈ ॥੪॥੧॥**

ਬੰਸਰੀ ਵਜਾਂਦਾ ਹੈ, ਗਊਆਂ ਚਰਾਂਦਾ ਹੈ। ਨਾਮੇ ਦਾ ਮਾਲਕ (ਇਸ ਤਰ੍ਹਾਂ ਦੇ) ਅਨੰਦ ਭੋਗਦਾ ਹੈ ॥੪॥੧॥

**ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ ॥੧॥ ਰਹਾਉ ॥**

ਹੇ ਮਾਇਆ ਦੇ ਆਸਰੇ ਮੇਰੇ ਬਾਪੂ! ਲੰਮੇ ਕੇਸਾਂ ਵਾਲੇ। ਸੁੰਦਰ ਬੀਠਲ ਤੂੰ ਧੰਨ ਹੈਂ ॥੧॥ ਰਹਾਉ ॥

**ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ॥**

ਹੱਥ ਵਿਚ ਚਕ੍ਰ ਫੜ ਕੇ ਬੈਕੁੰਠ ਤੋਂ ਆ ਕੇ (ਆਪ ਨੇ) [ਗਜ ਹਸਤੀ] ਰਾਜ ਹਾਥੀ (ਗਜੇਂਦ੍ਰ) ਦੇ ਪ੍ਰਾਣ ਬਚਾਏ ਸਨ।

---

** ਇਹ ਸ਼ਬਦ ਪਹਿਲੀ ਅਵਸਥਾ ਦੇ ਸਮੇਂ ਦਾ ਹੈ, ਇਸ ਤੋਂ ਮਗਰਲੇ ਪਦ ਵਿਚ ਪਹੁੰਚੇ ਤਾਂ ਇਸ ਭਾਵ ਦਾ ਸ਼ਬਦ ਉਚਾਰਿਆ ਜੋ ਇਸ ਤੋਂ ਅਗਲਾ ਹੈ ਬਹੁਤੇ ਵਿਸਥਾਰ ਲਈ ਮੇਰਾ ਬਣਾਇਆ ਪੁਸਤਕ "ਭਗਤ ਮਾਲ ਵਾਰਤਕ ਸਟੀਕ" ਵਿਚੋਂ ਨਾਮਦੇਵ ਦਾ ਜੀਵਨ ਪੜ੍ਹੋ।*

Sri Satguru Jagjit Singh Ji eLibrary NamdhariElibrary@gmail.com

**ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ ॥੧॥**

(ਕੌਰਵਾਂ) ਦੀ ਸਭਾ ਵਿਚ ਦੁਹਸਾਸਨ ਦ੍ਰੋਪਤੀ ਦੇ ਕਪੜੇ ਲਾਹੁੰਦਾ ਸੀ, (ਉਸ ਨੂੰ ਭੀ ਆਪ ਨੇ ਹੀ) ਬਚਾਇਆ (ਸੀ) ॥੧॥

**ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ ॥**

ਗੋਤਮ ਦੀ ਇਸਤ੍ਰੀ ਅਹਿਲਿਆ (ਨੂੰ ਭੀ ਤੁਸਾਂ) ਤਾਰਿਆ ਹੈ, (ਅਤੇ ਹੋਰ) ਕਿੰਨੇ ਹੀ (ਪਾਪੀਆਂ ਨੂੰ) ਪਵਿਤ੍ਰ ਕਰਕੇ ਤਾਰਿਆ ਹੈ।

**ਐਸਾ ਅਧਮੁ ਅਜਾਤਿ ਨਾਮਦੇਉ ਤਉ ਸਰਨਾਗਤਿ ਆਈਅਲੇ ॥੨॥੨॥**

ਐਸਾ (ਜਾਣ ਕੇ ਹੀ) ਨੀਚ ਜਾਤਿ ਦਾ ਪਾਪੀ ਨਾਮਦੇਉ ਤੇਰੀ ਸ਼ਰਨ ਵਿਚ ਆਇਆ ਹੈ ॥੨॥੨॥

**ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥**

ਸਾਰੀਆਂ ਦੇਹਾਂ ਵਿਚ ਰਾਮ ਬੋਲਦਾ ਹੈ, (ਜ਼ਰੂਰ) ਰਾਮ ਹੀ ਬੋਲਦਾ ਹੈ, ਹੇ ਭਾਈ! ਰਾਮ ਤੋਂ ਬਿਨਾਂ ਹੋਰ ਕੌਣ ਬੋਲ ਸਕਦਾ ਹੈ ?॥੧॥ ਰਹਾਉ ॥

**ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥**

(ਜਿਵੇਂ) ਇਕ ਮਿੱਟੀ ਤੋਂ ਅਨੇਕ ਤਰ੍ਹਾਂ ਦੇ ਬਹੁਤ ਭਾਂਡੇ (ਬਣ ਜਾਂਦੇ) ਹਨ, (ਇਵੇਂ ਹੀ) ਹਾਥੀ (ਤੋਂ ਲੈ ਕੇ) ਕੀੜੀ (ਤਕ ਸਾਰੇ ਸਰੀਰ) ਇਕ ਤੋਂ ਹੀ ਬਣੇ ਹਨ।

SIKHBOOKCLUB.COM

**ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥੧॥**

ਇਕ ਜਗ੍ਹਾਂ ਤੇ ਖੜੇ ਰਹਿਣ ਵਾਲੇ ਜੜ੍ਹ ਪਦਾਰਥ, ਲੱਤਾਂ ਵਾਲੇ ਜੀਵ ਜੰਤ ਤੇ ਕੀੜੇ ਪਤੰਗੇ, ਇਨਾਂ ਸਾਰਿਆਂ ਵਿਚ ਰਾਮ ਸਮਾਇਆ ਹੋਇਆ ਹੈ ॥੧॥

**ਏਕਲ ਚਿੰਤਾ ਰਾਖੁ ਅਨੰਤਾ ਅਉਰੁ ਤਜਹੁ ਸਭ ਆਸਾ ਰੇ ॥**

ਇਕ ਅਨੰਤ (ਦੇ ਨਾਮ ਜਪਨ ਦੀ) ਚਿੰਤਾ ਰਖੋ ਅਤੇ ਹੋਰ ਸਾਰੀਆਂ ਆਸਾਂ ਛੱਡ ਦੇਵੋ।

**ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥੨॥੩॥**

ਨਾਮਦੇਵ ਜੀ ਆਖਦੇ ਹਨ, ਅਸੀਂ ਨਿਸ਼ਕਾਮ ਹੋ ਗਏ ਹਾਂ, (ਵਾਹਿਗੁਰੂ ਤੋਂ ਬਿਨਾਂ ਸਾਡਾ) ਮਾਲਕ ਹੋਰ ਕੌਣ ਹੈ ? (ਅਤੇ ਉਸ ਤੋਂ ਬਿਨਾਂ ਅਸੀਂ ਹੋਰ) ਕਿਸ ਦੇ ਦਾਸ ਹਾਂ ? ॥੨॥੩॥

## ਰਾਗੁ ਮਾਰੂ (ਅੰਗ ੧੧੦੨-੧੧੦੬)

**ਰਾਗੁ ਮਾਰੂ ਬਾਣੀ ਕਬੀਰ ਜੀਉ ਕੀ ੴ ਸਤਿਗੁਰ ਪ੍ਰਸਾਦਿ ॥**

**ਪਡੀਆ ਕਵਨ ਕੁਮਤਿ ਤੁਮ ਲਾਗੇ ॥**

**ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ ਰਹਾਉ ॥**

ਹੇ ਪਾਂਡੇ! ਤੂੰ ਕੇਹੜੀ ਖੋਟੀ ਮੱਤ ਵਿਚ ਲੱਗਾ ਹੈਂ ? ਹੇ ਮੰਦਭਾਗੀ! ਤੂੰ ਰਾਮ ਨੂੰ ਨਹੀਂ ਜਪਦਾ, ਸਾਰੇ

ਪਰਵਾਰ ਸਣੇ (ਨਰਕਾਂ ਵਿਚ) ਡੁੱਬ ਜਾਵੇਗਾ ॥੧॥ ਰਹਾਉ ॥

**ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥**

(ਤੈਨੂੰ) ਵੇਦ ਪੁਰਾਨ ਪੜ੍ਹੇ ਦਾ ਕੀ ਗੁਣ (ਹੋਇਆ) ? ਜਿਵੇਂ ਖੋਤੇ ਉਤੇ ਚੰਦਨ ਦੇ ਭਾਰ (ਲੱਦੇ ਦਾ, ਕੋਈ ਲਾਭ ਖੋਤੇ ਨੂੰ ਨਹੀਂ ਹੁੰਦਾ)।

**ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥੧॥**

(ਜਿਸ ਦਾ) ਨਾਮ ਰਾਮ (ਹੈ, ਉਸ ਨੂੰ) [ਗਤਿ= ਪ੍ਰਾਪਤੀ] ਮਿਲਣ ਦੀ (ਜੁਗਤੀ ਤੂੰ) ਜਾਣੀ ਹੀ ਨਹੀਂ (ਤਾਂ ਸਮੁੰਦਰ ਤੋਂ) ਪਾਰ ਕਿਸ ਤਰ੍ਹਾਂ ਲੰਘੇਗਾ ? ॥੧॥

**ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥**

(ਯੱਗ ਹੋਮ ਆਦਿਕ ਕਰਮਾਂ ਵਿਚ) ਜੀਵ ਮਾਰਦੇ ਹੋ ਅਤੇ ਉਨ੍ਹਾਂ (ਕਰਮਾਂ ਨੂੰ) ਧਰਮ ਕਰਕੇ ਮੰਨਦੇ ਹੋ, ਤਾਂ ਭਾਈ ! ਕਿਨ੍ਹਾਂ, (ਕੰਮਾਂ) ਨੂੰ ਅਧਰਮ ਆਖੋਗੇ ?

**ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥੨॥**

(ਫਿਰ ਆਪਣੇ) ਆਪ ਨੂੰ ਤਾਂ ਵੱਡੇ ਮੁਨੀ ਕਰਕੇ ਮੰਨਦੇ ਹੋ, ਤਾਂ ਕਸਾਈ ਕਿਸ ਨੂੰ ਆਖੋਗੇ ? ॥੨॥

**ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥**

ਹੇ ਮਨ ਦੇ ਅੰਨ੍ਹੇ ! (ਤੂੰ) ਆਪ ਤਾਂ ਸਮਝਦਾ ਨਹੀਂ ਹੋਰ ਕਿਸ ਨੂੰ ਸਮਝਾਵੇਂਗਾ।

SIKHBOOKCLUB.COM

**ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥੩॥**

ਦੌਲਤ ਵਾਸਤੇ ਵਿਦਿਆ ਵੇਚਦਾ ਹੈ, ਇਸ ਲਈ ਤੇਰਾ ਜਨਮ ਐਵੇਂ ਹੀ ਜਾ ਰਿਹਾ ਹੈ ॥੩॥

**ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ ॥**

ਨਾਰਦ (ਜੀ ਦੇ) ਬਚਨਾਂ ਨੂੰ ਬਿਆਸ (ਰਿਖੀ ਭਾਗਵਤ ਦੇ ਸ਼ੁਰੂ ਵਿਚ) ਆਖਦਾ ਹੈ (ਏਹ ਗੱਲ ਭਾਵੇਂ) ਸੁਕਦੇਵ ਨੂੰ ਜਾ ਕੇ ਪੁੱਛ ਲੈ।

**ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ ॥੪॥੧॥**

ਕਬੀਰ ਜੀ ਆਖਦੇ ਹਨ, ਰਾਮ ਨੂੰ ਜਪਕੇ ਹੀ ਮੁਕਤ ਹੋਵੇਂਗਾ, ਨਹੀਂ ਤਾਂ ਹੇ ਭਾਈ ! (ਨਰਕ ਵਿਚ) ਡੁਬ ਜਾਵੇਂਗਾ ॥੪॥੧॥

**ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥**

ਜਿੰਨਾ ਚਿਰ ਮਨ ਵਿਚੋਂ ਵਿਕਾਰ ਨਾ ਛੱਡੀਏ, (ਉੱਨਾ ਚਿਰ) ਬਨ ਵਿਚ ਵਸਿਆਂ ਭੀ ਕਿਵੇਂ ਮਿਲ ਸਕਦਾ ਹੈ ?

**ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥੧॥**

ਜਿਨ੍ਹਾਂ ਨੇ ਘਰ ਤੇ ਬਨ ਨੂੰ ਇਕੋ ਜੇਹਾ ਕਰਕੇ ਜਾਣਿਆ ਹੈ, ਉਹ (ਪੁਰਸ਼) ਸੰਸਾਰ (ਵਿਚ) ਪੂਰੇ ਗਿਆਨ ਵਾਨ) ਹਨ ॥੧॥

Sri Satguru Jagjit Singh Ji eLibrary NamdhariElibrary@gmail.com

**ਸਾਰ ਸੁਖੁ ਪਾਈਐ ਰਾਮਾ ॥ ਰੰਗਿ ਰਵਹੁ ਆਤਮੈ ਰਾਮ ॥੧॥ ਰਹਾਉ ॥**

ਰਾਮ ਨੂੰ ਜਪਿਆਂ ਅਸਲ ਸੁਖ ਮਿਲ ਪੈਂਦਾ ਹੈ। (ਇਸ ਲਈ) ਪ੍ਰੇਮ ਨਾਲ [ਆਤਮੈ] ਵਿਆਪਕ ਰਾਮ ਨੂੰ ਜਪੋ ॥੧॥ ਰਹਾਉ ॥

**ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥**

ਕੀ (ਹੋਇਆ ਜੇ) ਜੜਾਵਾਂ ਨੂੰ ਸਵਾਹ ਨਾਲ ਲਿੰਬ ਲਿਆ, ਅਤੇ ਕੀ ਹੋਇਆ ਜੇ ਗੁਫਾ ਵਿਚ ਜਾ ਵਸਿਆ।

**ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥**

(ਜਿਸ ਨੇ) ਮਨ ਨੂੰ ਜਿੱਤਿਆ (ਹੈ, ਉਸ ਨੇ) ਜਗਤ ਨੂੰ ਜਿੱਤ ਲਿਆ ਹੈ, ਜਿਸ ਕਰਕੇ ਉਹ ਵਿਸ਼ਿਆਂ ਤੋਂ ਉਦਾਸ ਹੋ ਗਿਆ ਹੈ ॥੨॥

**ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥**

ਸੁਰਮਾ ਤਾਂ ਸਭ ਕੋਈ ਪਾਂਦਾ ਹੈ, [ਚਾਹਨ ਮਾਹਿ ਬਿਡਾਨੁ] (ਪਰ) ਮਟਕਾਣ ਦਾ ਵਲ (ਕੋਈ ਵਿਰਲਾ ਹੀ ਜਾਣਦਾ ਹੈ)।

**ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥੩॥**

ਜਿਸ ਨੇ (ਬੁਧੀ ਰੂਪ) ਅੱਖਾਂ ਵਿਚ ਗਿਆਨ ਦਾ ਸੁਰਮਾ ਪਾਇਆ ਹੈ, ਉਹ ਅੱਖਾਂ (ਦਰਗਾਹ ਵਿਚ) ਮਨਜ਼ੂਰ ਹੋਈਆਂ ਹਨ ॥੩॥

SIKHBOOKCLUB.COM

**ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ ॥**

ਕਬੀਰ ਜੀ ਆਖਦੇ ਹਨ, ਹੁਣ ਮੈਂ ਜਾਨ ਲਿਆ ਹੈ, (ਕਿਉਂਕਿ ਮੈਨੂੰ) ਗੁਰਾਂ ਨੇ ਗਿਆਨ (ਦਾ ਭੇਦ) ਸਮਝਾ ਦਿੱਤਾ ਹੈ।

**ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ ॥੪॥੨॥**

ਹਰੀ ਦਾ ਮਿਲਾਪ (ਆਪਣੇ) ਅੰਦਰੋਂ ਹੀ ਹੋ ਗਿਆ ਹੈ, (ਇਸ ਲਈ) ਹੁਣ ਮੇਰਾ ਮਨ ਕਿਤੇ ਭੀ ਨਹੀਂ ਜਾਂਦਾ ॥੪॥੨॥

***ਉਥਾਨਕਾ***—ਇਕ ਭੇਖੀ ਸੰਤ ਨੇ ਭਗਤ ਜੀ ਕੋਲ ਜਾ ਕੇ ਬਹੁਤ ਡੀਂਗਾਂ ਮਾਰੀਆਂ ਤੇ ਕਿਹਾ, "ਜੋ ਹੁਣ ਰਿਧੀਆਂ ਸਿਧੀਆਂ ਪ੍ਰਾਪਤ ਹੋ ਗਈਆਂ ਹਨ, ਇਸ ਲਈ ਹੁਣ ਕਿਸੇ ਚੀਜ਼ ਦੀ ਲੋੜ ਨਹੀਂ ਰਹੀ।" ਟੁਰਨ ਲਗੇ ਨੇ ਕਬੀਰ ਜੀ ਅੱਗੇ ਚਾਦਰ ਦਾ ਸਵਾਲ ਚੁੱਕ ਕੀਤਾ ਉਸ ਨੂੰ ਸਿਖਯਾ ਦੇਣ ਲਈ ਆਪ ਨੇ ਉਚਾਰਿਆ—

**ਰਿਧਿ ਸਿਧਿ ਜਾ ਕਉ ਫੁਰੀ ਤਬ ਕਾਹੂ ਸਿਉ ਕਿਆ ਕਾਜ ॥**

ਜਿਸ ਨੂੰ ਰਿੱਧੀਆਂ ਸਿੱਧੀਆਂ ਮਿਲ ਪਈਆਂ ਹਨ (ਉਸ ਨੂੰ) ਫਿਰ (ਹੋਰ) ਕਿਸੇ ਨਾਲ ਕੀ ਗਰਜ਼ ਹੈ?

**ਤੇਰੇ ਕਹਨੇ ਕੀ ਗਤਿ ਕਿਆ ਕਹਉ ਮੈ ਬੋਲਤ ਹੀ ਬਡ ਲਾਜ ॥੧॥**

"ਮੈਨੂੰ ਰਿਧੀਆਂ ਸਿਧੀਆਂ ਪ੍ਰਾਪਤ ਹਨ" ਤੇਰੇ ਇਸ ਆਖਣ ਦੀ ਗੱਲ ਹੀ ਮੈਂ ਕੀ ਆਖਾਂ ? ਮੈਨੂੰ (ਤਾਂ ਤੇਰੇ ਨਾਲ) ਗੱਲ ਕਰਦਿਆਂ ਹੀ ਬੜੀ ਸ਼ਰਮ ਆਉਂਦੀ ਹੈ ॥੧॥

**ਰਾਮੁ ਜਿਹ ਪਾਇਆ ਰਾਮ ॥ ਤੇ ਭਵਹਿ ਨ ਬਾਰੈ ਬਾਰ ॥੧॥ ਰਹਾਉ ॥**

ਹੇ ਭਾਈ! ਜਿਸ ਨੇ ਰਾਮ ਨੂੰ ਪਾਇਆ ਹੈ, ਉਹ ਦਰ-ਦਰ ਤੇ ਭੌਂਦੇ ਨਹੀਂ ਫਿਰਦੇ ॥੧॥ ਰਹਾਉ ॥

**ਝੂਠਾ ਜਗੁ ਡਹਕੈ ਘਨਾ ਦਿਨ ਦੁਇ ਬਰਤਨ ਕੀ ਆਸ ॥**

ਦੋ ਦਿਨ ਜੀਊਣ ਦੀ ਆਸਾ ਕਰਕੇ ਝੂਠਾ ਪੁਰਸ਼ ਹੀ ਜਗਤ ਨੂੰ ਬਹੁਤਾ [ਡਹਕੈ] ਠੱਗਦਾ ਹੈ।

**ਰਾਮ ਉਦਕੁ ਜਿਹ ਜਨ ਪੀਆ ਤਿਹਿ ਬਹੁਰਿ ਨ ਭਈ ਪਿਆਸ ॥੨॥**

ਜਿਸ ਨੇ ਰਾਮ (ਨਾਮ) ਜਲ ਪੀਤਾ ਹੈ; ਉਸ ਨੂੰ ਮੁੜ (ਤ੍ਰਿਸ਼ਨਾ ਰੂਪ) ਤ੍ਰੇਹ ਨਹੀਂ ਲਗਦੀ ॥੨॥

**ਗੁਰ ਪ੍ਰਸਾਦਿ ਜਿਹ ਬੂਝਿਆ ਆਸਾ ਤੇ ਭਇਆ ਨਿਰਾਸੁ ॥**

ਗੁਰਾਂ ਦੀ ਕ੍ਰਿਪਾ ਨਾਲ ਜਿਸ ਨੇ ਜਾਣਿਆ ਹੈ, ਉਹ ਆਸਾਂ ਤੋਂ ਨਿਰਾਸ ਹੋ ਗਿਆ ਹੈ।

**ਸਭੁ ਸਚੁ ਨਦਰੀ ਆਇਆ ਜਉ ਆਤਮ ਭਇਆ ਉਦਾਸੁ ॥੩॥**

ਜਦ [ਆਤਮ] ਮਨ (ਸੰਸਾਰ ਤੋਂ) ਉਦਾਸ ਹੋ ਗਿਆ; ਤਾਂ ਸਭ (ਪਾਸੇ) ਸੱਚ (ਸਰੂਪ ਹੀ) ਦਿਸਦਾ ਹੈ ॥੩॥

**ਰਾਮ ਨਾਮ ਰਸੁ ਚਾਖਿਆ ਹਰਿ ਨਾਮਾ ਹਰ ਤਾਰਿ ॥**

(ਜਿਸ ਨੇ) ਰਾਮ ਨਾਮ ਪ੍ਰੇਮ ਨਾਲ ਜਪਿਆ (ਹੈ, ਉਸ ਨੂੰ) ਹਰੀ ਦਾ ਹਰਿਨਾਮ (ਹੀ ਸੰਸਾਰ ਸਮੁੰਦਰ ਤੋਂ) ਤਾਰਦਾ ਹੈ।

**ਕਹੁ ਕਬੀਰ ਕੰਚਨੁ ਭਇਆ ਭ੍ਰਮੁ ਗਇਆ ਸਮੁਦ੍ਰੈ ਪਾਰਿ ॥੪॥੩॥**

ਕਬੀਰ ਜੀ ਆਖਦੇ ਹਨ, (ਨਾਮ ਜਪਣ ਵਾਲਾ) ਸ਼ੁਧ ਹੋ ਗਿਆ (ਹੈ, ਅਤੇ ਉਸ ਦਾ) ਭਰਮ ਸਮੁੰਦਰੋਂ ਪਾਰ ਚਲਾ ਗਿਆ ॥੪॥੩॥

**ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ ॥**

ਸਮੁੰਦਰ ਦੇ ਪਾਣੀ (ਵਿਚ ਦੂਸਰੇ) [ਸਲਲ] ਪਾਣੀ ਦੇ (ਸਮਾ ਜਾਣ ਦੀ) [ਸਾਖਿਆ] ਤਰ੍ਹਾਂ (ਅਤੇ ਜਿਵੇਂ) ਨਦੀ ਵਿਚ ਬੁਲਬੁਲੇ ਸਮਾ ਜਾਂਦੇ ਹਨ (ਇਸੇ ਤਰ੍ਹਾਂ ਜਦ) :—

**ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ ॥੧॥**

[ਸੁੰਨ] ਆਤਮਾ [ਸੁੰਨਹਿ] ਪ੍ਰਮਾਤਮਾ ਵਿਚ ਮਿਲ ਗਿਆ ਤਾਂ ਹਵਾ ਵਾਂਗੂੰ ਸਮਦਰਸੀ ਹੋ ਜਾਵਾਂਗੇ ॥੧॥

**ਬਹੁਰਿ ਹਮ ਕਾਹੇ ਆਵਹਿਗੇ ॥**

**ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥੧॥ ਰਹਾਉ ॥**

Sri Satguru Jagjit Singh Ji eLibrary NamdhariElibrary@gmail.com

ਫੇਰ ਅਸੀਂ (ਜਗਤ ਤੇ) ਕਿਉਂ ਆਵਾਂਗੇ ? ਜੰਮਨ ਮਰਨ ਤਾਂ ਉਸ ਦੇ ਹੁਕਮ ਵਿਚ ਹੁੰਦਾ ਹੈ, (ਅਸੀਂ) ਹੁਕਮ ਦੀ ਵੀਚਾਰ ਕਰਕੇ (ਹੁਕਮ ਕਰਨ ਵਾਲੇ ਵਿਚ) ਸਮਾ ਜਾਵਾਂਗੇ ॥੧॥ ਰਹਾਉ ॥

**ਜਬ ਚੂਕੈ ਪੰਚ ਧਾਤੁ ਕੀ ਰਚਨਾ ਐਸੇ ਭਰਮੁ ਚੁਕਾਵਹਿਗੇ ॥**

ਜਦ ਪੰਜਾਂ ਤੱਤਾਂ ਤੋਂ [ਰਚਨਾ] ਬਣਿਆ (ਸਰੀਰ) ਨਾਸ ਹੋ ਜਾਵੇਗਾ, ਤਦ ਅਜੇਹਾ [ਭਰਮ= ਭ੍ਰਮਣ] ਔਣਾ ਜਾਣਾ ਮਿਟ ਜਾਵੇਗਾ ।

**ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ ॥੨॥**

[ਦਰਸਨੁ] ਮਜ਼੍ਹਬ ਦੀ ਕੈਦ ਛਡ ਕੇ ਸਭ ਨੂੰ ਇਕ ਸਮਾਨ ਜਾਨਣ ਵਾਲੇ ਹੋ ਗਏ ਹਾਂ, ਅਤੇ ਇਕੋ ਦਾ ਨਾਮ ਜਪਦੇ ਹਾਂ ॥੨॥

**ਜਿਤ ਹਮ ਲਾਏ ਤਿਤ ਹੀ ਲਾਗੇ ਤੈਸੇ ਕਰਮ ਕਮਾਵਹਿਗੇ ॥**

ਜਿਧਰ ਸਾਨੂੰ (ਗੁਰਾਂ ਨੇ) ਲਾਇਆ ਹੈ, ਅਸੀਂ ਉੱਧਰ ਲਗੇ ਹੋਏ ਓਹੀ ਕਰਮ ਕਮਾਉਂਦੇ ਹਾਂ ।

**ਹਰਿ ਜੀ ਕ੍ਰਿਪਾ ਕਰੇ ਜਉ ਅਪਨੀ ਤੌ ਗੁਰ ਕੇ ਸਬਦਿ ਸਮਾਵਹਿਗੇ ॥੩॥**

ਜਦ ਹਰੀ ਜੀ ਆਪਣੀ ਕ੍ਰਿਪਾ ਕਰੇਗਾ ਤਾਂ ਅਸੀਂ ਗੁਰਾਂ ਦੇ ਉਪਦੇਸ਼ ਵਿਚ ਸਮਾ ਜਾਵਾਂਗੇ ॥੩॥

**ਜੀਵਤ ਮਰਹੁ ਮਰਹੁ ਫੁਨਿ ਜੀਵਹੁ ਪੁਨਰਪਿ ਜਨਮੁ ਨ ਹੋਈ ॥**

ਜੀਊਂਦੇ ਹੀ ਮਰਨਾ (ਕਬੂਲ ਕਰੋ, ਇਸ ਤਰ੍ਹਾਂ) ਮਰਕੇ ਫਿਰ ਜੀਵੋ ਤਦ ਫੇਰ ਦੁਬਾਰਾ ਜਨਮ ਨਹੀਂ ਹੋਵੇਗਾ ।

SIKHBOOKCLUB.COM

**ਕਹੁ ਕਬੀਰ ਜੋ ਨਾਮਿ ਸਮਾਨੇ ਸੁੰਨ ਰਹਿਆ ਲਿਵ ਸੋਈ ॥੪॥੪॥**

ਕਬੀਰ ਜੀ ਆਖਦੇ ਹਨ, ਜੋ ਨਾਮ (ਜਪਣ ਵਿਚ) ਲੱਗਾ ਹੋਇਆ ਹੈ, ਉਹ ਵਾਹਿਗੁਰੂ ਵਿਚ ਲੀਨ ਹੋ ਰਿਹਾ ਹੈ ॥੪॥੪॥

**ਜਉ ਤੁਮ੍ ਮੋ ਕਉ ਦੂਰਿ ਕਰਤ ਹਉ ਤਉ ਤੁਮ ਮੁਕਤਿ ਬਤਾਵਹੁ ॥**

(ਹੇ ਵਾਹਿਗੁਰੂ !) ਜੇ ਤੁਸੀਂ (ਆਪ ਤੋਂ) ਦੂਰ ਕਰਦੇ ਹੋ, ਤਾਂ ਤੁਸੀਂ ਦਸੋ ਮੁਕਤੀ (ਕੀ ਚੀਜ਼ ਹੈ ? ਅਰਥਾਤ ਮੁਕਤੀ ਦਾ ਰੂਪ ਏਹੋ ਹੈ ਜੋ ਤੇਰੇ ਵਿਚ ਅਭੇਦ ਹੋ ਜਾਣਾ, ਜਦ ਹੁਣ ਮੈਥੋਂ ਪ੍ਰਹੇਜ ਕਰਦੇ ਹੋ, ਤਾਂ ਜਦ ਮੁਕਤਿ ਕਰੋਗੇ ਓਦੋਂ ਕਿਥੇ ਭੇਜੋਗੇ ?)

**ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ ॥੧॥**

(ਤੂੰ) ਇਕੋ ਹੀ ਅਨੇਕਾਂ ਰੂਪ ਹੋ ਕੇ ਸਾਰਿਆਂ ਵਿਚ (ਵਿਆਪਕ ਹੋ) ਰਿਹਾ ਹੈ ਹੁਣ (ਮੈਨੂੰ) ਕਿਵੇਂ ਭੁਲਾ ਸਕਦੇ ਹੋ ? ॥੨॥

**ਰਾਮ ਮੋ ਕਉ ਤਾਰਿ ਕਹਾਂ ਲੈ ਜਈ ਹੈ ॥**

**ਸੋਧਉ ਮੁਕਤਿ ਕਹਾ ਦੇਉ ਕੈਸੀ ਕਰਿ ਪ੍ਰਸਾਦੁ ਮੋਹਿ ਪਾਈ ਹੈ ॥੧॥ ਰਹਾਉ ॥**

ਹੇ ਰਾਮ ! ਮੈਨੂੰ ਮੁਕਤਿ (ਕਰਕੇ ਆਪ ਤੋਂ ਵਖ) ਕਿਥੇ ਲੈ ਜਾਵੇਗਾ ? (ਮੈਂ ਉਸ) ਮੁਕਤੀ ਦੀ ਵਿਚਾਰ

ਕਰ ਲਵਾਂ, ਜੋ ਤੁਸਾਂ (ਮੈਨੂੰ) ਦੇਣੀ (ਹੈ, ਉਹ ਹੈ) ਕਿਸ ਤਰ੍ਹਾਂ ਦੀ ? (ਮੈਂ ਤਾਂ ਆਪਦੀ) ਕ੍ਰਿਪਾ ਕਰਕੇ (ਮੁਕਤੀ ਅਗੇ ਹੀ) ਪਾਈ ਹੋਈ ਹੈ ॥੧॥ ਰਹਾਉ ॥

**ਤਾਰਨ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ ॥**

ਜਿੰਨਾ ਚਿਰ ਸਿਧਾਂਤ ਨਾ ਜਾਣਿਆ (ਜਾਵੇ) ਓਨਾਂ ਚਿਰ ਹੀ ਤਾਰਨ (ਵਾਲਾ) [ਤਰਨੁ] ਜਹਾਜ਼ (ਤੇਰਾ ਨਾਮ) ਜਪੀਦਾ ਹੈ ।

**ਅਬ ਤਉ ਬਿਮਲ ਭਏ ਘਟ ਹੀ ਮਹਿ ਕਹਿ ਕਬੀਰ ਮਨੁ ਮਾਨਿਆ ॥੨॥੫॥**

ਹੁਣ ਤਾਂ ਅੰਦਰੋਂ ਹੀ ਨਿਰਮਲ (ਦਾ ਦਰਸ਼ਨ) ਹੋ ਗਿਆ ਹੈ, ਕਬੀਰ ਜੀ ਆਖਦੇ ਹਨ (ਉਸੇ ਸਰੂਪ ਵਿਚ) ਮਨ ਲਗ ਗਿਆ ਹੈ ॥੨॥੫॥

**ਜਿਨਿ ਗੜ ਕੋਟ ਕੀਏ ਕੰਚਨ ਕੇ ਛੋਡਿ ਗਇਆ ਸੋ ਰਾਵਨੁ ॥੧॥**

ਜਿਸ ਨੇ ਕਿਲ੍ਹੇ ਦੀਆਂ ਕੰਧਾਂ ਸੋਨੇ ਦੀਆਂ ਬਣਾਈਆਂ ਸਨ, ਉਹ ਰਾਵਨ ਭੀ ਛੱਡ ਕੇ ਚਲਾ ਗਿਆ ਹੈ ॥੧॥

**ਕਾਹੇ ਕੀਜਤੁ ਹੈ ਮਨਿ ਭਾਵਨੁ ॥**

**ਜਬ ਜਮੁ ਆਇ ਕੇਸ ਤੇ ਪਕਰੈ ਤਹ ਹਰਿ ਕੋ ਨਾਮੁ ਛਡਾਵਨ ॥੧॥ ਰਹਾਉ ॥**

ਹੇ ਭਾਈ ! ਕਿਉਂ ਮਨ ਭਾਉਂਦੀਆਂ ਕਰਦਾ ਹੈਂ ? ਜਦੋਂ ਜਮਾਂ ਨੇ ਆ ਕੇ ਕੇਸਾਂ ਤੋਂ ਫੜ ਲਿਆ, ਓਦੋਂ ਹਰੀ ਦਾ ਨਾਮ (ਹੀ ਉਨ੍ਹਾਂ ਤੋਂ) ਛੁਡਾਵੇਗਾ ॥੧॥ ਰਹਾਉ ॥

**ਕਾਲੁ ਅਕਾਲੁ ਖਸਮ ਕਾ ਕੀਨ੍ਾ ਇਹੁ ਪਰਪੰਚੁ ਬਧਾਵਨੁ ॥**

ਇਸ ਸੰਸਾਰ ਨੂੰ ਵਧਾਵਨ ਵਾਸਤੇ ਵਾਹਿਗੁਰੂ ਨੇ ਮਰਨ ਜੰਮਨਾ ਬਣਾਇਆ ਹੋਇਆ ਹੈ ।

**ਕਹਿ ਕਬੀਰ ਤੇ ਅੰਤੇ ਮੁਕਤੇ ਜਿਨ੍ ਹਿਰਦੈ ਰਾਮ ਰਸਾਇਨੁ ॥੨॥੬॥**

ਕਬੀਰ ਜੀ ਆਖਦੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਰਾਮ (ਨਾਮ ਰੂਪ) [ਰਸਾਇਨੁ] ਅੰਮ੍ਰਿਤ ਹੈ, ਉਹ ਅੰਤ ਨੂੰ ਮੁਕਤਿ ਹੁੰਦੇ ਹਨ ॥੨॥੬॥

**ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ ॥**

ਦੇਹ ਪਿੰਡ ਹੈ, (ਇਸ ਦੀ) ਜ਼ਮੀਨ ਦਾ [ਮਹਤਉ] ਮਾਲਕ ਜੀਵ ਹੈ, (ਇਸ ਪਿੰਡ ਵਿਚੋਂ) ਪੰਜ ਕ੍ਰਿਸਾਨ ਭੀ ਵਸਦੇ ਹਨ ।

**ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ ॥੧॥**

ਅੱਖਾਂ, ਨੱਕ, ਕੰਨ, ਜੀਭ ਤੇ [ਪਤਿ] ਖਲੜੀ, (ਇਨ੍ਹਾਂ ਇੰਦ੍ਰੀਆਂ ਨੇ ਅੰਤ ਨੂੰ) ਕਿਹਾ ਨਹੀਂ ਮੰਨਣਾ ॥੧॥

**ਬਾਬਾ ਅਬ ਨ ਬਸਉ ਇਹੁ ਗਾਉ ॥**

ਹੇ ਬਾਬਾ ! ਮੈਂ ਹੁਣ ਇਸ ਪਿੰਡ ਵਿਚ ਵਸਣਾ ਨਹੀਂ ਚਾਹੁੰਦਾ ।

**ਘਰੀ ਘਰੀ ਕਾ ਲੇਖਾ ਮਾਗੈ ਕਾਇਥੁ* ਚੇਤੂ ਨਾਉ ॥੧॥ ਰਹਾਉ ॥**

(ਜਿਸ ਦਾ) ਨਾਮ ਚਿੱਤ੍ਰ (ਗੁਪਤ ਹੈ, ਉਹ) [ਕਾਇਥੁ] ਮੁਨਸ਼ੀ ਘੜੀ-ਘੜੀ ਦਾ ਲੇਖਾ ਮੰਗੇਗਾ ॥੧॥ ਰਹਾਉ ॥

**ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ ॥**

ਜਦ ਧਰਮ ਰਾਜ ਨੇ ਲੇਖਾ ਮੰਗਿਆ ਤਾਂ ਬਹੁਤ ਬਾਕੀ ਨਿਕਲੇਗੀ।

**ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ ॥੨॥**

ਪੰਜੇ ਕ੍ਰਿਸਾਨ (ਗਿਆਨ ਇੰਦ੍ਰੇ ਮੁਕਰ) ਜਾਣਗੇ ਤੇ [ਦਰਬਾਰੀ] ਸਿਪਾਹੀ ਜੀਵ ਨੂੰ ਬੰਨ੍ਹ ਲੈਣਗੇ ॥੨॥

**ਕਹੈ ਕਬੀਰੁ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ॥**

ਕਬੀਰ ਜੀ ਆਖਦੇ ਹਨ ਹੇ ਸੰਤੋ! ਸੁਣੋ, (ਇਸੇ) [ਖੇਤ] ਸਰੀਰ (ਵਿਚ ਹਿਸਾਬ ਦਾ) ਫੈਸਲਾ ਕਰੋ।

**ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ॥੩॥੭॥**

(ਆਖੋ ਹੇ ਵਾਹਿਗੁਰੂ!) ਹੁਣ ਦੀ ਵਾਰੀ (ਵਿਚ ਹੀ) ਦਾਸ ਨੂੰ ਬਖਸ਼ ਲੈ, ਜੋ ਫੇਰ ਸੰਸਾਰ ਵਿਚ ਫੇਰਾ ਨਾ ਪਵੇ ॥੩॥੭॥

## ਰਾਗੁ ਮਾਰੂ ਬਾਣੀ ਕਬੀਰ ਜੀਉ ਕੀ

*ੴ ਸਤਿਗੁਰ ਪ੍ਰਸਾਦਿ ॥*

SIKHBOOKCLUB.COM

*ਉਥਾਨਕਾ*—ਇਕ ਬੈਰਾਗੀ ਨੇ ਭਗਤ ਜੀ ਨੂੰ ਕਿਹਾ, "ਜੋ ਮੈਨੂੰ ਪ੍ਰਮਾਤਮਾ ਦਾ ਦਰਸ਼ਨ ਹੋਇਆ ਹੈ।" ਆਪ ਨੇ ਉਸ ਨੂੰ ਉੱਤਰ ਦੇਣ ਲਈ ਉਚਾਰਿਆ।

**ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ ॥**
**ਬਿਨੁ ਭੈ ਅਨਭਉ ਹੋਇ ਵਣਾਹੰਬੈ ॥੧॥**

[ਅਨੁਭਵ] ਗਿਆਨ (ਤੋਂ ਬਿਨਾਂ ਉਸ ਦਾ) ਕਿਸੇ (ਨੇ ਦਰਸ਼ਨ) ਨਹੀਂ ਦੇਖਿਆ। ਹੇ ਬੈਰਾਗੀ! ਡਰ ਤੋਂ ਬਿਨਾਂ ਗਿਆਨ ਨਹੀਂ ਹੁੰਦਾ (ਕਿਉਂ ਇਹ ਠੀਕ ਹੈ) [ਵ × ਣਾ] ਜਾਂ ਨਹੀਂ ? [ਹੰਬੈ] ਠੀਕ ਹੈ ॥੧॥

**ਸਹੁ ਹਦੂਰਿ ਦੇਖੈ ਤਾਂ ਭਉ ਪਵੈ ਬੈਰਾਗੀਅੜੇ ॥**
**ਹੁਕਮੈ ਬੂਝੈ ਤ ਨਿਰਭਉ ਹੋਇ ਵਣਾਹੰਬੈ ॥੨॥**

ਮਾਲਕ ਨੂੰ ਨੇੜੇ ਹੀ ਵੇਖੋ, ਤਾਂ ਡਰ ਪੈਦਾ ਹੋਵੇਗਾ, ਹੇ ਬੈਰਾਗੀ! ਹੁਕਮ ਦੀ ਪਛਾਣ ਕਰੋ, ਤਾਂ ਡਰ ਤੋਂ ਰਹਿਤ ਹੋਵੇਂਗਾ, (ਕਿਉਂ ਏਹ ਠੀਕ ਹੈ) ਜਾਂ ਨਹੀਂ ? ਜੀ! ਠੀਕ ਹੈ ॥੨॥

**ਹਰਿ ਪਾਖੰਡੁ ਨ ਕੀਜਈ ਬੈਰਾਗੀਅੜੇ ॥**
**ਪਾਖੰਡਿ ਰਤਾ ਸਭੁ ਲੋਕੁ ਵਣਾਹੰਬੈ ॥੩॥**

---

** ਵਿਚਾਰ ਲਈ ਵੇਖੋ ਮੇਰਾ ਬਣਾਇਆ "ਗੁਰ ਸ਼ਬਦ ਰਤਨਾਕਰ ਕੋਸ਼" ਵਿਚ "ਕਾਇਥੁ" ਪਦ ਦੀ ਵਿਆਖਿਆ।*

Sri Satguru Jagjit Singh Ji eLibrary NamdhariElibrary@gmail.com

ਹਰੀ (ਨੂੰ ਪਾਉਣ ਲਈ ਪਖੰਡ ਨਾ ਕਰੋ, ਹੇ ਬੈਰਾਗੀ! ਪਖੰਡਾਂ ਵਿਚ ਸਾਰੇ ਲੋਕ ਲੱਗੇ ਹੋਏ ਹਨ (ਉਨਾਂ ਨੂੰ ਹਰੀ ਨਹੀਂ ਮਿਲਿਆ, (ਕਿਉਂ ਠੀਕ ਹੈ) ਜਾਂ ਨਹੀਂ ? ਜੀ! ਠੀਕ ਹੈ ॥੩॥

**ਤ੍ਰਿਸਨਾ ਪਾਸੁ ਨ ਛੋਡਈ ਬੈਰਾਗੀਅੜੇ ॥**

**ਮਮਤਾ ਜਾਲਿਆ ਪਿੰਡੁ ਵਣਾਹੰਬੈ ॥੪॥**

ਤ੍ਰਿਸ਼ਨਾ (ਜੀਵ ਦਾ) ਪਾਸਾ ਨਹੀਂ ਛਡਦੀ, ਹੇ ਬੈਰਾਗੀ! (ਅਤੇ) ਮਮਤਾ ਨੇ ਸਰੀਰ ਹੀ ਸਾੜ ਦਿਤਾ ਹੈ, ਕਿਉਂ ਏਹ ਸੱਚ ਹੈ) ਜੀ! ਸੱਚ ਹੈ ॥੪॥

**ਚਿੰਤਾ ਜਾਲਿ ਤਨੁ ਜਾਲਿਆ ਬੈਰਾਗੀਅੜੇ ॥**

**ਜੇ ਮਨੁ ਮਿਰਤਕੁ ਹੋਇ ਵਣਾਹੰਬੈ ॥੫॥**

ਚਿੰਤਾ ਦੀ ਅੱਗ ਨੇ ਸਰੀਰ ਸਾੜ ਦਿਤਾ ਹੈ, ਹੇ ਬੈਰਾਗੀ! ਜੇ ਮਨ ਮੁਰਦਾ ਹੋ (ਜਾਵੇ ਤਾਂ ਚਿੰਤਾ ਮਿਟ ਜਾਵੇਗੀ) ਜਾਂ ਨਹੀਂ ? ਜੀ! ਸੱਚ ਹੈ (ਹਟ ਜਾਵੇਗੀ) ॥੫॥

**ਸਤਿਗੁਰ ਬਿਨੁ ਬੈਰਾਗੁ ਨ ਹੋਵਈ ਬੈਰਾਗੀਅੜੇ ॥**

**ਜੇ ਲੋਚੈ ਸਭੁ ਕੋਇ ਵਣਾਹੰਬੈ ॥੬॥**

ਸਤਿਗੁਰੂ ਤੋਂ ਬਿਨਾਂ ਬੈਰਾਗ ਨਹੀਂ ਹੁੰਦਾ, ਹੇ ਬੈਰਾਗੀ! (ਜੇ ਹੁੰਦਾ ਹੋਵੇ ਤਾਂ) ਸਭ ਕੋਈ ਚਾਹੁੰਦਾ ਹੈ, ਜਾਂ ਨਹੀਂ ? ਜੀ! ਸੱਚ ਹੈ ॥੬॥

SIKHBOOKCLUB.COM

**ਕਰਮੁ ਹੋਵੈ ਸਤਿਗੁਰੁ ਮਿਲੈ ਬੈਰਾਗੀਅੜੇ ॥**

**ਸਹਜੇ ਪਾਵੈ ਸੋਇ ਵਣਾਹੰਬੈ ॥੭॥**

ਭਾਗ ਚੰਗੇ ਹੋਣ ਤਾਂ ਸਤਿਗੁਰੂ ਮਿਲੇਗਾ, ਹੇ ਬੈਰਾਗੀ! (ਫਿਰ) ਸਹਜੇ ਹੀ ਉਹੀ (ਪ੍ਰਮਾਤਮਾ) ਮਿਲ ਪਊ ਜਾਂ ਨਹੀਂ ? ਜੀ! ਮਿਲ ਪਵੇਗਾ ॥੭॥

**ਕਹੁ ਕਬੀਰ ਇਕ ਬੇਨਤੀ ਬੈਰਾਗੀਅੜੇ ॥**

**ਮੋ ਕਉ ਭਉਜਲੁ ਪਾਰਿ ਉਤਾਰਿ ਵਣਾਹੰਬੈ ॥੮॥੧॥੮॥**

ਕਬੀਰ ਜੀ ਆਖਦੇ ਹਨ, ਹੇ ਬੈਰਾਗੀ! ਇਕ (ਏਹ) ਬੇਨਤੀ (ਰੋਜ਼ ਕਰਨੀ ਚਾਹੀਦੀ ਹੈ ਕਿ ਵਾਹਿਗੁਰੂ) ਮੈਨੂੰ ਸੰਸਾਰ ਸਮੁੰਦਰ ਤੋਂ ਪਾਰ ਕਰ ਲੈ, (ਤਦ ਤਰੇਂਗਾ) ਜਾਂ ਨਹੀਂ ? ਜੀ ਤਰ ਜਾਵੇਂਗਾ ॥੮॥੧॥੮॥

*ਉਥਾਨਕਾ*—ਕ੍ਰਿਸ਼ਨ ਜੀ ਬਿਦਰ ਦੇ ਘਰ ਜਾ ਕੇ ਰਾਤ ਨੂੰ ਰਹੇ, ਸਵੇਰੇ ਦੁਰਯੋਧਨ ਦੇ ਪਾਸ ਗਏ, ਦੁਰਯੋਧਨ ਦੇ ਪੁਛਣ ਤੇ ਸ੍ਰੀ ਕ੍ਰਿਸ਼ਨ ਜੀ ਨੇ ਜੋ ਕੁਝ ਦਸਿਆ ਕਬੀਰ ਜੀ ਨੇ ਇਸ ਸ਼ਬਦ ਵਿਚ ਪ੍ਰਗਟ ਕਰ ਕੇ ਅੰਤਲੀ ਤੁਕ ਸਿਧਾਂਤ ਪਰਗਟ ਕੀਤਾ ਹੈ—

**ਰਾਜਨ ਕਉਨੁ ਤੁਮਾਰੈ ਆਵੈ ॥**

**ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ॥੧॥ ਰਹਾਉ ॥**

ਹੇ ਰਾਜਨ! ਤੇਰੇ ਘਰ ਕੌਣ ਆਵੇ ? ਬਿਦਰ ਦਾ ਅਜਿਹਾ ਪ੍ਰੇਮ ਨਜ਼ਰ ਆਇਆ ਜੋ ਉਹ ਗਰੀਬ ਮੈਨੂੰ ਚੰਗਾ ਲੱਗਦਾ ਹੈ ॥੧॥ ਰਹਾਉ ॥

**ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥**

ਤੂੰ ਹਾਥੀ ਵੇਖ ਕੇ ਭਰਮ ਵਿਚ ਭੁੱਲ ਗਿਆ ਹੈਂ ਅਤੇ ਸ੍ਰੀ ਭਗਵਾਨ ਜੀ ਨੂੰ ਤੂੰ ਜਾਣਿਆ ਹੀ ਨਹੀਂ।

**ਤੁਮਰੋ ਦੂਧੁ ਬਿਦਰ ਕੋ ਪਾਨੋ੍ ਅੰਮ੍ਰਿਤੁ ਕਰਿ ਮੈ ਮਾਨਿਆ ॥੧॥**

ਤੇਰਾ ਦੁੱਧ ਤੇ ਬਿਦਰ ਦਾ ਪਾਣੀ (ਫਿਰ ਉਹ ਪਾਣੀ ਵੀ) ਮੈਂ ਅੰਮ੍ਰਿਤ ਕਰ ਕੇ ਮੰਨਿਆ ਹੈ ॥੧॥

**ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ ॥**

ਖੀਰ ਵਰਗਾ ਮੈਂ ਸਾਗ ਖਾਧਾ ਹੈ ਅਤੇ ਪ੍ਰਮਾਤਮਾ ਦਾ ਜਸ ਕਰਦਿਆਂ ਹੀ ਰਾਤ ਬੀਤ ਗਈ ਹੈ।

**ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥੨॥੯॥**

ਕਬੀਰ (ਜੀ ਆਖਦੇ ਹਨ) ਮੇਰਾ ਮਾਲਕ ਅਨੰਦ ਸਰੂਪੀ ਖੇਡਾਂ ਕਰਨ ਵਾਲਾ ਹੈ, ਜੋ ਕਿਸੇ ਦੀ ਜਾਤਿ ਦੀ ਪ੍ਰਵਾਹ ਨਹੀਂ ਕਰਦਾ ॥੨॥੯॥

**ਸਲੋਕ ਕਬੀਰ ॥ ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥**

(ਗੁਰੂ ਰੂਪ) ਅਕਾਸ਼ੀ [ਦਮਾਮਾ] ਧੌਂਸਾ ਵਜਿਆ ਹੈ (ਜਗਿਆਸੂ ਰੂਪ) ਨਿਸ਼ਾਨ ਉਤੇ [ਘਾਉ] ਸੱਟ ਪਈ ਹੈ।

**ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥**

ਜੋ (ਗੁਰਮੁਖ ਰੂਪ) ਸੂਰਮਾ (ਹੈ, ਓਹ ਸਤਿਸੰਗ ਰੂਪ) ਰਣ (ਭੂਮੀ ਵਿਚ) ਆ ਗਿਆ ਹੈ, (ਅਤੇ ਆਖਦਾ ਹੈ, ਜੋ) ਹੁਣ ਲੜਨ ਮਰਨ ਦਾ ਵੇਲਾ ਹੈ ॥੧॥

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**

ਉਹ ਸੂਰਮਾ ਕਹੀਦਾ ਹੈ, ਜੋ ਧਰਮ ਵਾਸਤੇ ਲੜ ਮਰਦਾ ਹੈ।

**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥**

ਰਤਾ ਰਤਾ ਜਿੰਨੇ ਟੋਟੇ ਹੋ ਕੇ ਮਰ ਜਾਵੇ, ਪਰ ਤਾਂ ਭੀ [ਖੇਤੁ] ਰਣਭੂਮੀ ਨੂੰ ਨਾ ਛੱਡੇ) ॥੨॥੨॥

**ਕਬੀਰ ਕਾ ਸਬਦੁ ਰਾਗੁ ਮਾਰੂ ਬਾਣੀ ਨਾਮਦੇਉ ਜੀ ਕੀ**

***ੴ ਸਤਿਗੁਰ ਪ੍ਰਸਾਦਿ ॥***

**ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥**

(ਜੋ) ਚਾਰ ਮੁਕਤੀਆਂ (ਹਨ, ਉਹ) ਚਾਰੇ (ਉਸ ਨੂੰ) ਸਿਧ (ਹੋ ਗਈਆਂ ਹਨ ਜੋ ਗੁਰਾਂ ਨੂੰ) ਮਿਲ ਕੇ ਪ੍ਰਭੂ [ਦੂਲਹ] ਪਤੀ ਦੀ ਸ਼ਰਨੀ ਪਿਆ ਹੈ।

**ਮੁਕਤਿ ਭਇਓ ਚਉਹੂੰ ਜੁਗ ਜਾਨਿਓ ਜਸੁ ਕੀਰਤਿ ਮਾਥੈ ਛਤ੍ਰੁ ਧਰਿਓ ॥੧॥**

ਚੌਹਾਂ ਜੁਗਾਂ ਵਿਚ ਜਾਨਿਆ (ਗਿਆ ਹੈ, ਜੋ) ਮੁਕਤਿ ਹੋ ਗਿਆ ਹੈ, ਜਸ ਤੇ ਵਡਿਆਈ ਦਾ ਛਤ੍ਰ (ਉਸ ਦੇ) ਸਿਰ ਤੇ ਝੁਲਦਾ ਹੈ ॥੧॥

**ਰਾਜਾ ਰਾਮ ਜਪਤ ਕੋ ਕੋ ਨ ਤਰਿਓ ॥ ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ ॥੧॥ ਰਹਾਉ ॥**

ਪ੍ਰਕਾਸ਼ ਰੂਪ ਰਾਮ ਨੂੰ ਜਪ ਕੇ ਕੇਹੜਾ-ਕੇਹੜਾ ਨਹੀਂ ਤਰਿਆ ? (ਜੋ) ਗੁਰਾਂ ਦਾ ਉਪਦੇਸ਼ ਕਮਾਉਂਦਾ ਤੇ) ਸੰਤਾਂ ਦੀ ਸੰਗਤਿ (ਕਰਦਾ ਹੈ), (ਜਗਤ ਉਤੇ) ਉਸ ਦਾ ਨਾਮ ਭਗਤ ਭਗਤ ਪੈ ਗਿਆ ਹੈ ॥੧॥ ਰਹਾਉ ॥

**ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਤਾਪੁ ਜਮੁ ਡਰਿਓ ॥**

ਸੰਖ ਚਕ੍ਰ ਮਾਲਾ ਤਿਲਕ (ਵਾਲਾ ਹਰੀ ਉਸ ਦੇ ਵਿਚ) ਬਿਰਾਜਦਾ (ਹੈ, ਇਸ ਲਈ ਉਸਦੇ) ਪ੍ਰਤਾਪ ਨੂੰ ਵੇਖ ਕੇ ਜਮ ਡਰ ਗਿਆ ਹੈ ।

**ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ ॥੨॥**

ਨਿਡਰ ਹੋ ਕੇ ਰਾਮ ਦੇ ਬਲ ਕਰਕੇ ਗੱਜਦਾ ਹੈ, ਅਤੇ ਜਨਮ ਮਰਨ ਦਾ ਦੁਖ ਮਿਟ ਗਿਆ ਹੈ ॥੨॥

**ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ ॥**

(ਜਿਸ ਨੇ) ਅੰਬਰੀਕ ਨੂੰ ਅਭੈਪਦ ਦਿਤਾ ਹੈ, ਅਤੇ ਭਭੀਖਨ ਨੂੰ ਰਾਜ (ਦੇ ਕੇ) ਵਡਿਆਂ ਕੀਤਾ ਹੈ।

**ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ ॥੩॥**

(ਜਿਸ ਠਾਕੁਰ ਨੇ) ਨੌਂ ਨਿਧਾਂ ਸੁਦਾਮੇ ਨੂੰ ਦਿਤੀਆਂ ਸਨ, ਤੇ ਧਰੂ (ਨੂੰ ਉਹ) ਅਟਲ (ਪਦਵੀ ਦਿਤੀ ਜੋ) ਅਜੇ ਤਕ ਨਹੀਂ ਟਲਿਆ ॥੩॥

**ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ ॥**

(ਜਿਸ ਨੇ ਪ੍ਰਹਿਲਾਦ) ਭਗਤ (ਦੀ ਰਖਿਆ) ਵਾਸਤੇ ਨਰ ਸਿੰਘ ਰੂਪ ਦੇਹ ਧਾਰ ਕੇ (ਪ੍ਰਗਟ) ਹੋਇਆ ਤੇ ਹਰਨਾਖਸ਼ ਨੂੰ ਮਾਰਿਆ ਸੀ ।

**ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ ॥੪॥੧॥**

ਨਾਮਦੇਵ ਜੀ ਆਖਦੇ ਹਨ, [ਕੇਸਵ] ਪ੍ਰਮਾਤਮਾ (ਤਾਂ) ਭਗਤੀ (ਕਰਕੇ) ਵਸ ਹੁੰਦਾ ਹੈ, ਅਤੇ ਅਜੇ ਤਕ ਬਲ ਰਾਜਾ ਦੇ ਬੂਹੇ ਤੇ ਖੜਾ ਹੈ ॥੪॥੧॥

**ਮਾਰੂ ਕਬੀਰ ਜੀਉ ॥**

**ਦੀਨੁ ਬਿਸਾਰਿਓ ਰੇ ਦਿਵਾਨੇ ਦੀਨੁ ਬਿਸਾਰਿਓ ਰੇ ॥**

ਓ ਪਾਗਲਾ ! ਤੂੰ ਧਰਮ ਨੂੰ ਭੁਲਾ ਦਿਤਾ ਹੈ, ਧਰਮ ਨੂੰ ਭੁਲਾ ਦਿੱਤਾ ਹੈ।

**ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨਮੁ ਹੈ ਹਾਰਿਓ ॥੧॥ ਰਹਾਉ ॥**

ਪਸ਼ੂਆਂ ਵਾਂਗੂੰ ਢਿੱਡ ਭਰਕੇ ਸੌਂ ਰਿਹਾ ਹੈਂ, ਮਨੁੱਖ ਜਨਮ ਨੂੰ ਹਾਰ ਦਿਤਾ ਹੈ ॥੧॥ ਰਹਾਉ ॥

**ਸਾਧਸੰਗਤਿ ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ ॥**

ਸਾਧ ਸੰਗਤਿ ਕਦੇ ਨਹੀਂ ਕਰਦਾ ਅਤੇ ਝੂਠੇ ਕੰਮਾਂ ਵਿਚ ਲਗਾ ਹੋਇਆ ਹੈ।

**ਸੁਆਨ ਸੂਕਰ ਬਾਇਸ ਜਿਵੈ ਭਟਕਤੁ ਚਾਲਿਓ ਊਠਿ ॥੧॥**

ਕੁਤੇ, ਸੂਰ, ਕਾਂ, ਊਠ ਵਾਂਗੂੰ ਭੱਜਾ ਫਿਰਦਾ ਹੈ ॥੧॥

**ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ ॥**

ਆਪ ਨੂੰ [ਦੀਰਘੁ] ਵੱਡਾ ਕਰਕੇ ਮੰਨਦਾ ਹੈਂ, ਅਤੇ ਹੋਰਨਾਂ ਨੂੰ [ਲਘੁ] ਛੋਟਾ ਜਾਣਦਾ ਹੈ।

**ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥੨॥**

ਮਨ, ਬਾਣੀ, ਸਰੀਰ ਵਿਚ (ਲਗਾ ਪੁਰਸ਼) ਨਰਕਾਂ ਵਿਚ ਜਾਂਦਾ ਦਿਸਦਾ ਹੈ ॥੨॥

**ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ ॥**

ਕਾਮੀ, ਕ੍ਰੋਧੀ, ਚਤਰਾਈ ਨਕਲਾਂ ਕਰਦਿਆਂ ਤੇ ਬੁਰੇ ਕੰਮ ਕਰਦਿਆਂ।

**ਨਿੰਦਾ ਕਰਤੇ ਜਨਮੁ ਸਿਰਾਨੋ ਕਬਹੂ ਨ ਸਿਮਰਿਓ ਰਾਮੁ ॥੩॥**

ਨਿੰਦਾ ਕਰਦਿਆਂ ਜਨਮ ਬੀਤ ਗਿਆ ਹੈ, ਕਦੇ ਭੀ ਰਾਮ ਨੂੰ ਯਾਦ ਨਹੀਂ ਕੀਤਾ ॥੩॥

**ਕਹਿ ਕਬੀਰ ਚੇਤੈ ਨਹੀ ਮੂਰਖੁ ਮੁਗਧੁ ਗਵਾਰੁ ॥**

ਕਬੀਰ ਜੀ ਆਖਦੇ ਹਨ, ਹੇ ਮੂਰਖਾਂ ਦੇ ਮੂਰਖ ਪਸ਼ੂ! ਯਾਦ ਕਿਉਂ ਨਹੀਂ (ਕਰਦਾ)।

**ਰਾਮੁ ਨਾਮੁ ਜਾਨਿਓ ਨਹੀ ਕੈਸੇ ਉਤਰਸਿ ਪਾਰਿ ॥੪॥੧॥**

ਤੂੰ ਰਾਮ ਦਾ ਨਾਮ ਨਹੀਂ ਜਾਣਿਆ, ਪਾਰ ਕਿਵੇਂ ਲੰਘੇਂਗਾ ॥੪॥੧॥

## ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ

**ੴ ਸਤਿਗੁਰ ਪ੍ਰਸਾਦਿ ॥**

**ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥**

[ਅਨ੍ਵੈ—ਖੋੜਸਾ ਸੂਰ ਸਤ ਦਤੁ ਕੀਆ ਨਾਦ ਸਤ ਪੂਰਿਆ, ਚੰਦ ਸਤ ਭੇਦਿਆ]

ਖੋੜਸਾ* ਸੋਲਾਂ ਵੇਰੀ (ਓਅੰ ਮੰਤ੍ਰ ਦਾ ਉਚਾਰਨ ਕਰਕੇ) [ਸੂਰ] ਸੂਰਜ ਦੀ ਸੁਰ–ਇੜਾ (ਥਾਨੀ ਸੁਖਮਨਾ ਵਿਚ) [ਸਤ] ਸਵਾਸਾਂ ਨੂੰ [ਦਤੁ ਕੀਆ] ਦੇਣਾ ਕੀਤਾ (ਫੇਰ) ਸੋਲਾਂ ਵੇਰੀ ਓਅੰ ਮੰਤ੍ਰ (ਉਚਾਰਨ ਕਰਕੇ) [ਨਾਦ] ਸੁਖਮਨਾ–ਨਾੜੀ (ਵਿਚ) ਸਵਾਸਾਂ ਨੂੰ ਪੂਰਨ ਕੀਤਾ ਠਹਿਰਾਇਆ ਅਤੇ ਸੋਲਾਂ ਹੀ ਵੇਰੀ ਚੰਦ੍ਰਮਾ ਦੀ ਸੁਰ—ਪਿੰਗਲਾ (ਦਵਾਰਾ) ਸਵਾਸਾਂ ਨੂੰ ਭੇਦਿਆ ਹੈ, ਅਰਥਾਤ ਇੜਾ ਦਵਾਰੇ ਕੁੰਭਕ ਸੁਖਮਨਾ ਵਿਚ ਪੂਰਕ

---

** ਖੋੜਸਾ ਪਦ ਨੂੰ ਤਿੰਨਾਂ ਨਾਲ ਅਧਿਆਹਾਰ ਕਰਨਾ ਚਾਹੀਦਾ ਹੈ, ਕਈ ਵਾਰੀ ਇਸ ਦੇ ਉਲਟ ਵੀ ਹੋਇਆ ਕਰਦਾ ਹੈ। ਇਹ ਹਠ ਯੋਗ ਦਾ ਤਰੀਕਾ ਹੈ, ਮੇਰੇ ਲਿਖੇ ਹੋਏ "ਗੁਰਮੁਖੀ ਸ਼ਬਦ ਸਾਗਰ" (ਪੰਜਾਬੀ ਮਹਾਨ ਕੋਸ਼) ਵਿਚੋਂ ਇਸ ਦਾ ਪੂਰਾ–ਪੂਰਾ ਬ੍ਰਿਤਾਂਤ ਪੜ੍ਹੋ, ਉਥੇ ਇਸ ਸਾਰੇ ਸ਼ਬਦ ਦੀ ਵਿਵਸਥਾ ਵੀ ਕਹੀ ਹੈ।*

Sri Satguru Jagjit Singh Ji eLibrary NamdhariElibrary@gmail.com

ਤੇ ਪਿੰਗਲਾ ਦਵਾਰੇ ਰੇਚਨ ਕੀਤਾ ਹੈ, ਇਸ ਤਰ੍ਹਾਂ ਨਾਲ—

**ਅਬਲ ਬਲੁ ਤੋੜਿਆ ਅਚਲ ਚਲੁ ਥਪਿਆ**
**ਅਘੜੁ ਘੜਿਆ ਤਹਾ ਅਪਿਉ ਪੀਆ ॥੧॥**

ਸਰੀਰ ਦੇ ਬਲ ਨੂੰ ਤੋੜ ਕੇ [ਅਬਲ] ਕਮਜ਼ੋਰ ਕੀਤਾ ਹੈ, (ਮਨ) ਚਲਣ ਵਲੋਂ ਰੋਕ ਕੇ ਅਚਲ ਕੀਤਾ ਹੈ, ਅਤੇ ਨਾ ਘੜੇ ਜਾਣ ਵਾਲੀ-ਸੁਰਤਿ ਮਤਿ, ਮਨ ਤੇ [1]ਬੁਧਿ ਨੂੰ ਘੜਿਆ ਹੈ, ਤਦ ਹੀ (ਯੋਗਾਨੰਦ ਰੂਪ) ਅੰਮ੍ਰਿਤ ਨੂੰ ਪੀਤਾ।

**ਮਨ ਆਦਿ ਗੁਣ ਆਦਿ ਵਖਾਣਿਆ ॥**
**ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥**

(ਜੋ) ਮਨ ਦਾ ਮੁਢ ਹੈ, ਅਤੇ ਗੁਣਾਂ ਦਾ ਮੁਢ ਹੈ (ਜਦ ਉਪਰਲੇ ਤ੍ਰੀਕੇ ਨਾਲ ਉਸ ਦਾ) ਕਥਨ ਕੀਤਾ ਹੈ, (ਤਦ ਤੋਂ ਹੀ) ਤੇਰੀ (ਮੇਰੀ ਮਨੌਤ ਵਾਲੀ) ਦੂਈ ਦੀ ਨਜ਼ਰ ਵਲੋਂ (ਮਨ) [ਸਮਾਨਿਆ] ਮਰ ਗਿਆ ਹੈ॥੧॥ ਰਹਾਉ॥

**ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ**
**ਸਲਲ ਕਉ ਸਲਲਿ ਸੰਮਾਨਿ ਆਇਆ ॥**

ਅਰਾਧਨ ਯੋਗ ਨੂੰ ਅਰਾਧਿਆ ਹੈ, ਸ਼ਰਧਾ ਕਰਨ ਯੋਗ (ਗੁਰੂ) ਉਤੇ ਸ਼ਰਧਾ ਕੀਤੀ ਹੈ, ਤਦੋਂ ਹੀ (ਜਿਵੇਂ) ਪਾਣੀ ਨੂੰ ਪਾਣੀ ਮਿਲ ਜਾਂਦਾ ਹੈ, (ਇਸ ਤਰ੍ਹਾਂ ਨਾਲ ਜੀਵ ਬ੍ਰਹਮ ਦਾ) ਸਮਾਨ ਭਾਵ ਨਾਲ (ਮੇਲ ਹੋ) ਆਇਆ ਹੈ।

**ਬਦਤਿ ਜੈਦੇਉ ਜੈਦੇਵ ਕਉ ਰੰਮਿਆ**
**ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥**

ਜੈ ਦੇਵ (ਭਗਤ ਜੀ) ਕਹਿੰਦੇ ਹਨ, (ਜਦੋਂ) ਜਿੱਤ ਦੇਣ ਵਾਲੇ (ਪ੍ਰਮਾਤਮਾ) ਨੂੰ (ਉਪਰੋਕਤ ਤਰੀਕੇ ਨਾਲ) ਸਿਮਰਿਆ, (ਤਾਂ) ਨਿਰਬਾਣ ਬ੍ਰਹਮ (ਵਿਚ) [ਲਿਵ ਲੀਣੁ] ਅਨੰਦ ਹੋ ਜਾਣਾ ਪਾ ਲਿਆ ॥੨॥੧॥

**ਕਬੀਰੁ ॥ ਮਾਰੂ ॥ ਰਾਮੁ ਸਿਮਰੁ ਪਛੁਤਾਹਿਗਾ ਮਨ ॥**
**ਪਾਪੀ ਜੀਅਰਾ ਲੋਭੁ ਕਰਤੁ ਹੈ ਆਜੁ ਕਾਲਿ ਉਠਿ ਜਾਹਿਗਾ ॥੧॥ ਰਹਾਉ ॥**

ਹੇ ਮਨ! ਰਾਮ ਨੂੰ ਚੇਤੇ ਕਰ, (ਨਹੀਂ ਤਾਂ ਮਗਰੋਂ) ਪਛਤਾਵੇਂਗਾ। ਹੇ ਪਾਪੀ ਬੰਦੇ! ਲੋਭ (ਕਿਉਂ) ਕਰਦਾ ਹੈਂ? ਅੱਜ ਜਾਂ ਕਲ੍ਹ ਹੀ ਉਠ ਕੇ ਚਲਾ ਜਾਏਂਗਾ ॥੧॥ ਰਹਾਉ ॥

**ਲਾਲਚ ਲਾਗੇ ਜਨਮੁ ਗਵਾਇਆ ਮਾਇਆ ਭਰਮ ਭੁਲਾਹਿਗਾ ॥**

(ਤੂੰ ਪਦਾਰਥਾਂ ਦੇ) ਲਾਲਚ ਵਿਚ ਲੱਗ ਕੇ ਜਨਮ ਨੂੰ ਗਵਾ ਲਿਆ ਹੈ, (ਇਸ) ਮਾਇਆ ਦੇ ਭਰਮ

---

੧. *"ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ" (ਜਪੁ)। "ਨਿਤਨੇਮ ਸਟੀਕ" ਵਿਚ ਵਿਸਥਾਰ ਵੇਖੋ।*

Sri Satguru Jagjit Singh Ji eLibrary NamdhariElibrary@gmail.com

ਵਿਚ ਭੁਲਾ ਹੋਇਆ ਹੈਂ।

**ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥੧॥**

ਧਨ ਤੇ ਜੁਆਨੀ ਦਾ ਹੰਕਾਰ ਨਾ ਕਰ, ਕਾਗਤ ਵਾਂਗੂੰ ਹੀ ਗਲ ਜਾਵੇਂਗਾ ॥੧॥

**ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ ॥**

ਜਦੋਂ ਜਮ ਨੇ ਆ ਕੇ, ਕੇਸਾਂ ਤੋਂ ਫੜ ਕੇ, (ਧਰਤੀ ਨਾਲ) ਪਟਕਾਇਆ, ਉਸ ਦਿਨ (ਤੇਰਾ) ਕੁਝ ਵਸ ਨਹੀਂ ਚਲੇਗਾ।

**ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ ॥੨॥**

(ਹੁਣ ਤੂੰ ਨਾ) ਭਜਨ ਸਿਮਰਨ ਅਤੇ ਨਾ ਹੀ (ਗਰੀਬਾਂ ਉਤੇ) ਦਇਆ ਕੀਤੀ ਹੈ, ਤਦੇ ਹੀ ਤਾਂ ਮੂੰਹ ਉਤੇ ਜਮਾਂ ਦੀਆਂ ਸੱਟਾਂ ਖਾਵੇਂਗਾ ॥੨॥

**ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥**

ਜਦੋਂ ਧਰਮਰਾਜ (ਤੇਰੇ ਕੋਲੋਂ) ਲੇਖਾ ਮੰਗੇਗਾ, ਤੂੰ (ਉਸ ਵੇਲੇ ਉਸ ਕੋਲ) ਕੀ ਮੂੰਹ ਲੈ ਕੇ ਜਾਵੇਂਗਾ ?

**ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥੩॥੧॥**

ਕਬੀਰ ਜੀ ਕਹਿੰਦੇ ਹਨ—ਹੇ ਭਲੇ ਪੁਰਸ਼ੋ! ਸੁਣੋ, ਸਾਧ ਸੰਗਤ ਕਰੋ, ਤਾਂ (ਸੰਸਾਰ ਸਮੁੰਦਰ ਤੋਂ) ਤਰ ਜਾਓਗੇ ॥੩॥੧॥

SIKHBOOKCLUB.COM

## ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ

*ੴ ਸਤਿਗੁਰ ਪ੍ਰਸਾਦਿ ॥*

**ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥**

**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥**

ਹੇ ਪਿਆਰੇ! ਤੈਥੋਂ ਬਿਨਾਂ ਅਜੇਹੀ (ਗੱਲ) ਕੌਣ ਕਰ ਸਕਦਾ ਹੈ ? ਹੇ ਸਵਾਮੀ! (ਤੂੰ ਐਸਾ) ਗਰੀਬਾਂ ਨੂੰ ਵਡਿਆਈ ਦੇਣ ਵਾਲਾ ਹੈਂ, (ਕਿ ਮੇਰੇ ਵਰਗੇ ਅਨਾਥਾਂ ਦੇ) ਸਿਰ ਉਤੇ ਛਤ੍ਰ ਝੁਲਾ ਦੇਂਦਾ ਹੈ ॥੧॥ ਰਹਾਉ ॥

**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥**

ਜਿਸ ਦੀ ਛੂਤ ਜਗਤ ਨੂੰ ਲਗਦੀ ਹੈ, ਉਸ (ਨੀਚ) ਉਤੇ ਤੂੰਹੀਂ [ਢਰੈ] ਦਿਆਲ ਹੁੰਦਾ ਹੈਂ।

**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥**

ਨੀਚਾਂ ਨੂੰ ਊਚ ਕਰ ਦੇਂਦਾ ਹੈ, ਮੇਰਾ ਗੋਬਿੰਦ ਕਿਸੇ ਤੋਂ ਭੀ ਡਰਦਾ ਨਹੀਂ ਹੈ ॥੧॥

**ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥**

ਨਾਮਦੇਵ ਜੀ, ਕਬੀਰ ਜੀ, ਤ੍ਰਿਲੋਚਨ ਜੀ, ਸਧਨਾ ਜੀ, ਸੈਨ ਜੀ, (ਇਹ ਸਾਰੇ ਉਸੇ ਦੀ ਕ੍ਰਿਪਾ ਨਾਲ) ਤਰੇ ਹਨ।

**ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥੨॥੧॥**

ਰਵਿਦਾਸ ਜੀ ਕਹਿੰਦੇ ਹਨ, ਹੇ ਸੰਤੋ! ਸੁਣੋ, ਹਰੀ ਜੀਉ (ਜੋ ਚਾਹੇ ਸੋ ਕਰੇ ਕਿਉਂਕਿ) ਉਸ ਤੋਂ ਸਭ ਕੁਝ ਹੋ ਸਕਦਾ ਹੈ ॥੨॥੧॥

**ਮਾਰੂ ॥ ਸੁਖ ਸਾਗਰ ਸਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ ॥ ਚਾਰਿ ਪਦਾਰਥ ਅਸਟ ਮਹਾ ਸਿਧਿ ਨਵ ਨਿਧਿ ਕਰ ਤਲ ਤਾ ਕੈ ॥੧॥ ਹਰਿ ਹਰਿ ਹਰਿ ਨ ਜਪਸਿ ਰਸਨਾ ॥ ਅਵਰ ਸਭ ਛਾਡਿ ਬਚਨ ਰਚਨਾ ॥੧॥ ਰਹਾਉ ॥ ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ ॥ ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥੨॥ ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ ॥ ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ ॥੩॥੨॥੧੫॥**

ਨੋਟ—ਇਹ ਸ਼ਬਦ ਅਗੇ ਰਾਗ ਸੋਰਠ ਵਿਚ ਆ ਚੁਕਾ ਹੈ, ਅਰਥ ਉਥੇ ਵੇਖੋ। ਉਥੇ 'ਅਸਟ ਦਸਾ ਸਿਧਿ' ਅਤੇ ਇਥੇ 'ਅਸਟ ਮਹਾ ਸਿਧਿ'। ਉਥੇ 'ਪ੍ਰਗਾਸੁ ਰਿਦੈ ਧਰਿ' ਅਤੇ ਇਥੇ 'ਉਦਾਸ ਦਾਸ ਮਤਿ' ਪਾਠ ਹੈ, ਇਨ੍ਹਾਂ ਦੋਹਾਂ ਪਦਾਂ ਦਾ ਅਰਥ ਇਉਂ ਹੈ ਅਠਾਰਾਂ ਸਿਧੀਆਂ ਵਿਚੋਂ ਦਸ ਉੱਤਮ ਸਿਧੀਆਂ ਹਨ।

(੨) ਦਾਸ ਰਵਿਦਾਸ ਦੀ ਮਤਿ ਉਦਾਸ ਹੋ ਗਈ ਹੈ।

SIKHBOOKCLUB.COM

## ਰਾਗੁ ਕੇਦਾਰਾ (ਅੰਗ ੧੧੨੩-੨੪)

### ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

*ੴ ਸਤਿਗੁਰ ਪ੍ਰਸਾਦਿ ॥*

**ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥**

ਉਸਤਿਤ ਨਿੰਦਾ ਦੋਹਾਂ ਵਲੋਂ ਜਿਸਨੇ ਮਨ ਨੂੰ ਰੋਕਿਆ ਹੈ, ਅਤੇ ਆਦਰ ਨਿਰਾਦਰੀ (ਦਾ ਖਿਆਲ ਭੀ) ਤਿਆਗ ਦਿੱਤਾ ਹੈ।

**ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥**

ਲੋਹੇ ਤੇ ਸੋਨੇ ਨੂੰ ਇਕੋ ਜੇਹਾ ਕਰਕੇ ਜਾਣਦਾ ਹੈ ਉਹ ਭਗਵਾਨ ਦਾ ਰੂਪ ਹੀ ਹੈ ॥੧॥

**ਤੇਰਾ ਜਨੁ ਏਕੁ ਆਧੁ ਕੋਈ ॥**

**ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥**

ਕੋਈ ਇਕ ਅੱਧਾ ਹੀ ਇਸ ਤਰ੍ਹਾਂ ਦਾ ਤੇਰਾ ਦਾਸ ਹੈ। ਕਾਮ, ਕ੍ਰੋਧ, ਲੋਭ, ਮੋਹ (ਦੇ ਖਿਆਲਾਂ ਨੂੰ ਜਿਸ ਨੇ) ਰੋਕਿਆ ਹੈ, ਓਹੀ ਹਰਿ ਪਦ ਨੂੰ ਪਛਾਣੇਗਾ ॥੧॥ ਰਹਾਉ ॥

**ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥**

(ਜੋ) ਰਜ ਗੁਣ, ਤਮ ਗੁਣ ਤੇ ਸਤ ਗੁਣ (ਰੂਪ) ਕਹੀ ਜਾਂਦੀ ਹੈ, ਏਹ ਸਭ ਤੇਰੀ ਹੀ ਮਾਇਆ ਹੈ!

**ਚਉਥੇ ਪਦ ਕਉ ਜੋ ਨਰੁ ਚੀਨੑੈ ਤਿਨੑ ਹੀ ਪਰਮ ਪਦੁ ਪਾਇਆ ॥੨॥**

ਜੋ ਪੁਰਸ਼ [ਚਉਥੇ ਪਦ] ਤੁਰੀਆ ਪਦ ਨੂੰ ਜਾਣਦਾ ਹੈ, ਉਸੇ ਨੇ ਪਵਿਤ੍ਰ ਪਦ ਪਾਇਆ ਹੈ ॥੨॥

**ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥**

(ਅਤੇ ਉਹ) ਤੀਰਥ, ਵਰਤ, ਨੇਮ ਤੇ ਪਵਿਤ੍ਰਤਾ ਆਦਿਕ ਸਾਧਨਾਂ ਵਲੋਂ ਸਦਾ ਹੀ ਅਚਾਹ ਰਹਿੰਦਾ ਹੈ।

**ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥**

ਵਿਆਪਕ ਰਾਮ ਨੂੰ ਚੇਤੇ ਕਰਦਿਆਂ ਹੀ ਤ੍ਰਿਸ਼ਨਾ ਤੇ ਮਾਇਆ ਦਾ ਭਰਮ ਮਿਟ ਗਿਆ ਹੈ ॥੩॥

**ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥**

ਜਿਸ (ਸਰੀਰ ਰੂਪ) ਮਕਾਨ (ਵਿਚ ਗਿਆਨ ਰੂਪ) ਦੀਵਾ ਬਲਿਆ ਹੈ ਉਥੋਂ (ਅਗਿਆਨ ਰੂਪ) ਹਨੇਰਾ ਮਿਟ ਗਿਆ ਹੈ।

**ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥**

ਕਬੀਰ ਜੀ ਆਖਦੇ ਹਨ, ਦਾਸ ਜਨਾਂ ਦਾ ਭਰਮ ਮਿਟ ਗਿਆ ਹੈ ਅਤੇ ਨਿਰਭਉ ਪਦ ਪਹੁੰਚ ਰਹੇ ਹਨ ॥੪॥੧॥

**ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥**

ਕਿਸੇ ਨੇ ਕੈਂਹ ਤੇ ਤਾਂਬਾ ਖ੍ਰੀਦਿਆ ਹੈ, ਕਿਸੇ ਨੇ ਲੌਂਗ ਤੇ ਸੁਪਾਰੀਆਂ (ਖ੍ਰੀਦੀਆਂ ਹਨ)।

**ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ ॥੧॥**

ਸੰਤਾਂ ਨੇ ਗੋਬਿੰਦ ਦਾ ਨਾਮ ਮੁਲ ਲਿਆ ਹੈ, ਸਾਡਾ [ਖੇਪ] ਵਣਜ ਹੀ ਏਹੋ ਹੈ ॥੧॥

**ਹਰਿ ਕੇ ਨਾਮ ਕੇ ਬਿਆਪਾਰੀ ॥**

**ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥੧॥ ਰਹਾਉ ॥**

(ਅਸੀਂ) ਹਰੀ ਦੇ ਨਾਮ ਦੇ ਵਣਜਾਰੇ ਹਾਂ। (ਹਰਿਨਾਮ ਰੂਪ) ਅਮੋਲਕ ਹੀਰਾ ਹੱਥ ਲਗਾ ਹੈ, (ਜਿਸ ਕਰਕੇ) ਦੁਨਿਆਵੀ (ਕਾਰ ਸਾਰੀ) ਛੁਟ ਗਈ ਹੈ ॥੧॥ ਰਹਾਉ ॥

**ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ ॥**

ਸੱਚੇ (ਗੁਰੂ ਨੇ ਸਾਨੂੰ) ਲਾਇਆ ਤਾਂ (ਅਸੀਂ) ਸੱਚੇ (ਨਾਮ ਜਪਣ ਵਿਚ) ਲਗੇ (ਹੋਏ) ਸੱਚ ਦਾ (ਹੀ) ਵਿਹਾਰ ਕਰਦੇ ਹਾਂ।

**ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ ॥੨॥**

Sri Satguru Jagjit Singh Ji eLibrary NamdhariElibrary@gmail.com

ਸੱਚੀ (ਨਾਮ) ਵਸਤੂ ਦੇ ਭਾਰ ਬੰਨ੍ਹ ਕੇ ਤੋਰੇ ਹਨ ਤੇ ਖਜ਼ਾਨੇ ਵਿਚ ਜਾ ਪੁਜੇ ਹਾਂ ॥੨॥

**ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ ॥**

ਆਪੇ ਰਤਨ ਜਵਾਹਰ ਤੇ ਮਾਣਕ ਹੈ ਅਤੇ ਆਪੇ (ਹੀ ਇਨ੍ਹਾਂ ਦੇ) ਵੇਚਣ ਵਾਲਾ ਹੈ ।

**ਆਪੈ ਦਹ ਦਿਸ ਆਪ ਚਲਾਵੈ ਨਿਹਚਲੁ ਹੈ ਬਿਆਪਾਰੀ ॥੩॥**

ਆਪੇ [ਬਿਆਪਾਰੀ] ਜੀਵਾਂ ਨੂੰ ਦਸਾਂ ਦਿਸਾਂ ਵਿਚ ਭੇਜਦਾ ਹੈ, ਅਤੇ ਆਪ ਇਕੋ ਜਗਾ ਤੇ ਸਥਿਰ ਹੈ ॥੩॥

**ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ ॥**

ਮਨ ਨੂੰ ਬਲਦ ਬਣਾਇਆ ਹੈ, ਗਿਆਨ ਦੀ ਗੂਨੀ (ਉਨਾਂ ਰਤਨਾਂ ਨਾਲ) ਭਰਕੇ (ਇਉਂ ਉਤੇ) ਲੱਦ ਲਈ ਹੈ, ਅਤੇ ਸੁਰਤ ਦੇ ਪੈਂਡੇ ਵਿਚ ਤੁਰ ਪਏ ਹਾਂ ।

**ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ ॥੪॥੨॥**

ਕੱਬੀਰ ਜੀ ਆਖਦੇ ਹਨ, ਹੇ ਸੰਤੋ ! ਸੁਣੋ, (ਇਉਂ) ਸਾਡੀ ਸੁਦਾਗਰੀ ਪੂਰੀ ਹੋ ਗਈ ਹੈ ॥੪॥੨॥

**ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ ॥**

ਹੇ ਮੂਰਖ ਬੁਧੀ ਵਾਲੀ ਮੂਰਖ ਕਲਾਲਣ (ਮਤਵਾਲੀ ਜੀਵ ਇਸਤ੍ਰੀ) ਸਵਾਸਾਂ ਨੂੰ ਉਲਟਾ ਮੋੜ ।

**ਮਨੁ ਮਤਵਾਰ ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ ॥੧॥**

ਅਤੇ [ਮੇਰ ਸਰ] ਦਸਮ ਦਵਾਰ ਭੱਠੀ ਵਿਚੋਂ ਮਨ ਨੂੰ ਮਸਤ ਕਰਨ ਵਾਲੀ ਅੰਮ੍ਰਿਤ ਦੀ ਧਾਰਾ ਚੁਆ ਲੈ ॥੧॥

**ਬੋਲਹੁ ਭਈਆ ਰਾਮ ਕੀ ਦੁਹਾਈ ॥**

**ਪੀਵਹੁ ਸੰਤ ਸਦਾ ਮਤਿ ਦੁਰਲਭ ਸਹਜੇ ਪਿਆਸ ਬੁਝਾਈ ॥੧॥ ਰਹਾਉ ॥**

ਹੇ ਭਾਈ ! ਰਾਮ ਦੀ ਦੁਹਾਈ ਫੇਰੋ । ਸਦਾ ਸਦਾ ਹੀ (ਇਹ) ਦੁਰਲਭ (ਮਤਿ=ਮਦ) ਸ਼ਰਾਬ ਪੀਵੋ, (ਤਦ ਤੁਹਾਡੀ) ਸਹਜੇ (ਹੀ ਤ੍ਰਿਸ਼ਨਾ ਰੂਪ) ਪਿਆਸ ਬੁਝ ਜਾਵੇਗੀ ॥੧॥ ਰਹਾਉ ॥

**ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ ॥**

ਡਰ ਵਿਚ ਹੀ ਪ੍ਰੇਮ ਹੈ, ਜੇਹੜਾ ਕੋਈ ਉਸ ਪ੍ਰੇਮ ਨੂੰ ਜਾਣਦਾ ਹੈ, ਹੇ ਭਾਈ ! (ਓਹੀ) ਹਰਿ ਰਸ ਨੂੰ ਪਾਂਦਾ ਹੈ ।

**ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ ॥੨॥**

ਜਿੰਨੇ ਸਰੀਰ (ਹਨ) ਸਾਰਿਆਂ ਵਿਚ ਅੰਮ੍ਰਿਤ ਹੈ, ਪਰ ਜਿਸ ਨੂੰ ਚਾਹੁੰਦਾ ਹੈ, ਹੇ ਭਾਈ ! (ਓਹੀ) ਹਰਿ ਰਸ ਨੂੰ ਪਿਆਂਦਾ ਹੈ ॥੨॥

**ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥**

(ਸਰੀਰ ਰੂਪ) ਇਕ ਪਿੰਡ ਦੇ (ਗੋਲਕਾਂ ਰੂਪ) ਨੌਂ ਦਰਵਾਜ਼ੇ ਹਨ, (ਇਨ੍ਹਾਂ ਵਿਚ) ਜਾਂਦੇ (ਮਨ ਨੂੰ) ਰੋਕ ਰਖੋ।

**ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੈ ਤਾ ਮਨੁ ਖੀਵਾ ਭਾਈ ॥੩॥**

ਹੇ ਭਾਈ! (ਗਿਆਤਾ, ਗਿਆਨ ਗੇਯ, ਧਿਆਤਾ, ਧਿਆਨ ਧੇਯ, ਪ੍ਰਮਾਤਮਾ, ਪ੍ਰਮਾਣ ਪ੍ਰਮੇਯ) ਏਹ ਤਿੰਨੇ (ਮਨੌਤਾਂ) ਮਿਟ ਜਾਣ, ਤਾਂ ਦਸਵਾਂ ਦਰਵਾਜ਼ਾ ਖੁਲ੍ਹੇਗਾ ਤੇ ਮਨ (ਖੀਵਾ) ਮਸਤ ਹੋ ਜਾਵੇਗਾ ॥੩॥

**ਅਭੈ ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ ॥**

ਕਬੀਰ ਜੀ ਵਿਚਾਰ ਪ੍ਰਗਟ ਕਰਦੇ ਹਨ, (ਤਦ) ਦੁਖ ਨਾਸ ਹੋ ਜਾਣਗੇ ਤੇ ਨਿਰਭੈ ਪਦ ਵਿਚ ਪਹੁੰਚ ਹੋ ਜਾਵੇਗੀ।

**ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ ॥੪॥੩॥**

(ਸੰਸਾਰ ਤੋਂ) ਉਲਟ ਚਲਣ ਵਾਲੇ ਨੇ ਇਹ ਮਦ ਪਾਇਆ ਹੈ, (ਇਸ ਦੀ ਮਸਤੀ) ਅਜੇਹੀ ਹੈ ਜੇਹੀ ਖੋਦੇ (ਵਿਚ ਪਏ ਪਸ਼ੂ ਨੂੰ) ਖੁਮਾਰੀ (ਚੜ੍ਹ ਜਾਂਦੀ ਹੈ) ॥੪॥੩॥

**ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ ਗਤਿ ਨਹੀ ਏਕੈ ਜਾਨੀ ॥**

ਕਾਮ ਕ੍ਰੋਧ ਤੇ ਤ੍ਰਿਸ਼ਨਾ ਵਿਚ ਫਸਿਆਂ ਨੇ ਇਕ (ਨੂੰ ਮਿਲਣ ਦੀ) [ਗਤਿ] ਜੁਗਤੀ ਹੀ ਨਹੀਂ ਜਾਣੀ।

**ਫੂਟੀ ਆਖੈ ਕਛੂ ਨ ਸੂਝੈ ਬੂਡਿ ਮੂਏ ਬਿਨੁ ਪਾਨੀ ॥੧॥**

ਅੱਖਾਂ ਤੋਂ ਅੰਨ੍ਹੇ ਨੂੰ ਕੁਝ ਦਿਸਦਾ ਨਹੀਂ, ਪਾਣੀ ਤੋਂ ਬਿਨਾਂ ਹੀ ਡੁਬ ਮੋਇਆ ਹੈ ॥੧॥

**ਚਲਤ ਕਤ ਟੇਢੇ ਟੇਢੇ ਟੇਢੇ ॥**

**ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ ॥੧॥ ਰਹਾਉ ॥**

(ਹੇ ਭਾਈ!) ਟੇਢਾ (ਹੋ ਕੇ ਤੂੰ) ਕਿਉਂ ਟੇਢਾ ਟੇਢਾ ਤੁਰਦਾ ਹੈਂ? ਤੇਰਾ ਸਰੀਰ ਤਾਂ ਹੱਡੀਆਂ, ਚੰਮ ਤੇ ਗੰਦਗੀ ਦਾ ਭਰਿਆ ਹੈ, ਅਤੇ ਇਸਦੇ [ਬੇਢੇ] ਚੁਫੇਰੇ ਬਦਬੂ (ਦਾ ਹੀ ਵਾਸਾ ਹੈ) ॥੧॥ ਰਹਾਉ ॥

**ਰਾਮ ਨ ਜਪਹੁ ਕਵਨ ਭ੍ਰਮ ਭੂਲੇ ਤੁਮ ਤੇ ਕਾਲੁ ਨ ਦੂਰੇ ॥**

ਰਾਮ (ਨਾਮ) ਨਹੀਂ ਜਪਦਾ ਕੇਹੜੇ ਭਰਮ ਵਿਚ ਭੁਲਾ ਹੈਂ? ਤੈਥੋਂ ਮੌਤ (ਕੋਈ) ਦੂਰ ਨਹੀਂ ਹੈ।

**ਅਨਿਕ ਜਤਨ ਕਰਿ ਇਹੁ ਤਨੁ ਰਾਖਹੁ ਰਹੈ ਅਵਸਥਾ ਪੂਰੇ ॥੨॥**

(ਭਾਵੇਂ) ਅਨੇਕਾਂ ਯਤਨਾਂ ਨਾਲ ਇਸ ਸਰੀਰ ਨੂੰ ਰਖੋ, (ਇਹ ਤਾਂ) ਉਮਰਾ (ਦੇ ਹੀ) ਪੂਰੇ (ਦਿਨਾਂ ਤਕ) ਰਹੇਗਾ ॥੨॥

**ਆਪਨ ਕੀਆ ਕਛੂ ਨ ਹੋਵੈ ਕਿਆ ਕੋ ਕਰੈ ਪਰਾਨੀ ॥**

(ਜਦ) ਆਪਣਾ ਕੀਤਾ ਕੁਝ ਹੁੰਦਾ ਹੀ ਨਹੀਂ, (ਤਾਂ) ਕੋਈ ਬੰਦਾ ਕੀ ਕਰ ਸਕਦਾ ਹੈ?

**ਜਾ ਤਿਸੁ ਭਾਵੈ ਸਤਿਗੁਰੁ ਭੇਟੈ ਏਕੋ ਨਾਮੁ ਬਖਾਨੀ ॥੩॥**

ਜਦ ਉਸ ਨੂੰ ਮਨਜ਼ੂਰ ਹੋਵੇ (ਤਾਂ ਜੀਵ) ਸਤਿਗੁਰ ਨੂੰ ਮਿਲ ਕੇ ਇਕ ਦਾ ਨਾਮ ਜਪੇਗਾ ॥੩॥

**ਬਲੂਆ ਕੇ ਘਰੂਆ ਮਹਿ ਬਸਤੇ ਫੁਲਵਤ ਦੇਹ ਅਇਆਨੇ ॥**

ਹੇ ਇਆਨੇ ! ਰੇਤ ਦੇ ਘਰ ਵਿਚ ਵੱਸਨ (ਵਾਂਗੂੰ ਏਹ) ਦੇਹ (ਹੈ, ਇਸ ਨੂੰ ਪਾ ਕੇ ਕਿਉਂ) ਫੁਲਦਾ ਹੈਂ ?

**ਕਹੁ ਕਬੀਰ ਜਿਹ ਰਾਮੁ ਨ ਚੇਤਿਓ ਬੂਡੇ ਬਹੁਤੁ ਸਿਆਨੇ ॥੪॥੪॥**

ਕਬੀਰ ਜੀ ਆਖਦੇ ਹਨ, ਜਿਨ੍ਹਾਂ ਨੇ ਰਾਮ ਨੂੰ ਯਾਦ ਨਹੀਂ ਕੀਤਾ, ਉਹ ਵੱਡੇ-ਵੱਡੇ ਸਿਆਣੇ ਭੀ ਡੁੱਬ ਗਏ ਹਨ ॥੪॥੪॥

**ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥**

ਵਿੰਗੀ ਪੱਗ (ਬੰਨ੍ਹੀ ਹੈ) ਵਿੰਗੇ ਟੁਰਦੇ, (ਤੇ ਪਾਨਾਂ ਦੇ) ਬੀੜੇ ਖਾਣ (ਵਿਚ ਲਗੇ ਹੋਏ (ਆਖਦੇ ਹਨ)।

**ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ ॥੧॥**

ਪ੍ਰੇਮਾ ਭਗਤੀ ਨਾਲ (ਮੇਰਾ) ਕੁਝ ਕੰਮ ਨਹੀਂ ਹੈ, ਮੇਰਾ ਕੰਮ (ਕਚੈਹਰੀ ਕਰਨਾ ਹੈ, ਕਿਉਂਕਿ ਮੈਂ) ਦੀਵਾਨ ਹਾਂ ॥੧॥

**ਰਾਮੁ ਬਿਸਾਰਿਓ ਹੈ ਅਭਿਮਾਨਿ ॥**

**ਕਨਿਕ ਕਾਮਨੀ ਮਹਾ ਸੁੰਦਰੀ ਪੇਖਿ ਪੇਖਿ ਸਚੁ ਮਾਨਿ ॥੧॥ ਰਹਾਉ ॥**

ਹੇ ਅਭਿਮਾਨੀ ! (ਤੂੰ) ਰਾਮ ਨੂੰ ਭੁਲਾ ਦਿਤਾ ਹੈ। ਸੋਨਾ (ਮਾਇਆ) ਤੇ ਵੱਡੀਆਂ ਸੋਹਣੀਆਂ ਇਸਤ੍ਰੀਆਂ ਨੂੰ ਵੇਖ-ਵੇਖ (ਇਨ੍ਹਾਂ ਨੂੰ ਹੀ) ਸੱਚ ਮੰਨ ਰਿਹਾ ਹੈਂ ॥੧॥ ਰਹਾਉ ॥

**ਲਾਲਚ ਝੂਠ ਬਿਕਾਰ ਮਹਾ ਮਦ ਇਹ ਬਿਧਿ ਅਉਧ ਬਿਹਾਨਿ ॥**

ਲਾਲਚ ਦੇ (ਵਿਚ ਫਸਕੇ) ਝੂਠ, ਵਿਕਾਰ ਤੇ ਹੰਕਾਰ (ਵਿਚ ਲੱਗ ਰਿਹਾ ਹੈਂ) ਅਤੇ ਇਸੇ ਤਰ੍ਹਾਂ ਹੀ ਉਮਰ ਬੀਤ ਗਈ।

**ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨਿ ॥੨॥੫॥**

ਕਬੀਰ ਜੀ ਕਹਿੰਦੇ ਹਨ, (ਜਦੋਂ) ਅੰਤ ਦਾ ਵੇਲਾ ਆਇਆ, (ਉਸ ਵੇਲੇ) [ਨਿਦਾਨਿ= ਨਿਦਾਨੀ] ਅੰਤ ਕਰਨ ਵਾਲਾ [ਕਾਲੁ] ਆਣ ਲਗੇਗਾ ॥੨॥੫॥

**ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ ॥**

(ਹਰ ਕੋਈ) ਆਪਣੀ ਨੌਬਤ ਚਾਰ ਦਿਨ ਵਜਾ ਕੇ ਤੁਰਿਆ ਜਾਂਦਾ ਹੈ।

**ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੁ ਲੈ ਜਾਇ ॥੧॥ ਰਹਾਉ ॥**

(ਬੰਦੇ ਨੇ) ਇਹੀ ਕੁਝ ਖਟਿਆ ਸੀ, (ਜਿਸ ਵਿਚੋਂ) ਏਨਾ ਕੁ ਗੰਢ ਵਿਚ (ਪੱਲੇ) ਹੈ ਏਨਾ ਕੁ ਮਿੱਟੀ ਵਿਚ (ਦਬ ਛਡਿਆ ਹੈ) ਨਾਲ ਤਾਂ ਕੁਝ ਭੀ ਲੈ ਕੇ ਨਹੀਂ ਜਾਂਦਾ ॥੧॥ ਰਹਾਉ ॥

**ਦਿਹਰੀ ਬੈਠੀ ਮਿਹਰੀ ਰੋਵੈ ਦੁਆਰੈ ਲਉ ਸੰਗਿ ਮਾਇ ॥**

(ਅੰਦਰਲੀ) ਦਲੀਜ ਉਤੇ [ਮਿਹਰੀ] ਇਸਤ੍ਰੀ ਰੋਂਦੀ ਹੈ, ਅਤੇ ਬਾਹਰ ਦੇ ਦਰਵਾਜ਼ੇ ਤਕ ਮਾਂ ਨਾਲ (ਤੁਰਦੀ ਹੈ)।

**ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ ॥੧॥**

ਮਸਾਣ ਘਾਟ ਤਕ ਸਾਰੇ ਲੋਕ ਤੇ ਸਬੰਧੀ ਕਠੇ ਹੋ ਕੇ ਜਾਂਦੇ ਹਨ, (ਅੱਗੇ ਜਮਾਂ ਨਾਲ) [ਹੰਸੁ] ਜੀਵ ਇਕੱਲਾ ਹੀ ਜਾਂਦਾ ਹੈ ॥੧॥

**ਵੈ ਸੁਤ ਵੈ ਬਿਤ ਵੈ ਪੁਰ ਪਾਟਨ ਬਹੁਰਿ ਨ ਦੇਖੈ ਆਇ ॥**

(ਜੋ ਫਿਰ) ਉਨਾਂ ਪੁਤ੍ਰਾਂ ਨੂੰ, ਉਸ ਧਨ ਨੂੰ, ਉਸ ਪਿੰਡ (ਅਤੇ) ਸ਼ਹਿਰ ਨੂੰ ਮੁੜਕੇ (ਕਦੇ ਭੀ) ਆਣ ਕੇ ਨਹੀਂ ਵੇਖਦਾ।

**ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ ਜਨਮੁ ਅਕਾਰਥੁ ਜਾਇ ॥੨॥੬॥**

ਕਬੀਰ ਜੀ ਕਹਿੰਦੇ ਹਨ, ਰਾਮ ਨੂੰ ਕਿਉਂ ਨਹੀਂ ਸਿਮਰਦੇ ? (ਸਿਮਰਨ ਤੋਂ ਬਿਨਾਂ ਮਨੁਖਾ) ਜਨਮ ਬਿਅਰਥ ਹੀ ਜਾ ਰਿਹਾ ਹੈ ॥੨॥੬॥

## ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ

*ੴ ਸਤਿਗੁਰ ਪ੍ਰਸਾਦਿ ॥*

**ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥**

(ਜੋ ਪੁਰਸ਼ ਉੱਚੀ ਬ੍ਰਾਹਮਣ) ਕੁਲ ਦਾ ਛੇ ਕਰਮਾਂ (ਵੇਦ ਪੜ੍ਹਨਾ ਤੇ ਪੜ੍ਹਾਣਾ, ਯੱਗ ਕਰਨ ਤੇ ਕਰਾਣਾ, ਦਾਨ ਦੇਣਾ ਤੇ ਲੈਣਾ) ਦੇ ਸੰਜੁਗਤ ਹੈ, (ਪਰ ਜੇ ਉਸ ਦੇ) ਹਿਰਦੇ ਵਿਚ ਹਰੀ ਦੀ ਭਗਤੀ ਨਹੀਂ ਹੈ।

**ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥੧॥**

(ਅਤੇ) ਨਾ ਹੀ ਉਸ ਪ੍ਰਮਾਤਮਾ ਦੇ [ਚਰਨਾਰਬਿੰਦ] ਚਰਨ ਕਮਲਾਂ (ਦੇ ਪਿਆਰ ਵਾਲੀ) ਕਥਾ ਭਾਉਂਦੀ ਹੈ, (ਤਾਂ) [ਸੁ] ਉਸ ਨੂੰ [ਸਪੁਚ]* ਚੰਡਾਲ ਦੇ [ਤੁਲਿ] ਬਰਾਬਰ [ਮਾਨਿ] ਮੰਨਣਾ ਚਾਹੀਦਾ ਹੈ ॥੧॥

**ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥**

ਹੇ [ਅਚੇਤ] ਬੇਸਮਝ ਚਿੱਤ ਵਿਚ ਚੇਤਨ ਨੂੰ ਚੇਤੇ ਕਰ ਬਾਲਮੀਕ ਵੱਲੇ ਕਿਉਂ ਨਹੀਂ ਵੇਖਦਾ ?

**ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥੧॥ ਰਹਾਉ ॥**

(ਉਹ) ਕਿਸ ਜਾਤਿ ਤੋਂ ਕੇਹੜੇ ਪਦ ਤੇ [ਅਮਰਿਓ] ਪਹੁੰਚ ਗਿਆ ਹੈ, (ਇਹ ਸਭ) ਰਾਮ ਦੀ ਭਗਤੀ ਦਾ [ਬਿਸੇਖ] ਵਾਧਾ ਹੈ ॥੧॥ ਰਹਾਉ ॥

**ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥**

---

* *(ਨੀਚ ਮਨੁੱਖ) ਭੁੱਖਾ ਮਰਦਾ ਵੀ ਸਹਿਆ ਨਹੀਂ ਖਾਂਦਾ, ਸਹਿਆ ਖਾਣ ਵਾਲਾ 'ਚੰਡਾਲ' ਕਹਾਉਂਦਾ ਹੈ। ਚੰਡਾਲ ਭੁੱਖਾ ਭਾਵੇਂ ਮਰ ਜਾਵੇ, ਪਰ ਕੁੱਤਾ ਨਹੀਂ ਖਾਂਦਾ, ਕੁੱਤੇ ਦਾ ਮਾਸ ਖਾਣ ਵਾਲਾ 'ਸੁਪਚ' ਜਾਂ ਮਹਾਂ ਚੰਡਾਲ ਕਹਾਉਂਦਾ ਹੈ, ਸਿਮ੍ਰਤੀਆਂ ਵਿਚ ਬ੍ਰਾਹਮਣੀ ਇਸਤਰੀ ਦੇ ਪੇਟੋਂ, ਚੰਡਾਲ ਪੁਰਸ਼ ਤੋਂ ਸੁਪਚ ਦੀ ਉਤਪਤੀ ਲਿਖੀ ਹੈ।*

(ਬਾਲਮੀਕ) ਕੁੱਤਿਆਂ ਦਾ ਵੈਰੀ (ਸਾਂਹਸੀ) ਸੀ, ਜੋ ਸਭ ਤੋਂ [ਅਜਾਤੁ] ਨੀਵੀਂ ਜਾਤ ਹੈ, (ਉਸ ਨੂੰ) ਕ੍ਰਿਸ਼ਨ [ਹੇਤੁ] ਪਿਆਰ ਨਾਲ ਗਲ ਲਾਉਂਦਾ ਸੀ।

**ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥੨॥**

(ਕਿਸੇ) ਬੰਦੇ ਵਿਚਾਰੇ ਕੀ ਸੋਭਾ ਕਰਨੀ ਹੈ, ਤਿੰਨਾਂ ਲੋਕਾਂ (ਵਿਚ ਉਸਦਾ ਜਸ) ਫੈਲਿਆ ਹੋਇਆ ਹੈ ॥੨॥

**ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥**

ਅਜਾਮਲ* (ਪਾਪੀ) ਪਿੰਗੁਲਾ* (ਨਾਮ ਵਾਲੀ ਕੰਜਰੀ) [ਲੁਭਤੁ]* ਸ਼ਿਕਾਰੀ ਤੇ ਹਾਥੀ (ਏਹ ਸਾਰੇ ਰਾਮ ਦੀ ਭਗਤੀ ਕਰਕੇ) ਹਰੀ ਦੇ ਕੋਲ (ਪਹੁੰਚ) ਗਏ ਹਨ।

**ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥੩॥੧॥**

(ਜਦ ਕਿ) ਇਸ ਤਰ੍ਹਾਂ ਦੇ ਖੋਟੀ ਬੁਧੀ ਵਾਲੇ ਜੀਵ (ਰਾਮ ਦੀ ਭਗਤੀ) ਕਰ ਕੇ (ਸੰਸਾਰ ਸਮੁੰਦਰ) ਤੋਂ ਤਰ ਗਏ ਹਨ, (ਤਾਂ ਤੇ ਹੇ) ਰਵਿਦਾਸ! ਤੂੰ ਕਿਉਂ ਨ ਤਰੇਂਗਾ ? (ਭਾਵ ਰਾਮ ਦੀ ਭਗਤੀ ਕਰ, ਤੂੰ ਜ਼ਰੂਰ ਹੀ ਤਰ ਜਾਏਂਗਾ) ॥੩॥੧॥

## ਰਾਗੁ ਭੈਰਉ (ਅੰਗ ੧੧੫੭-੬੭)

**ਭੈਰਉ ਬਾਣੀ ਭਗਤਾ ਕੀ ॥ ਕਬੀਰ ਜੀਉ ਘਰੁ ੧**

*ੴ ਸਤਿਗੁਰ ਪ੍ਰਸਾਦਿ ॥*

**ਇਹੁ ਧਨੁ ਮੇਰੇ ਹਰਿ ਕੋ ਨਾਉ ॥ ਗਾਂਠਿ ਨ ਬਾਧਉ ਬੇਚਿ ਨ ਖਾਉ ॥੧॥ ਰਹਾਉ ॥**

ਮੇਰੇ (ਕੋਲ ਤਾਂ) ਇਹੋ ਹਰੀ ਦਾ ਨਾਮ (ਹੀ) ਧਨ ਹੈ, (ਜੋ ਮੈਂ) ਪੱਲੇ ਨਹੀਂ ਬੰਨ੍ਹਦਾ (ਕਿਉਂਕਿ ਇਹ ਧਨ) ਵੇਚਿਆ ਖਾਧਾ ਨਹੀਂ ਜਾਂਦਾ, ਅਰਥਾਤ (ਦਿਤਿਆਂ ਮੁਕਦਾ ਨਹੀਂ ਹੈ) ॥੧॥ ਰਹਾਉ ॥

**ਨਾਉ ਮੇਰੇ ਖੇਤੀ ਨਾਉ ਮੇਰੇ ਬਾਰੀ ॥ ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ ॥੧॥**

ਨਾਮ ਹੀ ਮੇਰੀ ਖੇਤੀ ਹੈ, ਨਾਮ ਹੀ ਮੇਰੀ ਵਾੜੀ (ਬਗੀਚਾ) ਹੈ। (ਮੈਂ) ਦਾਸ (ਤਾਂ) ਤੇਰੇ ਚਰਨਾਂ ਦੀ ਸੇਵਾ ਕਰਦਾ ਹਾਂ ॥੧॥

**ਨਾਉ ਮੇਰੇ ਮਾਇਆ ਨਾਉ ਮੇਰੇ ਪੂੰਜੀ ॥ ਤੁਮਹਿ ਛੋਡਿ ਜਾਨਉ ਨਹੀ ਦੂਜੀ ॥੨॥**

ਮੇਰੀ ਦੌਲਤ ਭੀ (ਤੇਰਾ) ਨਾਮ ਹੈ, (ਤੇਰਾ) ਨਾਮ ਹੀ ਮੇਰੀ ਰਾਸ ਹੈ। ਤੈਥੋਂ ਛੁਟ (ਮੈਂ ਹੋਰ ਕੋਈ) ਦੂਜੀ (ਜਗ੍ਹਾ ਹੀ) ਨਹੀਂ ਜਾਣਦਾ ॥੨॥

**ਨਾਉ ਮੇਰੇ ਬੰਧਿਪ ਨਾਉ ਮੇਰੇ ਭਾਈ ॥ ਨਾਉ ਮੇਰੇ ਸੰਗਿ ਅੰਤਿ ਹੋਇ ਸਖਾਈ ॥੩॥**

---

* *ਮੇਰੀ ਲਿਖੀ ਹੋਈ 'ਗੁਰ ਭਗਤ ਮਾਲ ਸਟੀਕ' ਅਤੇ ਮੇਰੀ ਹੀ ਲਿਖੀ 'ਨਾਭਾ ਭਗਤ ਮਾਲ ਸਟੀਕ' ਵਿਚ ਇਨ੍ਹਾਂ ਸਾਰੇ ਭਗਤਾਂ ਦੇ ਪ੍ਰਸੰਗ ਪੜ੍ਹੋ, ਜੋ ਬੜੀ ਖੋਜ ਨਾਲ ਲਿਖੇ ਹਨ।*

Sri Satguru Jagjit Singh Ji eLibrary NamdhariElibrary@gmail.com

ਨਾਮ ਹੀ ਮੇਰਾ ਸਬੰਧੀ ਹੈ, ਨਾਮ ਹੀ ਮੇਰਾ ਭਰਾ ਹੈ। ਅੰਤ (ਵੇਲੇ) ਨਾਮ (ਸਖਾਈ) ਮਿੱਤਰ ਮੇਰੇ ਨਾਲ ਹੋਵੇਗਾ ॥੩॥

**ਮਾਇਆ ਮਹਿ ਜਿਸੁ ਰਖੈ ਉਦਾਸੁ ॥ ਕਹਿ ਕਬੀਰ ਹਉ ਤਾ ਕੋ ਦਾਸੁ ॥੪॥੧॥**

(ਵਾਹਿਗੁਰੂ) ਜਿਸ ਨੂੰ ਮਾਇਆ ਵਿਚ ਹੀ (ਇਸ ਤੋਂ) ਉਦਾਸ ਰਖਦਾ ਹੈ। ਕਬੀਰ ਜੀ ਆਖਦੇ ਹਨ, ਮੈਂ ਉਸਦਾ ਸੇਵਕ ਹਾਂ ॥੪॥੧॥

**ਨਾਂਗੇ ਆਵਨੁ ਨਾਂਗੇ ਜਾਨਾ ॥ ਕੋਇ ਨ ਰਹਿਹੈ ਰਾਜਾ ਰਾਨਾ ॥੧॥**

(ਜਗਤ ਵਿਚ) ਨੰਗੇ ਆਏ ਹਾਂ ਤੇ ਨੰਗੇ ਹੀ ਜਾਣਾ ਹੈ। (ਇਥੇ) ਕੋਈ ਰਾਜਾ ਤੇ ਰਾਣਾ ਨਹੀਂ ਰਹੇਗਾ ॥੧॥

**ਰਾਮੁ ਰਾਜਾ ਨਉ ਨਿਧਿ ਮੇਰੈ ॥ ਸੰਪੈ ਹੇਤੁ ਕਲਤੁ ਧਨੁ ਤੇਰੈ ॥੧॥ ਰਹਾਉ ॥**

ਮੇਰੇ (ਮਨ ਵਿਚ) ਪ੍ਰਕਾਸ਼ ਰੂਪ ਰਾਮ (ਦਾ ਨਾਮ ਹੀ) ਨੌਂ ਨਿਧਾਂ ਹਨ। (ਪਰ) ਤੇਰੇ, (ਮਨ ਵਿਚ) ਧਨ ਸੰਪਦਾ ਤੇ [ਕਲਤੁ] ਇਸਤ੍ਰੀ ਦਾ ਪਿਆਰ ਹੈ ॥੧॥ ਰਹਾਉ ॥

**ਆਵਤ ਸੰਗ ਨ ਜਾਤ ਸੰਗਾਤੀ॥ ਕਹਾ ਭਇਓ ਦਰਿ ਬਾਂਧੇ ਹਾਥੀ ॥੨॥**

ਨਾਲ (ਕੋਈ) ਆਇਆ (ਨਹੀਂ, ਅਤੇ) ਨਾਹੀਂ (ਕਿਸੇ) ਨਾਲ ਜਾਣਾ ਹੈ। ਕੀ ਹੋ ਗਿਆ, (ਜੇਕਰ ਤੂੰ) ਬੂਹੇ (ਉਤੇ ਦੋ ਚਾਰ) ਹਾਥੀ ਬੰਨ੍ਹ ਲਏ ? ॥੨॥

**ਲੰਕਾ ਗਢੁ ਸੋਨੇ ਕਾ ਭਇਆ ॥ ਮੂਰਖੁ ਰਾਵਨੁ ਕਿਆ ਲੇ ਗਇਆ ॥੩॥**

(ਵੇਖੋ !) ਲੰਕਾ ਦਾ ਕਿਲ੍ਹਾ ਸੋਨੇ ਦਾ (ਬਣਿਆ) ਹੋਇਆ ਸੀ। ਉਸ ਦਾ (ਮਾਲਕ) ਮੂਰਖ ਰਾਵਨ (ਆਪਣੇ ਨਾਲ) ਕੀ ਲੈ ਗਿਆ ਹੈ ॥੩॥

**ਕਹਿ ਕਬੀਰ ਕਿਛੁ ਗੁਨੁ ਬੀਚਾਰਿ ॥ ਚਲੇ ਜੁਆਰੀ ਦੁਇ ਹਥ ਝਾਰਿ ॥੪॥੨॥**

ਕਬੀਰ ਜੀ ਆਖਦੇ ਹਨ, (ਹੇ ਭਾਈ ! ਤੂੰ) ਕੁਝ ਤਾਂ ਗੁਣਾਂ ਦੀ ਵੀਚਾਰ ਕਰ। (ਅੰਤ ਨੂੰ) ਜੁਆਰੀਆਂ (ਵਾਂਗੂੰ) ਦੋਵੇਂ ਹੱਥ ਝਾੜਕੇ (ਜਗਤ ਤੋਂ) ਚਲਾ ਜਾਵੇਂਗਾ ॥੪॥੨॥

**ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥੧॥**

ਬ੍ਰਹਮਾ ਮੈਲਾ ਹੈ, ਇੰਦਰ ਭੀ ਮੈਲਾ ਹੈ। [ਰਵਿ] ਸੂਰਜ ਮੈਲਾ ਹੈ। ਚੰਦ੍ਰਮਾ ਭੀ ਮੈਲਾ ਹੈ ॥੧॥

**ਮੈਲਾ ਮਲਤਾ ਇਹੁ ਸੰਸਾਰੁ ॥**

**ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥੧॥ ਰਹਾਉ ॥**

ਇਹ ਸਾਰਾ ਸੰਸਾਰ ਹੀ ਮੈਲ ਨਾਲ [ਮਲਤਾ] ਲਿਬੜਿਆ ਹੋਇਆ ਹੈ ਜਿਸ ਦਾ ਪਾਰ (ਉਰਾਰ ਦਾ) ਅੰਤ ਨਹੀਂ, (ਉਹ) ਇਕ ਹਰੀ ਮੈਲ ਤੋਂ ਰਹਿਤ ਹੈ ॥੧॥ ਰਹਾਉ ॥

**ਮੈਲੇ ਬ੍ਰਹਮੰਡਾਇ ਕੈ ਈਸ ॥ ਮੈਲੇ ਨਿਸਿ ਬਾਸੁਰ ਦਿਨ ਤੀਸ ॥੨॥**

ਬ੍ਰਹਮੰਡਾਂ ਦੇ ਰਾਜੇ (ਦੇਵਤੇ) ਭੀ ਮੈਲੇ ਹਨ। ਰਾਤ [ਬਾਸੁਰ] ਦਿਨ ਅਤੇ [ਦਿਨ ਤੀਸ] ਮਹੀਨੇ ਭੀ

Sri Satguru Jagjit Singh Ji eLibrary NamdhariElibrary@gmail.com

ਮੈਲੇ ਹਨ ॥੨॥

**ਮੈਲਾ ਮੋਤੀ ਮੈਲਾ ਹੀਰੁ ॥ ਮੈਲਾ ਪਉਨੁ ਪਾਵਕੁ ਅਰੁ ਨੀਰੁ ॥੩॥**

ਮੋਤੀ ਭੀ ਮੈਲਾ ਹੈ; ਹੀਰਾ ਭੀ ਮੈਲਾ ਹੈ। ਹਵਾ, ਅੱਗ ਤੇ ਪਾਣੀ ਭੀ ਮੈਲਾ ਹੈ ॥੩॥

**ਮੈਲੇ ਸਿਵ ਸੰਕਰਾ ਮਹੇਸ ॥ ਮੈਲੇ ਸਿਧ ਸਾਧਿਕ ਅਰੁ ਭੇਖ ॥੪॥**

ਸ਼ੰਕਰ ਤੇ ਮਹੇਸ਼ (ਆਦਿਕ ਨਾਮਾਂ ਵਾਲੇ ਯਾਰਾਂ) ਸ਼ਿਵ ਭੀ ਮੈਲੇ ਹਨ। (ਸਿਧੀਆਂ ਵਾਲੇ) ਸਿਧ, (ਸਿਧੀਆਂ ਦੀ ਇੱਛਾ ਕਰਕੇ ਸਾਧਨਾਂ ਵਿਚ ਲਗੇ ਪੁਰਖ) ਸਾਧਿਕ ਤੇ ਭੇਖਾਰੀ ਭੀ ਮੈਲੇ ਹਨ ॥੪॥

**ਮੈਲੇ ਜੋਗੀ ਜੰਗਮ ਜਟਾ ਸਹੇਤਿ ॥ ਮੈਲੀ ਕਾਇਆ ਹੰਸ ਸਮੇਤਿ ॥੫॥**

ਜੋਗੀ, ਜੰਗਮ, ਤੇ ਜਟਾਂ ਵਾਲੇ ਭੀ ਮੈਲੇ ਹਨ, ਜੀਵ ਸਣੇ ਦੇਹ ਭੀ ਮੈਲੀ ਹੈ ॥੫॥

**ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥੬॥੩॥**

ਕਬੀਰ ਜੀ ਆਖਦੇ ਹਨ, ਉਹ ਪੁਰਸ਼ (ਹੀ) ਪਰਵਾਨ ਤੇ ਨਿਰਮਲ ਹਨ, ਜੋ ਰਾਮ ਨੂੰ ਜਾਣਦੇ ਹਨ ॥੬॥੩॥

*ਉਥਾਨਕਾ*—ਮੁਲਾਂ ਨੂੰ ਉਪਦੇਸ਼ ਦੇਂਦੇ ਹਨ :—

**ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥ ਬੋਲਨਹਾਰੁ ਪਰਮ ਗੁਰੁ ਏਹੀ ॥੧॥**

ਦੇਹ ਨੂੰ [ਮਕਾ] ਰੱਬ ਦਾ ਘਰ ਬਣਾ ਤੇ ਮਨ ਨੂੰ [ਕਿਬਲਾ] (ਜਿਸ ਦਾ ਧਿਆਨ ਕੀਤਾ ਜਾਵੇ) ਬਣਾ ਲੈ। (ਇਸ ਵਿਚ ਜੋ) ਬੋਲਣ ਵਾਲਾ ਹੈ, ਏਹੋ ਪਰਮ ਗੁਰੂ (ਵੱਡਾ ਪੀਰ ਦਸਤਗੀਰ ਹੈ) ॥੧॥

**ਕਹੁ ਰੇ ਮੁਲਾਂ ਬਾਂਗ ਨਿਵਾਜ ॥ ਏਕ ਮਸੀਤਿ ਦਸੈ ਦਰਵਾਜ ॥੧॥ ਰਹਾਉ ॥**

ਹੇ ਮੁੱਲਾਂ! (ਉਸ ਦਾ ਨਾਮ ਜਪਦਾ ਹਾਂ) ਬਾਂਗ ਦੇਹੁ। (ਜਿਸ ਸਰੀਰ ਰੂਪ) ਮਸੀਤ ਦੇ ਦਸ ਦਰਵਾਜ਼ੇ (ਹੋਵਣ, ਉਸ ਵਿਚ) ਇਕ (ਦਾ ਵਸੇਬਾ ਸਮਝਣਾ ਹੀ) ਨਿਮਾਜ ਪੜਨਾ ਹੈ ॥੧॥ ਰਹਾਉ ॥

**ਮਿਸਿਮਿਲਿ ਤਾਮਸੁ ਭਰਮੁ ਕਦੂਰੀ ॥ ਭਾਖਿ ਲੇ ਪੰਚੈ ਹੋਇ ਸਬੂਰੀ ॥੨॥**

[ਤਾਮਸੁ] ਕ੍ਰੋਧ, ਭਰਮ ਤੇ [ਕਦੂਰੀ= ਮੈਲ] ਪਾਪਾਂ ਦੀ (ਮਿਸਿਮਿਲਿ) ਕੁਰਬਾਨੀ ਕਰ (ਅਤੇ ਮਨ ਨੂੰ) ਸਬਰ (ਦਾ) ਹੋਣਾ ਹੀ ਪੰਜ (ਨਿਮਾਜ਼ਾਂ) ਪੜ੍ਹ ਲੈ ॥੨॥

**ਹਿੰਦੂ ਤੁਰਕ ਕਾ ਸਾਹਿਬੁ ਏਕ ॥ ਕਹ ਕਰੈ ਮੁਲਾਂ ਕਹ ਕਰੈ ਸੇਖ ॥੩॥**

ਹਿੰਦੂਆਂ ਤੇ ਮੁਸਲਮਾਨਾਂ ਦਾ ਰੱਬ ਤਾਂ ਇਕੋ ਹੈ। ਮੁੱਲਾਂ (ਮੇਰਾ) ਕੀ ਕਰ ਸਕਦਾ ਹੈ ? ਅਤੇ [ਸੇਖ] ਮੇਰਾ ਕੀ (ਵਿਗਾੜ) ਕਰ ਸਕਦਾ ਹੈ ? ॥੩॥

**ਕਹਿ ਕਬੀਰ ਹਉ ਭਇਆ ਦਿਵਾਨਾ ॥**

**ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥੪॥੪॥**

ਕਬੀਰ ਜੀ ਆਖਦੇ ਹਨ, ਮੈਂ ਤਾਂ ਬੌਰਾ ਹੋ ਗਿਆ ਹਾਂ, (ਕਿਉਂਕਿ ਮੇਰਾ ਮਨ) [ਮੁਸਿ ਮੁਸਿ] ਹੌਲੀ-ਹੌਲੀ ਸਹਿਜ (ਪਦ ਵਿਚ) ਸਮਾ ਗਿਆ ਹੈ ॥੪॥੪॥

Sri Satguru Jagjit Singh Ji eLibrary NamdhariElibrary@gmail.com

ਉਥਾਨਕਾ—ਕਬੀਰ ਜੀ ਨੂੰ ਲੋਕਾਂ ਨੇ ਕਿਹਾ, "ਤੂੰ ਦੀਨ ਦੁਨੀਆਂ ਛੱਡ ਕੇ ਬੜਾ ਵਿਗੜ ਗਿਆ ਹੈਂ।" ਆਪ ਨੇ ਉੱਤਰ ਦਿਤਾ, ਹਾਂ! ਮੈਂ ਜ਼ਰੂਰ ਵਿਗੜ ਗਿਆ ਹਾਂ ਪਰ ਐਹੋ ਜਿਹਾ—

**ਗੰਗਾ ਕੈ ਸੰਗਿ ਸਲਿਤਾ ਬਿਗਰੀ ॥ ਸੋ ਸਲਿਤਾ ਗੰਗਾ ਹੋਇ ਨਿਬਰੀ ॥੧॥**

ਗੰਗਾ ਦੇ ਨਾਲ (ਇਕ) [ਸਲਿਤਾ] ਨਦੀ ਮਿਲ ਗਈ, ਤਾਂ ਉਹ ਨਦੀ ਗੰਗਾ ਦਾ ਰੂਪ ਹੋ ਗਈ ॥੧॥

**ਬਿਗਰਿਓ ਕਬੀਰਾ ਰਾਮ ਦੁਹਾਈ ॥**
**ਸਾਚੁ ਭਇਓ ਅਨ ਕਤਹਿ ਨ ਜਾਈ ॥੧॥ ਰਹਾਉ ॥**

ਦੁਹਾਈ ਜੇ, ਰਾਮ ਦੀ ਦੁਹਾਈ ਨਾਲ ਕਬੀਰ ਮਿਲ ਗਿਆ ਹੈ, (ਸੋ ਕਬੀਰ) ਸੱਚ (ਦਾ ਰੂਪ) ਹੋ ਗਿਆ ਹੈ, (ਹੁਣ) ਹੋਰ ਕਿਤੇ ਨਹੀਂ ਜਾਵੇਗਾ ॥੧॥ ਰਹਾਉ ॥

**ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥ ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥੨॥**

ਚੰਦਨ ਨਾਲ ਦਰਖਤ [ਬਿਗਰਿਓ] ਮਿਲ ਗਿਆ ਹੈ, ਉਹ ਦਰਖਤ ਹੀ ਚੰਦਨ ਦਾ ਰੂਪ ਹੋ ਗਿਆ ਹੈ ॥੨॥

**ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥੩॥**

ਪਾਰਸ ਦੇ ਨਾਲ ਤਾਂਬਾ ਲਗ ਗਿਆ ਤਾਂ ਉਹ ਤਾਂਬਾ ਸੋਨਾ ਹੋ ਗਿਆ ॥੩॥

**ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ ਰਾਮੈ ਹੋਇ ਨਿਬਰਿਓ ॥੪॥੫॥**

SIKHBOOKCLUB.COM

ਸੰਤਾਂ ਨਾਲ ਕਬੀਰ ਮਿਲ ਗਿਆ ਤਾਂ ਉਹ ਕਬੀਰ ਰਾਮ ਦਾ ਰੂਪ ਹੋ ਗਿਆ ਹੈ ॥੪॥੫॥

**ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ ॥੧॥**

ਮੱਥੇ ਉਤੇ ਟਿੱਕਾ ਤੇ ਹੱਥ ਵਿਚ ਮਾਲਾ (ਫੜ ਕੇ) ਭੇਖ ਬਣਾ ਲਿਆ ਹੈ। ਲੋਕਾਂ ਨੇ ਰਾਮ (ਨੂੰ ਪਾਉਣਾ ਤਾਂ ਇਕ) ਖੇਡ ਸਮਝ ਲਿਆ ਹੈ ॥੧॥

**ਜਉ ਹਉ ਬਉਰਾ ਤਉ ਰਾਮ ਤੋਰਾ ॥ ਲੋਗੁ ਮਰਮੁ ਕਹ ਜਾਨੈ ਮੋਰਾ ॥੧॥ ਰਹਾਉ ॥**

ਜੇ ਮੈਂ ਪਾਗਲ ਹਾਂ, ਤਾਂ ਭੀ (ਹੇ) ਰਾਮ! ਤੇਰਾ (ਹੀ ਦਾਸ ਹਾਂ)। ਲੋਕ ਮੇਰਾ ਭੇਦ ਕੀ ਜਾਨ ਸਕਦੇ ਹਨ? ॥੧॥ ਰਹਾਉ ॥

**ਤੋਰਉ ਨ ਪਾਤੀ ਪੂਜਉ ਨ ਦੇਵਾ ॥ ਰਾਮ ਭਗਤਿ ਬਿਨੁ ਨਿਹਫਲ ਸੇਵਾ ॥੨॥**

ਮੈਂ ਪੱਤੇ ਤੋੜਦਾ ਨਹੀਂ ਤੇ ਦੇਵਤੇ ਪੂਜਦਾ ਨਹੀਂ। (ਕਿਉਂਕਿ) ਰਾਮ ਦੀ ਭਗਤੀ ਤੋਂ ਬਿਨਾਂ ਹੋਰ ਕਿਸੇ ਦੀ ਸੇਵਾ (ਕਰਨ ਦਾ ਫਲ) ਕੁਝ ਨਹੀਂ (ਮਿਲਦਾ) ॥੨॥

**ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥**
**ਐਸੀ ਸੇਵ ਦਰਗਹ ਸੁਖੁ ਪਾਵਉ ॥੩॥**

ਸੱਚੇ ਸਤਿਗੁਰਾਂ ਦੀ ਪੂਜਾ ਕਰਦਾ ਹਾਂ ਅਤੇ (ਉਨ੍ਹਾਂ ਨੂੰ ਹੀ) ਸਦਾ ਖੁਸ਼ ਰਖਦਾ ਹਾਂ ਅਜੇਹੀ ਸੇਵਾ (ਕਰਨ

ਕਰ ਕੇ) ਦਰਗਾਹ ਵਿਚ ਸੁਖ ਪਾਵਾਂਗਾ ॥੩॥

**ਲੋਗੁ ਕਹੈ ਕਬੀਰੁ ਬਉਰਾਨਾ ॥ ਕਬੀਰ ਕਾ ਮਰਮੁ ਰਾਮ ਪਹਿਚਾਨਾਂ ॥੪॥੬॥**

ਲੋਕੀਂ ਆਖਦੇ ਹਨ ਕਿ ਕਬੀਰ ਪਾਗਲ ਹੈ। ਪਰ ਕਬੀਰ ਦਾ ਭੇਦ ਰਾਮ ਨੇ ਪਛਾਣਿਆ ਹੈ ॥੪॥੬॥

**ਉਲਟਿ ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥**

(ਸੰਸਾਰ ਤੋਂ) ਉਲਟਾ ਜਾ ਕੇ ਦੋਵੇਂ ਕੁਲਾਂ (ਨਾਨਕ ਦਾਦਕ) ਭੁਲਾ ਦਿਤੀਆਂ ਹਨ। (ਹੁਣ) ਅਸੀਂ ਸਹਿਜੇ ਹੀ [ਸੁੰਨ] ਤੁਰੀਆ ਪਦ ਵਿਚ ਤਾਣੀ ਉਣਦੇ ਹਾਂ ॥੧॥

**ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥**

ਹੁਣ ਸਾਡਾ (ਕਿਸੇ ਨਾਲ) ਕੋਈ ਝਗੜਾ ਨਹੀਂ ਰਿਹਾ। (ਕਿਉਂਕਿ) ਪੰਡਿਤ ਤੇ ਮੁੱਲਾਂ ਦੋਵੇਂ ਹੀ ਛੱਡ ਦਿੱਤੇ ਹਨ ॥੧॥ ਰਹਾਉ ॥

**ਬੁਨਿ ਬੁਨਿ ਆਪ ਆਪੁ ਪਹਿਰਾਵਉ ॥ ਜਹ ਨਹੀ ਆਪੁ ਤਹਾ ਹੋਇ ਗਾਵਉ ॥੨॥**

ਆਪੇ ਹੀ ਉਣ ਉਣ ਕੇ ਆਪੇ ਪਾਂਦਾ ਹਾਂ। ਜਿਥੇ ਆਪਾ (ਭਾਵ) ਨਹੀਂ, ਉਥੇ ਪਹੁੰਚ ਕੇ ਜਸ ਗਾਉਂਦਾ ਹਾਂ ॥੨॥

**ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੩॥**

ਜੋ ਕੁਝ ਪੰਡਿਤ ਤੇ ਮੁਲਾਂ ਨੇ ਲਿਖ ਕੇ (ਲੋਕਾਂ ਨੂੰ ਉਪਦੇਸ਼) ਦਿਤਾ ਹੈ। (ਉਹ) ਅਸੀਂ ਛਡ ਚਲੇ ਹਾਂ, ਕੁਝ ਭੀ (ਨਾਲ) ਨਹੀਂ ਲਿਆ ॥੩॥

SIKHBOOKCLUB.COM

**ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ ਮਿਲੇ ਕਬੀਰਾ ॥੪॥੭॥**

ਹਿਰਦੇ ਵਿਚ [ਇਖਲਾਸੁ] ਸੱਚਾ ਪ੍ਰੇਮ ਹੈ ਤਾ ਪਾਤਸ਼ਾਹ ਨੂੰ ਵੇਖ ਲਵੇਂਗਾ। ਕਬੀਰ (ਜੀ ਆਖਦੇ ਹਨ) ਖੋਜੀ (ਹੋ ਕੇ) ਆਪਣੇ (ਅੰਦਰੋਂ) ਲਭੋ (ਤਾਂ ਉਹ) ਮਿਲ ਜਾਵੇਗਾ ॥੪॥੭॥

**ਨਿਰਧਨ ਆਦਰੁ ਕੋਈ ਨ ਦੇਇ ॥**
**ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ ॥੧॥ ਰਹਾਉ ॥**

ਕੰਗਾਲ ਨੂੰ ਕੋਈ ਭੀ ਆਦਰ ਨਹੀਂ ਦੇਂਦਾ। ਓਹ ਭਾਵੇਂ ਲਖਾਂ ਯਤਨ ਕਰੇ (ਅਗਲੇ ਉਸ ਦੀ ਮੇਹਨਤ ਨੂੰ) ਦਿਲ ਤੇ ਨਹੀਂ ਲਿਆਉਂਦੇ ॥੧॥ ਰਹਾਉ ॥

**ਜਉ ਨਿਰਧਨੁ ਸਰਧਨ ਕੈ ਜਾਇ ॥ ਆਗੇ ਬੈਠਾ ਪੀਠਿ ਫਿਰਾਇ ॥੧॥**

ਜੇਕਰ ਗਰੀਬ (ਕਿਸੇ) ਸ਼ਾਹੂਕਾਰ ਦੇ (ਘਰ) ਜਾਵੇ (ਤਾਂ ਉਹ) ਅੱਗੋਂ ਮੂੰਹ ਮੋੜ ਕੇ ਬੈਠ ਜਾਂਦਾ ਹੈ ॥੧॥

**ਜਉ ਸਰਧਨੁ ਨਿਰਧਨ ਕੈ ਜਾਇ ॥ ਦੀਆ ਆਦਰੁ ਲੀਆ ਬੁਲਾਇ ॥੨॥**

ਜੇਕਰ ਸ਼ਾਹੂਕਾਰ ਗਰੀਬ ਦੇ (ਘਰ) ਜਾਵੇ ਤਾਂ (ਉਹ ਅੱਗੋਂ) ਆਦਰ ਨਾਲ ਬੁਲਾ ਲੈਂਦਾ ਹੈ ॥੨॥

**ਨਿਰਧਨੁ ਸਰਧਨੁ ਦੋਨਉ ਭਾਈ ॥ ਪ੍ਰਭ ਕੀ ਕਲਾ ਨ ਮੇਟੀ ਜਾਈ ॥੩॥**

(ਅਸਲ ਵਿਚ ਤਾਂ) ਗਰੀਬ ਤੇ ਅਮੀਰ ਦੋਵੇਂ ਭਰਾ ਹਨ। (ਭਾਵੇਂ) ਵਾਹਿਗੁਰੂ ਦੀ ਕੀਤੀ ਹਟਾਈ ਨਹੀਂ ਜਾਂਦੀ (ਅਰਥਾਤ ਗਰੀਬੀ ਅਮੀਰੀ ਤਾਂ ਵਾਹਿਗੁਰੂ ਦੀ ਖੇਡ ਹੈ, ਇਸ ਦਾ ਖਿਆਲ ਹੀ ਹਟਾ ਦੇਈਏ ਤਾਂ ਇਹ ਦੋਵੇਂ ਭਰਾ ਹਨ) ॥੩॥

**ਕਹਿ ਕਬੀਰ ਨਿਰਧਨੁ ਹੈ ਸੋਈ ॥ ਜਾ ਕੇ ਹਿਰਦੈ ਨਾਮੁ ਨ ਹੋਈ ॥੪॥੮॥**

ਕਬੀਰ ਜੀ ਆਖਦੇ ਹਨ, ਕੰਗਾਲ ਤਾਂ ਉਹ ਹੈ। ਜਿਸਦੇ ਹਿਰਦੇ ਵਿਚ ਨਾਮ ਨਹੀਂ ਹੈ ॥੪॥੮॥

**ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ ॥**

ਗੁਰਾਂ ਦੀ ਸੇਵਾ ਤੇ ਭਗਤੀ ਕਰੀਏ, ਤਦੋਂ (ਹੀ ਜਾਣੋ) ਇਹ (ਅਸਾਂ) ਮਨੁਖਾ ਦੇਹ ਪਾਈ (ਹੈ, ਜੇਕਰ ਭਗਤੀ ਨਾ ਕਰੀਏ) ਤਾਂ "ਪਸ਼ੂ ਮਾਨਸ ਚਮ ਲਪੇਟੇ" ਮਨੁਖ ਸ਼ਕਲ ਵਿਚ ਪਸ਼ੂ ਜੋਨਿ ਭੋਗਦੇ ਹਾਂ, ਅਤੇ "ਪਸ਼ੂ ਪ੍ਰੇਤ ਮੁਗਧ ਤੇ ਬੁਰੀ। ਤਿਸਹਿ ਨ ਚੇਤੇ ਜਿਨਿ ਏਹ ਸਿਰੀ ॥"

**ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥੧॥**

ਇਸ ਦੇਹੀ ਨੂੰ ਦੇਵਤੇ ਲੋਚਦੇ ਹਨ, ਉਸ ਦੇਹੀ (ਵਿਚ ਆ ਕੇ) ਹਰੀ ਦੀ ਸੇਵਾ ਕਰੋ ॥੧॥

**ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥੧॥ ਰਹਾਉ ॥**

ਗੋਬਿੰਦ ਨੂੰ ਯਾਦ ਕਰੋ, ਕਦੀ ਭੀ ਨਾ ਭੁਲੋ, ਮਨੁਖ ਜਨਮ ਦਾ ਏਹੋ ਨਫਾ ਹੈ ॥੧॥ ਰਹਾਉ ॥

**ਜਬ ਲਗੁ ਜਰਾ ਰੋਗੁ ਨਹੀ ਆਇਆ॥**
**ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥**

ਜਿੰਨਾ ਚਿਰ (ਜਰਾ) ਬੁਢੇਪੇ ਦਾ ਰੋਗ ਨਹੀਂ ਆਯਾ। ਜਿੰਨਾਂ ਚਿਰ ਮੌਤ ਨੇ ਦੇਹ ਨੂੰ ਨਹੀਂ ਫੜਿਆ।

**ਜਬ ਲਗੁ ਬਿਕਲ ਭਈ ਨਹੀ ਬਾਨੀ ॥**
**ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥**

ਜਿੰਨਾਂ ਚਿਰ ਬੋਲੀ [ਬਿਕਲ] ਥਿੜਕਵੀਂ ਨਹੀਂ ਹੋਈ। ਹੇ ਮਨ! (ਉਨਾਂ ਚਿਰ) [ਸਾਰਿਗਪਾਨੀ] ਵਾਹਿਗੁਰੂ ਨੂੰ ਯਾਦ ਕਰ ਲੈ ॥੨॥

**ਅਬ ਨ ਭਜਸਿ ਭਜਸਿ ਕਬ ਭਾਈ ॥ ਆਵੈ ਅੰਤੁ ਨ ਭਜਿਆ ਜਾਈ ॥**

ਹੁਣ ਨਾ ਯਾਦ ਕਰੇਂਗਾ ਤਾਂ ਹੇ ਭਾਈ! ਫੇਰ ਕਦੋਂ ਯਾਦ ਕਰੇਂਗਾ? (ਜਦ) ਅੰਤ ਆ ਗਿਆ (ਤਾਂ ਉਸ ਵੇਲੇ) ਯਾਦ ਕੀਤਾ ਨਹੀਂ ਜਾਣਾ।

**ਜੋ ਕਿਛੁ ਕਰਹਿ ਸੋਈ ਅਬ ਸਾਰੁ ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥੩॥**

ਜੋ ਕੁਝ ਕਰੇਗਾ ਓਹੀ ਹੁਣ ਚੰਗਾ ਹੈ ਫੇਰ ਪਛਤਾਵੇਂਗਾ, ਵੇਲਾ ਨਹੀਂ ਮਿਲਣਾ ॥੩॥

**ਸੋ ਸੇਵਕੁ ਜੋ ਲਾਇਆ ਸੇਵ॥ ਤਿਨ ਹੀ ਪਾਏ ਨਿਰੰਜਨ ਦੇਵ ॥**

ਉਹ ਸੇਵਕ ਹੈ, ਜਿਸ ਨੂੰ (ਉਸ ਨੇ ਆਪਣੀ) ਸੇਵਾ ਵਿਚ ਲਾਇਆ ਹੈ। ਉਸ ਨੇ ਮਾਇਆ ਤੋਂ ਰਹਿਤ

ਵਾਹਿਗੁਰੂ ਨੂੰ ਪਾਇਆ ਹੈ ।

**ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥ ਬਹੁਰਿ ਨ ਆਵੈ ਜੋਨੀ ਬਾਟ ॥੪॥**

ਗੁਰਾਂ ਨੂੰ ਮਿਲਕੇ ਉਸ ਦੇ (ਆਸਾ ਅੰਦੇਸਾ ਰੂਪ) [ਕਪਾਟ] ਬੂਹੇ ਖੁਲ੍ਹ ਗਏ ਹਨ । (ਇਸ ਲਈ ਉਹ) ਫੇਰ ਜੂਨਾਂ ਦੇ [ਬਾਟ] ਰਾਹ ਨਹੀਂ ਆਵੇਗਾ ॥੪॥

**ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥ ਘਟ ਭੀਤਰਿ ਤੂ ਦੇਖੁ ਬਿਚਾਰਿ ॥**

ਇਹੋ ਤੇਰਾ ਵੇਲਾ ਹੈ, ਇਹ ਤੇਰੀ ਵਾਰੀ (ਮੁਕਤ ਹੋਣ ਦੀ) ਹੈ । ਤੂੰ (ਆਪਣੇ) ਦਿਲ ਵਿਚ ਵਿਚਾਰ ਕੇ ਵੇਖ ।

**ਕਹਤ ਕਬੀਰੁ ਜੀਤਿ ਕੈ ਹਾਰਿ ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥੫॥੧॥੯॥**

ਕਬੀਰ ਜੀ ਆਖਦੇ ਹਨ, (ਕਿ ਤੂੰ) ਭਾਵੇਂ ਜਿੱਤ ਤੇ [ਕੈ] ਭਾਵੇਂ ਹਾਰ । (ਅਸੀਂ ਤੈਨੂੰ) ਬਹੁਤ ਤਰ੍ਹਾਂ ਨਾਲ ਪੁਕਾਰ ਪੁਕਾਰ ਕੇ ਆਖਿਆ ਹੈ ॥੫॥੧॥੯॥

**ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥**

[ਸਿਵ] ਕਲਿਆਣ ਸਰੂਪ ਦੀ ਨਗਰੀ (ਦਸਮ ਦਵਾਰ) ਵਿਚ ਸ੍ਰੇਸ਼ਟ ਬੁਧੀ ਵਾਲੇ ਵਸਦੇ ਹਨ । ਉਨ੍ਹਾਂ ਨਾਲ ਮਿਲ ਕੇ ਤੁਸੀਂ ਵਿਚਾਰ ਕਰੋ ।

**ਈਤ ਊਤ ਕੀ ਸੋਝੀ ਪਰੈ ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥**

(ਤਦ) ਲੋਕ ਪ੍ਰਲੋਕ ਦੀ ਸਮਝ ਪੈ ਜਾਵੇਗੀ । [ਮੇਰਾ] ਹੰਕਾਰ ਦੇ ਕਰਮਾਂ ਨੂੰ ਦੂਰ ਕਰ ਕਰਕੇ ਕੌਣ ਪਿਆ ਮਰੇ ? ॥੧॥

**ਨਿਜ ਪਦ ਊਪਰਿ ਲਾਗੋ ਧਿਆਨੁ ॥**
**ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥**

(ਮੇਰਾ) ਧਿਆਨ ਤਾਂ ਆਪਣੇ ਸਰੂਪ ਉਪਰ ਲਗਾ ਹੋਇਆ ਹੈ, (ਜਿਸ ਦਾ) ਨਾਮ ਪ੍ਰਕਾਸ਼ ਰੂਪ ਰਾਮ ਹੈ, (ਓਹੀ) ਮੇਰਾ ਬ੍ਰਹਮ ਗਿਆਨ ਹੈ ॥੧॥ ਰਹਾਉ ॥

**ਮੂਲ ਦੁਆਰੈ ਬੰਧਿਆ ਬੰਧੁ ॥ ਰਵਿ ਊਪਰਿ ਗਹਿ ਰਾਖਿਆ ਚੰਦੁ ॥**

[ਮੂਲ] ਗੁਦਾ ਦੇ ਰਸਤੇ ਨੂੰ (ਗਿੱਟੇ ਦਾ) ਬੰਨ੍ਹ (ਲਾ ਕੇ) ਰੋਕਿਆ ਹੈ । ਸੂਰਜ ਉਤੇ ਵਸਦੇ ਚੰਦ੍ਰਮਾ ਨੂੰ (ਜੀਭ ਨਾਲ) [ਗਹਿ] ਰੋਕ ਰਖਿਆ ਹੈ ।

**ਪਛਮ ਦੁਆਰੈ ਸੂਰਜੁ ਤਪੈ ॥ ਮੇਰ ਡੰਡ ਸਿਰ ਊਪਰਿ ਬਸੈ ॥੨॥**

ਪਿਛਲਾ ਰਸਤਾ (ਬੰਦ ਕੀਤਿਆਂ) ਸੂਰਜ ਦੀ ਤਪਸ਼ (ਜੇਹੀ ਗਰਮੀ ਸਰੀਰ ਵਿਚ ਹੋ ਜਾਂਦੀ ਹੈ) । (ਅਤੇ ਪ੍ਰਾਣ) [ਮੇਰ ਡੰਡ] ਕੰਗਰੋੜ ਨਾੜੀ ਦੇ ਉਪਰਲੇ ਸਿਰੇ ਵਿਚ ਵਸਦੇ ਹਨ ॥੨॥

**ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ ਖਿੜਕੀ ਅਉਰ ॥**

ਪਿਛਲੇ (ਵਿਸੁਧੀ ਚਕ੍ਰ ਦੇ) ਰਸਤੇ [ਓੜ=ਓੜਕ] ਅਖੀਰ (ਤੇ; ਇਕ ਵਿਸ਼ਨੂੰ ਗ੍ਰੰਥੀ ਰੂਪੀ ਨਾਮ ਦੀ)

ਸਿਲਾ (ਮਾਸ ਦੀ ਬੋਟੀ) ਹੈ। (ਉਸ ਨੂੰ ਲੰਘ ਕੇ ਪ੍ਰਾਣ ਜਦ ਅਗੇ ਜਾਂਦੇ ਹਨ ਤਾਂ) ਉਸ ਸਿਲਾ ਤੋਂ ਉਤਾਂਹ ਜਾ ਕੇ ਹੋਰ (ਇਕ ਰੁਦ੍ ਗ੍ਰੰਥੀ ਨਾਮ ਦੀ) ਖਿੜਕੀ (ਖੋਹਲਣੀ ਪੈਂਦੀ) ਹੈ।

**ਖਿੜਕੀ ਊਪਰਿ ਦਸਵਾ ਦੁਆਰੁ ॥**

**ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥੨॥੧੦॥**

(ਉਸ) ਖਿੜਕੀ ਤੋਂ ਉਤਾਂਹ ਦਸਮ ਦਵਾਰਾ (ਹੈ, ਜਿਸ ਵਿਚ ਵਾਹਿਗੁਰੂ ਵਸਦਾ ਹੈ) ਕਬੀਰ ਜੀ ਆਖਦੇ ਹਨ, ਉਸ ਦੇ ਪਾਰ ਉਤਾਰ ਦਾ ਅੰਤ ਨਹੀਂ ਆਉਂਦਾ ॥੩॥੨॥੧੦॥

**ਸੋ ਮੁਲਾਂ ਜੋ ਮਨ ਸਿਉ ਲਰੈ ॥ ਗੁਰ ਉਪਦੇਸਿ ਕਾਲ ਸਿਉ ਜੁਰੈ ॥**

ਉਹ ਮੁਲਾਂ ਹੈ, ਜੋ ਮਨ ਨਾਲ ਲੜਦਾ ਹੈ, ਅਤੇ ਗੁਰਾਂ ਦਾ ਉਪਦੇਸ਼ ਲੈ ਕੇ ਮੌਤ ਨਾਲ ਭੀ ਲੜਾਈ ਕਰਦਾ ਹੈ।

**ਕਾਲ ਪੁਰਖ ਕਾ ਮਰਦੈ ਮਾਨੁ ॥ ਤਿਸੁ ਮੁਲਾ ਕਉ ਸਦਾ ਸਲਾਮੁ ॥੧॥**

[ਕਾਲ ਪੁਰਖ] ਯਮਰਾਜ ਦਾ ਹੰਕਾਰ ਮਲ ਦੇਵੇ, ਉਸ ਮੁਲਾਂ ਨੂੰ ਮੈਂ ਸਦਾ ਹੀ ਸਲਾਮ (ਕਰਦਾ ਹਾਂ) ॥੧॥

**ਹੈ ਹਜੂਰਿ ਕਤ ਦੂਰਿ ਬਤਾਵਹੁ ॥ ਦੁੰਦਰ ਬਾਧਹੁ ਸੁੰਦਰ ਪਾਵਹੁ ॥੧॥ ਰਹਾਉ ॥**

ਪ੍ਰਮਾਤਮਾ ਨੇੜੇ ਹੈ, ਦੂਰ ਕਿਉਂ ਆਖਦੇ ਹੋ। [ਦੁੰਦਰ] ਖਰੂਦੀ ਮਨ ਨੂੰ ਰੋਕੋ, ਤਾਂ ਸੁੰਦਰ (ਸਰੂਪ ਵਾਹਿਗੁਰੂ ਨੂੰ) ਪਾਓਗੇ ॥੧॥ ਰਹਾਉ ॥

**ਕਾਜੀ ਸੋ ਜੁ ਕਾਇਆ ਬੀਚਾਰੈ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ ॥**

ਕਾਜ਼ੀ ਉਹ ਹੈ, ਜੋ ਸਰੀਰ ਦੀ ਵਿਚਾਰ ਕਰਦਾ ਹੈ (ਕਿ ਇਸਨੇ ਸਦਾ ਨਹੀਂ ਰਹਿਣਾ)। (ਇਸ ਲਈ) ਸਰੀਰ ਦੀ (ਹੰਗਤਾ ਨੂੰ) ਬ੍ਰਹਮ ਅਗਨੀ ਨਾਲ ਚੰਗੀ ਤਰ੍ਹਾਂ ਸਾੜਦਾ ਹੈ।

**ਸੁਪਨੈ ਬਿੰਦੁ ਨ ਦੇਈ ਝਰਨਾ ॥ ਤਿਸੁ ਕਾਜੀ ਕਉ ਜਰਾ ਨ ਮਰਨਾ ॥੨॥**

ਸੁਪਨੇ (ਮਾਤ੍ਰ ਭੀ) [ਬਿੰਦੁ] ਬ੍ਰਿਤੀ ਨਹੀਂ ਡਿਗਣ ਦੇਂਦਾ। ਉਸ ਕਾਜੀ ਨੂੰ ਬੁਢੇਪਾ ਤੇ ਮੌਤ ਨਹੀਂ ਆਉਂਦੀ ॥੨॥

**ਸੋ ਸੁਰਤਾਨੁ ਜੁ ਦੁਇ ਸਰ ਤਾਨੈ ॥ ਬਾਹਰਿ ਜਾਤਾ ਭੀਤਰਿ ਆਨੈ ॥**

ਉਹ ਪਾਤਸ਼ਾਹ, ਜੋ ਦ੍ਵੈਤ ਨੂੰ [ਸਰ] ਤੀਰ ਮਾਰਦਾ ਹੈ, ਅਤੇ ਬਾਹਰ ਜਾਂਦੇ (ਮਨ ਨੂੰ ਰੋਕ ਕੇ ਸਰੂਪ) ਵਿਚ ਲਾਉਂਦਾ ਹੈ।

**ਗਗਨ ਮੰਡਲ ਮਹਿ ਲਸਕਰੁ ਕਰੈ ॥ ਸੋ ਸੁਰਤਾਨੁ ਛਤ੍ਰੁ ਸਿਰਿ ਧਰੈ ॥੩॥**

[ਗਗਨ ਮੰਡਲ] ਦਸਮ ਦਵਾਰ ਵਿਚ (ਰਹਿਕੇ ਸ਼ੁਭ ਗੁਣਾਂ ਦੀ) ਫੌਜ ('ਕੱਠੀ) ਕਰਦਾ ਹੈ। ਉਸ ਦੇ ਸਿਰ ਉਤੇ ਪਾਤਸ਼ਾਹੀ ਛਤ੍ਰ ਝੁਲੇਗਾ ॥੩॥

**ਜੋਗੀ ਗੋਰਖੁ ਗੋਰਖੁ ਕਰੈ ॥ ਹਿੰਦੂ ਰਾਮ ਨਾਮੁ ਉਚਰੈ ॥**

ਜੋਗੀ ਤ੍ਾਂ ਗੋਰਖ ਗੋਰਖ ਆਖਦੇ ਹਨ। ਹਿੰਦੂ ਰਾਮ ਨਾਮ ਜਪਦੇ ਹਨ।

**ਮੁਸਲਮਾਨ ਕਾ ਏਕੁ ਖੁਦਾਇ ॥**

**ਕਬੀਰ ਕਾ ਸੁਆਮੀ ਰਹਿਆ ਸਮਾਇ ॥੪॥੩॥੧੧॥**

ਮੁਸਲਮਾਨਾਂ ਦਾ ਖੁਦਾ ਇਕੋ (ਪਾਸੇ ਵੱਸਦਾ) ਹੈ। ਕਬੀਰ (ਜੀ ਆਖਦੇ ਹਨ) ਮੇਰਾ ਪ੍ਰਮਾਤਮਾ ਤਾਂ (ਸਾਰਿਆਂ ਵਿਚ) ਸਮਾ ਰਿਹਾ ਹੈ ॥੪॥੩॥੧੧॥

**ਮਹਲਾ ੫ ॥ ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥**

(ਜੋ ਪੁਰਸ਼) ਪੱਥਰਾਂ ਨੂੰ ਦੇਵਤਾ ਆਖਦੇ ਹਨ। ਉਨ੍ਹਾਂ ਦੀ ਸੇਵਾ ਕੀਤੀ ਵਿਅਰਥ ਹੋ ਜਾਂਦੀ ਹੈ।

**ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥੧॥**

ਜੋ (ਪੁਰਸ਼) ਪੱਥਰਾਂ ਦੀ ਪੈਰੀਂ ਪੈਂਦਾ (ਮੱਥੇ ਟੇਕਦਾ) ਹੈ। ਉਸ ਦੀ ਕੀਤੀ ਕਮਾਈ ਐਵੇਂ ਜਾਂਦੀ ਹੈ ॥੧॥

**ਠਾਕੁਰੁ ਹਮਰਾ ਸਦ ਬੋਲੰਤਾ ॥**

**ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ ਰਹਾਉ ॥**

ਸਾਡਾ ਠਾਕਰ ਤਾਂ ਸਦਾ ਹੀ ਬੋਲਦਾ ਹੈ। (ਸਾਡਾ) ਪ੍ਰਭੂ ਸਾਰੇ ਜੀਵਾਂ ਨੂੰ ਰਿਜਕ ਦੇਂਦਾ ਹੈ ॥੧॥ ਰਹਾਉ ॥

**ਅੰਤਰਿ ਦੇਉ ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ ਪਾਵੈ ਫੰਧੁ ॥**

ਅੰਦਰ (ਵਸਦੇ) ਦੇਵਤੇ ਨੂੰ ਅੰਨ੍ਹਾਂ (ਜੀਵ) ਜਾਣਦਾ ਨਹੀਂ ਹੈ। ਭਰਮ ਦਾ ਮੋਹਿਆ (ਹੋਇਆ ਲੋਕਾਂ ਦੇ ਗਲ ਪੱਥਰ, ਪੂਜਾ ਦੀ) ਫਾਹੀ ਪਾਂਦਾ ਹੈ।

**ਨ ਪਾਥਰੁ ਬੋਲੈ ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥੨॥**

ਪੱਥਰ ਨਾ ਬੋਲਦਾ ਹੈ, ਅਤੇ ਨਾ ਹੀ ਕੁਝ ਦੇਂਦਾ ਹੈ। (ਇਸ ਲਈ ਪੱਥਰ ਪੂਜਾ ਰੂਪ) ਕਰਮ ਭੀ ਨਿਹਫਲ ਹਨ ਅਤੇ (ਠਾਕਰ ਦੀ) ਸੇਵਾ (ਭੀ) ਵਿਅਰਥ ਹੈ ॥੨॥

**ਜੇ ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥**

ਜੇਕਰ (ਕੋਈ ਪੁਰਸ਼) ਮੁਰਦੇ ਨੂੰ ਚੰਦਨ (ਆਦਿਕ ਸੁਗੰਧਤ ਵਸਤੂਆਂ) ਲਾ ਦੇਵੇ। ਤਾਂ ਦਸੋ! ਉਸ (ਮੁਰਦੇ) ਕੋਲੋਂ ਕੇਹੜਾ ਫਲ ਪਾਵੇਗਾ ?

**ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥**

**ਤਾਂ ਮਿਰਤਕ ਕਾ ਕਿਆ ਘਟਿ ਜਾਈ ॥੩॥**

ਜੇ ਮੁਰਦੇ ਨੂੰ ਗੰਦਗੀ ਵਿਚ ਰੁਲਾਇਆ ਜਾਵੇ, ਤਾਂ (ਦਸੋ)! ਮੁਰਦੇ ਦਾ ਕੀ ਘਟ ਜਾਵੇਗਾ ? (ਪੱਥਰ ਦੀ ਪੂਜਾ ਤੇ ਬਿਅਦਬੀ ਦਾ ਭੀ ਏਹੋ ਵਿਚਾਰ ਸਮਝਣਾ ਚਾਹੀਦਾ ਹੈ) ॥੩॥

**ਕਹਤ ਕਬੀਰ ਹਉ ਕਹਉ ਪੁਕਾਰਿ ॥ ਸਮਝਿ ਦੇਖੁ ਸਾਕਤ ਗਾਵਾਰ ॥**

ਕਬੀਰ ਜੀ ਆਖਦੇ ਹਨ, ਮੈ ਪੁਕਾਰ ਪੁਕਾਰ ਆਖਦਾ ਹਾਂ। ਹੇ ਮੂਰਖ [ਸਾਕਤ] ਪਾਪੀ! ਤੂੰ ਸਮਝ

Sri Satguru Jagjit Singh Ji eLibrary NamdhariElibrary@gmail.com

ਕਰਕੇ ਵੇਖ।

**ਦੂਜੈ ਭਾਇ ਬਹੁਤੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥੪॥੪॥੧੨॥**

ਦ੍ਵੈਤ ਭਾਵ (ਦੂਜੇ ਨਾਲ ਪ੍ਰੇਮ ਕਰਨਾ) ਨੇ ਬਹੁਤੇ ਘਰ ਗਾਲ ਦਿਤੇ ਹਨ। ਰਾਮ ਦੇ ਭਗਤ ਹੀ ਸਦਾ ਸੁਖੀ (ਰਹਿੰਦੇ ਹਨ) ॥੪॥੪॥੧੨॥

**ਜਲ ਮਹਿ ਮੀਨ ਮਾਇਆ ਕੇ ਬੇਧੇ ॥ ਦੀਪਕ ਪਤੰਗ ਮਾਇਆ ਕੇ ਛੇਦੇ ॥**

ਪਾਣੀ ਵਿਚ ਰਹਿਣ ਵਾਲੇ ਮੱਛ ਵੀ ਮਾਇਆ ਦੇ ਵਿੰਨ੍ਹੇ ਹੋਏ ਹਨ। ਦੀਵੇ ਰੂਪ ਮਾਯਾ ਵਿਚ ਪਤੰਗਾ ਸੜ ਮਰਦਾ ਹੈ।

**ਕਾਮ ਮਾਇਆ ਕੁੰਚਰ ਕਉ ਬਿਆਪੇ ॥**
**ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥੧॥**

ਕਾਮ (ਰੂਪ ਹੋ ਕੇ) ਮਾਯਾ ਹਾਥੀ ਨੂੰ ਵਾਪਰਦੀ ਹੈ। ਸੱਪ ਤੇ ਭੌਰੇ (ਆਦਿਕ ਸਾਰੇ) ਮਾਯਾ ਵਿਚ ਫਸੇ ਹੋਏ ਹਨ ॥੧॥

**ਮਾਇਆ ਐਸੀ ਮੋਹਨੀ ਭਾਈ ॥ ਜੇਤੇ ਜੀਅ ਤੇਤੇ ਡਹਕਾਈ ॥੧॥ ਰਹਾਉ ॥**

ਹੇ ਭਾਈ! ਮਾਯਾ ਅਜੇਹੀ ਮੋਹਨ ਵਾਲੀ ਹੈ। (ਜੋ) ਜਿੰਨੇ ਜੀਵ ਹਨ, ਸਾਰੇ (ਇਸ ਨੇ) ਭਰਮਾਏ ਹੋਏ ਹਨ ॥੧॥ ਰਹਾਉ ॥

SIKHBOOKCLUB.COM

**ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥ ਸਾਕਰ ਮਾਖੀ ਅਧਿਕ ਸੰਤਾਪੇ ॥**

ਪੰਛੀ ਤੇ ਹਰਨ (ਭੀ) ਮਾਇਆ ਵਿਚ ਫਸੇ ਹੋਏ ਹਨ। ਸ਼ੱਕਰ (ਗੁੜ ਰੂਪ ਹੋ ਕੇ ਮਾਇਆ) ਮੱਖੀਆਂ ਨੂੰ ਬਹੁਤ ਦੇਂਦੀ ਹੈ।

**ਤੁਰੇ ਉਸਟ ਮਾਇਆ ਮਹਿ ਭੇਲਾ ॥**
**ਸਿਧ ਚਉਰਾਸੀਹ ਮਾਇਆ ਮਹਿ ਖੇਲਾ ॥੨॥**

ਘੋੜੇ ਤੇ ਊਠ ਭੀ ਮਾਇਆ ਵਿਚ [ਭੇਲਾ] ਮਿਲੇ ਹੋਏ ਹਨ। ਚੁਰਾਸੀ ਸਿੱਧ ਭੀ ਮਾਇਆ ਵਿਚ ਫਿਰਦੇ ਹਨ ॥੨॥

**ਛਿਅ ਜਤੀ ਮਾਇਆ ਕੇ ਬੰਦਾ ॥ ਨਵੈ ਨਾਥ ਸੂਰਜ ਅਰੁ ਚੰਦਾ ॥**

ਛੇ ਜਤੀ, ਨੌਂ ਨਾਥ ਤੇ ਸੂਰਜ ਚੰਦ (ਆਦਿਕ ਸਭ) ਮਾਇਆ ਦੇ ਦਾਸ ਹਨ।

**ਤਪੇ ਰਖੀਸਰ ਮਾਇਆ ਮਹਿ ਸੂਤਾ ॥**
**ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥੩॥**

ਰਿਖੀ ਤੇ ਰਿਖੀਆਂ ਦੇ ਸ੍ਵਾਮੀ ਭੀ ਮਾਯਾ ਵਿਚ ਸੁਤੇ ਹੋਏ ਹਨ। ਮੌਤ ਤੇ ਪੰਜੇ ਦੂਤ (ਕਾਮਾਦਿਕ) ਭੀ ਮਾਯਾ ਵਿਚ ਹਨ ॥੩॥

**ਸੁਆਨ ਸਿਆਲ ਮਾਇਆ ਮਹਿ ਰਾਤਾ ॥ ਬੰਤਰ ਚੀਤੇ ਅਰੁ ਸਿੰਘਾਤਾ ॥**

ਕੁੱਤੇ, (ਸਿਆਲ) ਗਿੱਦੜ, ਬਾਂਦਰ, ਚੀਤੇ ਤੇ ਸ਼ੇਰ (ਆਦਿਕ ਸਭ) ਮਾਯਾ ਵਿਚ ਰੱਤੇ ਹੋਏ ਹਨ।

**ਮਾਂਜਾਰ ਗਾਡਰ ਅਰੁ ਲੂਬਰਾ ॥ ਬਿਰਖ ਮੂਲ ਮਾਇਆ ਮਹਿ ਪਰਾ ॥੪॥**

[ਮਾਂਜਾਰ] ਬਿੱਲੇ, [ਗਾਡਰ] ਭੇਡਾਂ ਤੇ ਲੂੰਬੜ, ਦਰਖਤ (ਤੇ ਕੰਦ) ਮੂਲ (ਸਭ) ਮਾਯਾ ਵਿਚ ਪਏ ਹੋਏ ਹਨ ॥੪॥

**ਮਾਇਆ ਅੰਤਰਿ ਭੀਨੇ ਦੇਵ ॥ ਸਾਗਰ ਇੰਦ੍ਰਾ ਅਰੁ ਧਰਤੇਵ ॥**

ਤਿੰਨੇ ਦੇਵਤੇ ਸਮੁੰਦਰ, ਇੰਦ੍ਰ ਤੇ ਧਰਤੀ ਏਹ ਭੀ ਮਾਇਆ ਵਿਚ ਹੀ ਹਨ।

**ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥**

**ਤਬ ਛੂਟੇ ਜਬ ਸਾਧੂ ਪਾਇਆ ॥੫॥੫॥੧੩॥**

ਕਬੀਰ ਜੀ ਆਖਦੇ ਹਨ, ਜਿਸਨੂੰ [ਉਦਰੁ] ਪੇਟ (ਲਗਾ ਹੋਇਆ) ਹੈ, ਉਸਨੂੰ ਮਾਇਆ (ਲੱਗੀ ਹੋਈ) ਹੈ। ਜਦ ਸੰਤ ਮਿਲ ਜਾਣ ਤਾਂ (ਮਾਇਆ ਤੋਂ) ਛੁਟਕਾਰਾ ਹੁੰਦਾ ਹੈ ॥੫॥੫॥੧੩॥

**ਜਬ ਲਗੁ ਮੇਰੀ ਮੇਰੀ ਕਰੈ ॥ ਤਬ ਲਗੁ ਕਾਜੁ ਏਕੁ ਨਹੀ ਸਰੈ ॥**

ਜਦ ਤਕ (ਪੁਰਸ਼) ਮੇਰੀ ਮੇਰੀ ਕਰਦਾ ਹੈ, ਤਦ ਤਕ (ਇਸ ਦਾ) ਇਕ ਕੰਮ ਭੀ ਨਹੀਂ ਸੌਰਦਾ।

**ਜਬ ਮੇਰੀ ਮੇਰੀ ਮਿਟਿ ਜਾਇ ॥ ਤਬ ਪ੍ਰਭ ਕਾਜੁ ਸਵਾਰਹਿ ਆਇ ॥੧॥**

ਜਦ ਮੇਰੀ ਮੇਰੀ ਦੂਰ ਹੋ ਜਾਂਦੀ ਹੈ, ਓਦੋਂ ਪ੍ਰਭੂ ਆ ਕੇ ਕੰਮ ਸਵਾਰਦਾ ਹੈ ॥੧॥

**ਐਸਾ ਗਿਆਨੁ ਬਿਚਾਰੁ ਮਨਾ ॥ ਹਰਿ ਕੀ ਨ ਸਿਮਰਹੁ ਦੁਖ ਭੰਜਨਾ ॥੧॥ ਰਹਾਉ ॥**

ਹੇ ਮਨ! ਏਹੋ ਗਿਆਨ ਵੀਚਾਰ ਲੈ। ਦੁਖ ਨਾਸ ਕਰਨ ਵਾਲੇ ਹਰੀ ਨੂੰ ਤੂੰ ਕਿਉਂ ਨਹੀਂ ਯਾਦ ਕਰਦਾ? ॥੧॥ ਰਹਾਉ ॥

**ਜਬ ਲਗੁ ਸਿੰਘੁ ਰਹੈ ਬਨ ਮਾਹਿ ॥ ਤਬ ਲਗੁ ਬਨੁ ਫੂਲੈ ਹੀ ਨਾਹਿ ॥**

ਜਿੰਨਾ ਚਿਰ (ਹੰਕਾਰ ਰੂਪ) ਸ਼ੇਰ (ਅੰਤਹਕਰਣ ਰੂਪ) ਜੰਗਲ ਵਿਚ ਰਹਿੰਦਾ ਹੈ ਓਨਾ ਚਿਰ (ਸ਼ੁਭ ਗੁਣਾਂ ਦਾ) ਬਾਗ ਖਿੜਦਾ ਹੀ ਨਹੀਂ ਹੈ।

**ਜਬ ਹੀ ਸਿਆਰੁ ਸਿੰਘ ਕਉ ਖਾਇ ॥ ਫੂਲਿ ਰਹੀ ਸਗਲੀ ਬਨਰਾਇ ॥੨॥**

ਜਦੋਂ (ਨਿਮ੍ਰਤਾ ਰੂਪ) [ਸਿਆਰੁ] ਸਲਭਾ ਸ਼ੇਰ ਨੂੰ ਖਾ ਲਵੇ, ਤਾਂ ਸਾਰਾ ਬਾਗ ਖਿੜ ਜਾਂਦਾ ਹੈ ॥੨॥

**ਜੀਤੋ ਬੂਡੈ ਹਾਰੋ ਤਿਰੈ ॥ ਗੁਰ ਪਰਸਾਦੀ ਪਾਰਿ ਉਤਰੈ ॥**

(ਆਪਨੇ ਆਪ ਨੂੰ) ਜਿੱਤਿਆ (ਮੰਨਣ ਵਾਲਾ) ਡੁੱਬਦਾ ਹੈ ਅਤੇ ਹਾਰ (ਮੰਨਣ ਵਾਲਾ) ਤਰ ਜਾਂਦਾ ਹੈ। ਗੁਰਾਂ ਦੀ ਕ੍ਰਿਪਾ (ਜਿਸ ਉਤੇ ਹੋਈ ਹੈ, ਉਹ ਸੰਸਾਰ ਸਮੁੰਦਰ ਤੋਂ) ਪਾਰ ਲੰਘਦਾ ਹੈ।

**ਦਾਸੁ ਕਬੀਰੁ ਕਹੈ ਸਮਝਾਇ ॥ ਕੇਵਲ ਰਾਮ ਰਹਹੁ ਲਿਵ ਲਾਇ ॥੩॥੬॥੧੪॥**

ਕਬੀਰ ਦਾਸ ਸਮਝਾ ਕੇ ਆਖਦਾ ਹੈ, (ਕਿ) ਇਕ ਰਾਮ ਨਾਲ ਹੀ ਪ੍ਰੀਤਿ ਲਾਈ ਰਖੋ ॥੩॥੬॥੧੪॥

**ਸਤਰਿ ਸੈਇ ਸਲਾਰ ਹੈ ਜਾ ਕੇ ॥ ਸਵਾ ਲਾਖੁ ਪੈਕਾਬਰ ਤਾ ਕੇ ॥**

ਜਿਸ ਦੇ (ਦਰਬਾਰ ਵਿਚ) ਸੱਤਰ ਸੈਂ [ਸਲਾਰ] ਸਰਦਾਰ ਹਨ। ਉਸੇ ਦੇ (ਹੁਕਮ ਵਿਚ) ਸਵਾ ਲੱਖ ਪੈਗੰਬਰ ਹਨ ॥੧॥

**ਸੇਖ ਜੁ ਕਹੀਅਹਿ ਕੋਟਿ ਅਠਾਸੀ ॥ ਛਪਨ ਕੋਟਿ ਜਾ ਕੇ ਖੇਲ ਖਾਸੀ ॥੧॥**

ਅਠਾਸੀ ਕ੍ਰੋੜ (ਉਥੇ) ਸ਼ੇਖ ਕਹੇ ਜਾਂਦੇ ਹਨ, ਅਤੇ ਛਿਵੰਜਾ ਕ੍ਰੋੜ ਜਿਸ ਦੇ [ਖੇਲ ਖਾਸੀ] ਮੁਸਾਹਿਬ ਹਨ ॥੧॥

**ਮੋ ਗਰੀਬ ਕੀ ਕੋ ਗੁਜਰਾਵੈ ॥ ਮਜਲਸਿ ਦੂਰਿ ਮਹਲੁ ਕੋ ਪਾਵੈ ॥੧॥ ਰਹਾਉ ॥**

ਮੈਂ ਗ਼ਰੀਬ ਦੀ (ਉਥੇ) ਕੌਣ ਅਰਜ਼ ਕਰੇਗਾ ? ਦਰਬਾਰ ਦੂਰ ਹੈ, ਕੋਈ (ਵਿਰਲਾ ਹੀ ਉਸ ਦੇ) ਮਹੱਲ ਤਕ ਪਹੁੰਚਦਾ ਹੈ ॥੧॥ ਰਹਾਉ ॥

**ਤੇਤੀਸ ਕਰੋੜੀ ਹੈ ਖੇਲ ਖਾਨਾ ॥ ਚਉਰਾਸੀ ਲਖ ਫਿਰੈ ਦਿਵਾਨਾਂ ॥**

ਤੇਤੀ ਕ੍ਰੋੜੀ (ਜਿਸ ਦੇ) ਖੇਡਣ (ਵਾਲੇ) [ਖਾਨਾ] ਮਕਾਨ ਹਨ। ਚੁਰਾਸੀ ਲੱਖ ਦਿਵਾਨੇ (ਜਿਸ ਦੇ ਦਰਬਾਰ ਵਿਚ) ਫਿਰਦੇ ਹਨ।

**ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ ॥**
**ਉਨਿ ਭੀ ਭਿਸਤਿ ਘਨੇਰੀ ਪਾਈ ॥੨॥**

ਬਾਬਾ ਆਦਮ ਨੂੰ (ਉਸ ਨੇ ਸੂਝ ਵਾਲੀ) ਥੋੜ੍ਹੀ ਨਜ਼ਰ ਦਿੱਤੀ, ਤਾਂ ਉਹ ਭੀ ਬਹਿਸ਼ਤ (ਸੁਰਗ) ਵਿਚ ਬਹੁਤ ਚਿਰ ਰਿਹਾ*।

**ਦਿਲ ਖਲਹਲੁ ਜਾ ਕੈ ਜਰਦ ਰੂ ਬਾਨੀ ॥ ਛੋਡਿ ਕਤੇਬ ਕਰੈ ਸੈਤਾਨੀ ॥**

ਜਿਨ੍ਹਾਂ ਦੇ ਦਿਲ ਵਿਚ [ਖਲਹਲੁ] ਸ਼ੱਕ ਹੈ। (ਉਨ੍ਹਾਂ ਦੇ) [ਰੂ ਬਾਨੀ] ਚੇਹਰੇ ਦਾ ਰੰਗ [ਜਰਦ] ਪੀਲਾ ਹੈ, (ਕਿਉਂਕਿ ਉਹ) ਕਿਤਾਬਾਂ (ਦੀ ਸਿਖਯਾ) ਛੱਡ ਕੇ ਸ਼ੈਤਾਨੀ (ਕੰਮ) ਕਰਦੇ ਹਨ।

**ਦੁਨੀਆ ਦੋਸੁ ਰੋਸੁ ਹੈ ਲੋਈ ॥ ਅਪਨਾ ਕੀਆ ਪਾਵੈ ਸੋਈ ॥੩॥**

ਗੁਨਾਹ ਦੁਨੀਆਂ (ਦਾ ਆਪਣਾ ਹੈ, ਅਤੇ) ਰੋਸ [ਲੋਈ=ਪ੍ਰਕਾਸ਼ਤ] ਰੱਬ (ਨੂੰ ਦੇਂਦੇ) ਹਨ। (ਜੋ ਅਜੇਹੇ ਹਨ) ਉਹ ਆਪਣਾ ਕੀਤਾ (ਆਪੇ) ਪਾਣਗੇ ॥੩॥

**ਤੁਮ ਦਾਤੇ ਹਮ ਸਦਾ ਭਿਖਾਰੀ ॥ ਦੇਉ ਜਬਾਬੁ ਹੋਇ ਬਜਗਾਰੀ ॥**

ਤੁਸੀਂ ਦਾਤੇ ਹੋ, ਅਸੀਂ ਸਦਾ ਹੀ (ਆਪ ਤੋਂ) ਮੰਗਦੇ ਹਾਂ, ਅਤੇ [ਬਜਗਾਰੀ] ਢੀਠ ਹੋ ਕੇ (ਆਪ ਦੇ ਸਾਹਮਣੇ) ਜਵਾਬ ਭੀ ਦੇਂਦੇ ਹਾਂ।

---

** ਇਥੇ ਕਟਾਖਸ਼ ਹੈ, ਜੋ ਛੇਤੀ ਹੀ ਬਹਿਸ਼ਤ ਤੋਂ ਡਿੱਗਾ (ਸਾਖੀ ਵੇਖੋ ਗੁਰ ਸ਼ਬਦ ਰਤਨਾਕਰ ਕੋਸ਼ ਆਦਮ ਪਦ ਵਿਆਖਿਆ)।*

Sri Satguru Jagjit Singh Ji eLibrary NamdhariElibrary@gmail.com

**ਦਾਸੁ ਕਬੀਰੁ ਤੇਰੀ ਪਨਹ ਸਮਾਨਾਂ ॥**
**ਭਿਸਤੁ ਨਜੀਕਿ ਰਾਖੁ ਰਹਮਾਨਾ ॥੪॥੭॥੧੫॥**

ਦਾਸ ਕਬੀਰ ਤੇਰੀ ਓਟ ਵਿਚ ਆਇਆ ਹੈ, ਹੇ [ਰਹਮਾਨਾ] ਦਯਾ ਕਰਨ ਵਾਲੇ ! (ਮੈਨੂੰ) ਸੁਰਗ ਦੇ ਨੇੜੇ ਰੱਖ ॥੪॥੭॥੧੫॥

**ਸਭੁ ਕੋਈ ਚਲਨ ਕਹਤ ਹੈ ਊਹਾਂ ॥**
**ਨਾ ਜਾਨਉ ਬੈਕੁੰਠੁ ਹੈ ਕਹਾਂ ॥੧॥ ਰਹਾਉ ॥**

ਸਭ ਕੋਈ ਉਥੇ ਜਾਣ ਨੂੰ ਆਖਦਾ ਹੈ, (ਮੈਂ) ਨਹੀਂ ਜਾਣਦਾ (ਜੋ ਉਹ) ਬੈਕੁੰਠ ਕਿਥੇ ਹੈ ? ॥੧॥ ਰਹਾਉ ॥

**ਆਪ ਆਪ ਕਾ ਮਰਮੁ ਨ ਜਾਨਾਂ ॥ ਬਾਤਨ ਹੀ ਬੈਕੁੰਠੁ ਬਖਾਨਾਂ ॥੧॥**

ਆਪਣੇ ਆਪ ਦਾ ਭੇਦ ਤਾਂ ਜਾਣਿਆ ਨਹੀਂ, ਗੱਲਾਂ ਕਰਕੇ ਹੀ ਬੈਕੁੰਠ (ਜਾਇਆ ਚਾਹੁੰਦਾ ਹੈ) ॥੧॥

**ਜਬ ਲਗੁ ਮਨ ਬੈਕੁੰਠ ਕੀ ਆਸ ॥ ਤਬ ਲਗੁ ਨਾਹੀ ਚਰਨ ਨਿਵਾਸ ॥੨॥**

ਜਿੰਨਾ ਚਿਰ ਮਨ ਵਿਚ ਬੈਕੁੰਠ (ਜਾਣ) ਦੀ ਆਸ ਹੈ, ਉੱਨਾ ਚਿਰ ਵਾਹਿਗੁਰੂ ਦੇ ਚਰਨਾਂ ਵਿਚ ਵਾਸਾ ਨਹੀਂ ਹੁੰਦਾ ॥੨॥

**ਖਾਈ ਕੋਟੁ ਨ ਪਰਲ ਪਗਾਰਾ ॥ ਨਾ ਜਾਨਉ ਬੈਕੁੰਠ ਦੁਆਰਾ ॥੩॥**

(ਜਿਸ ਦੀ) ਖਾਈ, ਕੋਟ ਨਹੀਂ, (ਕੋਈ) ਗਾਰੇ ਦਾ ਲੇਪ (ਭੀ ਜਿਸ ਨੂੰ ਨਹੀਂ ਹੈ । ਮੈਂ) ਨਹੀਂ ਜਾਣਦਾ (ਜੋ ਉਸ) ਬੈਕੁੰਠ ਦਾ ਦਰਵਾਜ਼ਾ ਕਿਥੇ ਹੈ ? ॥੩॥

**ਕਹਿ ਕਮੀਰ ਅਬ ਕਹੀਐ ਕਾਹਿ ॥ ਸਾਧਸੰਗਤਿ ਬੈਕੁੰਠੈ ਆਹਿ ॥੪॥੮॥੧੬॥**

ਕਬੀਰ ਜੀ ਆਖਦੇ ਹਨ, ਹੁਣ ਕਿਸ ਨੂੰ (ਜਾ ਕੇ) ਆਖੀਏ ? (ਕਿ) ਸਾਧ ਸੰਗਤ ਹੀ ਬੈਕੁੰਠ [ਆਹਿ] ਹੈ ॥੪॥੮॥੧੬॥

**ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥**

ਹੇ ਭਾਈ ! (ਇਸ ਸਰੀਰ ਰੂਪ) [ਬੰਕਾ] ਪੱਕੇ ਕਿਲ੍ਹੇ ਨੂੰ ਕਿਵੇਂ ਜਿੱਤੀਏ ? (ਇਸ ਦੇ ਦੁਆਲੇ ਰਾਗ ਤੇ ਦੋਖ ਦਾ) ਦੂਹਰਾ ਕੋਟ ਹੈ ਤੇ (ਤਿੰਨਾਂ ਗੁਣਾਂ ਦੀ) ਤੀਹਰੀ ਖਾਈ ਹੈ ॥੧॥ ਰਹਾਉ ॥

**ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥**

ਪੰਜ (ਤੱਤ) ਪੰਝੀ (ਪ੍ਰਕ੍ਰਿਤੀਆਂ), ਮੋਹ, ਹੰਕਾਰ ਤੇ ਈਰਖਾ (ਏਹ ਸਭ ਫੌਜ ਹੈ, ਅਤੇ ਬਲਵਾਨ ਮਾਇਆ (ਇਨ੍ਹਾਂ ਦਾ) [ਆਡੀ] ਮੋਰਚਾ (ਖ਼ਾਡੀ) ਹੈ ।

**ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥**

(ਮੈਂ) ਦਾਸ ਗਰੀਬ ਦਾ (ਕੋਈ) ਜੋਰ ਨਹੀਂ ਚਲ ਸਕਦਾ, ਹੇ ਰਾਮ ! ਮੈਂ ਕੀ ਕਰਾਂ ॥੧॥

**ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥**

Sri Satguru Jagjit Singh Ji eLibrary NamdhariElibrary@gmail.com

ਕਾਮਨਾ (ਵਾਸ਼ਨਾ) ਤਖਤੇ ਹਨ, ਦੁਖ ਤੇ ਸੁਖ ਪਹਿਰੇਦਾਰ ਹਨ, ਪਾਪ ਤੇ ਪੁੰਨ (ਇਸ ਕਿਲ੍ਹੇ ਦਾ) ਦਰਵਾਜ਼ਾ ਹੈ।

**ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥**

ਵੱਡੇ-ਵੱਡੇ [ਦੁੰਦਰ] ਫਸਾਦ ਕਰਨ ਵਾਲਾ ਕ੍ਰੋਧ (ਇਸ ਕਿਲ੍ਹੇ ਦਾ ਪ੍ਰਧਾਨ ਹੈ, ਅਤੇ ਉਥੇ ਮਨ ਰਾਜਾ [ਮਾਵਾਸੀ] ਆਕੀ ਹੋਇਆ ਬੈਠਾ ਹੈ ॥੨॥

**ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥**

(ਜੀਭ ਦੇ) ਸਵਾਦ (ਹੀ ਮਨ ਰਾਜੇ ਨੇ) ਸੰਜੋਇ (ਪਾ ਕੇ) ਮਮਤਾ ਟੋਪ (ਸਿਰ ਉਤੇ ਪਾਇਆ ਹੋਇਆ ਹੈ, ਅਤੇ) ਖੋਟੀ ਬੁਧਿ (ਰੂਪ) ਕਮਾਨ ਖਿੱਚੀ ਹੋਈ ਹੈ।

**ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥**

(ਜੋ) ਹਿਰਦੇ ਵਿਚ ਤ੍ਰਿਸ਼ਨਾ ਰਹਿੰਦੀ (ਹੈ, ਏਹੋ ਉਸ ਕਮਾਨ ਵਿਚ) ਤੀਰ ਹੈ, ਇਸ ਕਰਕੇ (ਇਹ) ਕਿਲ੍ਹਾ ਜਿੱਤਿਆ ਨਹੀਂ ਜਾਂਦਾ ॥੩॥

**ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥**

ਜਦ ਸੁਰਤ ਦੀ [ਹਵਾਈ] ਤੋਪ ਨੂੰ ਪ੍ਰੇਮ ਦਾ [ਪਲੀਤਾ] ਤੋੜਾ ਲਾ ਕੇ ਗਿਆਨ ਦਾ ਗੋਲਾ ਮਾਰਿਆ।

**ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥**

(ਅਤੇ) ਸਹਜੇ ਹੀ ਬ੍ਰਹਮ ਅਗਨਿ ਬਾਲੀ (ਤਾਂ) ਇਕੋ ਚੋਟ (ਨਾਲ ਕਿਲ੍ਹਾ) ਢਾਹ ਲਿਆ, (ਅਰਥਾਤ ਦੇਹ ਹੰਕਾਰ ਮਿਟ ਗਿਆ) ॥੪॥

**ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥**

(ਫਿਰ) ਸਤ ਸੰਤੋਖ (ਆਦਿਕ ਸ਼ੁਭ ਗੁਣਾਂ ਨੂੰ ਨਾਲ) ਲੈ ਕੇ (ਆਸੁਰੀ ਸੰਪਦਾ ਦੇ ਗੁਣਾਂ ਨਾਲ) ਲੜਨ ਲਗਾ (ਅਤੇ ਪਾਪ ਪੁੰਨ ਰੂਪ) ਦਰਵਾਜ਼ਾ ਭੰਨ ਸੁਟਿਆ।

**ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥**

ਸਾਧ ਸੰਗਤਿ (ਦੇ ਪ੍ਰਤਾਪ) ਅਤੇ ਗੁਰਾਂ ਦੀ ਕ੍ਰਿਪਾ ਨਾਲ (ਇਸ) ਕਿਲ੍ਹੇ ਦੇ ਰਾਜੇ (ਮਨ) ਨੂੰ ਫੜ ਲਿਆ ਹੈ ॥੫॥

**ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥**

ਭਗਵੰਤ ਦੇ ਸਿਮਰਨ ਦੀ [ਸਕਤਿ] ਬਰਛੀ (ਨਾਲ ਮੈਂ) [ਭੀਰਿ] ਕਾਇਰ (ਪੁਰਸ਼) ਨੇ ਕਾਲ ਦੀ ਡਰਾਉਣੀ ਫਾਹੀ ਕੱਟ ਦਿੱਤੀ ਹੈ।

**ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥**

ਕਬੀਰ ਦਾਸ ਤਾਂ ਕਿਲ੍ਹੇ ਉਤੇ ਚੜ੍ਹ ਗਿਆ ਹੈ, ਅਤੇ ਅਬਿਨਾਸ਼ੀ ਰਾਜ ਲੈ ਲਿਆ ਹੈ ॥੬॥੯॥੧੭॥

***ਉਥਾਨਕਾ***—ਕਬੀਰ ਜੀ ਦੇ ਹੱਥ ਪੈਰ ਬੰਨ੍ਹ ਕੇ ਗੰਗਾ ਵਿਚ ਸੁਟਿਆ ਗਿਆ, ਗੰਗਾ ਦੀਆਂ ਲਹਿਰਾਂ

ਨਾਲ ਹੱਥਾਂ ਪੈਰਾਂ ਦੇ ਸੰਗਲ ਟੁਟ ਗਏ, ਇਕ ਫੱਟਾ ਵਿਚ ਰੁੜ੍ਹਿਆ ਆਉਂਦਾ ਭਗਤ ਜੀ ਨੂੰ ਮਿਲ ਪਿਆ, ਆਪ ਉਤੇ ਚੜ੍ਹ ਬੈਠੇ। ਓਹੀ ਪ੍ਰਸੰਗ ਇਸ ਸ਼ਬਦ ਵਿਚ ਪ੍ਰਗਟ ਕਰਦੇ ਹਨ :—

**ਗੰਗ ਗੁਸਾਇਨਿ ਗਹਿਰ ਗੰਭੀਰ ॥ ਜੰਜੀਰ ਬਾਂਧਿ ਕਰਿ ਖਰੇ ਕਬੀਰ ॥੧॥**

ਗੁਸਾਈਂ ਦੀ ਗੰਗਾ (ਜੋ) ਗਹਿਰ ਗੰਭੀਰ ਹੈ। ਕਬੀਰ ਨੂੰ ਜੰਜੀਰਾਂ ਨਾਲ ਬੰਨ੍ਹ ਕੇ (ਉਸ ਉਤੇ) ਲੈ ਗਏ ॥੧॥

**ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥**
**ਚਰਨ ਕਮਲ ਚਿਤੁ ਰਹਿਓ ਸਮਾਇ॥ ਰਹਾਉ॥**

(ਮੇਰਾ) ਮਨ ਨਹੀਂ ਡੋਲਦਾ ਸਰੀਰ ਨੂੰ ਕਿਉਂ ਡਰਾਉਂਦੇ ਹੋ ? (ਮੇਰਾ) ਚਿੱਤ (ਤਾਂ ਪ੍ਰਭੂ ਦੇ) ਚਰਨ ਕਮਲਾਂ ਵਿਚ ਲੱਗਾ ਹੋਇਆ ਹੈ ॥ ਰਹਾਉ ॥

**ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥**

ਗੰਗਾ ਦੀ ਲਹਿਰ (ਨਾਲ) ਮੇਰੇ (ਹੱਥਾਂ ਪੈਰਾਂ ਦੇ) ਸੰਗਲ ਟੁੱਟ ਗਏ, ਅਤੇ (ਮੈਂ) ਕਬੀਰ (ਫਟੇ ਰੂਪ) ਮ੍ਰਿਗਛਾਲਾ ਉਤੇ ਬੈਠ ਗਿਆ ॥੨॥

**ਕਹਿ ਕੰਬੀਰ ਕੋਊ ਸੰਗ ਨ ਸਾਥ ॥**
**ਜਲ ਥਲ ਰਾਖਨ ਹੈ ਰਘੁਨਾਥ ॥੩॥੧੦॥੧੮॥**

ਕਬੀਰ ਜੀ ਆਖਦੇ ਹਨ, (ਜਿਥੇ) ਕੋਈ ਸੰਗੀ ਨਾਲ ਨਹੀਂ (ਹੁੰਦਾ। ਉਥੇ) ਜਲਾਂ ਥਲਾਂ (ਵਿਚ) ਰਖਣ ਵਾਲਾ ਰਾਮ ਹੀ ਹੈ ॥੩॥੧੦॥੧੮॥

## ਭੈਰਉ ਕਬੀਰ ਜੀਉ ਅਸਟਪਦੀ ਘਰੁ ੨

*ੴ ਸਤਿਗੁਰ ਪ੍ਰਸਾਦਿ ॥*

**ਅਗਮ ਦ੍ਰੁਗਮ ਗੜਿ ਰਚਿਓ ਬਾਸ ॥ ਜਾ ਮਹਿ ਜੋਤਿ ਕਰੇ ਪਰਗਾਸ ॥**

[ਅਗਮ] ਨਿਰੰਕਾਰ (ਨੇ ਆਪਣੇ) ਵਸਨ ਦਾ ਕਿਲ੍ਹਾ (ਬੜਾ) ਦੁਰਗਮ ਬਣਾਇਆ ਹੈ (ਜਿਸ ਵਿਚ ਆਪਣੀ) ਜੋਤ ਦਾ ਚਾਨਣ ਕਰਦਾ ਹੈ।

**ਬਿਜੁਲੀ ਚਮਕੈ ਹੋਇ ਅਨੰਦੁ ॥ ਜਿਹ ਪਉੜ੍ਹੇ ਪ੍ਰਭ ਬਾਲ ਗੋਬਿੰਦ ॥੧॥**

(ਉਥੇ) ਬਿਜਲੀ ਦੇ ਪ੍ਰਕਾਸ਼, (ਜੇਹਾ) ਅਨੰਦ ਹੋ ਰਿਹਾ ਹੈ। ਜਿਥੇ ਬਾਲ ਗੋਬਿੰਦ ਪ੍ਰਭੂ (ਜੀ) [ਪਉੜ੍ਹੇ] ਬਿਰਾਜੇ ਹਨ ॥੧॥

**ਇਹੁ ਜੀਉ ਰਾਮ ਨਾਮ ਲਿਵ ਲਾਗੈ ॥**
**ਜਰਾ ਮਰਨੁ ਛੂਟੈ ਭ੍ਰਮੁ ਭਾਗੈ ॥੧॥ ਰਹਾਉ॥**

(ਜੇਕਰ) ਇਹ ਜੀਵ ਰਾਮ ਦੇ ਨਾਲ ਪ੍ਰੀਤ ਲਾਵੇ (ਤਾਂ ਇਸ ਦਾ) ਭਰਮ ਮਿਟ ਜਾਵੇਗਾ, (ਤੇ ਇਹ)

ਬੁਢੇਪੇ (ਤੇ) ਮਰਨ ਦੇ (ਦੁਖ ਤੋਂ) ਛੁਟ ਜਾਵੇਗਾ ॥੧॥ ਰਹਾਉ ॥

**ਅਬਰਨ ਬਰਨ ਸਿਉ ਮਨ ਹੀ ਪ੍ਰੀਤਿ ॥ ਹਉਮੈ ਗਾਵਨਿ ਗਾਵਹਿ ਗੀਤ ॥**

(ਜਿਸ ਦੇ) ਮਨ ਦੀ ਪ੍ਰੀਤ ਮੰਦੇ ਚੰਗੇ (ਕੰਮਾਂ) ਨਾਲ ਹੈ। (ਉਹ) ਹਉਮੈ ਦੇ ਗੁਣ ਗਾਉਂਦਾ ਹੈ।

**ਅਨਹਦ ਸਬਦ ਹੋਤ ਝੁਨਕਾਰ ॥ ਜਿਹ ਪਉੜੇ ਪ੍ਰਭ ਸ੍ਰੀ ਗੋਪਾਲ ॥੨॥**

(ਉਸ ਨੂੰ) ਅਨਾਹਦ ਸ਼ਬਦਾਂ (ਦਾ ਅਨੰਦ) ਇਕ ਰਸ ਹੋ ਰਿਹਾ ਹੈ। ਜਿਸ ਦੇ (ਹਿਰਦੇ ਵਿਚ) ਸ੍ਰੀ ਗੋਪਾਲ ਪ੍ਰਭੂ ਜੀ ਬਿਰਾਜਦੇ ਹਨ ॥੨॥

**ਖੰਡਲ ਮੰਡਲ ਮੰਡਲ ਮੰਡਾ ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ ॥**

(ਜਿਸ ਨੇ) [ਮੰਡਲ] ਗੋਲ (ਪ੍ਰਿਥਵੀ) ਮੰਡਲ (ਵਿਚ ਤੇ) ਖੰਡ [ਮੰਡਾ] ਬਣਾਏ ਹਨ। (ਫਿਰ ਉਨ੍ਹਾਂ) ਖੰਡਾਂ (ਵਿਚ ਆਪਣੇ ਕਿਲ੍ਹੇ ਸਰੀਰ ਵਿਚ) ਤਿੰਨਾਂ ਜਗ੍ਹਾਂ (ਨੇਤ੍ਰ, ਰਿਦਾ ਤੇ ਦਸਮ ਦਵਾਰ) ਵਿਚ ਤਿੰਨ (ਰੂਪ ਵਿਸ੍ਵ, ਤੇਜਸ, ਪ੍ਰਗਟ) ਹੋ ਕੇ ਤਿੰਨਾਂ ਅਵਸਥਾਂ—(ਜਾਗ੍ਰਤ, ਸੁਪਨ, ਸਖੋਪਤੀ) ਵਿਚ ਪ੍ਰਕਾਸ਼ ਕਰਦਾ ਹੈ।

**ਅਗਮ ਅਗੋਚਰੁ ਰਹਿਆ ਅਭ ਅੰਤ ॥ ਪਾਰੁ ਨ ਪਾਵੈ ਕੋ ਧਰਨੀਧਰ ਮੰਤ ॥੩॥**

(ਉਹ) ਅਗਮ ਅਗੋਚਰ ਮੇਰੇ [ਅਭ] ਹਿਰਦੇ ਅੰਦਰ (ਬਿਰਾਜ) ਰਿਹਾ ਹੈ। (ਜਿਸ ਦੇ ਨਾਮਾਂ ਦੇ) [ਪਾਰੁ] ਅੰਤ ਨੂੰ ਧਰਤੀ ਦੇ [ਧਰਮੰਤੇ] ਚੁਕਣ ਵਾਲਾ (ਸ਼ੇਸ਼ਨਾਗ) ਭੀ ਨਹੀਂ ਪਾ ਸਕਿਆ ॥੩॥

**ਕਦਲੀ ਪੁਹਪ ਧੂਪ ਪਰਗਾਸ ॥ ਰਜ ਪੰਕਜ ਮਹਿ ਲੀਓ ਨਿਵਾਸ ॥**

[ਕਦਲੀ] ਕੇਲੇ ਦੇ ਫੁਲ (ਉਤੇ) ਧੁਪ (ਪੈਣ ਤੇ ਜੇਹਾ ਪ੍ਰਕਾਸ਼ ਉਸ ਤੋਂ ਹੈ। ਉਜੇਹਾ) ਪ੍ਰਕਾਸ਼ (ਜਿਸ ਦਾ ਹੈ, ਅਤੇ ਜੋ) ਕਮਲ ਵਿਚ [ਰਜ] ਧੂੜੀ ਰੂਪ ਹੋ ਕੇ ਨਿਵਾਸ ਕਰਦਾ ਹੈ।

**ਦੁਆਦਸ ਦਲ ਅਭ ਅੰਤਰਿ ਮੰਤ ॥ ਜਹ ਪਉੜੇ ਸ੍ਰੀ ਕਮਲਾ ਕੰਤ ॥੪॥**

ਬਾਰਾਂ [ਦਲ] ਪੱਤਿਆਂ (ਵਾਲੇ) [ਅਭ] ਹਿਰਦੇ (ਕਮਲ) ਵਿਚ (ਉਸ ਦਾ) ਮੰਤ੍ਰ ਜਿਥੇ ਬਿਰਾਜਦਾ ਹੈ। (ਉਥੇ ਹੀ) ਸ੍ਰੀ ਲਛਮੀ ਜੀ ਦਾ ਪਤੀ (ਅਨੰਦ ਕਰਦਾ) ਹੈ ॥੪॥

**ਅਰਧ ਉਰਧ ਮੁਖਿ ਲਾਗੋ ਕਾਸੁ ॥ ਸੁੰਨ ਮੰਡਲ ਮਹਿ ਕਰਿ ਪਰਗਾਸੁ ॥**

ਹੇਠਾਂ ਉਤਾਂਹ (ਦੇ ਵੱਸਨ ਵਾਲੇ ਸਾਰੇ ਜੀਵਾਂ ਦੇ) ਮੂੰਹ (ਨੂੰ ਜਿਸ ਦੇ ਪ੍ਰੇਮ ਦਾ [ਕਾਸੁ] ਪਿਆਲਾ ਲਗਾ (ਹੋਇਆ ਹੈ। ਅਤੇ ਜੋ) [ਸੁੰਨ] ਅਫੁਰ ਸਥਾਨ ਵਿਚ (ਆਪਣਾ) ਚਾਨਣ ਕਰ (ਰਿਹਾ ਹੈ)।

**ਊਹਾਂ ਸੂਰਜ ਨਾਹੀ ਚੰਦ ॥ ਆਦਿ ਨਿਰੰਜਨੁ ਕਰੈ ਅਨੰਦ ॥੫॥**

ਉਥੇ ਸੂਰਜ ਤੇ ਚੰਦ੍ਰਮਾ (ਦੀ ਪਹੁੰਚ) ਨਹੀਂ ਹੈ, (ਇਕ) ਮਾਇਆ ਤੋਂ ਰਹਿਤ (ਤੇ ਸਾਰਿਆਂ ਦਾ) ਮੁੱਢ ਰੂਪ ਵਾਹਿਗੁਰੂ (ਹੀ ਉਥੇ) ਅਨੰਦ ਕਰਦਾ ਹੈ ॥੫॥

**ਸੋ ਬ੍ਰਹਮੰਡਿ ਪਿੰਡਿ ਸੋ ਜਾਨੁ ॥ ਮਾਨ ਸਰੋਵਰਿ ਕਰਿ ਇਸਨਾਨੁ ॥**

ਉਹ ਬ੍ਰਹਮੰਡ ਵਿਚ (ਵਿਆਪਕ ਹੈ) ਉਸੇ ਨੂੰ ਸਰੀਰ ਵਿਚ ਜਾਣ ਲੈ, (ਉਸ ਦੇ ਗਿਆਨ ਰੂਪ) ਮਾਨ ਸਰੋਵਰ ਵਿਚ ਇਸ਼ਨਾਨ ਕਰ ਲੈ।

**ਸੋਹੰ ਸੋ ਜਾ ਕਉ ਹੈ ਜਾਪ ॥ ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥੬॥**

[ਸੋਹੰ= ਹੰ-ਸੋ] ਜਿਸ ਦਾ ਜਾਪ ਹੈ ਅਤੇ ਜਿਸ ਨੂੰ ਪੁੰਨਾਂ ਤੇ ਪਾਪਾਂ ਦਾ ਲੇਪ ਨਹੀਂ ਹੁੰਦਾ ॥੬॥

**ਅਬਰਨ ਬਰਨ ਘਾਮ ਨਹੀ ਛਾਮ ॥ ਅਵਰ ਨ ਪਾਈਐ ਗੁਰ ਕੀ ਸਾਮ ॥**

(ਜੋ) ਵਰਨਾਂ ਤੋਂ ਰਹਿਤ ਹੈ, ਰੰਗ (ਰੂਪ ਭੀ ਜਿਸ ਦਾ ਨਹੀਂ ਤੇ) ਗਰਮੀ ਸਰਦੀ ਭੀ ਨਹੀਂ ਹੈ। ਗੁਰੂ ਦੀ ਸ਼ਰਣੀ (ਆਏ ਤੋਂ ਬਿਨਾਂ) ਹੋਰ (ਕਿਸੇ ਸਾਧਨ ਕਰਕੇ ਉਹ ਵਾਹਿਗੁਰੂ) ਨਹੀਂ ਮਿਲਦਾ।

**ਟਾਰੀ ਨ ਟਰੈ ਆਵੈ ਨ ਜਾਇ ॥ ਸੁੰਨ ਸਹਜ ਮਹਿ ਰਹਿਓ ਸਮਾਇ ॥੭॥**

(ਜਿਸ ਦੀ ਪ੍ਰੀਤ) ਹਟਾਈ ਨਹੀਂ ਹਟਦੀ, (ਤੇ ਮਨ ਵਿਚ ਕੋਈ ਸੰਕਲਪ ਔਂਦਾ ਜਾਂਦਾ ਨਹੀਂ ਹੈ। (ਉਹ) ਅਫੁਰ [ਸਹਜ] ਗਿਆਨ ਵਿਚ ਸਮਾਈ (ਕਰ) ਰਿਹਾ ਹੈ ॥੭॥

**ਮਨ ਮਧੇ ਜਾਨੈ ਜੇ ਕੋਇ ॥ ਜੋ ਬੋਲੈ ਸੋ ਆਪੈ ਹੋਇ ॥**

ਜੇਹੜਾ ਕੋਈ ਮਨ (ਉਸ ਨੂੰ) ਜਾਣਦਾ ਹੈ। ਜੋ (ਉਸ ਦਾ ਨਾਮ) ਜਪਦਾ ਹੈ, ਉਹ ਆਪ (ਹੀ ਉਸ ਦਾ ਰੂਪ) ਹੋ ਜਾਂਦਾ ਹੈ।

**ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥ ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥**

(ਜੋ) ਪ੍ਰਕਾਸ਼ ਰੂਪ (ਵਾਹਿਗੁਰੂ ਦੇ ਨਾਮ) ਮੰਤ੍ਰ ਨੂੰ ਮਨ ਵਿਚ ਅਚਲ ਕਰਦਾ ਹੈ, ਕਬੀਰ ਜੀ ਆਖਦੇ ਹਨ, ਉਹ ਪੁਰਸ਼ (ਸੰਸਾਰ ਸਮੁੰਦਰ ਤੋਂ) ਤਰ ਜਾਵੇਗਾ ॥੮॥੧॥

SIKHBOOKCLUB.COM

**ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥**

ਕ੍ਰੋੜਾਂ ਸੂਰਜ ਜਿਸ ਦੇ (ਦਰਬਾਰ ਵਿਚ) ਚਾਨਣ (ਕਰਦੇ ਹਨ)। ਕ੍ਰੋੜਾਂ ਸ਼ਿਵਜੀ ਤੇ ਕੈਲਾਸ਼ (ਉਥੇ ਹਨ)।

**ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥੧॥**

ਕ੍ਰੋੜਾਂ ਦੇਵੀਆਂ ਜਿਸ ਦੇ ਚਰਨ ਝਸਦੀਆਂ ਹਨ। ਕ੍ਰੋੜਾਂ ਬ੍ਰਹਮਾ (ਜਿਸ ਦੇ ਦਰ ਤੇ) ਵੇਦ ਪੜ੍ਹਦੇ ਹਨ ॥੧॥

**ਜਉ ਜਾਚਉ ਤਉ ਕੇਵਲ ਰਾਮ ॥ ਆਨ ਦੇਵ ਸਿਉ ਨਾਹੀ ਕਾਮ ॥੧॥ ਰਹਾਉ ॥**

ਜਦੋਂ ਮੰਗਦਾ ਹਾਂ ਓਦੋਂ ਇਕ ਰਾਮ (ਤੋਂ ਹੀ ਮੰਗਦਾ ਹਾਂ। ਹੋਰ ਦੇਵਤੇ ਨਾਲ (ਮੇਰਾ ਕੋਈ) ਕੰਮ ਨਹੀਂ ਹੈ ॥੧॥ ਰਹਾਉ ॥

**ਕੋਟਿ ਚੰਦ੍ਰਮੇ ਕਰਹਿ ਚਰਾਕ ॥ ਸੁਰ ਤੇਤੀਸਉ ਜੇਵਹਿ ਪਾਕ ॥**

ਕ੍ਰੋੜਾਂ ਚੰਦ੍ਰਮਾ (ਜਿਸ ਦੇ ਦਰਬਾਰ ਵਿਚ) [ਚਰਾਕ] ਰੋਸ਼ਨੀ ਕਰਦੇ ਹਨ। ਤੇਤੀ ਕ੍ਰੋੜ ਦੇਵਤੇ [ਪਾਕ] ਭੋਜਨ ਛਕਾਂਦੇ ਹਨ।

**ਨਵ ਗ੍ਰਹ ਕੋਟਿ ਠਾਢੇ ਦਰਬਾਰ ॥ ਧਰਮ ਕੋਟਿ ਜਾ ਕੈ ਪ੍ਰਤਿਹਾਰ ॥੨॥**

ਕ੍ਰੋੜਾਂ ਹੀ ਨੌਂ ਗ੍ਰਹ (ਜਿਸਦੇ) ਦਰਬਾਰ ਵਿਚ ਖੜੇ ਹਨ। ਕ੍ਰੋੜਾਂ ਹੀ ਧਰਮ ਰਾਜੇ ਜਿਸ ਦੇ [ਪ੍ਰਤਿਹਾਰ] ਦਰਬਾਰ ਹਨ ॥੨॥

**ਪਵਨ ਕੋਟਿ ਚਉਬਾਰੇ ਫਿਰਹਿ ॥ ਬਾਸਕ ਕੋਟਿ ਸੇਜ ਬਿਸਥਰਹਿ ॥**

ਕ੍ਰੋੜਾਂ ਪੌਣਾਂ (ਜਿਸ ਦੇ) [ਚਉਬਾਰੇ] ਦਰਬਾਰ (ਦੀ ਸਫਾਈ ਕਰਨ ਲਈ) ਫਿਰਦੀਆਂ ਹਨ । ਕ੍ਰੋੜਾਂ ਬਾਸਕ (ਨਾਗ, ਜਿਸ ਦੀ) ਸੇਜਾ ਵਿਛਾਉਂਦੇ ਹਨ ।

**ਸਮੁੰਦ ਕੋਟਿ ਜਾ ਕੇ ਪਾਨੀਹਾਰ ॥ ਰੋਮਾਵਲਿ ਕੋਟਿ ਅਠਾਰਹ ਭਾਰ ॥੩॥**

ਕ੍ਰੋੜਾਂ ਸਮੁੰਦਰ ਜਿਸ ਦੇ (ਦਰ ਤੇ) ਪਾਣੀ ਭਰਦੇ ਹਨ । ਕ੍ਰੋੜਾਂ [ਅਠਾਰਹ ਭਾਰ] ਬਨਾਸਪਤੀਆਂ (ਜਿਸ ਦੇ) [ਰੋਮਾਵਲਿ] ਸਰੀਰ ਦੇ ਵਾਲ ਹਨ ॥੩॥

**ਕੋਟਿ ਕਮੇਰ ਭਰਹਿ ਭੰਡਾਰ ॥ ਕੋਟਿਕ ਲਖਿਮੀ ਕਰੈ ਸੀਗਾਰ ॥**

ਕ੍ਰੋੜਾਂ ਕੁਮੇਰ (ਹੀ ਜਿਸ ਦਾ) ਖਜ਼ਾਨਾ ਭਰੇ ਹੋਏ ਹਨ । ਕ੍ਰੋੜਾਂ ਲਛਮੀਆਂ (ਜਿਸਨੂੰ ਖੁਸ਼ ਕਰਨ ਲਈ) ਸ਼ਿੰਗਾਰ ਕਰਦੀਆਂ ਹਨ ।

**ਕੋਟਿਕ ਪਾਪ ਪੁੰਨ ਬਹੁ ਹਿਰਹਿ ॥ ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ ॥੪॥**

ਕ੍ਰੋੜਾਂ ਤੋਂ ਭੀ ਬਹੁਤੇ ਪਾਪ ਪੁੰਨ (ਜਿਸ ਦੇ ਦਰ ਤੇ) ਦਿਸਦੇ ਹਨ । ਜਿਸ ਦੇ ਦਰ ਤੇ ਕ੍ਰੋੜਾਂ ਹੀ ਇੰਦ੍ਰ ਸੇਵਾ ਕਰਦੇ ਹਨ ॥੪॥

**ਛਪਨ ਕੋਟਿ ਜਾ ਕੈ ਪ੍ਰਤਿਹਾਰ ॥ ਨਗਰੀ ਨਗਰੀ ਖਿਅਤ ਅਪਾਰ ॥**

ਛਿਵੰਜਾ ਕ੍ਰੋੜ (ਬਦਲ) ਜਿਸਦੇ (ਦਰਬਾਰ ਵਿਚ) [ਪ੍ਰਤਿਹਾਰ] ਖਿਡਾਵੇ ਹਨ । (ਉਹ) ਅਪਾਰ ਪਿੰਡ-ਪਿੰਡ (ਸਾਰੇ ਸਰੀਰਾਂ) ਵਿਚ [ਖਿਅਤ] ਪ੍ਰਕਾਸ਼ ਕਰ ਰਿਹਾ ਹੈ ।

**ਲਟ ਛੂਟੀ ਵਰਤੇ ਬਿਕਰਾਲ ॥ ਕੋਟਿ ਕਲਾ ਖੇਲੈ ਗੋਪਾਲ ॥੫॥**

ਜਿਸ ਦੇ ਹੁਕਮ ਵਿਚ ਸਿਰ ਖੋਹਲੀ ਡਰਾਉਣੀ ਰੂਪ ਵਾਲੀ ਮੌਤ ਸਾਰੇ ਸੰਸਾਰ ਵਿਚ ਫਿਰ ਰਹੀ ਹੈ । (ਉਹ) ਗੋਪਾਲ ਕ੍ਰੋੜਾਂ [ਕਲਾ] ਸ਼ਕਤੀਆਂ ਸਪੰਨ (ਹੋ ਕੇ ਜਗਤ ਵਿਚ) ਖੇਡ ਰਿਹਾ ਹੈ ॥੫॥

**ਕੋਟਿ ਜਗ ਜਾ ਕੈ ਦਰਬਾਰ ॥ ਗੰਧ੍ਰਬ ਕੋਟਿ ਕਰਹਿ ਜੈਕਾਰ ॥**

ਜਿਸ ਦੇ ਦਰਬਾਰ ਵਿਚ ਕ੍ਰੋੜਾਂ ਹੀ ਜਗ ਹਨ । ਕਰੋੜਾਂ ਹੀ ਗੰਧਰਬ (ਜਿਸ ਨੂੰ) ਨਮਸ਼ਕਾਰ ਕਰਦੇ ਹਨ।

**ਬਿਦਿਆ ਕੋਟਿ ਸਭੈ ਗੁਨ ਕਹੈ ॥ ਤਊ ਪਾਰਬ੍ਰਹਮ ਕਾ ਅੰਤੁ ਨ ਲਹੈ ॥੬॥**

ਸਾਰੀਆਂ ਵਿਦਯਾ (ਜਿਸ ਦੇ) ਕਰੋੜਾਂ ਗੁਣ ਆਖਦੀਆਂ ਹਨ । ਫਿਰ ਭੀ (ਉਸ) ਪਾਰਬ੍ਰਹਮ ਦਾ ਅੰਤ ਨਹੀਂ ਪਾ ਸਕਦੀਆਂ ॥੬॥

**ਬਾਵਨ ਕੋਟਿ ਜਾ ਕੈ ਰੋਮਾਵਲੀ ॥ ਰਾਵਨ ਸੈਨਾ ਜਹ ਤੇ ਛਲੀ ॥**

ਕਰੋੜਾਂ ਹੀ ਬਾਵਨ (ਅਵਤਾਰ) ਜਿਸ ਦੇ ਰੋਮਾਂ ਤੋਂ ਹੋਏ ਹਨ । ਜਿਸ ਨੇ ਰਾਵਨ ਦੀ ਸੈਨਾ ਨਾਸ ਕੀਤੀ ਹੈ, (ਉਹ ਰਾਮ ਭੀ ਅਨੇਕਾਂ ਹਨ) ।

**ਸਹਸ ਕੋਟਿ ਬਹੁ ਕਹਤ ਪੁਰਾਨ ॥ ਦੁਰਜੋਧਨ ਕਾ ਮਥਿਆ ਮਾਨੁ ॥੭॥**

ਕਰੋੜਾਂ ਤੋਂ ਭੀ ਬਹੁਤੇ ਪੁਰਾਨ ਰਚਨ ਵਾਲੇ (ਬਿਆਸ ਜੀ ਉਸ ਦੇ ਦਰਬਾਰ ਵਿਚ ਹਨ) ਦੁਰਯੋਧਨ

Sri Satguru Jagjit Singh Ji eLibrary NamdhariElibrary@gmail.com

ਦਾ ਹੰਕਾਰ (ਜਿਸ ਨੇ) ਦੂਰ ਕੀਤਾ ਹੈ, (ਉਹ ਕ੍ਰਿਸ਼ਨ ਭੀ ਉਸ ਦੇ ਦਰ ਤੇ ਕਿੰਨੇ ਹਨ) ॥੭॥

**ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ ॥ ਅੰਤਰ ਅੰਤਰਿ ਮਨਸਾ ਹਰਹਿ ॥**

ਜਿਸ ਦੀ (ਸੁੰਦਰਤਾਈ ਦੇ) [ਲਵੈ] ਬਰਾਬਰ ਕਰੋੜਾਂ ਹੀ [ਕੰਦ੍ਰਪ] ਕਾਮ ਦੇਵ ਨਹੀਂ ਪੁੱਜ ਸਕਦੇ। (ਉਹ ਨਿਰੰਕਾਰ) ਅੰਦਰ (ਵਸ ਕੇ) ਅੰਦਰੋਂ [ਮਨਸਾ] ਸੰਸਾਰਕ ਬੁਧੀ ਦੂਰ ਕਰ ਦੇਂਦਾ ਹੈ।

**ਕਹਿ ਕਬੀਰ ਸੁਨਿ ਸਾਰਿਗਪਾਨ ॥**
**ਦੇਹਿ ਅਭੈ ਪਦੁ ਮਾਂਗਉ ਦਾਨ ॥੮॥੨॥੧੮॥੨੦॥**

ਕਬੀਰ ਜੀ ਆਖਦੇ ਹਨ, ਹੇ [ਸਾਰਿਗਪਾਨ] ਨਿਰੰਕਾਰ! (ਮੇਰੀ ਬੇਨਤੀ) ਸੁਣ, (ਮੈਂ ਏਹੁ) ਦਾਨ ਮੰਗਦਾ ਹਾਂ, (ਜੋ ਮੈਨੂੰ) ਅਭੈ ਪਦ ਦੇਹੁ ॥੮॥੨॥੧੮॥੨੦॥

## ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧

*ੴ ਸਤਿਗੁਰ ਪ੍ਰਸਾਦਿ ॥*

**ਰੇ ਜਿਹਬਾ ਕਰਉ ਸਤ ਖੰਡ ॥ ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥੧॥**

ਹੇ ਜੀਭ! ਜੇਕਰ (ਤੂੰ) ਗੋਬਿੰਦ ਦੀ [ਸ੍ਰੀ= ਸੋਭਾ] ਸਿਫਤ ਨ ਉਚਾਰੇਂਗੀ, (ਤਾਂ ਮੈਂ ਤੇਰੇ) ਸੌ [ਖੰਡ] ਟੋਟੇ ਕਰ ਦੇਵਾਂਗਾ ॥੧॥

SIKHBOOKCLUB.COM

**ਰੰਗੀ ਲੇ ਜਿਹਬਾ ਹਰਿ ਕੈ ਨਾਇ ॥**
**ਸੁਰੰਗ ਰੰਗੀਲੇ ਹਰਿ ਹਰਿ ਧਿਆਇ ॥੧॥ ਰਹਾਉ ॥**

(ਮੈਂ ਤਾਂ) ਹਰੀ ਦੇ ਨਾਮ (ਵਿਚ) ਜੀਭ ਰੰਗ ਲਈ ਹੈ। ਹਰਿ ਹਰਿ (ਨਾਮ) ਜਪਨ (ਰੂਪ) ਚੰਗੇ ਰੰਗ (ਵਿਚ ਜੀਭ) ਰੰਗ ਲਈ ਹੈ ॥੧॥ ਰਹਾਉ ॥

**ਮਿਥਿਆ ਜਿਹਬਾ ਅਵਰੇਂ ਕਾਮ ॥ ਨਿਰਬਾਣ ਪਦੁ ਇਕੁ ਹਰਿ ਕੋ ਨਾਮੁ ॥੨॥**

ਹੋਰਨਾਂ ਕੰਮਾਂ (ਵਿਚ ਲਗੀ) ਜੀਭ ਨਿਕੰਮੀ ਹੈ। ਇਕ ਹਰੀ ਦਾ ਨਾਮ ਹੀ ਨਿਰਬਾਣ ਪਦ (ਦੇਣ ਵਾਲਾ ਹੈ) ॥੨॥

**ਅਸੰਖ ਕੋਟਿ ਅਨ ਪੂਜਾ ਕਰੀ ॥ ਏਕ ਨ ਪੂਜਸਿ ਨਾਮੈ ਹਰੀ ॥੩॥**

ਕਰੋੜਾਂ ਅਸੰਖ ਵੇਰੀ ਹੋਰਨਾਂ ਦੀ ਪੂਜਾ ਕੀਤੀ (ਜਾਵੇ ਤਾਂ ਉਹ) ਇਕ (ਵੇਰੀ) ਹਰਿ ਨਾਮ (ਦੇ ਆਖੇ ਦੇ ਬਰਾਬਰ) ਨਹੀਂ ਪੁੱਜਾ ਸਕਦੀ ॥੩॥

**ਪ੍ਰਣਵੈ ਨਾਮਦੇਉ ਇਹੁ ਕਰਣਾ ॥ ਅਨੰਤ ਰੂਪ ਤੇਰੇ ਨਾਰਾਇਣਾ ॥੪॥੧॥**

ਨਾਮਦੇਵ ਜੀ ਬੇਨਤੀ ਕਰਦੇ ਹਨ, ਕਿ ਹੇ ਨਾਰਾਇਣ! ਤੇਰੇ (ਜੋ) ਅਨੰਤ ਰੂਪ (ਹਨ ਉਨ੍ਹਾਂ ਦਾ ਮੈਂ ਚਿੰਤਨ ਕਰਦਾ ਹਾਂ) ਏਹੋ (ਮੇਰਾ) ਕੰਮ ਹੈ ॥੪॥੧॥

**ਪਰ ਧਨ ਪਰ ਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥੧॥**

(ਜਿਸ ਨੇ) ਪਰਾਯਾ ਧਨ ਤੇ ਪਰ ਇਸਤ੍ਰੀ ਦਾ ਤਿਆਗ ਕੀਤਾ ਹੈ। ਉਸ ਪੁਰਸ਼ ਦੇ ਕੋਲ ਹਰੀ ਵਸਦਾ ਹੈ ॥੧॥

**ਜੋ ਨ ਭਜੰਤੇ ਨਾਰਾਇਣਾ ॥ ਤਿਨ ਕਾ ਮੈ ਨ ਕਰਉ ਦਰਸਨਾ ॥੧॥ ਰਹਾਉ ॥**

ਜੋ ਸਿਰਜਣਹਾਰ ਨੂੰ ਯਾਦ ਨਹੀਂ ਕਰਦੇ, ਮੈਂ ਉਨ੍ਹਾਂ ਦਾ ਦਰਸ਼ਨ ਕਰਨਾ ਹੀ ਨਹੀਂ (ਚਾਹੁੰਦਾ)॥੧॥ ਰਹਾਉ ॥

**ਜਿਨ ਕੈ ਭੀਤਰਿ ਹੈ ਅੰਤਰਾ॥ ਜੈਸੇ ਪਸੁ ਤੈਸੇ ਓਇ ਨਰਾ ॥੨॥**

ਜਿਨ੍ਹਾਂ ਦੇ (ਦਿਲ) ਵਿਚ [ਅੰਤਰਾ] ਫ਼ਰਕ ਹੈ, (ਅਰਥਾਤ ਜੋ ਸਭਨਾਂ ਵਿਚ ਇਕ ਵਾਹਿਗੁਰੂ ਨੂੰ ਵਿਆਪਕ ਨਹੀਂ ਜਾਣਦੇ) ਉਹ ਪੁਰਸ਼ ਤਾਂ ਪਸ਼ੂਆਂ ਵਰਗੇ ਹਨ ॥੨॥

**ਪ੍ਰਣਵਤਿ ਨਾਮਦੇਉ ਨਾਕਹਿ ਬਿਨਾ ॥ ਨਾ ਸੋਹੈ ਬਤੀਸ ਲਖਨਾ ॥੩॥੨॥**

ਨਾਮਦੇਵ ਜੀ ਆਖਦੇ ਹਨ, (ਜਿਵੇਂ) ਨੱਕ ਤੋਂ ਹੀਣਾ, ਬੱਤੀ ਸੁਲੱਖਣਾ ਭੀ ਸੋਭਾ ਨਹੀਂ ਪਾਂਦਾ। ਇਵੇਂ ਨਾਮ ਤੋਂ ਹੀਣਾ ਅਨੇਕਾਂ ਕਰਮਾਂ ਧਰਮਾਂ ਵਾਲਾ ਹੋ ਕੇ ਭੀ ਦਰਗਾਹ ਵਿਚ ਸੋਭਾ ਨਹੀਂ ਪਾਏਗਾ ॥੩॥੨॥

***ਉਥਾਨਕਾ***—ਨਾਮਦੇਵ ਜੀ ਦਾ ਪਿਉ ਕਿਤੇ ਬਾਹਰ ਜਾਂਦਾ ਹੋਇਆ ਕਹਿ ਗਿਆ "ਜੋ ਠਾਕਰਾਂ ਨੂੰ ਭੋਗ ਲੁਆ ਦੇਵੀਂ" ਭੋਲੇ ਭਾਲੇ ਨਾਮਦੇਵ ਨੇ ਸਮਝਿਆ ਜੋ ਠਾਕਰ ਜ਼ਰੂਰ ਹੀ ਦੁਧ ਪੀਤਾ ਕਰਦੇ ਹਨ, ਦੁਧ ਲੈ ਕੇ ਹਾਜ਼ਰ ਹੋਇਆ ਤੇ ਲਗਾ ਬੇਨਤੀਆਂ ਕਰਨ, ਇਸ ਦਸ਼ਾ ਵਿਚ ਮਨ ਇਕਾਗਰ ਹੋ ਗਿਆ ਤਾਂ ਆਪ ਨੂੰ ਪਰਤਖ ਦਰਸ਼ਨ ਹੋ ਗਏ ਉਹੀ ਪ੍ਰਗਟ ਕਰਦੇ ਹਨ—

**ਦੂਧੁ ਕਟੋਰੈ ਗਡਵੈ ਪਾਨੀ ॥ ਕਪਲ ਗਾਇ ਨਾਮੈ ਦੁਹਿ ਆਨੀ ॥੧॥**

ਕਪਲਾ ਗਊ ਨਾਮਦੇਵ ਜੀ ਨੇ ਚੋ ਲਿਆਂਦੀ, ਅਤੇ ਛੰਨੇ ਵਿਚ ਦੁਧ ਤੇ ਗਡਵੇ ਵਿਚ ਪਾਣੀ (ਲਿਆ ਕੇ ਦੁਧ ਦਾ ਕੌਲ ਠਾਕਰਾਂ ਅੱਗੇ ਰਖ ਕੇ ਅਰਜ਼ ਕੀਤੀ) —

**ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਉ ਮੇਰੋ ਮਨੁ ਪਤੀਆਇ ॥**
**ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥**

ਹੇ ਗੋਬਿੰਦ ਰਾਜੇ! ਦੁਧ ਪੀਓਗੇ! ਦੁਧ ਪੀਓਗੇ ਤਾਂ ਮੇਰੇ ਮਨ ਨੂੰ ਖੁਸ਼ੀ ਹੋਵੇਗੀ। ਨਾ (ਪੀਓਗੇ) ਤਾਂ ਘਰ (ਗਏ) ਨੂੰ ਬਾਪੂ ਗੁੱਸੇ ਹੋਵੇਗਾ॥੧॥ ਰਹਾਉ ॥

**ਸੁਇਨ ਕਟੋਰੀ ਅੰਮ੍ਰਿਤ ਭਰੀ॥ ਲੈ ਨਾਮੈ ਹਰਿ ਆਗੈ ਧਰੀ ॥੨॥**

ਸੋਨੇ ਦੀ ਕੌਲੀ [ਅੰਮ੍ਰਿਤ] ਦੁਧ ਦੀ ਭਰੀ ਹੋਈ ਲੈਕੇ ਨਾਮਦੇਵ ਜੀ ਨੇ ਹਰੀ ਦੇ ਅੱਗੇ ਰੱਖ ਦਿਤੀ ॥੨॥

**ਏਕੁ ਭਗਤੁ ਮੇਰੇ ਹਿਰਦੇ ਬਸੈ ॥ ਨਾਮੇ ਦੇਖਿ ਨਰਾਇਨੁ ਹਸੈ ॥੩॥**

(ਅਤੇ ਬੇਨਤੀ ਕੀਤੀ, ਜੋ) ਮੇਰੇ ਹਿਰਦੇ (ਵਿਚ) ਤਾਂ ਤੇਰੀ ਇਕੋ ਭਗਤੀ ਹੀ ਵਸਦੀ ਹੈ। ਨਾਮੇ (ਦਾ ਅਜੇਹਾ ਵਿਸ਼ਵਾਸ) ਵੇਖ ਕੇ ਨਿਰੰਕਾਰ ਹੱਸ ਪਿਆ (ਪ੍ਰਗਟ ਹੋਇਆ) ॥੩॥

**ਦੂਧੁ ਪੀਆਇ ਭਗਤੁ ਘਰਿ ਗਇਆ ॥ ਨਾਮੇ ਹਰਿ ਕਾ ਦਰਸੁ ਭਇਆ ॥੪॥੩॥**

Sri Satguru Jagjit Singh Ji eLibrary NamdhariElibrary@gmail.com

(ਉਸ ਵੇਲੇ) ਦੁਧ ਪਿਆ ਕੇ ਭਗਤ ਘਰ (ਚਲਾ) ਗਿਆ (ਇਉਂ) ਨਾਮਦੇਵ ਨੂੰ ਹਰੀ ਦਾ ਦਰਸ਼ਨ ਹੋ ਗਿਆ ॥੪॥੩॥

**ਮੈ ਬਉਰੀ ਮੇਰਾ ਰਾਮੁ ਭਤਾਰੁ ॥ ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥੧॥**

ਮੈਂ ਸ਼ੁਦੈਣ ਹਾਂ, ਮੇਰਾ ਸੁਆਮੀ ਰਾਮ ਹੈ। ਉਸ ਨੂੰ (ਖੁਸ਼ ਕਰਨ ਲਈ) ਬਣਾ ਬਣਾ ਕੇ ਸ਼ਿੰਗਾਰ ਕਰਦੀ ਹਾਂ ॥੧॥

**ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥**
**ਤਨੁ ਮਨੁ ਰਾਮ ਪਿਆਰੇ ਜੋਗੁ ॥੧॥ ਰਹਾਉ ॥**

ਚੰਗਾ ਹੈ, ਨਿੰਦਾ ਕਰੋ, ਭਲਾ ਹੈ, (ਮੇਰੀ) ਨਿੰਦਾ ਕਰੋ, ਹੱਛਾ ਹੈ ਹੇ ਲੋਕੋ! (ਮੇਰੀ ਜ਼ਰੂਰ) ਨਿੰਦਾ ਕਰੋ। (ਮੇਰਾ) ਤਨ (ਤਾਂ) ਪਿਆਰੇ ਰਾਮ (ਦੀ) ਭੇਟਾ ਹੈ ॥੧॥ ਰਹਾਉ ॥

**ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥ ਰਸਨਾ ਰਾਮ ਰਸਾਇਨੁ ਪੀਜੈ ॥੨॥**

(ਮੈਂ) ਕਿਸੇ ਨਾਲ ਝਗੜਾ ਬਖੇੜਾ ਕਰਦਾ ਹੀ ਨਹੀਂ। ਜੀਭ (ਨਾਲ) ਰਾਮ (ਨਾਮ) ਅੰਮ੍ਰਿਤ ਪੀਤੀ ਜਾਂਦਾ ਹਾਂ ॥੨॥

**ਅਬ ਜੀਅ ਜਾਨਿ ਐਸੀ ਬਨਿ ਆਈ ॥ ਮਿਲਉ ਗੁਪਾਲ ਨੀਸਾਨੁ ਬਜਾਈ ॥੩॥**

ਦਿਲ (ਵਿਚ) ਜਾਣ (ਲਿਆ ਹੈ,) ਅਤੇ ਹੁਣ ਅਜੇਹੀ (ਜੁਗਤੀ) ਹੋ ਗਈ ਹੈ। [ਨੀਸਾਨੁ] ਧੌਂਸਾ ਵਜਾ ਕੇ (ਆਖਦਾ ਹਾਂ, ਕਿ ਮੈਂ ਜ਼ਰੂਰ ਹੀ) ਨਿਰੰਕਾਰ ਨੂੰ ਮਿਲ ਜਾਵਾਂਗਾ ॥੩॥

**ਉਸਤਤਿ ਨਿੰਦਾ ਕਰੈ ਨਰੁ ਕੋਈ ॥ ਨਾਮੇ ਸ੍ਰੀਰੰਗੁ ਭੇਟਲ ਸੋਈ ॥੪॥੪॥**

ਕੋਈ ਪੁਰਸ਼ (ਭਾਵੇਂ) ਨਿੰਦਾ ਉਸਤਤਿ (ਪਿਆ) ਕਰੇ। (ਸਾਨੂੰ ਕੀ ਹੁਣ) ਨਾਮਾ ਤਾਂ ਉਸ [ਸ੍ਰੀ ਰੰਗੁ] ਨਿਰੰਕਾਰ ਨੂੰ ਮਿਲ ਪਿਆ ਹੈ ॥੪॥੪॥

**ਕਬਹੂ ਖੀਰਿ ਖਾਡ ਘੀਉ ਨ ਭਾਵੈ ॥**
**ਕਬਹੂ ਘਰ ਘਰ ਟੂਕ ਮਗਾਵੈ ॥ ਕਬਹੂ ਕੂਰਨੁ ਚਨੇ ਬਿਨਾਵੈ ॥੧॥**

ਕਦੇ ਖੀਰ, ਖੰਡ, ਘਿਉ, ਚੰਗਾ ਨਹੀਂ ਲੱਗਦਾ। ਕਦੇ ਘਰ ਘਰ ਤੋਂ ਟੁਕੜੇ ਮੰਗਵਾਂਦਾ ਹੈ। ਕਦੇ ਕੂੜੇ ਵਿਚੋਂ ਛੋਲੇ [ਬਿਨਾਵੈ] ਚੁਗਵਾਂਦਾ ਹੈ ॥੧॥

**ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥**
**ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥੧॥ ਰਹਾਉ ॥**

ਹੇ ਭਾਈ! ਜਿਵੇਂ ਰਾਮ ਰਖੇ, ਓਵੇਂ ਹੀ ਰਹਿਣਾ ਚਾਹੀਦਾ ਹੈ। (ਉਸ) ਹਰੀ ਦੀ ਵਡਿਆਈ ਆਖੀ ਨਹੀਂ ਜਾਂਦੀ ॥੧॥ ਰਹਾਉ ॥

**ਕਬਹੂ ਤੁਰੇ ਤੁਰੰਗ ਨਚਾਵੈ ॥ ਕਬਹੂ ਪਾਇ ਪਨਹੀਓ ਨ ਪਾਵੈ ॥੨॥**

Sri Satguru Jagjit Singh Ji eLibrary NamdhariElibrary@gmail.com

ਕਦੇ ਤੁਰਕਸਤਾਨ ਦੇ ਘੋੜੇ ਦੁੜਾਂਵਦਾ ਹੈ ਕਦੇ ਪੈਰੀਂ [ਪਨਹੀ] ਜੁੱਤੀ ਭੀ ਨਹੀਂ ਪੁਆਂਦਾ ॥੨॥

**ਕਬਹੂ ਖਾਟ ਸੁਪੇਦੀ ਸੁਵਾਵੈ ॥ ਕਬਹੂ ਭੂਮਿ ਪੈਆਰੁ ਨ ਪਾਵੈ ॥੩॥**

ਕਦੇ ਮੰਜੇ (ਉਤੇ) ਚਿੱਟੇ (ਵਿਛੌਨੇ ਉਤੇ) ਸਵਾਂਦਾ ਹੈ। ਕਦੇ ਜ਼ਮੀਨ (ਤੇ ਸੌਣ ਵੇਲੇ) [ਪੈਆਰੁ] ਪਰਾਲੀ ਭੀ ਨਹੀਂ ਮਿਲਦੀ ॥੩॥

**ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥**
**ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥੪॥੫॥**

ਨਾਮਦੇਵ ਜੀ ਆਖਦੇ ਹਨ, ਇਕ ਨਾਮ (ਦਾ ਜਾਪ ਹੀ) ਤਾਰਦਾ ਹੈ। ਜਿਸ ਨੂੰ ਗੁਰੂ ਮਿਲਦਾ ਹੈ, ਉਸ ਨੂੰ ਪਾਰ ਲੰਘਾਂਦਾ ਹੈ ॥੪॥੫॥

**ਉਥਾਨਕਾ**—ਨਾਮਦੇਵ ਆਰਤੀ ਵੇਲੇ ਪ੍ਰੇਮ ਵਸ ਹੋਇਆ ਮੰਦਰ ਵਿਚ ਆ ਗਿਆ। ਪੰਡਤ ਨੇ ਸ਼ੂਦਰ ਹੋਣ ਕਰਕੇ ਧੱਕੇ ਮਾਰੇ ਤੇ ਮੰਦਰੋਂ ਬਾਹਰ ਕੱਢ ਦਿਤਾ। ਆਪ ਕੰਬਲੀ ਮੋਢੇ ਤੇ ਪਾ ਕੇ ਮੰਦਰ ਦੇ ਪਿਛਵਾੜੇ ਜਾ ਕੇ ਸਮਾਧੀ ਲਾ ਬੈਠੇ, ਅਜੇਹੇ ਮਗਨ ਹੋਏ ਜੋ ਮੰਦਰ ਫਿਰਕੇ ਨਾਮਦੇਵ ਜੀ ਦੇ ਸਨਮੁਖ ਤੇ ਪੰਡਿਆਂ ਨੂੰ ਪਿੱਠ ਹੋ ਗਈ, ਓਸੇ ਪ੍ਰਸੰਗ ਦੀ ਸੂਚਨਾ ਹੈ।

**ਹਸਤ ਖੇਲਤ ਤੇਰੇ ਦੇਹੁਰੇ ਆਇਆ ॥**
**ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥**

(ਮੈਂ) ਹੱਸਦਾ ਖੇਡਦਾ ਤੇਰੇ ਮੰਦਰ ਵਿਚ ਆਇਆ ਸੀ। (ਆ ਕੇ) ਭਗਤੀ ਕਰਦਾ ਸੀ, (ਪਰ ਪੰਡਤਾਂ ਨੇ ਮੈਂ) ਨਾਮੇ (ਨੂੰ ਬਾਹੋਂ) ਫੜ ਕੇ ਉੱਠਾ ਦਿਤਾ ॥੧॥

**ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥**
**ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ ਰਹਾਉ ॥**

ਹੇ ਜਾਦਵ ਰਾਜੇ (ਕ੍ਰਿਸ਼ਨ ਜੀ)! ਮੇਰੀ ਜਾਤਿ ਨੀਵੀਂ ਹੈ (ਇਸ ਲਈ ਧੱਕੇ ਮਿਲੇ ਹਨ ਮੈਨੂੰ ਤੂੰ) ਛੀਂਬੇ ਦੇ ਘਰ ਕਿਉਂ ਜਨਮ ਦਿਤਾ? ॥੧॥ ਰਹਾਉ ॥

**ਲੈ ਕਮਲੀ ਚਲਿਓ ਪਲਟਾਇ ॥ ਦੇਹੁਰੈ ਪਾਛੈ ਬੈਠਾ ਜਾਇ ॥੨॥**

ਕੰਬਲੀ ਲੈ ਕੇ (ਨਾਮਾ) ਮੁੜ ਗਿਆ ਅਤੇ ਮੰਦਰ ਦੇ ਪਿਛਵਾੜੇ ਜਾ ਬੈਠਾ ॥੨॥

**ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥ ਭਗਤ ਜਨਾਂ ਕਉ ਦੇਹੁਰਾ ਫਿਰੈ ॥੩॥੬॥**

ਜਿਵੇਂ-ਜਿਵੇਂ ਨਾਮਾ ਹਰੀ ਦੇ ਗੁਣ ਗਾਉਂਦਾ ਸੀ। (ਤਿਵੇਂ-ਤਿਵੇਂ) ਭਗਤ ਜਨਾਂ ਨੂੰ (ਸਨਮੁਖ ਕ਼ਰਨ ਲਈ) ਮੰਦਰ ਭੌਂਦਾ ਜਾਂਦਾ ਸੀ ॥੩॥੬॥

Sri Satguru Jagjit Singh Ji eLibrary NamdhariElibrary@gmail.com

## ਭੈਰਉ ਨਾਮਦੇਉ ਜੀਉ ਘਰੁ ੨

ੴ ਸਤਿਗੁਰ ਪ੍ਰਸਾਦਿ ॥

**ਜੈਸੀ ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ ਜਲ ਸੇਤੀ ਕਾਜ ॥**
**ਜੈਸੀ ਮੂੜ ਕੁਟੰਬ ਪਰਾਇਣ ॥ ਐਸੀ ਨਾਮੇ ਪ੍ਰੀਤਿ ਨਰਾਇਣ ॥੧॥**

ਜੈਸੀ ਭੁਖੇ ਦੀ ਅੰਨ ਨਾਲ ਪ੍ਰੀਤ ਹੈ। ਪਿਆਸੇ (ਨੂੰ ਜੇਹਾ) ਪਾਣੀ ਨਾਲ ਮਤਲਬ ਹੈ। ਜੇਹੀ ਮੂਰਖ (ਪੁਰਖ ਦੀ ਪ੍ਰੀਤ) ਕਬੀਲੇ (ਨਾਲ) [ਪਰਾਇਣ] ਲਗੀ ਹੋਈ ਹੈ। ਓਹੋ ਜਹੀ ਪ੍ਰੀਤ ਨਾਮੇ ਦੀ ਨਰਾਇਣ ਨਾਲ ਹੈ ॥੧॥

**ਨਾਮੇ ਪ੍ਰੀਤਿ ਨਰਾਇਣ ਲਾਗੀ ॥ ਸਹਜ ਸੁਭਾਇ ਭਇਓ ਬੈਰਾਗੀ ॥੧॥ ਰਹਾਉ ॥**

ਨਾਮੇ ਦੀ ਪ੍ਰੀਤ ਨਿਰੰਕਾਰ ਨਾਲ ਲਗ ਗਈ ਹੈ, (ਇਸ ਲਈ) ਸਹਜ ਸੁਭਾ ਹੀ ਵੈਰਾਗੀ ਹੋ ਗਿਆ ਹੈ ॥੧॥ ਰਹਾਉ ॥

**ਜੈਸੀ ਪਰ ਪੁਰਖਾ ਰਤ ਨਾਰੀ॥ ਲੋਭੀ ਨਰੁ ਧਨ ਕਾ ਹਿਤਕਾਰੀ ॥**
**ਕਾਮੀ ਪੁਰਖ ਕਾਮਨੀ ਪਿਆਰੀ॥ ਐਸੀ ਨਾਮੇ ਪ੍ਰੀਤਿ ਮੁਰਾਰੀ ॥੨॥**

(ਵਿਭਚਾਰਣ) ਇਸਤ੍ਰੀ ਦੀ ਜੇਹੀ ਪਰਾਏ ਪੁਰਖ ਨਾਲ (ਰਤ) ਪ੍ਰੀਤ ਹੈ। ਲੋਭੀ ਪੁਰਸ਼ (ਜਿਵੇਂ) ਧਨ ਦਾ ਪ੍ਰੇਮੀ ਹੁੰਦਾ ਹੈ। ਕਾਮੀ ਪੁਰਸ਼ (ਨੂੰ ਜੇਹੀ) [ਕਾਮਨੀ] ਇਸਤ੍ਰੀ ਪਿਆਰੀ (ਹੁੰਦੀ ਹੈ)। ਅਜੇਹੀ ਪ੍ਰੀਤਿ ਹੀ ਨਾਮਦੇਵ ਦੀ ਨਿਰੰਕਾਰ ਨਾਲ ਹੈ ॥੨॥

**ਸਾਈ ਪ੍ਰੀਤਿ ਜਿ ਆਪੇ ਲਾਏ॥ ਗੁਰ ਪਰਸਾਦੀ ਦੁਬਿਧਾ ਜਾਏ॥**
**ਕਬਹੁ ਨ ਤੂਟਸਿ ਰਹਿਆ ਸਮਾਇ ॥ ਨਾਮੇ ਚਿਤੁ ਲਾਇਆ ਸਚਿ ਨਾਇ ॥੩॥**

ਪ੍ਰੀਤ ਓਹੀ ਹੈ ਜੋ (ਵਾਹਿਗੁਰੂ) ਆਪੇ ਲਾਉਂਦਾ ਹੈ। (ਫਿਰ) ਗੁਰਾਂ ਦੀ ਕ੍ਰਿਪਾ ਨਾਲ ਸੰਸਾ ਮਿਟ ਜਾਂਦਾ ਹੈ। (ਉਹ ਪ੍ਰੀਤ ਫਿਰ) ਕਦੇ ਨਹੀਂ ਟੁਟਦੀ, (ਸਗੋਂ ਪ੍ਰੀਤਵਾਨ ਪ੍ਰੀਤ ਦੇ ਵਿਚ) ਸਮਾ ਰਹਿੰਦਾ ਹੈ। (ਇਸ ਲਈ) ਨਾਮਦੇਵ (ਨੇ) ਚਿੱਤ ਸੱਚੇ ਨਾਮ (ਜਪਣ ਵਿਚ) ਲਾਇਆ (ਹੋਇਆ ਹੈ) ॥੩॥

**ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥ ਐਸਾ ਹਰਿ ਸੇਤੀ ਮਨੁ ਰਾਤਾ ॥**
**ਪ੍ਰਣਵੈ ਨਾਮਦੇਉ ਲਾਗੀ ਪ੍ਰੀਤਿ ॥ ਗੋਬਿਦੁ ਬਸੈ ਹਮਾਰੈ ਚੀਤਿ ॥੪॥੧॥੭॥**

ਜੇਹੀ ਮਾਂ ਤੇ ਪੁੱਤ ਦੀ ਪ੍ਰੀਤ ਹੈ, ਅਜੇਹੀ (ਪ੍ਰੀਤ ਕਰਕੇ ਹੀ ਮੇਰਾ) ਮਨ ਹਰੀ ਨਾਲ ਲੱਗਾ (ਹੋਇਆ ਹੈ)। ਨਾਮਦੇਵ ਜੀ ਬੇਨਤੀ ਕਰਦੇ ਹਨ, (ਮੇਰੀ) ਪ੍ਰੀਤ ਲੱਗੀ (ਵੇਖਕੇ ਹੁਣ) ਗੋਬਿੰਦ ਮੇਰੇ ਚਿੱਤ ਵਿਚ ਹੀ ਵੱਸਦਾ ਹੈ ॥੪॥੧॥੭॥

**ਘਰ ਕੀ ਨਾਰਿ ਤਿਆਗੈ ਅੰਧਾ ॥ ਪਰ ਨਾਰੀ ਸਿਉ ਘਾਲੈ ਧੰਧਾ ॥**

ਅੰਨ੍ਹਾਂ (ਪੁਰਸ਼) ਘਰ ਦੀ ਇਸਤ੍ਰੀ ਛੱਡ ਦੇਂਦਾ ਹੈ, ਅਤੇ ਹੋਰ ਇਸਤ੍ਰੀ ਨਾਲ ਝੱਖਾਂ ਮਾਰਦਾ ਹੈ।

Sri Satguru Jagjit Singh Ji eLibrary NamdhariElibrary@gmail.com

**ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥ ਅੰਤ ਕੀ ਬਾਰ ਮੂਆ ਲਪਟਾਨਾ ॥੧॥**

ਜਿਵੇਂ ਸਿੰਬਲ ਦਾ (ਦਰੱਖਤ ਵੇਖ ਕੇ [ਸੂਆ] ਤੋਤਾ ਖੁਸ਼ ਹੁੰਦਾ ਹੈ, (ਪਰ) ਅੰਤ ਵੇਲੇ (ਸਿੰਬਲ-ਫਲ) ਵਿਚ ਫਸ ਕੇ ਹੀ ਮਰ ਜਾਂਦਾ ਹੈ (ਏਹੋ ਹਾਲ ਉਸਦਾ ਹੁੰਦਾ ਹੈ) ॥੧॥

**ਪਾਪੀ ਕਾ ਘਰੁ ਅਗਨੇ ਮਾਹਿ ॥ ਜਲਤ ਰਹੈ ਮਿਟਵੈ ਕਬ ਨਾਹਿ ॥੧॥ ਰਹਾਉ ॥**

(ਨਰਕਾਂ ਦੀ) ਅੱਗ ਵਿਚ (ਉਸ) ਪਾਪੀ ਦਾ ਘਰ (ਹੋਵੇਗਾ)। ਸੜਦਾ ਰਹੇਗਾ, (ਉਹ ਅੱਗ) ਕਦੇ ਭੀ ਨਾ ਬੁਝੇਗੀਂ ॥੧॥ ਰਹਾਉ ॥ (ਕਿਉਂਕਿ)—

**ਹਰਿ ਕੀ ਭਗਤਿ ਨ ਦੇਖੈ ਜਾਇ ॥ ਮਾਰਗੁ ਛੋਡਿ ਅਮਾਰਗਿ ਪਾਇ ॥**

ਹਰੀ ਦੀ ਭਗਤੀ (ਵਾਲੀ ਜਗ੍ਹਾ ਦਾ) ਜਾ ਕੇ (ਉਹ) ਦਰਸ਼ਨ ਹੀ ਨਹੀਂ ਕਰਦਾ ਰਾਹ ਨੂੰ ਛੱਡ ਕੇ ਕੁਰਾਹੇ ਪਿਆ ਹੋਇਆ ਹੈ।

**ਮੂਲਹੁ ਭੂਲਾ ਆਵੈ ਜਾਇ ॥ ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ ॥੨॥**

ਮੁਢ ਤੋਂ ਭੁੱਲਾ (ਹੋਣ ਕਰ ਕੇ) ਜੰਮਦਾ ਮਰਦਾ ਹੈ। ਅੰਮ੍ਰਿਤ ਸੁੱਟ ਦਿੱਤਾ ਅਤੇ ਜ਼ਹਿਰ [ਲਾਦਿ] ਚੁਕ ਕੇ ਖਾਂਦਾ ਹੈ ॥੨॥

**ਜਿਉ ਬੇਸ੍ਵਾ ਕੇ ਪਰੈ ਅਖਾਰਾ ॥ ਕਾਪਰੁ ਪਹਿਰਿ ਕਰਹਿ ਸੀਗਾਰਾ ॥**

ਜਿਵੇਂ ਵੇਸਵਾ ਅਖਾੜਾ ਲਾਉਂਦੀ ਹੈ। ਕਪੜੇ ਪਾ ਕੇ ਸ਼ਿੰਗਾਰ ਕਰਦੀ ਹੈ।

SIKHBOOKCLUB.COM

**ਪੂਰੇ ਤਾਲ ਨਿਹਾਲੇ ਸਾਸ ॥ ਵਾ ਕੇ ਗਲੇ ਜਮ ਕਾ ਹੈ ਫਾਸ ॥੩॥**

ਤਾਲ ਪੂਰਦੀ ਹੈ, ਅਤੇ [ਸਾਸ] ਸੁਰ ਵੇਖਦੀ ਹੈ। (ਉਸਦਾ ਤਮਾਸ਼ਾ ਵੇਖਣ ਵਾਲੇ ਅਤੇ) ਉਸ ਦੇ ਗਲ ਵਿਚ ਜਮਾਂ ਦੀ ਫਾਹੀ (ਪੈਂਦੀ) ਹੈ ॥੩॥

**ਜਾ ਕੇ ਮਸਤਕਿ ਲਿਖਿਓ ਕਰਮਾ ॥ ਸੋ ਭਜਿ ਪਰਿ ਹੈ ਗੁਰ ਕੀ ਸਰਨਾ ॥**

ਜਿਸ ਦੇ ਮੱਥੇ [ਕਰਮਾ] ਬਖਸ਼ਸ਼ (ਦਾ ਲੇਖ) ਲਿਖਿਆ। ਉਹ ਭੱਜ ਕੇ ਗੁਰਾਂ ਦੀ ਸ਼ਰਨੀਂ ਪੈਂਦਾ ਹੈ।

**ਕਹਤ ਨਾਮਦੇਉ ਇਹੁ ਬੀਚਾਰੁ ॥ ਇਨ ਬਿਧਿ ਸੰਤਹੁ ਉਤਰਹੁ ਪਾਰਿ ॥੪॥੨॥੮॥**

ਨਾਮਦੇਵ ਜੀ ਵਿਚਾਰ ਕੇ ਏਹ ਆਖਦੇ ਹਨ। (ਹੇ) ਸੰਤੋ ! ਇਸ ਤਰ੍ਹਾਂ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਓ ॥੪॥੨॥੮॥

**ਸੰਡਾ ਮਰਕਾ ਜਾਇ ਪੁਕਾਰੇ ॥ ਪੜੈ ਨਹੀ ਹਮ ਹੀ ਪਚਿ ਹਾਰੇ ॥**

ਸੰਡੇ ਤੇ ਅਮਰਕੇ ਨੇ ਜਾ ਕੇ (ਹਰਨਾਖਸ਼ ਕੋਲ) ਫਰਿਆਦ ਕੀਤੀ। (ਪ੍ਰਹਿਲਾਦ) ਪੜ੍ਹਦਾ ਨਹੀਂ, ਅਸੀਂ (ਉਸ ਨੂੰ ਸਮਝਾਉਂਦੇ ਹੀ) ਖਪ ਮੋਏ ਹਾਂ।

**ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ ॥੧॥**

ਰਾਮ-ਰਾਮ ਆਖਕੇ ਤੇ ਹੱਥਾਂ ਨਾਲ ਤੌਂੜੀਆਂ ਵਜਾਂਦਾ ਹੈ, (ਉਸ ਨੇ ਹੋਰ ਬਹੁਤ ਸਾਰੇ) ਚਾਟੜੇ= ਵਿਦਯਾਰਥੀ ਵਿਗਾੜ ਦਿਤੇ ਹਨ। (ਅਰਥਾਤ ਸਭਨਾਂ ਕੋਲੋਂ ਰਾਮ ਰਾਮ ਹੀ ਅਖਵਾਂਦਾ ਹੈ) ॥੧॥

**ਰਾਮ ਨਾਮਾ ਜਪਿਬੋ ਕਰੈ ॥ ਹਿਰਦੈ ਹਰਿ ਜੀ ਕੋ ਸਿਮਰਨੁ ਧਰੈ ॥੧॥ ਰਹਾਉ ॥**

(ਮੂੰਹੋਂ ਭੀ) ਰਾਮ ਦੇ ਨਾਮ ਦਾ ਜਾਪ ਕਰਦਾ ਹੈ। ਹਿਰਦੇ ਵਿਚ ਭੀ ਹਰੀ ਜੀ ਨੂੰ ਚੇਤੇ ਰਖਦਾ ਹੈ ॥੧॥ ਰਹਾਉ ॥

**ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ ॥**

ਪਟਰਾਨੀ ਨੇ (ਭਰੀ ਸਭਾ ਵਿਚ) ਬੇਨਤੀ ਕੀਤੀ 'ਰਾਜਾ' ਨੇ ਸਾਰੀ [ਬਸੁਧਾ] ਧਰਤੀ (ਆਪਣੇ) ਵੱਸ ਕਰ ਲਈ ਹੈ।

**ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ ॥੨॥**

(ਪਰ) ਪ੍ਰਹਿਲਾਦ ਪੁਤ੍ਰ (ਇਨ੍ਹਾਂ ਦਾ) ਕਿਹਾ ਨਹੀਂ ਮੰਨਿਦਾ, ਉਸ ਨੇ ਤਾਂ (ਹੋਰ ਹੀ ਦਲੀਲ) ਧਾਰੀ (ਹੋਈ ਹੈ, ਉਸ ਦਾ ਕੀ ਉਪਾਉ ਕੀਤਾ ਜਾਵੇ ?) ॥੨॥ ਪਟਰਾਨੀ ਪਾਸੋਂ ਸੁਣਕੇ ਹੀ—

**ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ ॥**

ਦੁਸ਼ਟਾਂ ਦੀ ਸਭਾ ਨੇ ਮਿਲ ਕੇ ਏਹ ਸਲਾਹ ਪੱਕੀ ਕੀਤੀ, (ਕਿ ਉਸਦੀ) ਉਮਰਾ ਵੱਡੀ ਕਰ ਦੇਵੋ (ਅਰਥਾਤ ਮਾਰ ਸੁਟੋ)।

**ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ ॥੩॥**

(ਫਿਰ ਉਨ੍ਹਾਂ ਨੇ ਪ੍ਰਹਿਲਾਦ ਨੂੰ) ਪਹਾੜ ਤੋਂ (ਸੁਟਿਆ, ਭਗਤ ਨਾ ਮੋਇਆ) ਪਾਣੀ (ਵਿਚ ਡੋਬਿਆ, ਪ੍ਰਹਿਲਾਦ ਨ ਡੁੱਬਾ) ਅੰਤ ਨੂੰ ਹੋਗੀ* ਆਪਣੇ ਭਤੀਜੇ ਨੂੰ ਡਰੌਣੀ [ਜੁਆਲਾ] ਅੱਗ (ਵਿਚ ਲੈ ਕੇ) ਬੈਠ ਗਈ, (ਉਸ ਵੇਲੇ) ਪ੍ਰਮਾਤਮਾ (ਨੇ ਆਪਣੀ ਅਜੇਹੀ) ਮਾਇਆ ਫੇਰੀ (ਜੋ ਹੋਗੀ ਤਾਂ ਸੜ ਗਈ ਤੇ ਪ੍ਰਹਿਲਾਦ ਨਾ ਸੜਿਆ) ॥੩॥

**ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ ਬਤਾਉ ਜੁ ਤੁਹਿ ਰਾਖੈ ॥**

(ਤਾਂ ਹਰਨਾਖਸ਼ ਨੇ) ਕ੍ਰੋਧ ਨਾਲ ਤਲਵਾਰ ਕੱਢ ਕੇ ਤੇ ਮੌਤ ਦਾ ਡਰ (ਵਿਖਾ ਕੇ ਪੁਛਿਆ) ਮੈਨੂੰ ਦਸ! ਤੇਰੀ ਰਖਿਆ (ਕਰਨ ਵਾਲਾ ਕਿਥੇ ਹੈ) ?

**ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਭ ਮਾਹਿ ਹਰਿ ਭਾਖੈ ॥੪॥**

(ਪ੍ਰਹਲਾਦ ਨੇ) ਕਿਹਾ—(ਉਹ) ਪੀਲੇ ਕਪੜਿਆਂ ਵਾਲਾ, ਤਿੰਨਾਂ ਲੋਕਾਂ ਦਾ ਮਾਲਕ, (ਮੇਰਾ) ਪ੍ਰੀਤਮ ਹਰੀ (ਇਸ) ਥੰਮ੍ਹ ਦੇ ਵਿਚ ਹੈ ॥੪॥ (ਫਿਰ ਥੰਮ੍ਹੇ ਵਿਚੋਂ ਹੀ ਪ੍ਰਗਟ ਹੋ ਕੇ)—

**ਹਰਨਾਖਸੁ ਜਿਨਿ ਨਖਹ ਬਿਦਾਰਿਓ ਸੁਰਿ ਨਰ ਕੀਏ ਸਨਾਥਾ ॥**

ਜਿਸ ਨੇ ਹਰਨਾਖਸ਼ ਨੂੰ ਨੌਹਾਂ (ਨਾਲ ਹੀ) ਪਾੜ ਦਿਤਾ ਸੀ, ਅਤੇ ਦੇਵਤੇ ਤੇ ਮਨੁਖਾਂ ਨੂੰ (ਸਨਾਥ) ਸੁਤੰਤ੍ਰ ਕੀਤਾ ਸੀ।

**ਕਹਿ ਨਾਮਦੇਉ ਹਮ ਨਰਹਰਿ ਧਿਆਵਹ ਰਾਮੁ ਅਭੈ ਪਦ ਦਾਤਾ ॥੫॥੩॥੯॥**

---

* *ਹਰਨਾਖਸ਼ ਦੀ ਭੈਣ ਹੋਗੀ ਨੇ ਬ੍ਰਹਮਾ ਪਾਸੋਂ ਵਰ ਲਿਆ ਸੀ ਜੋ ਮੈਂ ਅੱਗ ਵਿਚ ਨਾ ਸੜਾਂ, ਇਸ ਲਈ ਨਿਡਰ ਹੋ ਕੇ ਅੱਗ ਵਿਚ ਬੈਠ ਗਈ ਸੀ।*

ਨਾਮਦੇਵ ਜੀ ਆਖਦੇ ਹਨ, ਅਸੀਂ (ਉਸੇ) [ਨਰਹਰਿ] ਨਰਸਿੰਘ (ਸਰੂਪ) ਰਾਮ (ਜੀ ਨੂੰ) ਧਿਆਉਂਦੇ (ਹਾਂ, ਜੋ) ਨਿਰਭੈ ਪਦਵੀ ਦੇਣ ਵਾਲਾ ਹੈ ॥੫॥੩॥੯॥

*ਉਥਾਨਕਾ*—ਸਿਕੰਦਰ ਪਾਤਸ਼ਾਹ ਦੀ ਗਊ ਮਰ ਗਈ, ਪਾਤਸ਼ਾਹ ਨੇ ਨਾਮੇ ਨੂੰ ਫੜ ਮੰਗਵਾਯਾ ਤੇ ਆਖਿਆ—

**ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥ ਦੇਖਉ ਰਾਮ ਤੁਮ੍ਹਾਰੇ ਕਾਮਾ ॥੧॥**

ਬਾਦਸ਼ਾਹ ਨੇ ਪੁੱਛਿਆ—ਸੁਣ ਓਇ ਨਾਮਿਆ ! (ਮੈਨੂੰ) ਆਪਣੇ ਰਾਮ (ਦਾ ਕੋਈ) ਕੰਮ ਤਾਂ ਵਖਾਓ ॥੧॥

**ਨਾਮਾ ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥੧॥ ਰਹਾਉ ॥**

ਨਾਮੇ ਨੂੰ ਬਾਦਸ਼ਾਹ ਨੇ ਬੰਨ੍ਹ ਲਿਆ (ਤੇ ਕਿਹਾ—ਅੱਜ ਮੈਂ) (ਤੇਰਾ 'ਹਰੀ ਪਿਆਰਾ' ਵੇਖਾਂਗਾ ॥੧॥ ਰਹਾਉ ॥

**ਬਿਸਮਿਲਿ ਗਊ ਦੇਹੁ ਜੀਵਾਇ ॥ ਨਾਤਰੁ ਗਰਦਨਿ ਮਾਰਉ ਠਾਂਇ ॥੨॥**

(ਯਾਂ ਤਾਂ ਏਹ) [ਬਿਸਮਿਲਿ] ਮੋਈ ਹੋਈ ਗਊ ਜਵਾ ਦੇਹੁ ਨਹੀਂ ਤਾਂ (ਤੈਨੂੰ) ਥਾਂ ਮਰਵਾ ਦੇਵਾਂਗਾ ॥੨॥

**ਬਾਦਿਸਾਹ ਐਸੀ ਕਿਉ ਹੋਇ॥ ਬਿਸਮਿਲਿ ਕੀਆ ਨ ਜੀਵੈ ਕੋਇ ॥੩॥**

(ਨਾਮਦੇਵ ਨੇ ਕਿਹਾ—ਹੇ) ਬਾਦਸ਼ਾਹ ! ਅਜੇਹੀ (ਗੱਲ) ਕਿਵੇਂ ਹੋ ਸਕਦੀ ਹੈ ? ਮੋਇਆ ਹੋਇਆ (ਕਦੇ ਭੀ) ਕੋਈ ਨਹੀਂ ਜੀਊ ਸਕਦਾ ॥੩॥

**ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥੪॥**

(ਦੂਜਾ) ਮੇਰਾ ਕੀਤਾ (ਤਾਂ) ਕੁਝ ਹੁੰਦਾ ਹੀ ਨਹੀਂ ਜੋ ਰਾਮ ਕਰਦਾ ਹੈ, ਓਹੀ ਹੁੰਦਾ ਹੈ ॥੪॥

**ਬਾਦਿਸਾਹੁ ਚੜ੍ਹਿਓ ਅਹੰਕਾਰਿ ॥ ਗਜ ਹਸਤੀ ਦੀਨੋ ਚਮਕਾਰਿ ॥੫॥**

(ਏਹ ਸੁਣ ਕੇ) ਹੰਕਾਰੀ ਬਾਦਸ਼ਾਹ (ਨੂੰ ਕ੍ਰੋਧ ਚੜ੍ਹ ਗਿਆ), ਅਤੇ ਉਸ ਨੇ ਖ਼ੂਨੀ ਹਾਥੀ ਨੂੰ ਚਮਕਾ ਦਿਤਾ ॥੫॥

**ਰੁਦਨੁ ਕਰੈ ਨਾਮੇ ਕੀ ਮਾਇ ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥੬॥**

(ਏਹ ਵੇਖ ਕੇ) ਨਾਮੇ ਦੀ ਮਾਂ ਰੋਣ ਲਗ ਪਈ, (ਅਤੇ ਬੋਲੀ—ਹੇ ਪੁੱਤ੍ਰ ! ਤੂੰ) ਰਾਮ ਨੂੰ ਛੱਡ ਕੇ ਖੁਦਾ ਨੂੰ ਕਿਉਂ ਨਹੀਂ ਯਾਦ ਕਰਦਾ, (ਅਰਥਾਤ ਹਿੰਦੂਓਂ ਮੁਸਲਮਾਨ ਕਿਉਂ ਨਹੀਂ ਹੋ ਜਾਂਦਾ ? ਤੇਰੀ ਨਜ਼ਰ ਵਿਚ ਤਾਂ ਏਹ ਦੋਵੇਂ ਵੱਟਾਂ ਭੁੱਲ ਤੇ ਹਨ, ਰਾਮ ਤੇ ਖੁਦਾ ਇਕ ਹਨ) ॥੬॥

**ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥**
**ਪਿੰਡੁ ਪੜੈ ਤਉ ਹਰਿ ਗੁਨ ਗਾਇ ॥੭॥**

(ਮਾਂ ਦਾ ਇਸ਼ਾਰਾ ਵੇਖ ਕੇ ਭਗਤ ਜੀ ਨੇ ਕਿਹਾ)—ਮੈਂ ਤੇਰਾ [ਪੂੰਗੜਾ] ਪੁੱਤਰ ਨਹੀਂ ਹਾਂ, ਅਤੇ ਤੂੰ ਮੇਰੀ ਮਾਂ ਨਹੀਂ ਹੈ, (ਜੇਕਰ ਮੇਰਾ) ਸਰੀਰ ਡਿੱਗ ਪਵੇ, ਤਾਂ ਭੀ ਹਰੀ ਦੇ ਗੁਣ ਗਾਵਾਂਗਾ ॥੭॥

**ਕਰੈ ਗਜਿੰਦੁ ਸੁੰਡ ਕੀ ਚੋਟ ॥ ਨਾਮਾ ਉਬਰੈ ਹਰਿ ਕੀ ਓਟ ॥੮॥**

(ਜਦ) ਹਾਥੀ ਨੇ ਸੁੰਡ ਦੀ ਸੱਟ ਮਾਰੀ, ਤਾਂ ਨਾਮਾ ਬਚ ਗਿਆ, ਕਿਉਂਕਿ ਉਸ ਨੂੰ ਹਰੀ ਦੀ ਓਟ ਸੀ ॥੮॥

**ਕਾਜੀ ਮੁਲਾਂ ਕਰਹਿ ਸਲਾਮੁ ॥ ਇਨਿ ਹਿੰਦੂ ਮੇਰਾ ਮਲਿਆ ਮਾਨੁ ॥੯॥**

(ਇਹ ਵੇਖ ਕੇ ਬਾਦਸ਼ਾਹ ਨੇ ਕਿਹਾ ਮੈਨੂੰ) ਕਾਜ਼ੀ ਤਾਂ ਮੁੱਲਾਂ ਸਲਾਮ ਕਰਦੇ ਹਨ। (ਪਰ) ਇਸ ਹਿੰਦੂ ਨੇ (ਮੇਰਾ ਕਿਹਾ ਨਾ ਮੰਨ ਕੇ) ਮੇਰਾ ਮਾਨ ਭੰਗ ਕੀਤਾ ਹੈ ॥੯॥

**ਬਾਦਿਸਾਹ ਬੇਨਤੀ ਸੁਨੇਹੁ ॥ ਨਾਮੇ ਸਰ ਭਰਿ ਸੋਨਾ ਲੇਹੁ ॥੧੦॥**

(ਇੰਨੇ ਨੂੰ ਸ਼ਹਿਰ ਦੇ ਸ਼ਾਹੂਕਾਰ ਮਿਲ ਕੇ ਆਏ ਤੇ ਆ ਕੇ ਕਹਿਣ ਲੱਗੇ—ਹੇ) ਬਾਦਸ਼ਾਹ! (ਸਾਡੀ) ਅਰਜ਼ ਸੁਣ ਲੈ, ਨਾਮੇ ਦੇ [ਸਰ] ਬਰਾਬਰ ਸੋਨਾ ਤੋਲ ਕੇ ਲੈ ਲੈ (ਅਤੇ ਨਾਮਦੇਵ ਨੂੰ ਛੱਡ ਦੇਹੁ) ॥੧੦॥

**ਮਾਲੁ ਲੇਉ ਤਉ ਦੋਜਕਿ ਪਰਉ ॥ ਦੀਨੁ ਛੋਡਿ ਦੁਨੀਆ ਕਉ ਭਰਉ ॥੧੧॥**

(ਬਾਦਸ਼ਾਹ ਨੇ ਕਿਹਾ—ਹੇ ਲੋਕੋ! ਜੇ ਮੈਂ) ਮਾਲ ਲਵਾਂਗਾ ਤਾਂ ਨਰਕਾਂ ਵਿਚ ਜਾਵਾਂਗਾ। (ਕੀ ਮੈਂ) ਧਰਮ ਨੂੰ ਛੱਡ ਕੇ ਦੌਲਤ ਨੂੰ 'ਕੱਠੀ ਕਰ ਸਕਦਾ ਹਾਂ? ॥੧੧॥

**ਪਾਵਹੁ ਬੇੜੀ ਹਾਥਹੁ ਤਾਲ ॥ ਨਾਮਾ ਗਾਵੈ ਗੁਨ ਗੋਪਾਲ ॥੧੨॥**

(ਭਾਵੇਂ) ਪੈਰਾਂ ਵਿਚ ਬੇੜੀ (ਪਈ ਹੋਈ) ਹੈ, (ਪਰ) ਹੱਥਾਂ ਨਾਲ ਤੌੜੀਆਂ (ਮਾਰ ਮਾਰ ਕੇ) ਨਾਮਾ ਗੋਪਾਲ ਦੇ ਗੁਣ ਗਾਉਂਦਾ ਹੈ ॥੧੨॥

**ਗੰਗ ਜਮੁਨ ਜਉ ਉਲਟੀ ਬਹੈ ॥ ਤਉ ਨਾਮਾ ਹਰਿ ਕਰਤਾ ਰਹੈ ॥੧੩॥**

ਜੇਕਰ ਗੰਗਾ ਤੇ ਜਮਨਾ ਉਲਟੀ ਵਗ ਜਾਏ, ਤਾਂ (ਭੀ) ਨਾਮਦੇਵ ਹਰਿ ਹਰਿ ਹੀ ਕਰਦਾ ਰਹੇਗਾ ॥੧੩॥

**ਸਾਤ ਘੜੀ ਜਬ ਬੀਤੀ ਸੁਣੀ ॥ ਅਜਹੁ ਨ ਆਇਓ ਤ੍ਰਿਭਵਣ ਧਣੀ ॥੧੪॥**

ਜਦ ਸੱਤ ਘੜੀਆਂ ਬੀਤੀਆਂ ਸੁਣ (ਲਈਆਂ, ਤਾਂ ਲੋਕੀਂ ਆਖਦੇ ਹਨ) ਅਜੇ ਤਕ ਤਿੰਨਾਂ ਲੋਕਾਂ ਦਾ ਮਾਲਕ ਨਹੀਂ ਆਇਆ। (ਅੱਧੀ ਘੜੀ ਹੋਰ ਰਹਿੰਦੀ ਹੈ, ਜੇਕਰ ਤ੍ਰਿਲੋਕੀ ਨਾਥ ਨਾ ਆਯਾ ਤਾਂ ਪਹਿਰ ਮਗਰੋਂ ਪਤਾ ਨਹੀਂ ਜੋ ਬਾਦਸ਼ਾਹ ਨਾਮੇ ਨਾਲ ਕੀ ਸਲੂਕ ਕਰੇਗਾ, ਕਿਉਂਕਿ ਬਾਦਸ਼ਾਹ ਨੇ ਆਖਿਆ ਹੋਇਆ ਹੈ ਕਿ ਇਕ ਪਹਿਰ ਤਕ ਗਊ ਨਾ ਜੀਵੇਗੀ ਤਾਂ ਮੈਂ ਕਤਲ ਕਰਵਾ ਦੇਵਾਂਗਾ) ॥੧੪॥

**ਪਾਖੰਤਣ ਬਾਜ ਬਜਾਇਲਾ ॥ ਗਰੁੜ ਚੜ੍ਹੇ ਗੋਬਿੰਦ ਆਇਲਾ ॥੧੫॥**

(ਇੰਨੇ ਚਿਰ ਨੂੰ) (ਪਾਖ × ਅੰਤਣ)=ਪੱਖ ਦੇ ਅੰਤ (ਪਹਿਰ) ਦਾ ਘੜਿਆਲ ਵੱਜਿਆ, ਤਾਂ ਗਰੜ ਸਵਾਰ ਗੋਬਿੰਦ ਜੀ ਆ ਗਏ ॥੧੫॥

**ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥ ਗਰੁੜ ਚੜ੍ਹੇ ਆਏ ਗੋਪਾਲ ॥੧੬॥**

ਗਰੜ ਤੇ ਸਵਾਰ ਹੋ ਕੇ ਗੋਪਾਲ ਜੀ ਆਏ (ਤੇ) ਆ ਕੇ ਆਪਣੇ ਭਗਤ ਦੀ ਰਖਿਆ ਕੀਤੀ ॥੧੬॥

**ਕਹਹਿ ਤ ਧਰਣਿ ਇਕੋਡੀ ਕਰਉ ॥ ਕਹਹਿ ਤ ਲੇ ਕਰਿ ਊਪਰਿ ਧਰਉ ॥੧੭॥**

(ਠਾਕੁਰ ਨੇ ਕਿਹਾ—ਹੇ ਨਾਮਦੇਵ! ਜੇ ਆਖੇਂ ਤਾਂ ਧਰਤੀ ਨੂੰ ਟੇਢੀ ਕਰ ਦੇਵਾਂ? (ਜੇਕਰ) ਆਖੇਂ ਤਾਂ

ਹੇਠਾਂ ਉਤੇ ਕਰ ਦੇਵਾਂ ॥੧੭॥

**ਕਹਹਿ ਤ ਮੁਈ ਗਊ ਦੇਉ ਜੀਆਇ ॥ ਸਭੁ ਕੋਈ ਦੇਖੈ ਪਤੀਆਇ ॥੧੮॥**

(ਜੇਕਰ) ਆਖੇਂ ਤਾਂ ਮੋਈ ਹੋਈ ਗਊ ਜਿਵਾ ਦੇਵਾਂ ? ਸਭ ਕੋਈ ਵੇਖ ਕੇ ਪ੍ਰਤੀਤ ਕਰ ਜਾਵੇ ॥੧੮॥

**ਨਾਮਾ ਪ੍ਰਣਵੈ ਸੇਲ ਮਸੇਲ ॥ ਗਊ ਦੁਹਾਈ ਬਛਰਾ ਮੇਲਿ ॥੧੯॥**

ਨਾਮਦੇਵ ਜੀ ਨੇ (ਸੇਲਮਸੇਲ) ਅੱਖਾਂ ਦੇ ਇਸ਼ਾਰੇ ਨਾਲ ਹੀ ਬੇਨਤੀ ਕੀਤੀ, (ਕਿ ਗਊ ਜਿਵਾ ਦੇਹੁ; ਜਦ ਗਊ ਜੀਉ ਪਈ, ਤਾਂ) ਵੱਛਾ ਛੱਡ ਕੇ ਗਊ ਚੁਆ ਲਈ ॥੧੯॥

**ਦੂਧਹਿ ਦੁਹਿ ਜਬ ਮਟੁਕੀ ਭਰੀ ॥ ਲੇ ਬਾਦਿਸਾਹ ਕੇ ਆਗੇ ਧਰੀ ॥੨੦॥**

ਦੁਧ ਚੋ ਕੇ ਜਦ ਮੱਘੀ ਭਰ ਲਈ ਤਾਂ ਬਾਦਸ਼ਾਹ ਦੇ ਅੱਗੇ ਜਾ ਰੱਖੀ ॥੨੦॥

**ਬਾਦਿਸਾਹੁ ਮਹਲ ਮਹਿ ਜਾਇ ॥ ਅਉਘਟ ਕੀ ਘਟ ਲਾਗੀ ਆਇ ॥੨੧॥**

ਬਾਦਸ਼ਾਹ ਮਹਲ ਵਿਚ ਆ ਗਿਆ (ਤਾਂ ਉਸ ਦੇ ਸਰੀਰ ਨੂੰ) [ਅਉਘਟ] ਦੁੱਖ ਦੀ [ਘਟ] ਘੜੀ· ਆ ਲੱਗੀ ॥੨੧॥

**ਕਾਜੀ ਮੁਲਾਂ ਬਿਨਤੀ ਫੁਰਮਾਇ ॥ ਬਖਸੀ ਹਿੰਦੂ ਮੈ ਤੇਰੀ ਗਾਇ ॥੨੨॥**

ਕਾਜੀ ਤੇ ਮੁੱਲਾਂ (ਨੇ ਆ ਕੇ ਬਾਦਸ਼ਾਹ ਵਲੋਂ ਨਾਮਦੇਵ ਅਗੇ) ਅਰਜ਼ ਕੀਤੀ— (ਹੇ) ਹਿੰਦੂ! ਬਖਸ਼ ਲੈ ਮੈਂ ਤੇਰੀ ਗਊ ਹਾਂ ॥੨੨॥

SIKHBOOKCLUB.COM

**ਨਾਮਾ ਕਹੈ ਸੁਨਹੁ ਬਾਦਿਸਾਹ ॥ ਇਹੁ ਕਿਛੁ ਪਤੀਆ ਮੁਝੈ ਦਿਖਾਇ ॥੨੩॥**

ਨਾਮਦੇਵ (ਜੀ) ਨੇ ਕਿਹਾ ਹੇ ਬਾਦਸ਼ਾਹ! ਸੁਣ ਏਹ (ਜੋ) ਕੁਝ [ਪਤੀਆ] ਚਿੱਠੀ (ਕਰਾਮਾਤ) ਮੈਨੂੰ ਨਜਰ ਆਈ ਹੈ ॥੨੩॥

**ਇਸ ਪਤੀਆ ਕਾ ਇਹੈ ਪਰਵਾਨੁ ॥ ਸਾਚਿ ਸੀਲਿ ਚਾਲਹੁ ਸੁਲਿਤਾਨ ॥੨੪॥**

ਇਸ ਚਿੱਠੀ ਦਾ ਏਹ ਫੁਰਮਾਨ (ਹੁਕਮ) ਹੈ— ਹੇ ਪਾਤਸ਼ਾਹ! ਸਚਾ ਤੇ ਧਰਮੀ ਹੋ ਕੇ ਚਲ ॥੨੪॥

**ਨਾਮਦੇਉ ਸਭ ਰਹਿਆ ਸਮਾਇ ॥ ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ ॥੨੫॥**

ਨਾਮਦੇਵ ਹੀ ਸਾਰਿਆਂ (ਦੇ ਦਿਲ ਵਿਚ) ਸਮਾ ਰਿਹਾ ਹੈ (ਅਰਥਾਤ ਸਾਰੇ ਲੋਕ ਧੰਨ ਨਾਮਦੇਵ! ਧੰਨ ਨਾਮਦੇਵ! ਆਖ ਰਹੇ ਹਨ, ਅਤੇ) ਸਾਰੇ ਹਿੰਦੂ 'ਕੱਠੇ ਹੋ ਕੇ ਨਾਮਦੇਵ ਕੋਲ ਆਏ, (ਤੇ ਕਹਿਣ ਲਗੇ ਸ਼ਹਿਰ ਵਿਚ ਏਹ ਵਿਚਾਰ ਹੋ ਰਹੀ ਸੀ ਕਿ):—

**ਜਉ ਅਬ ਕੀ ਬਾਰ ਨ ਜੀਵੈ ਗਾਇ ॥ ਤ ਨਾਮਦੇਵ ਕਾ ਪਤੀਆ ਜਾਇ ॥੨੬॥**

ਜੇ ਹੁਣ ਦੀ ਵੇਰੀ ਗਊ ਨ ਜੀਵੀ ਤਾਂ ਨਾਮਦੇਵ ਦੀ ਇੱਜ਼ਤ ਚਲੀ ਜਾਵੇਗੀ ॥੨੬॥

**ਨਾਮੇ ਕੀ ਕੀਰਤਿ ਰਹੀ ਸੰਸਾਰਿ ॥ ਭਗਤ ਜਨਾਂ ਲੇ ਉਧਰਿਆ ਪਾਰਿ ॥੨੭॥**

ਨਾਮਦੇਵ ਜੀ ਦਾ ਜਸ ਸਾਰੇ ਸੰਸਾਰ ਵਿਚ ਹੋ ਰਿਹਾ ਹੈ। ਭਗਤ ਜਨਾਂ (ਨੂੰ ਨਿਰੰਕਾਰ ਨੇ ਆਪ ਦੁੱਖਾਂ ਤੋਂ) ਪਾਰ ਲੰਘਾਇਆ ਹੈ ॥੨੭॥

**ਸਗਲ ਕਲੇਸ ਨਿੰਦਕ ਭਇਆ ਖੇਦੁ ॥**
**ਨਾਮੇ ਨਾਰਾਇਨ ਨਾਹੀ ਭੇਦੁ ॥੨੮॥੧॥੧੦॥**

ਸਾਰੇ ਦੁਖ (ਨਾਮਦੇਵ ਦੇ ਮਿਟ ਗਏ ਹਨ ਅਤੇ) ਨਿੰਦਾ ਕਰਨ ਵਾਲਿਆਂ ਨੂੰ ਦੁਖ ਹੋਇਆ ਹੈ। ਨਾਮੇ ਤੇ ਨਾਰੈਣ ਵਿਚ (ਕੋਈ) ਭੇਦ ਨਹੀਂ ਹੈ। (ਅਰਥਾਤ ਨਾਮਾ ਤੇ ਨਾਰੈਣ ਦੋਵੇਂ ਇਕ ਰੂਪ ਹਨ) ॥੨੮॥੧॥੧੦॥

**ਘਰੁ ੨ ॥ ਜਉ ਗੁਰਦੇਉ ਤ ਮਿਲੈ ਮੁਰਾਰਿ ॥ ਜਉ ਗੁਰਦੇਉ ਤ ਉਤਰੈ ਪਾਰਿ ॥**

ਜੇ ਗੁਰਦੇਵ (ਮਿਲ ਜਾਣ) ਤਾਂ ਨਿਰੰਕਾਰ ਨਾਲ ਮੇਲ ਹੋ ਜਾਂਦਾ ਹੈ। ਜੇ ਗੁਰਦੇਵ (ਕ੍ਰਿਪਾ ਕਰਨ) ਤਾਂ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਈਦਾ ਹੈ।

**ਜਉ ਗੁਰਦੇਉ ਤ ਬੈਕੁੰਠ ਤਰੈ ॥ ਜਉ ਗੁਰਦੇਉ ਤ ਜੀਵਤ ਮਰੈ ॥੧॥**

ਜੇ ਗੁਰਦੇਵ ਕ੍ਰਿਪਾ ਕਰਨ) ਤਾਂ ਬੈਕੁੰਠ ਵਿਚ ਪਹੁੰਚ ਜਾਈਦਾ ਹੈ। ਜੇ ਗੁਰਦੇਵ (ਕ੍ਰਿਪਾ ਕਰਨ) ਤਾਂ ਜੀਵਤ੍ਰ ਭਾਵ (ਹੰਕਾਰ) ਮਰ ਜਾਂਦਾ ਹੈ ॥੧॥

**ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥**
**ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥੧॥ ਰਹਾਉ ॥**

ਸਤਿਗੁਰੂ ਦੇਵ (ਜੀ ਦੀ ਸੇਵਾ ਕਰਨੀ) ਸੱਤ ਹੈ, ਸੱਤ ਹੈ, ਸੱਤ ਹੈ। ਹੋਰ ਸਭ ਦੀ ਸੇਵਾ (ਕਰਨੀ) ਝੂਠ ਹੈ, ਝੂਠ ਝੂਠ ਹੈ ॥੧॥ ਰਹਾਉ ॥

SIKHBOOKCLUB.COM

**ਜਉ ਗੁਰਦੇਉ ਤ ਨਾਮੁ ਦ੍ਰਿੜਾਵੈ ॥ ਜਉ ਗੁਰਦੇਉ ਨ ਦਹ ਦਿਸ ਧਾਵੈ ॥**

ਜੇ ਗੁਰਦੇਵ (ਕ੍ਰਿਪਾ ਕਰਨ) ਤਾਂ ਨਾਮ (ਜਪਣ ਵਿਚ ਮਨ) ਲੱਗ ਜਾਂਦਾ ਹੈ। ਜੇ ਗੁਰਦੇਵ (ਜੀ ਦੀ ਕ੍ਰਿਪਾ ਹੋ ਜਾਵੇ ਤਾਂ ਫੇਰ ਮਨ) ਦਸਾਂ ਦਿਸਾਂ ਵਲ ਨਹੀਂ ਦੌੜਦਾ।

**ਜਉ ਗੁਰਦੇਉ ਪੰਚ ਤੇ ਦੂਰਿ ॥ ਜਉ ਗੁਰਦੇਉ ਨ ਮਰਿਬੋ ਝੂਰਿ ॥੨॥**

ਜੇ ਗੁਰਦੇਵ (ਜੀ ਦੀ ਦਯਾ ਹੋ ਜਾਵੇ ਤਾਂ) ਪੰਜੇ (ਵਿਕਾਰ) ਦੂਰ (ਹੋ ਜਾਂਦੇ ਹਨ)। ਗੁਰਦੇਵ (ਜੀ ਦੀ ਮੇਹਰ ਹੋ ਜਾਵੇ ਤਾਂ ਫਿਰ) ਝੋਰੇ (ਨਾਲ ਜੀਵ) ਨਹੀਂ ਮਰਦਾ ॥੨॥

**ਜਉ ਗੁਰਦੇਉ ਤ ਅੰਮ੍ਰਿਤ ਬਾਨੀ ॥ ਜਉ ਗੁਰਦੇਉ ਤ ਅਕਥ ਕਹਾਨੀ ॥**

ਜੇ ਗੁਰਦੇਵ (ਜੀ ਦਾ ਉਪਦੇਸ਼ ਮੰਨ ਲਈਏ) ਤਾਂ ਬੋਲੀ ਮਿੱਠੀ ਹੋ ਜਾਂਦੀ ਹੈ। ਜੇ ਗੁਰਦੇਵ (ਕ੍ਰਿਪਾ ਕਰੇ) ਤਾਂ ਅਕਥ ਦੀ ਕਥਾ (ਕਹੀ ਸੁਣੀਦੀ ਹੈ)।

**ਜਉ ਗੁਰਦੇਉ ਤ ਅੰਮ੍ਰਿਤ ਦੇਹ ॥ ਜਉ ਗੁਰਦੇਉ ਨਾਮੁ ਜਪਿ ਲੇਹਿ ॥੩॥**

ਜੇ ਗੁਰਦੇਵ (ਦਿਆਲ ਹੋਵੇ) ਤਾਂ (ਨਾਮ) ਅੰਮ੍ਰਿਤ ਦਾ ਦਾਨ ਦੇਂਦਾ ਹੈ। ਜੇ ਗੁਰਦੇਵ (ਜੀ ਦੀ ਦਯਾ ਹੋਵੇ ਤਾਂ) ਨਾਮ ਜਪ ਲਈਦਾ ਹੈ ॥੩॥

**ਜਉ ਗੁਰਦੇਉ ਭਵਨ ਤ੍ਰੈ ਸੂਝੈ ॥ ਜਉ ਗੁਰਦੇਉ ਊਚ ਪਦ ਬੂਝੈ ॥**

ਜੇ ਗੁਰਦੇਵ (ਜੀ ਦੀ ਮੇਹਰ ਦੀ ਨਿਗਾਹ ਹੋ ਜਾਵੇ ਤਾਂ) ਤਿੰਨਾਂ ਲੋਕਾਂ ਦੀ ਸੋਝੀ ਹੋ ਜਾਂਦੀ ਹੈ। ਜੇ ਕਰ ਗੁਰਦੇਵ (ਜੀ ਦੀ ਕ੍ਰਿਪਾ ਹੋ ਜਾਵੇ ਤਾਂ) ਉੱਚ ਪਦਵੀ ਮਿਲ ਜਾਂਦੀ ਹੈ।

**ਜਉ ਗੁਰਦੇਉ ਤ ਸੀਸੁ ਅਕਾਸਿ ॥ ਜਉ ਗੁਰਦੇਉ ਸਦਾ ਸਾਬਾਸਿ ॥੪॥**

ਜੇ ਗੁਰਦੇਵ (ਜੀ ਦੀ ਮੇਹਰ ਹੋਵੇ) ਤਾਂ ਸਿਰ ਅਸਮਾਨ (ਨੂੰ ਜਾ ਲਗਦਾ ਹੈ, ਭਾਵ ਵਡਾ ਜਸ ਜਗਤ ਵਿਚ ਹੋ ਜਾਂਦਾ ਹੈ)। ਜੇ ਗੁਰਦੇਵ ਜੀ ਦੀ (ਕ੍ਰਿਪਾ ਹੋਵੇ ਤਾਂ) ਸਦਾ ਹੀ ਸ਼ਾਬਾਸ਼ (ਮਿਲਦੀ ਹੈ) ॥੪॥

**ਜਉ ਗੁਰਦੇਉ ਸਦਾ ਬੈਰਾਗੀ ॥ ਜਉ ਗੁਰਦੇਉ ਪਰ ਨਿੰਦਾ ਤਿਆਗੀ ॥**

ਜੇ ਗੁਰਦੇਵ (ਮਿਲੇ ਤਾਂ) ਸਦਾ ਹੀ ਵੈਰਾਗਵਾਨ (ਹੋ ਜਾਈਦਾ ਹੈ)। ਜੇ ਗੁਰਦੇਵ (ਮਿਲ ਪਵੇ ਤਾਂ) ਪਰਾਈ ਨਿੰਦਾ (ਉਸਤਤਿ) ਛਡ ਦੇਈਦੀ ਹੈ।

**ਜਉ ਗੁਰਦੇਉ ਬੁਰਾ ਭਲਾ ਏਕ ॥ ਜਉ ਗੁਰਦੇਉ ਲਿਲਾਟਹਿ ਲੇਖ ॥੫॥**

ਜੇ ਗੁਰਦੇਵ (ਦਾ ਕਿਹਾ ਮੰਨ ਲਈਏ ਤਾਂ) ਬੁਰਾ ਤੇ ਭਲਾ ਏਕ ਸਮਾਨ ਦਿਸਦਾ ਹੈ। ਜੇ ਕਰ ਗੁਰਦੇਵ (ਜੀ ਦੀ ਸਿਖਯਾ ਮਨ ਵਿਚ ਵਸਾਈਏ ਤਾਂ) [ਲਿਲਾਟਹਿ] ਮੱਥੇ ਦੇ ਲੇਖ (ਅਨੁਸਾਰ ਜਾਣ ਕੇ ਦੁੱਖ-ਸੁਖ ਵਿਚ ਇਕ ਸਮਾਨ ਰਹੀਦਾ ਹੈ) ॥੫॥

**ਜਉ ਗੁਰਦੇਉ ਕੰਧੁ ਨਹੀ ਹਿਰੈ ॥ ਜਉ ਗੁਰਦੇਉ ਦੇਹੁਰਾ ਫਿਰੈ ॥**

ਜੇ ਗੁਰਦੇਵ (ਜੀ ਦੀ ਕ੍ਰਿਪਾ ਹੋ ਜਾਵੇ ਤਾਂ) [ਕੰਧੁ] ਸਰੀਰ ਨਾਸ ਨਹੀਂ ਹੁੰਦਾ। ਜੇ ਗੁਰਦੇਵ (ਜੀ ਦੀ ਮੇਹਰ ਹੋ ਗਈ ਸੀ ਤਾਂ ਨਾਮਦੇਵ ਜੀ ਵਲ) ਮੰਦਰ ਦਾ ਮੂੰਹ ਹੋ ਗਿਆ (ਸੀ)।

**ਜਉ ਗੁਰਦੇਉ ਤ ਛਾਪਰਿ ਛਾਈ ॥ ਜਉ ਗੁਰਦੇਉ ਸਿਹਜ ਨਿਕਸਾਈ ॥੬॥**

ਜੇ ਗੁਰਦੇਵ (ਜੀ ਦੀ ਕ੍ਰਿਪਾ ਹੋਈ ਸੀ) ਤਾਂ (ਨਾਮਦੇਵ ਦਾ) ਛੱਪਰ ਬਣ ਗਿਆ ਸੀ। ਜੇ ਗੁਰਦੇਵ (ਜੀ ਦੀ ਨਾਮੇ ਉਤੇ ਮੇਹਰ ਹੋਈ-ਹੋਈ ਸੀ ਤਾਂ ਜਮਨਾ ਵਿਚ ਸੁੱਟੀ ਗਈ) ਸੇਜਾ (ਜਿਉਂ ਦੀ ਤਿਉਂ) ਨਿਕਲ ਆਈ ਸੀ ॥੬॥

**ਜਉ ਗੁਰਦੇਉ ਤ ਅਠਸਠਿ ਨਾਇਆ ॥ ਜਉ ਗੁਰਦੇਉ ਤਨਿ ਚਕ੍ਰ ਲਗਾਇਆ ॥**

ਜੇ ਗੁਰਦੇਵ (ਜੀ ਦੀ ਸੇਵਾ ਕੀਤੀ) ਤਾਂ ਅਠਾਹਠ (ਤੀਰਥਾਂ ਦਾ) ਇਸ਼ਨਾਨ (ਹੋ ਗਿਆ)। ਜੇ ਗੁਰਦੇਵ (ਜੀ ਦੀ ਸੇਵਾ ਕੀਤੀ ਤਾਂ) ਸਰੀਰ (ਉਤੇ ਸੁਦਰਸ਼ਨ) ਚਕ੍ਰ (ਆਦਿਕ ਛਾਪੇ ਭੀ) ਲਗਵਾ ਲਏ।

**ਜਉ ਗੁਰਦੇਉ ਤ ਦੁਆਦਸ ਸੇਵਾ ॥ ਜਉ ਗੁਰਦੇਉ ਸਭੈ ਬਿਖੁ ਮੇਵਾ ॥੭॥**

ਜੇ ਗੁਰਦੇਵ (ਜੀ ਦੀ ਭਗਤੀ ਕੀਤੀ ਤਾਂ) ਬਾਰਾਂ, (ਜਯੋਤੀ ਲਿੰਗਾਂ ਦੀ) ਸੇਵਾ (ਕਰ ਲਈ)। ਜੇ ਗੁਰਦੇਵ (ਜੀ ਦੇ ਉਪਦੇਸ਼ ਮੂਜਬ ਤੁਰੀਏ, ਤਾਂ ਸਾਰੇ ਜ਼ਹਿਰ ਭੀ ਮੇਵੇ (ਹੋ ਜਾਂਦੇ ਹਨ) ॥੭॥

**ਜਉ ਗੁਰਦੇਉ ਤ ਸੰਸਾ ਟੂਟੈ ॥ ਜਉ ਗੁਰਦੇਉ ਤ ਜਮ ਤੇ ਛੂਟੈ ॥**

ਜੇ ਗੁਰਦੇਵ (ਜੀ ਦੀ ਸ਼ਰਨੀ ਆਈਏ ਤਾਂ) ਸੰਸੇ ਟੁਟ ਜਾਂਦੇ ਹਨ। ਜੇ ਗੁਰਦੇਵ (ਜੀ ਦਾ ਉਪਦੇਸ਼ ਕਮਾਈਏ) ਤਾਂ ਜਮਾਂ ਤੋਂ ਛੁਟਕਾਰਾ (ਹੋ ਜਾਂਦਾ ਹੈ)।

Sri Satguru Jagjit Singh Ji eLibrary NamdhariElibrary@gmail.com

**ਜਉ ਗੁਰਦੇਉ ਤ ਭਉਜਲ ਤਰੈ ॥ ਜਉ ਗੁਰਦੇਉ ਤ ਜਨਮਿ ਨ ਮਰੈ ॥੮॥**

ਜੇ ਗੁਰਦੇਵ (ਜੀ ਦੇ ਬਚਨਾਂ ਪੁਰ ਤੁਰੀਏ) ਤਾਂ ਸੰਸਾਰ-ਸਮੁੰਦਰ ਤੋਂ ਤਰ ਜਾਈਦਾ ਹੈ। ਜੇ ਗੁਰਦੇਵ (ਜੀ ਦਾ ਉਪਦੇਸ਼ ਮਨ ਵਿਚ ਵਸ ਜਾਵੇ) ਤਾਂ ਫੇਰ ਜੰਮਣਾ ਮਰਨਾ ਨਹੀਂ (ਹੁੰਦਾ) ॥੮॥

**ਜਉ ਗੁਰਦੇਉ ਅਠਦਸ ਬਿਉਹਾਰ ॥ ਜਉ ਗੁਰਦੇਉ ਅਠਾਰਹ ਭਾਰ ॥**

ਜੇ ਗੁਰਦੇਵ (ਖੁਸ਼ ਹੋਵੇ ਤਾਂ) ਅਠਾਰਾਂ (ਪੁਰਾਣਾਂ ਦੇ ਦਸੇ) ਕਰਮ (ਕਰ ਲਏ)। ਜੇ ਗੁਰਦੇਵ (ਜੀ ਦੀ ਭੇਟ ਮਨ ਦੇ ਦਿਤਾ ਤਾਂ) ਅਠਾਰਾਂ ਭਾਰ ਬਨਾਸਪਤੀ ਦੇ ਆਪੇ (ਹੀ ਭੇਟਾ ਹੋ ਗਏ)।

**ਬਿਨੁ ਗੁਰਦੇਉ ਅਵਰ ਨਹੀ ਜਾਈ ॥**
**ਨਾਮਦੇਉ ਗੁਰ ਕੀ ਸਰਣਾਈ ॥੯॥੧॥੨॥੧੧॥***

(ਗੁਰਦੇਵ ਜੀ ਤੋਂ) ਬਿਨਾਂ ਹੋਰ (ਕੋਈ) ਜਗ੍ਹਾ ਸੁਖਦਾਈ ਨਹੀਂ ਹੈ (ਇਸੇ ਲਈ) ਨਾਮਦੇਵ ਗੁਰਾਂ ਦੀ ਸ਼ਰਨੀ ਆਇਆ ਹੈ ॥੯॥੧॥੨॥੧੧॥

**ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨**

*੧ੴ ਸਤਿਗੁਰ ਪ੍ਰਸਾਦਿ ॥*

**ਬਿਨੁ ਦੇਖੇ ਉਪਜੈ ਨਹੀ ਆਸਾ ॥ ਜੋ ਦੀਸੈ ਸੋ ਹੋਇ ਬਿਨਾਸਾ ॥**

ਵੇਖੇ ਤੋਂ ਬਿਨਾਂ (ਮਿਲਣ ਦੀ) ਇੱਛਾ ਹੀ ਨਹੀਂ ਫੁਰਦੀ। ਜੋ ਦਿੱਸਦਾ ਹੈ, ਉਹ ਸਭ ਨਾਸ ਹੋ ਜਾਣ ਵਾਲਾ ਹੈ, ਸਿਰਜਣਹਾਰ ਨਾਲ ਕਿਵੇਂ ਮੇਲ ਹੋਵੇ ?)

**ਬਰਨ ਸਹਿਤ ਜੋ ਜਾਪੈ ਨਾਮੁ ॥ ਸੋ ਜੋਗੀ ਕੇਵਲ ਨਿਹਕਾਮੁ ॥੧॥**

ਜੋ [ਬਰਨ= ਰੰਗ] ਪਰੇਮ ਨਾਲ ਨਾਮ ਜਪਦਾ ਹੈ। ਉਹ ਨਿਸ਼ਕਾਮ (ਹੋ ਕੇ) [ਕੇਵਲ] ਸੁਧ ਸਰੂਪ ਵਾਹਿਗੁਰੂ ਨਾਲ (ਜੋਗੀ) ਜੁੜ ਜਾਂਦਾ ਹੈ ॥੧॥

**ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥**

ਜੇਹੜਾ ਕੋਈ [ਪਰਚੈ] ਪਰੇਮ ਨਾਲ ਨਾਮ ਜਪਦਾ ਹੈ। (ਉਹ ਰਾਮ ਰੂਪੀ) ਪਾਰਸ ਨਾਲ ਲੱਗ ਕੇ (ਆਪਣੀ) ਦੂਈ ਮੇਟ ਲੈਂਦਾ ਹੈ, (ਅਰਥਾਤ ਰਾਮ ਦਾ ਹੀ ਰੂਪ ਹੋ ਜਾਂਦਾ ਹੈ)॥੧॥ ਰਹਾਉ ॥

**ਸੋ ਮੁਨਿ ਮਨ ਕੀ ਦੁਬਿਧਾ ਖਾਇ ॥ ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥**

ਉਹ ਮੁਨੀ ਹੈ, (ਜੋ) ਮਨ ਦੀ ਦੂਈ ਮੇਟਦਾ ਹੈ, ਅਤੇ [ਬਿਨੁ ਦੁਆਰੇ] ਨਿਰੰਕਾਰ ਨੂੰ ਤਿੰਨਾਂ ਵਿਚ ਸਮਾਯਾ (ਜਾਣਦਾ ਹੈ)।

**ਮਨ ਕਾ ਸੁਭਾਉ ਸਭੁ ਕੋਈ ਕਰੈ ॥ ਕਰਤਾ ਹੋਇ ਸੁ ਅਨਭੈ ਰਹੈ ॥੨॥**

---

* *ਇਸ ਸ਼ਬਦ ਵਿਚ ਜਿਨ੍ਹਾਂ ਪ੍ਰਸੰਗਾਂ ਵੱਲ ਇਸ਼ਾਰਾ ਕੀਤਾ ਹੈ ਇਹ ਸਾਰੇ ਪ੍ਰਸੰਗ 'ਨਾਭਾ ਭਗਤ ਮਾਲ ਸਟੀਕ' ਅਤੇ 'ਗੁਰੂ ਗ੍ਰੰਥ ਸਾਖੀ ਪ੍ਰਮਾਣ' ਵਿਚ ਵਿਸਥਾਰ ਸਹਿਤ ਲਿਖੇ ਹਨ।*

Sri Satguru Jagjit Singh Ji eLibrary NamdhariElibrary@gmail.com

ਮਨ ਦੇ ਸੁਭਾਵ (ਮਗਰ ਤਾਂ) ਸਭ ਕੋਈ ਬੋਲਦਾ ਹੈ। (ਪਰ) ਜੋ ਮਨ ਉਤੇ ਹੁਕਮ ਕਰਨ ਵਾਲਾ ਹੋਇਆ ਹੈ, ਉਹ [ਅਨਭੈ= ਅਨਭਵ] ਗਿਆਨ ਵਿੱਚ ਰਹਿੰਦਾ ਹੈ ॥੨॥

**ਫਲ ਕਾਰਨ ਫੂਲੀ ਬਨਰਾਇ॥ ਫਲੁ ਲਾਗਾ ਤਬ ਫੂਲੁ ਬਿਲਾਇ ॥**

(ਜਿਵੇਂ) ਫਲਾਂ ਵਾਸਤੇ ਬਨਾਸਪਤੀ ਫੁੱਲਦੀ ਹੈ। (ਜਦੋਂ) ਫਲ ਲੱਗ (ਜਾਣ) ਤਾਂ ਫੁੱਲ ਦੂਰ ਹੋ ਜਾਂਦੇ ਹਨ।

**ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥੩॥**

(ਇਵੇਂ) ਹੀ ਗਿਆਨ ਵਾਸਤੇ ਕਰਮਾਂ ਦਾ ਅਭਿਆਸ (ਕੀਤਾ ਜਾਂਦਾ ਹੈ, ਜਦ) ਗਿਆਨ ਹੋ ਗਿਆ, ਫਿਰ ਕਰਮਾਂ ਦਾ ਖਾਤਮਾ ਹੈ ॥੩॥

**ਘ੍ਰਿਤ ਕਾਰਨ ਦਧਿ ਮਥੈ ਸਇਆਨ॥ ਜੀਵਤ ਮੁਕਤ ਸਦਾ ਨਿਰਬਾਨ॥**

ਜਿਵੇਂ [ਸਇਆਨ= ਸੁਆਣੀ] ਇਸਤ੍ਰੀ ਘਿਉ ਵਾਸਤੇ ਦਹੀਂ ਰਿੜਕਦੀ ਹੈ। (ਇਵੇਂ ਹੀ ਜਗਯਾਸੂ) ਜੀਵਨ ਮੁਕਤ ਹੋਣ ਲਈ ਸਦਾ ਹੀ ਨਿਰਬਾਨ (ਪਦ ਦੀ ਵਿਚਾਰ ਕਰਦੇ ਹਨ)।

**ਕਹਿ ਰਵਿਦਾਸ ਪਰਮ ਬੈਰਾਗ॥ ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥**

ਰਵਿਦਾਸ ਜੀ ਆਖਦੇ ਹਨ, ਹੇ ਅਭਾਗੇ! ਪੂਰਨ ਵੈਰਾਗੀ (ਹੋ ਕੇ ਤੂੰ) ਹਿਰਦੇ ਵਿਚ ਰਾਮ ਨੂੰ ਕਿਉਂ ਨਹੀਂ ਜਪਦਾ ? (ਤਾਂ ਕਿ ਤੂੰ ਵੀ ਜੀਵਨ ਮੁਕਤਿ ਹੋ ਜਾਵੇਂ) ॥੪॥੧॥

*ਉਥਾਨਕਾ*—ਭਗਤ ਮਾਲ ਵਿਚ ਲਿਖਿਆ ਹੈ, ਜੋ ਈਰਖਾ ਨਾਲ ਸੜੇ ਦੁਨਿਆਵੀ ਭਗਤਾਂ ਨੇ ਨਾਮਦੇਵ ਜੀ ਨੂੰ ਮਾਰਨ ਲਈ ਚੁੜੇਲ ਵਾਲੇ ਖੂਹ ਤੇ ਪਾਣੀ ਲੈਣ ਭੇਜਿਆ, ਜਦ ਨਾਮਦੇਵ ਜੀ ਖੂਹ ਤੇ ਪੁੱਜੇ ਤਾਂ ਅਗੋਂ ਚੁੜੇਲ ਨਿਕਲ ਆਈ, ਆਪ ਉਸੇ ਨੂੰ ਈਸ਼ਵਰ ਰੂਪ ਜਾਣ ਕੇ ਛੈਣੇ ਵਜਾ ਕੇ ਜਸ ਗਾਉਣ ਲਗ ਪਏ, ਕਿ—

**ਨਾਮਦੇਵ ॥ ਆਉ ਕਲੰਦਰ ਕੇਸਵਾ ॥ ਕਰਿ ਅਬਦਾਲੀ ਭੇਸਵਾ ॥ ਰਹਾਉ ॥**

ਹੇ ਕਲੰਦਰ (ਰੂਪ ਵਾਲੇ) ਕੇਸਵ ਜੀ! ਆਓ, (ਅੱਜ ਆਪ ਨੇ) [ਅਬਦਾਲੀ] ਡਰਾਉਣਾ ਰੂਪ ਬਣਾਇਆ ॥ ਰਹਾਉ॥

**ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ ॥**

ਜਿਸ ਦੇ ਸਿਰ ਦੀ [ਕੁਲਹ] ਟੋਪੀ ਅਕਾਸ਼ ਬਣਾਈ (ਹੋਈ ਹੈ, ਅਤੇ) [ਕਉਸੈ] ਜੁੱਤੀ ਸੱਤਵਾਂ ਪਤਾਲ (ਬਣਾਈ ਹੋਈ ਹੈ)।

**ਚਮਰ ਪੋਸ ਕਾ ਮੰਦਰੁ ਤੇਰਾ ਇਹ ਬਿਧਿ ਬਨੇ ਗੁਪਾਲਾ ॥੧॥**

(ਅੱਜ) ਆਪ ਦਾ ਘਰ (ਇਹ) ਚਮੜਪੋਸ਼ (ਸਰੀਰ) ਹੈ, (ਹੇ) ਗੁਪਾਲ! (ਆਪ ਨੇ) ਇਹ ਬਿਧਿ ਚੰਗੀ ਬਣਾਈ ਹੈ ॥੧॥

**ਛਪਨ ਕੋਟਿ ਕਾ ਪੇਹੰਨੁ ਤੇਰਾ ਸੋਲਹ ਸਹਸ ਇਜਾਰਾ ॥**

ਛਿਵੰਜਾ ਕ੍ਰੋੜ (ਬੱਦਲ) ਆਪ ਦਾ [ਪੇਹਨੁ] ਚੋਲਾ ਹਨ, ਅਤੇ ਸੋਲਾਂ (ਹਜ਼ਾਰ ਗੋਪੀਆਂ ਆਪ ਦਾ)

Sri Satguru Jagjit Singh Ji eLibrary NamdhariElibrary@gmail.com

[ਇਜਾਰਾ] ਤੰਬਾ ਹਨ ।

**ਭਾਰ ਅਠਾਰਹ ਮੁਦਗਰੁ ਤੇਰਾ ਸਹਨਕ ਸਭ ਸੰਸਾਰਾ ॥੨॥**

ਅਠਾਰਾਂ ਭਾਰ (ਬਨਾਸਪਤੀ) ਆਪ ਦੀ ਮੁੰਗਲੀ ਹੈ ਅਤੇ ਸਾਰਾ ਸੰਸਾਰ [ਸਹਨਕ] ਥਾਲੀ ਹੈ ॥੨॥

**ਦੇਹੀ ਮਹਜਿਦਿ ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ ॥**

ਸਰੀਰ ਮਸੀਤ ਹੈ, ਮਨ ਹੀ ਮੁੱਲਾਂ ਹੈ, ਅਤੇ ਤੁਰੀਆ ਪਦ (ਦੀ ਪ੍ਰਾਪਤੀ ਹੀ) ਨਿਮਾਜ਼ ਪੜ੍ਹਣੀ ਹੈ ।

**ਬੀਬੀ ਕਉਲਾ ਸਉ ਕਾਇਨੁ ਤੇਰਾ ਨਿਰੰਕਾਰ ਆਕਾਰੈ ॥੩॥**

ਬੀਬੀ ਕਉਲਾ ਨਾਲ ਆਪ ਦਾ [ਕਾਇਨੁ= ਨਿਕਾਹ] ਹੋਇਆ ਹੈ, ਅਤੇ ਸਰੀਰ ਤੋਂ ਰਹਿਤ (ਹੀ ਆਪ ਦਾ) ਸਰੂਪ ਹੈ ॥੩॥ (ਇੰਨੇ ਨੂੰ ਉਸ ਨੇ ਭਗਤ ਦੇ ਹੱਥੋਂ ਛੈਣੇ ਖੋਹ ਲਏ ਤਾਂ ਫਿਰ ਕਿਹਾ) :—

**ਭਗਤਿ ਕਰਤ ਮੇਰੇ ਤਾਲ ਛਿਨਾਏ ਕਿਹ ਪਹਿ ਕਰਉ ਪੁਕਾਰਾ ॥**

(ਮੈਂ ਤੇਰੀ) ਭਗਤੀ ਕਰਦਾ (ਹਾਂ, ਤੂੰ) ਮੇਰੇ (ਹੱਥੋਂ) ਛੈਣੇ ਖੋਹ ਲਏ ਹਨ, ਅਤੇ ਹੁਣ ਮੈਂ ਫਰਿਆਦ ਕਿਸ ਕੋਲ ਕਰਾਂ ? (ਕਿਉਂਕਿ) :—

**ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ ॥੪॥੧॥**

(ਮੈਂ) ਨਾਮੇ ਦਾ (ਹੀ) ਮਾਲਕ (ਤੂੰਹੀ ਅੰਤਰ ਜਾਮੀ ਹੈ, ਅਤੇ ਸਾਰੇ ਦੇਸਾਂ ਵਿਦੇਸਾਂ ਵਿਚ ਵਿਆਪਕ ਹੈਂ ॥੪॥੧॥

SIKHBOOKCLUB.COM

## ਰਾਗੁ ਬਸੰਤੁ (ਅੰਗ ੧੧੯੩-੯੬)

**ਬਸੰਤੁ ਬਾਣੀ ਭਗਤਾਂ ਕੀ ॥ ਕਬੀਰ ਜੀ ਘਰੁ ੧**

*ੴ ਸਤਿਗੁਰ ਪ੍ਰਸਾਦਿ ॥*

**ਮਉਲੀ ਧਰਤੀ ਮਉਲਿਆ ਅਕਾਸੁ ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥**

ਧਰਤੀ (ਦੀਆਂ ਵਸਤਾਂ) ਖਿੜ ਪਈਆਂ, ਅਕਾਸ਼ ਭੀ ਖਿੜਿਆ ਹੋਇਆ ਹੈ । ਸਭਨਾਂ ਘਟਾਂ ਵਿਚ ਆਤਮਾ ਦਾ ਪ੍ਰਕਾਸ਼ (ਹੈ, ਇਸ ਲਈ ਬਸੰਤ ਰੁੱਤ ਵਿਚ ਹਰ ਕੋਈ) ਖਿੜਿਆ ਹੋਇਆ ਹੈ ॥੧॥

**ਰਾਜਾ ਰਾਮੁ ਮਉਲਿਆ ਅਨਤ ਭਾਇ ॥**

**ਜਹ ਦੇਖਉ ਤਹ ਰਹਿਆ ਸਮਾਇ ॥੧॥ ਰਹਾਉ ॥**

(ਸੱਚ ਤਾਂ ਏਹ ਹੈ ਕਿ ਮੇਰਾ) ਪ੍ਰਕਾਸ਼ ਰੂਪ ਰਾਮ ਹੀ ਅਨੇਕਾਂ [ਭਾਇ] ਰੂਪ (ਹੋ ਕੇ ਸਭਨਾਂ ਵਿਚ) ਖਿੜਿਆ ਹੈ । ਜਿਥੇ ਵੇਖਦਾਂ ਹਾਂ, (ਉਥੇ ਹੀ ਮੈਨੂੰ ਓਹੀ) ਸਮਾ ਰਿਹਾ (ਨਜ਼ਰ ਆ ਰਿਹਾ ਹੈ) ।

**ਦੁਤੀਆ ਮਉਲੇ ਚਾਰਿ ਬੇਦ ॥ ਸਿੰਮ੍ਰਿਤਿ ਮਉਲੀ ਸਿਉ ਕਤੇਬ ॥੨॥**

ਚਾਰ ਵੇਦ ਭੀ ਦਵੈਤ ਦੇ (ਲੇਖਾਂ ਨਾਲ) [ਮਉਲੇ] ਭਰੇ ਹੋਏ ਹਨ । ਨਾਲੇ ਸਿੰਮ੍ਰਤੀਆਂ (ਤੇ ਮੁਸਲਮਾਨੀ ਮੱਤ ਦੀਆਂ) ਕਿਤਾਬਾਂ ਭੀ ਵਿਵਾਦਾਂ ਨਾਲ ਭਰੀਆਂ ਹੋਈਆਂ ਹਨ ॥੨॥

**ਸੰਕਰੁ ਮਉਲਿਓ ਜੋਗ ਧਿਆਨ ॥ ਕਬੀਰ ਕੋ ਸੁਆਮੀ ਸਭ ਸਮਾਨ ॥੩॥੧॥**

ਜੋਗ (ਦੀ) ਸਮਾਧੀ (ਵਿਚ ਲਗਾ ਹੋਯਾ) ਸ਼ਿਵ ਜੀ (ਭੀ) [ਮਉਲਿਓ] ਅਨੰਦ ਹੋ ਰਿਹਾ ਹੈ। ਕਬੀਰ (ਜੀ ਆਖਦੇ ਹਨ, ਕਿ ਕਾਰਣ ਏਹੋ ਹੈ, ਜੋ) ਮੇਰਾ ਮਾਲਕ ਹੀ ਸਾਰਿਆਂ ਵਿਚ ਸਮਾਇਆ ਹੋਇਆ ਹੈ ॥੩॥੧॥

**ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ॥ ਜੋਗੀ ਮਾਤੇ ਜੋਗ ਧਿਆਨ ॥**

ਪੰਡਿਤ ਜਨ ਤਾਂ ਪੁਰਾਣ ਪੜ੍ਹਕੇ ਮਸਤ ਹੋ ਗਏ ਹਨ। ਜੋਗ ਸਮਾਧੀ (ਲਾ ਲਾ ਕੇ) ਜੋਗੀ ਮਸਤ ਹੋ ਗਏ ਹਨ।

**ਸੰਨਿਆਸੀ ਮਾਤੇ ਅਹੰਮੇਵ ॥ ਤਪਸੀ ਮਾਤੇ ਤਪ ਕੈ ਭੇਵ ॥੧॥**

ਸੰਨਿਆਸੀ [ਅਹੰਮੇਵ] ਹੰਕਾਰ ਵਿਚ ਮਸਤ ਹੋ ਗਏ ਹਨ। ਤਪ ਕਰਨ ਵਾਲੇ ਤਪ ਦੇ ਭੇਦ (ਵਿਚ ਹੀ) ਮਸਤ ਹਨ ॥੧॥

**ਸਭ ਮਦ ਮਾਤੇ ਕੋਊ ਨ ਜਾਗ ॥ ਸੰਗ ਹੀ ਚੋਰ ਘਰੁ ਮੁਸਨ ਲਾਗ ॥੧॥ ਰਹਾਉ ॥**

ਸਾਰੇ ਹੰਕਾਰ ਦੀ ਸ਼ਰਾਬ ਪੀ ਕੇ ਮਸਤ ਹਨ ਕੋਈ ਨਹੀਂ ਜਾਗਦਾ। ਨਾਲ (ਰਹਿਣ ਵਾਲੇ ਕਾਮਾਦਿਕ) ਚੋਰ ਹੀ ਘਰ ਨੂੰ [ਮੁਸਨ] ਲੁਟਨ ਲੱਗੇ ਹੋਏ ਹਨ, (ਅਰਥਾਤ ਵਿਕਾਰ ਸ਼ੁਭ ਗੁਣਾਂ ਦਾ ਨਾਸ ਕਰਦੇ ਹਨ) ॥੧॥ ਰਹਾਉ ॥

**ਜਾਗੈ ਸੁਕਦੇਉ ਅਰੁ ਅਕੂਰੁ ॥ ਹਣਵੰਤੁ ਜਾਗੈ ਧਰਿ ਲੰਕੂਰੁ ॥**

ਸੁਕਦੇਵ ਅਤੇ ਅਕਰੂਰ ਜਾਗਿਆ ਹੈ। (ਲੰਕੂਰੁ) ਪੂਛਲ ਧਾਰੀ ਹਨੂਮਾਨ ਜਾਗਿਆ ਹੈ (ਅਰਥਾਤ ਹੰਕਾਰ ਤੋਂ ਏਹ ਰਹਿਤ ਹੋਏ ਹਨ)।

**ਸੰਕਰੁ ਜਾਗੈ ਚਰਨ ਸੇਵ ॥ ਕਲਿ ਜਾਗੇ ਨਾਮਾ ਜੈਦੇਵ ॥੨॥**

ਚਰਨਾਂ ਦੇ ਸੇਵਨ (ਧਿਆਨ ਵਿਚ ਲਗਾ) ਸ਼ਿਵ ਜੀ ਜਾਗਿਆ ਹੈ। ਕਲਿਜੁਗ ਨਾਮਾ ਤੇ ਜੈਦੇਵ (ਭਗਤ) ਜਾਗਿਆ ਹੈ ॥੨॥

**ਜਾਗਤ ਸੋਵਤ ਬਹੁ ਪ੍ਰਕਾਰ ॥ ਗੁਰਮੁਖਿ ਜਾਗੈ ਸੋਈ ਸਾਰੁ ॥**

ਜਾਗਣਾ ਤੇ ਸੌਣਾ ਕਈ ਪ੍ਰਕਾਰ ਦਾ ਹੈ। (ਪਰ ਜਿਹੜਾ) ਗੁਰਮੁਖ (ਵਾਹਿਗੁਰੂ ਦੀ ਸਾਰ ਜਾਣਦਾ ਹੈ) ਓਹੋ ਜਾਗਣ ਦੀ ਸਾਰ ਜਾਣਦਾ ਹੈ, ਅਥਵਾ ਓਹੋ ਹੀ ਗੁਰਮੁਖ ਹੈ।

**ਇਸੁ ਦੇਹੀ ਕੇ ਅਧਿਕ ਕਾਮ ॥ ਕਹਿ ਕਬੀਰ ਭਜਿ ਰਾਮ ਨਾਮ ॥੩॥੨॥**

ਕਬੀਰ ਜੀ ਆਖਦੇ ਹਨ, ਇਸ [ਦੇਹੀ= ਦੇਹ ਵਾਲਾ] ਆਤਮਾ ਦੇ ਬਹੁਤ ਕੰਮ (ਆਉਣ ਵਾਲੇ) ਰਾਮ (ਦੇ) ਨਾਮ ਨੂੰ ਜਪੋ ॥੩॥੨॥

**ਉਥਾਨਕਾ**—ਕਿਸੇ ਨੇ ਸੰਸਾਰ ਨੂੰ ਸੱਤ ਕਿਹਾ। ਦੂਜੇ ਨੇ ਕਿਹਾ, "ਨਹੀਂ ਸੰਸਾਰ ਅਸੱਤ ਹੈ" ਆਪੋ ਵਿਚ ਦੋਵੇਂ ਝਗੜ ਪਏ ਤਾਂ ਕਬੀਰ ਜੀ ਕੋਲੋਂ ਆ ਕੇ ਪੁਛਿਆ—"ਸੰਸਾਰ ਸੱਤ ਹੈ ਜਾਂ ਅਸੱਤ ?" ਆਪ ਨੇ 'ਅਨਰਵਚਨੀ' ਪਦਾਂ ਵਿਚ ਉੱਤਰ ਦਿਤਾ। ਜੋ ਸ਼ਬਦ ਵਿਚ ਪ੍ਰਗਟ ਹੈ, ਅਰਥਾਤ ਸੰਸਾਰ ਦ੍ਰਿਸ਼ਟਮਾਨ ਦਸ਼ਾ ਵਿਚ ਸੱਤ ਹੈ, ਪਰ ਅਸਲੀਅਤ ਅਸੱਤ ਹੈ। ਜਿਵੇਂ ਤੀਵੀਂ ਦਾ ਬੱਚਾ ਜੰਮਨਾ ਤਾਂ ਸੱਤ ਹੈ ਪਰ ਖਸਮ

ਨੂੰ ਪੈਦਾ ਕਰਨ ਅਸੱਤ ਹੈ, ਪੁਤ੍ਰ ਦਾ ਖਿਡਾਉਣਾ ਅੰਗ ਤਾਂ ਸੱਤ ਹੈ, ਪਰ ਪਿਉ ਨੂੰ ਗੋਦੀ ਚੁਕ ਕੇ ਪੁਤ ਦਾ ਖਿਡਾਉਣਾ ਅਸੱਤ ਹੈ, ਇਸ ਤਰ੍ਹਾਂ ਸਾਰਾ ਸਮਝੋ —

**ਜੋਇ ਖਸਮੁ ਹੈ ਜਾਇਆ॥ ਪੂਤਿ ਬਾਪੁ ਖੇਲਾਇਆ॥**
**ਬਿਨੁ ਸ੍ਰਵਣਾ ਖੀਰੁ ਪਿਲਾਇਆ॥੧॥**

[ਜੋਇ] ਇਸਤ੍ਰੀ ਨੇ ਖਸਮ ਨੂੰ ਜਾਣਿਆ ਹੈ। ਪੁਤ੍ਰ ਨੇ ਪਿਉ (ਨੂੰ ਗੋਦੀ ਵਿਚ ਚੁਕ ਕੇ) ਖਿਡਾਇਆ ਹੈ, [ਸ੍ਰਵਣ] ਥਣਾਂ ਤੋਂ ਹੀਣੀ (ਗਊ) ਨੇ ਦੁਧ ਪਿਆਇਆ ਹੈ॥੧॥

**ਦੇਖਹੁ ਲੋਗਾ ਕਲਿ ਕੋ ਭਾਉ॥ ਸੁਤਿ ਮੁਕਲਾਈ ਅਪਨੀ ਮਾਉ॥੧॥ ਰਹਾਉ॥**

ਹੇ ਲੋਕੋ! ਕਲਜੁਗ ਦਾ [ਭਾਉ=ਪ੍ਰਤਾਪ] ਵੇਖੋ! ਪੁਤ੍ਰ ਨੇ ਆਪਣੀ ਮਾਂ [ਮੁਕਲਾਈ] ਵਿਆਹ ਲਈ ਹੈ॥੧॥ ਰਹਾਉ॥

**ਪਗਾ ਬਿਨੁ ਹੁਰੀਆ ਮਾਰਤਾ॥ ਬਦਨੈ ਬਿਨੁ ਖਿਰ ਖਿਰ ਹਾਸਤਾ॥**

ਪੈਰਾਂ ਤੋਂ ਹੀਣਾ (ਪਿੰਗੁਲਾ) [ਹੁਰੀਆ] ਛਾਲਾਂ ਮਾਰਦਾ ਹੈ। [ਬਦਨੈ] ਮੂੰਹ ਤੋਂ ਬਿਨਾਂ ਹੀ ਖਿੜ-ਖਿੜ ਹੱਸਦਾ ਹੈ।

**ਨਿਦ੍ਰਾ ਬਿਨੁ ਨਰੁ ਪੈ ਸੋਵੈ॥ ਬਿਨੁ ਬਾਸਨ ਖੀਰੁ ਬਿਲੋਵੈ॥੨॥**

ਨੀਂਦ ਤੋਂ ਬਿਨਾਂ ਮਨੁੱਖ ਸੁੱਤਾ ਪਿਆ ਹੈ। [ਬਾਸਨ] ਭਾਂਡੇ ਤੋਂ ਬਿਨਾਂ (ਕੋਈ) ਦੁਧ ਰਿੜਕਦਾ ਹੈ॥੨॥

**ਬਿਨੁ ਅਸਥਨ ਗਊ ਲਵੇਰੀ॥ ਪੈਡੇ ਬਿਨੁ ਬਾਟ ਘਨੇਰੀ॥**

ਥਣ ਤਾਂ ਨਹੀਂ ਹਨ (ਪਰ) ਗਊ ਲਵੇਰੀ ਹੈ। ਪੇਂਡੇ (ਤੁਰਿਆ ਹੀ) ਨਹੀਂ (ਪਰ) ਰਸਤਾ ਬਹੁਤ (ਲੰਘ ਗਿਆ ਹੈ)।

**ਬਿਨੁ ਸਤਿਗੁਰ ਬਾਟ ਨ ਪਾਈ॥ ਕਹੁ ਕਬੀਰ ਸਮਝਾਈ॥੩॥੩॥**

ਕਬੀਰ ਜੀ ਸਮਝਾ ਕੇ ਆਖਦੇ ਹਨ, ਸਤਿਗੁਰਾਂ (ਦੀ ਕ੍ਰਿਪਾ ਤੋਂ) ਬਿਨਾਂ (ਵਿਚਾਰ ਰੂਪ) ਰਸਤਾ ਨਹੀਂ ਮਿਲਦਾ॥੩॥੩॥

**ਪ੍ਰਹਲਾਦ ਪਠਾਏ ਪੜਨ ਸਾਲ॥ ਸੰਗਿ ਸਖਾ ਬਹੁ ਲੀਏ ਬਾਲ॥**

ਪ੍ਰਹਿਲਾਦ (ਨੂੰ ਪਿਉ ਨੇ) [ਪੜਨਸਾਲ] ਪਾਠਸ਼ਾਲਾ (ਸਕੂਲ) ਭੇਜਿਆ (ਉਹ ਆਪਣੇ) ਨਾਲ ਬਹੁਤੇ ਮਿੱਤ੍ਰ ਮੁੰਡਿਆਂ ਨੂੰ ਲੈ ਕੇ (ਸਕੂਲੇ ਗਿਆ, ਜਦ ਸੰਡਾ ਤੇ ਅਮਰਕਾ ਪੜ੍ਹਾਉਣ ਲਗੇ ਤਾਂ ਬੋਲਿਆ)—

**ਮੋ ਕਉ ਕਹਾ ਪੜ੍ਹਾਵਸਿ ਆਲ ਜਾਲ॥**
**ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋੁਪਾਲ॥੧॥**

ਮੈਨੂੰ [ਆਲ ਜਾਲ] ਘਰੋਗੀ ਬਖੇੜੇ ਕਿਉਂ ਪੜ੍ਹਾਉਂਦੇ ਹੋ? ਮੇਰੀ ਪੱਟੀ (ਉੱਤੇ ਤਾਂ) ਸ੍ਰੀ ਗੋਪਾਲ (ਜੀ ਦੀ ਸਿਫਤ) ਲਿਖ ਦੇਵੋ॥੧॥ (ਇਹ ਸੁਣਕੇ ਸੰਡੇ ਤੇ ਅਮਰਕੇ ਬਹੁਤ ਵੇਰ ਕਿਹਾ—ਰਾਮ ਨਾਮ ਦਾ ਜਾਪ ਨਾ ਕਰ, ਤਦ ਭਗਤ ਨੇ ਕਿਹਾ):—

**ਨਹੀ ਛੋਡਉ ਰੇ ਬਾਬਾ ਰਾਮ ਨਾਮ ॥**
**ਮੇਰੋ ਅਉਰ ਪੜਨ ਸਿਉ ਨਹੀ ਕਾਮੁ ॥੧॥ ਰਹਾਉ ॥**

ਹੇ ਬਾਬਾ! ਮੈਂ ਰਾਮ ਦਾ ਨਾਮ ਨਹੀਂ ਛੱਡਾਂਗਾ। (ਕਿਉਂਕਿ) ਹੋਰ ਪੜ੍ਹਾਈ ਨਾਲ (ਤਾਂ) ਮੇਰਾ ਕੰਮ ਹੀ ਨਹੀਂ ॥੧॥ ਰਹਾਉ ॥

**ਸੰਡੈ ਮਰਕੈ ਕਹਿਓ ਜਾਇ ॥ ਪ੍ਰਹਲਾਦ ਬੁਲਾਏ ਬੇਗਿ ਧਾਇ ॥**

ਸੰਡੇ ਤੇ ਅਮਰਕੇ ਨੇ ਜਾ ਕੇ (ਹਰਨਾਖਸ਼ ਨੂੰ) ਕਿਹਾ—(ਹੇ ਰਾਜਨ)! ਤੇਰਾ ਪੁਤ੍ਰ ਰਾਮ ਨਾਮ ਜਪਦਾ ਹੈ, ਅਸਾਂ ਬਹੁਤ ਸਮਝਾਇਆ ਹੈ, ਪਰ ਉਹ ਇਸ (ਗੱਲੋਂ ਬਾਜ ਨਹੀਂ ਆਉਂਦਾ, ਇਹ ਸੁਣਕੇ ਹਰਨਾਖਸ਼ ਨੇ ਹੁਕਮ ਦਿੱਤਾ)—[ਬੇਗਿ] ਛੇਤੀ ਦੌੜ ਕੇ (ਜਾਓ ਤੇ) ਪ੍ਰਹਿਲਾਦ ਨੂੰ ਬੁਲਾ ਲਿਆਓ।

**ਤੂ ਰਾਮ ਕਹਨ ਕੀ ਛੋਡੁ ਬਾਨਿ ॥ ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥੨॥**

(ਜਦ ਪ੍ਰਹਲਾਦ ਆ ਗਿਆ ਤਾਂ ਰਾਜੇ ਨੇ ਕਿਹਾ—ਹੇ ਪੁਤ੍ਰ!) ਤੂੰ ਰਾਮ ਆਖਣ ਦੀ [ਬਾਨਿ=ਆਦਤ] ਵਾਦੀ ਛਡ (ਦੇਹ। ਮੈਂ ਤੈਨੂੰ ਪਿਆਰ ਨਾਲ ਆਖਦਾ ਹਾਂ) ਮੇਰਾ ਕਿਹਾ ਮੰਨ ਜਾ, (ਜੇ ਮੈਂ ਆਪ ਦੀ ਆਈ ਤੇ ਆ ਗਿਆ ਤਾਂ ਮੈਂ ਰਾਮ ਦਾ ਜਾਪ) ਤੈਥੋਂ ਤੁਰੰਤ ਹੀ ਛੁਡਵਾ ਦੇਵਾਂਗਾ, ॥੨॥ (ਇਹ ਸੁਣ ਕੇ ਭਗਤ ਜੀ ਨੇ ਕਿਹਾ)—

**ਮੋ ਕਉ ਕਹਾ ਸਤਾਵਹੁ ਬਾਰ ਬਾਰ ॥ ਪ੍ਰਭਿ ਜਲ ਥਲ ਗਿਰਿ ਕੀਏ ਪਹਾਰ ॥**

ਮੈਨੂੰ ਕਿਉਂ ਮੁੜ-ਮੁੜ ਕੇ ਸਤਾਉਂਦੇ ਹੋ ? (ਜਿਸ) ਪ੍ਰਭੂ ਨੇ ਜਲ, ਥਲ ਤੇ ਪਹਾੜ ਪਹਾੜੀਆਂ ਬਣਾਏ ਹਨ।

**ਇਕੁ ਰਾਮੁ ਨ ਛੋਡਉ ਗੁਰਹਿ ਗਾਰਿ ॥**
**ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ ॥੩॥**

(ਮੈਂ) ਇਕ (ਉਸ) ਰਾਮ (ਦਾ ਨਾਮ) ਨਹੀਂ ਛੱਡਾਂਗਾ, (ਮੈਨੂੰ) [ਗੁਰਹਿ] ਵਡਾ [ਗਾਰਿ] ਕਲੰਕ (ਲਗਦਾ ਹੈ। ਇਸ ਲਈ ਤੁਸੀਂ) ਭਾਵੇਂ ਮੈਨੂੰ ਸਾੜ ਦੇਵੋ ਭਾਵੇਂ ਮਾਰ ਸੁੱਟੋ ॥੩॥

**ਕਾਢਿ ਖੜਗੁ ਕੋਪਿਓ ਰਿਸਾਇ ॥ ਤੁਝ ਰਾਖਨਹਾਰੋ ਮੋਹਿ ਬਤਾਇ ॥**

(ਇਹ ਸੁਣਕੇ) ਪਿਉ ਗੁਸੇ ਨਾਲ ਤਲਵਾਰ ਨੂੰ (ਮਿਆਨੋਂ) ਕੱਢ ਕੇ (ਬੋਲਿਆ—ਹੁਣ) ਤੇਰੀ ਰਖਿਆ (ਕਰਨ ਵਾਲਾ ਕੌਣ ਹੈ ?) ਮੈਨੂੰ ਦੱਸ!

**ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ ॥ ਹਰਨਾਖਸੁ ਛੇਦਿਓ ਨਖ ਬਿਦਾਰ ॥੪॥**

(ਉਸੇ ਵੇਲੇ) ਵੱਡਾ ਅਕਾਰ ਬਣਾ ਕੇ ਪ੍ਰਭੂ ਜੀ ਥੰਮ੍ਹ ਵਿਚੋਂ ਨਿਕਲੇ। ਹਰਨਾਖਸ਼ ਨੂੰ ਨੌਹਾਂ ਨਾਲ ਪਾੜ ਕੇ (ਉਥੇ ਹੀ) ਮਾਰ ਦਿਤਾ ॥੪॥

**ਓਇ ਪਰਮ ਪੁਰਖ ਦੇਵਾਧਿ ਦੇਵ ॥ ਭਗਤਿ ਹੇਤਿ ਨਰਸਿੰਘ ਭੇਵ ॥**

ਪਰਮ ਪੁਰਖ (ਜੋ) ਦੇਵਤਿਆਂ ਦਾ ਭੀ ਦੇਵਤਾ ਹੈ, ਓਹੀ ਭਗਤ (ਦੀ ਰਖਿਆ ਕਰਨ) ਵਾਸਤੇ ਨਰ

ਸਿੰਘ (ਰੂਪ ਵਿਚ ਪ੍ਰਗਟ) [ਭੇਵ] ਹੋਇਆ ਸੀ।

**ਕਹਿ ਕਬੀਰ ਕੋ ਲਖੈ ਨ ਪਾਰ ॥ ਪ੍ਰਹਲਾਦ ਉਧਾਰੇ ਅਨਿਕ ਬਾਰ ॥੫॥੪॥**

ਕਬੀਰ ਜੀ ਆਖਦੇ ਹਨ, ਕੋਈ (ਉਸ ਦਾ) ਅੰਤ ਨਹੀਂ ਜਾਣ ਸਕਦਾ। ਪ੍ਰਹਲਾਦ (ਵਰਗੇ ਭਗਤਾਂ ਨੂੰ ਉਸ ਨੇ) ਅਨੇਕਾਂ ਵੇਰੀਂ ਬਚਾਇਆ ਹੈ ॥੫॥੪॥

**ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥**

ਇਸ ਸਰੀਰ ਤੇ ਮਨ ਵਿਚ (ਇਕ) [ਮਦਨ] ਕਾਮ (ਨਾਮੀ) ਚੋਰ ਵਸਦਾ ਹੈ। ਜਿਸ ਨੇ ਮੇਰਾ ਗਿਆਨ ਰੂਪ ਰਤਨ [ਹਿਰਿ] ਚੁਰਾ ਲਿਆ ਹੈ।

**ਮੈ ਅਨਾਥੁ ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥**

ਹੇ ਪ੍ਰਭੂ! ਮੈਂ ਅਨਾਥ ਕਿਸ ਨੂੰ ਜਾ ਕੇ ਆਖਾਂ ? ਕਿਸ-ਕਿਸ ਨੂੰ (ਇਸ ਨੇ) [ਬਿਗੂਤੋ] ਖਰਾਬ ਨਹੀਂ ਕੀਤਾ ? ਮੈਂ (ਇਸ ਅੱਗੇ) ਕੌਣ (ਚੀਜ਼) ਹਾਂ ? ॥੧॥

**ਮਾਧਉ ਦਾਰੁਨ ਦੁਖੁ ਸਹਿਓ ਨ ਜਾਇ ॥**
**ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥੧॥ ਰਹਾਉ ॥**

ਹੇ ਪਿਆਰੇ ਵਾਹਿਗੁਰੂ! (ਇਹ) [ਦਾਰੁਨ] ਡਰੌਣਾ ਦੁਖ ਸਹਾਰਿਆ ਨਹੀਂ ਜਾਂਦਾ। [ਚਪਲ] ਚੰਚਲ ਬੁਧੀ ਨਾਲ ਮੇਰਾ ਕੀ ਜ਼ੋਰ (ਚਲ ਸਕਦਾ ਹੈ) ? ॥੧॥ ਰਹਾਉ ॥

SIKHBOOKCLUB.COM

**ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ ਕਮਲ ਜਾਨੇ ਬ੍ਰਹਮਾਦਿ ॥**

ਸਨਕ, ਸਨੰਦਨ, (ਸਨਾਤਨ, ਸੰਤ ਕੁਮਾਰ). ਸ਼ਿਵ ਜੀ, ਸੁਕਦੇਵ ਆਦਿਕ (ਸਾਰੇ ਰਿਖੀ, ਜਪੀ, ਤਪੀ)। ਜਿਸ ਦੀ [ਨਾਭਿ] ਤੋਂ ਕਮਲ (ਪੈਦਾ ਹੋਇਆ ਹੈ ਉਹ ਵਿਸ਼ਨੂੰ) ਤੇ ਬ੍ਰਹਮਾ ਆਦਿਕ (ਸਾਰੇ ਦੇਵਤੇ ਇਸ ਕਾਮ ਦੇ ਜੋਰ ਨੂੰ) ਜਾਣਦੇ ਹਨ।

**ਕਬਿ ਜਨ ਜੋਗੀ ਜਟਾਧਾਰਿ ॥ ਸਭ ਆਪਨ ਅਉਸਰ ਚਲੇ ਸਾਰਿ ॥੨॥**

(ਅਜ ਤਕ ਜੋ) ਕਵੀ ਪੁਰਸ਼, ਜੋਗੀ ਤੇ ਜਟਾ ਧਾਰੀ (ਹੋਏ। ਉਹ) ਸਾਰੇ ਆਪਣੇ ਵੇਲੇ ਨੂੰ (ਮਸਾਂ ਮਸਾਂ) [ਸਾਰਿ] ਗੁਜਾਰਕੇ ਚਲੇ ਗਏ ਹਨ ॥੨॥

**ਤੂ ਅਥਾਹੁ ਮੋਹਿ ਥਾਹ ਨਾਹਿ ॥ ਪ੍ਰਭ ਦੀਨਾ ਨਾਥ ਦੁਖੁ ਕਹਉ ਕਾਹਿ ॥**

ਤੂੰ ਅਥਾਹ ਹੈ, ਮੈਨੂੰ ਤੇਰੀ ਹਾਥ ਨਹੀਂ ਆਉਂਦੀ। ਹੇ ਦੀਨਾਂ ਦੇ ਮਾਲਕ ਪ੍ਰਭੂ! (ਮੈਂ ਇਹ) ਦੁਖ ਕਿਵੇਂ (ਆਪ ਨੂੰ) ਸੁਣਾਵਾਂ ?

**ਮੋਰੋ ਜਨਮ ਮਰਨ ਦੁਖੁ ਆਥਿ ਧੀਰ ॥ ਸੁਖ ਸਾਗਰ ਗੁਨ ਰਉ ਕਬੀਰ ॥੩॥੫॥**

ਮੈਨੂੰ ਜਨਮ ਮਰਨ ਦਾ ਹੀ [ਧੀਰ] ਵੱਡਾ ਦੁਖ (ਆਥਿ) ਹੈ। (ਇਸ ਨੂੰ ਦੂਰ ਕਰ ਦੇਹ।) ਹੇ ਕਬੀਰ! ਸੁਖਾਂ ਦੇ ਸਮੁੰਦਰ (ਵਾਹਿਗੁਰੂ ਦੇ) ਗੁਣ [ਰਉ=ਉਚਾਰ] ਗਾਓ, ਤਦ ਜਨਮ ਮਰਨ ਦਾ ਦੁਖ ਮਿਟ ਜਾਵੇਗਾ ॥੩॥੫॥

**ਨਾਇਕੁ ਏਕੁ ਬਨਜਾਰੇ ਪਾਚ ॥ ਬਰਧ ਪਚੀਸਕ ਸੰਗੁ ਕਾਚ ॥**

ਇਕ ਆਤਮਾ [ਨਾਇਕੁ] ਸੁਦਾਗਰ ਹੈ, ਪੰਜ (ਤੱਤ) ਗੁਮਾਸ਼ਤੇ ਹਨ, ਪੰਝੀ (ਪ੍ਰਕ੍ਰਿਤੀਆਂ) ਬਲਦ ਹਨ, ਅਤੇ ਸਾਥੀ ਕੱਚਾ (ਮਨ) ਹੈ।

**ਨਉ ਬਹੀਆਂ ਦਸ ਗੋਨਿ ਆਹਿ ॥ ਕਸਨਿ ਬਹਤਰਿ ਲਾਗੀ ਤਾਹਿ ॥੧॥**

ਨੌਂ (ਗੋਲਕਾਂ) ਬਹੀਆਂ ਚੜ੍ਹਾਵੀਆਂ ਤੇ ਦਸ (ਪ੍ਰਾਣ) ਜੂਨੀ ਹਨ। ਬਹੱਤ੍ਰ (ਹਜ਼ਾਰ ਨਾੜੀਆਂ) ਉਸ ਨਾਲ [ਕਸਨਿ] ਸੇਬੇ ਲੱਗੇ ਹੋਏ ਹਨ ॥੧॥

**ਮੋਹਿ ਐਸੇ ਬਨਜ ਸਿਉ ਨਹੀਨ ਕਾਜੁ ॥**
**ਜਿਹ ਘਟੈ ਮੂਲੁ ਨਿਤ ਬਢੈ ਬਿਆਜੁ ॥ ਰਹਾਉ ॥**

ਅਜੇਹੇ ਵਣਜ ਨਾਲ ਮੇਰਾ (ਕੋਈ) ਕੰਮ ਨਹੀਂ ਹੈ, ਜਿਸ ਦੇ (ਕੀਤਿਆਂ) ਰਾਸ ਘਟੇ ਤੇ ਰੋਜ਼ ਦੇ ਰੋਜ਼ ਵਿਆਜ ਵਧਦਾ ਜਾਵੇ (ਅਰਥਾਤ ਸ੍ਵਾਸ ਘਟਦੇ ਜਾਂਦੇ ਤੇ ਕਰਮ ਵਧਦੇ ਜਾਂਦੇ ਹਨ)।

**ਸਾਤ ਸੂਤ ਮਿਲਿ ਬਨਜੁ ਕੀਨ ॥ ਕਰਮ ਭਾਵਨੀ ਸੰਗ ਲੀਨ ॥**

ਸੱਤਾਂ (ਪੰਜ ਗਿਆਨ ਇੰਦ੍ਰੇ, ਮਨ ਤੇ ਬੁਧਿ ਨੇ ਮਿਲ ਕੇ [ਸੂਤ] ਮਰਯਾਦਾ ਨਾਲ ਵਣਜ ਕੀਤਾ ਹੈ। (ਕੀਤੇ) ਕਰਮ (ਤੇ) [ਭਾਵਨੀ] ਸ਼ਰਧਾ (ਰੂਪ ਵਣਜ) ਨਾਲ ਲਾ ਕੇ (ਮਾਲਕ ਚੱਲਿਆ ਹੈ)।

**ਤੀਨਿ ਜਗਾਤੀ ਕਰਤ ਰਾਰਿ ॥ ਚਲੋ ਬਨਜਾਰਾ ਹਾਥ ਝਾਰਿ ॥੨॥**

ਤਿੰਨੇ (ਦੋ ਚਿੱਤ੍ਰ ਗੁਪਤ ਤੇ ਧਰਮਰਾਜ) [ਜਗਾਤੀ] ਮਸੂਲੀਏ [ਰਾਰਿ] ਝਗੜਾ ਕਰਕੇ (ਕਰਮ ਕਾਂਡ ਕੀਤਾ ਤਾਂ ਮਸੂਲ ਵਿਚ ਲੈ ਲਿਆ) ਅਗੇ ਜੀਵ ਸੁਦਾਗਰ ਖਾਲੀ ਹੱਥ ਹੋ ਕੇ ਗਿਆ ॥੨॥

**ਪੂੰਜੀ ਹਿਰਾਨੀ ਬਨਜੁ ਟੂਟ ॥ ਦਹ ਦਿਸ ਟਾਂਡੋ ਗਇਓ ਫੂਟਿ ॥**

(ਸ੍ਵਾਸਾਂ ਦੀ) ਮੂੜੀ ਖੁਸ ਗਈ, ਵਪਾਰ ਬੱਸ ਹੋ ਗਿਆ। [ਟਾਂਡੋ] ਲੱਦਿਆ ਹੋਇਆ ਮਾਲ ਭੀ ਨਾਸ ਹੋ ਕੇ ਖਿਲਰ ਗਿਆ।

**ਕਹਿ ਕਬੀਰ ਮਨ ਸਰਸੀ ਕਾਜ ॥ ਸਹਜ ਸਮਾਨੋ ਤ ਭਰਮ ਭਾਜ ॥੩॥੬॥**

ਕਬੀਰ ਜੀ ਆਖਦੇ ਹਨ, ਹੇ ਮਨ! ਭਰਮ ਮਿਟਾ ਕੇ [ਸਹਜ] ਗਿਆਨ ਵਿਚ ਸਮਾਵੇ, ਤਾਂ (ਤੇਰਾ) ਕੰਮ ਸੌਰ ਜਾਵੇਗਾ ॥੩॥੬॥

**ਬਸੰਤੁ ਹਿੰਡੋਲੁ ਘਰੁ ੨ ੧ਓ ਸਤਿਗੁਰ ਪ੍ਰਸਾਦਿ ॥**

**ਉਥਾਨਕਾ**—ਇਕ ਪੰਡਿਤ ਨੇ ਕਬੀਰ ਜੀ ਨੂੰ ਕਿਹਾ—"ਭਾਵੇਂ ਤੁਸੀਂ ਵੈਸ਼ਨਵ ਦੇ ਚੇਲੇ ਹੋ ਕੇ ਵੈਸ਼ਨਵ ਹੋ ਭੀ ਗਏ, ਪਰ ਤੁਹਾਡੇ ਵਿਚ ਸੁੱਚ ਪਵਿਤ੍ਰਤਾ ਨਾ ਆਈ, ਬਿਨਾਂ ਚੌਂਕਾ ਪਾਏ ਤੋਂ ਰੋਟੀ ਖਾ ਲੈਂਦੇ ਹੋ ਏਹ ਯੋਗ ਨਹੀਂ।" ਭਗਤ ਜੀ ਨੇ ਕਿਹਾ—"ਜਗਤ ਸਾਰਾ ਹੀ ਜੂਠਾ ਹੈ, ਮਾਇਆ ਦਾ ਖੇਲ ਹੈ, ਇਸ ਵਿਚ ਫਸੇ ਜੀਵ ਸਾਰੇ ਜੂਠੇ ਹਨ, ਤਾਂ ਕੇਹੜੀ ਥਾਂ ਸੁੱਚੀ ਹੋਵੇਗੀ ? ਜਿਸ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਹੈ ਉਹ ਦਿਲ ਹੀ ਸੁੱਚਾ ਹੈ।"

**ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥**

ਮਾਂ ਭੀ ਜੂਠੀ ਸੀ, ਪਿਉ ਭੀ ਜੂਠਾ ਸੀ, (ਅੱਗੋਂ ਉਨ੍ਹਾਂ ਨੂੰ) ਜੂਠੇ ਹੀ ਫਲ ਲਗੇ (ਪੁੱਤਰ ਜੰਮੇ) ਹਨ।

**ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥੧॥**

ਜੂਠ ਵਿਚ ਹੀ ਆਉਂਦੇ ਹਨ, ਜਾਂਦੇ ਭੀ ਜੂਠ ਵਿਚ ਹਨ, ਭਾਗਾਂ ਤੋਂ ਹੀਣੇ ਜੂਠ ਵਿਚ ਹੀ ਮਰਦੇ ਹਨ ॥੧॥

**ਕਹੁ ਪੰਡਿਤ ਸੂਚਾ ਕਵਨੁ ਠਾਉ ॥ ਜਹਾਂ ਬੈਸਿ ਹਉ ਭੋਜਨੁ ਖਾਉ ॥੧॥ ਰਹਾਉ ॥**

ਹੇ ਪੰਡਤ! ਦਸ, ਕੇਹੜੀ ਜਗ੍ਹਾ ਸੁੱਚੀ ਹੈ, ਜਿਥੇ ਬਹਿ ਕੇ ਮੈਂ ਰੋਟੀ ਖਾਵਾਂ? ॥੧॥ ਰਹਾਉ ॥

**ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ ॥**

ਜੀਭ ਭੀ ਜੂਠੀ ਹੈ, ਬੋਲਣਾ ਭੀ ਜੂਠਾ ਹੈ, ਕੰਨ ਅੱਖਾਂ (ਆਦਿਕ) ਸਾਰੇ (ਇੰਦ੍ਰੇ) ਜੂਠੇ ਹਨ

**ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ ॥੨॥**

ਹੇ [ਅਗਨਿ] ਕ੍ਰੋਧ ਦੇ ਸੜੇ ਬ੍ਰਾਹਮਣ! (ਇਨ੍ਹਾਂ) ਇੰਦ੍ਰੀਆਂ ਦੀ ਜੂਠ (ਕਦੇ ਭੀ) ਉਤਰਦੀ ਨਹੀਂ ਹੈ ॥੨॥

**ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥**

ਅੱਗ ਭੀ ਜੂਠੀ ਹੈ, ਪਾਣੀ ਭੀ ਜੂਠਾ ਹੈ, ਜੂਠੀ (ਇਸਤ੍ਰੀ ਨੇ ਹੀ) ਬਹਿ ਕੇ ਅੰਨ ਪਕਾਇਆ ਹੈ।

SIKHBOOKCLUB.COM

**ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥੩॥**

ਜੂਠੀ ਕੜਛੀ (ਨਾਲ ਥਾਲ ਵਿਚ ਅੰਨ) ਪਰੋਸਨ ਲਗਾ ਤੇ ਜੂਠੇ (ਆਦਮੀ ਨੇ ਹੀ) ਬਹਿ ਕੇ ਖਾ ਲਿਆ ॥੩॥

**ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥**

ਗੋਹਾ ਭੀ ਜੂਠਾ ਹੈ, ਚੌਂਕਾ ਭੀ ਜੂਠਾ ਹੈ ਅਤੇ ਜੂਠੀ ਕਾਰ ਖਿੱਚੀ ਹੋਈ ਹੈ।

**ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥੪॥੧॥੭॥**

ਕਬੀਰ ਜੀ ਆਖਦੇ ਹਨ, ਉਹ ਪੁਰਸ਼ ਸੁੱਚੇ ਹਨ, (ਜਿਨ੍ਹਾਂ ਦੇ ਹਿਰਦੇ ਵਿਚ) ਸੱਚੀ ਵਿਚਾਰ ਪੈਦਾ ਹੋਈ ਹੈ ॥੪॥੧॥੭॥

**ਰਾਮਾਨੰਦ ਜੀ ਘਰੁ ੧ ੴ ਸਤਿਗੁਰ ਪ੍ਰਸਾਦਿ ॥**

**ਕਤ ਜਾਈਐ ਰੇ ਘਰ ਲਾਗੋ ਰੰਗੁ ॥**

**ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ ਰਹਾਉ ॥**

ਹੇ ਭਾਈ! (ਹੁਣ) ਕਿਥੇ ਜਾਈਏ? ਘਰ (ਵਿਚ ਹੀ) ਰੰਗ ਲਗ (ਗਿਆ ਹੈ)। ਮੇਰਾ ਚਿੱਤ (ਕਿਤੇ) ਨਹੀਂ ਜਾਂਦਾ, (ਕਿਉਂਕਿ) ਮਨ [ਪੰਗੁ] ਪਿੰਗਲਾ ਹੋ ਗਿਆ ਹੈ ॥੧॥ ਰਹਾਉ ॥

**ਏਕ ਦਿਵਸ ਮਨ ਭਈ ਉਮੰਗ ॥ ਘਸਿ ਚੰਦਨ ਚੋਆ ਬਹੁ ਸੁਗੰਧ ॥**

ਇਕ ਦਿਨ (ਮੇਰੇ) ਮਨ ਉਮੰਗ ਹੋਈ, ਤਾਂ ਮੈਂ ਚੰਦਨ ਘਸਾ ਕੇ ਤੇ ਅਤਰ (ਆਦਿਕ) ਲੈ ਕੇ ਤੁਰ ਪਿਆ।

**ਪੂਜਨ ਚਾਲੀ ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥**

(ਪੂਜਾ ਦੇ) ਸਥਾਨ (ਮੰਦਰ ਵਿਚ) ਬ੍ਰਹਮ ਦੀ ਪੂਜਾ ਕਰਨ ਚਲੀ, (ਤਾਂ ਅਗੋਂ) ਗੁਰਾਂ ਨੇ ਉਸ ਬ੍ਰਹਮ ਨੂੰ ਮਨ ਵਿਚ ਹੀ ਦਸ ਦਿੱਤਾ ॥੧॥

**ਜਹਾ ਜਾਈਐ ਤਹ ਜਲ ਪਖਾਨ ॥ ਤੂ ਪੂਰਿ ਰਹਿਓ ਹੈ ਸਭ ਸਮਾਨ ॥**

(ਹੁਣ) ਜਿਥੇ ਜਾਂਦਾ ਹਾਂ, ਉਥੇ ਜਲ, ਪੱਥਰਾਂ (ਆਦਿਕ) ਸਭਨਾਂ ਵਿਚ ਤੂੰਹੀ ਪੂਰਨ ਹੋ ਰਿਹਾ (ਹੀ ਨਜ਼ਰ ਆਉਂਦਾ ਹੈ।

**ਬੇਦ ਪੁਰਾਨ ਸਭ ਦੇਖੇ ਜੋਇ ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥**

ਸਾਰੇ-ਵੇਦ ਪੁਰਾਣ [ਜੋਇ] ਢੂੰਢ ਵੇਖੇ ਹਨ, ਓਥੇ ਤਾਂ ਜਾਈਏ ਜੋ ਏਥੇ ਨਾ ਹੋਵੇ ? ॥੨॥

**ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥**

ਹੇ ਸਤਿਗੁਰੂ ! ਮੈਂ ਆਪ ਤੋਂ ਬਲਿਹਾਰ (ਜਾਂਦਾ ਹਾਂ।) ਜਿਸ ਨੇ ਵਿਆਕੁਲ (ਕਰਨ ਵਾਲੇ) ਮੇਰੇ ਸਾਰੇ ਭਰਮ ਕੱਟ ਦਿਤੇ ਹਨ।

**ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥**

ਰਾਮਾ ਨੰਦ (ਜੀ ਆਖਦੇ ਹਨ) ਮਾਲਕ (ਨਿਰੰਕਾਰ ਸਭ ਜਗ੍ਹਾਂ ਵਿਚ) ਰਮਿਆ ਹੋਇਆ ਹੈ। ਗੁਰਾਂ ਦਾ ਉਪਦੇਸ਼ (ਲੈ ਕੇ ਉਸ ਦਾ ਜਾਪ ਕੀਤਾ ਜਾਵੇ ਤਾਂ) ਕ੍ਰੋੜਾਂ (ਜਨਮਾਂ ਦੇ) ਕਰਮ ਨਾਸ ਹੋ ਜਾਂਦੇ ਹਨ ॥੩॥੧॥

## ਬਸੰਤੁ ਬਾਣੀ ਨਾਮਦੇਉ ਜੀ ਕੀ ੴ ਸਤਿਗੁਰ ਪ੍ਰਸਾਦਿ ॥

**ਸਾਹਿਬੁ ਸੰਕਟਵੈ ਸੇਵਕੁ ਭਜੈ ॥ ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥੧॥**

(ਜੇਕਰ) ਮਾਲਕ [ਸੰਕਟਵੈ] ਦੁਖ ਦੇਵੇ (ਤੇ) ਸੇਵਕ ਨੱਠ ਜਾਵੇ। (ਤਾਂ ਉਹ) ਸਦਾ ਜੀਊਂਦਾ ਤਾਂ ਨਹੀਂ (ਪਰ ਆਪਣੀਆਂ) ਦੋਹਾਂ ਕੁਲਾਂ ਨੂੰ ਕਲੰਕਤ ਕਰ ਲੈਂਦਾ ਹੈ ॥੧॥

**ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥**
**ਚਰਨ ਕਮਲ ਮੇਰੇ ਹੀਅਰੇ ਬਸੈਂ ॥੧॥ ਰਹਾਉ ॥**

(ਇਸ ਲਈ ਮੈਂ) ਤੇਰੀ ਭਗਤੀ ਨਹੀਂ ਛੱਡਾਂਗਾ, ਭਾਵੇਂ ਲੋਕੀਂ (ਮੈਨੂੰ) ਮਖੌਲ ਪਏ ਕਰਨ। (ਤੇਰੇ) ਚਰਨ-ਕਮਲ ਮੇਰੇ ਦਿਲ ਵਿਚ ਵਸ ਗਏ ਹਨ ॥੧॥ ਰਹਾਉ ॥

**ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ॥**
**ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ ॥੨॥**

ਜਿਵੇਂ ਆਪਣੇ ਧਨ (ਮਗਰ ਲਗ ਕੇ) ਪੁਰਸ਼ ਮਰਨਾ [ਮਾਂਡੇ] ਮਨਜ਼ੂਰ ਕਰ ਲੈਂਦਾ ਹੈ। ਇਵੇਂ ਹੀ ਸੰਤ ਜਨ ਰਾਮ ਦਾ ਨਾਮ ਨਹੀਂ ਛਡਦੇ ॥੨॥

**ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥**

ਗੰਗਾ, ਗਯਾ ਤੇ ਗੋਦਾਵਰੀ (ਦਾ ਇਸ਼ਨਾਨ ਕਰਨਾ ਤਾਂ) ਜਗਤ ਦਾ ਵਿਹਾਰ ਹੈ।

**ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥੩॥੧॥**

ਨਾਮਦੇਵ (ਜੀ ਆਖਦੇ ਹਨ, ਜਿਸ ਉਤੇ) ਨਿਰੰਕਾਰ ਪ੍ਰਸੰਨ ਹੋਇਆ ਹੈ, ਉਹ ਸੇਵਕ (ਦਰਗਾਹੇ ਮਨਜ਼ੂਰ ਹੈ) ॥੩॥੧॥

**ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥੧॥**

ਹੇ ਕੇਸ਼ਵ! ਲੋਭ (ਦੀਆਂ) ਲਹਿਰਾਂ (ਦੀ ਟੱਕਰ) ਇਕ ਰਸ ਵਡੇ (ਜ਼ੋਰ ਦੀ) ਵਜਦੀ ਹੈ, (ਅਤੇ ਮੇਰੀ) ਦੇਹ (ਰੂਪ ਬੇੜੀ ਹੁਣ) ਡੁਬਣ ਲਗੀ ਹੈ ॥੧॥

**ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ ॥ ਤਾਰਿ ਲੈ ਬਾਪ ਬੀਠੁਲਾ ॥੧॥ ਰਹਾਉ ॥**

ਹੇ ਗੋਬਿੰਦ! ਸੰਸਾਰ-ਸਮੁੰਦਰ ਤੋਂ ਤਾਰ ਲੈ। ਹੇ ਬੀਠਲ ਬਾਪੂ! ਤਾਰ ਲੈ! ॥੧॥ ਰਹਾਉ ॥

**ਅਨਿਲ ਬੇੜਾ ਹਉ ਖੇਵਿ ਨ ਸਾਕਉ ॥ ਤੇਰਾ ਪਾਰੁ ਨ ਪਾਇਆ ਬੀਠੁਲਾ ॥੨॥**

[ਅਨਿਲ= ਹਵਾ] ਵਾਸ਼ਨਾ (ਦੇ ਵਿਚ) ਬੇੜਾ (ਫਸਿਆ ਹੋਇਆ ਹੈ) ਮੈਂ [ਖੇਵਿ] ਚੱਪਾ ਨਹੀਂ ਲਾ ਸਕਦਾ। ਹੇ ਬੀਠਲ! ਤੇਰਾ ਅੰਤ ਨਹੀਂ ਪਾਇਆ ਜਾਂਦਾ ॥੨॥

**ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋ ਕਉ ॥ ਪਾਰਿ ਉਤਾਰੇ ਕੇਸਵਾ ॥੩॥**

ਹੇ ਕੇਸ਼ਵ! ਦਿਆਲ ਹੋ ਕੇ (ਮੈਨੂੰ) ਸਤਿਗੁਰਾਂ ਨਾਲ ਮੇਲ ਕੇ ਤੂੰ ਮੈਨੂੰ ਪਾਰ ਲੰਘਾ ਲੈ ॥੩॥

**ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥**

**ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥੪॥੨॥**

ਨਾਮਦੇਵ ਆਖਦਾ ਹੈ, ਮੈਂ ਤਰਨਾ ਭੀ ਨਹੀਂ ਜਾਣਦਾ। ਹੇ ਬੀਠਲ! ਮੈਨੂੰ ਬਾਂਹ ਫੜਾ ਦੇਹੁ, ਬਾਂਹ ਫੜਾ ਦੇਹੁ ॥੪॥੨॥

**ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ॥**

**ਪੀਛੈ ਤਿਨਕਾ ਲੈ ਕਰਿ ਹਾਂਕਤੀ ॥੧॥**

ਪਹਿਲਾਂ [ਧੂੜਿ ਮਣੀ ਗਾਡੀ] ਮਿੱਟੀ ਦੀ ਭਰੀ ਗੱਡੀ (ਦੇਹ) ਸਹਜੇ-ਸਹਜੇ ਚਲਦੀ ਹੈ। ਮਗਰੋਂ ਪ੍ਰਾਲਬਧ ਦਾ (ਤਿਨਕਾ) ਸੋਟਾ ਲੈ ਕੇ (ਕੁਦਰਤ ਇਸ ਨੂੰ) ਇਸ ਤਰ੍ਹਾਂ ਭਜਾਉਂਦੀ ਹੈ, (ਭਾਵ ਬੱਚੇ ਹੁੰਦਿਆਂ ਵਾਸ਼ਨਾ ਘੱਟ ਹੋਣ ਕਰਕੇ ਦੌੜ ਭਜ ਘਟ ਹੁੰਦੀ ਹੈ, ਜਿਉਂ-ਜਿਉਂ ਵੱਡਾ ਹੁੰਦਾ ਹੈ, ਤਿਉਂ ਤਿਉਂ ਵਿਸ਼ਯਾਂ ਦਾ ਪਿਆਰ ਵਧਦਾ ਜਾਂਦਾ ਹੈ) ॥੧॥

**ਜੈਸੇ ਪਨਕਤ ਥ੍ਰੂਟਿਟਿ ਹਾਂਕਤੀ ॥ ਸਰਿ ਧੋਵਨ ਚਾਲੀ ਲਾਡੁਲੀ ॥੧॥ ਰਹਾਉ ॥**

ਜਿਸ ਤਰ੍ਹਾਂ [ਪਨਕਤ] ਗੋਬਰ ਦੀ ਗੋਲੀ ਨੂੰ [ਖੂਟਿਟਿ] ਟਿਟਨ ਚਲਾਉਂਦਾ ਹੈ (ਹੁਣ ਮੇਰੀ)। [ਲਾਡੁਲੀ] ਆਤਮਾ (ਇਸਨੂੰ) [ਧੋਵਨ] ਸੁਧ ਕਰਨ ਵਾਸਤੇ (ਸਤਿਸੰਗ) ਸਰੋਵਰ (ਵਿਚ) ਚਲੀ ਹੈ ॥੧॥ ਰਹਾਉ ॥

**ਧੋਬੀ ਧੋਵੈ ਬਿਰਹ ਬਿਰਾਤਾ ॥ ਹਰਿ ਚਰਨ ਮੇਰਾ ਮਨੁ ਰਾਤਾ ॥੨॥**

(ਗੁਰੂ) ਧੋਬੀ (ਜਗਯਾਸੂਆਂ ਤੇ ਆਤਮਾ ਨੂੰ) ਸੁਧ ਕਰਕੇ [ਬਿਰਹ] ਪ੍ਰੇਮ ਵਿਚ ਰੰਗ ਦੇਂਦਾ ਹੈ। ਮੇਰਾ ਮਨ ਭੀ ਹਰੀ ਦੇ ਚਰਨਾਂ (ਦੇ ਪ੍ਰੇਮ ਵਿਚ) ਰੰਗਿਆ ਗਿਆ ਹੈ—

**ਭਣਤਿ ਨਾਮਦੇਉ ਰਮਿ ਰਹਿਆ ॥ ਅਪਨੇ ਭਗਤ ਪਰ ਕਰਿ ਦਇਆ ॥੩॥੩॥**

ਨਾਮਦੇਵ ਜੀ ਆਖਦੇ ਹਨ (ਜੋ ਸੰਸਾਰ ਵਿਚ) ਰਮ ਰਿਹਾ ਹੈ, ਉਸ ਨੇ ਆਪਣੇ ਭਗਤ ਉਤੇ ਦਇਆ ਕੀਤੀ ਹੈ ॥੩॥੩॥

## ਬਸੰਤੁ ਬਾਣੀ ਰਵਿਦਾਸ ਜੀ ਕੀ

*ੴ ਸਤਿਗੁਰ ਪ੍ਰਸਾਦਿ ॥*

**ਤੁਝਹਿ ਸੁਝੰਤਾ ਕਛੂ ਨਾਹਿ ॥ ਪਹਿਰਾਵਾ ਦੇਖੇ ਊਭਿ ਜਾਹਿ ॥**

ਤੈਨੂੰ ਕੁਝ ਦਿਸਦਾ ਨਹੀਂ ਹੈ ? ਪੁਸ਼ਾਕ ਵੇਖ ਕੇ ਹੀ [ਊਭਿ ਜਾਹਿ] ਆਕੜ ਗਿਆ ਹੈ।

**ਗਰਬਵਤੀ ਕਾ ਨਾਹੀ ਠਾਉ ॥ ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥**

ਹੰਕਾਰ ਵਾਲੇ ਦਾ (ਕੋਈ) ਟਿਕਾਨਾ ਨਹੀਂ ਹੈ, ਤੇਰੇ ਸਿਰ ਉਤੇ (ਭੀ ਕਾਲ ਰੂਪ) ਕਾਂ ਬੋਲਦਾ ਹੈ ॥੧॥

**ਤੂ ਕਾਂਇ ਗਰਬਹਿ ਬਾਵਲੀ ॥**

**ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ ॥**

ਹੇ ਬੁਰੀ (ਬੁੱਧਿ ਵਾਲੇ !) ਤੂੰ ਕਿਉਂ ਹੰਕਾਰ ਕਰਦਾ ਹੈ ? ਜਿਸ ਤਰ੍ਹਾਂ ਭਾਦਰੋਂ (ਵਿਚ) ਖੁੰਬ (ਥੋੜਾ ਚਿਰ) [ਰਾਜੁ] ਪ੍ਰਗਟ ਹੁੰਦੀ ਹੈ, ਤੂੰ ਤਾਂ ਉਸ ਨਾਲੋਂ ਭੀ ਬਹੁਤ ਛੇਤੀ (ਚਲੇ ਜਾਣਾ ਹੈ) ॥੧॥ ਰਹਾਉ ॥

**ਜੈਸੇ ਕੁਰੰਕ ਨਹੀ ਪਾਇਓ ਭੇਦੁ ॥ ਤਨਿ ਸੁਗੰਧ ਢੂਢੈ ਪ੍ਰਦੇਸੁ ॥**

ਜਿਸ ਤਰ੍ਹਾਂ [ਕੁਰੰਕ] ਹਰਨ ਨੇ (ਕਸਤੂਰੀ ਦਾ) ਭੇਦ ਨਹੀਂ ਪਾਇਆ। [ਸੁਗੰਧ] ਕਸਤੂਰੀ (ਉਸਦੇ) ਬਦਨ ਵਿਚ ਹੈ, (ਅਤੇ ਉਹ) ਬਾਹਰ ਢੂੰਡਦਾ ਹੈ, (ਇਵੇਂ ਤੂੰ ਸੁਖ ਦਾ ਭੇਦ ਨਹੀਂ ਪਾਇਆ, ਕਿਉਂਕਿ ਸੁਖ ਸਰੂਪ ਤਾਂ ਤੇਰਾ ਆਪਣਾ ਆਪ ਹੈ, ਪਰ ਤੂੰ ਹੋਰਨਾਂ ਚੀਜ਼ਾਂ ਵਿਚੋਂ ਸੁਖ ਮੰਨਦਾ ਹੈਂ)।

**ਅਪ ਤਨ ਕਾ ਜੋ ਕਰੇ ਬੀਚਾਰੁ ॥ ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥**

ਜੋ ਆਪਣੇ [ਤਨ] ਸਰੂਪ ਦਾ ਵਿਚਾਰ ਕਰਦਾ ਹੈ। ਉਸ ਨੂੰ ਜਮ [ਕੰਕਰੁ] ਦੂਤ ਖਰਾਬ ਨਹੀਂ ਕਰਦੇ ॥੨॥

**ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥ ਠਾਕੁਰੁ ਲੇਖਾ ਮਗਨਹਾਰੁ ॥**

ਤੂੰ [ਕਲਤ੍ਰ] ਇਸਤ੍ਰੀ ਪੁਤ੍ਰ ਦਾ ਹੰਕਾਰ ਕਰਦਾ ਹੈਂ। (ਤੇਰੇ ਸਿਰ ਤੇ) ਲੇਖਾ ਮੰਗਣ ਵਾਲਾ ਮਾਲਕ ਹੈ।

SIKHBOOKCLUB.COM

**ਫੇੜੇ ਕਾ ਦੁਖੁ ਸਹੈ ਜੀਉ ॥ ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥**

ਹੇ ਜੀਵ! (ਫੇੜੇ) ਕੀਤੇ ਕਰਮਾਂ ਦਾ ਦੁਖ ਸਹਾਰੇਂਗਾ। ਪਿਛੋਂ ਕਿਸਨੂੰ ਪਿਆਰਾ ਪਿਆਰਾ ਕਹਿ ਕੇ ਵਾਜਾਂ ਮਾਰੇਂਗਾ ॥੩॥

**ਸਾਧੂ ਕੀ ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥**

ਜੇ ਸੰਤਾਂ ਦੀ (ਸ਼ਰਨ ਦੀ) ਓਟ ਲਵੇਂ, ਤਾਂ ਤੇਰੇ ਕ੍ਰੋੜਾਂ (ਜਨਮਾਂ ਦੇ) ਕਰੋੜਾਂ (ਜੋ ਪਾਪ) ਹਨ, ਉਹ (ਸਾਰੇ ਹੀ) ਮਿਟ ਜਾਣਗੇ।

**ਕਹਿ ਰਵਿਦਾਸ ਜੋ ਜਪੈ ਨਾਮੁ ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥**

ਰਵਿਦਾਸ ਜੀ ਆਖਦੇ ਹਨ, ਜੋ ਨਾਮ ਜਪਦਾ ਹੈ, ਉਸ ਦੀ ਜਨਮ ਦੀ ਜਾਤਿ ਨਹੀਂ (ਰਹਿੰਦੀ ਅਤੇ ਦੁਬਾਰਾ) ਜਨਮ (ਦਾ) ਕੰਮ (ਭੀ) ਨਹੀਂ ਰਹਿੰਦਾ ॥੪॥੧॥

## ਬਸੰਤੁ ਕਬੀਰ ਜੀਉ ੴ ਸਤਿਗੁਰ ਪ੍ਰਸਾਦਿ ॥

ਉਥਾਨਕਾ—ਇਕ ਵੇਰਾਂ ਭਗਤ ਜੀ ਦੇ ਘਰ ਕੁੱਤਾ ਆ ਗਿਆ ਤੇ ਚੱਕੀ ਚੱਟਣ ਲਗ ਪਿਆ। ਕਬੀਰ ਜੀ ਹਰ ਇਕ ਵਿਚ ਵਾਹਿਗੁਰੂ ਨੂੰ ਵਿਆਪਕ ਜਾਣ ਕੇ ਉਸ ਨਾਲ ਪਿਆਰ ਕਰਦੇ ਹਨ:—

**ਸੁਰਹ ਕੀ ਜੈਸੀ ਤੇਰੀ ਚਾਲ ॥ ਤੇਰੀ ਪੂੰਛਟ ਊਪਰਿ ਝਮਕ ਬਾਲ ॥੧॥**

[ਸੁਰਹ] ਗਊ ਵਰਗੀ ਤੇਰੀ ਤੋਰ ਹੈ। ਤੇਰੀ ਪੂਛਲ ਉਤਲੇ ਵਾਲ ਚਮਕਦੇ ਹਨ ॥੧॥

**ਇਸ ਘਰ ਮਹਿ ਹੈ ਸੁ ਤੂ ਢੂੰਢਿ ਖਾਹਿ ॥**
**ਅਉਰ ਕਿਸ ਹੀ ਕੇ ਤੂ ਮਤਿ ਹੀ ਜਾਹਿ ॥੧॥ ਰਹਾਉ ॥**

(ਜੋ) ਇਸ ਘਰ ਵਿਚ ਹੈ, ਉਹ ਤੂੰ (ਬੇਸ਼ਕ) ਲਭਕੇ ਖਾ ਲੈ। ਹੋਰ ਕਿਸੇ ਦੇ (ਘਰ) ਤੂੰ ਨਾ ਜਾਈਂ ॥੧॥ ਰਹਾਉ ॥

**ਚਾਕੀ ਚਾਟਹਿ ਚੂਨੁ ਖਾਹਿ ॥ ਚਾਕੀ ਕਾ ਚੀਥਰਾ ਕਹਾਂ ਲੈ ਜਾਹਿ ॥੨॥**

ਚੱਕੀ (ਕਿਉਂ) ਚੱਟਦਾ ਹੈ, ਆਟਾ ਖਾ ਲੈ। ਚੱਕੀ ਦਾ [ਚੀਥੜਾ=ਕਪੜਾ] ਪਰੋਲਾ ਕਿਥੇ ਲੈ ਚਲਿਆ ਹੈਂ ? ॥੨॥

**ਛੀਕੇ ਪਰ ਤੇਰੀ ਬ੍ਹੁਤੁ ਡੀਠਿ ॥ ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ ॥੩॥**

ਛਿੱਕੇ ਉਤੇ ਤੇਰੀ ਬਹੁਤ ਨਜ਼ਰ ਹੈ (ਹੁਣ ਜਾਹ) ਕਿਤੇ (ਏਹ ਨਾ ਹੋਵੇ ਜੋ ਕੋਈ) ਤੇਰੀ ਪਿੱਠ ਉਤੇ ਸੋਟਾ ਜਾਂ ਲੱਕੜ ਮਾਰ ਬੈਠੇ ॥੩॥

**ਕਹਿ ਕਬੀਰ ਭੋਗ ਭਲੇ ਕੀਨ ॥ ਮਤਿ ਕੋਊ ਮਾਰੈ ਈਂਟ ਢੇਮ ॥੪॥੧॥**

ਕਬੀਰ ਜੀ ਆਖਦੇ (ਹਨ, ਹੁਣ) ਖਾ ਪੀ ਕੇ ਅਨੰਦ ਕਰ ਲਿਆ (ਹਈ) ਬਸ! ਹੁਣ ਚਲਾ ਜਾ ਕਿਉਂਕਿ ਕੋਈ (ਤੈਨੂੰ) ਇੱਟ ਢੀਮ ਨਾ ਮਾਰ ਦੇਵੇ ॥੪॥੧॥

Sri Satguru Jagjit Singh Ji eLibrary NamdhariElibrary@gmail.com

**ਰਾਗੁ ਸਾਰੰਗ** (ਅੰਗ ੧੨੫੧-੫੩)

## ਰਾਗੁ ਸਾਰੰਗ ਬਾਣੀ ਭਗਤਾਂ ਕੀ ॥ ਕਬੀਰ ਜੀ ॥

*ੴ ਸਤਿਗੁਰ ਪ੍ਰਸਾਦਿ ॥*

**ਕਹਾ ਨਰ ਗਰਬਸਿ ਥੋਰੀ ਬਾਤ ॥**

**ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ ॥੧॥ ਰਹਾਉ ॥**

ਹੇ ਨਰ ! ਥੋੜੀ (ਜੇਹੀ) ਗੱਲ ਦਾ ਕਿਉਂ ਹੰਕਾਰ ਕਰਦਾ ਹੈਂ ? ਦਸ ਮਨ ਅੰਨ ਤੇ ਚਾਰ ਟਕੇ ਪੱਲੇ (ਹੋਣ ਕਰਕੇ ਹੀ) ਐਡਾ ਟੇਢਾ ਜਾਂਦਾ ਹੈਂ ? ॥੧॥ ਰਹਾਉ ॥

**ਬਹੁਤੁ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ ॥**

ਵੱਡਾ ਪ੍ਰਤਾਪ (ਹੋਇਆ ਤਾਂ) ਸੌ ਪਿੰਡ ਕੋਲ ਹੋਏ ਜਾਂ ਦੋ ਲੱਖ ਰੁਪੈ [ਬਰਾਤ] ਜਗੀਰ ਹੋ ਗਈ ।

**ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ ॥੧॥**

ਚਾਰ ਦਿਨ ਸਰਦਾਰੀ ਕਰ ਲਵੇ; ਜਿਵੇਂ ਬਣ ਦੇ ਪੁੱਤੇ (ਹੁੰਦੇ ਹਨ) ॥੧॥

**ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ ॥**

ਇਸ ਧਨ ਨੂੰ ਨਾ ਕੋਈ ਲੈ ਆਇਆ ਹੈ, ਅਤੇ ਨਾ ਕੋਈ ਲੈ ਜਾਂਦਾ ਹੈ ।

**ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ ॥੨॥**

ਰਾਵਣ ਨਾਲੋਂ ਵਡੇ-ਵਡੇ ਰਾਜੇ ਖਿਨ ਵਿਚ ਹੀ [ਬਿਲਾਤ] ਦੂਰ ਹੋ ਗਏ ਹਨ ॥੨॥

**ਹਰਿ ਕੇ ਸੰਤ ਸਦਾ ਥਿਰੁ ਪੂਜਹੁ ਜੋ ਹਰਿ ਨਾਮੁ ਜਪਾਤ ॥**

ਜੋ ਹਰਿ ਨਾਮ ਜਪਦੇ (ਹਨ, ਉਹ) ਹਰੀ ਦੇ ਸੰਤ ਹੀ ਸਥਿਰ (ਹਨ, ਉਨ੍ਹਾਂ ਦੀ) ਪੂਜਾ ਕਰੋ ।

**ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ ਤੇ ਸਤਸੰਗਿ ਮਿਲਾਤ ॥੩॥**

ਜਿਨ੍ਹਾਂ ਨੂੰ ਗੋਬਿੰਦ ਕ੍ਰਿਪਾ ਕਰਦਾ ਹੈ, ਉਹ ਸਤਿਸੰਗ (ਵਿਚ) ਮਿਲਦੇ ਹਨ ॥੩॥

**ਮਾਤ ਪਿਤਾ ਬਨਿਤਾ ਸੁਤ ਸੰਪਤਿ ਅੰਤਿ ਨ ਚਲਤ ਸੰਗਾਤ ॥**

ਮਾਂ ਪਿਉਂ; ਇਸਤ੍ਰੀ ਪੁੱਤ੍ਰ ਤੇ ਸੰਪਦਾ (ਵਿਚੋਂ) ਅੰਤ ਨੂੰ ਨਾਲ (ਕੋਈ) ਨਹੀਂ ਜਾਂਦਾ ।

**ਕਹਤ ਕਬੀਰੁ ਰਾਮ ਭਜੁ ਬਉਰੇ ਜਨਮੁ ਅਕਾਰਥ ਜਾਤ ॥੪॥੧॥**

ਕਬੀਰ ਜੀ ਆਖਦੇ ਹਨ, ਹੇ ਬੌਰੇ ! ਰਾਮ ਨੂੰ ਜਪ, (ਤੇਰਾ) ਜਨਮ ਵਿਅਰਥ ਜਾ ਰਿਹਾ ਹੈ ॥੪॥੧॥

**ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ ॥ ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥**

ਹੇ ਵਾਹਿਗੁਰੂ ! ਤੇਰੇ [ਰਾਜਾਸ੍ਰਮ] ਰਾਜ ਸਥਾਨ ਦੀ ਮਰਯਾਦਾ ਨਹੀਂ ਜਾਣੀ (ਜਾਂਦੀ) । ਤੇਰੇ ਸੰਤਾਂ ਦੀ ਮੈਂ ਟਹਿਲਣ ਹਾਂ ॥੧॥ ਰਹਾਉ ॥

**ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥**

(ਤੇਰੇ ਦਰ ਤੇ ਜੋ) ਹੱਸਦਾ ਜਾਂਦਾ ਹੈ, ਉਹ ਰੋਂਦਾ ਮੁੜਦਾ (ਹੈ, ਅਤੇ ਜੋ) ਰੋਂਦਾ ਜਾਂਦਾ (ਹੈ, ਉਹ) ਹੱਸਦਾ ਆਉਂਦਾ ਹੈ)।

**ਬਸਤੋ ਹੋਇ ਹੋਇ ਸੋੁ ਊਜਰੁ ਊਜਰੁ ਹੋਇ ਸੁ ਬਸੈ ॥੧॥**

(ਜੋ ਜਗ੍ਹਾ) ਵੱਸਦੀ ਹੁੰਦੀ ਹੈ, ਉਹ ਉਜਾੜ ਹੋ ਜਾਂਦੀ ਹੈ, (ਅਤੇ ਜੋ) ਉਜਾੜ ਹੁੰਦੀ ਹੈ, ਉਹ (ਤੇਰੀ ਕ੍ਰਿਪਾ ਨਾਲ) ਵੱਸ ਜਾਂਦੀ ਹੈ ॥੧॥

**ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥**

ਜਲ ਤੋਂ ਥਲ ਕਰਦਾ ਹੈ, ਤੇ ਥਲ ਤੋਂ ਖੂਹ (ਬਣਾ ਦੇਂਦਾ ਹੈ, ਅਤੇ ਫਿਰ) ਖੂਹ ਤੋਂ ਪਹਾੜ ਬਣਾ ਦੇਂਦਾ ਹੈ।

**ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥**

ਧਰਤੀ ਤੋਂ ਅਕਾਸ਼ (ਵਿਚ) ਚੜਾ ਦੇਂਦਾ ਹੈਂ ਅਤੇ ਅਕਾਸ਼ ਵਿਚ ਪਹੁੰਚੇ (ਹੋਏ ਨੂੰ ਹੇਠਾਂ) ਡੇਗ ਦੇਂਦਾ ਹੈ ॥੨॥

**ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥**

ਮੰਗਤੇ ਨੂੰ ਰਾਜਾ ਬਣਾ ਦੇਂਦਾ ਹੈ, ਅਤੇ ਰਾਜੇ ਨੂੰ ਮੰਗਤਾ (ਕਰ ਦੇਂਦਾ ਹੈ)।

**ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥**

ਮਹਾਂ ਮੂਰਖ ਨੂੰ ਪੰਡਿਤ ਕਰ ਦੇਂਦਾ ਹੈ, ਅਤੇ ਪੰਡਤ ਨੂੰ ਮੂਰਖ ਬਣਾ ਦੇਂਦਾ ਹੈ ॥੩॥

**ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥**

ਜੋ ਇਸਤ੍ਰੀ ਤੋਂ ਪੁਰਖ ਬਣਾ ਦੇਂਦਾ ਹੈ, ਅਤੇ ਜੋ ਪੁਰਖ ਨੂੰ ਇਸਤ੍ਰੀ (ਕਰਦਾ ਹੈ)

**ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥੪॥੨॥**

ਕਬੀਰ ਜੀ ਆਖਦੇ ਹਨ, ਜੋ ਸੰਤਾਂ ਦਾ ਪਿਆਰਾ ਹੈ, (ਮੈਂ) ਉਸ ਦੇ ਸਰੂਪ ਤੋਂ ਕੁਰਬਾਨ ਹਾਂ ॥੪॥੨॥

## ਸਾਰੰਗ ਬਾਣੀ ਨਾਮਦੇਉ ਜੀ ਕੀ ॥

*ੴ ਸਤਿਗੁਰ ਪ੍ਰਸਾਦਿ ॥*

**ਕਾਏਂ ਰੇ ਮਨ ਬਿਖਿਆ ਬਨ ਜਾਇ ॥ ਭੂਲੌ ਰੇ ਠਗਮੂਰੀ ਖਾਇ ॥੧॥ ਰਹਾਉ ॥**

ਹੇ ਮਨ! (ਤੂੰ) ਵਿਸ਼ਿਆਂ ਦੇ ਜੰਗਲ ਵਿਚ ਕਿਉਂ ਜਾਂਦਾ ਹੈਂ ? ਹੇ ਭੁੱਲੇ ਹੋਏ! (ਤੂੰ) ਠੱਗ ਬੂਟੀ ਖਾ ਰਿਹਾ ਹੈਂ ॥੧॥ ਰਹਾਉ ॥

**ਜੈਸੇ ਮੀਨੁ ਪਾਨੀ ਮਹਿ ਰਹੈ ॥ ਕਾਲ ਜਾਲ ਕੀ ਸੁਧਿ ਨਹੀ ਲਹੈ ॥**
**ਜਿਹਬਾ ਸੁਆਦੀ ਲੀਲਿਤ ਲੋਹ ॥ ਐਸੇ ਕਨਿਕ ਕਾਮਨੀ ਬਾਧਿਓ ਮੋਹ ॥੧॥**

ਜਿਵੇਂ ਮੱਛੀ ਪਾਣੀ ਵਿਚ ਰਹਿੰਦੀ ਹੈ, ਮੌਤ ਰੂਪ ਜਾਲ ਦੀ ਖਬਰ ਨਹੀਂ ਜਾਣਦੀ। ਜੀਭ ਦੇ ਸੁਆਦ (ਵਿਚ ਲਗਕੇ) ਲੋਹਾ [ਲੀਲਿਤ] ਨਿਗਲ ਲੈਂਦੀ ਹੈ, ਇਵੇਂ (ਤੂੰ ਭੀ) ਸੋਨੇ ਤੇ ਇਸਤ੍ਰੀ ਦੇ ਮੋਹ ਵਿਚ ਬੱਧਾ ਹੋਇਆ ਹੈਂ ॥੧॥

**ਜਿਉ ਮਧੁ ਮਾਖੀ ਸੰਚੈ ਅਪਾਰ ॥ ਮਧੁ ਲੀਨੋ ਮੁਖਿ ਦੀਨੀ ਛਾਰੁ ॥**

ਜਿਵੇਂ ਮੱਖੀ ਬਹੁਤ ਹੀ ਸ਼ਹਿਤ 'ਕੱਠਾ ਕਰਦੀ ਹੈ, (ਪਰ ਮਧੂਆ) ਸ਼ਹਿਤ ਲੈ (ਲੈਂਦਾ ਤੇ ਮੱਖੀ ਦੇ) ਮੂੰਹ ਵਿਚ ਖੇਹ ਦੇਂਦਾ ਹੈ ॥੧॥

**ਗਊ ਬਾਛ ਕਉ ਸੰਚੈ ਖੀਰੁ ॥ ਗਲਾ ਬਾਂਧਿ ਦੁਹਿ ਲੇਇ ਅਹੀਰੁ ॥੨॥**

(ਜਿਵੇਂ) ਗਊ ਵੱਛੇ ਲਈ ਦੁੱਧ 'ਕੱਠਾ ਕਰਦੀ ਹੈ, ਪਰ [ਅਹੀਰੁ] ਗੁਆਲਾ (ਵੱਛੇ ਨੂੰ) ਗਲੋਂ ਬੰਨ੍ਹ ਕੇ ਚੋ ਲੈਂਦਾ ਹੈ ॥੨॥

**ਮਾਇਆ ਕਾਰਨਿ ਸ੍ਰਮੁ ਅਤਿ ਕਰੈ ॥ ਸੋ ਮਾਇਆ ਲੈ ਗਾਡੈ ਧਰੈ ॥**

(ਇਵੇਂ ਤੂੰ) ਮਾਇਆ ਵਾਸਤੇ ਵਡੀ [ਸ੍ਰਮੁ] ਮੇਹਨਤ ਕਰਦਾ ਹੈ, ਅਤੇ ਉਸ ਮਾਯਾ ਨੂੰ ਲੈ ਕੇ ਧਰਤੀ ਵਿਚ ਦਬਦਾ ਹੈਂ।

**ਅਤਿ ਸੰਚੈ ਸਮਝੈ ਨਹੀ ਮੂੜ੍ਹ ॥ ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥੩॥**

ਹੇ ਮੂਰਖ! ਬਹੁਤ 'ਕੱਠੀ ਕਰਦਾ ਹੈਂ, ਸਮਝਦਾ ਨਹੀਂ (ਹੈ, ਕਿ ਜਦ) ਸਰੀਰ ਮਿੱਟੀ ਹੋ ਗਿਆ (ਤਾਂ) ਧਨ ਧਰਤੀ (ਵਿਚ ਦੱਬਿਆ) ਹੀ ਰਹਿ ਜਾਵੇਗਾ ॥੩॥

**ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥ ਸਾਧਸੰਗਤਿ ਕਬਹੂ ਨਹੀ ਕਰੈ ॥**

ਕਾਮ ਕ੍ਰੋਧ ਤੇ ਤ੍ਰਿਸ਼ਨਾ ਵਿਚ ਹੀ ਸੜਦਾ (ਰਹਿੰਦਾ) ਹੈ। ਕਦੇ ਭੀ ਸਾਧ ਸੰਗਤਿ ਨਹੀਂ ਕਰਦਾ।

**ਕਹਤ ਨਾਮਦੇਉ ਤਾ ਚੀ ਆਣਿ ॥ ਨਿਰਭੈ ਹੋਇ ਭਜੀਐ ਭਗਵਾਨ ॥੪॥੧॥**

ਨਾਮਦੇਵ ਜੀ ਆਖਦੇ ਹਨ [ਤਾ ਚੀ] ਉਸ ਦੀ [ਆਣਿ] ਸ਼ਰਨ (ਜਾ ਕੇ) ਭਗਵਾਨ ਨੂੰ ਜਪੀਏ (ਤਾਂ) ਨਿਰਭੈ ਹੋ ਜਾਓਗੇ ॥੪॥੧॥

**ਉਥਾਨਕਾ**—ਭਗਤ ਜੀ ਪ੍ਰੀਤਮ ਦੇ ਪ੍ਰੇਮ ਵਿਚ ਰੱਤੇ ਲਾਡਮਈ ਬੇਨਤੀ ਕਰਦੇ ਹਨ:—

**ਬਦਹੁ ਕੀ ਨ ਹੋਡ ਮਾਧਉ ਮੋ ਸਿਉ ॥**

**ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ ॥੧॥ ਰਹਾਉ ॥**

ਹੇ ਮਾਧੋ! (ਤੁਸੀਂ) ਮੇਰੇ ਨਾਲ [ਹੋਡ] ਸ਼ਰਤ ਕਿਉਂ ਨਹੀਂ [ਬਦਹੁ] ਬੰਨ੍ਹਦੇ ? (ਜਿਵੇਂ) ਮਾਲਕ ਤੋਂ ਦਾਸ ਅਤੇ ਦਾਸ ਤੋਂ ਮਾਲਕ (ਜਾਣਿਆਂ ਜਾਂਦਾ ਹੈ, ਏਹੋ) ਖੇਡ ਤੁਹਾਡੇ ਨਾਲ (ਮੇਰੀ) ਹੋ ਗਈ ਹੈ ॥੧॥ ਰਹਾਉ ॥

**ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ ॥**

(ਤੂੰ) ਆਪ ਹੀ ਦੇਵਤਾ ਹੈ, ਆਪ ਹੀ ਮੰਦਰ ਹੈ ਅਤੇ ਆਪੇ (ਹੀ ਸੇਵਕ ਹੋ ਕੇ) ਪੂਜਾ ਕਰਦਾ ਹੈ।

**ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ॥੧॥**

(ਜਿਵੇਂ) ਪਾਣੀ ਤੋਂ ਲਹਿਰਾਂ ਤੇ ਲਹਿਰਾਂ ਤੋਂ ਪਾਣੀ ਕਹਿਣ ਸੁਨਣ ਨੂੰ ਦੋ ਹਨ, (ਪਰ ਅਸਲ ਵਿਚ ਇਕੋ ਹਨ, ਇਵੇਂ ਹੀ ਮੈਂ ਸੇਵਕ ਤੇ ਤੂੰ ਠਾਕਰ ਦੋਵੇਂ ਇਕੋ ਹੀ ਹਾਂ ਦੋ ਨਹੀਂ) ॥੧॥

**ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ ॥**

ਤੂੰ ਆਪ ਹੀ ਗਾਉਂਦਾ ਹੈ, ਆਪ ਹੀ ਨੱਚਦਾ ਹੈ ਅਤੇ ਆਪੇ [ਤੂਰਾ] ਵਾਜੇ ਵਜਾਉਂਦਾ ਹੈ।

**ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂ ਪੂਰਾ ॥੨॥੨॥**

ਨਾਮਦੇਵ ਜੀ ਆਖਦੇ ਹਨ, ਤੂੰ ਮਾਲਕ ਹੈ, ਦਾਸ ਤਾਂ ਊਰਾ ਹੈ ਤੇ ਤੂੰ ਪੂਰਾ ਹੈਂ ॥੨॥੨॥

*ਉਥਾਨਕਾ*—ਇਸ ਸ਼ਬਦ ਵਿਚ ਕਰਤਾਰ ਦੇ ਹੁਕਮ ਨੂੰ ਭਗਤ ਜੀ ਪ੍ਰਗਟ ਕਰਦੇ ਹਨ:—

**ਦਾਸ ਅਨਿੰਨ ਮੇਰੋ ਨਿਜ ਰੂਪ ॥**

**ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ ਰਹਾਉ ॥**

[ਅਨਿੰਨ] ਇਕ ਮੇਰੇ ਨਾਲ ਹੀ ਪ੍ਰੇਮ ਕਰਨ ਵਾਲਾ (ਜੋ) ਦਾਸ (ਹੈ, ਓਹੀ) ਮੇਰਾ ਆਪਣਾ ਰੂਪ ਹੈ। (ਉਸ ਦੇ) ਛਿਨ ਦਰਸ਼ਨ (ਕਰਨ ਨਾਲ ਪੁਰਸ਼ ਦੇ) ਤਿੰਨੇ ਤਾਪ (ਆਧਿ, ਬਿਆਧਿ ਉਪਾਧਿ) [ਮੋਚਨ] ਮਿਟ ਜਾਂਦੇ ਹਨ। ਉਸ ਦੇ ਚਰਨਾਂ ਦਾ ਛੋਹਣਾ (ਹੀ ਜੀਵ ਨੂੰ) ਘਰ (ਦੇ ਦੁਖ ਰੂਪ) ਖੂਹ ਤੋਂ [ਮੁਕਤਿ] ਛੁਡਾਉਂਦਾ ਹੈ ॥੧॥ ਰਹਾਉ ॥

**ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥**

ਮੇਰੀ ਬੰਧੀ (ਹੋਈ) ਭਗਤ ਖੋਲ੍ਹ ਸਕਦਾ ਹੈ, ਅਤੇ ਭਗਤ ਬੰਨ੍ਹੇ (ਤਾਂ ਉਹ) ਮੇਰੇ ਕੋਲੋਂ ਨਹੀਂ ਖੁਲ੍ਹ ਸਕਦਾ।

**ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥**

ਜੇ ਕਿਸੀ ਵੇਲੇ (ਭਗਤ ਫੜਕੇ ਮੈਨੂੰ ਭੀ ਬੰਨ੍ਹ ਲਏ ਤਾਂ (ਉਸ ਵੇਲੇ) ਮੇਰਾ (ਕੋਈ) ਉਜਰ ਨਹੀਂ ਹੋ ਸਕਦਾ ॥੧॥

**ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥**

ਮੈਂ ਗੁਣਾਂ ਦਾ [ਬੰਧ] ਆਸਰਾ ਹੀ ਸਾਰਿਆਂ ਦੀ ਜ਼ਿੰਦਗੀ ਹਾਂ ਅਤੇ ਮੇਰੀ ਜ਼ਿੰਦਗੀ ਮੇਰੇ ਦਾਸ ਹਨ।

**ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥**

ਹੇ ਨਾਮਦੇਵ! ਜਿਸ ਦੇ ਦਿਲ ਵਿਚ ਅਜੇਹੀ (ਵਿਚਾਰ ਹੈ,) ਉਸਦੇ (ਮਨ ਵਿਚ) ਉਜੇਹਾ (ਭਾਵ ਬਹੁਤਾ) ਹੀ ਪ੍ਰੇਮ ਪ੍ਰਗਟ (ਹੋਇਆ ਹੈ) ॥੨॥੩॥

**ਸਾਰੰਗ ॥ ੧ੴ ਸਤਿਗੁਰ ਪ੍ਰਸਾਦਿ ॥**

**ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥**

**ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥**

ਹੇ ਨਰ! ਤੂੰ ਪੁਰਾਨ ਸੁਣਕੇ ਕੀ ਕੀਤਾ? [ਅਨਪਾਵਨੀ] ਆਤਮਾ ਨੂੰ ਪਵਿੱਤ੍ਰ ਕਰਨ ਵਾਲੀ ਭਗਤੀ

(ਤੇਰੇ ਵਿਚ) ਪ੍ਰਗਟ ਨਹੀਂ ਹੋਈ, ਅਤੇ ਨਾ (ਤੂੰ ਕਿਸੇ) ਭੁਖੇ ਨੂੰ ਦਾਨ ਹੀ ਦਿਤਾ ਹੈ ॥੧॥ ਰਹਾਉ ॥

**ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥**

ਕਾਮ ਨਹੀਂ ਭੁਲਾ, ਕ੍ਰੋਧ ਨਹੀਂ ਭੁੱਲਾ ਅਤੇ ਲੋਭ ਦੇਵਤੇ (ਨੇ ਭੀ ਮੈਨੂੰ) ਨਹੀਂ ਛਡਿਆ ।

**ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥**

ਪਰਾਈ ਨਿੰਦਾ (ਕਰਨੀ ਭੀ) ਮੂੰਹ ਤੋਂ ਨਾ ਛੱਡੀ, ਤਾਂ ਸਾਰੀ (ਕੀਤੀ) ਸੇਵਾ ਵਿਅਰਥ (ਚਲੀ ਗਈ) ॥੧॥

**ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥**

[ਬਾਟਿ ਪਾਰਿ] ਡਾਕੂ (ਹੋ ਕੇ) ਬਗਾਨੇ ਘਰਾਂ ਨੂੰ ਲੁੱਟਦਾ ਹੈਂ, ਅਤੇ ਅਪਰਾਧ (ਜ਼ੁਲਮ ਦੀ ਕਮਾਈ ਨਾਲ) ਢਿੱਡ ਭਰਦਾ ਹੈਂ ।

**ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥**

ਜਿਸ ਕਰਕੇ ਦਰਗਾਹ (ਦੇ ਵਿਚ) ਅਪਜਸ (ਲੈ ਕੇ) ਜਾਵੇ, ਅਵਿਦਿਆ (ਵੱਸ ਹੋ ਕੇ) ਓਹੀ (ਕਰਮ) [ਸਾਧੀ] ਕਰਦਾ ਹੈ ॥੨॥

**ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥**

[ਹਿੰਸਾ] ਜੀਵਾਂ ਨੂੰ ਦੁੱਖ ਦੇਣਾ ਤਾਂ ਮਨੋਂ ਭੁੱਲਾ ਹੀ ਨਹੀਂ ਅਤੇ ਜੀਵਾਂ ਉਤੇ ਦਯਾ ਨਹੀਂ ਕੀਤੀ ।

**ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥੩॥੧॥੬॥**

ਪਰਮਾਨੰਦ (ਜੀ ਆਖਦੇ ਹਨ) ਸਾਧ ਸੰਗਤਿ ਵਿਚ ਜਾ ਕੇ (ਕਦੇ) ਪਵਿਤ੍ਰ ਕਥਾ ਭੀ ਨਹੀਂ ਤੋਰੀ ॥੩॥੧॥੬॥

**ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥***

ਹੇ ਮਨ! ਹਰੀ ਤੋਂ ਬੇਮੁਖ ਪੁਰਸ਼ਾਂ ਦਾ ਸਾਥ ਛਡ ਦੇਹੁ ।

*ਸਾਰੰਗ ਮਹਲਾ ੫ ਸੂਰਦਾਸ ॥ ੧ਓ ਸਤਿਗੁਰ ਪ੍ਰਸਾਦਿ ॥*

**ਹਰਿ ਕੇ ਸੰਗ ਬਸੇ ਹਰਿ ਲੋਕ ॥ ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ ॥੧॥ ਰਹਾਉ ॥**

ਹਰੀ ਦੇ ਲੋਕ (ਸੰਤ ਜਨ) ਹਰੀ ਦੇ ਨਾਲ ਹੀ ਵਸਦੇ ਹਨ । (ਉਨ੍ਹਾਂ ਨੇ) ਤਨ ਮਨ (ਹਰੀ ਨੂੰ) ਭੇਟਾ ਕਰਕੇ ਸਾਰਾ ਸਰਬੰਸ ਵੀ ਭੇਟ ਦੇ ਦਿਤਾ ਹੈ, (ਇਸ ਲਈ) ਸਹਜ (ਪਦ ਦੇ) ਅਨੰਦ ਧੁਨੀ (ਵਿਚ) [ਝੋਕ]

** ਇਹ ਸ਼ਬਦ ਸੂਰਦਾਸ ਜੀ ਦਾ ਹੈ, ਇਕ ਤੁਕ ਉਚਾਰ ਕੇ ਆਪ ਦੀ ਸਮਾਧੀ ਲੱਗ ਗਈ ਤਾਂ ਅਗਲਾ ਸ਼ਬਦ ਗੁਰੂ ਜੀ ਅਧ ਉਚਾਰ ਕੇ ਉਸ ਨੂੰ ਆਪਣੇ ਵੱਲੋਂ ਸਿਰੋਪਾਉ ਰੂਪ ਭਗਤ ਜੀ ਦਾ ਨਾਮ ਰੱਖਿਆ, ਜਦ ਸਮਾਧੀ ਖੋਲ੍ਹੀ ਤਾਂ ਫਿਰ ਉਚਾਰਨ ਲਗੇ ਜੋ ਅਗਲੀਆਂ ਤੁਕਾਂ ਹਨ, ਉਹ ਭਾਈ ਬੰਨੋ ਜੀ ਦੀ ਬੀੜ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ।*

Sri Satguru Jagjit Singh Ji eLibrary NamdhariElibrary@gmail.com

ਮਸਤ ਹਨ ॥੧॥

**ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥**

(ਹਰੀ ਦੇ) ਦਰਸ਼ਨ ਵੇਖ ਕੇ ਵਿਸ਼ਿਆਂ ਤੋਂ ਰਹਿਤ ਹੋ ਗਏ ਹਨ ਅਤੇ ਸਾਰੇ [ਥੋਕ] ਪਦਾਰਥ ਪਾ ਲਏ ਹਨ।

**ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥੧॥**

(ਪ੍ਰੀਤਮ ਦਾ) ਸੁੰਦਰ ਬਦਨ (ਮੁਖੜਾ) [ਅਲੋਕ] ਵੇਖ ਕੇ (ਉਨ੍ਹਾਂ ਨੂੰ ਹੁਣ) ਹੋਰ ਕਿਸੇ ਚੀਜ਼ ਦੇ ਨਾਲ ਕੁਝ ਗ਼ਰਜ਼ ਹੀ ਨਹੀਂ ਰਹੀ ॥੧॥

**ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥**

(ਜੋ) ਸਿਆਮ ਸੁੰਦਰ (ਪ੍ਰਮਾਤਮਾ) ਨੂੰ ਛੱਡਕੇ ਹੋਰਨਾਂ (ਪਦਾਰਥਾਂ ਦੀ) ਇੱਛਾ ਕਰਦੇ ਹਨ, (ਉਹ ਇਉਂ ਹਨ) ਜਿਵੇਂ ਕੋੜ੍ਹੇ ਦੇ ਤਨ ਨਾਲ (ਲੱਗੀ ਹੋਈ) ਜੋਕ (ਮੁਰਦਾ ਹੋ ਜਾਂਦੀ ਹੈ, ਉਹ ਜੇ ਜੀਉਂਦੀ ਰਹਿ ਜਾਏ ਤਾਂ ਉਹ ਜੋਕ ਹੋਰ ਕਿਸੇ ਦੇ ਸਰੀਰ ਨਾਲ ਲੱਗ ਕੇ ਉਸ ਨੂੰ ਕੋੜ੍ਹਾ ਕਰ ਦੇਂਦੀ ਹੈ, ਇਵੇਂ ਨਾਮ ਤੋਂ ਹੀਣੇ ਪੁਰਸ਼ ਮੁਰਦਾ ਹੋ ਚੁਕੇ ਜੋ ਜੀਉਂਦੇ ਹਨ ਤਾਂ ਦੂਜਿਆਂ ਨੂੰ ਭੀ ਬੇਮੁਖ ਕਰਦੇ ਹਨ।

**ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥੨॥੧॥੮॥**

ਸੂਰਦਾਸ ਦੇ ਮਨ ਨੂੰ ਪ੍ਰਭੂ ਨੇ (ਆਪਣੇ) ਹੱਥ ਵਿਚ ਲੈ ਲਿਆ ਹੈ, ਅਤੇ ਇਸਨੂੰ (ਲੋਕ) ਪ੍ਰਲੋਕ ਦਾ (ਸੁਖ ਦੇ) ਦਿੱਤਾ ਹੈ ॥੨॥੧॥੮॥

SIKHBOOKCLUB.COM

*ਸਾਰੰਗ ਕਬੀਰ ਜੀਉ ॥ ੴ ਸਤਿਗੁਰ ਪ੍ਰਸਾਦਿ ॥*

**ਹਰਿ ਬਿਨੁ ਕਉਨੁ ਸਹਾਈ ਮਨ ਕਾ ॥**

ਹਰੀ ਤੋਂ ਬਿਨਾਂ [ਮਨ] ਜੀਵ ਦਾ (ਹੋਰ) ਕੌਣ ਸਹਾਈ ਹੈ।

**ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ ॥੧॥ ਰਹਾਉ ॥**

ਮਾਂ, ਪਿਉ, (ਭੈਣ) ਭਰਾ, ਇਸਤ੍ਰੀ, ਪੁੱਤਰ (ਇਨ੍ਹਾਂ) ਸਭਨਾਂ ਦਾ [ਫਨ ਕਾ] ਦਿਖਾਵੇ ਦਾ ਪ੍ਰੇਮ ਬਣਿਆ ਹੋਇਆ ਹੈ ॥੧॥ ਰਹਾਉ ॥

**ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ ॥**

ਅਗੇ ਨੂੰ ਕੁਝ [ਤੁਲਹਾ] ਬੇੜਾ ਬੰਨ੍ਹੋ; ਧਨ ਦਾ ਕੀ ਭਰੋਸਾ ਹੈ?

**ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ ॥੧॥**

ਇਸ ਭਾਂਡੇ (ਸਰੀਰ) ਦਾ ਕੀ ਵਿਸਾਹ ਹੈ? ਜਰਾ ਕਿੰਨੀ ਠੋਕਰ ਲਗਿਆਂ (ਹੀ ਟੁੱਟ ਜਾਵੇਗਾ) ॥੧॥

**ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਂਛਹੁ ਸਭ ਜਨ ਕਾ ॥**

ਸੰਤ ਜਨਾਂ (ਦੀ ਚਰਨ) ਧੂੜ ਮੰਗੋ ਤਾਂ ਸਾਰੇ ਧਰਮ ਤੇ ਪੁੰਨਾਂ ਦਾ ਫਲ ਪਾ ਲਓਗੇ।

**ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ ॥੨॥੧॥੯॥**

ਕਬੀਰ ਜੀ ਆਖਦੇ ਹਨ, ਹੇ ਸੰਤੋ! ਸੁਣੋ, ਇਹ ਮਨ ਤਾਂ ਜੰਗਲ ਦਾ ਉੱਡਨਾ ਪੰਛੀ ਹੈ, (ਇਸ ਦੇ ਮਗਰ ਨ ਲਗਨਾ) ॥੨॥੧॥੯॥

## ਰਾਗੁ ਮਲਾਰ (ਅੰਗ ੧੨੯੨-੯੩)

**ਰਾਗੁ ਮਲਾਰ ਬਾਣੀ ਭਗਤ ਨਾਮਦੇਵ ਜੀਉ ਕੀ ॥**

*ੴ ਸਤਿਗੁਰ ਪ੍ਰਸਾਦਿ ॥*

**ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ ॥**
**ਭਗਤਿ ਦਾਨੁ ਦੀਜੈ ਜਾਚਹਿ ਸੰਤ ਜਨ ॥੧॥ ਰਹਾਉ ॥**

ਗੋਪਾਲ ਰਾਜੇ ਦੀ ਸੇਵਾ ਕਰਦੇ ਰਹਿੰਦੇ ਹਨ, ਅਤੇ ਕੁਲ ਰਹਿਤ (ਨਿਰੰਕਾਰ ਪਾਸੋਂ) ਸੰਤ ਜਨ ਭਗਤੀ ਦਾ ਦਾਨ ਮੰਗਦੇ ਹਨ, (ਹੇ ਨਿਰੰਜਨ! ਮੈਨੂੰ ਭੀ ਏਹੋ ਦਾਨ ਦੇਵੋ) ॥੧॥ ਰਹਾਉ ॥

**ਜਾਂ ਚੈ ਘਰਿ ਦਿਗ ਦਿਸੈ ਸਰਾਇਚਾ**
**ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ ॥**

ਜਿਸ ਦੇ ਘਰ [ਦਿਗ ਦਿਸੈ] ਦਸੇ ਦਿਸ਼ਾ ਤਾਂ [ਸਰਾਇਚਾ] ਛੋਟਾ ਤੰਬੂ ਹਨ। ਬੈਕੁੰਠ ਭਵਨ [ਚਿਤ੍ਰਸਾਲਾ] ਬੈਠਕ ਹੈ, ਅਤੇ ਜੋ ਸਤਾਂ ਲੋਕਾਂ (ਵਿਚ) ਇਕ ਸਾਰਖਾ ਹੀ ਪੂਰਨ ਹੈ।

**ਜਾਂ ਚੈ ਘਰਿ ਲਛਿਮੀ ਕੁਆਰੀ ਚੰਦੁ ਸੂਰਜੁ ਦੀਵੜੇ**
**ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ ॥**
**ਸੁ ਐਸਾ ਰਾਜਾ ਸ੍ਰੀ ਨਰਹਰੀ ॥੧॥**

ਜਿਸ ਦੇ ਘਰ ਲਛਮੀ [ਕੁਆਰੀ]* ਕੁੜੀ ਹੈ। ਚੰਦੁ ਸੂਰਜ ਦੀਵੇ ਹਨ। ਵਿਚਾਰਾ ਕਾਲ (ਜੋ) ਕੌਤਕੀ ਹੈ, ਉਹ ਕੁਟਵਾਲ (ਹੋ ਕੇ) ਹਰ ਇਕ ਸਿਰ ਤੋਂ [ਕਰਾ] ਕਰ (ਮਾਮਲਾ) ਲੈਂਦਾ ਹੈ। ਅਜੇਹਾ ਰਾਜਾ ਸ੍ਰੀ ਵਾਹਿਗੁਰੂ ਹੈ ॥੧॥

**ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਂਵੜਾ ਜਿਨਿ ਬਿਸ੍ਵ ਸੰਸਾਰੁ ਰਾਚੀਲੇ ॥**

ਜਿਸ ਦੇ ਘਰ ਚੌਂਹ ਮੂੰਹਾਂ ਵਾਲਾ ਬ੍ਰਹਮਾ [ਕੁਲਾਲੁ] ਘੁਮਿਆਰ ਹੈ, ਜਿਸ ਨੇ (ਸਰੀਰਾਂ ਰੂਪ ਭਾਂਡੇ) ਡੌਲਕੇ (ਬਿਸ੍ਵ) ਸਾਰਾ ਸੰਸਾਰ ਰਚਿਆ ਹੈ।

**ਜਾਂ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ ਸਾਰਖਾ ਗਿਆਨੁ ਭਾਖੀਲੇ ॥**

ਜਿਸ ਦੇ ਘਰ [ਈਸਰੁ] ਸ਼ਿਵ ਜੀ [ਬਾਵਲਾ] ਮਖੌਲੀਆ ਹੈ, ਅਤੇ ਤਤ [ਸਾਰਖਾ] ਉਸੇ ਵਰਗਾ (ਜਗਤ ਗੁਰੂ) ਵਿਸ਼ਨੂੰ (ਜਿਸ ਦੇ ਘਰ) ਗਿਆਨ ਸੁਣਾਉਂਦਾ ਹੈ।

---

**ਮਿੰਟਗੁਮਰੀ ਦੇ ਇਲਾਕੇ ਵਿਚ ਵਹੁਟੀ ਨੂੰ ਕੁੜੀ ਆਖਦੇ ਹਨ, ਓਹੀ ਅਰਥ ਹੈ।*

**ਪਾਪੁ ਪੁੰਨੁ ਜਾਂ ਚੇ ਡਾਂਗੀਆ ਦੁਆਰੇ ਚਿਤ੍ਰ ਗੁਪਤੁ ਲੇਖੀਆ ॥**

ਜਿਸ ਦੇ (ਘਰ ਦੇ) ਬੂਹੇ (ਅੱਗੇ) ਪਾਪ ਪੁੰਨ (ਦੋਵੇਂ) [ਡਾਂਗੀਆ] ਦਰਬਾਰ ਹਨ ਅਤੇ ਚਿਤ੍ਰ ਗੁਪਤ [ਲੇਖੀਆ] ਮੁਨਸ਼ੀ ਹਨ।

**ਧਰਮ ਰਾਇ ਪਰੁਲੀ ਪ੍ਰਤਿਹਾਰੁ ॥ ਸੁ ਐਸਾ ਰਾਜਾ ਸ੍ਰੀ ਗੋਪਾਲੁ ॥੨॥**

ਧਰਮ ਰਾਜਾ ਪਰਲ ਕਰਨ ਵਾਲਾ [ਪ੍ਰਤਿਹਾਰੁ] ਡਿਓਢੀ ਸਰਦਾਰ ਹੈ, ਉਹ ਇਸ ਤਰ੍ਹਾਂ ਦਾ ਸ੍ਰੀ ਗੋਪਾਲ ਰਾਜਾ ਹੈ ॥੨॥

**ਜਾਂ ਚੇ ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਾਵੰਤ ਆਛੇ ॥**

ਗਣ ਗੰਧਰਬ ਰਿਖੀ ਵਿਚਾਰੇ ਢਾਢੀ (ਹੋ ਕੇ) ਜਿਸ ਦੇ ਘਰ ਅਗੇ ਖੜੇ ਹੋ ਕੇ (ਜਦ) ਗਾਉਂਦੇ ਹਨ।

**ਸਰਬ ਸਾਸਤ੍ਰ ਬਹੁ ਰੂਪੀਆ ਅਨਗਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਛੇ ॥**

ਸਾਰੇ ਸ਼ਾਸਤ੍ਰ ਬਹੁਰੂਪੀਏ ਹਨ, (ਸਾਰਾ ਸੰਸਾਰ ਇਕ) [ਅਨਗਰੂਆ] ਛੋਟਾ ਜੇਹਾ ਅਖਾੜਾ ਹੈ ਅਤੇ [ਮੰਡਲੀਕ] ਛੋਟੇ-ਛੋਟੇ ਰਾਜਾ [ਕਾਛੇ] ਸੋਹਣੇ ਬੋਲ ਬੋਲਦੇ ਹਨ।

**ਚਉਰ ਢੂਲ ਜਾਂ ਚੈ ਹੈ ਪਵਣੁ ॥ ਚੇਰੀ ਸਕਤਿ ਜੀਤਿ ਲੇ ਭਵਣੁ ॥**

**ਅੰਡ ਟੂਕ ਜਾ ਚੈ ਭਸਮਤੀ ॥ ਸੁ ਐਸਾ ਰਾਜਾ ਤ੍ਰਿਭਵਣ ਪਤੀ ॥੩॥**

ਜਿਸ ਦੇ (ਸਿਰ ਉਪਰ) ਪੌਣ ਚੌਰ ਝੁਲਾਉਂਦੀ ਹੈ। (ਜਿਸ ਦੀ) [ਚੇਰੀ] ਦਾਸ [ਸਕਤਿ] ਮਾਇਆ ਨੇ (ਤਿੰਨੇ) ਭਵਨ ਜਿੱਤ ਲਏ ਹਨ। [ਅੰਡ ਟੂਕ] ਬ੍ਰਹਮੰਡ ਜਿਸ ਦੀ [ਭਸਮਤੀ] ਚੁਲ੍ਹਾ ਹੈ। ਇਸ ਤਰ੍ਹਾਂ ਦਾ ਰਾਜਾ ਉਹ ਤਿੰਨਾਂ ਲੋਕਾਂ ਦਾ ਮਾਲਕ ਹੈ ॥੩॥

**ਜਾਂ ਚੈ ਘਰਿ ਕੂਰਮਾ ਪਾਲੁ ਸਹਸ੍ਰ ਫਨੀ ਬਾਸਕੁ ਸੇਜ ਵਾਲੂਆ ॥**

ਜਿਸ ਦੇ ਘਰ [ਕੂਰਮਾ] ਕੱਛੂ ਕੁੰਮਾ [ਪਾਲੁ] ਪਲੰਘ ਹੈ, ਹਜ਼ਾਰ ਮੂੰਹ ਵਾਲਾ (ਸ਼ੇਸ਼ਨਾਗ ਸੇਜਾ ਹੈ, ਅਤੇ) ਬਾਸਕ (ਨਾਗ) ਸੇਜਵਾਲੀਆ (ਸੇਜ ਬੰਦ) ਹੈ।

**ਅਠਾਰਹ ਭਾਰ ਬਨਾਸਪਤੀ ਮਾਲਨੀ ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ ॥**

ਅਠਾਰਾਂ ਭਾਰ ਬਨਾਸਪਤੀ (ਜਿਸ ਦੀ) ਮਾਲਣ ਹੈ, ਅਤੇ ਛਿਨਵੇਂ ਕਰੋੜ ਮੇਘਮਾਲਾ ਪਾਣੀ ਭਰਨ ਵਾਲੀ ਹੈ।

**ਨਖ ਪ੍ਰਸੇਵ ਜਾ ਚੈ ਸੁਰਸਰੀ ॥ ਸਪਤ ਸਮੁੰਦ ਜਾਂ ਚੈ ਘੜਥਲੀ ॥**

**ਏਤੇ ਜੀਅ ਜਾਂ ਚੈ ਵਰਤਣੀ ॥ ਸੁ ਐਸਾ ਰਾਜਾ ਤ੍ਰਿਭਵਣ ਧਣੀ ॥੪॥**

ਜਿਸ ਦੇ ਨੌਹਾਂ ਦਾ [ਪ੍ਰਸੇਵ] ਮੁੜ੍ਹਕਾ ਗੰਗਾ ਹੈ। ਸੱਤੇ ਸਮੁੰਦ ਜਿਸ ਦੀ ਘੜਵੰਜੀ ਹਨ। ਏਨੇ ਜੀਵ ਜਿਸ ਦੀ ਵਰਤਨ ਹਨ। ਇਸ ਤਰ੍ਹਾਂ ਦਾ ਰਾਜਾ ਉਹ ਤਿੰਨਾਂ ਲੋਕਾਂ ਦਾ ਮਾਲਕ ਹੈ ॥੪॥

**ਜਾਂ ਚੈ ਘਰਿ ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ**

Sri Satguru Jagjit Singh Ji eLibrary NamdhariElibrary@gmail.com

**ਨਾਰਦੁ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ ॥**

ਅਰਜਨ, ਧ੍ਰੂ ਪ੍ਰਹਿਲਾਦ, ਅੰਬਰੀਕ ਤੇ ਨਾਰਦ (ਆਦਿਕ) [ਨੇਜੈ] ਪ੍ਰਗਟ (ਪੁਰਖ) ਜਿਸ ਦੇ ਨਿਕਟ ਵਰਤੀ ਹਨ, (ਅਤੇ ਜਿਸ ਦੇ) ਘਰ ਸਿਧ ਤੇ ਗੰਧਰਬ (ਆਦਿਕ) ਗਣ ਸਾਰੇ ਬੁਧੀਮਾਨ [ਹੇਲਾ] ਖੇਡਾਂ [ਬਾਨਵੈ] ਪਾਂਦੇ ਹਨ ।

**ਏਤੇ ਜੀਅ ਜਾਂ ਚੈ ਹਹਿ ਘਰੀ ॥ ਸਰਬ ਬਿਆਪਿਕ ਅੰਤਰ ਹਰੀ ॥**

ਏਨੇ ਜੀਵ ਜਿਸ ਦੇ ਘਰ ਵਿਚ ਹਨ । (ਉਹ) ਹਰੀ ਸਾਰਿਆਂ ਦੇ ਅੰਦਰ ਵਿਆਪਕ ਹੈ ।

**ਪ੍ਰਣਵੈ ਨਾਮਦੇਉ ਤਾਂ ਚੀ ਆਣਿ ॥ ਸਗਲ ਭਗਤ ਜਾ ਚੈ ਨੀਸਾਣਿ ॥੫॥੧॥**

ਨਾਮਦੇਵ ਜੀ ਆਖਦੇ ਹਨ, ਮੈਂ ਉਸ ਦੀ ਸ਼ਰਨ ਹਾਂ ਸਾਰੇ ਭਗਤ ਹੀ ਜਿਸ ਦਾ ਝੰਡਾ ਹਨ ॥੫॥੧॥

**ਮਲਾਰ ॥**

*ਉਥਾਨਕਾ*—ਜਦ ਨਾਮਦੇਵ ਜੀ ਨੂੰ ਪੰਡਿਆਂ ਨੇ ਮੰਦਰ ਵਿਚੋਂ ਬਾਹਰ ਕੱਢ ਦਿਤਾ ਤਾਂ ਆਪ ਮੰਦਰ ਦੇ ਪਿਛੌੜੇ ਜਾ ਕੇ ਪ੍ਰੇਮ ਨਾਲ ਪ੍ਰਮਾਤਮਾ ਅਗੇ ਬੇਨਤੀ ਕਰਨ ਲਗ ਪਏ, ਕਿ—

**ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥**
**ਤੂ ਨ ਬਿਸਾਰੇ ਰਾਮਈਆ ॥੧॥ ਰਹਾਉ ॥**

ਹੇ ਰਾਮ ! ਮੈਨੂੰ ਤੂੰ ਨਾ ਭੁਲਾ, ਤੂੰ (ਕਦੇ ਭੀ) ਨਾ ਭੁਲਾ । (ਜ਼ਰੂਰ ਹੀ) ਤੂੰ (ਮੈਨੂੰ) ਨਾ ਭੁਲਾਵੀਂ ॥੧॥ ਰਹਾਉ ॥

**ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥**

[ਆਲਾ= ਘਰ] ਮੰਦਰ ਵਾਲਿਆਂ (ਨੂੰ) ਜੋ ਇਕ ਭਰਮ ਹੈ (ਕਿ ਅਸੀਂ ਉਚ ਹਾਂ ਤੇ ਇਹ ਨੀਚ ਹੈ, ਇਸ ਲਈ ਉਹ) ਸਾਰੇ ਮੇਰੇ ਉਤੇ ਗੁਸੇ ਹੋ ਗਏ ਹਨ ।

**ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥**

(ਮੈਨੂੰ) ਸ਼ੂਦਰ ਸ਼ੂਦਰ ਕਹਿ ਕੇ ਮਾਰਿਆ (ਤੇ) ਬਾਹਰ ਕੱਢ ਦਿਤਾ ਹੈ ਨੇ, ਹੇ ਬਾਪੂ ਬੀਠਲ ! ਹੁਣ ਮੈਂ) ਕੀ ਕਰਾਂ ? ॥੧॥

**ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥**

ਜੇ (ਮੈਨੂੰ) ਮੋਏ ਹੋਏ ਨੂੰ ਮੁਕਤੀ ਦੇ ਦਿਓਗੇ, (ਤਾਂ) ਤੇਰੀ (ਉਸ) ਮੁਕਤੀ (ਦਿਤੀ ਨੂੰ) ਕੋਈ ਭੀ ਨਾ ਜਾਣੇਗਾ ।

**ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥੨॥**

ਏਹ ਪੰਡੇ ਤਾਂ ਮੈਨੂੰ [ਢੇਢ] ਨੀਚ ਆਖਦੇ ਹਨ, (ਇਸ ਵਿਚ) ਤੇਰੀ ਇੱਜ਼ਤ ਹੀ ਪਿਛੇ ਹੁੰਦੀ ਹੈ, (ਅਰਥਾਤ ਤੇਰੀ ਬਦਨਾਮੀ ਹੈ, ਜੋ ਭਗਤੀ ਕਰਕੇ ਭੀ ਨਾਮਦੇਵ ਦਾ ਨੀਚਪੁਨਾ ਨਾ ਮਿਟਿਆ) ॥੨॥

**ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ ॥**

Sri Satguru Jagjit Singh Ji eLibrary NamdhariElibrary@gmail.com

ਤੂੰ ਤਾਂ ਦਿਆਲੂ ਕ੍ਰਿਪਾਲੂ ਕਿਹਾ ਜਾਂਦਾ ਹੈਂ, (ਹੁਣ ਕ੍ਰਿਪਾ ਕਰ, ਇਹ ਬੇਨਤੀ ਸੁਣਦੇ ਹੀ) [ਅਪਾਰਲਾ] ਬੇਅੰਤ ਵਾਹਿਗੁਰੂ [ਅਤਿਭੁਜ-ਉਤਭੁਜ] ਪ੍ਰਗਟ ਹੋ ਗਿਆ।

**ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ ॥੩॥੨॥**

ਮੰਦਰ ਫੇਰਕੇ ਨਾਮੇ ਨੂੰ (ਦਰਸ਼ਨ) ਦਿੱਤਾ, ਪੰਡਿਤਾਂ ਵੱਲ ਪਿੱਠ ਕਰ ਦਿਤੀ ॥੩॥੨॥

## ਮਲਾਰ ਬਾਣੀ ਭਗਤ ਰਵਿਦਾਸ ਜੀ ਕੀ

*ੴ ਸਤਿਗੁਰ ਪ੍ਰਸਾਦਿ ॥*

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥**
**ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥**

ਹੇ ਨਗਰ ਦੇ ਲੋਕੋ! ਮੇਰੀ ਜ਼ਾਤ ਤਾਂ ਚਮਾਰ ਮਸ਼ਹੂਰ ਹੈ। (ਪਰ) ਹਿਰਦੇ (ਵਿਚ) ਗੋਬਿੰਦ (ਦਾ) ਨਾਮ ਤੇ ਗੁਣਾਂ ਦੀ ਸੰਭਾਲ (ਵਿਚਾਰ) ਕਰਦਾ ਹਾਂ ॥੧॥ ਰਹਾਉ ॥

**ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥**

ਹੇ ਭਾਈ! ਜੇ ਗੰਗਾ ਦੇ [ਸਲਲ] ਪਾਣੀ ਦਾ [ਬਾਰੁਨੀ] ਸ਼ਰਾਬ [ਕ੍ਰਿਤ] ਬਨਾਈ ਜਾਵੇ ਤਾਂ ਭੀ ਸੰਤ ਜਨ ਕਦੇ ਨਹੀਂ ਪੀਂਦੇ।

**ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥**

ਅਪਵਿਤ੍ਰ-ਸ਼ਰਾਬ ਹੈ [ਨਤ] ਜਾਂ ਹੋਰ ਕੋਈ [ਅਪਵਿਤ੍ਰ] ਗੰਦਾ ਪਾਣੀ ਗੰਗਾ ਨਾਲ ਮਿਲ ਜਾਵੇ (ਤਾਂ ਉਹ) ਵਖ ਨਹੀਂ ਹੁੰਦਾ ॥੧॥

**ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥**

ਜਿਵੇਂ ਤਾੜ ਦਾ ਬ੍ਰਿਛ ਅਪਵਿਤ੍ਰ ਕਰਕੇ ਮੰਨਿਆਂ ਜਾਂਦਾ ਹੈ ਪਰ ਵਿਚਾਰ ਕੀਤਾ ਜਾਵੇ, (ਤਾਂ ਜਦ ਉਸਦੇ ਪੱਤੇ) ਕਾਗਤ (ਰੂਪ) ਬਣਦੇ ਹਨ, ਤਾਂ—

**ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥੨॥**

ਉਸ ਉਤੇ ਭਗਵੰਤ ਦੀ ਭਗਤੀ ਲਿਖੀ ਜਾਂਦੀ ਹੈ, (ਤਦ ਉਨ੍ਹਾਂ ਦੀ) ਪੂਜਾ ਹੁੰਦੀ ਹੈ (ਅਤੇ ਲੋਕੀ ਕਾਗਤਾਂ ਨੂੰ) ਮੱਥਾ ਟੇਕਦੇ ਹਨ ॥੨॥

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥**

ਮੇਰੀ ਜਾਤਿ ਵੱਢਣ ਟੁੱਕਣ ਵਾਲੀ ਚਮਾਰ ਹੈ, ਸਦਾ ਹੀ ਕਾਂਸ਼ੀ ਦੇ ਆਸੇ ਪਾਸੇ [ਢੋਰ] ਮੋਏ ਪਸ਼ੂ ਢੋਂਦਾ ਹਾਂ।

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥**

Sri Satguru Jagjit Singh Ji eLibrary NamdhariElibrary@gmail.com

ਉਸ ਰਵਿਦਾਸ ਨੂੰ ਹੁਣ ਵੱਡੇ-ਵੱਡੇ ਬ੍ਰਾਹਮਣ ਨਮਸ਼ਕਾਰ ਕਰਦੇ ਹਨ, (ਕਿਉਂਕਿ) ਦਾਸ ਰਵਿਦਾਸ ਤੇਰੇ ਨਾਮ ਨੂੰ ਜਪਦਾ (ਤੇ) ਤੇਰੀ ਸ਼ਰਨੀਂ ਪਿਆ ਹੋਇਆ ਹੈ ॥੩॥੧॥

**ਮਲਾਰ ॥ ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ**
**ਤਾਸ ਸਮ ਤੁਲਿ ਨਹੀ ਆਨ ਕੋਊ ॥**

(ਜੋ) ਹਰਿ ਨਾਮ ਜਪਦੇ ਹਨ, ਉਸ ਦੇ ਸਮਾਨ (ਪਦਮ × ਪਤਿ) ਵਿਸ਼ਨੂੰ (ਨਹੀਂ ਤੇ) (ਕੈਲਾਸ਼ × ਪਤਿ) ਸ਼ਿਵ ਜੀ ਭੀ [ਤੁਲਿ] ਬਾਰਾਬਰ ਨਹੀਂ ਹੈ, ਅਤੇ ਨਾ ਹੀ ਕੋਈ ਹੋਰ (ਉਸ ਦੇ ਬਰਾਬਰ ਹੈ)।

**ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥**

ਇਕੋ ਹੀ ਅਨੇਕਾਂ ਰੂਪ ਹੋ ਕੇ (ਸਾਰੇ ਸੰਸਾਰ ਵਿਚ) ਵਿਆਪਕ ਹੈ, ਹੇ (ਭਾਈ!) ਹੋਰ (ਦਾ ਖਿਆਲ ਛਡ ਕੇ) ਉਸੇ ਇਕ ਪਰੀ ਪੂਰਨ ਨੂੰ (ਦਿਲ ਵਿਚ) [ਆਨ] ਲਿਆਓ ॥ ਰਹਾਉ ॥

**ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ ॥**

ਜਿਸ ਦੇ (ਘਰ) ਭਗਵੰਤ (ਦੀ ਭਗਤੀ ਹੀ) [ਲੇਖੀਐ=ਲਖੀਦੀ] ਦਿਸਦੀ ਸੀ, ਹੋਰ (ਕੁਝ) ਨਹੀਂ ਦਿਸਦਾ, ਉਸ ਦੀ ਜਾਤਿ [ਆਛੋਪ=ਅਛੂਪ] ਨੀਚ ਛੀਂਬਾ ਸੀ।

**ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ**
**ਨਾਮ ਕੀ ਨਾਮਨਾ ਸਪਤ ਦੀਪਾ ॥੧॥**

ਬਿਆਸ (ਦੇ ਬਨਾਏ ਪੁਸਤਕਾਂ) ਵਿਚ ਲਿਖੀ ਹੈ, ਸਨਕ (ਜੀ ਰਚਿਤ ਗ੍ਰੰਥ) ਵਿਚ ਭੀ ਦਿਸਦੀ ਹੈ, ਕਿ ਨਾਮ (ਜਪਣ) ਵਾਲੇ ਦੀ [ਨਾਮਨਾ] ਵਡਿਆਈ ਸੱਤਾਂ ਦੀਪਾਂ (ਵਿਚ ਹੁੰਦੀ ਹੈ) ॥੧॥

**ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ**
**ਮਾਨੀਅਹਿ ਸੇਖ ਸਹੀਦ ਪੀਰਾ ॥**

ਜਿਸਦੀ ਕੁਲ (ਦੇ ਆਦਮੀ ਈਦ ਤੇ ਬਕ੍ਰੀਦ ਨੂੰ ਗਊ ਦੀ [ਬਧੁ=ਕਤਲ] ਕੁਰਬਾਨੀ ਕਰਦੇ ਹਨ, ਅਤੇ ਸ਼ੇਖਾਂ ਸ਼ਹੀਦਾਂ ਤੇ ਪੀਰਾਂ (ਫਕੀਰਾਂ ਨੂੰ) ਮੰਨਦੇ ਸਨ।

**ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ ॥੨॥**

ਜਿਸ ਦੇ ਪਿਉ ਨੇ ਭੀ ਓਹੀ (ਕੁਲ ਦੀ ਰੀਤਿ) ਪੁਤ ਕੀਤੀ, (ਪਰ) ਕੋਲੋਂ ਅਜੇਹੀ [ਸਰੀ] ਹੋਈ, (ਜੋ) ਕਬੀਰ ਤਿੰਨਾਂ ਲੋਕਾਂ ਵਿਚ ਮਸ਼ਹੂਰ ਹੋ ਗਿਆ ॥੨॥

**ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥**

ਜਿਸ ਦੇ ਪ੍ਰਵਾਰ ਦੇ [ਢੇਢ=ਨੀਚ] ਚੁਮਾਰ ਅੱਜ ਤਕ ਕਾਂਸ਼ੀ ਦੇ ਆਸੇ ਪਾਸੇ ਮੋਏ ਹੋਏ ਪਸ਼ੂ ਢੋਂਦੇ ਫਿਰਦੇ ਹਨ।

**ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥੩॥੨॥**

(ਤੇਰੇ) ਦਾਸਾਂ ਦੇ ਦਾਸ (ਤੇ) ਉਨਾਂ ਦੇ [ਤਨੈ=ਤਨਪ] ਪੁੱਤ੍ਰ ਰਵਿਦਾਸ ਨੂੰ [ਆਚਾਰ ਸਹਿਤ] ਕਰਮ ਕਾਂਡੀ ਬ੍ਰਾਹਮਣ ਨਮਸ਼ਕਾਰ ਕਰਦੇ ਹਨ ॥੩॥੨॥

**ਮਲਾਰ ੧ਓ ਸਤਿਗੁਰ ਪ੍ਰਸਾਦਿ ॥**

**ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥**

ਪ੍ਰਾਨ ਨਾਥ ਪਿਆਰਾ ਕਿਸ ਭਗਤੀ ਦੇ ਕੀਤਿਆਂ ਮਿਲਦਾ ਹੈ ?

**ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥**

ਸਾਧ ਸੰਗਤਿ (ਦੇ ਕੀਤਿਆਂ) ਪਰਮਗਤੀ (ਮੁਕਤੀ) ਮਿਲਦੀ ਹੈ ॥ ਰਹਾਉ ॥

**ਮੈਲੇ ਕਪਰੇ ਕਹਾ ਲਉ ਧੋਵਉ ॥ ਆਵੈਗੀ ਨੀਦ ਕਹਾ ਲਗੁ ਸੋਵਉ ॥੧॥**

(ਅੰਤਹਕਰਨ ਰੂਪ) ਮੈਲੇ ਕਪੜੇ ਨੂੰ ਕਿਥੋਂ ਤੱਕ ਧੋਵਾਂਗਾ ? (ਅਵਿਦਯਾ) ਨੀਂਦ (ਤਾਂ ਸਦਾ ਹੀ) ਆਵੇਗੀ, ਕਿਥੋਂ ਤੱਕ ਸਵਾਂਗਾ ? ॥੧॥

**ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥**

**ਝੂਠੈ ਬਨਜਿ ਉਠਿ ਹੀ ਗਈ ਹਾਟਿਓ ॥੨॥**

ਜੇਹੜੇ ਜੋੜ ਜੋੜੇ ਸਨ, ਉਹ ਸਾਰੇ ਪਾਟ ਗਏ ਹਨ। ਝੂਠੇ ਵਪਾਰ (ਕਰਨ ਵਾਲੀ) ਹੱਟੀ ਹੀ ਚੁੱਕੀ ਗਈ ਹੈ ॥੨॥

SIKHBOOKCLUB.COM

**ਕਹੁ ਰਵਿਦਾਸ ਭਇਓ ਜਬ ਲੇਖੋ ॥**

**ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥੩॥੧॥੩॥**

ਰਵਿਦਾਸ ਜੀ ਆਖਦੇ ਹਨ, ਜਦੋਂ ਲੇਖਾ ਹੋਇਆ। (ਓਦੋਂ) ਜੋ ਜੋ (ਕਰਮ) ਕੀਤਾ ਸੀ, (ਨਾਮ ਤੋਂ ਬਿਨਾਂ) ਉਹ ਸਾਰੇ ਹੀ (ਵਿਅਰਥ ਜਾਂਦੇ) ਨਜ਼ਰ ਆਏ ਹਨ ॥੩॥੧॥੩॥

## ਰਾਗੁ ਕਾਨੜਾ (ਅੰਗ ੧੩੧੮)

**ਰਾਗੁ ਕਾਨੜਾ ਬਾਣੀ ਨਾਮਦੇਵ ਜੀਉ ਕੀ**

*ੴ ਸਤਿਗੁਰ ਪ੍ਰਸਾਦਿ ॥*

**ਐਸੋ ਰਾਮ ਰਾਇ ਅੰਤਰਜਾਮੀ ॥**

**ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥੧॥ ਰਹਾਉ ॥**

ਇਸ ਤਰ੍ਹਾਂ ਰਾਮ ਰਾਜਾ (ਸਾਰਿਆਂ ਦੇ) ਅੰਦਰ [ਜਾਮੀ] ਬੈਠਾ ਹੈ। ਇਸ ਤਰ੍ਹਾਂ [ਦਰਪਨ] ਸ਼ੀਸ਼ੇ ਵਿਚ ਚੇਹਰੇ ਦਾ [ਪਰਵਾਨੀ] ਪ੍ਰਛਾਵਾਂ (ਹੁੰਦਾ ਹੈ ॥੧॥ ਰਹਾਉ ॥

**ਬਸੈ ਘਟਾ ਘਟ ਲੀਪ ਨ ਛੀਪੈ ॥ ਬੰਧਨ ਮੁਕਤਾ ਜਾਤੁ ਨ ਦੀਸੈ ॥੧॥**

[ਘਟਾ] ਸਾਰਿਆਂ ਸਰੀਰਾਂ ਵਿਚ ਵੱਸਦਾ ਹੈ, (ਪਰ ਉਸ ਨੂੰ ਕੋਈ) ਲੇਪ (ਜਾਂ) [ਛੀਪੈ] ਦਾਗ ਨਹੀਂ (ਲਗਦਾ)। ਸਾਰੇ ਬੰਧਨਾਂ ਤੋਂ ਮੁਕਤ (ਹੈ ਅਤੇ ਉਸ ਦੀ ਕੋਈ) ਜਾਤਿ ਭੀ ਨਹੀਂ ਦਿੱਸਦੀ ॥੧॥

**ਪਾਨੀ ਮਾਹਿ ਦੇਖੁ ਮੁਖੁ ਜੈਸਾ ॥ ਨਾਮੇ ਕੋ ਸੁਆਮੀ ਬੀਠਲੁ ਐਸਾ ॥੨॥੧॥**

ਜਿਵੇਂ (ਸਭਨਾਂ) ਪਾਣੀਆਂ ਵਿਚੋਂ ਮੂੰਹ ਦਿੱਸ ਪੈਂਦਾ ਹੈ। ਨਾਮਦੇਵ ਦਾ ਮਾਲਕ ਵਾਹਿਗੁਰੂ ਇਸੇ ਤਰ੍ਹਾਂ ਨਾਲ (ਸਭਨਾਂ ਵਿਚ ਵਿਆਪਕ ਹੈ) ॥੨॥੧॥

## ਰਾਗੁ ਪ੍ਰਭਾਤੀ (ਅੰਗ ੧੩੪੯-੫੧)

## ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ

**ੴ ਸਤਿਗੁਰ ਪ੍ਰਸਾਦਿ ॥**

**ਮਰਨ ਜੀਵਨ ਕੀ ਸੰਕਾ ਨਾਸੀ ॥ ਆਪਨ ਰੰਗਿ ਸਹਜ ਪਰਗਾਸੀ ॥੧॥**

(ਹੁਣ) ਮਰਨ ਜੀਊਣ ਦੀ ਸ਼ੰਕਾ ਮਿਟ ਗਈ ਹੈ। ਸਹਜੇ ਹੀ ਆਪਨੇ (ਸ੍ਰੂਪ ਦਾ) [ਰੰਗਿ] ਅਨੰਦ [ਪਰਗਾਸੀ] ਪ੍ਰਗਟ ਹੋ ਗਿਆ ਹੈ ॥੧॥

**ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥**
**ਰਾਮ ਰਤਨੁ ਪਾਇਆ ਕਰਤ ਬੀਚਾਰਾ ॥੧॥ ਰਹਾਉ ॥**

(ਉਸ) ਜੋਤ ਦੇ ਪ੍ਰਗਟ (ਹੁੰਦਿਆਂ ਹੀ ਅਗਿਆਨ ਰੂਪ) ਹਨੇਰਾ ਮਿਟ ਗਿਆ ਹੈ ਅਤੇ ਵਿਚਾਰ ਕਰਦਿਆਂ ਹੀ ਰਾਮ (ਰੂਪ) ਰਤਨ ਪਾ ਲਿਆ ਹੈ ॥੧॥ ਰਹਾਉ ॥

**ਜਹ ਅਨੰਦੁ ਦੁਖੁ ਦੂਰਿ ਪਇਆਨਾ ॥ ਮਨੁ ਮਾਨਕੁ ਲਿਵ ਤਤੁ ਲੁਕਾਨਾ ॥੨॥**

ਜਦ ਤੋਂ ਅਨੰਦ (ਪਾਇਆ, ਤਦ ਤੋਂ) ਦੁਖ ਦੂਰ [ਪਇਆਨਾ] ਚਲੇ ਗਏ ਹਨ। ਮਨ [ਮਾਨਕੁ] ਸ਼ੁਧ ਹੋ ਕੇ [ਤਤੁ] ਉਸ ਦੀ [ਲਿਵ] ਪ੍ਰੀਤ ਵਿਚ ਲੁਕ ਗਿਆ ਹੈ ॥੨॥

**ਜੋ ਕਿਛੁ ਹੋਆ ਸੁ ਤੇਰਾ ਭਾਣਾ ॥ ਜੋ ਇਵ ਬੂਝੈ ਸੁ ਸਹਜਿ ਸਮਾਣਾ ॥੩॥**

ਜੋ ਤੇਰਾ ਭਾਣਾ ਹੈ, ਉਹ ਕੁਝ ਹੋਇਆ ਹੈ। ਜੋ ਇਸ ਤਰ੍ਹਾਂ ਸਮਝਦਾ ਹੈ, ਉਹ ਸਹਜ (ਪਦ ਵਿਚ) ਸਮਾ ਜਾਂਦਾ ॥੩॥

**ਕਹਤੁ ਕਬੀਰੁ ਕਿਲਬਿਖ ਗਏ ਖੀਣਾ ॥**
**ਮਨੁ ਭਇਆ ਜਗਜੀਵਨ ਲੀਣਾ ॥੪॥੧॥**

ਕਬੀਰ ਜੀ ਆਖਦੇ ਹਨ, [ਕਿਲਬਿਖ] ਪਾਪ ਨਾਸ ਹੋ ਗਏ ਹਨ। (ਇਸ ਲਈ) ਮਨ ਜਗਤ ਦੇ ਜੀਵਨ ਵਿਚ ਲੀਨ ਹੋ ਗਿਆ ਹੈ ॥੪॥੧॥

**ਪ੍ਰਭਾਤੀ ॥ ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ ॥**

(ਜੇਕਰ) ਰੱਬ ਇਕ ਮਸੀਤ ਵਿਚ ਵਸਦਾ ਹੈ, ਤਾਂ ਹੋਰ ਦੇਸ ਕਿਸ ਦਾ ਹੈ ?

**ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ ॥੧॥**

ਹਿੰਦੂ ਮੂਰਤਾਂ (ਵਿਚ) [ਨਾਮ] ਰੱਬ ਨੂੰ ਬੈਠਾ ਮੰਨਦੇ ਹਨ, ਦੋਹਾਂ ਵਿਚੋਂ (ਕਿਸੇ ਨੇ ਭੀ) ਉਸ ਨੂੰ ਨਹੀਂ ਵੇਖਿਆ ॥੧॥

**ਅਲਹ ਰਾਮ ਜੀਵਉ ਤੇਰੇ ਨਾਈ ॥ ਤੂ ਕਰਿ ਮਿਹਰਾਮਤਿ ਸਾਈ ॥੧॥ ਰਹਾਉ ॥**

(ਹੇ ਮੁਸਲਮਾਨਾਂ ਦੇ) ਅੱਲਾ (ਤੇ ਹਿੰਦੂਆਂ ਦੇ) ਰਾਮ! (ਮੈਂ) ਤੇਰੇ ਨਾਮ (ਦੇ ਆਸਰੇ) ਹੀ ਜੀਊਂਦਾ ਹਾਂ। ਹੇ ਮਾਲਕ! ਤੂੰ (ਮੇਰੇ ਉਤੇ) ਮੇਹਰ ਕਰ ॥੧॥ ਰਹਾਉ ॥

**ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥**

ਹਰੀ ਦਾ ਵਾਸ (ਹਿੰਦੂ) ਦੱਖਣ ਦੇਸ਼ ਵਿਚ (ਮੰਨਦੇ ਹਨ, ਅਤੇ ਮੁਸਲਮਾਨਾਂ ਨੇ) ਖੁਦਾ ਦਾ ਡੇਰਾ ਲਹਿੰਦੇ ਵੱਲ (ਮੰਨਿਆ ਹੋਇਆ ਹੈ)।

**ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ ॥੨॥**

ਦਿਲ ਵਿਚ ਸੋਚੋ, (ਹਾਂ! ਜ਼ਰੂਰ) ਦਿਲ ਵਿਚ ਦਲੀਲ (ਦੇ ਕੇ) ਸੋਚੋ, (ਕਿ ਰਾਮ ਦੀ) ਏਹੋ ਜਗ੍ਹਾ (ਹੈ ? ਅਤੇ ਖੁਦਾ ਦਾ ਏਹੋ ਹੀ) ਮੁਕਾਮ (ਘਰ) ਹੈ ? ॥੨॥

**ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ ॥**

ਬ੍ਰਾਹਮਣ (ਆਦਿਕ ਹਿੰਦੂ ਨੂੰ ਮਿਲਣ ਲਈ ਚੱਵੀ [ਗਿਆਸ] ਇਕਾਦਸ਼ੀਆਂ (ਦੇ ਵਰਤ) ਰਖਦੇ ਹਨ, ਅਤੇ ਕਾਜ਼ੀ (ਆਦਿਕ ਮੁਸਲਮਾਨ ਖੁਦਾ ਨੂੰ ਖੁਸ਼ ਕਰਨ ਲਈ) ਰਮਜਾਨ ਦਾ ਮਹੀਨਾ (ਹੀ ਰੋਜੇ ਰੱਖਦੇ ਹਨ)।

**ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ ॥੩॥**

ਯਾਰਾਂ ਮਹੀਨੇ ਤਾਂ ਲਾਂਭੇ ਕਰ ਛੱਡੇ ਹਨ, ਇਕੋ ਵਿਚ ਹੀ ਖਜ਼ਾਨੇ (ਨਿਰੰਕਾਰ ਦੀ ਪ੍ਰਾਪਤੀ ਹੋਈ ਹੈ) ॥੩॥

**ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ ॥**

ਉਡੀਸਾ (ਮੁਲਖ) ਵਿਚ (ਜਾ ਕੇ ਜਗਨ ਨਾਥ ਜੀ ਦੇ ਮੰਦਰ ਤੇ) ਇਸ਼ਨਾਨ ਕੀਤਾ ਤਾਂ ਕੀ (ਹੋ ਗਿਆ ? ਅਤੇ) ਮਸੀਤ (ਵਿਚ ਜਾ ਕੇ) ਸਿਰ ਨਿਵਾਇਆ ਤਾਂ ਭੀ ਕੀ ਲਾਭ ਹੋਯਾ ?

**ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ ॥੪॥**

ਦਿਲ ਵਿਚ ਕਪਟ (ਰਖ ਕੇ) ਨਿਮਾਜ ਪੜ੍ਹਿਆਂ ਕੀ (ਹੋਣਾ ਹੈ ? ਅਤੇ) ਮੱਕੇ ਦੇ ਹੱਜ ਜਾਣ (ਦਾ ਕੀ ਫਲ) ਹੈ ॥੪॥

**ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ ॥**

ਇੰਨੇ (ਜੋ) ਇਸਤ੍ਰੀਆਂ ਤੇ ਮਰਦ ਬਣਾਏ ਹਨ, ਏਹ ਸਾਰੇ ਤੇਰਾ ਹੀ ਰੂਪ ਹਨ।

**ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ ॥੫॥**

ਕਬੀਰ (ਤਾਂ) ਰਾਮ ਤੇ ਅਲ੍ਹਾ (ਦੋਹਾਂ) ਦਾ [ਪੂੰਗਰਾ] ਪੁਤ੍ਰ ਹੈ, ਹੋਰ ਸਾਰੇ ਹੀ ਮੇਰੇ ਗੁਰੂ ਤੇ ਪੀਰ ਹਨ

Sri Satguru Jagjit Singh Ji eLibrary NamdhariElibrary@gmail.com

॥੫॥

**ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥**

ਕਬੀਰ ਜੀ ਆਖਦੇ ਹਨ, ਹੇ [ਨਰਵੈ] ਇਸਤ੍ਰੀ ਪੁਰਸ਼ੋ! ਸੁਣੋ, ਇਕ ਦੀ ਸ਼ਰਨੀਂ ਪੈ ਜਾਓ।

**ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥੨॥**

ਹੇ ਪ੍ਰਾਣੀਓ! ਇਕ ਨਾਮ ਨੂੰ ਹੀ ਜਪੋ, ਤਦ ਜ਼ਰੂਰ ਹੀ ਤਰ ਜਾਓਗੇ ॥੬॥੨॥

**ਪ੍ਰਭਾਤੀ ॥ ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**

ਪਹਿਲੋਂ ਖੁਦਾ ਨੇ [ਨੂਰੁ] ਰੂਹ ਨੂੰ ਪੈਦਾ ਕੀਤਾ ਫਿਰ ਮਾਯਾ ਦੇ ਸਾਰੇ ਬੰਦੇ ਬਨਾ ਦਿਤੇ।

**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**

ਇਕ ਦੇ ਨੂਰ ਤੋਂ ਹੀ ਸਾਰਾ ਜਗਤ ਪੈਦਾ ਹੋਯਾ ਹੈ, (ਇਸ ਲਈ) ਕੌਣ ਚੰਗਾ ਤੇ ਕੌਣ ਮੰਦਾ ਹੈ ? (ਸਾਰੇ ਇਕੋ ਜਿਹੇ ਹਨ) ॥੧॥

**ਲੋਗਾ ਭਰਮਿ ਨ ਭੂਲਹੁ ਭਾਈ ॥**

**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥**

ਹੇ ਭਾਈ ਲੋਕੋ! ਭਰਮ ਵਿਚ ਨਾ ਭੁਲੋ। [ਖਾਲਿਕ] ਖੁਦਾ ਵਿਚ [ਖਲਕ] ਖਲਕਤ ਹੈ ਅਤੇ ਖਲਕਤ ਵਿਚ ਸਭ ਜਗ੍ਹਾ ਤੇ ਖੁਦਾ ਪੂਰਨ ਹੋ ਰਿਹਾ ਹੈ ॥੧॥ ਰਹਾਉ ॥

**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥**

ਬਨਾਉਣ ਵਾਲੇ ਨੇ ਇਕ ਮਿੱਟੀ ਤੋਂ ਹੀ ਅਨੇਕ ਤਰ੍ਹਾਂ ਦੇ (ਭਾਂਡੇ) ਬਣਾਏ ਹਨ।

**ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥**

ਮਿੱਟੀ ਦੇ ਭਾਂਡੇ ਦਾ ਕੁਝ ਕਸੂਰ ਨਹੀਂ ਹੈ ਅਤੇ ਨਾ ਹੀ ਕੁਝ ਕੁੰਭਾਰ ਦਾ [ਪੋਚ] ਨੁਕਸ ਹੈ ॥੨॥

**ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥**

ਇਕ ਓਹੀ ਸੱਚਾ ਸਾਰਿਆਂ ਵਿਚ ਹੈ ਅਤੇ ਉਸ ਦਾ ਕੀਤਾ ਹੀ ਸਭ ਕੁਝ ਹੁੰਦਾ ਹੈ।

**ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥**

(ਜੋ ਉਸ ਦਾ) ਹੁਕਮ ਮੰਨਦਾ ਤੇ ਉਸ ਇਕੋ ਨੂੰ ਜਾਣਦਾ ਹੈ, ਓਹੀ ਬੰਦਾ ਕਿਹਾ ਜਾਂਦਾ ਹੈ ॥੩॥

**ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥**

ਅੱਲਾ ਅਲਖ ਹੈ, ਲਖਿਆ ਨਹੀਂ ਜਾਂਦਾ, (ਮੈਨੂੰ) ਗੁਰਾਂ (ਨੇ ਉਪਦੇਸ਼ ਰੂਪ) ਮਿੱਠਾ ਗੁੜ ਦਿਤਾ ਹੈ।

**ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥**

ਕਬੀਰ ਜੀ ਆਖਦੇ ਹਨ, ਮੇਰੀ ਸ਼ੰਕਾ ਮਿਟ ਗਈ ਹੈ ਅਤੇ ਸਾਰਿਆਂ ਵਿਚ ਨਿਰੰਕਾਰ (ਨੂੰ ਵਿਆਪਕ) ਵੇਖ ਲਿਆ ਹੈ ॥੪॥੩॥

## ਪ੍ਰਭਾਤੀ ॥

ਉਥਾਨਕਾ—ਇਕ ਮੁੱਲਾਂ ਤੇ ਬ੍ਰਾਹਮਣ ਕੁਰਬਾਨੀ ਉਤੇ ਝਗੜਾ ਕਰਦੇ ਹੋਏ ਆਪੋ ਵਿਚ ਵੇਦਾਂ ਕਤੇਬਾਂ ਦੇ ਖੰਡਨ ਮੰਡਨ ਵਿਚ ਲਗ ਕੇ ਇਕ ਦੂਜੇ ਨੂੰ ਝੂਠਾ ਕਹਿ ਰਹੇ ਸਨ। ਕਬੀਰ ਜੀ ਨੇ ਪਹਿਲਾਂ ਤਾਂ ਦੋਹਾਂ ਨੂੰ ਫਿਰ ਇਕੱਲੇ ਮੁੱਲਾਂ ਨੂੰ ਸਿਖਯਾ ਦੇਣ ਲਈ ਉਚਾਰਿਆ :—

**ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥**

ਹੇ ਭਾਈ! ਵੇਦਾਂ ਕਤੇਬਾਂ ਨੂੰ ਝੂਠੇ ਨਾ ਆਖੋ, ਝੂਠਾ (ਉਹ ਹੈ) ਜੋ ਵਿਚਾਰਦਾ ਨਹੀਂ ਹੈ।

**ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥**

ਜੇ ਸਾਰਿਆਂ ਵਿਚ ਇਕ ਖੁਦਾ ਨੂੰ ਆਖਦੇ ਹੋ, ਤਾਂ ਕੁੱਕੜੀ ਨੂੰ ਕਿਉਂ ਮਾਰਦੇ ਹੋ ?॥੧॥

**ਮੁਲਾਂ ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ ਰਹਾਉ ॥**

ਹੇ ਮੁੱਲਾਂ! (ਤੂੰ) ਦੱਸ, ਤੇਰੇ ਖੁਦਾ (ਦਾ ਏਹੋ) ਨਿਆਉ ਹੈ ? (ਜੇ ਪੜ੍ਹ ਸੁਣਕੇ ਭੀ) ਤੇਰੇ ਮਨ ਦਾ ਭਰਮ ਨਹੀਂ ਜਾਂਦਾ ॥੧॥ ਰਹਾਉ ॥

**ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥**

ਜੀਵ ਨੂੰ ਫੜ ਲਿਆਂਦਾ, (ਉਸ ਦੀ) ਦੇਹ ਨੂੰ ਮਾਰ ਦਿਤਾ ਅਤੇ ਮਿੱਟੀ ਨੂੰ [ਬਿਸਮਿਲ] ਹਲਾਲ ਕਰ ਲਿਆ ਹੈ।

SIKHBOOKCLUB.COM

**ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ ॥੨॥**

(ਉਸ ਜੀਵ ਦੀ) [ਜੋਤਿ] ਆਤਮਾ (ਤਾਂ ਆਪਣੇ) ਨਾਸ ਰਹਿਤ ਸਰੂਪ ਵਿਚ ਮਿਲ ਗਈ, ਦਸ (ਭਾਈ! ਤੂੰ) ਹਲਾਲ ਕੀ ਕੀਤਾ ? ॥੨॥

**ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ ॥**

ਉਜੂ ਕੀਤਾ ਤਾਂ ਕੀ ? ਮੂੰਹ ਹੱਥ ਧੋ ਕੇ [ਪਾਕੁ] ਪਵਿਤ੍ਰ ਹੋਇਆ ਤਾਂ ਕੀ ? ਅਤੇ ਮਸੀਤ (ਵਿਚ ਜਾ ਕੇ) [ਲਾਇਆ] ਨਿਵਾਯਾ ਤਾਂ ਭੀ ਕੀ ਹੈ ?

**ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ ॥੩॥**

ਜੇ ਦਿਲ ਵਿਚ ਕਪਟ (ਹੈ, ਤਾਂ) ਨਮਾਜ਼ ਪੜ੍ਹਨ ਤੇ ਮੱਕੇ ਦੇ ਹੱਜ ਜਾਣ ਦਾ ਕੀ ਫਲ ਹੋਵੇਗਾ ?) ॥੩॥

**ਤੂੰ ਨਾਪਾਕੁ ਪਾਕੁ ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ ॥**

ਤੂੰ ਪਲੀਤ (ਹੈਂ ਤੈਨੂੰ) ਪਵਿੱਤ੍ਰ (ਖੁਦਾ ਦੀ) ਸੂਝ ਨਹੀਂ ਆਈ, ਨਾ ਤੂੰ ਉਸ ਦਾ ਭੇਦ ਜਾਣਿਆ ਹੈ।

**ਕਹਿ ਕਬੀਰ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ ॥੪॥੪॥**

ਕਬੀਰ ਜੀ ਆਖਦੇ ਹਨ, ਤੂੰ ਸਵਰਗ (ਵਿਚ ਲਿਜਾਣ ਵਾਲੇ ਕੰਮਾਂ) ਤੋਂ ਉਕ ਗਿਆ ਹੈਂ, ਅਤੇ ਨਰਕਾਂ (ਵਿਚ ਲਿਜਾਣ ਵਾਲੇ ਕੰਮਾਂ) ਨਾਲ (ਤੇਰਾ) ਮਨ ਲਗ ਗਿਆ ਹੈ ॥੪॥੪॥

**ਪ੍ਰਭਾਤੀ ॥ ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ ॥**

ਹੇ [ਦੇਵ=ਪ੍ਰਕਾਸ਼-ਅਕਾਰ=ਖਾਣ] ਚਾਨਣ ਦੀ ਖਾਣ ਰੂਪ ਦੇਵ! ਹੇ ਆਦਿ ਤੋਂ [ਸਮਾਈ] ਵਿਆਪਕ [ਅਧਪਤਿ] ਸਵਾਮੀ! ਸੁਣ, ਮੈਂ ਤੇਰੀ [ਸੰਧਿਆ] ਆਰਤੀ ਕਰਦਾ ਹਾਂ।

**ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥੧॥**

ਸਿਧਾਂ ਨੇ ਸਮਾਧੀ (ਲਾ ਕੇ ਭੀ ਤੇਰਾ) ਅੰਤ ਨਹੀਂ ਪਾਇਆ, (ਹਾਰ ਕੇ ਤੇਰੀ) ਸ਼ਰਨ ਲਗ ਰਹੇ ਹਨ ॥੧॥

**ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥**

ਹੇ ਮਾਇਆ ਰਹਿਤ ਪੁਰਖ! (ਮੇਰੀ) ਆਰਤੀ ਕਬੂਲ ਕਰੋ, (ਮੈਂ) ਸਤਿਗੁਰਾਂ (ਦਾ ਉਪਦੇਸ਼ ਲੈ ਕੇ [ਭਾਈ] ਪ੍ਰੇਮ ਨਾਲ (ਆਪ ਦੀ) ਪੂਜਾ ਕਰਦਾ ਹਾਂ।

**ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥੧॥ ਰਹਾਉ ॥**

ਹੇ ਅਲਖ! (ਤੇਰੇ ਦਰ ਤੇ) ਖੜੋਤਾ ਬ੍ਰਹਮਾ ਵੇਦਾਂ ਦੀ ਵਿਚਾਰ ਕਰ ਰਿਹਾ ਹੈ, (ਤੂੰ ਇਉਂ ਭੀ) ਜਾਣਿਆਂ ਨਹੀਂ ਜਾਂਦਾ ॥੧॥ ਰਹਾਉ ॥

**ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜੵਾਰਾ ॥**

(ਪੰਜਾਂ) ਤੱਤਾਂ (ਦੀ ਰਹਿਤ ਨੂੰ) ਤੇਲ (ਬਣ ਕੇ) ਨਾਮ ਵੱਟੀ ਬਣਾਈ ਹੈ, ਅਤੇ ਦੇਹ ਨੂੰ ਦੀਵਾ (ਬਣਾ ਕੇ) ਚਾਨਣ (ਕੀਤਾ ਹੈ)।

**ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥੨॥**

(ਜਗਤ × ਈਸ) ਜਗਤ ਦੇ ਮਾਲਕ (ਦੇ ਰੂਪ) [ਜੋਤਿ] ਦੀਵੇ ਨਾਲ ਲਾ ਕੇ (ਦੇਹ ਦੀਵਾ) ਜਗਾਇਆ (ਹੈ ਇਸ ਨੂੰ ਕੋਈ) ਸਮਝ ਵਾਲਾ ਹੀ ਸਮਝਦਾ ਹੈ ॥੨॥

**ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥**

ਹੇ [ਸਾਰੰਗਪਾਨੀ] (ਧਨੁਖਧਾਰੀ) ਨਿਰੰਕਾਰ! (ਇਸ ਦੀਵੇ ਦੇ ਜਗਣ) ਨਾਲ ਹੀ ਪੰਜੇ ਅਨਾਹਦ ਸ਼ਬਦ ਵਜ ਪਏ ਹਨ।

**ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥੩॥੫॥**

ਹੇ ਬਾਣ (ਦੁਖ) ਰਹਿਤ ਨਿਰੰਕਾਰ! ਦਾਸ ਕਬੀਰ ਨੇ ਤੇਰੀ (ਇਸ ਤਰ੍ਹਾਂ ਦੀ) ਆਰਤੀ ਕੀਤੀ ਹੈ ॥੩॥੫॥

## ਪ੍ਰਭਾਤੀ ਬਾਣੀ ਭਗਤ ਨਾਮਦੇਵ ਜੀ ਕੀ

*ੴ ਸਤਿਗੁਰ ਪ੍ਰਸਾਦਿ ॥*

**ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ ॥**

ਮਨ ਦੀ ਦਸ਼ਾ ਨੂੰ ਮਨ ਹੀ ਜਾਣਦਾ ਹੈ, ਜਾਂ ਕਿਸੇ [ਬੂਝਲ] ਸਮਝ ਵਾਲੇ ਅੱਗੇ ਆਖੀਏ।

Sri Satguru Jagjit Singh Ji eLibrary NamdhariElibrary@gmail.com

**ਅੰਤਰਜਾਮੀ ਰਾਮੁ ਰਵਾਂਈ ਮੈ ਡਰੁ ਕੈਸੇ ਚਹੀਐ ॥੧॥**

(ਜਦ ਮੈਂ) ਅੰਤਰਜਾਮੀ ਰਾਮ ਵਿਚ [ਰਵਾਂਈ] ਮਿਲ ਗਿਆ ਹਾਂ, ਤਾਂ ਫੇਰ ਮੈਨੂੰ ਕੇਹਾ ਡਰ ਲੋੜੀਏ ? ॥੧॥

**ਬੇਧੀਅਲੇ ਗੋਪਾਲ ਗੋੁਸਾਈ ॥ ਮੇਰਾ ਪ੍ਰਭੁ ਰਵਿਆ ਸਰਬੇ ਠਾਈ ॥੧॥ ਰਹਾਉ ॥**

[ਗੋ×ਪਾਲ] ਪ੍ਰਿਥਵੀ ਪਾਲਕ ਮਾਲਕ (ਦੀ ਪ੍ਰੀਤ ਨੇ ਮੈਨੂੰ) ਵਿੰਨ੍ਹ ਲਿਆ ਹੈ। (ਉਹ) ਮੇਰਾ ਪ੍ਰਭੂ ਸਭ ਜਗ੍ਹਾਂ ਵਿਚ ਵਿਆਪਕ ਹੈ ॥੧॥ ਰਹਾਉ ॥

**ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ ॥**
**ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ ॥੨॥**

ਮਨ ਵਿਚ ਹੀ ਹੱਟੀ ਹੈ, ਮਨ ਵਿਚ ਹੀ [ਪਾਟੁ=ਪਟਨ] ਸ਼ਹਿਰ ਹੈ, ਮਨ ਵਿਚ ਹੀ ਪਸਾਰਾ ਹੈ। ਅਨੇਕ [ਭੇਦੀ] ਤਰ੍ਹਾਂ ਦੀ ਮਨ ਦੀ ਵਾਸ਼ਨਾ (ਵਿਚ ਫਸ ਕੇ) [ਸੰਸਾਰੀ] ਜੀਵ ਭੱਜਾ ਫਿਰਦਾ ਹੈ ॥੨॥

**ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥**

(ਜਦ) ਇਹ ਮਨ ਗੁਰਾਂ ਦੇ ਉਪਦੇਸ਼ ਵਿਚ ਲਗ ਗਿਆ, ਤਾਂ ਦੂਈ ਸਹਜੇ ਹੀ ਮਿਟ ਗਈ।

**ਸਭੋ ਹੁਕਮੁ ਹੁਕਮੁ ਹੈ ਆਪੇ ਨਿਰਭਉ ਸਮਤੁ ਬੀਚਾਰੀ ॥੩॥**

(ਫਿਰ ਜਾਣਿਆ ਜੋ) ਸਭ (ਕੁਝ) ਹੁਕਮ ਵਿਚ (ਹੁੰਦਾ ਹੈ) ਹੁਕਮ (ਮੰਨਣ ਵਾਲੇ ਨੂੰ ਉਹ) ਆਪੇ (ਹੀ ਆਪਣੇ ਨਾਲ ਮੇਲ ਲੈਂਦਾ) ਹੈ, (ਇਸ) [ਸਮਤੁ] ਸਮਾਨਤਾ ਦੀ ਵਿਚਾਰ (ਕਰਕੇ) ਨਿਰਭਉ (ਹੋ ਗਏ ਹਾਂ) ॥੩॥

**ਜੋ ਜਨ ਜਾਨਿ ਭਜਹਿ ਪੁਰਖੋਤਮੁ ਤਾ ਚੀ ਅਬਿਗਤੁ ਬਾਣੀ ॥**

ਜੋ ਪੁਰਸ਼ (ਇਹ) ਜਾਣਕੇ ਉਤਮ ਪੁਰਸ਼ (ਵਾਹਿਗੁਰੂ) ਨੂੰ ਜਪਦੇ ਹਨ, ਉਨ੍ਹਾਂ ਦੀ ਬਾਣੀ ਨਾਸ਼ ਰਹਿਤ ਹੋ ਜਾਂਦੀ ਹੈ, (ਜੋ ਕੁਝ ਮੂੰਹੋਂ ਆਖਦੇ ਹਨ, ਉਹ ਵਾਕ ਪੂਰੇ ਹੋ ਜਾਂਦੇ ਹਨ)।

**ਨਾਮਾ ਕਹੈ ਜਗਜੀਵਨੁ ਪਾਇਆ ਹਿਰਦੈ ਅਲਖ ਬਿਡਾਣੀ ॥੪॥੧॥**

ਨਾਮਦੇਵ ਜੀ ਆਖਦੇ ਹਨ, [ਬਿਡਾਣੀ] ਅਸਚਰਜ ਰੂਪ ਤੇ ਨਾ ਜਾਣੇ ਜਾਣ ਵਾਲੇ ਜਗਤ ਦੇ ਜੀਵਨ (ਦਾਤੇ ਨੂੰ) ਹਿਰਦੇ ਵਿਚੋਂ ਹੀ ਪਾ ਲਿਆ ਹੈ ॥੪॥੧॥

**ਪ੍ਰਭਾਤੀ ॥ ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾ ਕਾ ਅੰਤੁ ਨ ਜਾਨਿਆ ॥**

(ਜੋ ਸਾਰਿਆਂ ਦਾ) ਆਦਿ ਹੈ, ਜੁਗਾਂ ਤੋਂ ਭੀ ਪਹਿਲਾਂ ਦਾ, (ਜੁਗ=ਦੋ×ਆਦਿ) ਦੋਹਾਂ (ਪੁਰਖ, ਪ੍ਰਕਿਰਤੀ) ਤੋਂ ਭੀ ਪਹਿਲਾਂ ਤੇ ਜੁਗ ਜੁਗ (ਵਿਚ ਰਹਿਣ ਵਾਲਾ ਹੈ), ਉਸ ਦਾ ਅੰਤ ਨਹੀਂ ਜਾਣਿਆ ਜਾਂਦਾ।

**ਸਰਬ ਨਿਰੰਤਰਿ ਰਾਮੁ ਰਹਿਆ ਰਵਿ ਐਸਾ ਰੂਪੁ ਬਖਾਨਿਆ ॥੧॥**

ਰਾਮ ਹੀ ਸਾਰਿਆਂ ਵਿਚ ਇਕ-ਰਸ ਰਵਿ ਰਿਹਾ ਹੈ, ਅਜੇਹਾ ਰੂਪ (ਉਸ ਦਾ) ਕਿਹਾ ਜਾਂਦਾ ਹੈ ॥੧॥

**ਗੋਬਿਦੁ ਗਾਜੈ ਸਬਦੁ ਬਾਜੈ ॥ ਆਨਦ ਰੂਪੀ ਮੇਰੋ ਰਾਮਈਆ ॥੧॥ ਰਹਾਉ ॥**

(ਉਹ) [ਰਾਮਈਆ] ਵਿਆਪਕ ਗੋਬਿੰਦ ਮੇਰੇ (ਹਿਰਦੇ ਵਿਚ) [ਗਾਜੇ] ਪ੍ਰਗਟ (ਹੋ ਗਿਆ) ਹੈ, (ਇਸ ਲਈ ਹੁਣ ਮੈਨੂੰ) ਅਨੰਦ ਰੂਪ ਸ਼ਬਦ ਵਜਦਾ ਹੈ ॥੧॥ ਰਹਾਉ ॥

**ਬਾਵਨ ਬੀਖੁ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ ॥**

(ਜਿਵੇਂ) [ਬਾਨੇ] ਜੰਗਲ ਵਿਚ ਬਾਵਨ [ਬੀਖੁ] ਬਿਰਖ ਦੀ ਵਾਸ਼ਨਾ ਤੋਂ ਸੁਖ ਮਿਲਦਾ ਹੈ, ਅਤੇ—

**ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ ॥੨॥**

(ਉਸ ਵਾਸ਼ਨਾ ਨਾਲ) [ਕਾਸਟ] ਹੋਰ ਕਾਠ ਭੀ ਚੰਦਨ [ਭੈਇਲਾ] ਹੋ ਜਾਂਦਾ ਹੈ, (ਇਵੇਂ ਮੈਂ ਭੀ) ਸਾਰਿਆਂ ਦੇ ਮੁਢ ਤੇ ਚੰਦਨ ਦੇ ਭੀ ਮੁਢ ਨਾਲ ਮਿਲ ਕੇ ਉਸੇ ਵਰਗਾ ਹੋ ਗਿਆ ਹਾਂ ॥੨॥

**ਤੁਮ੍ ਚੇ ਪਾਰਸੁ ਹਮ ਚੇ ਲੋਹਾ ਸੰਗੇ ਕੰਚਨੁ ਭੈਇਲਾ ॥**

ਤੁਸੀਂ ਤਾਂ ਪਾਰਸ ਹੋ, ਅਸੀਂ ਤਾਂ ਲੋਹਾ ਹਾਂ, (ਪਰ ਤੁਹਾਡੇ) ਨਾਲ (ਲਗ ਕੇ) ਸੋਨਾ ਹੋ ਗਏ ਹਾਂ।

**ਤੂ ਦਇਆਲੁ ਰਤਨੁ ਲਾਲੁ ਨਾਮਾ ਸਾਚਿ ਸਮਾਇਲਾ ॥੩॥੨॥**

ਤੂੰ ਦਿਆਲ (ਹੀ ਮੇਰਾ) ਹੀਰਾ ਤੇ ਲਾਲ ਹੈਂ, (ਇਉਂ) ਨਾਮਾ ਸਤ ਰੂਪ ਵਿਚ ਸਮਾ ਗਿਆ ਹੈ ॥੩॥੨॥

**ਪ੍ਰਭਾਤੀ ॥ ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥**
**ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥**

ਕੁਲ ਰਹਿਤ (ਪੂਰਨ) ਪੁਰਖ ਨੇ ਇਕ (ਅਜੇਹਾ) ਕੌਤਕ ਬਣਾਇਆ ਹੋਇਆ ਹੈ। (ਉਸ) ਬ੍ਰਹਮ (ਨੇ) ਘਟ ਘਟ ਅੰਦਰ (ਆਪਣਾ ਆਪ) ਲੁਕਾਇਆ (ਹੋਯਾ ਹੈ)।

**ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥**

ਜੀਵ ਦੀ [ਜੋਤਿ] ਬੁਧਿ ਨੂੰ ਕੋਈ ਨਹੀਂ ਜਾਣਦਾ। (ਪਰ ਜੋ) ਤੂੰ ਕੀਤਾ ਹੈ, ਉਹ ਮੈਨੂੰ ਮਲੂਮ ਹੋ ਗਿਆ ਹੈ ॥੧॥ ਰਹਾਉ ॥

**ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠੁਲੁ ਦੇਉ ॥੨॥**

ਜਿਵੇਂ ਮਿੱਟੀ ਤੋਂ [ਕੁੰਭ] ਘੜਾ ਪ੍ਰਗਟ ਹੋਇਆ ਹੈ। (ਤਿਵੇਂ) ਹੀ ਬੀਠਲ ਦੇਵ ਆਪਣੇ (ਤੋਂ ਜਗਤ ਨੂੰ ਪ੍ਰਗਟ) ਕਰਦਾ ਹੈ ॥੨॥

**ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥**

ਜੀਵ (ਦੇ ਕੀਤੇ) ਕਰਮ (ਹੀ ਇਸ ਨੂੰ) ਬੰਧਨ (ਹੋ ਕੇ) ਲਗਦੇ ਹਨ। ਜੋ ਕੁਝ (ਜੀਵ) ਕਰਦਾ ਹੈ, ਉਹ ਆਪਣੇ (ਕੀਤੇ ਦਾ ਫਲ) ਆਪ (ਹੀ ਪਾਂਦਾ ਹੈ) ॥੩॥

**ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥**
**ਅਮਰੁ ਹੋਇ ਸਦ ਆਕੁਲ ਰਹੈ ॥੪॥੩॥**

ਨਾਮਦੇਵ ਜੀ ਬੇਨਤੀ ਕਰਦੇ ਹਨ, ਇਹ ਜੀਵ (ਜੇਕਰ) ਸਦਾ [ਆਕੁਲ] ਨਿਰੰਕਾਰ (ਦੇ ਨਾਮ ਜਪਣ

Sri Satguru Jagjit Singh Ji eLibrary NamdhariElibrary@gmail.com

ਵਿਚ ਲਗਾ) ਰਹੇ, (ਤਾਂ) ਜੋ ਚਾਹੇਗਾ, ਸੋ ਲਏਗਾ ਅਤੇ ਅਮਰ ਹੋ ਜਾਵੇਗਾ ॥੪॥੩॥

***ਪ੍ਰਭਾਤੀ ਭਗਤ ਬੇਣੀ ਜੀ ਕੀ ੴ ਸਤਿਗੁਰ ਪ੍ਰਸਾਦਿ ॥***

**ਤਨਿ ਚੰਦਨੁ ਮਸਤਕਿ ਪਾਤੀ ॥ ਰਿਦ ਅੰਤਰਿ ਕਰ ਤਲ ਕਾਤੀ ॥**

ਸਰੀਰ ਉਤੇ ਚੰਦਨ (ਲਾਉਂਦਾ ਹੈ, ਅਤੇ) ਮੱਥੇ ਉਤੇ (ਤੁਲਸੀ ਆਦਿਕ) ਪੱਤੇ (ਤੇ ਚੰਦਨ ਲਾਉਂਦਾ ਹੈ, ਪਰ) ਅੰਤਹਕਰਨ ਵਿਚ (ਮਨ ਰੂਪ) ਹੱਥ ਦੀ ਤਲੀ (ਵਿਚ ਈਰਖਾ ਦੀ ਛੁਰੀ (ਫੜੀ ਹੋਈ ਹੈ)।

**ਠਗ ਦਿਸਟਿ ਬਗਾ ਲਿਵ ਲਾਗਾ ॥ ਦੇਖਿ ਬੈਸਨੋ ਪ੍ਰਾਨ ਮੁਖ ਭਾਗਾ ॥੧॥**

[ਬਗਾ] ਬਗਲਾ ਲਿਵ [ਲਾਗਾ] ਸਮਾਧੀ ਲਾ ਕੇ (ਮੱਛੀਆਂ ਫੜਨ ਵਾਂਗੂੰ) ਨਜ਼ਰ (ਲੋਕਾਂ ਦੇ) ਠਗਨ (ਵਿਚ ਹੈ)। ਦਿਸਦਾ (ਤਾਂ ਐਜੇਹਾ) ਵੈਸ਼ਨੋ (ਭਗਤ) ਹੈ, ਜੋ ਮੂੰਹ ਵਿਚ ਪ੍ਰਾਣ ਭੀ ਨਹੀਂ ਹਨ ॥੧॥

**ਕਲਿ ਭਗਵਤ ਬੰਦ ਚਿਰਾਂਮੰ ॥**

**ਕ੍ਰੂਰ ਦਿਸਟਿ ਰਤਾ ਨਿਸਿ ਬਾਦੰ ॥੧॥ ਰਹਾਉ ॥**

[ਕਲਿ] ਸੁੰਦਰ ਵਿਸ਼ਨੂੰ (ਦੀ ਮੂਰਤਿ ਨੂੰ) ਚਿਰ ਤੋੜੀ ਬੰਦਨਾ (ਕਰਦਾ ਹੈ। ਪਰ) ਖੋਟੀ ਨਜ਼ਰ ਵਾਲਾ ਰਾਤ (ਨੂੰ ਚੜ੍ਹਾਵੇ ਦੀ ਪੂਜਾ ਵੰਡਣ ਵੇਲੇ) ਝਗੜੇ ਵਿਚ ਲਗ ਜਾਂਦਾ ਹੈ।

**ਨਿਤਪ੍ਰਤਿ ਇਸਨਾਨੁ ਸਰੀਰੰ ॥ ਦੁਇ ਧੋਤੀ ਕਰਮ ਮੁਖਿ ਖੀਰੰ ॥**

**ਰਿਦੈ ਛੁਰੀ ਸੰਧਿਆਨੀ ॥ ਪਰ ਦਰਬੁ ਹਿਰਨ ਕੀ ਬਾਨੀ ॥੨॥**

ਰੋਜ਼ ਦਾ ਰੋਜ਼ ਨ੍ਹਾਉਂਦਾ ਹੈ, ਦੋ ਧੋਤੀਆਂ (ਰਖੀਆਂ ਹੋਈਆਂ) ਹਨ, (ਪਰ) ਕਰਮਾਂ (ਵਲੋਂ ਅਜੇਹਾ ਹੈ, ਕਿ) ਮੂੰਹ ਵਿਚ [ਖੀਰੰ] ਦੁਧ ਤੇ ਦਿਲ ਵਿਚ ਛੁਰੀ ਕੱਢੀ ਹੋਈ ਹੈ ਪਰਾਯਾ ਧਨ ਚੁਰਾ ਲੈਣ ਦੀ [ਬਾਨ] ਵਾਦੀ ਹੈ ॥੨॥

**ਸਿਲ ਪੂਜਸਿ ਚਕ੍ਰ ਗਣੇਸੰ ॥ ਨਿਸਿ ਜਾਗਸਿ ਭਗਤਿ ਪ੍ਰਵੇਸੰ ॥**

(ਸਰੀਰ ਉਤੇ) ਚੱਕ੍ਰ (ਆਦਿਕ ਛਾਪੇ ਲਾਏ ਹੋਏ ਹਨ), ਗਣੇਸ਼ (ਆਦਿਕ) [ਸਿਲ] ਮੂਰਤਾਂ ਦੀ ਪੂਜਾ ਕਰਦਾ ਹੈ। ਰਾਤ ਨੂੰ [ਭਗਤਿ] ਰਾਮ ਲੀਲ੍ਹਾ ਵਿਚ ਜਾ ਕੇ ਜਾਗਦਾ ਹੈ।

**ਪਗ ਨਾਚਸਿ ਚਿਤੁ ਅਕਰਮੰ ॥ ਏ ਲੰਪਟ ਨਾਚ ਅਧਰਮੰ ॥੩॥**

ਪੈਰਾਂ ਨਾਲ ਨੱਚਦਾ ਹੈ, (ਪਰ) ਚਿੱਤ ਬੁਰੇ ਕਰਮਾਂ (ਵਿਚ ਲੱਗਾ ਹੋਇਆ ਹੈ)। ਹੇ [ਲੰਪਟ] ਪਾਮਰ! (ਇਹ) ਨਾਚ (ਕਰਨਾ ਕੋਈ) ਧਰਮ ਨਹੀਂ ਹੈ ॥੩॥

**ਮ੍ਰਿਗ ਆਸਣੁ ਤੁਲਸੀ ਮਾਲਾ ॥ ਕਰ ਊਜਲ ਤਿਲਕੁ ਕਪਾਲਾ ॥**

ਹਰਨ (ਦੀ ਖੱਲ ਦਾ) ਆਸਨ (ਹੈ, ਗਲ ਵਿਚ) ਤੁਲਸੀ ਦੀ ਮਾਲਾ ਹੈ। [ਕਪਾਲਾ] ਮੱਥੇ ਉਤੇ ਟਿੱਕਾ ਲਾਇਆ ਹੋਇਆ ਹੈ।

**ਰਿਦੈ ਕੂੜੁ ਕੰਠਿ ਰੁਦ੍ਰਾਖੰ ॥ ਰੇ ਲੰਪਟ ਕ੍ਰਿਸਨੁ ਅਭਾਖੰ ॥੪॥**

Sri Satguru Jagjit Singh Ji eLibrary NamdhariElibrary@gmail.com

ਦਿਲ ਵਿਚ ਝੂਠ ਹੈ, ਗਲ ਵਿਚ ਰੁਦ੍ਰਾਖੰ (ਦੀ ਮਾਲਾ ਪਾਈ ਹੋਈ ਹੈ)। ਹੇ ਵਿਸ਼ਈ! (ਤੂੰ) ਪ੍ਰਮਾਤਮਾ (ਦਾ ਨਾਮ ਤਾਂ) [ਅਭਾਖੰ] ਜਪਦਾ ਹੀ ਨਹੀਂ ॥੪॥

**ਜਿਨਿ ਆਤਮ ਤਤੁ ਨ ਚੀਨ੍ਹਿਆ ॥ ਸਭ ਫੋਕਟ ਧਰਮ ਅਬੀਨਿਆ ॥**

ਜਿਸ ਨੇ ਆਤਮ ਸਰੂਪ ਨੂੰ ਜਾਣਿਆ ਹੀ ਨਹੀਂ। (ਉਸ) [ਅਬੀਨਿਆ] ਅੰਨ੍ਹੇ ਦੇ ਸਾਰੇ ਧਰਮ (ਕਰਮ) [ਫੋਕਟ] ਵਿਅਰਥ ਹਨ।

**ਕਹੁ ਬੇਣੀ ਗੁਰਮੁਖਿ ਧਿਆਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੫॥੧॥**

ਬੇਣੀ ਜੀ ਆਖਦੇ ਹਨ, ਗੁਰਾਂ ਦੁਆਰੇ (ਨਾਮ) ਜਪੋ। (ਪਰ) ਸਤਿਗੁਰਾਂ ਤੋਂ ਬਿਨਾਂ (ਏਹ) ਰਸਤਾ ਨਹੀਂ ਮਿਲਦਾ ਹੈ ॥੫॥੧॥

## ਸਲੋਕ ਸਹਸਕ੍ਰਿਤੀ (ਅੰਗ ੧੩੫੩-੬੦)

## ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

## ਸਲੋਕ ਸਹਸਕ੍ਰਿਤੀ ਮਹਲਾ ੧ ॥

ਇਕ ਹੈ, ਰਖਿਆ ਕਰਨ ਵਾਲਾ ਹੈ, [ਨਾਮੁ-ਪ੍ਰਪੰਚ] ਜਗਤ ਦਾ ਕਰਤਾ ਹੈ, [ਪੁਰਖੁ] ਪੂਰਨ ਹੈ, ਡਰ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ, ਕਾਲ (ਮੌਤ ਜਾਂ ਸਮੇਂ ਦੇ ਚਕ੍ਰ) ਤੋਂ ਰਹਿਤ (ਹੀ ਉਸ ਦਾ) ਸਰੂਪ ਹੈ, ਜੂਨਾਂ ਤੋਂ ਰਹਿਤ ਹੈ, [ਸੈਭੰ-ਸ੍ਵਯੰਭਵ] ਆਪਣੇ ਆਪ ਹੀ ਪ੍ਰਕਾਸ਼ਵਾਨ ਹੈ, [ਗੁਰ] ਰਾਹ ਦਸਣ ਵਾਲਾ ਹੈ, ਕ੍ਰਿਪਾਲੂ ਹੈ।

ਸਹਸਕ੍ਰਿਤੀ—'ਸੰਸਕ੍ਰਿਤ' ਤੇ 'ਹਿੰਦੀ' ਭਾਸ਼ਾ ਦੇ ਮਿਲਾਪ ਰੂਪ ਬੋਲੀ ਦਾ ਨਾਮ 'ਸਹਸਕ੍ਰਿਤੀ' ਜਾਂ ਪ੍ਰਾਕ੍ਰਿਤੀ ਭਾਸ਼ਾ ਹੈ, ਅਰਥਾਤ ਪੁਰਾਣੀ ਹਿੰਦੀ ਭਾਸ਼ਾ। ਅਸਲ ਵਿਚ ਜਿਵੇਂ ਫਾਰਸੀ ਵਿਚ ਅਰਬੀ ਲਫਜ ਬਹੁਤ ਔਂਦੇ ਹਨ, ਇਵੇਂ ਇਸ ਪ੍ਰਾਕ੍ਰਿਤੀ ਭਾਸ਼ਾ ਵਿਚ 'ਸੰਸਕ੍ਰਿਤ' ਪਦ ਤਾਂ ਬਹੁਤ ਔਂਦੇ ਹਨ, ਪਰ ਇਹ ਬੋਲੀ ਆਪ ਸੰਸਕ੍ਰਿਤ ਨਹੀਂ ਹੈ, ਇਸ ਨੂੰ ਸੰਸਕ੍ਰਿਤ ਦੇ ਵਯਾਕਰਣਾਂ ਨਾਲ ਸੋਧਣਾ ਭੁੱਲ ਹੈ।

**ਉਥਾਨਕਾ**—ਜਗਤ ਦੇ ਉਧਾਰ ਕਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਵਿਦਯਾ ਦੇ ਘੁਮੰਡ ਵਿਚ ਫਸੇ ਪੰਡਿਤਾਂ ਦਾ ਉਧਾਰ ਕਰਨ ਲਈ ਕਾਂਸ਼ੀ ਪੁਰੀ ਵਿਚ ਪੁੱਜੇ ਪੰਡਿਤ ਜਨ ਚਰਚਾ ਕਰਨ ਨੂੰ ਆਏ। ਪਰ ਸਤਿਗੁਰ 'ਅਗਮ ਅਗਾਧ ਪੁਰਖ' ਦੀ ਝਾਲ ਝੱਲਣ ਵਾਲਾ ਕੌਣ ਹੈ ? ਅੰਤ ਸਾਰੇ ਪੰਡਤ ਚਰਨੀਂ ਪਏ ਅਤੇ ਸਭ ਵਕਤਾ ਸ੍ਰੀ ਗੁਰੂ ਜੀ ਨੇ ਉਨ੍ਹਾਂ ਦੇ ਕਰਤਬਾਂ ਦਾ ਦ੍ਰਿਸ਼ ਦਿਖਾ ਕੇ ਉਪਦੇਸ਼ ਉਚਾਰਿਆ। ਉਸ ਵੇਲੇ ਇਕ 'ਗੋਪਾਲ' ਪੰਡੇ ਨੇ 'ਗੁਰ ਸਿਖਯਾ' ਲੈ ਕੇ ਸਿੱਖੀ ਧਾਰੀ। 'ਸਿਖਯਾ' ਰੂਪ ਜੋ ਤਿੰਨ ਸਲੋਕ ਗੁਰੂ ਜੀ ਨੇ ਉਚਾਰੇ, ਉਹ ਅਤੇ ਇਕ ਸਲੋਕ ਪਹਿਲਾ ਇਹ ਚਾਰੇ ਸਲੋਕ ਗੋਪਾਲ ਨੇ ਲਿਖ ਲਏ। ਫਿਰ ਇਸੇ ਗੋਪਾਲ ਦੇ ਪੋਤਰੇ 'ਹਰਿ ਲਾਲ' ਤੇ 'ਹਰਿ ਕ੍ਰਿਸ਼ਨ' ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਏ। ਜਦ ਉਨ੍ਹਾਂ ਨੂੰ ਇਹ ਪਤਾ ਲਗਾ ਕਿ ਸਾਡੇ ਬਾਬੇ ਦੇ ਸਤਿਗੁਰਾਂ ਦੇ ਸਥਾਨ ਤੇ ਹੁਣ ਪੰਜਵੇਂ ਗੁਰੂ ਜੀ ਅੰਮ੍ਰਿਤਸਰ ਜੀ ਵਿਚ ਜੋਤ ਜਗਾ ਰਹੇ ਹਨ, ਤਾਂ ਕਾਂਸ਼ੀ ਤੋਂ ਚਲ ਕੇ ਇਥੇ ਆਏ ਅਤੇ ਬਾਬੇ ਦੇ ਹੱਥਾਂ ਦਾ ਲਿਖਿਆ ਕਾਗਤ ਨਾਲ ਲਈ ਆਏ। ਆ

Sri Satguru Jagjit Singh Ji eLibrary NamdhariElibrary@gmail.com

ਕੇ ਸ੍ਰੀ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਬੇਨਤੀ ਕੀਤੀ, ਹੇ ਸਤਿਗੁਰੋ ! ਸਾਡੇ ਬਾਬੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਪਦੇਸ਼ ਦਿਤਾ ਸੀ ਅਤੇ ਆਪ ਸਾਨੂੰ ਉਪਦੇਸ਼ ਦੇਵੋ, ਅਸੀਂ ਭੀ ਆਪ ਜੀ ਦੇ ਹੀ ਸਿਖ ਹਾਂ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਉਹ ਕਾਗਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਲੋਕਾਂ ਵਾਲਾ ਪੜ੍ਹ ਕੇ, ਫਿਰ ਉਨ੍ਹਾਂ ਨੂੰ ਉਪਦੇਸ਼ ਦੇਣ ਲਈ ਆਪ ਸਲੋਕ ਉਚਾਰੇ, ਭਾਵੇਂ ਇਹ 'ਸਹਸਕ੍ਰਿਤੀ ਸਲੋਕ' ਬਾਣੀ ਉਨ੍ਹਾਂ ਪਾਂਡਿਆਂ ਨੂੰ ਉਪਦੇਸ਼ ਦੇਣ ਲਈ ਉਚਾਰੀ ਗਈ ਸੀ, ਪਰ 'ਪ੍ਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਂਝੀ ਸਗਲ ਜਹਾਨੈ' ਹੋਣ ਕਰਕੇ ਇਹ 'ਉਪਦੇਸ ਚਹੁੰ ਵਰਨਾ ਕਉ ਸਾਝਾ' ਹੈ ।

## ਪੜਿ੍ ਪੁਸ੍ਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥

(ਹੇ ਪੰਡਿਤੋ ! ਜੇ ਤੁਸੀਂ) ਪੁਸਤਕ ਪੜ੍ਹਦੇ ਤੇ ਸੰਧਿਆ (ਕਰਦੇ ਹੋ, ਇਹ ਸਭ) ਵਿਅਰਥ ਹੈ । [ਸਿਲ] ਪੱਥਰ [ਪੂਜ×ਅਸਿ] ਪੂਜਦੇ ਹੋ ਅਤੇ ਬਗਲੇ (ਵਾਂਗ) ਸਮਾਧੀ (ਲਾਉਂਦੇ ਹੋ) ।

## ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥

ਮੂੰਹੋਂ (ਬੋਲਦੇ ਤਾਂ) ਝੂਠ (ਹੋ, ਪਰ ਰੂਪ ਵਿਖਾਂਦੇ ਹੋ) [ਬਿਖਭੂਨ ਸਾਰੰ] ਸੁੱਚਾ ਗਹਿਣਾ (ਸੱਚ) ਅਤੇ [ਤਿਹਾਲ=ਤਿੰਨ ਕਾਲ] ਤਿੰਨ ਵੇਲੇ (ਸਵੇਰੇ, ਦੁਪਹਿਰੇ ਤੇ ਸ਼ਾਮ ਨੂੰ) (ਦਿਨ ਵਿਚ) [ਤ੍ਰੈ ਪਾਲ=ਤ੍ਰਯ ਪਦੀ] ਗਾਯਤਰੀ ਵਿਚਾਰਦੇ (ਜਪਦੇ) ਹੋ ।

## ਗਲਿ ਮਾਲਾ ਤਿਲਕ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ ॥

ਗਲ ਵਿਚ ਮਾਲਾ ਪਾ ਕੇ [ਲਿਲਾਟੰ] ਮੱਥੇ ਉਤੇ ਟਿੱਕੇ (ਲਾਉਂਦੇ ਹੋ ਅਤੇ ਇਸ਼ਨਾਨ ਲਈ) ਧੋਤੀਆਂ ਦੋ (ਰਖਦੇ ਹੋ ਅਤੇ ਗਲ) ਸੁੱਚੇ ਪਟ ਦੇ ਕਪੜੇ (ਪਾਂਦੇ ਹੋ)।

## ਜੋ ਜਾਨਸਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚੈ ਕਰਮੰ ॥

(ਹੇ ਪੰਡਿਤੋ !) ਜੇਹੜਾ (ਕੋਈ) ਬ੍ਰਹਮ (ਪ੍ਰਾਪਤੀ ਦੇ) ਕਰਮ ਜਾਣਦਾ ਹੈ । (ਉਸ ਦੇ) ਨਿਸਚੇ (ਵਿਚ ਪਿਛੇ ਦਸੇ) ਸਾਰੇ ਕਰਮ ਹੀ [ਫੋਕਟ] ਨਿਕੰਮੇ (ਫ਼ਜ਼ੂਲ) ਹਨ।

## ਕਹੁ ਨਾਨਕ ਨਿਸਚੌ ਧ੍ਯਾਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੧॥

(ਗੁਰੂ) ਨਾਨਕ ਜੀ ਆਖਦੇ ਹਨ, ਨਿਸਚੇ ਨਾਲ (ਜੇ ਕਰਤਾਰ ਨੂੰ) ਧਿਆਵੇ (ਤਾਂ ਉਹ ਮਿਲਦਾ ਹੈ। ਪਰ) ਸਤਿਗੁਰਾਂ ਦੇ (ਉਪਦੇਸ਼ ਲਏ ਤੋਂ) ਬਿਨਾਂ (ਇਹ) ਰਸਤਾ (ਕਿਸੇ ਨੂੰ) ਨਹੀਂ ਮਿਲਦਾ ॥੧॥

## ਨਿਹਫਲੰ ਤਸ੍ ਜਨਮਸ੍ ਜਾਵਦ ਬ੍ਰਹਮ ਨ ਬਿੰਦਤੇ ॥

ਹੇ ਗੋਪਾਲ ! [ਤਸ੍ਯ] ਉਸ ਦਾ ਜਨਮ (ਤਦ ਤਕ) ਨਿਸਫਲ ਜਾ ਰਿਹਾ ਹੈ [ਜਾਵਦ] ਜਦ ਤਕ (ਉਸ ਨੇ) ਬ੍ਰਹਮ ਨੂੰ ਨਹੀਂ [ਬਿੰਦਤੇ] ਜਾਣਿਆ ।

## ਸਾਗਰੰ ਸੰਸਾਰਸ੍ ਗੁਰ ਪਰਸਾਦੀ ਤਰਹਿ ਕੇ ॥

(ਇਹ) ਸੰਸਾਰ ਸਮੁੰਦਰ ਹੈ, ਗੁਰਾਂ ਦੀ ਕਿਰਪਾ (ਨਾਲ) ਕੋਈ (ਵਿਰਲਾ ਹੀ ਇਸ ਤੋਂ) ਪਾਰ ਉਤਰਦਾ ਹੈ ।

## ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥

Sri Satguru Jagjit Singh Ji eLibrary NamdhariElibrary@gmail.com

(ਗੁਰੂ) ਨਾਨਕ ਜੀ ਆਖਦੇ ਹਨ, (ਜੋ) [ਕਾਰਣ] ਪ੍ਰਪੰਚ ਦੇ ਕਰਨ ਨੂੰ ਸਮਰਥ (ਹੈ, ਉਸੇ ਦਾ) ਵੀਚਾਰ ਕਰ ।

**ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥**

(ਸਾਰੇ) [ਕਾਰਣੁ] ਕਾਰਜ (ਉਸ) ਕਰਤੇ ਦੇ ਹੀ ਵਸ ਹਨ, ਜਿਸ ਨੇ (ਸੰਸਾਰ ਦੀ) [ਕਲ] ਖੇਡ ਬਣਾ ਰੱਖੀ ਹੈ ॥੨॥

**ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ ॥**

ਹੇ ਗੋਪਾਲ ! (ਆਪਣੇ) [ਸਬਦੰ] ਧਰਮ (ਵਿਚ ਦ੍ਰਿੜ੍ਹ ਰਿਹਾਂ ਹੀ ਮੁਕਤਿ ਹੋਵੇਗੀ, ਇਸ ਲਈ ਵਿਚਾਰੋ ਕਿ) ਜੋਗੀ ਦਾ ਧਰਮ ਗਿਆਨ ਹੈ, ਅਤੇ ਵੇਦ (ਦੀ ਵੀਚਾਰ ਕਰਨੀ) ਬ੍ਰਹਮਣਾਂ ਦਾ ਧਰਮ ਹੈ ।

**ਖੵਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥**

ਖਤ੍ਰੀ ਦਾ ਧਰਮ ਸੂਰਮਤਾਈ ਹੈ, (ਵੈਸ਼ ਦਾ) ਧਰਮ (ਖੇਤੀ ਵਣਜ ਕਰਨਾ ਹੈ, ਅਤੇ) ਸ਼ੂਦਰ ਦਾ ਧਰਮ [ਪਰਾ ਕ੍ਰਿਤਹ] ਪਰਾਏ ਪੁਰਸ਼ਾਂ ਦੀ ਸੇਵਾ ਕਰਨੀ ਹੈ ।

**ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ ॥**

ਸਾਰਿਆਂ ਧਰਮਾਂ ਦਾ ਧਰਮ ਤਾਂ ਇਕ (ਨਿਰੰਕਾਰ ਨੂੰ ਜਾਨਣਾ ਹੈ) ਜੇਹੜਾ ਕੋਈ (ਇਸ) ਭੇਦ ਨੂੰ ਜਾਣਦਾ ਹੈ।

**ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ ॥੩॥**

(ਗੁਰੂ) ਨਾਨਕ (ਤਾਂ) ਉਸ ਦਾ ਦਾਸ ਹੈ, ਕਿਉਂਕਿ ਓਹੀ [ਨਿਰ×ਅੰਜਨ] ਮਾਯਾ ਤੋਂ ਰਹਿਤ ਦੇਵਤਾ ਹੈ, ਅਰਥਾਤ ਉਹ ਨਿਰੰਕਾਰ ਦਾ ਹੀ ਸਰੂਪ ਹੈ ॥੩॥

**ਏਕ ਕ੍ਰਿਸ੍ਨੰ ਤ ਸਰਬ ਦੇਵਾ ਦੇਵ ਦੇਵਾ ਤ ਆਤਮਹ ॥**

ਸਾਰੇ (ਦੇਵ×ਅੰਦੇਵ) ਦੇਵਤੇ, (ਮਨੁੱਖਾਂ ਤੇ ਦੈਂਤਾਂ ਦਾ [ਦੇਵਾ] ਪ੍ਰਕਾਸ਼ਕ ਤਾਂ ਇਕ ਕ੍ਰਿਸ਼ਨ (ਵਾਹਿਗੁਰੂ) ਹੈ, ਅਤੇ (ਉਸ ਦਾ ਰੂਪ ਹੀ) [ਆਤਮਹ] ਜੀਵ ਹੈ ।

**ਆਤਮੰ ਸ੍ਰੀ ਬਾਸ੍ਵਦੇਵਸ੍ ਜੇ ਕੋਈ ਜਾਨਸਿ ਭੇਵ ॥**

(ਤਾਂ ਤੇ) ਜੀਵ ਹੀ ਸ੍ਰੀ [ਬਾਸਦੇਵ×ਅਸਿ] ਕ੍ਰਿਸ਼ਨ ਹੈ, ਜਿਹੜਾ ਕੋਈ (ਇਸ) ਭੇਦ ਨੂੰ ਜਾਣਦਾ ਹੈ।

**ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ ॥੪॥**

(ਗੁਰੂ) ਨਾਨਕ (ਤਾਂ) ਉਸ ਦਾ ਦਾਸ ਹੈ (ਕਿਉਂਕਿ) ਓਹੀ ਮਾਯਾ ਤੋਂ ਰਹਿਤ (ਨਿਰੰਕਾਰ) ਹੈ ॥੪॥

## ਸਲੋਕ ਸਹਸਕ੍ਰਿਤੀ ਮਹਲਾ ੫

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

**ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ ॥**

ਮਾਂ [ਕਤੰਚ] ਕਿਸ ਦੀ ਹੈ। ਪਿਉ ਕਿਸ ਦਾ ਹੈ ? ਅਤੇ ਇਸਤ੍ਰੀ ਤੇ ਪੁੱਤ ਦਾ [ਬਿਨੋਦ] ਅਨੰਦ ਕਿਸ ਦਾ ਹੈ ?

**ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹ ਕੁਟੰਬ੍ਹਤੇ ॥**

ਭਰਾ, ਮਿਤ੍ਰ ਅਤੇ ਸਬੰਧੀ ਕਿਸ ਦੇ [ਹਿਤ] ਪਿਆਰੇ ਹਨ ? ਅਤੇ ਕੁਟੰਬ ਦਾ ਮੋਹ ਕਿਸ ਨੂੰ (ਸੁਖਦਾਈ) ਹੈ ?

**ਕਤੰਚ ਚਪਲ ਮੋਹਨੀ ਰੂਪੰ ਪੇਖੰਤੇ ਤਿਆਗੰ ਕਰੋਤਿ ॥**

[ਚਪਲ] ਚੰਚਲ ਰੂਪ ਵਾਲੀ ਤੇ ਮੋਹਨ ਵਾਲੀ (ਮਾਯਾ ਭੀ) ਕਿਸ ਦੀ ਹੈ ? (ਜੋ) ਵੇਖਦਿਆਂ ਹੀ ਛਡ ਜਾਂਦੀ ਹੈ।

**ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧੵੰ ਅਚੁਤ ਤਨਹ ॥੧॥**

ਕਰਤਾਰ ਦਾ ਸਿਮਰਣ (ਹੀ ਜੀਵ ਦੇ) ਨਾਲ ਰਹਿੰਦਾ ਹੈ, (ਗੁਰੂ) ਨਾਨਕ (ਜੀ ਆਖਦੇ ਹਨ, ਉਹ ਸਿਮਰਨ) [ਅਚੁਤ=ਅਡਿਗ×ਤਨਹ=ਪੁਤਰ] ਪਰਮੇਸ਼ਰ ਦੇ ਪੁਤਰਾਂ (ਸੰਤਾਂ) ਪਾਸੋਂ ਲਭਦਾ ਹੈ ॥੧॥

**ਧ੍ਰਿਗੰਤ ਮਾਤ ਪਿਤਾ ਸਨੇਹੰ ਧ੍ਰਿਗ ਸਨੇਹੰ ਭ੍ਰਾਤ ਬਾਂਧਵਹ ॥**

ਮਾਂ ਪਿਉ ਦੇ [ਸਨੇਹ] ਪਿਆਰ ਨੂੰ ਧ੍ਰਿਕਾਰ ਹੈ, ਅਤੇ ਭਰਾਵਾਂ ਤੇ ਸਬੰਧੀਆਂ ਦੇ ਪਿਆਰ ਨੂੰ ਭੀ ਲਾਹਨਤ ਹੈ।

SIKHBOOKCLUB.COM

**ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ ॥ ਧ੍ਰਿਗ ਸ੍ਨੇਹੰ ਗ੍ਰਿਹਾਰਥ ਕਹ ॥**

ਇਸਤ੍ਰੀ ਪੁਤ੍ਰ ਦੇ ਅਨੰਦ ਤੇ ਪਿਆਰ ਨੂੰ ਫਿਟਕਾਰ ਹੈ, ਅਤੇ [ਗ੍ਰਿਹਿ×ਅਰਥ] ਘਰ ਤੇ ਧਨ [ਕਹ] ਦੇ ਪਿਆਰ ਨੂੰ ਭੀ ਧ੍ਰਿਕਾਰ ਹੈ।

**ਸਾਧਸੰਗ ਸ੍ਨੇਹ ਸਤ੍ਹਿੰ ਸੁਖਯੰ ਬਸੰਤਿ ਨਾਨਕਹ ॥੨॥**

ਸਾਧ ਸੰਗਤ ਦਾ ਪ੍ਰੇਮ ਸੱਚਾ ਹੈ। (ਗੁਰੂ) ਨਾਨਕ (ਜੀ ਆਖਦੇ ਹਨ, ਸਾਧ ਸੰਗਤਿ ਦਾ ਪ੍ਰੇਮੀ ਸਦਾ) ਸੁਖੀ ਵਸਦਾ ਹੈ ॥੨॥

**ਮਿਥੰਤ ਦੇਹੰ ਖੀਣੰਤ ਬਲਨੰ ॥ ਬਰਧੰਤਿ ਜਰੂਆ ਹਿਤ੍ਹੰਤ ਮਾਇਆ ॥**

ਦੇਹ ਮਿਥਯਾ ਹੈ, ਬਲ (ਹਰ ਰੋਜ) ਖੀਣ ਹੁੰਦਾ ਜਾਂਦਾ ਹੈ। [ਜਰੂਆ] ਬੁਢੇਪਾ (ਵਧਦਾ ਨੇੜੇ ਆਉਂਦਾ) ਜਾਂਦਾ ਹੈ, ਤਾਂ ਭੀ ਮਾਯਾ ਦਾ ਹਿਤ ਅਤਯੰਤ (ਮਨ ਵਿਚ) ਹੈ।

**ਅਤ੍ਹੰਤ ਆਸਾ ਆਥਿਤ੍ਯ ਭਵਨੰ ॥ ਗਨੰਤ ਸ੍ਵਾਸਾ ਭੈਯਾਨ ਧਰਮੰ ॥**

ਆਸਾ ਭੀ ਅਤਯੰਤ ਹੈ, ਘਰ (ਦਾ ਵਸੇਬਾ) [ਆਥਿਤ੍ਯ] ਪ੍ਰਾਹੁਣੇ ਵਾਂਗ (ਹੈ)। ਡਰੌਣਾ ਧਰਮਰਾਜ ਸ੍ਵਾਸਾਂ ਨੂੰ ਗਿਣ ਰਿਹਾ ਹੈ, (ਕਿ ਸ੍ਵਾਸ ਪੂਰੇ ਹੋਣ ਤਾਂ ਜਗਤ ਤੋਂ ਚੁੱਕ ਲਵਾਂ)।

**ਪਤੰਤਿ ਮੋਹ ਕੂਪ ਦੁਰਲਭ੍ਯ ਦੇਹੰ ਤਤ ਆਸ੍ਰਯੰ ਨਾਨਕ ॥**

**ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ ॥੩॥**

(ਪਰ ਏਹ ਜੀਵ) ਮੋਹ ਰੂਪ ਖੂਹ ਵਿਚ [ਪਤੰਤਿ] ਡਿਗ ਰਿਹਾ ਹੈ, (ਏਹ ਜੋ ਮਨੁਖ) ਦੇਹ ਦੁਰਲਭ ਹੈ, [ਤਤੁ] ਉਸ ਦਾ ਆਸਰਾ (ਗੁਰੂ) ਨਾਨਕ (ਜੀ ਆਖਦੇ ਹਨ, ਮਨ, ਬਾਣੀ, ਸਰੀਰ ਕਰਕੇ) ਗੋਬਿੰਦ (ਦਾ ਜਾਪ ਤੇ) ਗੋਪਾਲ ਦੀ ਕਿਰਪਾ ਹੈ।

**ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ ॥**

(ਏਹ ਮਨੁਖ ਦੇਹ ਰੂਪ) ਕੱਚਾ ਕਿਲ੍ਹਾ (ਮਾਂ ਦੀ) ਰਕਤ (ਤੇ ਪਿਉ ਦੇ) [ਤੋਯੰ=ਪਾਣੀ] ਬੀਰਜ ਤੋਂ ਬਣਿਆ ਹੈ, (ਇਸ ਉਤੇ) [ਚਰਮ] ਚਮੜੀ ਦਾ ਪੋਚਾ ਹੈ।

**ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ ॥**

ਇਸ ਦੇ ਨੌ ਦਰਵਾਜ਼ੇ [ਭੀਤ=ਭੀਤਾਂ] ਤਖਤਿਆਂ ਤੋਂ ਬਿਨਾਂ (ਖੁਲ੍ਹੇ) ਹਨ ਅਤੇ [ਬਾਇ] ਹਵਾ ਰੂਪ (ਪ੍ਰਾਣਾਂ ਦਾ ਵਿਚ) ਥੰਮ੍ਹਾ ਹੈ।

**ਗੋਬਿੰਦ ਨਾਮੰ ਨਹ ਸਿਮਰੰਤਿ ਅਗਿਆਨੀ ਜਾਨੰਤਿ ਅਸਥਿਰੰ ॥**

ਗੋਬਿੰਦ ਦਾ ਨਾਮ ਸਿਮਰਦਾ ਨਹੀਂ, ਅਤੇ ਅਗਿਆਨੀ ਪੁਰਸ਼ (ਇਸ ਦੇਹ ਨੂੰ) ਅਚਲ ਜਾਣਦਾ ਹੈ।

**ਦੁਰਲਭ ਦੇਹ ਉਧਰੰਤ ਸਾਧ ਸਰਣ ਨਾਨਕ ॥**
**ਹਰਿ ਹਰਿ ਹਰਿ ਹਰਿ ਹਰਿ ਹਰੇ ਜਪੰਤਿ ॥੪॥**

(ਗੁਰੂ) ਨਾਨਕ (ਜੀ ਆਖਦੇ ਹਨ) ਸੰਤਾਂ ਦੀ ਸ਼ਰਨ (ਵਿਚ ਜਾ ਕੇ, ਮਨ ਨਾਲ) ਹਰਿ ਹਰਿ (ਨਾਮ ਦਾ ਚਿੰਤਨ ਕੀਤਿਆਂ, ਤਨ ਨਾਲ) ਹਰਿ ਹਰਿ (ਦੀ ਸੇਵਾ ਕਰਦਿਆਂ ਤੇ ਬਾਣੀ ਨਾਲ) ਹਰਿ ਹਰਿ (ਨਾਮ) ਜਪਿਆਂ (ਹੀ ਇਸ) ਦੁਰਲਭ ਦੇਹ ਦਾ ਉਧਾਰ ਹੋਣਾ ਹੈ ॥੪॥

**ਸੁਭੰਤ ਤੁਯੰ ਅਚੁਤ ਗੁਣਗ੍ਹੰ ਪੂਰਨੰ ਬਹੁਲੋ ਕ੍ਰਿਪਾਲਾ ॥**

ਹੇ ਅਚੁਤ! ਤੂੰ (ਗੁਣਗ੍ਹੰ) ਗੁਣਾਂ ਕਰਕੇ ਸੋਭਦਾ ਹੈਂ, (ਸਭ ਥਾਂ) ਪੂਰਨ ਤੇ ਕ੍ਰਿਪਾਲੂ ਹੈਂ।

**ਗੰਭੀਰੰ ਊਚੈ ਸਰਬਗਿ ਅਪਾਰਾ ॥**

ਤੂੰ ਵੱਡਾ ਗੰਭੀਰ ਹੈਂ, (ਬਹੁਤ) ਉਚਾ ਹੈਂ, ਅਤੇ ਸਰਬੱਗ ਹੈਂ।

**ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ ॥**

ਪਿਆਰੇ [ਭ੍ਰਿਤਿ] ਦਾਸਾਂ ਨੂੰ ਆਪਣੇ ਚਰਨਾਂ (ਵਿਚ ਰਖ ਕੇ) ਸ਼ਾਂਤਿ ਦੇਂਦਾ ਹੈ।

**ਅਨਾਥ ਨਾਥੇ ਨਾਨਕ ਸਰਣੰ ॥੫॥**

ਹੇ ਅਨਾਥਾਂ ਦੇ ਨਾਥ! (ਮੈਂ) ਨਾਨਕ ਤੇਰੀ ਸ਼ਰਨ ਹਾਂ ॥੫॥

***ਉਥਾਨਕਾ***—ਕਿਸੇ ਸ਼ਿਕਾਰੀ ਨੇ ਇਕ ਹਰਨੀ ਅਚੇਤ ਖਲੋਤੀ ਵੇਖ ਕੇ ਇਕ ਪਾਸੇ ਜਾਲੀ ਤਾਣ ਦਿਤੀ, ਦੂਜੇ ਪਾਸੇ ਕੁੱਤਾ ਖੜਾ ਕਰ ਦਿਤਾ, ਤੀਜੇ ਪਾਸੇ ਅੱਗ ਬਾਲ ਦਿਤੀ ਅਤੇ ਚੌਥੇ ਪਾਸੇ ਆਪ ਖੜਾ ਹੋ ਕੇ ਤੀਰ ਮਾਰਿਆ। ਕਰਤਾਰ ਦੀ ਨੇਤ ਨਾਲ ਤੀਰ ਕੁੱਤੇ ਨੂੰ ਜਾ ਵੱਜਾ, ਹਵਾ ਦੇ ਨਾਲ ਅੱਗ ਉਡ ਕੇ ਜਾਲ

ਨੂੰ ਜਾ ਲਗੀ ਉਹ ਸੜ ਗਿਆ ਅਤੇ ਹਰਨੀ ਵੈਰੀਆਂ ਦੇ ਘੇਰੇ ਵਿਚੋਂ ਮੁਕਤ ਹੋ ਕੇ ਜੰਗਲ ਵਿਚ ਜਾ ਵੜੀ, ਉਸ ਕਥਾ ਦੀ ਸੂਚਨਾ ਕਰਾਉਂਦੇ ਹਨ :—

**ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖੵ ਆਵਧਹ ॥**

(ਇਕ) [ਬਧਿਕ] ਸ਼ਿਕਾਰੀ ਨੇ ਹਰਨੀ (ਨੂੰ ਅਚੇਤ ਖਲੋਤਾ) ਵੇਖਿਆ ਤੇ [ਲਖੵ] ਨਿਸ਼ਾਨਾ (ਬਣਾ ਕੇ) [ਆਵਧਹ] ਸ਼ਸਤ੍ਰ [ਪ੍ਰਹਾਰੇਣ] ਚਲਾ ਦਿਤੇ।

**ਅਹੋ ਜਸੵ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਤੇ ॥੬॥**

[ਅਹੋ] ਵਡਾ ਅਸਚਰਜ (ਤਾਂ ਏਹ ਹੈ, ਕਿ) ਜਿਸ ਦੀ ਰੱਖਿਆ ਕਰਨ ਵਾਲਾ ਕਰਤਾਰ ਸੀ, (ਗੁਰੂ) ਨਾਨਕ (ਜੀ ਆਖਦੇ ਹਨ, ਉਸ ਦਾ ਇਕ) ਰੋਮ ਭੀ ਨਾ ਕਟਿਆ ਗਿਆ ॥੬॥

**ਉਥਾਨਕਾ**—ਰਾਜਾ ਪ੍ਰੀਛਤ ਨੂੰ ਜਦ ਪਤਾ ਲਗਾ ਕਿ ਮੈਂ ਸੱਤਵੇਂ ਦਿਨ ਤੱਛਕ ਸੱਪ ਦੇ ਲੜਨ ਨਾਲ ਮਰਾਂਗਾ, ਤਾਂ ਉਹ ਆਪਣੇ ਬਚਾਉ ਲਈ ਗੰਗਾ ਵਿਚ ਕੱਚ ਦਾ ਮਹੱਲ ਬਣਵਾ ਕੇ ਉਸ ਦੇ ਉਪਰ ਇਸ ਲਈ ਜਾ ਬੈਠਾ ਕਿ ਇਥੇ ਸੱਪ ਨਹੀਂ ਆ ਸਕੇਗਾ ਅਤੇ ਮੰਦਰ ਦੇ ਚਾਰ ਚੁਫੇਰੇ ਗੰਗਾ ਦੇ ਕੰਢੇ ਉਤੇ ਕਈ ਸੂਰਮੇ ਤੇ ਕਈ ਮਾਂਦਰੀ ਅਤੇ ਵੈਦ ਇਸ ਲਈ ਬਿਠਾ ਛੱਡੇ ਕਿ ਭਲਾ ਜੇਕਰ ਸੱਪ ਕਿਸੇ ਤਰ੍ਹਾਂ ਭੀ ਆ ਜਾਵੇ ਤਾਂ ਕਿਸੇ ਵਸਤੂ ਨੂੰ ਢੂੰਢਣ ਲਗਿਆਂ ਡੇਰ ਨਾ ਲਗੇ ਅਤੇ ਸੂਰਮਿਆਂ ਨੂੰ ਕਹਿ ਦਿਤਾ ਕਿ ਮੰਦਰ ਵਲ ਕੋਈ ਆਦਮੀ ਤਾਂ ਕਿਤੇ ਰਿਹਾ, ਕੀੜੇ, ਮਕੌੜੇ, ਚਿੜੀ ਜਨੌਰ ਤਕ ਨੂੰ ਭੀ ਨਾ ਔਣ ਦੇਣ। ਇਸ ਤਰ੍ਹਾਂ ਦੀ ਪਕਿਆਈ ਕਰਕੇ ਆਪ ਮਰਨ ਤੋਂ ਬੇ-ਫਿਕਰ ਹੋ ਕੇ ਭਾਗਵਤ ਦੀ ਕਥਾ ਸੁਨਣ ਲਗ ਪਿਆ। ਪਰ ਕਰਤਾਰ ਦੇ ਹੁਕਮ ਨਾਲ ਜਦ ਕਥਾ ਦੇ ਭੋਗ ਸਮੇਂ ਫੁੱਲ ਦਾ ਪ੍ਰਸ਼ਾਦ ਮਿਲਿਆ ਤਾਂ ਉਸ ਵਿਚੋਂ ਕੀੜੇ ਨੇ ਨਿਕਲ ਕੇ ਸੱਪ ਰੂਪ ਧਾਰ ਕੇ ਰਾਜੇ ਦਾ ਸਾਹ ਪੀ ਲਿਆ। ਉਸ ਪ੍ਰਸੰਗ ਨੂੰ ਸੂਚਨਾ ਕਰਾ ਕੇ ਉਪਦੇਸ਼ ਦੇਂਦੇ ਹਨ ਕਿ ਯਤਨ ਕੀਤਿਆਂ ਮੌਤ ਦੂਰ ਨਹੀਂ ਹੁੰਦੀ :—

**ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ ॥**

(ਆਪਣੇ ਬਚਾਉ ਲਈ) ਬਹੁਤ ਉਪਾਉ ਕਰਦਾ ਸੀ, [ਕਾਰੀ] ਵਡੇ ਬਲਵਾਨ ਸੂਰਮੇ ਚੁਤਰਫੇ ਬੈਠੇ ਹੋਏ [ਸੇਵੰਤ] ਰਾਖੀ ਕਰ ਰਹੇ ਸਨ।

**ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ ॥**

ਵੱਡੀ ਔਖੀ ਤੇ ਉਚੀ ਜਗ੍ਹਾ ਤੇ ਵੱਸਦਾ ਸੀ ਅਤੇ ਮੌਤ ਨੂੰ ਕਦੇ ਭੀ ਯਾਦ ਨਹੀਂ ਕਰਦਾ ਸੀ।

**ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ ॥੭॥**

ਅਕਾਲ ਪੁਰਖ ਦੀ ਆਗਯਾ ਹੁੰਦਿਆਂ ਹੀ (ਗੁਰੂ) ਨਾਨਕ (ਜੀ ਆਖਦੇ ਹਨ) ਕੀੜੀ (ਨੇ ਰਾਜੇ ਦੇ) ਸਾਹ [ਅਕਰਖਤੇ] ਖਿੱਚ ਲਏ ॥੭॥

**ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ ॥**

(ਜੋ) ਸ਼ਬਦ (ਗੁਰਾਂ ਦੇ) ਉਪਦੇਸ਼ (ਨਾਲ) [ਰਤੰ] ਪ੍ਰੀਤ (ਕਰਕੇ) [ਹਿਤੰ] ਪ੍ਰੇਮ (ਨਾਲ) [ਮਇਆ] ਕ੍ਰਿਪਾ (ਸਰੂਪ ਦੀ) ਕੀਰਤੀ (ਕਰਨ ਰੂਪ) ਕਰਮ ਹੀ ਕਲਜੁਗ ਵਿਚ [ਕ੍ਰਿਤੁਆ] ਕਰਦਾ ਹੈ।

**ਮਿਟੰਤਿ ਤਤ੍ਰਾਗਤ ਭਰਮ ਮੋਹੰ ॥**

[ਤਤ੍×ਆਗਤ] ਉਸਦਾ ਦਾ (ਸੰਸਾਰ ਵਿਚ) ਔਣਾ (ਜਾਣਾ ਤੇ) ਭਰਮ ਤੇ ਮੋਹ ਮਿਟ ਜਾਂਦਾ ਹੈ।

**ਭਗਵਾਨ ਰਮਣੰ ਸਰਬਤ੍ਰ ਥਾਨਿੰ ॥**

(ਅਤੇ ਉਹ ਜਾਣਦਾ ਹੈ, ਜੋ) ਭਗਵਾਨ ਸਭ ਜਗ੍ਹਾ ਵਿਚ ਰਮਿਆ ਹੋਇਆ ਹੈ।

**ਦ੍ਰਿਸਟ ਤੁਯੰ ਅਮੋਘ ਦਰਸਨੰ ਬਸੰਤ ਸਾਧ ਰਸਨਾ ॥**

ਹੇ *ਸੰਤਾਂ ਦੀ ਰਸਨਾ ਤੇ ਵੱਸਣ ਵਾਲੇ ਅਮੋਘ ਦਰਸ਼ਨ! (ਉਹ) ਤੈਨੂੰ (ਹਰ ਥਾਂ ਤੇ) ਵੇਖਦਾ ਹੈ।

**ਹਰਿ ਹਰਿ ਹਰਿ ਹਰੇ ਨਾਨਕ ਪ੍ਰਿਅੰ ਜਾਪੁ ਜਪਨਾ ॥੮॥**

(ਗੁਰੂ) ਨਾਨਕ (ਜੀ ਆਖਦੇ ਹਨ) ਹਰ (ਇਕ ਨੂੰ) ਹਰੇ (ਕਰਨ ਵਾਲੇ) ਹਰੀ (ਦਾ) ਹਰਿ (ਨਾਮ) ਜਾਪ ਨੂੰ ਪਿਆਰ ਨਾਲ ਜਪਦਾ ਹੈ ॥੮॥

**ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖ੍ਯ੍ਰ ਗਗਨੰ ॥**

ਰੂਪ (ਦੀ ਸੁੰਦਰਤਾ) ਘਟਦੀ ਜਾਂਦੀ (ਹੈ, ਚੇਹਰੇ ਦਾ) [ਦੀਪੰ] (ਪ੍ਰਕਾਸ਼ ਘਟਦਾ ਜਾਂਦਾ ਹੈ, ਸੂਰਜ ਚੰਦ੍ਰਮਾ [ਨਖ੍ਯ੍ਰ] ਤਾਰੇ ਤੇ ਅਕਾਸ਼ (ਭੀ ਘਟਦਾ ਜਾ ਰਿਹਾ ਹੈ।)

**ਘਟੰਤ ਬਸੁਧਾ ਗਿਰਿ ਤਰ ਸਿਖੰਡੰ ॥ ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥**

[ਬਸੁਧਾ] ਧਰਤੀ, ਪਹਾੜ, ਦਰਖਤ ਤੇ ਨੌ ਖੰਡ ਭੀ ਘਟ ਜਾਣ ਵਾਲੇ ਹਨ। [ਲਲਨਾ] ਪਿਆਰੀ ਇਸਤ੍ਰੀ ਭਰਾ ਤੇ (ਹੋਰ) ਪਿਆਰੇ ਮਿਤਰ (ਭੀ) ਘਟਦੇ (ਨਾਸ ਹੁੰਦੇ) ਜਾਂਦੇ ਹਨ।

**ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ ॥**

ਮਾਇਆ ਦਾ ਸਰੂਪ (ਜੋ) ਸੋਨਾ ਤੇ ਰਤਨ (ਹਨ, ਇਹ ਭੀ) ਨਾਸ ਹੁੰਦੇ ਹਨ।

**ਨਹ ਘਟੰਤ ਕੇਵਲ ਗੋਪਾਲ ਅਚੁਤ ॥ ਅਸਥਿਰੰ ਨਾਨਕ ਸਾਧ ਜਨ ॥੯॥**

ਨ ਡਿਗਣ ਵਾਲਾ ਗੋਪਾਲ ਹੀ ਇਕ ਨਾਸ ਨਹੀਂ ਹੁੰਦਾ ਹੈ (ਗੁਰੂ) ਨਾਨਕ (ਜੀ ਆਖਦੇ ਹਨ, ਉਸ ਦੇ) ਸੰਤ ਜਨ (ਭੀ) ਅਚੱਲ ਰਹਿੰਦੇ ਹਨ ॥੯॥

**ਨਹ ਬਿਲੰਬ ਧਰਮੰ ਬਿਲੰਬ ਪਾਪੰ ॥**

ਧਰਮ (ਦੇ ਕੰਮ ਵਿਚ) ਦੇਰ ਨਾ ਕਰੋ, ਪਾਪ (ਕਰਮ ਵਿਚ) ਦੇਰ ਕਰਨੀ (ਯੋਗ ਹੈ)।

**ਦ੍ਰਿੜੰਤ ਨਾਮੰ ਤਜੰਤ ਲੋਭੰ ॥**

(ਮਨ ਵਿਚ) ਨਾਮ ਨੂੰ ਦ੍ਰਿੜ੍ਹ ਕਰੋ ਅਤੇ ਲੋਭ ਦਾ ਤਿਆਗ ਕਰੋ।

**ਸਰਣਿ ਸੰਤੰ ਕਿਲਬਿਖ ਨਾਸੰ**

ਸੰਤਾਂ ਦੀ ਸ਼ਰਨੀ (ਪਵੋ, ਇਉਂ) ਕਿਲਬਿਖ ਪਾਪ ਨਾਸ ਹੋ ਜਾਣਗੇ।

---

**ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ (ਸੁਖਮਨੀ)*

Sri Satguru Jagjit Singh Ji eLibrary NamdhariElibrary@gmail.com

**ਪ੍ਰਾਪਤੰ ਧਰਮ ਲਖ੍ਿਣ ॥ ਨਾਨਕ ਜਿਹ ਸੁਪ੍ਰਸੰਨ ਮਾਧਵਹ ॥੧੦॥**

(ਏਹ) ਧਰਮ ਦੇ ਲਛਨ (ਉਸ ਨੂੰ) ਪ੍ਰਾਪਤ ਹੁੰਦੇ ਹਨ। (ਗੁਰੂ) ਨਾਨਕ (ਜੀ ਆਖਦੇ ਹਨ) ਜਿਸ ਉਤੇ ਪ੍ਰਮਾਤਮਾ ਆਪ ਪ੍ਰਸੰਨ ਹੁੰਦਾ ਹੈ ॥੧੦॥

**ਮਿਰਤ ਮੋਹੰ ਅਲਪ ਬੁਧੵੰ ਰਚੰਤਿ ਬਨਿਤਾ ਬਿਨੋਦ ਸਾਹੰ ॥**

[ਅਲਪ] ਥੋੜੀ ਬੁਧੀ ਵਾਲਾ (ਜੀਵ) ਮੋਹ ਵਿਚ ਮਰ ਰਿਹਾ ਹੈ ਅਤੇ ਇਸਤ੍ਰੀ ਦੇ ਅਨੰਦ (ਵਿਚ) ਲੱਗਾ ਹੋਇਆ [ਸਾਹੰ] ਹੰਕਾਰ ਕਰਦਾ ਹੈ—

**ਜੌਬਨ ਬਹਿਕ੍ਰਮ ਕਨਿਕ ਕੁੰਡਲਹ ॥**

ਜੁਆਨੀ ਦੇ [ਬਹਿਕ੍ਰਮ] ਬਲ ਦਾ, (ਅਤੇ ਕੰਨਾਂ ਵਿਚ) ਸੋਨੇ ਦੇ ਕੁੰਡਲ (ਪਾ ਕੇ)।

**ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ ਇਤੵੰਤ ਮਾਇਆ ਬੵਾਪਿਤੰ ॥**

ਸੁੰਦਰ ਮਕਾਨਾਂ (ਵਿਚ ਵਸਦਾ ਤੇ ਚੰਗੇ ਚੰਗੇ) ਕਪੜਿਆਂ ਨਾਲ ਸੋਭਦਾ ਹੈ, [ਇਤੵੰਤ] ਇਤ ਆਦਿਕ ਮਾਇਆ (ਵਿਚ ਤੁਛ ਬੁਧੀ ਵਾਲਾ) ਫਸਿਆ ਹੋਇਆ ਹੈ।

**ਹੇ ਅਚੁਤ ਸਰਣਿ ਸੰਤ ਨਾਨਕ ਭੋ ਭਗਵਾਨਏ ਨਮਹ ॥੧੧॥**

ਹੇ ਨਾ ਡਿਗਣ ਵਾਲੇ! ਸੰਤ (ਤੇਰੀ) ਸ਼ਰਨ (ਹਨ, ਗੁਰੂ) ਨਾਨਕ (ਜੀ ਆਖਦੇ ਹਨ) ਹੇ ਭਗਵਾਨ! (ਸਾਡੀ ਭੀ) ਤੈਨੂੰ ਨਮਸ਼ਕਾਰ ਹੈ, (ਤੂੰ ਇਸ ਜੀਵ ਦੀ ਰਖਿਆ ਕਰ)।

**ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤ ਰੋਗੰ ॥**

ਜਨਮ (ਦਾ ਵੈਰੀ) ਤਾਂ ਮੌਤ ਹੈ, ਅਨੰਦ (ਦਾ ਵੈਰੀ) ਤਾਂ ਸੋਗ ਹੈ, ਭੋਗਾਂ (ਦੇ ਸਵਾਦਾਂ ਦਾ ਦੁਸ਼ਮਨ) ਤਾਂ ਰੋਗ ਹੈ।

**ਊਚੰ ਤ ਨੀਚੰ ਨਾਨੑਾ ਸੁ ਮੂਚੰ ॥ ਰਾਜੰ ਤ ਮਾਨੰ ਅਭਿਮਾਨੰ ਤ ਹੀਨੰ ॥**

ਉੱਚਾ (ਸਥਾਨ ਹੈ) ਤਾਂ (ਨਾਲ ਹੀ) [ਨੀਚੰ] ਨੀਵਾਂ ਹੈ, (ਮੂਚੰ) ਵਡਾ (ਹੈ ਤਾਂ ਨਾਲ ਹੀ) ਅਪਮਾਨ (ਨੀਵਾਂ) ਹੈ। (ਜੇਕਰ) ਰਾਜ ਹੈ (ਤੇ ਉਸ ਦੇ) [ਹੀਨੰ] ਨਾਸ ਹੋਣ ਦਾ ਡਰ ਹੈ, ਆਦਰ ਹੈ (ਤਾਂ) ਨਿਰਾਦਰ (ਹੋਣ ਦਾ ਡਰ ਹੈ)।

**ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ ॥**

(ਇਹ) ਪ੍ਰਵਿਰਤੀ ਦਾ ਰਸਤਾ (ਸੰਸਾਰ ਦਾ) ਵਰਤਾਰਾ (ਤਾਂ ਇਕ ਦੂਜੇ ਦੇ ਵਿਰੋਧ ਵਿਚ ਹੀ) ਨਾਸ ਹੋਣ ਵਾਲਾ ਹੈ।

**ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ**
**ਨਾਨਕ ਭਗਵੰਤ ਭਜਨਾਸਨੰ ॥੧੨॥**

(ਇਕ) ਗੋਬਿੰਦ ਦਾ ਭਜਨ ਹੀ ਅਚੱਲ ਹੈ। (ਗੁਰੂ) ਨਾਨਕ (ਜੀ ਆਖਦੇ ਹਨ) ਸਾਧ ਸੰਗਤਿ (ਵਿਚ ਜਾ ਕੇ) ਭਗਵੰਤ ਭਜਨ (ਦਾ ਹੀ) [ਆਸਨੰ] ਭੋਜਨ ਛਕਨਾ ਚਾਹੀਦਾ ਹੈ ॥੧੨॥

Sri Satguru Jagjit Singh Ji eLibrary NamdhariElibrary@gmail.com

**ਕਿਰਪੰਤ ਹਰੀਅੰ ਮਤਿ ਤਤੁ ਗਿਆਨੰ ॥**

ਹਰੀ ਦੀ ਕਿਰਪਾ ਨਾਲ ਬੁਧੀ ਵਿਚ ਤੱਤ ਗਿਆਨ (ਹੋ ਆਉਂਦਾ ਹੈ)।

**ਬਿਗਸੀਧਿ੍ ਬੁਧਾ ਕੁਸਲ ਥਾਨੰ ॥**

(ਜਿਸ ਕਰਕੇ) ਬੁਧੀ [ਬਿਗਸੀਧਿ੍] ਖਿੜ ਜਾਂਦੀ ਹੈ, (ਅਤੇ ਹਿਰਦੇ) ਸਥਾਨ ਵਿਚ [ਕੁਸਲ] ਅਨੰਦ (ਪ੍ਰਗਟ ਹੋ ਜਾਂਦਾ ਹੈ)।

**ਬਸ੍ਯ੍ਿੰਤ ਰਿਖਿਅੰ ਤਿਆਗਿ ਮਾਨੰ ॥ ਸੀਤਲੰਤ ਰਿਦਯੰ ਦ੍ਰਿੜੁ ਸੰਤ ਗਿਆਨੰ ॥**

[ਰਿਖਿਅੰ] ਇੰਦ੍ਰੀਆਂ ਵਸ ਹੋ ਜਾਂਦੀਆਂ ਹਨ, ਹੰਕਾਰ ਦੂਰ ਹੋ ਜਾਂਦਾ ਹੈ, ਹਿਰਦਾ ਸੀਤਲ ਹੋ ਜਾਂਦਾ ਹੈ (ਪਰ) ਸੰਤਾਂ (ਦੇ ਉਪਦੇਸ਼ ਨਾਲ ਇਹ) ਗਿਆਨ ਦ੍ਰਿੜ੍ਹ (ਹੁੰਦਾ ਹੈ)।

**ਰਹੰਤ ਜਨਮੰ ਹਰਿ ਦਰਸ ਲੀਣਾ ॥ ਬਾਜੰਤ ਨਾਨਕ ਸਬਦ ਬੀਣਾਂ ॥੧੩॥**

(ਇਉਂ) ਹਰੀ ਦੇ ਦਰਸ਼ਨ ਲੈ ਕੇ (ਜਗਯਾਸੂ) ਜਨਮ (ਮਰਣ ਤੋਂ) ਰਹਿਤ (ਹੋ ਜਾਂਦਾ ਹੈ। ਗੁਰੂ) ਨਾਨਕ (ਜੀ ਆਖਦੇ ਜਨ, ਅਨਾਹਦ) ਸ਼ਬਦ ਦੀ ਬੀਣਾ ਵਜਦੀ (ਸੁਣਦਾ ਹੈ) ॥੧੩॥

**ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ ॥**

[ਗੁਨੀਆ] ਗੁਣਵਾਨ ਅਨੇਕਾਂ ਤਰ੍ਹਾਂ ਨਾਲ [ਬੇਦਾ] ਗਿਆਨ ਦੀ [ਗੁਣੰਤ] ਵਿਚਾਰ ਕਹਿੰਦਾ ਹੈ, ਅਤੇ [ਬਾਲਾ] ਜਗਯਾਸੂ (ਅਨੇਕ) ਤਰ੍ਹਾਂ ਨਾਲ ਸੁਣਦਾ ਹੈ।

SIKHBOOKCLUB.COM

**ਦ੍ਰਿੜੰਤ ਸੁਬਿਦਿਆ ਹਰਿ ਹਰਿ ਕ੍ਰਿਪਾਲਾ ॥**

(ਅਤੇ) ਉਹ ਵਿਦਯਾ (ਸਿਖਯਾ) ਨੂੰ ਦ੍ਰਿੜ੍ਹ ਕਰਦਾ ਹੈ (ਇਹ ਸਭ) ਹਰ (ਤਰ੍ਹਾਂ ਕਰਕੇ) ਹਰੀ ਦੀ ਕਿਰਪਾ ਹੈ।

**ਨਾਮ ਦਾਨੁ ਜਾਚੰਤ ਨਾਨਕ ਦੈਨਹਾਰ ਗੁਰ ਗੋਪਾਲਾ ॥੧੪॥**

ਨਾਮ (ਦਾ ਦਾਨ) ਮੰਗਦਾ ਹੈ, (ਪਰ ਗੁਰੂ) ਨਾਨਕ (ਜੀ ਆਖਦੇ ਹਨ) ਦੇਣ ਵਾਲਾ ਗੁਰੂ ਤੇ ਗੋਪਾਲ ਹੈ ॥੧੪॥

**ਨਹ ਚਿੰਤਾ ਮਾਤ ਪਿਤ ਭ੍ਰਾਤਹ ਨਹ ਚਿੰਤਾ ਕਛੁ ਲੋਕ ਕਹ ॥**

ਮਾਂ, ਪਿਉ, ਭਰਾ (ਦੀ ਕੁਝ) ਚਿੰਤਾ ਨਹੀਂ ਹੈ, ਅਤੇ ਨਾ ਕੁਝ ਲੋਕਾਂ ਦੀ ਚਿੰਤਾ ਹੈ।

**ਨਹ ਚਿੰਤਾ ਬਨਿਤਾ ਸੁਤ ਮੀਤਹ ਪ੍ਰਵਿਰਤਿ ਮਾਇਆ ਸਨਬੰਧਨਹ ॥**

ਇਸਤ੍ਰੀ ਪੁਤ੍ਰ ਤੇ ਮਿਤ੍ਰ (ਦੀ ਕੋਈ) ਚਿੰਤਾ ਨਹੀਂ ਹੈ, (ਕਿਉਂਕਿ) [ਪ੍ਰਵਿਰਤਿ] ਸੰਸਾਰ (ਦੇ ਸਾਰੇ) ਸਬੰਧ ਹੀ [ਮਾਇਆ] ਛਲ ਰੂਪ ਹੈ।

**ਦਇਆਲ ਏਕ ਭਗਵਾਨ ਪੁਰਖਹ**
**ਨਾਨਕ ਸਰਬ ਜੀਅ ਪ੍ਰਤਿਪਾਲਕਹ ॥੧੫॥**

(ਗੁਰੂ) ਨਾਨਕ (ਜੀ ਆਖਦੇ ਹਨ) ਇਕ ਭਗਵਾਨ ਪੁਰਖ ਦਿਆਲੂ ਹੀ ਸਾਰੇ ਜੀਵਾਂ ਦੀ ਹਰ ਰੋਜ਼ ਪਾਲਣਾ ਕਰਦਾ ਹੈ ॥੧੫॥

**ਅਨਿਤ੍ ਵਿਤੰ ਅਨਿਤ੍ ਚਿਤੰ ਅਨਿਤ੍ ਆਸਾ ਬਹੁ ਬਿਧਿ ਪ੍ਕਾਰੰ ॥**

[ਵਿਤੰ] ਧਨ [ਅਨਿਤ੍] ਝੂਠਾ ਹੈ, (ਉਸ ਵਿਚ ਲਗਣ ਵਾਲਾ) ਚਿੱਤ ਭੀ ਝੂਠਾ ਹੈ, ਅਤੇ ਅਨੇਕ ਪ੍ਕਾਰ ਦੀਆਂ ਆਸਾਂ ਭੀ ਝੂਠੀਆਂ ਹਨ।

**ਅਨਿਤ੍ ਹੇਤੰ ਅਹੰ ਬੰਧੰ ਭਰਮ ਮਾਇਆ ਮਲਨੰ ਬਿਕਾਰੰ ॥**

ਹੰਕਾਰ ਦੇ ਬੰਧਨਾਂ ਦਾ [ਹੇਤੰ] ਕਾਰਣ ਭਰਮ (ਤੇ) ਮਲਨ ਮਾਇਆ ਦੇ ਵਿਕਾਰ ਭੀ ਝੂਠੇ ਹਨ।

**ਫਿਰੰਤ ਜੋਨਿ ਅਨੇਕ ਜਠਰਾਗਨਿ ਨਹ ਸਿਮਰੰਤ ਮਲੀਣ ਬੁਧੰ ॥**

(ਜਿਨ੍ਹਾਂ ਵਿਚ ਫਸਿਆ) ਮਲੀਨ ਬੁਧੀ ਵਾਲਾ (ਜੀਵ ਕਰਤਾਰ ਨੂੰ) ਸਿਮਰਦਾ ਨਹੀਂ ਹੈ ਅਤੇ ਅਨੇਕਾਂ ਜੂਨਾਂ ਵਿਚ ਫਿਰਦਾ ਹੋਇਆ [ਜਠਰ-ਅਗਨਿ] ਪੇਟ ਦੀ ਅੱਗ (ਵਿਚ ਸੜਦਾ ਹੈ)।

**ਹੇ ਗੋਬਿੰਦ ਕਰਤ ਮਇਆ ਨਾਨਕ ਪਤਿਤ ਉਧਾਰਣ ਸਾਧ ਸੰਗਮਹ ॥੧੬॥**

(ਗੁਰੂ) ਨਾਨਕ (ਜੀ ਆਖਦੇ ਹਨ) ਹੇ ਗੋਬਿੰਦ! [ਮਇਆ] ਕ੍ਰਿਪਾ ਕਰ, ਅਤੇ ਇਸ ਪਾਪੀ ਨੂੰ ਸਾਧ ਸੰਗਤ ਨਾਲ ਮੇਲਕੇ) ਤਾਰ ਲੈ ॥੧੬॥

**ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪ੍ ਬੈਸ੍ਵਾਂਤਰਹ ॥**

[ਗਿਰਿ] ਪਹਾੜ ਤੋਂ ਡਿਗ ਕੇ ਪਤਾਲ ਵਿਚ [ਪਤਿਤ] ਜਾ ਪਵੇ (ਤਾਂ ਭੀ ਕੋਈ) ਦੁੱਖ ਨਹੀਂ ਹੈ, ਅਤੇ) [ਦੇਦੀਪ੍] ਵਡੀ ਪ੍ਚੰਡ ਅੱਗ (ਵਿਚ ਪੈ ਕੇ) ਸੜ ਜਾਵੇ (ਤਾਂ ਵੀ ਦੁਖ ਨਹੀਂ ਹੁੰਦਾ)।

**ਬਹੰਤਿ ਅਗਾਹ ਤੋਯੰ ਤਰੰਗੀ ਦੁਖੰਤ ਗ੍ਰਹ ਚਿੰਤਾ ਜਨਮੰ ਤ ਮਰਣਹ ॥**

ਅਗਾਧ ਪਾਣੀ (ਦੀਆਂ) [ਤਰੰਗੀ] ਲਹਿਰਾਂ ਵਿਚ ਰੁੜ੍ਹ ਜਾਵੇ (ਤਾਂ ਭੀ) ਦੁਖ ਕੋਈ ਨਹੀਂ (ਦੁਖ ਦੇਣ ਵਾਲੀ) ਤਾਂ ਘਰ ਦੀ ਚਿੰਤਾ ਹੈ (ਜਿਸ ਕਰਕੇ) ਜੰਮਣ ਤੇ ਮਰਨਾ (ਮੁੜ ਕੇ ਮਿਲਦਾ ਹੈ)।

**ਅਨਿਕ ਸਾਧਨੰ ਨ ਸਿਧ੍ਤੇ ਨਾਨਕ**

(ਗੁਰੂ) ਨਾਨਕ (ਜੀ ਆਖਦੇ ਹਨ) ਅਨੇਕਾਂ ਸਾਧਨਾਂ ਦੇ ਕੀਤਿਆਂ ਭੀ ਘਰ ਦੇ (ਜੰਜਾਲ) [ਸਿਧ੍ਤੇ] ਪੂਰੇ ਨਹੀਂ ਹੁੰਦੇ।

**ਅਸਥੰਭੰ ਅਸਥੰਭੰ ਅਸਥੰਭੰ ਸਬਦ ਸਾਧ ਸ੍ਵਜਨਹ ॥੧੭॥**

ਸੰਤ ਸਜਣਾਂ ਦੇ ਉਪਦੇਸ਼ (ਨੂੰ ਮਨ ਬਾਣੀ ਤੇ ਸਰੀਰ ਦਾ) [ਅਸਥੰਭੰ] ਆਸਰਾ (ਬਣਾਵੇ ਤਾਂ ਇਸ ਦੁੱਖ ਤੋਂ ਛੁਟਕਾਰਾ ਹੁੰਦਾ ਹੈ) ॥੧੭॥

**ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ੰ ਮਹਾ ਬਿਖੵਾਦੰ ॥**

ਡਰੌਣੇ ਦੁਖ, ਅਨੇਕਾਂ ਹਤਿਆਂ, ਜਨਮਾਂ-ਜਨਮਾਂ ਦਾ ਦਰਿਦ੍ਰ ਅਤੇ ਵਡੇ-ਵਡੇ ਰੋਗ ਤੇ ਝਗੜੇ।

**ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ**

(ਗੁਰੂ) ਨਾਨਕ (ਜੀ ਆਖਦੇ ਹਨ) ਹਰਿ ਨਾਮ ਸਿਮਰਿਆਂ (ਇਹ) ਸਾਰੇ (ਇਉਂ) ਮਿਟ ਜਾਂਦੇ ਹਨ ।

**ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥੧੮॥**

ਜਿਵੇਂ [ਪਾਵਕ] ਅੱਗ [ਕਾਸਟ] ਲੱਕੜਾਂ ਨੂੰ ਸਵਾਹ ਕਰ ਦੇਂਦੀ ਹੈ ॥੧੮॥

**ਅੰਧਕਾਰ ਸਿਮਰਤ ਪ੍ਰਕਾਸੰ ਗੁਣ ਰਮੰਤ ਅਘ ਖੰਡਨਹ ॥**

ਸਿਮਰਨ ਕੀਤਿਆਂ (ਅਗਿਆਨ) ਹਨੇਰਾ (ਮਿਟ ਕੇ ਗਿਆਨ ਦਾ) ਚਾਨਣ (ਹੋ ਜਾਂਦਾ ਹੈ, ਅਤੇ ਕਰਤਾਰ ਦੇ) ਗੁਣ ਗਾਵਿਆਂ [ਅਘ] ਪਾਪ ਨਾਸ ਹੋ ਜਾਂਦੇ ਹਨ ।

**ਰਿਦ ਬਸੰਤਿ ਭੈ ਭੀਤ ਦੂਤਹ ਕਰਮ ਕਰਤ ਮਹਾ ਨਿਰਮਲਹ ॥**

ਦਿਲ (ਵਿਚ) ਵਸ ਜਾਵੇ (ਤਾਂ ਜਮ) ਦੂਤ [ਭੈ ਭੀਤ] ਡਰ ਜਾਂਦੇ ਹਨ, (ਫਿਰ ਉਹ ਜਿੰਨੇ) ਕਰਮ ਕਰਦਾ ਹੈ, (ਉਹ ਸਾਰੇ) ਵਡੇ ਨਿਰਮਲ ਹੁੰਦੇ ਹਨ ।

**ਜਨਮ ਮਰਣ ਰਹੰਤ ਸ੍ਰੋਤਾ ਸੁਖ ਸਮੂਹ ਅਮੋਘ ਦਰਸਨਹ ॥**

(ਨਾਮ ਦਾ) ਸਰੋਤਾ ਜਨਮ ਮਰਣ ਤੋਂ ਰਹਿਤ ਹੋ ਕੇ, ਸਾਰੇ ਸੁਖ (ਪਾਂਦਾ ਹੈ ਕਿਉਂਕਿ ਰੱਬ ਦਾ) ਦਰਸ਼ਨ ਅਮੋਘ (ਵਿਫਲ ਨਹੀਂ ਜਾਣ ਵਾਲਾ) ਹੈ ।

**ਸਰਣਿ ਜੋਗੰ ਸੰਤ ਪ੍ਰਿਅ ਨਾਨਕ ਸੋ ਭਗਵਾਨ ਖੇਮੰ ਕਰੋਤਿ ॥੧੯॥**

ਸ਼ਰਨ (ਆਏ ਦੀ ਰਖਯਾ ਕਰਨ) ਜੋਗ ਸੰਤਾਂ ਦਾ ਪਿਆਰਾ ਹੈ, (ਗੁਰੂ) ਨਾਨਕ (ਜੀ ਆਖਦੇ ਹਨ) ਉਹ ਭਗਵਾਨ (ਹੀ ਸਭ ਦੀ) [ਖੇਮੰ] ਰਖਿਆ ਕਰਦਾ ਹੈ !

**ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ ॥**

ਪਿਛਲਿਆਂ ਨੂੰ ਅੱਗੇ ਕਰਦਾ ਤੇ ਨਿਰਾਸਿਆਂ ਦੀ ਆਸ ਪੂਰੀ ਕਰਦਾ ਹੈ।

**ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ ॥**

ਕੰਗਾਲ ਧਨਵਾਨ ਹੋ ਗਏ ਹਨ ਅਤੇ ਰੋਗੀਆਂ ਦੇ ਰੋਗ ਮਿਟ ਗਏ ਹਨ ।

**ਭਗਤ੍ਯੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ ॥**

ਭਗਤਾਂ ਨੂੰ ਭਗਤੀ ਦਾਨ (ਮਿਲਦਾ ਹੈ), ਰਾਮ ਨਾਮ ਦੇ ਕੀਰਤਨ (ਦਾ ਇਹ) [ਗੁਣ] ਫਲ ਹੈ ।

**ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ ॥੨੦॥**

ਪਾਰਬ੍ਰਹਮ ਦਾਤਾਰ ਪੁਰਖ (ਦਾ ਰੂਪ) ਗੁਰੂ (ਹੈ, ਗੁਰੂ) ਨਾਨਕ (ਜੀ ਦੀ) ਸੇਵਾ ਕੀਤਿਆਂ ਕੀ ਕੁਝ ਨਹੀਂ ਲਭਦਾ ? (ਅਰਥਾਤ ਸਭ ਕੁਝ ਮਿਲ ਜਾਂਦਾ ਹੈ) ॥੨੦॥

**ਅਧਰੰ ਧਰੰ ਧਾਰਣਹ ਨਿਰਧਨੰ ਧਨ ਨਾਮ ਨਰਹਰਹ ॥**

ਨਿਆਸਰਿਆਂ ਨੂੰ ਆਸਰਾ ਦੇ ਕੇ ਧਾਰਨ ਵਾਲਾ ਅਤੇ ਕੰਗਾਲਾਂ ਨੂੰ ਧਨ (ਦੇਣ ਵਾਲਾ) [ਨਰਹਰਹ] ਪ੍ਰਮਾਤਮਾ ਦਾ ਨਾਮ ਹੈ ।

Sri Satguru Jagjit Singh Ji eLibrary NamdhariElibrary@gmail.com

**ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ ॥**

ਅਨਾਥਾਂ ਦਾ ਨਾਥ ਗੋਬਿੰਦ ਹੈ, ਅਤੇ ਬਲ ਹੀਣਿਆਂ ਦਾ ਬਲ ਕੇਸ਼ਵ ਹੈ।

**ਸਰਬ ਭੂਤ ਦਯਾਲ ਅਚੁਤ ਦੀਨ ਬਾਂਧਵ ਦਾਮੋਦਰਹ ॥**

ਸਾਰੇ [ਭੂਤ] ਜੀਵਾਂ (ਉਤੇ) ਦਯਾ ਕਰਨ ਵਾਲਾ ਅਚੁਤ ਹੈ, ਅਤੇ ਦੀਨਾਂ ਦਾ ਬੰਧੂ ਦਾਮੋਦਰ ਹੈ।

**ਸਰਬਗ੍ਯ ਪੂਰਨ ਪੁਰਖ ਭਗਵਾਨਹ ਭਗਤਿ ਵਛਲ ਕਰੁਣਾ ਮਯਹ ॥**

ਪੂਰਨ ਪੁਰਖ ਭਗਵਾਨ [ਸਰਬਗ੍ਯ] ਸਭ ਦੀ ਜਾਨਣ ਵਾਲਾ ਹੈ, ਅਤੇ [ਕਰੁਣਾ ਮਯਹ] ਕ੍ਰਿਪਾ ਸਰੂਪ ਭਗਤਾਂ ਦਾ [ਵਛਲ=ਵਤਸਲ] ਪਿਆਰਾ ਹੈ।

**ਘਟਿ ਘਟਿ ਬਸੰਤ ਬਾਸੁਦੇਵਹ ਪਾਰਬ੍ਰਹਮ ਪਰਮੇਸੁਰਹ ॥**

(ਉਹ) ਪਾਰਬ੍ਰਹਮ ਪਰਮੇਸ਼ਰ [ਬਾਸੁਦੇਵਹ] ਵਾਹਿਗੁਰੂ ਹੀ ਘਟ ਘਟ ਵਿਚ ਵਸਦਾ ਹੈ।

**ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ**

**ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ ॥੨੧॥**

(ਉਸ) ਕ੍ਰਿਪਾਲੂ ਨਾਰਾਇਣ (ਤੋਂ ਗੁਰੂ) ਨਾਨਕ (ਤਾਂ ਏਹੋ) ਮੰਗਦਾ ਹੈ, ਕਿ [ਪ੍ਰਸਾਦੰ] ਕ੍ਰਿਪਾ ਕਰਕੇ (ਮੈਨੂੰ) ਨਾ ਭੁਲੋਂ ॥੨੧॥

**ਨਹ ਸਮਰਥੰ ਨਹ ਸੇਵਕੰ ਨਹ ਪ੍ਰੀਤਿ ਪਰਮ ਪੁਰਖੋਤਮੰ ॥**

ਹੇ ਵੱਡੇ ਤੇ ਉੱਤਮ ਪੁਰਖ (ਵਾਹਿਗੁਰੂ! ਸਾਡੇ ਵਿਚ ਕੋਈ) ਸਮਰੱਥਾ ਨਹੀਂ ਨਾ ਹੀ (ਮੈਂ) ਸੇਵਕ ਹਾਂ, ਨਾ (ਮੇਰੇ ਵਿਚ) ਪ੍ਰੀਤ ਹੈ।

**ਤਵ ਪ੍ਰਸਾਦਿ ਸਿਮਰਤੇ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰੰ ॥੨੨॥**

(ਗੁਰੂ) ਨਾਨਕ (ਜੀ ਆਖਦੇ ਹਨ) ਤੇਰੀ ਕ੍ਰਿਪਾ (ਨਾਲ) ਗੁਰਾਂ ਪਾਸੋਂ (ਮਿਲਿਆ) ਹਰਿ ਹਰਿ ਨਾਮ ਸਿਮਰਦੇ ਹਾਂ ॥੨੨॥

**ਭਰਣ ਪੋਖਣ ਕਰੰਤ ਜੀਆ ਬਿਸ੍ਰਾਮ ਛਾਦਨ ਦੇਵੰਤ ਦਾਨੰ ॥**

(ਜੋ) ਜੀਵਾਂ ਦੀ [ਭਰਣ ਪੋਖਣ] ਉਤਪਤੀ ਪਾਲਣਾ ਕਰਦਾ ਹੈ ਅਤੇ [ਬਿਸ੍ਰਾਮ] ਸੁਖ ਤੇ [ਛਾਦਨ] ਕਪੜਿਆਂ ਦਾ ਦਾਨ ਦੇਂਦਾ ਹੈ।

**ਸ੍ਰਿਜੰਤ ਰਤਨ ਜਨਮ ਚਤੁਰ ਚੇਤਨਹ ॥**

(ਜਿਸ ਨੇ) [ਚੇਤਨ] ਸਮਝ ਵਾਲਾ ਤੇ ਚਤਰ [ਰਤਨ] ਅਮੋਲਕ (ਮਨੁੱਖ) ਜਨਮ [ਸ੍ਰਿਜੰਤ] ਸਿਰਜਿਆ (ਬਣਾਇਆ) ਹੈ।

**ਵਰਤੰਤਿ ਸੁਖ ਆਨੰਦ ਪ੍ਰਸਾਦਹ ॥**

(ਉਸੇ ਦੀ) ਕ੍ਰਿਪਾ ਨਾਲ (ਜੀਵ) ਸੁਖ ਅਨੰਦ ਭੋਗਦਾ ਹੈ।

Sri Satguru Jagjit Singh Ji eLibrary NamdhariElibrary@gmail.com

**ਸਿਮਰੰਤ ਨਾਨਕ ਹਰਿ ਹਰਿ ਹਰੇ ॥ ਅਨਿਤ੍ ਰਚਨਾ ਨਿਰਮੋਹ ਤੇ ॥੨੩॥**

(ਗੁਰੂ) ਨਾਨਕ (ਜੀ ਆਖਦੇ ਹਨ, ਜੋ ਉਸ) ਹਰੀ (ਦਾ) ਹਰਿ ਹਰਿ (ਨਾਮ) ਸਿਮਰਦਾ (ਹੈ, ਉਹ ਇਸ) [ਅਨਿਤ੍] ਝੂਠੀ ਰਚਨਾ ਦੇ ਮੋਹ ਤੋਂ ਰਹਿਤ ਹੋ ਜਾਂਦਾ ਹੈ।

**ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥**

(ਮਹੀ×ਪਤੇ) ਪ੍ਰਿਥਵੀ ਦੇ ਮਾਲਕ ਰਾਜੇ (ਪਰਾ ਪੂਰਬੇਣ) ਪਿਛਲੇ ਜਨਮਾਂ (ਦੇ ਦਿਤੇ) ਦਾਨ (ਦਾ ਫਲ, ਇਥੇ) ਭੋਗਦੇ ਹਨ।

**ਬਿਪਰੀਤ ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ ॥੨੪॥**

(ਪਰ ਇਸ) [ਮਾਰਤ ਲੋਕਹ] ਸੰਸਾਰ ਵਿਚ (ਆ ਕੇ) ਉਲਟ ਬੁਧੀ (ਵਿਕਾਰਾਂ ਵਿਚ ਲੱਗ ਜਾਂਦੇ ਹਨ, ਗੁਰੂ) ਨਾਨਕ (ਜੀ ਆਖਦੇ ਹਨ, ਇਸ ਲਈ ਅੱਗੇ ਜਾ ਕੇ) ਬਹੁਤ ਚਿਰ (ਤੱਕ ਨਰਕਾਂ ਦਾ) ਦੁਖ ਭੋਗਦੇ ਹਨ ॥੨੪॥

**ਬ੍ਰਿਥਾ ਅਨੁਗ੍ਰਹੰ ਗੋਬਿੰਦਹ ਜਸ੍ ਸਿਮਰਣ ਰਿਦੰਤਰਹ ॥**

ਜਿਸ ਦੇ [ਰਿਦ-ਅੰਤਰ] ਹਿਰਦੇ ਸਿਮਰਨ ਵਲੋਂ [ਅੰਤਰਾ] ਫਰਕ (ਹੈ, ਉਹ) ਗੋਬਿੰਦ ਦੀ [ਅਨੁਗ੍ਰਹੰ] ਕ੍ਰਿਪਾ ਤੋਂ [ਬ੍ਰਿਥਾ] ਖਾਲੀ ਹੈ।

**ਆਰੋਗੰ ਮਹਾ ਰੋਗੰ ਬਿਸਿਮ੍ਰਿਤੇ ਕਰੁਣਾ ਮਯਹ ॥੨੫॥**

(ਜੇ ਉਹ) ਅਰੋਗ (ਭੀ ਹੈ, ਤਾਂ ਭੀ) ਵੱਡਾ ਰੋਗੀ (ਹੈ, ਕਿਉਂਕਿ) ਕ੍ਰਿਪਾ ਸਰੂਪ (ਵਾਹਿਗੁਰੂ ਉਸ ਨੂੰ) [ਬਿਸਿਮ੍ਰਿਤੇ] ਭੁੱਲਾ ਹੋਇਆ ਹੈ ॥੨੫॥

**ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ ॥**

ਕੇਵਲ (ਵਾਹਿਗੁਰੂ ਦਾ) ਕੀਰਤਨ [ਰਮਣੰ] ਕਰਦੇ ਹਨ, ਅਤੇ ਸਰੇਸ਼ਟ ਧਰਮ ਨੂੰ ਦੇਹ (ਕਰਕੇ) ਧਾਰਦੇ ਹਨ।

**ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਤੇ ॥੨੬॥**

(ਗੁਰੂ) ਨਾਨਕ (ਜੀ ਆਖਦੇ ਹਨ) ਨਰੈਣ ਦੇ ਨਾਮ—ਅੰਮ੍ਰਿਤ ਨੂੰ ਪੀਂਦੇ ਹੋਏ ਸੰਤ ਰੱਜਦੇ ਨਹੀਂ ॥੨੬॥

**ਸਹਣ ਸੀਲ ਸੰਤੰ ਸਮ ਮਿਤ੍ਰਸ੍ ਦੁਰਜਨਹ ॥**

ਸੰਤ ਦਾ [ਸੀਲ] ਸੁਭਾਵ ਸਹਾਰੇ (ਹੈ, ਇਸ ਲਈ ਉਹ) ਮਿੱਤਰ ਤੇ ਦੁਸ਼ਮਣ ਨੂੰ ਇਕ ਸਮਾਨ (ਜਾਣਦੇ ਹਨ)।

**ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ ॥੨੭॥**

(ਗੁਰੂ) ਨਾਨਕ (ਜੀ ਆਖਦੇ, ਹਨ ਮਿੱਤਰ) ਅਨੇਕ ਤਰ੍ਹਾਂ ਦੇ ਭੋਜਨ (ਛਕਾਵੇ ਤਾਂ ਉਸ ਉਤੇ ਖੁਸ਼ ਨਹੀਂ ਹੁੰਦੇ, ਅਤੇ) ਨਿੰਦਕ [ਆਵਧ] ਸ਼ਸਤ੍ (ਲੈ ਕੇ ਮਾਰਨ ਲਈ) [ਉਪ×ਤਿਸਟਤੇ] ਕੋਲ ਖੜਾ ਹੋਵੇ, (ਤਾਂ ਉਸ ਨੂੰ ਵੇਖ ਕੇ ਸੰਤਾਂ ਦੇ ਮਨ ਨੂੰ ਵਿਖਾਦ ਨਹੀਂ ਹੁੰਦਾ) ॥੨੭॥

**ਤਿਰਸਕਾਰ ਨਹ ਭਵੰਤਿ ਨਹ ਭਵੰਤਿ ਮਾਨ ਭੰਗਨਹ ॥**

(ਉਨ੍ਹਾਂ) ਦਾ ਨਿਰਾਦਰ ਭੀ ਨਹੀਂ ਹੁੰਦਾ, ਅਤੇ ਮਾਨ ਭੰਗ ਭੀ ਨਹੀਂ ਹੁੰਦਾ।

**ਸੋਭਾ ਹੀਨ ਨਹ ਭਵੰਤਿ ਨਹ ਪੋਹੰਤਿ ਸੰਸਾਰ ਦੁਖਨਹ ॥**

(ਉਹ) ਸੋਭਾ ਤੋਂ ਹੀਨ ਭੀ ਨਹੀਂ ਹੁੰਦੇ ਅਤੇ ਸੰਸਾਰ ਦੇ ਦੁਖ ਭੀ ਨਹੀਂ ਪੋਹ ਸਕਦੇ।

**ਗੋਬਿੰਦ ਨਾਮ ਜਪੰਤਿ ਮਿਲਿ ਸਾਧ ਸੰਗਹ**
**ਨਾਨਕ ਸੇ ਪ੍ਰਾਣੀ ਸੁਖ ਬਾਸਨਹ ॥੨੮॥**

(ਜੋ) ਸਾਧ ਸੰਗਤ (ਨਾਲ) ਮਿਲਕੇ ਗੋਬਿੰਦ ਦਾ ਨਾਮ ਜਪਦੇ ਹਨ, (ਗੁਰੂ) ਨਾਨਕ (ਜੀ ਆਖਦੇ ਹਨ) ਉਹ ਪ੍ਰਾਣੀ (ਸਦਾ ਹੀ) ਸੁਖਾਂ ਵਿਚ ਵਸਦੇ ਹਨ ॥੨੮॥

**ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ ॥**

[ਸਮੂਹ] ਸਾਰੇ ਸਾਧ ਹੀ ਨਾ ਜਿੱਤੇ ਜਾਣ ਵਾਲੇ ਸੂਰਮਿਆਂ ਦੀ ਫੌਜ ਹੈ, ਉਨ੍ਹਾਂ ਦੇ ਤਨ ਨਿਮ੍ਰਤਾ ਦੀ [ਸੰਨਾਹੰ] ਸੰਜੋਇ ਹੈ।

**ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ ॥**

ਗੋਬਿੰਦ ਦੇ ਗੁਣ [ਰਮਣੰ] ਉਚਾਰਣ (ਰੂਪ) ਸ਼ਸਤ੍ਰ ਹੈ ਅਤੇ ਗੁਰਾਂ ਦੇ ਉਪਦੇਸ਼ (ਰੂਪ) [ਚਰਮਣਹ] ਢਾਲ ਦੀ ਓਟ ਹੈ।

SIKHBOOKCLUB.COM

**ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ ॥**

(ਸ੍ਰਵਨ ਰੂਪ) [ਅਸ੍ਵ] ਘੋੜਾ (ਮਨਨ ਰੂਪ) ਰਥ (ਤੇ ਨਿਧਯਾਸਨ ਰੂਪ) [ਨਾਗਹ] ਹਾਥੀ (ਉਤੇ) [ਆਰੂੜਤੇ] ਚੜ੍ਹੇ ਹੋਏ ਹਨ, ਅਤੇ ਪ੍ਰਭੂ ਦਾ ਜਾਨਣਾ (ਹੀ ਉਨ੍ਹਾਂ ਦਾ) ਰਸਤਾ ਹੈ।

**ਬਿਚਰਤੇ ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗੋੁਪਾਲ ਕੀਰਤਨਹ ॥**

(ਇਉਂ ਗਿਆਨ ਸਪੰਨ) ਨਿਰਭੈ (ਹੋਣਾ ਹੀ) ਦੁਸ਼ਮਣਾਂ ਦੀ ਫੌਜ (ਵਿਚ ਉਨ੍ਹਾਂ ਦਾ) ਧਾਵਾ ਕਰਨਾ ਹੈ।

**ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੰ੍ਯ ਕਰੋਤਿ ਪੰਚ ਤਸਕਰਹ ॥੨੯॥**

ਸੰਸਾਰ (ਨੂੰ ਨਾਸ ਰੂਪ ਸਮਝਣਾ ਹੀ ਉਨ੍ਹਾਂ ਨੇ) [ਬਿਸ੍ਵ] ਸਾਰੇ ਸੰਸਾਰ ਨੂੰ ਜਿੱਤ ਲਿਆ ਹੈ, (ਗੁਰੂ) ਨਾਨਕ (ਜੀ ਆਖਦੇ ਹਨ ਕਾਮਾਦਿਕ) ਪੰਜਾਂ ਚੋਰਾਂ (ਨੂੰ ਉਨ੍ਹਾਂ ਨੇ) ਵੱਸ ਵਿਚ ਕੀਤਾ ਹੋਇਆ ਹੈ ॥੨੯॥

**ਮ੍ਰਿਗ ਤ੍ਰਿਸਨਾ ਗੰਧਰਬ ਨਗਰੰ ਦ੍ਰੁਮ ਛਾਯਾ ਰਚਿ ਦੁਰਮਤਿਹ ॥**

(ਹੇ ਦੁਰਮਤੀ! ਜਿਵੇਂ) ਮ੍ਰਿਗ ਤ੍ਰਿਸ਼ਨਾ (ਦਾ ਪਾਣੀ), ਗੰਧਰਬ ਨਗਰੀ ਤੇ ਦਰੱਖਤ ਦੀ ਛਾਂ (ਦੀ) ਰਚਨਾ (ਝੂਠੀ) ਹੈ।

**ਤਤਹ ਕੁਟੰਬ ਮੋਹ ਮਿਥ੍ਯਾ ਸਿਮਰੰਤਿ ਨਾਨਕ ਰਾਮ ਰਾਮ ਨਾਮਹ ॥੩੦॥**

ਤਿਵੇਂ ਹੀ ਕੁਟੰਬ ਦਾ ਮੋਹ ਝੂਠਾ ਹੈ, (ਗੁਰੂ) ਨਾਨਕ (ਜੀ ਆਖਦੇ ਹਨ) ਰਾਮ ਰਾਮ ਨਾਮ ਦਾ ਸਿਮਰਨਾ

(ਹੀ ਸੱਚਾ ਹੈ) ॥੩੦॥

**ਨਚ ਬਿਦਿਆ ਨਿਧਾਨ ਨਿਗਮੰ ਨਚ ਗੁਣਗ੍ਯ ਨਾਮ ਕੀਰਤਨਹ ॥**

ਨਾ (ਹੀ ਮੈਂ) ਵਿਦਯਾ ਦਾ ਖਜ਼ਾਨਾ [ਨਿਗਮੰ] ਵੇਦ (ਪਾਠੀ ਹਾਂ, ਅਤੇ) ਨਾ (ਹੀ ਮੈਂ) ਗੁਣਾਂ ਦਾ ਗਿਆਤਾ ਤੇ ਨਾਮ ਦਾ ਕੀਰਤਨ (ਕਰਨ ਦੀ ਸਮਰੱਥਾ ਵਾਲਾ ਹਾਂ)।

**ਨਚ ਰਾਗ ਰਤਨ ਕੰਠੰ ਨਹ ਚੰਚਲ ਚਤੁਰ ਚਾਤੁਰਹ ॥**

ਨਾ ਹੀ ਰਤਨ (ਰੂਪ) ਰਾਗ (ਨੂੰ ਗੌਣ ਵਾਲਾ ਮੇਰਾ) ਕੰਠ ਹੈ, ਅਤੇ ਨਾ (ਹੀ ਵਿਹਾਰ ਦੀ) ਚੰਚਲਤਾ (ਹੈ, ਅਤੇ ਨਾ ਹੀ ਚਤਰਾਈ ਨੂੰ ਪਾ ਕੇ ਮੈਂ) ਚਾਤਰ ਹਾਂ।

**ਭਾਗ ਉਦਿਮ ਲਬਧੰ ਮਾਇਆ ਨਾਨਕ ਸਾਧਸੰਗਿ ਖਲ ਪੰਡਿਤਹ ॥੩੧॥**

(ਜੋ) ਭਾਗਾਂ ਤੇ ਉੱਦਮ ਨਾਲ ਮਾਇਆ ਲੱਭਦੀ ਹੈ (ਮੈਂ ਉਸ) ਮਾਇਆ ਵਾਲਾ ਭੀ ਨਹੀਂ ਹਾਂ (ਗੁਰੂ) ਨਾਨਕ (ਜੀ ਆਖਦੇ ਹਨ) ਸੰਤਾਂ ਨਾਲ ਮਿਲ ਕੇ ਮੂਰਖ ਭੀ ਪੰਡਤ (ਹੋ ਜਾਂਦੇ ਹਨ, ਮੈਨੂੰ ਭੀ ਆਪਣੇ ਸੰਤਾਂ ਦਾ ਸੰਗ ਬਖਸ਼ੋ) ॥੩੧॥

**ਕੰਠ ਰਮਣੀਯ ਰਾਮ ਰਾਮ ਮਾਲਾ ਹਸਤ ਊਚ ਪ੍ਰੇਮ ਧਾਰਣੀ ॥**

ਕੰਠ (ਵਿਚ ਜੋ) ਰਾਮ (ਦਾ) ਉਚਾਰਣਾ ਹੈ, ਏਹੋ) ਮਾਲਾ ਹੈ, ਅਤੇ ਹੱਥ ਉਤੇ ਪਾਉਣ (ਵਾਲੀ ਗੋਮੁਖ ਗੁੱਥੀ) ਪ੍ਰੇਮ ਹੈ।

**ਜੀਹ ਭਣਿ ਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ ॥੩੨॥**

ਜੀਭ ਨਾਲ ਜੋ ਉੱਤਮ (ਪੁਰਖ ਵਾਹਿਗੁਰੂ ਦਾ) [ਸਲੋਕ] ਜਸ ਉਚਾਰਦੇ ਹਾਂ, (ਇਉਂ) ਅੱਖਾਂ ਨੂੰ [ਨੰਦਨੀ] ਪ੍ਰਸੰਨ ਕਰਨ ਵਾਲੀ (ਮਾਯਾ ਤੋਂ) ਬਚ ਗਏ ਹਾਂ ॥੩੨॥

**ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥**

ਜੋ ਪ੍ਰਾਣੀ ਗੁਰਮੰਤ੍ਰ ਤੋਂ ਹੀਣਾ (ਨਿਗੁਰਾ) ਹੈ, (ਉਸ ਦੇ) ਜਨਮ ਨੂੰ ਧ੍ਰਿਕਾਰ (ਹੈ, ਉਸ ਦੇ ਕਰਤਬ) ਭ੍ਰਸ਼ਟ ਹਨ।

**ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥**

ਕੁੱਤੇ, ਸੂਰ, ਖੋਤੇ, ਕਾਂ, ਸੱਪ ਦੇ ਬਰਾਬਰ (ਉਸ) ਮੂਰਖ (ਦਾ ਜਨਮ ਹੈ) ॥੩੩॥

**ਚਰਣਾਰਬਿੰਦ ਭਜਨੰ ਰਿਦਯੰ ਨਾਮ ਧਾਰਣਹ ॥**

(ਜੋ ਕਰਤਾਰ ਦੇ) [ਚਰਨ×ਅਰਬਿੰਦ] ਚਰਣ ਕਮਲ ਹਿਰਦੇ ਵਿਚ ਧਾਰਣ (ਕਰਕੇ ਜੀਭ ਨਾਲ ਉਸ ਨੂੰ) [ਭਜਨੰ] ਜਪਦੇ ਹਨ।

**ਕੀਰਤਨੰ ਸਾਧਸੰਗੇਣ ਨਾਨਕ ਨਹ ਦ੍ਰਿਸਟੰਤਿ ਜਮਦੂਤਨਹ ॥੩੪॥**

(ਗੁਰੂ) ਨਾਨਕ ਜੀ (ਆਖਦੇ ਹਨ) ਸਾਧ ਸੰਗਤਿ (ਵਿਚ ਜਾ ਕੇ ਜੋ) ਕੀਰਤਨ (ਕਰਦਾ ਹੈ) ਉਹ ਜਮਾਂ ਦੇ ਦੂਤਾਂ ਨੂੰ ਵੇਖਦਾ ਹੈ ॥੩੪॥

**ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ ॥**

ਧਨ (ਵਾਨ ਹੋਣਾ) ਮੁਸ਼ਕਲ ਨਹੀਂ ਹੈ, ਰੂਪ (ਵਾਨ ਹੋਣਾ ਭੀ) ਦੁਰਲਭ (ਨਹੀਂ ਹੈ,) ਸ੍ਵਰਗ ਦਾ ਰਾਜਾ (ਹੋ ਜਾਣਾ ਭੀ ਕੋਈ) ਦੁਰਲਭ ਨਹੀਂ ਹੈ ।

**ਨਚ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ ॥**

(ਅਨੇਕ ਤਰ੍ਹਾਂ ਦੇ) ਭੋਜਨ ਤੇ [ਬਿੰਜਨੰ] ਸਲੂਣੇ (ਛਕਣੇ ਕੋਈ) ਦੁਰਲਭ ਨਹੀਂ ਹਨ, ਅਤੇ ਸ੍ਵਛ [ਅੰਬਰਹ] ਕਪੜਿਆਂ (ਦਾ ਪ੍ਰਾਪਤ ਹੋਣਾ ਭੀ) ਦੁਰਲਭ ਨਹੀਂ ਹੈ ।

**ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ ਨਚ ਦੁਰਲਭੰ ਬਨਿਤਾ ਬਿਲਾਸਹ ॥**

ਪੁੱਤਰ, ਮਿੱਤਰ, ਭਰਾ ਤੇ ਸਬੰਧੀਆਂ (ਦਾ ਪ੍ਰਾਪਤ ਹੋਣਾ ਭੀ) ਦੁਰਲਭ ਨਹੀਂ ਹੈ ਅਤੇ ਇਸਤ੍ਰੀ ਦਾ ਅਨੰਦ ਭੀ ਦੁਰਲਭ ਨਹੀਂ ਹੈ ।

**ਨਚ ਦੁਰਲਭੰ ਬਿਦਿਆ ਪ੍ਰਬੀਣੰ ਨਚ ਦੁਰਲਭੰ ਚਤੁਰ ਚੰਚਲਹ ॥**

ਵਿਦਯਾ ਵਿਚ ਪ੍ਰਬੀਨ ਹੋਣਾ ਭੀ ਦੁਰਲਭ ਨਹੀਂ ਅਤੇ ਚਤਰਾਈ ਤੇ ਚੰਚਲਤਾ ਭੀ ਦੁਰਲਭ ਨਹੀਂ ਹੈ ।

**ਦੁਰਲਭੰ ਏਕ ਭਗਵਾਨ ਨਾਮਹ**
**ਨਾਨਕ ਲਬਧਿੵੰ ਸਾਧਸੰਗਿ ਕ੍ਰਿਪਾ ਪ੍ਰਭੰ ॥੩੫॥**

ਦੁਰਲਭ ਤਾਂ ਇਕ ਕਰਤਾਰ ਦਾ ਨਾਮ ਹੈ, (ਗੁਰੂ) ਨਾਨਕ (ਜੀ ਆਖਦੇ ਹਨ,) ਸਾਧ ਸੰਗਤਿ (ਵਿਚੋਂ) ਪ੍ਰਭੂ ਦੀ ਕਿਰਪਾ ਨਾਲ ਮਿਲਦਾ ਹੈ ॥੩੫॥

**ਜਤ ਕਤਹ ਤਤਹ ਦ੍ਰਿਸਟੰ ਸ੍ਵਰਗ ਮਰਤ ਪਯਾਲ ਲੋਕਹ ॥**

ਜਿਥੇ ਕਿਵੇਂ ਵੇਖਦੇ ਹਾਂ, [ਤਤਹ] ਉਥੇ ਹੀ ਸ੍ਵਰਗ ਲੋਕ, ਮਾਤ ਲੋਕ ਤੇ ਪਤਾਲ ਲੋਕ ਵਿਚ—

**ਸਰਬਤ੍ਰ ਰਮਣੰ ਗੋਬਿੰਦਹ ਨਾਨਕ ਲੇਪ ਛੇਪ ਨ ਲਿਪ੍ਤੇ ॥੩੬॥**

ਸਭ ਜਗ੍ਹਾ ਤੇ ਗੋਬਿੰਦ ਰਮਿਆ ਹੋਇਆ ਹੈ, (ਗੁਰੂ) ਨਾਨਕ (ਜੀ ਆਖਦੇ ਹਨ, ਕਿ ਮਾਇਆ ਦੇ) ਲੇਪ ਛੇਪ (ਉਸ ਨੂੰ ਲਗਦੇ) ਨਹੀਂ ਹਨ ॥੩੬॥

**ਬਿਖਯਾ ਭਯੰਤਿ ਅੰਮ੍ਰਿਤੰ ਦ੍ਰੁਸਟਾਂ ਸਖਾ ਸ੍ਵਜਨਹ ॥**

ਜ਼ਹਿਰ ਅੰਮ੍ਰਿਤ [ਭਯੰਤਿ] ਹੋ ਜਾਂਦੀ ਹੈ ਅਤੇ ਦੁਸ਼ਟ (ਪੁਰਸ਼) ਪਿਆਰੇ ਮਿੱਤਰ (ਹੋ ਜਾਂਦੇ ਹਨ)।

**ਦੁਖੰ ਭਯੰਤਿ ਸੁਖੵੰ ਭੈ ਭੀਤੰ ਤ ਨਿਰਭਯਹ ॥**

ਦੁਖ, ਸੁਖ ਹੋ ਜਾਂਦਾ ਹੈ ਅਤੇ ਡਰੌਣੀ ਜਗ੍ਹਾ ਡਰ ਰਹਿਤ ਹੋ ਜਾਂਦੀ ਹੈ।

**ਥਾਨ ਬਿਹੂਨ ਬਿਸ੍ਰਾਮ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰਹ ॥੩੭॥**

ਨਿਥਾਵਿਆਂ ਨੂੰ ਸ਼ਾਂਤੀ (ਦੇਣ ਵਾਲਾ) ਨਾਮ (ਹੈ; ਗੁਰੂ) ਨਾਨਕ (ਜੀ ਆਖਦੇ ਹਨ) ਗੁਰੂ ਕ੍ਰਿਪਾਲ (ਹੋਣ ਤਾਂ) ਹਰਿ ਹਰਿ (ਨਾਮ ਦਾ ਜਾਪ ਮਿਲਦਾ ਹੈ, ਫਿਰ ਇਹ ਸਭ ਖੇਡਾਂ ਹੋ ਜਾਂਦੀਆਂ ਹਨ) ॥੩੭॥

Sri Satguru Jagjit Singh Ji eLibrary NamdhariElibrary@gmail.com

**ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ ॥**

ਹੇ ਸਾਰਿਆਂ ਨੂੰ ਸੀਲ (ਦੇਣ ਵਾਲੇ !) ਮੈਨੂੰ ਭੀ [ਸੀਲੰ] ਧਰਮ (ਦੇਹੁ ਅਤੇ ਹੇ ਸਾਰਿਆਂ ਨੂੰ ਪਵਿੱਤਰ (ਕਰਨ ਵਾਲੇ !) ਮੈਨੂੰ ਭੀ ਪਵਿੱਤਰ ਕਰ।

**ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਤੇ ॥੩੮॥**

ਹੇ ਸਾਰਿਆਂ ਦੇ ਕਰਤਬ (ਸਫਲ ਕਰਨ ਵਾਲੇ ! ਤੂੰ) ਮੇਰੇ ਕੀਤੇ (ਕਰਮ ਭੀ ਸਫਲੇ ਕਰ)। (ਗੁਰੂ) ਨਾਨਕ (ਜੀ ਆਖਦੇ ਹਨ, ਹੇ ਪ੍ਰਭੂ ! ਤੈਨੂੰ ਮਾਯਾ ਦੇ) ਲੇਪਾਂ (ਦਾ ਕੋਈ) [ਛੇਪ] ਦਾਗ ਨਹੀਂ [ਲਿਪ੍ਤੇ] ਲਗਦਾ ॥੩੮॥

**ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ ॥**

(ਮਨ ਨੂੰ) ਸੀਤਲ ਕਰਨ ਵਾਲਾ ਚੰਦ੍ਰਮਾ ਨਹੀਂ ਹੈ, ਬਾਵਨ ਚੰਦਨ ਭੀ (ਮਨ ਨੂੰ) ਸ਼ਾਂਤਿ ਨਹੀਂ ਕਰਦਾ।

**ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ ॥੩੯॥**

ਸਰਦ ਰੁਤ (ਮੱਘਰ ਪੋਹ) ਭੀ ਸੀਤਲ ਨਹੀਂ ਹੈ, (ਗੁਰੂ) ਨਾਨਕ (ਜੀ ਆਖਦੇ ਹਨ ਕਿ ਮਨ ਨੂੰ) ਸੀਤਲ (ਕਰਨ ਵਾਲੇ ਤਾਂ) ਸੰਤ ਸੱਜਣ (ਜਨ, ਜੋ ਈਰਖਾ ਤੇ ਮਾਇਆ ਦੀ ਤਪਸ਼ ਦੂਰ ਕਰਦੇ ਹਨ) ॥੩੯॥

**ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥**

ਰਾਮ ਰਾਮ ਨਾਮ (ਹੀ) ਮੰਤ੍ਰ (ਹੈ, ਅਤੇ) ਸਭ ਜਗ੍ਹਾ ਪੂਰਨ (ਜਾਨਣਾ ਹੀ) ਧਿਆਨ ਹੈ।

**ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥**

ਦੁਖ ਸੁਖ (ਨੂੰ) ਸਮ (ਜਾਨਣਾ) ਗਿਆਨ ਹੈ, ਨਿਰਮਲ ਤੇ ਨਿਰਵੈਰ ਨਾਲ [ਜੁਗਤਿ] ਜੁੜੇ ਹੋਏ ਹਨ।

**ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥**

ਸਾਰੇ ਜੀਵਾਂ ਉਤੇ ਦਿਆਲੂ ਹਨ ਅਤੇ ਪੰਜਾਂ ਵਿਕਾਰਾਂ (ਵੱਲੋਂ ਮਨ ਨੂੰ) ਰੋਕਿਆ ਹੋਇਆ ਹੈ।

**ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥**

ਗੋਪਾਲ ਦੇ ਕੀਰਤਨ ਦਾ ਹੀ ਭੋਜਨ (ਕਰਦੇ ਹਨ, ਅਤੇ) ਪਾਣੀ ਵਿਚ ਕਮਲ ਰਹਿਣ (ਵਾਂਗ) ਮਾਇਆ ਵਿਚ ਅਲੇਪ (ਰਹਿੰਦੇ ਹਨ)।

**ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥**

ਮਿਤ੍ਰਾਂ ਤੇ ਦੁਸ਼ਮਨਾਂ ਨੂੰ ਸਮਾਨ ਹੀ ਉਪਦੇਸ਼ (ਦੇਂਦੇ) ਹਨ, (ਅਤੇ) ਭਗਵੰਤ ਭਗਤੀ ਦੀ [ਭਾਵਨੀ] ਸ਼ਰਧਾ (ਰਖਦੇ ਹਨ)।

**ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ ॥**

ਪਰਾਈ ਨਿੰਦਾ [ਸ੍ਰਵਣ] ਕੰਨੀਂ [ਸ੍ਰੋਤਿ] ਸੁਣਦੇ, ਅਤੇ [ਆਪੁ] ਹੰਕਾਰ ਛੱਡ ਕੇ (ਆਪ ਨੂੰ) ਸਾਰਿਆਂ ਦੀ [ਰੇਣੁ] ਖਾਕ ਮੰਨਦੇ ਹਨ।

**ਖਟ ਲਖ੍ਹਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥੪੦॥**

(ਜੋ ਇਨ੍ਹਾਂ) ਛੇਆਂ ਲੱਛਣਾਂ ਵਿਚ ਪੁਰਖ ਪੂਰਨ ਹੈ, (ਗੁਰੂ) ਨਾਨਕ (ਜੀ ਆਖਦੇ ਹਨ, ਉਸ ਦਾ) ਨਾਮ ਸਾਧ ਸੱਜਣ ਹੈ ॥੪੦॥

**ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ ॥**

(ਜਿਵੇਂ) [ਅਜਾ] ਬੱਕਰੀ ਨੂੰ ਕੰਦ ਮੂਲ ਖੁਆ ਕੇ [ਕੇਹਰ] ਸ਼ੇਰ ਦੇ ਕੋਲ ਬੰਨ੍ਹਿਆਂ (ਜਾਵੇ, ਤਾਂ ਉਸ ਨੂੰ ਖਾਧਾ ਪੀਤਾ ਕੁਝ ਨਹੀਂ ਲੱਗਦਾ)।

**ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ ॥੪੧॥**

[ਤਤ੍ਰ ਗਤੇ] ਓਹੀ ਦਸ਼ਾ ਸੰਸਾਰ (ਦੀ ਹੈ, ਗੁਰੂ) ਨਾਨਕ (ਜੀ ਆਖਦੇ ਹਨ, ਜੋ ਕਦੇ) ਹਰਖ (ਹੁੰਦਾ ਹੈ, ਤਾਂ ਨਾਲ) ਸੋਗ ਆ ਵਿਆਪਦਾ ਹੈ ॥੪੧॥

**ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲਬਿਖ ਮਲੰ ॥**

(ਜੋ ਦੂਜਿਆਂ ਨਾਲ) ਛਲ ਕਰਦਾ ਹੈ, ਦੂਜਿਆਂ ਦੇ ਦੋਸ਼ (ਢੂੰਢਦਾ ਹੈ) ਕ੍ਰੋੜਾਂ (ਦੇ ਹੀ ਕੰਮਾਂ ਵਿਚ) ਵਿਘਨ (ਪਾਂਦਾ) ਜ਼ੁਲਮ (ਕਰਦਾ, ਅਤੇ) ਪਾਪਾਂ ਨਾਲ ਮਲੀਨ ਹੈ।

**ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਿਤੰ ॥**

ਭਰਮ, ਮੋਹ, ਮਾਨ ਤੇ ਅਪਮਾਨ, ਹੰਕਾਰ ਤੇ ਮਾਇਆ ਵਿਚ ਫਸਿਆ ਹੋਇਆ ਹੈ।

**ਮ੍ਰਿਤ੍ਯੁ ਜਨਮ ਭ੍ਰਮੰਤਿ ਨਰਕਹ ਅਨਿਕ ਉਪਾਵੰ ਨ ਸਿਧ੍ਯਤੇ ॥**

(ਉਹ) ਮਰਨ ਜੰਮਣ (ਵਿਚ) ਭੌਂਦਾ (ਹੋਇਆ) ਨਰਕਾਂ (ਵਿਚ ਪੈਂਦਾ ਹੈ) ਅਨੇਕਾਂ ਉਪਾਵ (ਕਰਕੇ ਭੀ ਉਨ੍ਹਾਂ ਤੋਂ) ਛੁਟਕਾਰਾ ਨਹੀਂ ਪਾ ਸਕਦਾ।

**ਨਿਰਮਲੰ ਸਾਧ ਸੰਗਹ ਜਪੰਤਿ ਨਾਨਕ ਗੋਪਾਲ ਨਾਮੰ ॥**

(ਗੁਰੂ) ਨਾਨਕ (ਜੀ ਆਖਦੇ ਹਨ) ਨਿਰਮਲ ਸਾਧ ਸੰਗਤਿ (ਵਿਚ ਜਾ ਕੇ) ਗੋਪਾਲ ਦਾ ਨਾਮ ਜਪੋ।

**ਰਮੰਤਿ ਗੁਣ ਗੋਬਿੰਦ ਨਿਤ ਪ੍ਰਤਹ ॥੪੨॥**

(ਅਤੇ) ਗੋਬਿੰਦ ਦੇ ਗੁਣ ਰੋਜ਼ ਦਾ ਰੋਜ਼ ਉਚਾਰਨ ਕਰੇ (ਤਾਂ ਨਰਕਾਂ ਤੋਂ ਬਚ ਸਕੇਗਾ) ॥੪੨॥

**ਤਰਣ ਸਰਣ ਸੁਆਮੀ ਰਮਣ ਸੀਲ ਪਰਮੇਸੁਰਹ ॥**

[ਰਮਣ] ਵਿਆਪਕਤਾ [ਸੀਲ] ਧਰਮ ਵਾਲੇ ਪਰਮੇਸ਼ਰ ਦੀ ਸ਼ਰਨ (ਪਿਆਂ ਹੀ ਸੰਸਾਰ ਸਮੁੰਦਰ ਤੋਂ) ਤਰਨਾ (ਹੁੰਦਾ ਹੈ)।

**ਕਰਣ ਕਾਰਣ ਸਮਰਥਹ ਦਾਨੁ ਦੇਤ ਪ੍ਰਭੁ ਪੂਰਨਹ ॥**

(ਜੋ) [ਕਾਰਣ] ਪ੍ਰਪੰਚ ਦੇ ਕਰਨ ਵਾਲਾ (ਹੈ, ਓਹੀ) ਪੂਰਨ ਪ੍ਰਭੂ (ਸਭ ਨੂੰ) ਦਾਨ ਦੇਂਦਾ ਹੈ।

**ਨਿਰਾਸ ਆਸ ਕਰਣੰ ਸਗਲ ਅਰਥ ਆਲਯਹ ॥**

ਨਿਰਾਸਾਂ ਦੀ ਆਸ (ਪੂਰੀ) ਕਰਨ ਵਾਲਾ ਹੈ, ਅਤੇ ਸਾਰੇ [ਅਰਥ] ਪਦਾਰਥਾਂ ਦਾ [ਆਲਯਹ] ਘਰ ਹੈ।

## ਗੁਣ ਨਿਧਾਨ ਸਿਮਰੰਤਿ ਨਾਨਕ ਸਗਲ ਜਾਚੰਤ ਜਾਚਿਕਹ ॥੪੩॥

(ਉਸ) ਗੁਣਾਂ ਦੇ ਖਜ਼ਾਨੇ ਨੂੰ ਸਿਮਰੋ, (ਗੁਰ) ਨਾਨਕ (ਜੀ ਆਖਦੇ ਹਨ, ਜਿਸ ਕੋਲੋਂ) ਸਾਰਾ (ਜਗਤ ਹੀ) ਮੰਗਤਾ ਹੋ ਕੇ ਮੰਗਦਾ ਹੈ ॥੪੩॥

## ਦੁਰਗਮ ਸਥਾਨ ਸੁਗਮੰ ਮਹਾ ਦੂਖ ਸਰਬ ਸੂਖਣਹ ॥

(ਜਿਸ) ਜਗ੍ਹਾ ਤੇ [ਦੁਰ×ਗਮ] ਪਹੁੰਚਣਾ ਔਖਾ ਹੈ, ਉਹ ਸੌਖਾ (ਹੋ ਜਾਂਦਾ ਹੈ, ਅਤੇ) ਵੱਡੇ-ਵੱਡੇ ਡਰੌਣੇ ਦੁਖ ਸਾਰੇ ਹੀ ਸੁਖ ਹੋ ਜਾਂਦੇ ਹਨ।

## ਦੁਰਬਚਨ ਭੇਦ ਭਰਮੰ ਸਾਕਤ ਪਿਸਨੰ ਤ ਸੁਰਜਨਹ ॥

[ਦੁਰ] ਬੁਰੇ ਬਚਨ (ਬੋਲਣ ਵਾਲਾ) [ਭੇਦ] ਪਾਟਕ (ਤੇ) ਭਰਮ (ਜਾਣ ਵਾਲਾ) ਸਾਕਤ ਤੇ [ਪਿਸਨੰਤ] ਚੁਗਲ (ਪੁਰਸ਼) [ਸੁਰ] ਭਲਾ ਪੁਰਸ਼ (ਹੋ ਜਾਂਦਾ ਹੈ)।

## ਅਸਥਿਤੰ ਸੋਗ ਹਰਖੰ ਭੈ ਖੀਣੰ ਤ ਨਿਰਭਵਹ ॥

ਸੋਗ ਤੇ ਹਰਖ (ਵਿਚ ਮਨ) ਅਚੱਲ (ਰਹਿੰਦਾ ਹੈ, ਅਤੇ) ਡਰ ਨਾਸ ਹੋ ਕੇ ਅ-ਡਰ (ਨਿਰਭੈ) ਪਦਵੀ ਪ੍ਰਾਪਤ ਹੋ ਜਾਂਦੀ ਹੈ।

## ਭੈ ਅਟਵੀਅੰ ਮਹਾ ਨਗਰ ਬਾਸੰ ਧਰਮ ਲਖ੍ਣ ਪ੍ਰਭ ਮਇਆ ॥

ਵੱਡੀ ਡਰੌਣੀ [ਅਟਵੀਅੰ] ਉਜਾੜ ਵਸਦੇ ਨਗਰ (ਵਾਂਗ ਹੋ ਜਾਂਦੇ ਹਨ, ਇਹ) ਧਰਮ (ਪ੍ਰਾਪਤੀ ਦੇ) ਲੱਛਣ (ਹਨ, ਜੋ ਧਰਮ) ਪ੍ਰਭੂ ਦੀ ਕ੍ਰਿਪਾ (ਨਾਲ ਮਿਲਦਾ ਹੈ)।

## ਸਾਧ ਸੰਗਮ ਰਾਮ ਰਾਮ ਰਮਣੰ
## ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ ॥੪੪॥

ਸਾਧ ਸੰਗਤਿ (ਵਿਚ ਜਾ ਕੇ) ਰਾਮ ਰਾਮ (ਦਾ) ਉਚਾਰਣਾ, ਅਤੇ ਹਰ (ਤਰ੍ਹਾਂ ਕਰਕੇ) ਹਰੀ ਦਿਆਲੂ ਦੇ ਚਰਨਾਂ ਦੀ ਸ਼ਰਨ (ਵਿਚ ਪਿਆਂ ਹੀ ਧਰਮ ਪ੍ਰਾਪਤ ਹੁੰਦਾ ਹੈ)।

## ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ ॥

ਹੇ [ਸੰਗ੍ਰਾਮੰ] ਲੜਾਈ ਵਿਚ [ਅਜਿਤ] ਨਾ ਜਿੱਤੇ ਜਾਣ ਵਾਲੇ (ਵਿਕਾਰਾਂ ਰੂਪ) ਸੂਰਮਿਓ! ਵੱਡੇ-ਵੱਡੇ ਬਹੁਤੇ ਬਲਵਾਨਾਂ (ਨੂੰ ਤੁਸਾਂ) [ਮਰਦਨਹ] ਮਲ ਦਿਤਾ ਹੈ।

## ਗਣ ਗੰਧਰਬ ਦੇਵ ਮਾਨੁਖੰ ਪਸੁ ਪੰਖੀ ਬਿਮੋਹਨਹ ॥

ਗਣ, ਗੰਧਰਬ, ਦੇਵਤੇ, ਮਨੁਖ, ਪਸ਼ੂ ਤੇ ਪੰਛੀਆਂ (ਨੂੰ ਭੀ ਤੁਸਾਂ) ਮੋਹ (ਆਪਣੇ ਵਸ ਕਰ) ਲਿਆ ਹੋਇਆ ਹੈ।

## ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸੁਰਹ ॥੪੫॥

(ਤੁਹਾਡੇ ਕਰਨ ਵਾਲੇ) ਹਰੀ ਨੂੰ ਨਮਸ਼ਕਾਰ ਹੈ, (ਗੁਰੂ) ਨਾਨਕ (ਜੀ ਆਖਦੇ ਹਨ, ਕਿਉਂਕਿ ਉਸ) ਜਗਤ ਦੇ ਈਸ਼੍ਵਰ ਦੀ ਸ਼ਰਨੀ (ਪਿਆਂ ਹੀ ਤੁਹਾਥੋਂ ਛੁਟਕਾਰਾ ਹੋ ਸਕਦਾ ਹੈ) ॥੪੫॥

**ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥**

ਹੇ ਕਾਮ! (ਤੂੰ ਆਪਣੇ ਪਿਆਰਿਆਂ ਨੂੰ) ਨਰਕ ਵਿਚ ਵਸਾਉਂਦਾ ਹੈਂ ਅਤੇ ਬਹੁਤੀਆਂ ਜੂਨਾਂ ਵਿਚ ਭੁਆਉਂਦਾ ਹੈਂ।

**ਚਿਤ ਹਰਣੰ ਤ੍ਰੈ ਲੋਕ ਗੰਮ੍ਯ੍ੰ ਜਪ ਤਪ ਸੀਲ ਬਿਦਾਰਣਹ ॥**

(ਤੂੰ) ਚਿੱਤ ਹਰ ਲੈਂਦਾ ਹੈਂ, ਤਿੰਨਾਂ ਲੋਕਾਂ (ਵਿਚ ਤੇਰੀ) [ਗੰਮ੍ਯ੍ੰ] ਪਹੁੰਚ ਹੈ, (ਅਤੇ ਤੂੰ) ਜਪ ਤਪ ਤੇ ਧਰਮ ਨੂੰ ਨਾਸ਼ ਕਰਦਾ ਹੈਂ।

**ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥**

(ਤੂੰ ਆਪਣੇ) ਥੋੜੇ (ਜਹੇ) ਸੁਖ (ਬਦਲੇ ਪੁਰਸ਼ ਨੂੰ) [ਅਵਿਤ] ਕੰਗਾਲ (ਕਰ ਦੇਂਦਾ ਹੈ ਅਤੇ ਹੇ) ਚੰਚਲ! (ਤੂੰ) ਊਚ-ਨੀਚ ਵਿਚ ਸਮਾ ਰਿਹਾ ਹੈਂ।

**ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥੪੬॥**

ਤੇਰਾ ਡਰ ਨਾਸ ਕਰਨ ਵਾਲੀ ਸਾਧ ਸੰਗਤਿ ਹੈ, (ਗੁਰੂ) ਨਾਨਕ (ਜੀ ਆਖਦੇ ਹਨ, ਜਿਸ ਨੂੰ) ਨਾਰਾਇਣ (ਦੇ ਨਾਮ ਦੀ) ਓਟ (ਹੈ, ਉਸ ਉਤੇ ਤੇਰਾ ਜ਼ੋਰ ਨਹੀਂ ਚਲ ਸਕਦਾ) ॥੪੬॥

**ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥**

ਹੇ [ਕਲਿ=ਕਲਹ] ਲੜਾਈ ਦੇ ਮੁਢ ਕ੍ਰੋਧ! (ਤੇਰੇ ਮਨ ਵਿਚ) ਕਦੇ ਭੀ ਕ੍ਰਿਪਾ ਨਹੀਂ ਉਪਜਦੀ।

**ਬਿਖਯੰਤ ਜੀਵੰ ਵਸ੍ਯੰ ਕਰੋਤਿ ਨਿਰਤ੍ਯੰ ਕਰੋਤਿ ਜਥਾ ਮਰਕਟਹ ॥**

ਵਿਸ਼ਈ ਜੀਵਾਂ (ਨੂੰ ਆਪਣੇ) ਵਸ ਕਰਕੇ (ਉਨ੍ਹਾਂ ਤੋਂ ਇਉਂ) ਨਾਚ ਕਰਾਂਦਾ ਹੈ ਜਿਵੇਂ [ਮਰਕਟ] ਬਾਂਦਰ (ਨੱਚਦਾ ਹੈ)।

**ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ ॥**

(ਉਸ ਨੂੰ) ਅਨੇਕਾਂ [ਸਾਸਨਾ] ਤਾੜਨਾ (ਕਰਕੇ) ਜਮਦੂਤ ਤਾੜਦੇ ਹਨ, ਜੋ ਤੇਰੀ ਸੰਗਤਿ (ਕਰਕੇ) ਪੁਰਸ਼ ਮਹਾਂ ਨੀਚ (ਹੋ ਗਿਆ ਹੈ)।

**ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯਾ ਕਰੋਤਿ ॥੪੭॥**

(ਗੁਰੂ) ਨਾਨਕ (ਜੀ ਆਖਦੇ ਹਨ) ਦੀਨਾਂ ਦਾ ਦੁਖ ਦੂਰ ਕਰਨ ਵਾਲੇ ਦਿਆਲੂ ਪ੍ਰਭੂ (ਹੀ) ਸਾਰੇ ਜੀਵਾਂ (ਦੀ ਤੇਰੇ ਤੋਂ) ਰਖਿਆ ਕਰਦੇ ਹਨ ॥੪੭॥

**ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ ॥**

ਹੇ ਲੋਭ! ਸਿਰਮੌਰ (ਪੁਰਸ਼ ਭੀ ਤੇਰੇ) ਨਾਲ ਲੰਪਟ (ਹਨ, ਤੇਰੀਆਂ) ਅਨੇਕਾਂ ਹੀ [ਲਹਰੀ] ਵਾਸ਼ਨਾ ਤੇ [ਕਲੋਲ] ਸੰਕਲਪ ਹਨ।

Sri Satguru Jagjit Singh Ji eLibrary NamdhariElibrary@gmail.com

**ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ ॥**

(ਤੇਰੀ ਸੰਗਤਿ ਕਰਕੇ) ਜੀਵ ਅਨੇਕਾਂ ਤਰ੍ਹਾਂ ਦੌੜਦਾ ਹੈ, ਅਤੇ ਅਨੇਕ ਤਰ੍ਹਾਂ ਨਾਲ ਬਹੁਤ ਹੀ ਡੋਲਦਾ ਹੈ।

**ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ ॥**

ਨਾ ਮਿੱਤਰ ਦੀ, ਨਾ [ਇਸਟੰ] ਗੁਰੂ ਦੀ, ਨਾ ਸਬੰਧੀ ਦੀ ਅਤੇ ਨਾ ਹੀ ਮਾਂ ਪਿਓ ਦੀ ਤੈਨੂੰ ਸ਼ਰਮ ਹੈ।

**ਅਕਰਣੰ ਕਰੋਤਿ ਅਖਾਦ੍ਹਿ ਖਾਦ੍ਹੰ ਅਸਾਜ੍ਹੰ ਸਾਜਿ ਸਮਜਯਾ ॥**

ਨਾ ਕਰਨ ਵਾਲੇ ਕੰਮ ਕਰਾਂਦਾ ਹੈਂ, ਨਾ ਖਾਣ ਵਾਲੇ ਪਦਾਰਥ [ਖਾਦਯ] ਖੁਆਂਦਾ ਹੈਂ, ਅਤੇ ਨਾ ਸਜਨੇ ਵਾਲੇ ਸਾਜ [ਸਮਜਯਾ] ਸਜਵਾਂਦਾ ਹੈਂ।

**ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ ॥੪੮॥**

(ਗੁਰੂ) ਨਾਨਕ (ਜੀ ਆਖਦੇ ਹਨ, ਹੇ) ਨਰਾਂ ਨੂੰ ਹਰੇ ਕਰਨ ਵਾਲਾ ਹਰੀ ਸੁਆਮੀ! (ਮੈਂ ਆਪ ਦੀ) ਸ਼ਰਨ (ਹਾਂ, ਇਸ) ਦੁਸ਼ਟ (ਪਾਸੋਂ) [ਤ੍ਰਾਹਿ] ਰਖ ਲੌਂ! ਰਖ ਲੌਂ!

**ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥**

ਹੇ ਪਾਪ ਆਤਮਾ ਹੰਕਾਰ! (ਤੂੰ ਹੀ) ਜਨਮ ਮਰਣ [ਮੂਲੰ] (ਦਾ) ਕਾਰਣ ਹੈਂ

**ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ ॥**

(ਤੂੰ) ਮਿੱਤ੍ਰਾਂ ਦਾ ਤਿਆਗ ਕਰਾਂਦਾ ਹੈਂ, ਦੁਸ਼ਮਣਾਂ ਨਾਲ ਪਿਆਰ ਕਰਦਾ ਹੈਂ, ਅਤੇ ਅਨੇਕ ਤਰ੍ਹਾਂ ਦੀ ਮਾਯਾ ਖਲੇਰਦਾ ਹੈਂ।

**ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥**

(ਤੇਰਾ ਸੰਗੀ) ਜੀਵ (ਜੂਨਾਂ ਵਿਚ) ਔਂਦਾ ਜਾਂਦਾ ਹੀ ਥੱਕ ਜਾਂਦਾ ਹੈ, ਅਤੇ ਬਹੁਤੇ ਹੀ ਦੁੱਖ ਸੁਖ ਭੋਗਦਾ ਹੈ।

**ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ ॥**

(ਅਤੇ ਚੁਰਾਸੀ ਰੂਪ) ਡਰੌਣੀ [ਉਦਿਆਨ] ਉਜਾੜ ਵਿਚ ਭੌਂਦਾ ਹੈ, (ਤੂੰ ਇਕ) [ਬਿਕਟ] ਨਾ ਹਟਣ ਵਾਲਾ ਅਸਾਧ ਰੋਗ (ਜੀਵ ਨੂੰ) [ਰਮਣੰ] ਲਗਾ ਹੋਇਆ ਹੈਂ।

**ਬੈਦ੍ਹੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ ॥੪੯॥**

(ਇਸ ਰੋਗ ਨੂੰ ਹਟਾਉਣ ਵਾਲਾ) ਵੈਦ ਪਾਰਬ੍ਰਹਮ ਪਰਮੇਸ਼ਰ ਹੈ, (ਗੁਰੂ) ਨਾਨਕ ਜੀ ਆਖਦੇ ਹਨ, (ਹੇ ਜੀਵ! ਤੂੰ) ਹਰਿ ਹਰਿ ਨਾਮ ਹੀ ਜਪ ॥੪੯॥

**ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ ॥**

ਹੇ ਪ੍ਰਾਨ ਨਾਥ ਗੋਬਿੰਦ ਜੀ! ਹੇ ਕ੍ਰਿਪਾ ਦੇ ਖਜ਼ਾਨੇ ਜਗਤ ਗੁਰੂ ਜੀ!

Sri Satguru Jagjit Singh Ji eLibrary NamdhariElibrary@gmail.com

**ਹੇ ਸੰਸਾਰ ਤਾਪ ਹਰਣਹ ਕਰੁਣਾ ਮੈ ਸਭ ਦੁਖ ਹਰੋ ॥**

ਹੇ ਸੰਸਾਰ ਦੇ ਦੁਖ ਦੂਰ ਕਰਨ ਵਾਲੇ ਕ੍ਰਿਪਾ ਰੂਪ ਜੀ! (ਮੇਰੇ) ਸਾਰੇ ਦੁਖ ਦੂਰ ਕਰੋ।

**ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ ॥**

ਹੇ ਸ਼ਰਣ (ਆਯਾਂ ਦੀ ਰਖਯਾ ਕਰਨ) ਜੋਗ ਦਿਆਲ ਜੀ! ਹੇ ਦੀਨਾ ਨਾਥ! [ਮਯਾ] ਕ੍ਰਿਪਾ ਕਰੋ, (ਅਤੇ ਏਹ ਦਾਨ ਬਖਸ਼ੋ, ਜੋ)—

**ਸਰੀਰ ਸੁਸਥ ਖੀਣ ਸਮਏ**
**ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ ॥੫੦॥**

(ਗੁਰੂ) ਨਾਨਕ ਜੀ ਆਖਦੇ ਹਨ ਸਰੀਰ ਦੇ [ਸੁਸਥ] ਅਰੋਗ ਹੋਣ (ਅਤੇ) [ਖੀਣ] ਦੁਖ ਸਮੇਂ (ਵਿਚ ਮੈਂ) ਰਾਮ ਦਮੋਦਰ, ਮਾਧਵ (ਆਦਿਕ ਨਾਮ ਹੀ) ਸਿਮਰਦਾ ਰਹਾਂ।

**ਚਰਣ ਕਮਲ ਸਰਣੰ ਰਮਣੰ ਗੋਪਾਲ ਕੀਰਤਨਹ ॥**

(ਜੋ) [ਗੋ×ਪਾਲ] ਪ੍ਰਿਥਵੀ ਪਾਲਕ (ਕਰਤਾਰ ਦੇ) ਚਰਨ-ਕਮਲਾਂ ਦੀ ਸ਼ਰਨ (ਆ ਕੇ ਉਸਦਾ ਹੀ) ਕੀਰਤਨ [ਰਮਣੰ] ਉਚਾਰਦਾ ਹੈ।

**ਸਾਧ ਸੰਗੇਣ ਤਰਣੰ ਨਾਨਕ ਮਹਾ ਸਾਗਰ ਭੈ ਦੁਤਰਹ ॥੫੧॥**

(ਗੁਰੂ) ਨਾਨਕ (ਜੀ ਆਖਦੇ ਹਨ, ਉਹ) ਸਾਧ ਸੰਗਤਿ (ਕਰਕੇ ਵਡੇ) ਡਰੌਣੇ ਤੇ ਦੁਤਰ (ਸੰਸਾਰ) ਸਮੁੰਦਰ ਤੋਂ ਤਰ ਜਾਂਦਾ ਹੈ ॥੫੧॥

**ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ ॥**

ਪਾਰਬ੍ਰਹਮ (ਦਾ ਨਾਮ ਜਪਿਆਂ) ਸਿਰ ਤੇ ਮੱਥੇ ਦੀ ਰਖਿਆ ਹੁੰਦੀ ਹੈ, ਅਤੇ (ਹੱਥਾਂ ਤੇ ਦੇਹ) ਦੀ (ਰਖਿਆ ਪਰਮੇਸ਼ਰ) ਨਾਮ ਜਪਿਆਂ (ਹੁੰਦੀ ਹੈ)।

**ਆਤਮ ਰਖ੍ਯਾ ਗੋਪਾਲ ਸੁਆਮੀ ਧਨ ਚਰਣ ਰਖ੍ਯਾ ਜਗਦੀਸ੍ਵਰਹ ॥**

[ਆਤਮ] ਮਨ ਦੀ ਰਖਯਾ ਗੋਪਾਲ ਸੁਆਮੀ (ਨੂੰ ਜਪਿਆਂ ਹੁੰਦੀ ਹੈ, ਅਤੇ) ਜਗਤ ਦੇ ਈਸ਼ਵਰ (ਨੂੰ ਅਰਾਧਿਆਂ) ਧਨ ਤੇ ਪੈਰਾਂ ਦੀ ਰੱਖਿਆ (ਹੁੰਦੀ ਹੈ)।

**ਸਰਬ ਰਖ੍ਯਾ ਗੁਰ ਦਯਾਲਹ ਭੈ ਦੂਖ ਬਿਨਾਸਨਹ ॥**

ਦਿਆਲੂ ਗੁਰੂ (ਦੀ ਸੇਵਾ ਕੀਤਿਆਂ) ਸਭ (ਚੀਜ਼ ਦੀ) ਰਖਿਆ (ਹੁੰਦੀ ਹੈ ਅਤੇ) ਡਰ ਤੇ ਦੁਖ (ਸਾਰੇ) ਮਿਟ ਜਾਂਦੇ ਹਨ।

**ਭਗਤਿ ਵਛਲ ਅਨਾਥ ਨਾਥੇ ਸਰਣਿ ਨਾਨਕ ਪੁਰਖ ਅਚੁਤਹ ॥੫੨॥**

(ਗੁਰੂ) ਨਾਨਕ (ਜੀ ਆਖਦੇ ਹਨ, ਉਸ) ਭਗਤਾਂ ਦੇ ਪਿਆਰੇ ਅਨਾਥਾਂ ਦੇ ਨਾਥ ਤੇ ਅਚੁਤ ਪੁਰਖ (ਦੀ ਅਸੀਂ) ਸ਼ਰਨੀਂ ਹਾਂ ॥੫੨॥

**ਜੇਨ ਕਲਾ ਧਾਰਿਓ ਆਕਾਸੰ ਬੈਸੰਤਰੰ ਕਾਸਟ ਬੇਸਟੰ ॥**

ਜਿਸ ਨੇ (ਆਪਣੀ) [ਕਲਾ] ਸਮਰੱਥਾ (ਨਾਲ) ਅਕਾਸ਼ ਨੂੰ ਟਿਕਾਇਆ ਹੈ ਅਤੇ ਅੱਗ ਨੂੰ [ਕਾਸਟ] ਲੱਕੜਾਂ ਵਿਚ [ਬੇਸਟੰ] ਵੇੜ੍ਹਤ ਕੀਤਾ (ਲੁਕਾਇਆ) ਹੋਇਆ ਹੈ।

**ਜੇਨ ਕਲਾ ਸਸਿ ਸੂਰ ਨਖ੍ਹਤ੍ਰ ਜੋਤ੍ਹਿੰ ਸਾਸੰ ਸਰੀਰ ਧਾਰਣੰ ॥**

ਜਿਸ ਦੀ [ਕਲਾ] ਤਾਕਤ ਨਾਲ ਚੰਦਰਮਾ, ਸੂਰਜ ਤੇ ਤਾਰੇ [ਜੋਤ੍ਹਿੰ] ਪ੍ਰਕਾਸ਼ ਰਹੇ ਹਨ ਅਤੇ ਸਵਾਸ ਸਰੀਰ ਵਿਚ ਟਿਕੇ ਹੋਏ ਹਨ।

**ਜੇਨ ਕਲਾ ਮਾਤ ਗਰਭ ਪ੍ਰਤਿਪਾਲੰ ਨਹ ਛੇਦੰਤ ਜਠਰ ਰੋਗਣਹ ॥**

ਜਿਸ ਦੀ ਸ਼ਕਤੀ (ਹੀ) ਮਾਂ ਦੇ ਪੇਟ (ਵਿਚ ਬੱਚੇ ਦੀ) ਪਾਲਣਾ ਕਰਦੀ ਹੈ, ਅਤੇ [ਜਠਰ] ਪੇਟ ਦੇ ਰੋਗ (ਬੱਚੇ ਨੂੰ) ਨਾਸ ਨਹੀਂ ਕਰ ਸਕਦੇ।

**ਤੇਨ ਕਲਾ ਅਸਥੰਭੰ ਸਰੋਵਰੰ**

**ਨਾਨਕ ਨਹ ਛਿਜੰਤਿ ਤਰੰਗ ਤੋਯਣਹ ॥੫੩॥**

ਉਸ ਦੀ ਤਾਕਤ ਨਾਲ [ਸਰੋਵਰ] ਸਮੁੰਦਰ ਟਿਕਿਆ ਹੋਇਆ ਹੈ, (ਗੁਰੂ) ਨਾਨਕ (ਜੀ ਆਖਦੇ ਹਨ, ਉਸ ਦੇ) ਪਾਣੀ ਦੀਆਂ [ਤਰੰਗ=ਲਹਿਰਾਂ] ਛੱਲਾਂ (ਜਗਤ ਦਾ) ਨਾਸ ਨਹੀਂ ਕਰ ਸਕਦੀਆਂ ॥੫੩॥

**ਗੁਸਾਂਈ ਗਰਿਸ੍ਟ ਰੂਪੇਣ ਸਿਮਰਣੰ ਸਰਬਤ੍ਰ ਜੀਵਣਹ ॥**

ਉਹ [ਗੁ×ਸਾਂਈ] ਪ੍ਰਿਥਵੀ ਦਾ ਪਾਲਕ (ਨਿਰੰਕਾਰ) [ਗਰਿਸ੍ਟ] ਵਡੇ ਰੂਪ ਵਾਲਾ ਹੈ (ਉਸੇ ਨੂੰ) ਸਾਰੇ ਜੀਵ ਸਿਮਰਦੇ ਹਨ।

SIKHBOOKCLUB.COM

**ਲਬਧ੍ਹੰ ਸੰਤ ਸੰਗੇਣ ਨਾਨਕ ਸ੍ਵਛ ਮਾਰਗ ਹਰਿ ਭਗਤਣਹ ॥੫੪॥**

(ਪਰ) ਸੰਤਾਂ ਦੇ ਸੰਗ ਵਿਚੋਂ ਮਿਲਦਾ ਹੈ, (ਗੁਰੂ) ਨਾਨਕ (ਜੀ ਆਖਦੇ ਹਨ) ਹਰੀ ਦੀ ਭਗਤੀ ਹੀ ਪਵਿੱਤਰ ਰਸਤਾ ਹੈ ॥੫੪॥

**ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ ॥**

(ਵਾਹਿਗੁਰੂ ਦੀ ਮੇਹਰ ਹੋਵੇ ਤਾਂ) ਮੱਛਰ ਪਹਾੜ ਨੂੰ ਤੋੜ ਦੇਵੇਗਾ, ਅਤੇ [ਕਰਦਮੰ] ਦਲ-ਦਲ ਨੂੰ [ਪਪੀਲਕਾ] ਕੀੜੀ ਤਰ ਜਾਵੇਗੀ।

**ਸਾਗਰੰ ਲੰਘੰਤਿ ਪਿੰਗੰ ਤਮ ਪਰਗਾਸ ਅੰਧਕਹ ॥**

ਪਿੰਗਲਾ ਸਮੁੰਦਰ ਤੋਂ ਲੰਘ ਜਾਵੇਗਾ ਤੇ ਅੰਨ੍ਹੇ ਨੂੰ ਹਨੇਰੇ ਵਿਚ ਹੀ ਚਾਨਣ ਹੋ ਜਾਵੇਗਾ।

**ਸਾਧ ਸੰਗੇਣ ਸਿਮਰੰਤਿ ਗੋਬਿੰਦ ਸਰਣਿ ਨਾਨਕ ਹਰਿ ਹਰਿ ਹਰੇ ॥੫੫॥**

(ਗੁਰੂ) ਨਾਨਕ (ਜੀ ਆਖਦੇ ਹਨ) ਸਾਧ ਸੰਗਤਿ (ਦੀ) ਸ਼ਰਨ (ਜਾ ਕੇ) ਹਰਿ ਹਰਿ ਨਾਮ ਸਿਮਰਿਆਂ (ਹੀ ਇਹ ਕੁਝ ਹੋ ਸਕਦਾ ਹੈ) ॥੫੫॥

**ਤਿਲਕ ਹੀਣੰ ਜਥਾ ਬਿਪ੍ਰਾ ਅਮਰ ਹੀਣੰ ਜਥਾ ਰਾਜਨਹ ॥**

ਟਿੱਕੇ ਤੋਂ ਬਿਨਾਂ ਜੇਹਾ ਬ੍ਰਾਹਮਣ ਅਤੇ [ਅਮਰ] ਹੁਕਮ ਤੋਂ ਬਿਨਾਂ ਜੇਹਾ ਰਾਜਾ (ਨਿਕੰਮਾ ਹੁੰਦਾ ਹੈ)।

**ਆਵਧ ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ ਬੈਸ੍ਨਵਹ ॥੫੬॥**

ਸ਼ਸਤ੍ਰ ਤੋਂ ਬਿਨਾਂ ਜੇਹਾ ਸੂਰਮਾ (ਨਿਕੰਮਾ) ਹੁੰਦਾ ਹੈ। (ਗੁਰੂ) ਨਾਨਕ (ਜੀ ਆਖਦੇ ਹਨ) ਹਾਂ ਤੇਹਾ ਧਰਮ ਤੋਂ ਹੀਨਾ [ਬੈਸ੍ਨਵਹ] ਭਗਤ (ਭੀ ਕਿਸੇ ਲੇਖੇ ਵਿਚ ਨਹੀਂ ਗਿਣਿਆ ਜਾਂਦਾ) ॥੫੬॥

**ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ॥ ਅਸ੍ਚਰਜ ਰੂਪੰ ਰਹੰਤ ਜਨਮੰ ॥**

(ਪਰਮੇਸ਼ਰ ਦੇ ਹੱਥ ਵਿਚ) ਸੰਖ ਨਹੀਂ, ਚੱਕਰ ਤੇ ਗਦਾ ਭੀ ਨਹੀਂ ਅਤੇ ਨਾ ਹੀ ਸਿਆਮ (ਮੂਰਤ ਹੈ, ਸਗੋਂ) ਰੂਪ (ਉਸ ਦਾ) ਅਸਚਰਜ ਹੈ, ਜਨਮ ਤੋਂ ਰਹਿਤ ਹੈ।

**ਨੇਤ ਨੇਤ ਕਥੰਤਿ ਬੇਦਾ ॥ ਊਚ ਮੂਚ ਅਪਾਰ ਗੋਬਿੰਦਹ ॥**

ਵੇਦ (ਉਸ ਨੂੰ) ਬੇਅੰਤ-ਬੇਅੰਤ ਆਖਦੇ ਹਨ। ਗੋਬਿੰਦ [ਮੂਚ] ਵੱਡਾ ਉੱਚਾ ਤੇ ਅੰਤ ਤੋਂ ਰਹਿਤ ਹੈ।

**ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ ਬਡਭਾਗੀਅਹ ॥੫੭॥**

ਸੰਤਾਂ ਦੇ ਹਿਰਦੇ ਵਿਚ ਵਸਦਾ ਹੈ, (ਗੁਰੂ) ਨਾਨਕ (ਜੀ ਆਖਦੇ ਹਨ, ਉਸ ਵਾਹਿਗੁਰੂ ਨੂੰ) ਵਡੇ ਭਾਗਾਂ ਵਾਲੇ ਜਾਣਦੇ ਹਨ ॥੫੭॥

**ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ ॥**

ਉਜਾੜ (ਦੇ ਸਮਾਨ ਹੀ) ਸੰਸਾਰ ਦਾ ਵਸੇਬਾ ਹੈ, (ਲੋਭੀ) ਸਬੰਧੀ [ਸ੍ਵਾਨ] ਕੁੱਤੇ, (ਦਲਿਦਰੀ) ਸਬੰਧੀ ਗਿੱਦੜ ਅਤੇ (ਮੇਹਨਤ) ਸਬੰਧੀ ਖੋਤੇ ਹਨ।

**ਬਿਖਮ ਸਥਾਨ ਮਨ ਮੋਹ ਮਦਿਰੰ ਮਹਾਂ ਅਸਾਧ ਪੰਚ ਤਸਕਰਹ ॥**

ਮੋਹ ਮਦ ਵਾਲਾ ਮਨ ਹੀ ਬਿਖਮ ਸਥਾਨ ਹੈ ਅਤੇ ਪੰਜੇ ਅਸਾਧ (ਵਿਸ਼ੇ ਹੀ) ਵਡੇ ਚੋਰ ਹਨ।

**ਹੀਤ ਮੋਹ ਭੈ ਭਰਮ ਭ੍ਰਮਣੰ ਅਹੰ ਫਾਂਸ ਤੀਖ੍ਣ ਕਠਿਨਹ ॥**

ਹਿਤੂਆਂ ਦਾ ਮੋਹ (ਤੇ ਲੋਕ ਲਾਜ ਦਾ) ਡਰ ਤੇ ਭਰਮ (ਹੀ ਇਸ ਉਜਾੜ ਦਾ) [ਭ੍ਰਮਣੰ] ਫਿਰਨਾ ਹੈ, ਹੰਕਾਰ (ਹੀ) ਪੱਕੀ ਤੇ ਤੇਜ਼ ਫਾਹੀ ਹੈ।

**ਪਾਵਕ ਤੋਅ ਅਸਾਧ ਘੋਰੰ ਅਗਮ ਤੀਰ ਨਹ ਲੰਘਨਹ ॥**

[ਅਸਾਧ] ਨਾ ਬੁਝਨ ਵਾਲੀ (ਤ੍ਰਿਸ਼ਨਾ) [ਪਾਵਕ] ਅੱਗ (ਵਡੀ) [ਘੋਰੰ] ਡਰੌਣੀ ਹੈ, (ਅਤੇ ਪਦਾਰਥਾਂ ਰੂਪ) [ਤੋਅ] ਜਲ (ਹੈ, ਜਿਸ ਦਾ) [ਤੀਰ] ਕੰਢਾ [ਅਗਮ] ਬਹੁਤ ਹੀ ਦੂਰ ਹੈ, (ਇਸ ਤੋਂ ਪਾਰ) ਨਹੀਂ ਲੰਘਿਆ ਜਾਂਦਾ।

**ਭਜੁ ਸਾਧਸੰਗਿ ਗੋੁਪਾਲ ਨਾਨਕ ਹਰਿ ਚਰਣ ਸਰਣ ਉਧਰਣ ਕ੍ਰਿਪਾ ॥੫੮॥**

(ਗੁਰੂ) ਨਾਨਕ (ਜੀ ਆਖਦੇ ਹਨ) ਸਾਧ ਸੰਗਤਿ (ਦੀ) ਚਰਨ ਸ਼ਰਨ (ਜਾ ਕੇ) ਹਰਿ (ਹਰਿ ਨਾਮ) ਜਪ, (ਕਿਉਂਕਿ ਉਸ) ਗੋਪਾਲ ਦੀ ਕ੍ਰਿਪਾ (ਨਾਲ ਹੀ ਇਸ ਸੰਸਾਰ ਤੋਂ) ਉਧਾਰ ਹੋਣਾ ਹੈ ॥੫੮॥

**ਕ੍ਰਿਪਾ ਕਰੰਤ ਗੋਬਿੰਦ ਗੋਪਾਲਹ ਸਗਲੵੰ ਰੋਗ ਖੰਡਣਹ ॥**

ਪ੍ਰਿਥਵੀ ਪਾਲਕ ਗੋਬਿੰਦ ਜੀ ਕਿਰਪਾ ਕਰਨ ਤਾਂ ਸਾਰੇ ਰੋਗ ਨਾਸ ਹੋ ਜਾਂਦੇ ਹਨ।

**ਸਾਧ ਸੰਗੇਣਿ ਗੁਣ ਰਮਤ ਨਾਨਕ ਸਰਣਿ ਪੂਰਨ ਪਰਮੇਸੁਰਹ ॥੫੯॥**

(ਗੁਰੂ) ਨਾਨਕ (ਜੀ ਆਖਦੇ ਹਨ) ਸਾਧ ਸੰਗਤਿ (ਵਿਚ ਜਾ ਕੇ) ਗੁਣਾਂ ਦਾ ਉਚਾਰਣ (ਕਰਨਾ ਹੀ) ਪੂਰਨ ਪਰਮੇਸ਼ਰ ਦੀ ਸ਼ਰਨੀ (ਪੈਣਾ ਹੈ, ਇਉਂ ਕੀਤਿਆਂ ਹੀ ਜੀਵ ਦੀ ਕਲਿਆਨ ਹੁੰਦੀ ਹੈ) ॥੫੯॥

**ਸਿਆਮਲੰ ਮਧੁਰ ਮਾਨੁਖੵੰ ਰਿਦਯੰ ਭੂਮਿ ਵੈਰਣਹ ॥**

(ਜੋ) ਰੰਗ ਦਾ ਕਾਲਾ ਤੇ ਮਧਰੇ ਕੱਦ ਵਾਲਾ ਮਨੁਖ ਹੈ, (ਉਸ ਦੇ) ਹਿਰਦੇ ਰੂਪ ਧਰਤੀ ਵਿਚ ਵੈਰ ਦਾ ਬੀਜ ਹੁੰਦਾ ਹੈ।

**ਨਿਵੰਤਿ ਹੋਵੰਤਿ ਮਿਥਿਆ ਚੇਤਨੰ ਸੰਤ ਸੁਜਨਹ ॥੬੦॥**

ਉਸ ਦਾ ਨੀਵਾਂ ਹੋਣਾ ਭੀ ਝੂਠਾ ਹੈ, ਸੰਤ ਸੱਜਣ, ਪੁਰਸ਼ਾਂ (ਨੂੰ ਇਹ ਨੀਤੀ ਬਚਨ) ਚੇਤੇ ਰਖਣੇ ਚਾਹੀਦੇ ਹਨ ॥੬੦॥

**ਅਚੇਤ ਮੂੜਾ ਨ ਜਾਣੰਤ ਘਟੰਤ ਸਾਸਾ ਨਿਤ ਪ੍ਰੀਤੇ ॥**

ਬੇਸਮਝ ਮੂਰਖ (ਏਹ) ਨਹੀਂ ਜਾਣਦਾ (ਜੋ ਮੇਰੇ) ਸਾਸ ਰੋਜ਼ ਘਟ ਰਹੇ ਹਨ।

**ਛਿਜੰਤ ਮਹਾ ਸੁੰਦਰੀ ਕਾਂਇਆ ਕਾਲ ਕੰਨਿਆ ਗ੍ਰਾਸਤੇ ॥**

ਵਡੀ ਸੋਹਣੀ ਦੇਹ ਨਾਸ ਹੁੰਦੀ (ਜਾਂਦੀ ਹੈ, ਕਿਉਂਕਿ ਇਸ ਨੂੰ) ਕਾਲ ਦੀ ਧੀ (ਬਿਰਧ ਅਵਸਥਾ) ਖਾਈ ਜਾਂਦੀ ਹੈ।

**ਰਚੰਤਿ ਪੁਰਖਹ ਕੁਟੰਬ ਲੀਲਾ ਅਨਿਤ ਆਸਾ ਬਿਖਿਆ ਬਿਨੋਦ ॥**

ਪੁਰਖ ਕੁਟੰਬ ਦੀ ਲੀਲ੍ਹਾ ਵਿਚ ਲਗਾ ਹੋਇਆ [ਅਨਿਤ] ਝੂਠੇ ਵਿਸ਼ਿਆਂ ਦੇ ਅਨੰਦਾਂ ਦੀ ਆਸਾ (ਕਰਦਾ ਹੈ)।

**ਭ੍ਰਮੰਤਿ ਭ੍ਰਮੰਤਿ ਬਹੁ ਜਨਮ ਹਾਰਿਓ ਸਰਣਿ ਨਾਨਕ ਕਰੁਣਾ ਮਯਹ ॥੬੧॥**

(ਗੁਰੂ) ਨਾਨਕ (ਜੀ ਆਖਦੇ ਹਨ, ਹੇ ਜੀਵ!) ਬਹੁਤੇ ਜਨਮਾਂ ਵਿਚ ਭੌਂਦਿਆਂ-ਭੌਂਦਿਆਂ ਹਾਰ ਗਿਆ (ਹੈਂ, ਹੁਣ ਤਾਂ) ਕ੍ਰਿਪਾ ਰੂਪ ਦੀ ਸ਼ਰਨੀ (ਪੈ ਜਾਹ, ਤਦ ਤੇਰਾ ਜਨਮ ਮਰਨ ਮਿਟ ਜਾਵੇਗਾ) ॥੬੧॥

**ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਅ ਤੁਯੰ ॥**

ਹੇ ਜੀਭ! ਹੇ ਰਸਾਂ ਦੇ ਜਾਨਣ ਵਾਲੀ! ਮਿੱਠੇ (ਪਦਾਰਥ) ਤੈਨੂੰ ਪਿਆਰੇ ਹਨ।

**ਸਤ ਹਤੰ ਪਰਮ ਬਾਦੰ ਅਵਰਤ ਏਥਹ ਸੁਧ ਅਛਰਣਹ ॥**

**ਗੋਬਿੰਦ ਦਾਮੋਦਰ ਮਾਧਵੇ ॥੬੨॥**

(ਤੂੰ) ਸੱਚ (ਦਾ) [ਹਤੰ] ਨਾਸ ਕਰ ਕੇ ਵੱਡੇ [ਬਾਦੰ] ਝਗੜੇ (ਕਰਦੀ ਹੈਂ, ਅਤੇ) [ਏਥਹ] ਇਨ੍ਹਾਂ ਸ਼ੁੱਧ ਅੱਖਰਾਂ ਗੋਬਿੰਦ, ਦਮੋਦਰ, ਮਾਧਵ (ਦੇ ਉਚਾਰਣ ਵਲੋਂ) [ਅਵਰਤ] ਘਿਰੀ (ਰੁਕੀ) ਹੋਈ ਹੈਂ ॥੬੨॥

**ਗਰਬੰਤਿ ਨਾਰੀ ਮਦੋਨ ਮਤੰ ॥ ਬਲਵੰਤ ਬਲਾਤ ਕਾਰਣਹ ॥**

ਇਸਤ੍ਰੀਆਂ [ਮਦੋਨ] ਕਾਮ ਵਿਚ ਮਸਤ ਹੋ ਕੇ ਹੰਕਾਰ ਕਰਦੀਆਂ ਹਨ, ਅਤੇ ਵੱਡੇ ਵੱਡੇ ਬਲ ਵਾਲਿਆਂ ਨੂੰ (ਆਪਣੇ) ਬਲ ਨਾਲ (ਆਪਣੇ ਅਧੀਨ) ਕਰ ਰਹੀਆਂ ਹਨ।

**ਚਰਨ ਕਮਲ ਨਹ ਭਜੰਤ ਤ੍ਰਿਣ ਸਮਾਨਿ ਧ੍ਰਿਗੁ ਜਨਮਨਹ ॥**

(ਕਰਤਾਰ ਦੇ) ਚਰਨ ਕਮਲਾਂ ਦਾ ਭਜਨ ਨਹੀਂ, (ਕਰਦੀਆਂ, ਇਸ ਲਈ ਉਨ੍ਹਾਂ ਦੇ ਇਸ) ਕਖ ਵਰਗੇ ਜਨਮ ਨੂੰ ਧਿਰਕਾਰ ਹੈ।

**ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ ॥**

ਹੇ ਕੀੜੀ! (ਤੂੰ ਉਸ ਇਸਤ੍ਰੀ ਤੋਂ) [ਗ੍ਰਸਟੇ] ਵਡੀ ਹੈਂ ਕਿਉਂਕਿ ਗੋਬਿੰਦ ਦਾ ਸਿਮਰਨ ਹੀ ਤੇਰਾ ਧਨ ਹੈ।

**ਨਾਨਕ ਅਨਿਕ ਬਾਰ ਨਮੋ ਨਮਹ ॥੬੩॥**

(ਗੁਰੂ) ਨਾਨਕ (ਜੀ ਆਖਦੇ ਹਨ, ਤੈਨੂੰ) ਅਨੇਕਾਂ ਵੇਰੀ ਨਮਸ਼ਕਾਰ ਹੈ ॥੬੩॥

**ਤ੍ਰਿਣੰ ਤ ਮੇਰੰ ਸਹਕੰ ਤ ਹਰੀਅੰ॥ ਬੂਡੰ ਤ ਤਰੀਅੰ ਊਣੰ ਤ ਭਰੀਅੰ॥**

ਕੱਖ ਤੋਂ [ਮੇਰੰ] ਪਹਾੜ ਹੋ ਜਾਂਦਾ ਹੈ, [ਸਹਕਤ] ਸੁੱਕਾ ਹੋਇਆ ਹਰਾ ਹੋ ਜਾਂਦਾ ਹੈ, ਡੁਬਦਾ ਤਰ ਜਾਂਦਾ ਹੈ, ਅਤੇ ਖਾਲੀ ਭਰ ਜਾਂਦਾ ਹੈ।

**ਅੰਧਕਾਰ ਕੋਟਿ ਸੂਰ ਉਜਾਰੰ॥ ਬਿਨਵੰਤਿ ਨਾਨਕ ਹਰਿ ਗੁਰ ਦਯਾਰੰ ॥੬੪॥**

ਹਨੇਰੇ ਤੋਂ ਕ੍ਰੋੜਾਂ ਸੂਰਜਾਂ (ਦੇ ਚੜ੍ਹਨ ਜਿੰਨਾ) ਚਾਨਣ ਹੋ ਜਾਂਦਾ ਹੈ। (ਗੁਰੂ ਨਾਨਕ ਜੀ ਆਖਦੇ ਹਨ) ਹਰੀ (ਸਰੂਪ) ਗੁਰਾਂ ਦੀ ਦਇਆ (ਦਾ ਏਹੋ ਫਲ) ਹੈ ॥੬੪॥

**ਬ੍ਰਹਮਣਹ ਸੰਗਿ ਉਧਰਣੰ ਬ੍ਰਹਮ ਕਰਮ ਜਿ ਪੂਰਣਹ ॥**

(ਉਸ) ਬ੍ਰਾਹਮਣ ਦੇ ਸੰਗ (ਕਰਕੇ ਜੀਵ ਦਾ) ਉਧਾਰ ਹੁੰਦਾ ਹੈ, ਜੇਹੜਾ ਬ੍ਰਾਹਮਣ (ਪਨੇ ਦੇ) ਕਰਮਾਂ ਵਿਚ ਪੂਰਨ ਹੈ।

**ਆਤਮ ਰਤੰ ਸੰਸਾਰ ਗਹੰ ਤੇ ਨਰ ਨਾਨਕ ਨਿਹਫਲਹ ॥੬੫॥**

(ਅਤੇ ਜੋ) ਮਨ ਦੀ ਪ੍ਰੀਤ (ਕਰਕੇ) ਸੰਸਾਰ ਨੂੰ [ਗਹੰਤੇ] ਫੜੀ ਬੈਠਾ ਹੈ, (ਗੁਰੂ) ਨਾਨਕ (ਜੀ ਆਖਦੇ ਹਨ, ਉਸ) ਪੁਰਸ਼ (ਦਾ ਜਨਮ ਹੀ) ਨਿਹਫਲ ਹੈ ॥੬੫॥

**ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ ॥**

ਪਰਾਇਆ ਧਨ ਚੁਰਾਉਂਦਾ ਹੈ, (ਪਰਾਏ ਕੰਮਾਂ ਵਿਚ) ਬਹੁਤੇ ਵਿਘਨ ਕਰਦਾ (ਰੁਕਾਵਟਾਂ ਪਾਂਦਾ) ਹੈ, ਸਾਰੇ ਜੀਵਾਂ ਦਾ (ਮਨ) ਉਚਾਟ ਕਰਦਾ ਹੈ।

**ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ ॥੬੬॥**

ਤ੍ਰਿਸ਼ਨਾ (ਵਿਚ ਫਸੇ ਨੂੰ) ਲੈਣ (ਦੀ ਹੈ) ਲਿਉਂ (ਲਗੀ ਹੋਈ ਹੈ, ਅਤੇ) ਮਨ ਮਾਯਾ (ਵਲੋਂ) ਹਟਦਾ ਨਹੀਂ ਹੈ, ਕੰਮ ਉਹ ਕਰਦਾ ਹੈ, (ਜੋ) ਸੂਰਾਂ ਵਾਲੇ ਹਨ ॥੬੬॥

Sri Satguru Jagjit Singh Ji eLibrary NamdhariElibrary@gmail.com

**ਮਤੇ ਸਮੇਵ ਚਰਣੰ ਉਧਰਣੰ ਭੈ ਦੁਤਰਹ ॥**

(ਜੋ ਸਾਧ ਸੰਗਤਿ ਦੇ) ਚਰਨਾਂ (ਵਿਚ) [ਸਮੇਵ] ਸਮਾ ਕੇ ਮਸਤ (ਹੋਏ ਹਨ, ਉਹ) ਡਰੌਣੇ (ਤੇ) [ਦੁਤਰਹ] ਮੁਸ਼ਕਲ ਨਾਲ ਤਰੇ ਜਾਣ ਵਾਲੇ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਗਏ ਹਨ।

**ਅਨੇਕ ਪਾਤਿਕ ਹਰਣੰ ਨਾਨਕ ਸਾਧ ਸੰਗਮ ਨ ਸੰਸਯਹ ॥੬੭॥੪॥**

(ਗੁਰੂ) ਨਾਨਕ (ਜੀ ਆਖਦੇ ਹਨ) ਅਨੇਕਾਂ [ਪਾਤਿਕ] ਪਾਪਾਂ ਦੇ ਨਾਸ ਕਰਨ ਵਾਲੀ ਸਾਧ ਸੰਗਤਿ ਹੈ, (ਇਸ ਵਿਚ ਕੋਈ) ਸੰਸਾ ਨਹੀਂ ਹੈ ॥੬੭॥੪॥

***ਮਹਲਾ ੫ ਗਾਥਾ ੧ੴ ਸਤਿਗੁਰ ਪ੍ਰਸਾਦਿ ॥*** (ਅੰਗ ੧੩੬੦-੬੧)

'ਗਾਥਾ' ਛੰਦ ਵਿਚ ਪੰਜਵੇਂ ਗੁਰੂ ਜੀ ਉਪਦੇਸ਼ ਦੇਂਦੇ ਹਨ—

**ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ ਦੇਹੰ ਮਲੀਣੰ ॥**

ਮੁਸ਼ਕ ਕਪੂਰ ਤੇ ਫੁਲ (ਆਦਿਕ) ਖੁਸ਼ਬੋ (ਦਾਰ ਚੀਜ਼ਾਂ) ਮਨੁਖ ਦੇਹ (ਨਾਲ ਲਗ ਕੇ) ਗੰਦੀਆਂ ਹੋ ਜਾਂਦੀਆਂ ਹਨ।

**ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ ॥੧॥**

(ਕਿਉਂਕਿ ਇਸ ਵਿਚ) ਮਿਝ, ਲਹੂ (ਆਦਿਕ) ਬਦਬੂ (ਹੀ ਭਰੀ ਹੋਈ ਹੈ, (ਗੁਰੂ) ਨਾਨਕ (ਜੀ ਆਖਦੇ ਹਨ) ਹੇ ਅਗਿਆਨੀਓ! [ਅਥਿ] ਇਸ ਦਾ ਹੰਕਾਰ (ਕਿਉਂ) ਕਰਦੇ ਹੋ? ॥੧॥

SIKHBOOKCLUB.COM

**ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ ॥**

ਪ੍ਰਮਾਣੂ (ਜੇਡਾ ਹੋ ਕੇ) ਆਕਾਸ਼ਾਂ, ਦੀਪਾਂ, ਲੋਕਾਂ ਅਤੇ ਨੌ ਖੰਡਾਂ (ਵਿਚ)—

**ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯਤੇ ॥੨॥**

ਅੱਖ ਦੇ ਪਲਕਾਰੇ (ਅੰਦਰ) [ਗਛੇਣ] ਫਿਰ ਆਵੇ, (ਗੁਰੂ) ਨਾਨਕ (ਜੀ ਆਖਦੇ ਹਨ, ਇੰਨੀ ਸਮਰਥਾ ਹੁੰਦਿਆਂ ਭੀ) ਸੰਤਾਂ ਦੀ ਕ੍ਰਿਪਾ ਤੋਂ ਬਿਨਾਂ [ਸਿਧ੍ਯਤੇ] ਮੁਕਤ ਨਹੀਂ ਹੋਵੇਗਾ ॥੨॥

**ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ ॥**

ਸੱਚ ਜਾਣੋ, ਮਰਣਾ (ਜ਼ਰੂਰ) ਹੋਵੇਗਾ, (ਜੋ ਕੁਝ) ਦਿਸ ਰਿਹਾ ਹੈ, (ਸਭ) ਝੂਠਾ ਹੈ।

**ਕੀਰਤਿ ਸਾਥਿ ਚਲੰਥੋ ਭਣੰਤਿ ਨਾਨਕ ਸਾਧ ਸੰਗੇਣ ॥੩॥**

ਕੀਤੇ ਕਰਮ ਨਾਲ ਜਾਣਗੇ, (ਗੁਰੂ) ਨਾਨਕ (ਜੀ ਆਖਦੇ ਹਨ, ਇਸ ਲਈ) ਸਾਧ ਸੰਗਤਿ ਕਰੋ ॥੩॥

**ਮਾਯਾ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ ॥**

ਮਾਯਾ ਦਾ ਭਰਮਾਇਆ ਚਿੱਤ [ਇਸਟ] (ਪਿਆਰੇ) ਮਿੱਤਰਾਂ ਤੇ ਸਬੰਧੀਆਂ ਪਾਸੋਂ (ਸੁਖ ਲੋੜਦਾ ਹੈ)।

**ਲਬਧ੍ੰ ਸਾਧ ਸੰਗੇਣ ਨਾਨਕ ਸੁਖ ਅਸਥਾਨੰ ਗੋਪਾਲ ਭਜਣੰ ॥੪॥**

(ਸੁਖ ਤਾਂ) ਸਾਧ ਸੰਗਤਿ ਵਿਚੋਂ ਲਭਦਾ ਹੈ, (ਕਿਉਂਕਿ ਗੁਰੂ) ਨਾਨਕ (ਜੀ ਆਖਦੇ ਹਨ) ਸੁਖ ਦੀ

ਜਗ੍ਹਾ ਗੋਪਾਲ ਦਾ ਭਜਨ ਹੈ ।

**ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ ॥**

(ਜਿਵੇਂ) [ਮੈਲਾਗਰ] ਚੰਦਨ (ਬਿਰਛ ਦੇ) ਕੋਲ (ਖਲੋਤਾ) ਨਿੰਮ ਦਾ ਦਰੱਖਤ ਭੀ ਚੰਦਨ ਹੋ ਜਾਂਦਾ ਹੈ।

**ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ ॥੫॥**

(ਗੁਰੂ ਨਾਨਕ ਜੀ ਆਖਦੇ ਹਨ, ਪਰ ਚੰਦਨ ਦੇ) ਕੋਲ ਵਸਨ ਵਾਲਾ ਵਾਂਸ (ਆਪਣੀ) ਹੰਕਾਰ ਬੁਧੀ (ਉਚਿਆਈ ਦੇ ਘਮੰਡ) ਕਰਕੇ [ਬੋਹਤੇ] ਸੁਗੰਧੀ ਵਾਲਾ ਨਹੀਂ ਹੁੰਦਾ, (ਇਵੇਂ ਹੀ ਸਾਧ ਸੰਗਤਿ ਕਰਕੇ ਵਿਕਾਰੀ ਸੁਧਰ ਜਾਂਦਾ ਹੈ, ਪਰ ਹੰਕਾਰੀ ਨਹੀਂ ਸੁਧਰਦਾ) ॥੫॥

**ਗਾਥਾ ਗੁੰਫ ਗੋਪਾਲ ਕਥੰ ਮਥੰ ਮਾਨ ਮਰਦਨਹ ॥**

(ਇਸ) ਗਾਥਾ (ਛੰਦ ਵਿਚ) ਗੋਪਾਲ ਦੀ ਕਥਾ [ਗੁੰਫ] ਗੁੰਦੀ ਹੈ, (ਇਸ ਦੀ) [ਮਥੰ] ਵਿਚਾਰ ਕੀਤਿਆਂ ਹੰਕਾਰ ਦਾ [ਮਰਦਨਹ] ਮਲੀਆ—ਮੇਟ ਹੁੰਦਾ ਹੈ ।

**ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ ਪ੍ਰਹਾਰਣਹ ॥੬॥**

(ਗੁਰੂ) ਨਾਨਕ (ਜੀ ਆਖਦੇ ਹਨ, ਇਸ ਵਿਚੋਂ) ਹਰੀ (ਦੀ ਵਿਚਾਰ ਰੂਪ) ਬਾਣਾਂ (ਦੇ ਵਜਣ ਕਰਕੇ ਕਾਮਾਦਿਕ) ਪੰਜ [ਸਤ੍ਰੇਣ=ਸ਼ੱਤਰੂ] ਦੁਸ਼ਮਣ [ਹਤੰ] ਮਰ ਜਾਂਦੇ ਹਨ ॥੬॥

**ਬਚਨ ਸਾਧ ਸੁਖ ਪੰਥਾ ਲਹੰਥਾ ਬਡ ਕਰਮਣਹ ॥**

ਸੰਤਾਂ ਦੇ [ਬਚਨ] ਉਪਦੇਸ਼ ਸੁਖ ਦਾ [ਪੰਥਾ] ਰਸਤਾ (ਹੈ, ਜੋ) ਵੱਡੇ ਕਰਮਾਂ ਕਰਕੇ ਮਿਲਦਾ ਹੈ ।

**ਰਹੰਤਾ ਜਨਮ ਮਰਣੇਨ ਰਮਣੰ ਨਾਨਕ ਹਰਿ ਕੀਰਤਨਹ ॥੭॥**

(ਗੁਰੂ) ਨਾਨਕ (ਜੀ ਆਖਦੇ ਹਨ, ਜੋ ਸੰਤਾਂ ਦਾ ਉਪਦੇਸ਼ ਲੈ ਕੇ) ਹਰੀ ਕੀਰਤਨ [ਰਮਣੰ] ਕਰਦਾ ਹੈ, (ਉਹ) ਜਨਮ ਮਰਣ ਤੋਂ ਰਹਿ ਜਾਂਦਾ ਹੈ ॥੭॥

**ਪਤ੍ਰ ਭੁਰਿਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ ॥**

(ਜਿਵੇਂ ਸਿਸਰ ਰੁਤ ਵਿਚ ਜੋ) ਪਤਰ [ਭੁਰਿਜੇਣ] ਸੁਕ ਕੇ ਝੜ ਜਾਂਦੇ ਹਨ, (ਉਹ ਮੁੜ ਕੇ) ਦਰੱਖਤ ਦੀਆਂ [ਸੰਪਤਾ] ਟਾਹਣੀਆਂ ਨਾਲ ਨਹੀਂ ਲਗ ਸਕਦੇ ।

**ਨਾਮ ਬਿਹੂਣ ਬਿਖਮਤਾ ਨਾਨਕ ਬਹੰਤਿ ਜੋਨਿ ਬਾਸਰੋ ਰੈਣੀ ॥੮॥**

(ਇਵੇਂ ਹੀ) ਨਾਮ ਤੋਂ ਹੀਣਿਆਂ ਨੂੰ ਔਖਿਆਈ ਹੁੰਦੀ ਹੈ, (ਗੁਰੂ) ਨਾਨਕ ਜੀ (ਆਖਦੇ ਹਨ, ਉਹ) [ਬਾਸਰੋ] ਦਿਨ ਰਾਤ-ਜੂਨਾਂ ਵਿਚ [ਬਹੰਤਿ] ਰੁੜ੍ਹੇ ਜਾਂਦੇ ਹਨ ॥੮॥

**ਭਾਵਨੀ ਸਾਧ ਸੰਗੇਣ ਲਭੰਤੰ ਬਡ ਭਾਗਣਹ ॥**

ਸਾਧ ਸੰਗਤਿ ਦੀ [ਭਾਵਨੀ] ਸ਼ਰਧਾ (ਕਿਸੇ) ਵਡੇ ਭਾਗਾਂ ਵਾਲੇ ਨੂੰ ਮਿਲਦੀ ਹੈ ।

**ਹਰਿ ਨਾਮ ਗੁਣ ਰਮਣੰ ਨਾਨਕ ਸੰਸਾਰ ਸਾਗਰ ਨਹ ਬਿਆਪਣਹ ॥੯॥**

(ਗੁਰੂ) ਨਾਨਕ (ਜੀ ਆਖਦੇ ਹਨ) ਹਰੀ ਦਾ ਨਾਮ ਤੇ ਗੁਣ ਉਚਾਰਿਆਂ ਸੰਸਾਰ ਸਮੁੰਦਰ (ਦਾ ਦੁਖ)

Sri Satguru Jagjit Singh Ji eLibrary NamdhariElibrary@gmail.com

ਨਹੀਂ ਲਗਦਾ ॥੯॥

**ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ ॥**

(ਇਹ) [ਗਾਥਾ] ਵੱਡੀ ਗੂੜ੍ਹ ਹੈ, (ਜੋ ਕੋਈ) ਵਿਰਲਾ ਪੁਰਸ਼ (ਇਸ ਨੂੰ) ਸਮਝਦਾ ਹੈ।

**ਸੰਸਾਰ ਕਾਮ ਤਜਣੰ ਨਾਨਕ ਗੋਬਿੰਦ ਰਮਣੰ ਸਾਧ ਸੰਗਮਹ ॥੧੦॥**

(ਗੁਰੂ) ਨਾਨਕ (ਜੀ ਆਖਦੇ ਹਨ, ਉਹ) ਸੰਸਾਰ ਦੀ [ਕਾਮ=ਕਾਮਨਾ] ਵਾਸ਼ਨਾ ਛਡ ਕੇ ਸਾਧ ਸੰਗਤਿ (ਕਰਦਾ ਤੇ) ਗੋਬਿੰਦ (ਦੇ ਗੁਣ) ਗਾਉਂਦਾ ਹੈ ॥੧੦॥

**ਸੁਮੰਤ੍ਰ ਸਾਧ ਬਚਨਾ ਕੋਟਿ ਦੋਖ ਬਿਨਾਸਨਹ ॥**

ਸੰਤਾਂ ਦੇ ਬਚਨ ਹੀ ਸਰੇਸ਼ਟ ਉਪਦੇਸ਼ ਹਨ, ਜੋ ਕ੍ਰੋੜਾਂ ਦੋਖਾਂ ਨੂੰ ਨਾਸ ਕਰਦੇ ਹਨ।

**ਹਰਿ ਚਰਣ ਕਮਲ ਧ੍ਯਾਨੰ ਨਾਨਕ ਕੁਲ ਸਮੂਹ ਉਧਾਰਣਹ ॥੧੧॥**

(ਅਤੇ) ਹਰੀ ਦੇ ਚਰਨ ਕਮਲਾਂ (ਵਿਚ) ਧਿਆਨ (ਲਗ ਜਾਂਦਾ ਹੈ, ਗੁਰੂ) ਨਾਨਕ (ਜੀ ਆਖਦੇ ਹਨ, ਜਿਸ ਕਰਕੇ) ਸਾਰੀ ਕੁਲ (ਹੀ ਸੰਸਾਰ-ਸਮੁੰਦਰ ਤੋਂ) ਪਾਰ ਉਤਰ ਜਾਂਦੀ ਹੈ ॥੧੧॥

**ਸੁੰਦਰ ਮੰਦਰ ਸੈਣਹ ਜੇਣ ਮਧ੍ਯ ਹਰਿ ਕੀਰਤਨਹ ॥**

[ਸੈਣਹ] ਓਹੀ ਮਕਾਨ ਸੋਹਣੇ ਹਨ, ਜਿਨ੍ਹਾਂ ਵਿਚ ਹਰੀ ਦਾ ਕੀਰਤਨ ਹੁੰਦਾ ਹੈ।

**ਮੁਕਤੇ ਰਮਣ ਗੋਬਿੰਦਹ ਨਾਨਕ ਲਬਧ੍ਯੰ ਬਡ ਭਾਗਣਹ ॥੧੨॥**

ਗੋਬਿੰਦ ਨੂੰ ਗਾਉਣ ਵਾਲੇ ਮੁਕਤ ਹਨ। (ਗੁਰੂ) ਨਾਨਕ ਜੀ ਆਖਦੇ ਹਨ, ਗੋਬਿੰਦ ਦਾ (ਜਾਪ) ਵਡਭਾਗੀਆਂ (ਸੰਤਾਂ) ਪਾਸੋਂ ਲਭਦਾ ਹੈ ॥੧੨॥

**ਹਰਿ ਲਬਧੋ ਮਿਤ੍ਰ ਸੁਮਿਤੋ ॥ ਬਿਦਾਰਣ ਕਦੇ ਨ ਚਿਤੋ ॥**

ਹਰੀ ਮਿਤ੍ਰ [ਸੁਮਿਤੋ] ਸੰਤਾਂ ਪਾਸੋਂ ਲਭਦਾ ਹੈ, (ਕਿਉਂਕਿ ਉਹ) ਕਦੇ (ਭੀ ਹਰੀ ਨੂੰ) ਚਿਤੋਂ [ਬਿਦਾਰਣ] ਦੂਰ ਨਹੀਂ ਕਰਦੇ।

**ਜਾ ਕਾ ਅਸਥਲੁ ਤੋਲੁ ਅਮਿਤੋ ॥**

ਜਿਸ (ਵਾਹਿਗੁਰੂ) ਦੇ ਸਥਾਨ (ਸਾਧ ਸੰਗਤਿ) ਦਾ [ਤੋਲੁ] ਵਿਚਾਰ ਅੰਮ੍ਰਿਤ ਹੈ।

**ਸੁੋਈ ਨਾਨਕ ਸਖਾ ਜੀਅ ਸੰਗਿ ਕਿਤੋ ॥੧੩॥**

(ਗੁਰੂ) ਨਾਨਕ (ਜੀ ਆਖਦੇ ਹਨ, ਅਸਾਂ) ਉਸੇ ਨੂੰ ਜੀਵ ਦਾ ਸਾਥੀ ਮਿੱਤ੍ਰ ਬਣਾਇਆ ਹੈ ॥੧੩॥

**ਅਪਜਸੰ ਮਿਟੰਤ ਸਤ ਪੁਤ੍ਰਹ ॥**

(ਜਿਵੇਂ) ਨੇਕ ਪੁੱਤਰ (ਦੇ ਪੈਦਾ ਹੋਇਆਂ ਪੁਰਸ਼ ਦਾ) ਅਪਜਸ ਮਿਟ ਜਾਂਦਾ ਹੈ।

**ਸਿਮਰਤਬ੍ਯ ਰਿਦੈ ਗੁਰ ਮੰਤ੍ਰਣਹ ॥ ਪ੍ਰੀਤਮ ਭਗਵਾਨ ਅਚੁਤ ॥**

(ਇਵੇਂ ਹੀ) ਹਿਰਦੇ ਵਿਚ ਗੁਰਮੰਤ੍ਰ (ਨੂੰ ਜੋ) ਸਿਮਰਦਾ ਹੈ, ਭਗਵਾਨ ਅਚੁਤ (ਉਸਦਾ) ਪ੍ਰੀਤਮ (ਹੋ ਕੇ)—

Sri Satguru Jagjit Singh Ji eLibrary NamdhariElibrary@gmail.com

**ਨਾਨਕ ਸੰਸਾਰ ਸਾਗਰ ਤਾਰਣਹ ॥੧੪॥**

(ਗੁਰੂ) ਨਾਨਕ (ਜੀ ਆਖਦੇ ਹਨ, ਉਸਨੂੰ) ਸੰਸਾਰ-ਸਮੁੰਦਰ ਤੋਂ ਤਾਰ ਲੈਂਦਾ ਹੈ ॥੧੪॥

**ਮਰਣੰ ਬਿਸਰਣੰ ਗੋਬਿੰਦਹ॥ ਜੀਵਣੰ ਹਰਿ ਨਾਮ ਧ੍ਯਾਵਣਹ ॥**

ਗੋਬਿੰਦ ਦਾ ਵਿਸਰਨਾ ਹੀ ਮੌਤ ਹੈ ਅਤੇ ਹਰਿ ਨਾਮ ਦਾ ਧਿਆਵਣਾ ਹੀ ਜੀਊਣਾ ਹੈ।

**ਲਭਣੰ ਸਾਧ ਸੰਗੇਣ॥ ਨਾਨਕ ਹਰਿ ਪੂਰਬਿ ਲਿਖਣਹ ॥੧੫॥**

(ਗੁਰੂ) ਨਾਨਕ (ਜੀ ਆਖਦੇ ਹਨ) ਪੂਰਬਲੇ (ਜਨਮ ਦੇ ਕਰਮਾਂ ਦੇ) ਲਿਖੇ (ਅਨੁਸਾਰ) ਹਰਿ (ਨਾਮ) ਸਾਧ ਸੰਗਤਿ ਵਿਚੋਂ ਮਿਲਦਾ ਹੈ ॥੧੫॥

**ਦਸਨ ਬਿਹੂਨ ਭੁਯੰਗੰ ਮੰਤ੍ੰ ਗਾਰੁੜੀ ਨਿਵਾਰੰ॥**

(ਜਿਵੇਂ) [ਗਾਰੁੜੀ] ਮਾਂਦ੍ਰੀ [ਭੁਯੰਗੰ] ਸੱਪ ਨੂੰ [ਦਸਨ] ਦੰਦਾਂ ਤੋਂ ਬਿਨਾਂ (ਕਰ ਸਕਦਾ ਹੈ ਅਤੇ) ਮੰਤ੍ਰ (ਨਾਲ) ਉਸ ਦੀ (ਜ਼ਹਿਰ) ਦੂਰ ਕਰ ਦੇਂਦਾ ਹੈ।

**ਬ੍ਯਾਧਿ ਉਪਾੜਣ ਸੰਤੰ ॥ ਨਾਨਕ ਲਬਧ ਕਰਮਣਹ ॥੧੬॥**

(ਇਵੇਂ ਹੀ ਹਉਮੈ) ਰੋਗ ਨੂੰ ਪੱਟਣ ਵਾਲੇ ਸੰਤ ਹਨ, (ਗੁਰੂ) ਨਾਨਕ ਜੀ (ਆਖਦੇ ਹਨ, ਪਰ ਉਹ ਮਹਾਂ ਪੁਰਸ਼) ਭਾਗਾਂ ਨਾਲ ਮਿਲਦੇ ਹਨ ॥੧੬॥

**ਜਥ ਕਥ ਰਮਣੰ ਸਰਣੰ ਸਰਬਤ੍ਰ ਜੀਅਣਹ ॥**

ਜਿਥੇ ਕਿਥੇ (ਵੇਖਦਾ ਹਾਂ) ਉਥੇ ਹੀ ਵਿਆਪਕ ਹੈ, (ਜਿਸ ਦੀ) ਸ਼ਰਨ ਵਿਚ ਹੀ ਸਾਰੇ ਜੀਵ ਹਨ।

**ਤਥ ਲਗਣੰ ਪ੍ਰੇਮ ਨਾਨਕ ॥ ਪਰਸਾਦੰ ਗੁਰ ਦਰਸਨਹ ॥੧੭॥**

ਉਸਦਾ ਪ੍ਰੇਮ (ਹੀ ਮੈਂ) ਨਾਨਕ ਨੂੰ ਲੱਗਾ ਹੈ, ਗੁਰਾਂ ਦੇ ਦਰਸ਼ਨ (ਦਾ ਏਹੋ) [ਪਰਸਾਦ] ਫਲ ਹੈ ॥੧੭॥

**ਚਰਣਾਰਬਿੰਦ ਮਨ ਬਿਧ੍ੰ ॥ ਸਿਧ੍ੰ ਸਰਬ ਕੁਸਲਣਹ ॥**

(ਵਾਹਿਗੁਰੂ ਦੇ) ਚਰਨ—ਕਮਲਾਂ (ਵਿਚ ਜਿਸ ਦਾ) ਮਨ [ਬਿਧ੍ੰ] ਲੱਗਾ ਹੈ, (ਉਸਨੂੰ) ਸਾਰੇ [ਕੁਸਲ] ਅਨੰਦ [ਸਿਧ੍ੰ] ਪ੍ਰਾਪਤ ਹੋ ਗਏ ਹਨ।

**ਗਾਥਾ ਗਾਵੰਤਿ ਨਾਨਕ ਭਬ੍ੰ ਪਰਾ ਪੂਰਬਣਹ ॥੧੮॥**

(ਗੁਰੂ) ਨਾਨਕ (ਜੀ ਆਖਦੇ ਹਨ) ਪਰਾ (ਰੂਪ ਦੀ ਇਸ) ਕਥਾ (ਨੂੰ) [ਪੂਰਬਣਹ] ਸ਼ੁਰੂ ਤੋਂ ਹੀ ਸਾਰੇ [ਭਬ੍ੰ] ਮਹਾਂ ਪੁਰਸ਼ ਗਾਉਂਦੇ ਆਏ ਹਨ ॥੧੮॥

**ਸੁਭ ਬਚਨ ਰਮਣੰ ਗਵਣੰ ਸਾਧ ਸੰਗੇਣ ਉਧਰਣਹ॥**

(ਜੋ) ਸ਼ੁਭ ਬਚਨ ਬੋਲਦਾ ਹੈ, ਅਤੇ ਸਾਧ ਸੰਗਤਿ (ਕਰਕੇ ਹਰੀ ਦੇ ਗੁਣ) ਗਾਉਂਦਾ ਹੈ, (ਉਸ ਦਾ) ਉਧਾਰ ਹੋ ਜਾਂਦਾ ਹੈ।

**ਸੰਸਾਰ ਸਾਗਰੰ ਨਾਨਕ ਪੁਨਰਪਿ ਜਨਮ ਨ ਲਭ੍ਤੇ ॥੧੯॥**

Sri Satguru Jagjit Singh Ji eLibrary NamdhariElibrary@gmail.com

(ਗੁਰੂ) ਨਾਨਕ (ਜੀ ਆਖਦੇ ਹਨ, ਇਹ) ਸੰਸਾਰ—ਸਮੁੰਦਰ (ਵਿਚ ਉਸ ਨੂੰ) [ਪੁਨਰ+ਅਪਿ] ਫੇਰ ਦੁਬਾਰਾ ਜਨਮ ਨਹੀਂ ਮਿਲਦਾ (ਅਰਥਾਤ ਮੁਕਤਿ ਹੋ ਜਾਂਦਾ ਹੈ) ॥੧੯॥

**ਬੇਦ ਪੁਰਾਣ ਸਾਸਤ੍ਰ ਬੀਚਾਰੰ ॥ ਏਕੰਕਾਰ ਨਾਮ ਉਰ ਧਾਰੰ ॥**

ਵੇਦਾਂ, ਪੁਰਾਣਾਂ ਤੇ ਸ਼ਾਸਤ੍ਰਾਂ (ਦਾ ਏਹੋ) ਵਿਚਾਰਨਾ (ਹੈ ਜੋ) ਨਿਰੰਕਾਰ ਦਾ ਨਾਮ [ਉਰ] ਹਿਰਦੇ ਵਿਚ ਵਸਾਉਣਾ ਹੈ।

**ਕੁਲਹ ਸਮੂਹ ਸਗਲ ਉਧਾਰੰ ॥ ਬਡਭਾਗੀ ਨਾਨਕ ਕੋ ਤਾਰੰ ॥੨੦॥**

(ਇਉਂ) ਸਾਰੀਆਂ ਕੁਲਾਂ ਦੇ [ਸਮੂਹ] ਜਥਿਆਂ ਦਾ ਉਧਾਰ (ਹੁੰਦਾ ਹੈ, ਗੁਰੂ) ਨਾਨਕ (ਜੀ ਆਖਦੇ ਹਨ) ਕੋਈ ਵਡਭਾਗੀ (ਹੀ ਹਿਰਦੇ ਵਿਚ ਵਸਾ ਕੇ ਕੁਲ ਨੂੰ) ਤਾਰਦਾ ਹੈ ॥੨੦॥

**ਸਿਮਰਣੰ ਗੋਬਿੰਦ ਨਾਮੰ ਉਧਰਣੰ ਕੁਲ ਸਮੂਹਣਹ ॥**

ਗੋਬਿੰਦ ਨਾਮ ਦਾ ਸਿਮਰਨ (ਹੀ) ਸਾਰੀਆਂ ਕੁਲਾਂ ਦਾ ਉਧਾਰ ਕਰਦਾ ਹੈ ।

**ਲਬਧਿਅੰ ਸਾਧ ਸੰਗੇਣ ਨਾਨਕ ਵਡਭਾਗੀ ਭੇਟੰਤਿ ਦਰਸਨਹ ॥੨੧॥**

(ਸਿਮਰਨ) ਸਾਧ ਸੰਗਤਿ ਵਿਚੋਂ ਮਿਲਦਾ ਹੈ, (ਗੁਰੂ) ਨਾਨਕ (ਜੀ ਆਖਦੇ ਹਨ) ਵੱਡੇ ਭਾਗਾਂ ਵਾਲੇ ਨੂੰ (ਸੰਤਾਂ ਦਾ) ਦਰਸ਼ਨ [ਭੇਟੰਤਿ] ਮਿਲਦਾ ਹੈ ॥੨੧॥

**ਸਰਬ ਦੋਖ ਪਰੰਤਿਆਗੀ ਸਰਬ ਧਰਮ ਦ੍ਰਿੜੰਤਣਃ ॥**

SIKHBOOKCLUB.COM

(ਜਿਸ ਨੇ) ਸਾਰੇ ਦੋਖਾਂ ਨੂੰ ਪਰ੍ਰੇ ਤਿਆਗਿਆ ਹੈ, ਅਤੇ ਧਰਮ ਦੇ ਸਾਰੇ (ਕਰਤੱਬਾਂ ਨੂੰ) ਧਾਰਨ ਕੀਤਾ ਹੈ ।

**ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖ੍ਣਃ ॥੨੨॥**

(ਗੁਰੂ) ਨਾਨਕ (ਜੀ ਆਖਦੇ ਹਨ, ਉਸ ਨੂੰ) ਮੱਥੇ ਦੇ ਲਿਖੇ (ਅਨੁਸਾਰ) ਸਾਧ ਸੰਗਤਿ (ਕਰਤਾਰ ਦਾ ਧਿਆਨ) ਲਭਦਾ ਹੈ ॥੨੨॥

**ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣਃ ॥**

(ਉਹ) ਸਾਰਿਆਂ ਨੂੰ ਹਰਣ ਭਰਣ (ਵਾਲਾ, ਪਿੱਛੇ) ਹੋਇਆ ਹੈ, (ਹੁਣ ਭੀ) ਹੈ ਅਤੇ ਅਗੇ (ਨੂੰ) ਹੋਵੇਗਾ।

**ਸਾਧੂ ਸਤਮ ਜਾਣੋ ਨਾਨਕ ਪ੍ਰੀਤਿ ਕਾਰਣੰ ॥੨੩॥**

ਸੰਤਾਂ (ਦਾ ਉਪਦੇਸ਼ ਹੀ) ਸੱਚ ਜਾਣੋ, (ਗੁਰੂ) ਨਾਨਕ (ਜੀ ਆਖਦੇ ਹਨ, ਕਿ ਏਹ ਉਪਦੇਸ਼ ਹੀ ਉਸ ਨਾਲ) ਪ੍ਰੀਤ (ਕਰਾਉਣ ਦਾ) ਕਾਰਨ ਹੈ ॥੨੩॥

**ਸੁਖੇਣ ਬੈਣ ਰਤਨੰ ਰਚਨੰ ਕਸੁੰਭ ਰੰਗਣਃ ॥**

ਰਤਨ (ਰੂਪ ਇਸਤ੍ਰੀ ਤੇ ਪੁਤ੍ਰ ਦੇ) ਬਚਨ (ਜੋ) [ਸੁਖੇਣ] ਸੁਖਦਾਈ (ਮੰਨੇ ਹੋਏ ਹਨ ਇਹ ਸਭ) ਰਚਨਾ ਕਸੁੰਭੇ ਦੇ ਰੰਗ (ਵਰਗੀ ਹੈ)।

**ਰੋਗ ਸੋਗ ਬਿਓਗੀ ਨਾਨਕ ਸੁਖੁ ਨ ਸੁਪਨਹ ॥੨੪॥**

(ਕਿਉਂਕਿ ਇਨ੍ਹਾਂ ਵਿਚ ਲਗੇ ਨੂੰ) ਰੋਗ (ਤੇ) ਵਿਛੜਿਆਂ ਦਾ ਰੋਗ (ਹੋ ਜਾਂਦਾ ਹੈ,) (ਗੁਰੂ) ਨਾਨਕ (ਜੀ ਆਖਦੇ ਹਨ) ਸੁਪਨੇ (ਜਿੰਨਾਂ ਭੀ ਇਨ੍ਹਾਂ ਵਿਚ) ਸੁਖ ਨਹੀਂ ਹੈ ॥੨੪॥

## ਫੁਨਹੇ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ (ਅੰਗ ੧੩੬੧-੬੩)

'ਫੁਨਹ' ਜਾਂ 'ਫੁਨਹਰੀ' ਇਕ ਛੰਦ ਦਾ ਨਾਮ ਹੈ, ਇਸੇ ਛੰਦ ਨੂੰ ਕਈ ਅੜਿੱਲ ਭੀ ਆਖਦੇ ਹਨ, ਪਰ ਇਸ 'ਫੁਨਹੇ' ਛੰਦ ਤੇ 'ਅੜਿੱਲ' ਵਿਚ ਕੁਝ ਥੋੜਾ ਜਿਹਾ ਭੇਦ ਹੈ। ਹਾਂ, ਇਕ ਗੱਲ ਦੋਹਾਂ ਦੀ ਮਿਲਦੀ ਹੈ, ਕਿ ਇਨ੍ਹਾਂ ਦੋਹਾਂ ਛੰਦਾਂ ਦੇ ਅੰਤਲੀ ਤੁਕ ਦੇ ਸ਼ੁਰੂ ਵਿਚ ਇਕ ਪਦ ਹੈ, ਹਰਿ ਹਾਂ, ਕਰਿ ਹਾਂ, ਆਦਿਕ ਜ਼ਰੂਰ ਆਉਂਦਾ ਹੈ। ਸੋ ਉਸ 'ਫੁਨਹੇ' ਛੰਦ ਵਿਚ ਪੰਜਵੇਂ ਗੁਰੂ ਨਾਨਕ ਜੀ ਉਪਦੇਸ਼ ਦੇਂਦੇ ਹਨ, ਕਈ ਗਿਆਨੀ ਕਿਹਾ ਕਰਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਾਲੀ ਦਾ ਨਾਮ 'ਹਰਿ ਹਾਂ' ਸੀ, ਉਸ ਪ੍ਰਤੀ ਏਹ ਉਪਦੇਸ਼ ਗੁਰੂ ਜੀ ਨੇ ਫੁਰਮਾਇਆ ਹੈ—

**ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ ॥**

ਹੇ ਅਗੰਮ! ਤੇਰੇ ਹੱਥ ਦੀ ਕਲਮ (ਜੀਵ ਦੇ) ਮੱਥੇ ਤੇ ਲੇਖ ਲਿਖਦੀ ਹੈ।

**ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥**

(ਹੇ) ਸੁੰਦਰ ਸਰੂਪ ਵਾਲੇ! ਤੂੰ ਸਾਰਿਆਂ ਨਾਲ [ਉਰਝਿ] ਮਿਲ ਰਿਹਾ ਹੈਂ।

**ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥**

(ਮੇਰੇ) ਮੂੰਹੋਂ ਤੇਰੀ ਉਸਤਤਿ ਨਹੀਂ ਕਹੀ ਜਾਂਦੀ।

**ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥੧॥**

(ਕਿਉਂਕਿ ਗੁਰੂ) ਨਾਨਕ (ਜੀ ਆਖਦੇ ਹਨ, ਮੈਂ) ਬਲਿਹਾਰ ਜਾਵਾਂ (ਤੁਹਾਡਾ) ਦਰਸ਼ਨ ਵੇਖ ਕੇ (ਮੇਰੀ ਬੁਧੀ) ਮੋਹੀ (ਚਕ੍ਰਿਤ) ਹੋ ਗਈ ਹੈ ॥੧॥

**ਸੰਤ ਸਭਾ ਮਹਿ ਬੈਸਿ ਕਿ ਕੀਰਤਿ ਮੈ ਕਹਾਂ ॥**

ਸੰਤਾਂ ਦੀ ਸਭਾ ਵਿਚ ਬੈਠ ਕੇ ਮੈਂ ਕੀਰਤਨ ਕਰਦਾ ਹਾਂ।

**ਅਰਪੀ ਸਭੁ ਸੀਗਾਰੁ ਏਹੁ ਜੀਉ ਸਭੁ ਦਿਵਾ ॥**

ਸਾਰੇ ਸ਼ਿੰਗਾਰ (ਉਸ ਦੀ) ਭੇਟ ਹਨ, ਅਤੇ ਇਹ ਜੀਵ (ਆਦਿਕ ਭੀ) ਸਭ (ਕੁਝ) ਦੇ ਦਿੱਤਾ ਹੈ।

**ਆਸ ਪਿਆਸੀ ਸੇਜ ਸੁ ਕੰਤਿ ਵਿਛਾਈਐ ॥**

(ਮੈਂ ਦਰਸ਼ਨ ਦੀ) ਪਿਆਸੀ (ਨੇ ਦਰਸ਼ਨ ਦੀ) ਆਸ (ਕਰ ਕੇ ਅੰਤਹਕਰਨ ਰੂਪ) ਸੇਜਾ ਉਸ ਪਤੀ ਲਈ ਵਿਛਾਈ ਹੈ।

**ਹਰਿਹਾਂ ਮਸਤਕਿ ਹੋਵੈ ਭਾਗੁ ਤ ਸਾਜਨੁ ਪਾਈਐ ॥੨॥**

ਹਾਂ ਭਾਈ! (ਜੇ) ਮੱਥੇ ਦੇ ਭਾਗ ਹੋਣਗੇ ਤਾਂ ਸੱਜਨ ਮਿਲ ਪਵੇਗਾ ॥੨॥

**ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ ॥**

ਹੇ ਸਖੀ ! ਕੱਜਲ (ਤੇ) ਹਾਰ (ਪਾਇਆ ਹੈ), ਤੰਬੋਲ (ਪਾ ਕੇ ਹੋਠਾਂ ਤੇ ਸੁਰਖੀ ਭੀ ਲਾਈ ਹੈ ਅਤੇ ਹੋਰ) ਸਾਰੇ ਸਾਜ਼ ਭੀ ਪੂਰੇ ਕੀਤੇ ਹਨ।

**ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ ॥**

ਸੋਲਾਂ ਸ਼ਿੰਗਾਰ (ਸਰੀਰ ਤੇ) ਕੀਤੇ ਹਨ, ਅਤੇ ਸੁਰਮਾਂ ਭੀ ਪਾ ਲਿਆ ਹੈ ।

**ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ ॥**

ਜੇਕਰ ਪਤੀ ਘਰ ਆ ਜਾਵੇ ਤਾਂ ਸਭ ਕੁਝ ਮਿਲ ਜਾਵੇਗਾ ।

**ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ ॥੩॥**

ਹਾਂ ਭਾਈ ! ਕੰਤ (ਮਿਲੇ ਤੋਂ) ਬਿਨਾਂ ਸ਼ਿੰਗਾਰ (ਕੀਤੇ ਸਾਰੇ) ਬਿਰਥਾ ਚਲੇ ਜਾਣਗੇ (ਸਗੋਂ ਦੁਖ ਦਾ ਕਾਰਣ ਹੋ ਕੇ ਦੁਖ ਦੇਣਗੇ) ॥੩॥

**ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ ॥**

ਜਿਸ ਦੇ ਘਰ ਵਿਚ ਪਤੀ ਵਸਦਾ ਹੈ, ਉਹ ਵੱਡੇ ਭਾਗਾਂ ਵਾਲੀ ਹੈ ।

**ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ ॥**

ਉਸੇ ਦਾ ਕੀਤਾ ਹੋਇਆ ਸਾਰਾ ਸ਼ਿੰਗਾਰ (ਸਫਲ ਹੈ, ਅਤੇ) ਓਹੀ ਸੁਹਾਗਣੀ ਹੈ ।

**ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ ॥**

ਮੈਂ ਬੇਫ਼ਿਕਰ ਹੋ ਕੇ ਸੁੱਤੀ (ਪਈ ਦੇ) ਮਨ ਦੀ ਆਸ਼ਾ ਪੂਰੀ ਹੋ ਗਈ ਹੈ ।

**ਹਰਿਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਈਆ ॥੪॥**

ਹਾਂ ਭਾਈ ! ਜਦ ਪਤੀ ਘਰ ਵਿਚ ਆ ਗਿਆ ਤਾਂ ਸਭ ਕੁਝ ਮਿਲ ਪਿਆ ਹੈ ॥੪॥

**ਆਸਾ ਇਤੀ ਆਸ ਕਿ ਆਸ ਪੁਰਾਈਐ ॥**

(ਮੈਨੂੰ) ਆਸਾ [ਇਤੀ] ਬਹੁਤ [ਆਸ=ਅਸਿ] ਹੈ, ਕਿ (ਮੇਰੀ) ਆਸ਼ਾ ਪੂਰੀ ਕਰੋਗੇ ?

**ਸਤਿਗੁਰ ਭਏ ਦਇਆਲ ਤ ਪੂਰਾ ਪਾਈਐ ॥**

(ਹਾਂ ! ਜੇਕਰ) ਸਤਿਗੁਰੂ ਜੀ ਦਿਆਲ ਹੋਣ, ਤਾਂ (ਆਸਾ) ਪੂਰੀ ਹੋ ਜਾਵੇਗੀ।

**ਮੈ ਤਨਿ ਅਵਗਣ ਬਹੁਤੁ ਕਿ ਅਵਗਣ ਛਾਇਆ ॥**

ਮੇਰੇ ਸਰੀਰ ਵਿਚ ਦੋਖ ਬਹੁਤ ਹਨ, (ਇਉਂ ਸਮਝੋ) ਕਿ (ਮੈਂ) ਔਗੁਣਾਂ (ਨਾਲ ਹੀ) [ਛਾਇਆ] ਢੱਕਿਆ ਹੋਇਆ ਹਾਂ।

**ਹਰਿਹਾਂ ਸਤਿਗੁਰ ਭਏ ਦਇਆਲ ਤ ਮਨੁ ਠਹਰਾਇਆ ॥੫॥**

(ਪਰ) ਹਾਂ ਭਾਈ ! ਸਤਿਗੁਰੂ ਜੀ ਦਿਆਲ ਹੋਏ ਹਨ, ਤਦੇ ਹੀ ਤਾਂ ਮਨ ਟਿਕ ਗਿਆ ਹੈ ॥੫॥

Sri Satguru Jagjit Singh Ji eLibrary NamdhariElibrary@gmail.com

**ਕਹੁ ਨਾਨਕ ਬੇਅੰਤੁ ਬੇਅੰਤੁ ਧਿਆਇਆ ॥**

(ਗੁਰੂ) ਨਾਨਕ ਜੀ ਆਖਦੇ ਹਨ, ਬੇਅੰਤ-ਬੇਅੰਤ (ਨਾਮ) ਜਪਿਆ ਹੈ।

**ਦੁਤਰੁ ਇਹੁ ਸੰਸਾਰੁ ਸਤਿਗੁਰੂ ਤਰਾਇਆ ॥**

ਇਹ ਸੰਸਾਰ ਦਾ ਤਰਨਾ ਔਖਾ ਸੀ, ਪਰ ਸਤਿਗੁਰਾਂ ਨੇ ਤਾਰ ਲਿਆ ਹੈ।

**ਮਿਟਿਆ ਆਵਾ ਗਉਣੁ ਜਾਂ ਪੂਰਾ ਪਾਇਆ ॥**

ਜਿਸ ਨੂੰ ਪੂਰਾ (ਗੁਰੂ) ਮਿਲਿਆ ਹੈ, (ਉਸ ਦਾ) ਔਣਾ ਜਾਣਾ (ਜੰਮਣਾ ਮਰਣਾ) ਮਿਟ ਗਿਆ ਹੈ।

**ਹਰਿਹਾਂ ਅੰਮ੍ਰਿਤੁ ਹਰਿ ਕਾ ਨਾਮੁ ਸਤਿਗੁਰ ਤੇ ਪਾਇਆ ॥੬॥**

ਹਾਂ ਭਾਈ! (ਕਿਉਂਕਿ ਉਸ ਨੇ) ਹਰੀ ਦਾ ਨਾਮ ਅੰਮ੍ਰਿਤ ਸਤਿਗੁਰਾਂ ਪਾਸੋਂ ਲਿਆ ਹੈ ॥੬॥

**ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ ॥**

ਮੇਰੇ (ਮਨ ਰੂਪ) ਹੱਥ ਵਿਚ (ਵੈਰਾਗ ਰੂਪ) [ਪਦਮੁ] ਕਮਲ ਹੈ, (ਅਤੇ ਜੋ ਹਿਰਦੇ ਰੂਪ) [ਆਗਨਿ] ਵੇਹੜੇ ਵਿਚ ਸੁਖ ਹੈ, (ਏਹੋ ਉਸ ਦੀ) ਵਾਸ਼ਨਾ ਹੈ।

**ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ ਨਾਸਨਾ ॥**

ਹੇ ਸਖੀ! ਮੇਰੇ ਗਲ ਵਿਚ (ਨਾਮ ਰੂਪ ਰਤਨ ਹੈ, (ਗੁਰੂ ਦਾ ਦਰਸ਼ਨ) ਦੇਖਦਿਆਂ (ਹੀ ਮੇਰੇ) ਦੁਖ ਨਸ ਗਏ ਹਨ।

SIKHBOOKCLUB.COM

**ਬਾਸਉ ਸੰਗਿ ਗੁਪਾਲ ਸਗਲ ਸੁਖ ਰਾਸਿ ਹਰਿ ॥**

(ਮੈਂ) ਗੋਪਾਲ ਦੇ ਨਾਲ ਵਸਦੀ (ਹਾਂ, ਅਤੇ ਮੇਰੇ ਕੋਲ) ਹਰਿ (ਸਮੇਂ) ਸਾਰੇ ਸੁਖਾਂ ਦੀ ਰਾਸ਼ੀ ਹੈ। (ਕਿਉਂਕਿ)।

**ਹਰਿਹਾਂ ਰਿਧਿ ਸਿਧਿ ਨਵ ਨਿਧਿ ਬਸਹਿ ਜਿਸੁ ਸਦਾ ਕਰਿ ॥੭॥**

ਹਾਂ ਭਾਈ! ਰਿਧੀਆਂ, ਸਿਧੀਆਂ ਤੇ ਨੌਂ ਨਿਧੀਆਂ ਜਿਸ ਦੇ ਹੱਥ (ਵਿਚ) ਸਦਾ ਵਸਦੀਆਂ ਹਨ, (ਉਹ ਕਰਤਾਰ ਮੇਰੇ ਨਾਲ ਹੈ, ਅਤੇ ਮੈਂ ਉਸਦੇ ਚਰਨਾਂ ਵਿਚ ਹਾਂ) ॥੭॥

**ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ ॥**

(ਜੋ) ਪਰ ਇਸਤ੍ਰੀ ਨੂੰ [ਰਾਵਣਿ] ਭੋਗਣ ਜਾਂਦੇ ਹਨ (ਉਹ ਪਕੌੜੇ ਵਾਂਗ) ਤਲੇ ਜਾਣਗੇ।

**ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ਰ ਕਤ ਢਾਕੀਅਹਿ ॥**

(ਜੋ) ਹੋਰ ਰੋਜ਼ ਪਰਾਯਾ [ਦਰਬੁ] ਧਨ ਚੁਰਾਉਂਦੇ ਹਨ, ਉਨ੍ਹਾਂ ਦੇ [ਛਿਦ੍ਰ] ਦੋਖ ਕਦ ਢਕੇ ਰਹਿਣਗੇ?

**ਹਰਿ ਗੁਣ ਰਮਤ ਪਵਿਤ੍ਰ ਸਗਲ ਕੁਲ ਤਾਰਈ ॥**

(ਜੋ) ਹਰੀ ਦੇ ਪਵਿਤ੍ਰ ਗੁਣ ਗਾਉਂਦਾ ਹੈ, (ਉਹ ਆਪਣੀ) ਸਾਰੀ ਕੁਲ ਨੂੰ ਤਾਰ ਲਏਗਾ।

**ਹਰਿਹਾਂ ਸੁਨਤੇ ਭਏ ਪੁਨੀਤ ਪਾਰਬ੍ਰਹਮੁ ਬੀਚਾਰਈ ॥੮॥**

ਹਾਂ ਭਾਈ! ਪਾਰਬ੍ਰਹਮ ਦੀ ਵਿਚਾਰ ਨੂੰ ਸੁਣਨ ਵਾਲੇ ਭੀ ਪਵਿਤ੍ਰ ਹੋ ਜਾਂਦੇ ਹਨ (ਇਸ ਲਈ ਉਸ

ਦੀ ਕੁਲ ਦਾ ਉਧਾਰ ਹੋਵੇਗਾ) ॥੮॥

**ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ ॥**

ਉਤੇ ਅਕਾਸ਼ ਬਣਾਇਆ ਹੋਇਆ ਹੈ ਅਤੇ ਹੇਠਾਂ ਧਰਤੀ ਸੋਭਦੀ ਹੈ।

**ਦਹ ਦਿਸ ਚਮਕੈ ਬੀਜੁਲਿ ਮੁਖ ਕਉ ਜੋਹਤੀ ॥**

ਦਸੋਂ ਦਿਸ਼ਾ ਵਿਚ ਬਿਜਲੀ ਚਮਕ ਤੇ (ਆਪਣੇ ਕਰਤੇ ਦੇ) ਮੁਖ ਨੂੰ ਵੇਖਦੀ ਫਿਰਦੀ ਹੈ।

**ਖੋਜਤ ਫਿਰਉ ਬਿਦੇਸਿ ਪੀਉ ਕਤ ਪਾਈਐ ॥**

(ਮੈਂ ਭੀ) ਪ੍ਰਦੇਸ਼ ਵਿਚ ਢੂੰਢਦੀ ਫਿਰਦੀ ਹਾਂ, ਪਤੀ ਕਿਥੋਂ ਮਿਲੇਗਾ ?

**ਹਰਿਹਾਂ ਜੇ ਮਸਤਕਿ ਹੋਵੈ ਭਾਗੁ ਤ ਦਰਸਿ ਸਮਾਈਐ ॥੯॥**

ਹਾਂ ਭਾਈ ! ਜੇਕਰ ਮੱਥੇ ਦਾ ਭਾਗ ਹੋਵੇਗਾ ਤਾਂ ਦਰਸ਼ਨ ਦੀ [ਸਮਾਇ] ਸਿੱਕ ਪੂਰੀ ਹੋ ਜਾਵੇਗੀ ॥੯॥

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥**

ਸਭ ਜਗ੍ਹਾਂ ਵੇਖੀਆਂ ਹਨ, ਤੇਰੇ ਜਹੀ (ਕੋਈ ਭੀ) ਨਹੀਂ (ਦਿਸੀ)।

**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥**

(ਜਿਸ ਜਗ੍ਹਾਂ ਨੂੰ ਜੀਵਾਂ ਦੇ ਕਰਮ) [ਬਿਧਾਤੈ] ਫਲ ਪ੍ਰਦਾਤੇ ਨੇ (ਆਪ) [ਬਧੋਹੁ] ਕਾਇਮ ਕੀਤਾ ਹੈ, ਉਥੇ ਹੀ ਤੂੰ ਸੋਭ ਰਿਹਾ ਹੈਂ।

SIKHBOOKCLUB.COM

**ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥**

(ਖਲਕਤ ਭੀ) ਬੇਅੰਤ ਤੇ ਸੰਘਣੀ ਵਸਦੀ ਹੈ, (ਗੁਰੂ) ਰਾਮਦਾਸ (ਜੀ ਦਾ) ਸ਼ਹਿਰ (ਸ੍ਰੀ ਅੰਮ੍ਰਿਤਸਰ ਜੀ) ਵੱਡਾ ਸੁੰਦਰ ਹੈ।

**ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥੧੦॥**

(ਪੰਜਵੇਂ ਗੁਰੂ) ਨਾਨਕ (ਜੀ ਆਖਦੇ ਹਨ) ਹਾਂ ਭਾਈ ! (ਗੁਰੂ) ਰਾਮਦਾਸ ਜੀ ਦੇ ਅੰਮ੍ਰਿਤ-ਸਰੋਵਰ (ਅੰਮ੍ਰਿਤਸਰ) ਵਿਚ ਨ੍ਹਾਈਏ (ਤਾਂ ਸਾਰੇ ਹੀ) [ਕਸਮਲ] ਪਾਪ (ਮਿਟ) ਜਾਂਦੇ ਹਨ ॥੧੦॥

**ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ ॥**

ਪਪੀਹੇ ਦਾ ਸੁਚੇਤ ਚਿਤ [ਸੁ-ਸ੍ਵ] ਆਪਣੇ ਸੱਜਣ ਨੂੰ ਹੀ ਚਾਹੁੰਦਾ ਹੈ।

**ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ ॥**

ਜਿਸ ਨਾਲ (ਉਸਦੇ) ਪ੍ਰਾਣ ਲਗੇ ਹੋਏ ਹਨ ਉਸੇ (ਵਸਤੂ) ਨੂੰ [ਆਹੀਐ] ਚਾਹੁੰਦੀ (ਪੀਉ-ਪੀਉ ਕਰਕੇ ਮੰਗਦਾ) ਹੈ।

**ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ ॥**

ਪਾਣੀ (ਦੀ ਇਕ ਸ੍ਵਾਂਤਿ) ਬੂੰਦ [ਕਾਰਣੇ] ਵਾਸਤੇ ਹੀ ਬਨ ਬਨ (ਵਿਚ) ਉਦਾਸ (ਹੋ ਕੇ) ਫਿਰਦਾ

ਹੈ।

**ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ ॥੧੧॥**

ਹਾਂ ਭਾਈ ! ਤਿਵੇਂ ਹੀ (ਜੇਹੜੇ) ਹਰੀ ਦੇ ਦਾਸ (ਹਰੀ ਤੋਂ) ਨਾਮ ਮੰਗਦੇ ਹਨ, (ਗੁਰੂ) ਨਾਨਕ (ਜੀ ਆਖਦੇ ਹਨ, ਅਸੀਂ ਉਨ੍ਹਾਂ ਤੋਂ) ਬਲਿਹਾਰ ਜਾਂਦੇ ਹਾਂ ॥੧੧॥

**ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ ॥**

(ਵਾਹਿਗੁਰੂ) ਮਿੱਤਰ ਦਾ ਸੁੰਦਰ ਚਿੱਤ (ਆਪ ਤੋਂ ਵਿਛੜੇ ਹੋਏ ਜੀਵ ਦੇ ਦੁੱਖਾਂ ਦਾ) ਭੇਦ ਜਾਣਦਾ ਨਹੀਂ ਹੈ।

**ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ ॥**

(ਜੋ) ਅਪਾਰ ਦੇ ਗੁਣਾਂ ਦਾ ਗ੍ਰਾਹਕ (ਹੋਵੇਗਾ) ਉਹ ਤੱਤ (ਸਰੂਪ ਨੂੰ) ਪਛਾਣੇਗਾ।

**ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ॥**

ਚੇਤਨ (ਅਰਾਧਨ) ਵਿਚ ਹੀ ਚਿਤ ਸਮਾ ਜਾਵੇ ਤਾਂ ਗੂੜ੍ਹਾ ਰੰਗ (ਸੱਚਾ ਪ੍ਰੇਮ) ਪ੍ਰਗਟ ਹੋਵੇਗਾ।

**ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ ॥੧੨॥**

ਹਾਂ ਭਾਈ ! (ਇਸ ਦਸ਼ਾ ਵਿਚ ਪਹੁੰਚ ਕੇ ਮਨ ਰੂਪ) ਚੰਚਲ ਚੋਰ ਨੂੰ ਮਾਰੇਂ ਤਾਂ ਸੱਚਾ ਧਨ (ਵਾਹਿਗੁਰੂ) ਮਿਲੇਗਾ ॥੧੨॥

SIKHBOOKCLUB.COM

**ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥**

(ਹੇ ਸਖੀ ! ਮੈਂ) ਸੁਪਨੇ (ਵਿਚ) [ਊਭੀ] ਦੋ ਰੂਪ (ਪਤੀ ਤੇ ਮੈਂ 'ਕੱਠੇ) ਹੋਏ ਸਾਂ, (ਉਸ ਵੇਲੇ ਤੂੰ ਪਤੀ ਦਾ) [ਅੰਚਲਾ] ਲੜ ਕਿਉਂ ਨਾ ਫੜ ਲਿਆ ?

**ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥**

(ਉਸ) ਸੁੰਦਰ ਪੁਰਖ (ਪਤੀ ਨੂੰ) ਸਾਹਮਣੇ ਬੈਠਾ ਵੇਖ ਕੇ (ਮੇਰਾ) ਮਨ [ਬੰਚਲਾ] ਠੱਗਿਆ ਗਿਆ (ਤੇ ਮੈਂ ਹੰਕਾਰ ਕਰ ਬੈਠੀ, ਇਸ ਲਈ 'ਸੁਪਨੇ* ਵਿਚ ਆਇਆ ਹੋਇਆ ਭੀ ਚਲਾ ਗਿਆ' ਤੇ ਮੈਂ ਉਸ ਨੂੰ ਫੜ ਨਾ ਸਕੀ)।

**ਖੋਜਉ ਤਾ ਕੇ ਚਰਣ ਕਹਹੁ ਕਤ ਪਾਈਐ ॥**

(ਹੁਣ ਮੈਂ) ਉਸ ਦੇ ਚਰਨ ਢੂੰਡਦੀ ਹਾਂ, ਦੱਸ ਕਿਥੋਂ ਮਿਲੇਗਾ ?

**ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ ॥੧੩॥**

ਹੇ ਸਖੀ ! (ਮੈਨੂੰ) ਓਹ ਜਤਨ ਦਸ, ਜਿਸ ਕਰਕੇ ਪਤੀ ਮਿਲ ਜਾਵੇ ॥੧੩॥

**ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥**

---

*ਸੁਪਨੇ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥ (ਵਡਹੰਸੁ ਮਹਲਾ ੧)

(ਜੋ) ਅੱਖਾਂ ਸੰਤ ਦਾ ਦਰਸ਼ਨ ਨਹੀਂ ਕਰਦੀਆਂ, ਉਨ੍ਹਾਂ ਅੱਖਾਂ ਦਾ ਬੁਰਾ ਹਾਲ (ਅੰਨ੍ਹਿਆਂ) ਕਰ ਦੇਵੇ।

**ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥**

(ਜੋ) ਕੰਨ (ਗੁਰਾਂ ਦਾ) [ਨਾਦੁ-ਸ਼ਬਦ] ਉਪਦੇਸ਼ ਨਹੀਂ ਸੁਣਦੇ, (ਉਨ੍ਹਾਂ) ਕੰਨਾਂ ਨੂੰ (ਸਿੱਕਾ ਪਾ ਕੇ) ਬੰਦ ਕਰ ਦੇਵੋ ।

**ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥**

(ਜੋ) ਜੀਭ ਨਾਮ ਨਹੀਂ ਜਪਦੀ, (ਉਸ ਨੂੰ) ਤਿਲ ਤ੍ਰਿਲ (ਜਿੰਨਾ) ਕਟ ਦੇਣਾ (ਚਾਹੀਦਾ ਹੈ)।

**ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥੧੪॥**

ਜਦ ਕਿ ਹਾਂ ਭਾਈ! ਗੋਬਿੰਦ ਰਾਜੇ ਦੇ ਬਿਸਰਿਆਂ ਦਿਨ-ਬ-ਦਿਨ ਘਟਦੇ (ਜਾਈਦਾ ਹੈ, ਤਾਂ ਇਨ੍ਹਾਂ ਅੰਗਾਂ ਦੇ ਰਖਣ ਦਾ ਲਾਭ ਹੀ ਕੀ ਹੈ ?) ॥੧੪॥

**ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ ॥**

(ਹਿਰਦੇ ਰੂਪ) [ਪੰਕਜ] ਕਮਲ (ਵਿਕਾਰਾਂ ਰੂਪ) [ਪੰਕ] ਚਿੱਕੜ ਵਿਚ ਫਸਿਆ ਹੋਇਆ ਹੈ ਅਤੇ ਹੰਕਾਰ ਨਾਲ ਡਾਢਾ ਹੀ [ਗੁੰਫਿਆ] ਜਕੜਿਆ ਗਿਆ ਹੈ।

**ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ ॥**

[ਅੰਗ] ਇੰਦ੍ਰਿਆਂ ਦੀ ਸੰਗਤ (ਵਿਚ) ਉਲਝੇ (ਫਸੇ) ਹੋਏ (ਹਿਰਦੇ-ਕਮਲ) ਨੂੰ ਖਿੜਨਾ ਹੀ ਭੁਲ ਗਿਆ ਹੈ।

**ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ ॥**

ਕੋਈ ਅਜੇਹਾ ਮਿੱਤਰ ਹੈ ਜੋ (ਇਸ ਦੀ ਇਸ) ਕਰੜੀ ਗੰਢ ਨੂੰ ਤੋੜੇਗਾ ?

**ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ ॥੧੫॥**

(ਗੁਰੂ) ਨਾਨਕ (ਜੀ ਆਖਦੇ ਹਨ) ਇਕ ਵਾਹਿਗੁਰੂ ਮਾਲਕ ਹੈ, ਜੋ ਟੁਟਿਆਂ ਨੂੰ [ਸਾਂਠਿ] ਗੰਢ ਲੈਂਦਾ ਹੈ (ਅਤੇ ਵਿਛੜਿਆਂ ਨੂੰ ਆਪਣੇ ਨਾਲ ਜੋੜ ਲੈਂਦਾ ਹੈ) ॥੧੫॥

**ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ ॥**

(ਉਸ) ਪ੍ਰਭੂ ਦੇ ਪ੍ਰੇਮ ਵਾਸਤੇ ਅਨੇਕਾਂ ਦਿਸ਼ਾਂ ਵਲ ਦੌੜਦਾ ਹਾਂ, (ਪ੍ਰੇਮ ਕਿਵੇਂ ਪ੍ਰਾਪਤ ਹੋਵੇਗਾ)।

**ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ ॥**

(ਕਾਮਾਦਿਕ) ਪੰਜ ਦੂਤ ਸਤਾਉਂਦੇ ਹਨ, ਉਨ੍ਹਾਂ ਨੂੰ ਕਿਸ ਤਰਾਂ ਮਾਰੀਏ ?

**ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ ॥**

ਪ੍ਰਭੂ ਦਾ ਨਾਮ ਧਿਆਉਣ ਰੂਪ ਤਿੱਖੇ ਤੀਰ ਚਲਾਓ।

**ਹਰਿਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥੧੬॥**

ਹਾਂ ਭਾਈ! (ਇਉਂ) ਵੱਡੇ ਦੁਸ਼ਟ-ਵਿਕਾਰਾਂ ਨੂੰ ਮਾਰੋ ਤਾਂ ਪੂਰੇ ਗੁਰਾਂ (ਤੋਂ ਪ੍ਰੇਮ) ਪਾ ਲਵੋਗੇ ॥੧੬॥

**ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ ॥**

(ਜੋ ਨਾਮ ਦੀ) ਦਾਤ ਸਤਿਗੁਰਾਂ ਨੇ ਦਿੱਤੀ ਹੈ, ਉਹ ਕਦੇ ਭੀ ਨਹੀਂ ਮੁੱਕਦੀ ।

**ਖਾਵਹੁ ਭੁੰਚਹੁ ਸਭਿ ਗੁਰਮੁਖਿ ਛੁਟਈ ॥**

ਹੇ ਗੁਰਮੁਖ! (ਇਸ ਨੂੰ) ਖਾਵੋ (ਤੇ ਇਸ ਦਾ ਹੀ) [ਭੁੰਚਹੁ] ਸਵਾਦ ਲਵੋ, (ਤਾਂ) ਸਾਰੇ (ਦੁੱਖਾਂ ਤੋਂ) ਛੁਟ ਜਾਉਗੇ ।

**ਅੰਮ੍ਰਿਤੁ ਨਾਮੁ ਨਿਧਾਨੁ ਦਿਤਾ ਤੁਸਿ ਹਰਿ ॥**

ਹਰੀ (ਸਰੂਪ ਗੁਰੂ ਜੀ ਨੇ) [ਤੁਸਿ] ਖੁਸ਼ (ਹੋ ਕੇ) ਅੰਮ੍ਰਿਤ ਦਾ [ਨਿਧਾਨੁ] ਖਜ਼ਾਨਾ ਨਾਮ ਦਿੱਤਾ ਹੈ।

**ਨਾਨਕ ਸਦਾ ਅਰਾਧਿ ਕਦੇ ਨ ਜਾਂਹਿ ਮਰਿ ॥੧੭॥**

(ਗੁਰੂ) ਨਾਨਕ (ਜੀ) ਆਖਦੇ ਹਨ ਜੋ ਸਦਾ (ਇਸ ਨਾਮ ਨੂੰ) ਅਰਾਧਦਾ ਹੈ, (ਉਹ) ਕਦੇ ਭੀ ਨਹੀਂ ਮਰਦਾ ॥੧੭॥

**ਜਿਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ ॥**

ਜਿਥੇ ਭਗਤ ਜਾਂਦਾ (ਹੈ ਉਸ ਨੂੰ) ਉਹੀ ਜਗ੍ਹਾਂ ਸੁਹਾਵਣੀ ਹੈ ।

**ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ ॥**

ਹਰਿ ਨਾਮ ਧਿਆਵਣੇ (ਕਰਕੇ ਉਸ ਨੂੰ) ਸਾਰੇ ਸੁਖ (ਪ੍ਰਾਪਤ) ਹੋਏ ਹਨ ।

**ਜੀਅ ਕਰਨਿ ਜੈਕਾਰੁ ਨਿੰਦਕ ਮੁਏ ਪਚਿ ॥**

(ਸਾਰੇ) ਜੀਵ (ਭਗਤਾਂ ਨੂੰ) [ਜੈਕਾਰੁ] ਨਮਸ਼ਕਾਰ ਕਰਦੇ ਹਨ, (ਅਤੇ ਉਨ੍ਹਾਂ ਦੀ) ਨਿੰਦਾ ਕਰਨ ਵਾਲੇ ਸੜ ਮੋਏ ਹਨ ।

**ਸਾਜਨ ਮਨਿ ਆਨੰਦੁ ਨਾਨਕ ਨਾਮੁ ਜਪਿ ॥੧੮॥**

(ਉਨ੍ਹਾਂ) ਸੱਜਣਾਂ ਦੇ ਮਨ (ਨੂੰ ਸਦਾ ਹੀ) ਅਨੰਦ (ਹੈ, ਗੁਰੂ) ਨਾਨਕ (ਜੀ ਆਖਦੇ ਹਨ, ਜਿਨ੍ਹਾਂ ਨੇ) ਨਾਮ ਨੂੰ ਜਪਿਆ ਹੈ ॥੧੮॥

**ਪਾਵਨ ਪਤਿਤ ਪੁਨੀਤ ਕਤਹ ਨਹੀ ਸੇਵੀਐ ॥**

ਹੇ ਭਾਈ! [ਪਤਿਤ] ਪਾਪੀਆਂ ਨੂੰ [ਪਾਵਨ] ਪਵਿੱਤ੍ਰ (ਕਰਨ ਵਾਲੇ) ਪਵਿਤ੍ਰ (ਸਰੂਪ ਵਾਹਿਗੁਰੂ ਨੂੰ) ਕਿਉਂ ਨਹੀਂ ਯਾਦ ਕਰਦਾ ?

**ਝੂਠੈ ਰੰਗਿ ਖੁਆਰੁ ਕਹਾਂ ਲਗੁ ਖੇਵੀਐ ॥**

ਝੂਠੇ (ਵਿਸ਼ਿਆਂ ਦੇ) ਅਨੰਦ (ਵਿਚ) ਖੁਆਰ (ਹੋ ਕੇ) ਕਿਥੋਂ ਕੁ ਤਕ (ਦੁੱਖ) ਸਹਾਰੇਂਗਾ ?

**ਹਰਿਚੰਦਉਰੀ ਪੇਖਿ ਕਾਹੇ ਸੁਖੁ ਮਾਨਿਆ ॥**

[ਹਰਿ ਚੰਦਉਰੀ] ਭਰਮ ਰੂਪ ਸ਼ਹਿਰ (ਵਰਗੇ ਸੰਸਾਰ ਨੂੰ) ਵੇਖ ਕੇ (ਤੂੰ) ਕਿਉਂ ਸੁਖ (ਰੂਪ ਕਰਕੇ) ਮੰਨਿਆਂ ?

**ਹਰਿਹਾਂ ਹਉ ਬਲਿਹਾਰੀ ਤਿੰਨ ਜਿ ਦਰਗਹਿ ਜਾਨਿਆ ॥੧੯॥**

ਹਾਂ ਭਾਈ ! ਮੈਂ ਉਨ੍ਹਾਂ ਤੋਂ ਬਲਿਹਾਰ ਹਾਂ, ਜਿਨ੍ਹਾਂ ਨੇ ਦਰਗਾਹ ਨੂੰ ਜਾਣਿਆ ਹੈ ॥੧੯॥

**ਕੀਨੇ ਕਰਮ ਅਨੇਕ ਗਵਾਰ ਬਿਕਾਰ ਘਨ ॥**

ਗਵਾਰ ਨੇ [ਘਨ] ਇਕ ਰਸ ਵਿਕਾਰਾਂ ਦੇ ਅਨੇਕ ਕਰਮ ਕੀਤੇ ਹਨ ।

**ਮਹਾ ਦੁਰਗੰਧਤ ਵਾਸੁ ਸਠ ਕਾ ਛਾਰੁ ਤਨ ॥**

(ਜਿਸ ਵਿਚ) ਵੱਡੀ [ਦੁਰੰਗਧਤ] ਬਦਬੋ ਵੱਸਦੀ ਹੈ, ਅਤੇ (ਜੋ) [ਛਾਰੁ] ਖਾਕ ਦਾ (ਢੇਰ) ਸਰੀਰ ਹੈ [ਸਠ] ਮੂਰਖ (ਉਸ ਦੇ) :—

**ਫਿਰਤਉ ਗਰਬ ਗੁਬਾਰਿ ਮਰਣੁ ਨਹ ਜਾਨਈ ॥**

ਹੰਕਾਰ (ਵਿਚ ਹੀ) [ਗੁਬਾਰਿ] ਅੰਨ੍ਹਾ (ਹੋਇਆ) ਫਿਰਦਾ ਹੈ, ਅਤੇ ਮਰਣਾ ਜਾਣਦਾ ਹੀ ਨਹੀਂ ।

**ਹਰਿਹਾਂ ਹਰਿਚੰਦਉਰੀ ਪੇਖਿ ਕਾਹੇ ਸਚੁ ਮਾਨਈ ॥੨੦॥**

ਹਾਂ ਭਾਈ ! ਹਰਿ ਚੰਦਉਰੀ (ਵਰਗੇ ਜਗਤ ਨੂੰ) ਵੇਖ ਕੇ (ਇਸ ਨੂੰ) ਸੱਚ ਕਿਉਂ ਮੰਨ ਬੈਠਾ ਹੈਂ।

**ਜਿਸ ਕੀ ਪੂਜੈ ਅਉਧ ਤਿਸੈ ਕਉਣੁ ਰਾਖਈ ॥**

ਜਿਸਦੀ ਉਮਰਾ ਪੂਰੀ ਹੋ ਜਾਵੇਗੀ, ਉਸ ਨੂੰ ਕੌਣ ਰਖ ਸਕੇਗਾ ?

**ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ ॥**

(ਬੈਦਕ) ਹਕੀਮੀ ਦੇ ਅਨੇਕਾਂ ਉਪਾਵਾਂ ਨੂੰ (ਕੋਈ) ਕਿਥੋਂ ਤਕ ਕਹੇਗਾ ?

**ਏਕੋ ਚੇਤਿ ਗਵਾਰ ਕਾਜਿ ਤੇਰੈ ਆਵਈ ॥**

ਹੇ ਮੂਰਖ ! ਇਕ ਨਿਰੰਕਾਰ ਨੂੰ ਯਾਦ ਕਰ, (ਜੋ ਅੰਤ ਨੂੰ) ਤੇਰੇ ਕੰਮ ਆਵੇਗਾ ।

**ਹਰਿਹਾਂ ਬਿਨੁ ਨਾਵੈ ਤਨੁ ਛਾਰੁ ਬ੍ਰਿਥਾ ਸਭੁ ਜਾਵਈ ॥੨੧॥**

ਹਾਂ ਭਾਈ ! ਨਾਮ (ਜਪੇ ਤੋਂ) ਬਿਨਾਂ ਸਾਰੇ (ਕਰਮ ਕੀਤੇ) ਵਿਅਰਥ ਜਾਣਗੇ ਤੇ ਸਰੀਰ ਨੇ ਤਾਂ ਸਵਾਹ (ਹੋਣਾ ਹੀ) ਹੈ ॥੨੧॥

**ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ ॥**

ਅਪਾਰ ਦਾ ਨਾਮ ਹੀ ਅਮੋਲਕ ਦਵਾਈ (ਹੈ, ਇਸ ਨੂੰ) ਪੀਵੋ।

**ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ ॥**

ਸਾਰੇ ਸੰਤ 'ਕੱਠੇ ਪੀਂਦੇ ਹਨ (ਅਤੇ ਜਗਿਆਸੂਆਂ) ਨੂੰ ਦੇਂਦੇ ਹਨ ।

**ਜਿਸੈ ਪਰਾਪਤਿ ਹੋਇ ਤਿਸੈ ਹੀ ਪਾਵਣੇ ॥**

ਜਿਸ ਨੂੰ ਪ੍ਰਾਪਤ ਹੋਣਾ (ਦਰਗਾਹੋਂ ਲਿਖਿਆ ਹੈ, ਨਾਮ-ਅੰਮ੍ਰਿਤ) ਉਸੇ ਨੂੰ ਮਿਲਦਾ ਹੈ ।

**ਹਰਿਹਾਂ ਹਉ ਬਲਿਹਾਰੀ ਤਿੰਨ੍ ਜਿ ਹਰਿ ਰੰਗੁ ਰਾਵਣੇ ॥੨੨॥**

ਹਾਂ ਭਾਈ! ਮੈਂ ਉਨ੍ਹਾਂ ਤੋਂ ਬਲਿਹਾਰ ਹਾਂ, ਜੋ ਪ੍ਰੇਮ (ਨਾਲ) ਹਰਿ (ਨਾਮ) ਜਪਦੇ ਹਨ ॥੨੨॥

**ਵੈਦਾ ਸੰਦਾ ਸੰਗੁ ਇਕਠਾ ਹੋਇਆ ॥**

(ਹਉਮੈ ਰੋਗ ਨੂੰ ਕੱਟਣ ਵਾਲੇ) ਵੈਦਾਂ [ਸੰਦਾ] ਦਾ ਸੰਗ ਕੱਠਾ ਹੋਇਆ ਹੈ।

**ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥**

ਦਵਾਈ [ਰਾਸਿ] ਮਾਫਕ ਆ ਗਈ ਹੈ, (ਕਿਉਂਕਿ ਕਰਤਾਰ ਜੁ ਸੰਤਾਂ ਰੂਪ ਵੈਦਾਂ ਦੇ) ਵਿਚ ਆਪ ਵਸਦਾ ਹੈ।

**ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ ॥**

ਜੋ ਜੋ ਕਰਮ ਉਨ੍ਹਾਂ (ਦਸਿਆ ਹੈ, ਓਹੀ) ਭਲਾ ਕਰਮ ਹੋ ਕੇ ਫੈਲਿਆ ਹੈ।

**ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ ॥੨੩॥**

ਹਾਂ ਭਾਈ! ਦੁਖ ਰੋਗ ਤੇ ਸਾਰੇ ਪਾਪ ਸਰੀਰ ਤੋਂ ਦੂਰ ਹੋ ਗਏ ਹਨ ॥੨੩॥

## *ਚਉਬੋਲੇ ਮਹਲਾ ੫ ੧ਓ ਸਤਿਗੁਰ ਪ੍ਰਸਾਦਿ ॥* (ਅੰਗ ੧੩੬੩-੬੪)

ਚੌਹ ਪੁਰਖਾਂ (ਸੰਮਨ, ਮੂਸਨ, ਜਮਾਲ ਤੇ ਪਤੰਗ) ਦੇ ਪਰਥਾਇ ਪੰਜਵੇਂ ਗੁਰੂ ਜੀ ਦਾ ਉਪਦੇਸ਼:—

**ਉਥਾਨਕਾ**—ਪ੍ਰਸਿਧ ਸਾਖੀ ਤਾਂ ਏਹ ਹੈ ਕਿ ਜਦ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਆਏ ਤਾਂ ਇਕ ਡਾਢੇ ਗਰੀਬ ਸਿੱਖ ਦੇ ਮਨ ਇੱਛਾ ਫੁਰੀ ਕਿ ਸਤਿਗੁਰਾਂ ਨੂੰ ਪ੍ਰਸ਼ਾਦ ਛਕਾਵਾਂ, ਪਰ ਸਮਰਥਾ ਨਾ ਵੇਖ ਕੇ ਮਨ ਵਿਚ ਦੁਖੀ ਹੋਇਆ। ਫਿਰ ਆਪਣੇ ਪਿਉ ਨਾਲ ਜ਼ਿਕਰ ਕੀਤਾ। ਉਹ ਭੀ ਆਪਣੀ ਬੇਵਸੀ ਵੇਖ ਕੇ ਅੰਦਰ ਅੰਦਰ ਝੂਰਿਆ। ਅੰਤ ਨੂੰ ਪਿਉ ਤੇ ਪੁਤ੍ਰ (ਸੰਮਨ ਤੇ ਮੂਸਨ) ਨੇ ਪੱਕੀ ਠਾਨ ਲਈ ਜੋ ਕੱਲ੍ਹ ਸਤਿਗੁਰਾਂ ਦਾ ਪ੍ਰਸ਼ਾਦ ਜ਼ਰੂਰ ਕਰਾਂਗੇ। ਰਾਤ ਨੂੰ ਪੁਤ੍ਰ ਇਕ ਸ਼ਾਹੂਕਾਰ ਦੇ ਘਰ ਜਾ ਕੇ ਪਾੜ ਲਾਇਆ ਤੇ ਧਨ ਬਾਹਰ ਕਢਿਆ। ਜਦ ਬਾਹਰ ਨਿਕਲਣ ਲਗਾ ਤਾਂ ਉਸ ਪਾੜ ਦੇ ਵਿਚ ਫਸ ਗਿਆ, ਬਾਹਰ ਨ ਨਿਕਲ ਸਕਿਆ। ਅੰਤ ਪਿਉ ਨੂੰ ਆਖਿਓ ਸੂ, ਕਿ ਮੈਂ ਬਾਹਰ ਨਹੀਂ ਨਿਕਲ ਸਕਦਾ, ਉਧਰੋਂ ਦਿਨ ਭੀ ਚੜ੍ਹਨ ਵਾਲਾ ਹੈ, ਅਤੇ ਪਛਾਨ ਸਾਰੀ ਚੇਹਰੇ ਦੀ ਹੈ ਸੋ ਜੇ ਮੈਂ ਇਉਂ ਹੀ ਫਸਿਆ ਰਿਹਾ ਤੇ ਦਿਨ ਚੜ੍ਹ ਗਿਆ ਤਾਂ ਘਰ ਵਾਲੇ ਮੈਨੂੰ ਜ਼ਰੂਰ ਫੜ ਕੇ ਥਾਨੇ ਲੈ ਜਾਣਗੇ ਮੈਂ ਚੋਰੀ ਕੀਤੀ ਹੈ, ਇਸ ਲਈ ਜੇਹਲਖਾਨੇ ਪੈ ਜਾਵਾਂਗਾ, ਇਉਂ (ਗੁਰਸਿਖੀ) ਨੂੰ ਲਾਜ ਲਗੇਗੀ ਅਤੇ ਸਤਿਗੁਰਾਂ ਨੂੰ ਪ੍ਰਸ਼ਾਦ ਭੀ ਨਹੀਂ ਛਕਾਇਆ ਜਾਵੇਗਾ. ਇਸ ਲਈ ਤੁਸੀਂ ਮੇਰਾ ਸਿਰ ਵੱਢ ਕੇ ਲੈ ਜਾਓ ਤੇ ਜਾ ਕੇ ਘਰ ਸਤਿਗੁਰਾਂ ਨੂੰ ਪ੍ਰਸ਼ਾਦ ਛਕਾਓ ਇਸ ਵਿਚ ਇਕ ਤਾਂ ਧੜ ਦੀ ਪਛਾਣ ਨਾ ਹੋ ਸਕੇਗੀ ਤੇ ਨਾ ਹੀ ਮੈਂ ਜੇਹਲ ਵਿਚ ਪੈ ਕੇ 'ਸਿਖੀ' ਨੂੰ ਲਾਜ ਲੁਆਵਾਂਗਾ। ਦੂਜਾ—ਰੁਪਏ ਤੁਹਾਡੇ ਕੋਲ ਹਨ, ਇਨ੍ਹਾਂ ਨੂੰ ਤੁਹਾਡੇ ਕੋਲੋਂ ਕੋਈ ਲਿਜਾ ਨਹੀਂ ਸਕੇਗਾ ਤੇ ਤੁਸੀਂ ਸਤਿਗੁਰਾਂ ਨੂੰ ਪ੍ਰਸ਼ਾਦ ਛਕਾ ਕੇ ਉਨ੍ਹਾਂ ਦੀ ਸੇਵਾ ਕਰਕੇ ਆਪਣਾ ਸਰੀਰ ਸਫਲ ਕਰ ਲਓਗੇ। ਤੀਜਾ—ਇਸ ਝੂਠੇ ਸਰੀਰ ਨੇ ਇਕ ਦਿਨ ਤਾਂ ਜ਼ਰੂਰ ਨਾਸ ਹੋ ਹੀ ਜਾਣਾ ਹੈ, ਜੇ ਕਰ ਸਤਿਗੁਰਾਂ ਦੀ ਸੇਵਾ ਕਰਦਾ ਹੀ ਬਿਨਸ ਜਾਵੇ ਤਾਂ ਇਸ ਤੋਂ ਭਲਾ ਸਮਾਂ ਹੋਰ ਕੇਹੜਾ ਆਵੇਗਾ ? ਪੁੱਤਰ (ਸੰਮਨ) ਦੀ ਏਹ ਅਰਜ ਸੁਣ ਕੇ ਪਿਉ (ਮੂਸਨ) ਨੇ ਪੁੱਤਰ ਦਾ

ਸਿਰ ਵੱਢ ਲਿਆ ਤੇ ਚੁਬਾਰੇ ਤੇ ਲਿਆ ਰੱਖਿਆ। ਉਧਰ ਧੜ ਠੰਢਾ ਹੋ ਕੇ ਹੇਠਾਂ ਡਿੱਗ ਪਿਆ, ਉਸ ਦੇ ਖੜਾਕ ਨਾਲ ਘਰ ਵਾਲੇ ਜਾਗ ਪਏ, ਉਨ੍ਹਾਂ ਨੂੰ ਆਪਣਾ ਮਾਲ ਚੋਰੀ ਗਿਆ ਤਾਂ ਸੁਝਿਆ ਹੀ ਨਾ, ਸਗੋਂ ਆਪ ਨੂੰ ਖੂਨੀ ਬਣਨ ਦੇ ਦੋਸ਼ ਤੋਂ ਬਚਾਉਣ ਲਈ ਮੁਰਦਾ ਲੋਥ ਨੂੰ ਲੁਕਾਉਣ ਦੀ ਪਈ। ਝਟ ਉਨ੍ਹਾਂ ਉਸੇ ਗਰੀਬ ਸਿੱਖ (ਮੂਸਨ) ਨੂੰ ਸੱਦ ਕੇ ਕੁਝ ਰੁਪਏ ਦੇ ਕੇ ਕਿਹਾ ਕਿ ਕੋਈ ਦੁਸ਼ਮਣ ਸਾਡੇ ਨਾਲ ਵੈਰ ਕਮਾਉਣ ਲਈ ਇਹ ਮੁਰਦਾ ਸਾਡੇ ਘਰ ਸੁਟ ਗਿਆ ਹੈ, ਤੂੰ ਇਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਸਾਡੇ ਘਰੋਂ ਬਾਹਰ ਲਿਜਾ ਕੇ ਕਿਤੇ ਛੱਡ ਆ, ਤਾਂ ਕਿ ਦਿਨ ਚੜ੍ਹਨ ਤੋਂ ਪਹਿਲਾਂ-ਪਹਿਲਾਂ ਮੁਰਦਾ ਹੀ ਗੁੰਮ ਹੋ ਜਾਏ।

ਭਾਈ ਜੀ ਨੇ ਰੁਪਏ ਪੱਲੇ ਬੱਧੇ ਤੇ ਪੁੱਤਰ ਦੀ ਮੁਰਦਾ ਲੋਥ ਚੁਕ ਕੇ ਚੁਬਾਰੇ ਤੇ ਲਿਆ ਰੱਖੀ ਅਤੇ ਉਸ ਦੇ ਨਾਲ ਹੀ ਸਿਰ ਜੋੜ ਕੇ ਉਤੇ ਚਾਦਰ ਪਾ ਦਿੱਤੀ। ਦਿਨ ਚੜ੍ਹੇ ਹਲਵਾਈ ਸੱਦ ਕੇ ਚੰਗੇ-ਚੰਗੇ ਭੋਜਨ ਬਣਵਾ ਕੇ ਗੁਰੂ ਜੀ ਨੂੰ ਪ੍ਰਸ਼ਾਦ ਛਕਣ ਲਈ ਸੱਦ ਆਂਦਾ। ਜਦ ਗੁਰੂ ਜੀ ਪ੍ਰਸ਼ਾਦ ਛਕਣ ਲਗੇ ਤਾਂ ਉਸ ਵੇਲੇ ਮੂਸਨ ਤੋਂ ਪੁਛਿਆ—"ਤੇਰਾ ਪੁਤਰ (ਸੰਮਨ) ਕਿਥੇ ਹੈ? ਸੰਗਤ ਦੀ ਸੇਵਾ ਕਰਦਾ ਕਿਤੇ ਨਹੀਂ ਦਿਸਦਾ, ਉਸ ਨੂੰ ਸੱਦ ਜੋ ਆ ਕੇ ਸੇਵਾ ਕਰੇ, ਕਿਉਂਕਿ ਸੇਵਾ ਕੀਤਿਆਂ ਹੀ ਸਰੀਰ ਸਫਲ ਹੁੰਦਾ ਹੈ।" ਸਤਿਗੁਰਾਂ ਦੇ ਏਹ ਬਚਨ ਸੁਣ ਕੇ ਮੂਸਨ ਨੇ ਬੇਨਤੀ ਕੀਤੀ, ਕਿ ਸਤਿਗੁਰੂ ਜੀ! ਆਪ ਸਭ ਜਾਣੀ ਜਾਣ ਹੋ। ਜਿਥੇ ਸੰਮਨ ਬੈਠਾ ਹੈ, ਉਥੇ ਮੇਰੀ ਆਵਾਜ਼ ਨਹੀਂ ਪਹੁੰਚਦੀ, ਆਪ ਹੀ ਕ੍ਰਿਪਾ ਕਰਕੇ ਉਸ ਨੂੰ ਬੁਲਾ ਲਵੋ। ਮੂਸਨ ਦੀ ਇਹ ਅਰਜ਼ ਸੁਣਕੇ, ਗੁਰੂ ਜੀ ਨੇ ਅਵਾਜ਼ ਮਾਰ ਕੇ ਕਿਹਾ—"ਹੇ ਭਾਈ ਸੰਮਨਾ! ਹੁਣ ਸੇਵਾ ਦਾ ਵੇਲਾ ਹੈ, ਆ ਕੇ ਸੰਗਤ ਦੀ ਸੇਵਾ ਕਰੋ!" ਗੁਰੂ ਜੀ ਦੇ ਇਨ੍ਹਾਂ ਬਚਨਾਂ ਦੇ ਨਾਲ ਹੀ ਸੰਮਨ ਦੀ ਮੁਰਦਾ ਦੇਹ ਜੀਉ ਪਈ ਅਤੇ ਸੰਮਨ ਨੇ ਕਿਹਾ, "ਗੁਰੂ ਜੀ! ਮੈਂ ਹਾਜ਼ਰ ਹੋਇਆ, ਸੰਗਤ ਲਈ ਲੂਣ ਮਿਰਚਾਂ ਪੀਹ ਕੇ ਲਈ ਆਉਂਦਾ ਹਾਂ।" ਉਸ ਵੇਲੇ ਪਿਉ ਪੁੱਤਰ ਦੀਆਂ ਜੋ ਗੱਲਾਂ ਹੋਈਆਂ, ਓਹੀ ਇਨ੍ਹਾਂ ਸਲੋਕਾਂ ਵਿਚ 'ਸੰਮਨ' ਤੇ 'ਮੂਸਨ' ਦੇ ਨਾਮ ਪਰ ਉਪਦੇਸ਼ ਹੈ।

ਭਾਵੇਂ ਏਹ ਸਾਖੀ ਸਾਰੇ ਹੀ ਸੁਣਾਉਂਦੇ ਹਨ, ਅਤੇ ਇਸ 'ਚਉਬੋਲੇ' ਬਾਣੀ ਦੀ ਏਹੋ ਹੀ ਉਥਾਨਕਾ ਕਹਾਉਂਦੀ ਹੈ, ਪਰ ਵਿਚਾਰ ਤਾਂ ਇਸ ਗੱਲ ਦੀ ਹੈ ਕਿ 'ਚੋਰ ਕੀ ਹਾਮਾ ਭਰੇ ਨ ਕੋਇ' ਜਿਸ ਗੁਰੂ ਜੀ ਨੇ ਇਹ ਵਾਕ ਉਚਾਰੇ ਹਨ, ਓਹੀ ਚੋਰ ਦੀ ਹਾਮੀ ਭਰਦਾ ਹੈ, ਅਤੇ 'ਚੋਰ ਕੀਆ ਚੰਗਾ ਕਿਉਂ ਹੋਇ' ਫੁਰਮਾਉਣ ਵਾਲਾ ਗੁਰੂ ਚੋਰਾਂ ਦੀ ਕੀਤੀ ਨੂੰ ਚੰਗਾ ਜਾਣ ਕੇ ਉਸਦੀ ਚੋਰੀ ਦੇ ਮਾਲ ਦਾ ਪਰਸ਼ਾਦ ਛਕਦਾ ਹੈ। ਜੇਹੜਾ ਗੁਰੂ ਮੇਹਰੂ ਵਰਗੇ ਚੋਰ ਨੂੰ ਸਿਖਿਆ ਦੇਂਦਾ ਹੈ ਕਿ ਚੋਰੀ ਨਾ ਕਰੀਂ ਅਤੇ ਜਿਨ੍ਹਾਂ ਦੀ ਚੋਰੀ ਦਾ ਮਾਲ ਤੇਰੇ ਕੋਲ ਹੈ, ਉਹ ਉਨ੍ਹਾਂ ਨੂੰ ਮੋੜ ਦੇਹ, ਜਿਨ੍ਹਾਂ ਦਾ ਚੁਰਾਇਆ ਹੈ। ਇਸ ਸਿਖਿਆ ਨੂੰ ਸੁਣ ਕੇ ਸਿੱਖੀ ਦੀ ਅਭਿਲਾਖਾ ਵਾਲਾ 'ਮੇਹਰੂ' ਚੋਰ ਨੌਧੇ ਜਟ ਦੇ ਘਰ ਜਾ ਕੇ ਇਕ ਮੈਂਹ ਚੋਰੀ ਕੀਤੀ ਹੋਈ ਦੇ ੩ ਜੰਮ ਮੱਝਾਂ ਜੋ ਕੁਝ ਰੁਪਯਾ ਨਕਦ ਪੀਤੇ ਦੁਧ ਵਜੋਂ ਦੇ ਕੇ ਬੇਨਤੀ ਕਰਦਾ ਹੈ ਕਿ ਮਾਫ ਕਰ, ਮੈਂ ਤੇਰੀ ਚੋਰੀ ਕੀਤੀ ਸੀ, ਮੈਂ ਤੇਰਾ ਚੋਰ ਹਾਂ, ਕਿਉਂਕਿ ਹੁਣ ਮੈਂ ਸਿੱਖ ਹੋ ਗਿਆ ਹਾਂ, ਇਸ ਲਈ ਇਹ ਤੇਰੀ ਸਗਵੀਂ ਮਝ ਤੇ ਉਸਦੇ ਬੱਚੇ ਹਨ।" ਹੈਰਾਨੀ ਹੈ ਕਿ ਫਿਰ ਓਹੀ ਗੁਰੂ ਸੰਮਨ ਸਿੱਖ ਦੀ ਚੋਰੀ ਨੂੰ ਫਲ ਚੜ੍ਹਾਉਣ ਲਈ ਉਹਨਾਂ ਦੇ ਨਾਮ ਸਮਾਰਕ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਉਚਾਰਦਾ ਹੈ?

ਦੂਜੀ ਵਿਚਾਰ ਹੈ ਕਿ ਭਾਈ ਗੁਰਦਾਸ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੀ ਵੇਲੇ ਹੋਏ ਹਨ। ਉਨ੍ਹਾਂ ਨੇ ਲਾਹੌਰ, ਮੁਜੰਗ ਤੇ ਸ਼ਾਹਦਰੇ ਦੇ ਸਿੱਖਾਂ ਦੇ ਨਾਮ ਤੇ ਬਾਣੀ ਉਚਾਰੀ ਹੈ ਜੋ ਕਿ ਉਸ ਵੇਲੇ ਮੌਜੂਦ ਸਨ, ਪਰ ਲਾਹੌਰ ਦੇ ਸਿੱਖਾਂ ਦੀ ਨਾਮਾਵਲੀ ਵਿਚ ਉਨ੍ਹਾਂ ਦਾ ਨਾਮ ਹੀ ਨਹੀਂ ਲਿਖਿਆ। ਹਾਂ, ਇਕ ਜਗ੍ਹਾ ਤੇ

ਅੱਗੇ ਜਾ ਕੇ 'ਇਉਂ ਤਾਂ ਜ਼ਰੂਰ ਲਿਖਿਆ ਹੈ ਕਿ—

'ਸੰਮਨ ਵਿਚ ਸ਼ਾਹਬਾਜ ਪੁਰ ਗੁਰਸਿੱਖਾਂ ਦੀ ਸੇਵ ਕਰੇਂਦਾ'

ਇਸ ਗੱਲ ਦਾ ਪਤਾ ਨਹੀਂ ਜੋ ਇਹ ਬਾਣੀ ਗੁਰਸਿੱਖਾਂ ਦੀ ਸੇਵਾ ਕਰਨ ਵਾਲੇ ਸ਼ਾਹਬਾਜ ਪੁਰੀਏ ਭਾਈ ਸੰਮਨ ਪ੍ਰਤੀ ਹੈ, ਜਾਂ ਉਸ ਚੋਰ ਸੰਮਨ ਨੂੰ ਸਿਖਿਆ ਦੇਣ ਲਈ ਉਚਾਰੀ ਗਈ ਹੈ।

ਮੇਰਾ ਆਪਣਾ ਵਿਚਾਰ ਤਾਂ ਇਉਂ ਹੈ ਕਿ ਸ਼ਾਹਬਾਜਪੁਰ ਵਿਚ ਗੁਰਸਿੱਖੀ ਦੀ ਰੰਗਣ ਵਿਚ ਕਈ ਪ੍ਰੇਮੀ ਰੰਗੇ ਹੋਏ ਸਨ, ਜਿਨ੍ਹਾਂ ਵਿਚ ਕਈ ਹਿੰਦੂ ਤੇ ਮੁਸਲਮਾਨ ਭੀ ਸਨ, ਉਨ੍ਹਾਂ ਵਿਚੋਂ ਚਾਰ ਪ੍ਰੇਮੀ ਸ੍ਰੀ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਗੁਰੂ ਜੀ ਉਨ੍ਹਾਂ (ਚਉਬੋਲੇ) ਚੌਹਾਂ ਨੂੰ ਉਪਦੇਸ਼ ਦੇਣ ਲਈ ਇਉਂ ਬੋਲੇ। ਮੁਸਲਮਾਨ ਪ੍ਰੇਮੀ ਇਸ ਲਈ ਭਾਸਦੇ ਹਨ, ਕਿ ਇਸ ਬਾਣੀ ਵਿਚ ਇਕ ਨਾਮ 'ਜਮਾਲ' ਭੀ ਕਿਹਾ ਹੈ, ਜੋ ਮੁਸਲਮਾਨ ਤੋਂ ਛੁਟ ਕਿਸੇ ਹਿੰਦੂ ਦਾ ਹੋਣਾ ਅਸੰਭਵ ਜੇਹਾ ਭਾਸਦਾ ਹੈ। ਅਗੇ ਗੁਰੂ ਜੀ ਦੀ ਗਤੀ ਸਤਿਗੁਰੂ ਜੀ ਆਪ ਜਾਣਦੇ ਹਨ।

**ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ ॥**

ਹੇ ਸੰਮਨ! ਜੇਕਰ ਇਸ ਪਰੇਮ ਦਾ ਦਮੜਿਆਂ ਨਾਲ (ਵੱਟਾ) ਸੱਟਾ (ਹੋ) ਸਕਦਾ) ਹੁੰਦਾ, ਤਾਂ—

**ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥੧॥**

ਉਹ ਰਾਵਨ (ਕੋਈ) ਕੰਗਾਲ ਨਹੀਂ ਸੀ, ਜਿਸਨੇ (ਯਾਰਾਂ ਵੇਰੀ) ਸਿਰ ਵੱਢ ਕੇ (ਸ਼ਿਵ ਜੀ ਦੀ) ਭੇਟ ਕੀਤਾ ਸੀ॥੧॥

**ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ ॥**

ਪ੍ਰੀਤਮ ਦਾ ਪ੍ਰੇਮ ਹੀ ਤਨ ਵਿਚ ਖੱਚਤ (ਹੋ) ਰਿਹਾ ਹੈ, ਰਾਈ ਜਿੰਨੇ ਮੋਹ (ਦੀ ਭੀ ਸਰੀਰ) ਵਿਚ ਸਮਾਈ ਨਹੀਂ ਹੋ ਸਕਦੀ।

**ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ ॥੨॥**

(ਇਸ) ਮੇਲ (ਨੂੰ ਉਹ) ਸੁਰਤ ਵਾਲੇ ਸਮਝ ਸਕਦੇ (ਹਨ, ਜਿਨ੍ਹਾਂ ਦਾ) ਮਨ (ਪ੍ਰੀਤਮ ਦੇ) ਚਰਨ ਕਮਲਾਂ ਨਾਲ ਵਿੰਨ੍ਹਿਆ ਹੈ॥੨॥

**ਸਾਗਰ ਮੇਰ ਉਦਿਆਨ ਬਨ ਨਵ ਖੰਡ ਬਸੁਧਾ ਭਰਮ ॥**

ਸਮੁੰਦਰਾਂ, ਪਹਾੜਾਂ, ਉਜਾੜਾਂ, ਜੰਗਲਾਂ ਤੇ ਨੌਂ ਖੰਡਾਂ (ਵਾਲੀ ਸਾਰੀ) [ਬਸੁਧਾ] ਧਰਤੀ ਦਾ [ਭਰਮ] ਫਿਰਨਾ (ਇਕ ਪਾਸੇ) ਅਤੇ—

**ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ ॥੩॥**

ਹੇ ਮੂਸਨ! ਪਿਆਰੇ ਦੇ ਪਰੇਮ (ਦੇ ਰਸਤੇ ਉਤੇ) ਇਕ [ਕਰਮ] ਕਦਮ (ਟਿਕਾਉਣ ਦੇ ਸਮਾਨ ਹੀ ਪਿਛਲਾ ਕਸ਼ਟ) ਗਿਣਿਆ ਜਾਂਦਾ ਹੈ॥੩॥

**ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ ॥**

ਹੇ ਮੂਸਨ! ਜੋ (ਹਿਰਦੇ ਰੂਪ) [ਅੰਬਰੁ] ਅਕਾਸ਼ (ਵਿਚ ਮੋਹ ਦੀ) ਸਿਆਹੀ (ਲਗ) ਰਹੀ (ਹੈ, ਇਸ

Sri Satguru Jagjit Singh Ji eLibrary NamdhariElibrary@gmail.com

ਉਤੇ) ਪ੍ਰੇਮ ਦੀ [ਮਸਕਰ] ਕੂਚੀ ਫੇਰ।

**ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ ॥੪॥**

ਕਮਲ ਦੇ ਵਿੰਨ੍ਹੇ (ਹੋਏ, ਤੇ ਉਸ) ਵਿਚ ਬੱਧੇ (ਹੋਏ) ਭੌਰੇ (ਫਿਰ ਉਸੇ ਨਾਲ) ਲੱਗੇ ਰਹਿੰਦੇ ਹਨ, (ਅਰਥਾਤ ਪ੍ਰੀਤਮ ਦਾ ਦਿੱਤਾ ਦੁੱਖ ਚੇਤੇ ਹੀ ਨਹੀਂ ਕਰਦੇ, ਇਵੇਂ ਕਰਤਾਰ ਵਲੋਂ ਜੋ ਦੁੱਖ ਵੀ ਮਿਲੇ, ਪ੍ਰੇਮੀ ਨੂੰ ਉਸ ਦਾ ਖਿਆਲ ਹੀ ਨਹੀਂ ਹੁੰਦਾ) ॥੪॥

**ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ ॥**

ਜਪ, ਤਪ, ਸੰਜਮ, ਖੁਸ਼ੀ, ਸੁਖ, ਆਦਰ, ਵਡਿਆਈ ਅਤੇ ਵਡਪੁਨਾ—

**ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ ॥੫॥**

ਹੇ ਮੂਸਨ! ਇਕ ਨਿਮਖ ਜਿੰਨੇ ਪ੍ਰੇਮ ਤੋਂ (ਇਹ) ਸਭ ਕੁਝ ਵਾਰਨੇ ਕਰ ਦੇਵਾਂ ॥੫॥

**ਮੂਸਨ ਮਰਮੁ ਨ ਜਾਨਈ ਮਰਤ ਹਿਰਤ ਸੰਸਾਰ ॥**

ਹੇ ਮੂਸਨ! ਮਰ [ਹਿਰਤ] ਮਿਟਨ ਵਾਲਾ ਸੰਸਾਰ (ਪ੍ਰੇਮ ਦਾ) ਮਰਮ ਨਹੀਂ ਜਾਣਦਾ।

**ਪ੍ਰੇਮ ਪਿਰੰਮ ਨ ਬੇਧਿਓ ਉਰਝਿਓ ਮਿਥ ਬਿਉਹਾਰ ॥੬॥**

(ਇਸੇ ਲਈ ਤਾਂ) ਪਿਆਰੇ ਦੇ ਪ੍ਰੇਮ ਵਿਚ ਨਹੀਂ ਲਗਾ ਅਤੇ [ਮਿਥ] ਝੂਠੇ ਵਿਹਾਰਾਂ ਵਿਚ ਫਸਿਆ ਹੋਇਆ ਹੈ ॥੬॥

SIKHBOOKCLUB.COM

**ਘਬੁ ਦਬੁ ਜਬ ਜਾਰੀਐ ਬਿਛੁਰਤ ਪ੍ਰੇਮ ਬਿਹਾਲ ॥**

ਜਦੋਂ ਪ੍ਰੀਤਮ ਵਿਛੜਦਾ (ਹੈ, ਤਾਂ ਪ੍ਰੇਮੀ) [ਘਬੁ] ਘਰਾਂ ਤੇ [ਦਬੁ= ਦਰਬ] ਧਨ ਨੂੰ ਅੱਗ ਲਾ ਕੇ (ਹਾਲੋਂ) ਬੇਹਾਲ (ਹੋ ਜਾਂਦਾ ਹੈ) ਕਿਉਂਕਿ—

**ਮੂਸਨ ਤਬ ਹੀ ਮੂਸੀਐ ਬਿਸਰਤ ਪੁਰਖ ਦਇਆਲ ॥੭॥**

ਹੇ ਮੂਸਨ! ਤਦੋ ਹੀ ਲੁਟੇ ਜਾਈਦਾ ਹੈ, ਜਦੋਂ ਦਿਆਲੂ ਪੁਰਖ ਭੁਲਦਾ ਹੈ ॥੭॥

**ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ ॥**

ਜਿਸ ਨੂੰ ਪ੍ਰੇਮ ਦਾ ਸੁਆਦ (ਆਇਆ) ਹੈ, (ਉਹ ਪ੍ਰੀਤਮ ਦੇ) ਚਰਨ ਦਾ ਹੀ ਮਨ ਵਿਚ ਚਿੰਤਨ (ਕਰਦਾ ਹੈ)।

**ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ ॥੮॥**

(ਗੁਰੂ) ਨਾਨਕ (ਜੀ ਆਖਦੇ ਹਨ) ਨਿਰੰਕਾਰ ਦੇ [ਬਿਰਹੀ] ਪ੍ਰੇਮੀ ਦਾ ਮਨ ਕਿਤੇ ਹੋਰਥੇ ਨਹੀਂ ਜਾਂਦਾ ॥੮॥

**ਲਖ ਘਾਟੀਂ ਊਚੌ ਘਨੋ ਚੰਚਲ ਚੀਤ ਬਿਹਾਲ ॥**

ਲੱਖਾਂ ਹੀ ਘਾਟੀਆਂ ਬਹੁਤ ਉੱਚੀਆਂ ਹਨ, (ਜਿਨ੍ਹਾਂ ਦੀ ਉਚਾਨ ਵੇਖ ਕੇ) ਚੰਚਲ ਮਨ ਵੀ ਬੇਹਬਲ (ਹੋ ਜਾਂਦਾ ਹੈ)।

**ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ ॥੯॥**

ਹੇ ਜਮਾਲ! ਕਮਲ ਦੀ ਕਰਨੀ (ਵਿਚ) ਬਹੁਤ ਨਿੰਮਰਤਾ (ਹੈ, ਜੋ ਉਨ੍ਹਾਂ ਘਾਟੀਆਂ ਦਾ ਵਸੇਬਾ ਨਾ ਪਸੰਦ ਕਰਕੇ) ਨੀਵੇਂ [ਕੀਚ] ਚਿੱਕੜ (ਵਿਚ ਉੱਗਿਆ ਹੈ, ਇਸੇ ਤਰ੍ਹਾਂ ਪ੍ਰੇਮੀ ਸਦਾ ਹੀ ਨੀਵੇਂ ਰਹਿੰਦੇ ਹਨ) ॥੯॥

**ਕਮਲ ਨੈਨ ਅੰਜਨ ਸਿਆਮ ਚੰਦ੍ਰ ਬਦਨ ਚਿਤ ਚਾਰ ॥**

ਕਮਲ ਵਰਗੀਆਂ ਅੱਖਾਂ, ਸੁਰਮੇ (ਵਰਗਾ) ਸਿਆਮ (ਰੰਗ) ਤੇ ਚੰਦਰਮਾ (ਵਰਗਾ ਸੁੰਦਰ) [ਬਦਨ] ਮੁਖੜਾ ਚਿੱਤ ਨੂੰ ਚੁਰਾਉਣ ਵਾਲਾ ਹੈ।

**ਮੂਸਨ ਮਗਨ ਮਰੰਮ ਸਿਉ ਖੰਡ ਖੰਡ ਕਰਿ ਹਾਰ ॥੧੦॥**

ਹੇ ਮੂਸਨ! (ਉਸ ਦੀਵੇ ਦੇ ਰੂਪ ਤੇ) ਮਸਤ (ਹੋ ਕੇ, ਇਸੇ) ਭੇਦ ਨਾਲ (ਪਤੰਗਾ ਉਸ ਉਤੇ) ਟੁਕੜੇ-ਟੁਕੜੇ ਹੋ ਕੇ ਸੜ ਜਾਂਦਾ ਹੈ ॥੧੦॥

**ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ ॥**

ਪਿਆਰੇ ਦੇ ਪ੍ਰੇਮ ਕਰਕੇ (ਅਜਿਹਾ) ਮਸਤ ਹੋਇਆ ਹੈ, (ਕਿ ਉਸ ਨੂੰ ਆਪਣੇ) [ਅੰਗ] ਸਰੀਰ (ਸੜੇ ਦੀ ਕੋਈ) ਸੁਧ [ਸਿਮਰਤ] ਬੁਧ ਨਹੀਂ (ਰਹਿੰਦੀ)।

**ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ ॥੧੧॥**

(ਗੁਰੂ) ਨਾਨਕ (ਜੀ ਆਖਦੇ ਹਨ, ਹੇ) ਪਤੰਗੇ! (ਇਸੇ ਪ੍ਰੇਮ ਕਰਕੇ) ਨੀਚ ਪਤੰਗਾ ਸਾਰੇ ਲੋਕਾਂ ਵਿਚ ਪ੍ਰਗਟ ਹੋ ਗਿਆ ਹੈ ॥੧੧॥

## ਸਲੋਕ ਭਗਤ ਕਬੀਰ ਜੀਉ ਕੇ (ਅੰਗ ੧੩੬੪-੭੭)

ੴ ਸਤਿਗੁਰ ਪ੍ਰਸਾਦਿ ॥

**ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ ॥**

ਕਬੀਰ (ਜੀ ਆਖਦੇ ਹਨ, ਮੇਰੀ) ਜੀਭ ਉਤੇ ਰਾਮ (ਵਸਦਾ ਹੈ, ਇਹੋ) ਮੇਰੀ [ਸਿਮਰਨੀ] ਮਾਲਾ ਹੈ।

**ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ ॥੧॥**

ਜੁਗਾਂ ਦੇ ਸ਼ੁਰੂ (ਤੋਂ ਲੈ ਕੇ ਅੱਜ ਤੋਂ) ਪਹਿਲੇ (ਜੋ) ਸਾਰੇ ਭਗਤ (ਹੋਏ ਹਨ) ਉਨ੍ਹਾਂ ਦਾ ਸੁਖ ਅਸਥਾਨ (ਵੀ ਓਹੀ ਰਾਮ ਸੀ)॥੧॥

**ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥**

ਕਬੀਰ (ਜੀ ਆਖਦੇ ਹਨ) ਮੇਰੀ ਜਾਤ ਨੂੰ ਤਾਂ ਸਭ ਕੋਈ ਮਖੌਲ-ਠੱਠੇ ਕਰਦਾ ਹੈ।

**ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥੨॥**

(ਪਰ ਮੈਂ) ਇਸ ਜਾਤ ਤੋਂ ਕੁਰਬਾਨ (ਜਾਂਦਾ ਹਾਂ), ਇਸ ਨੂੰ (ਪਾ ਕੇ ਮੈਂ) ਨਿਰੰਕਾਰ ਨੂੰ ਜਪਿਆ ਹੈ ॥੨॥

Sri Satguru Jagjit Singh Ji eLibrary NamdhariElibrary@gmail.com

**ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ ॥**

ਕਬੀਰ (ਜੀ ਆਖਦੇ ਹਨ, ਹੇ ਭਾਈ! ਤੂੰ) [ਡਗ+ਮਗ] ਹੇਠਾਂ ਉਤਾਂਹ ਕਿਉਂ ਹੁੰਦਾ ਹੈਂ, (ਅਰਥਾਤ ਘਬਰਾਉਂਦਾ ਕਿਉਂ ਹੈਂ) ਅਤੇ ਚਿੱਤ ਨੂੰ ਕਿਉਂ ਡੁਲਾਂਦਾ ਹੈਂ?

**ਸਰਬ ਸੂਖ ਕੋ ਨਾਇਕੋ ਰਾਮ ਨਾਮ ਰਸੁ ਪੀਉ ॥੩॥**

ਸਾਰੇ ਸੁਖਾਂ ਦਾ ਮਾਲਕ (ਜੋ) ਰਾਮ (ਹੈ, ਉਸ ਦੇ) ਨਾਮ-ਅੰਮ੍ਰਿਤ ਨੂੰ ਪੀ ਲੈ॥੩॥

**ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥**

ਕਬੀਰ (ਜੀ ਆਖਦੇ ਹਨ; ਜਿਨ੍ਹਾਂ) ਉਤੇ ਲਾਲ ਜੜੇ ਹੋਏ ਹਨ (ਉਹ) ਸੋਨੇ ਦੇ [ਕੁੰਡਲ] ਵਾਲੇ (ਕੰਨਾਂ ਵਿਚ ਪਾਏ ਹੋਏ ਹਨ)।

**ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥੪॥**

ਜਿਨ੍ਹਾਂ ਦੇ ਮਨ (ਵਿਚ ਨਿਰੰਕਾਰ ਦਾ) ਨਾਮ ਨਹੀਂ (ਵਸਦਾ, ਉਨ੍ਹਾਂ ਦੇ ਉਹ ਵਾਲੇ ਤਾਂ ਮੈਨੂੰ) [ਦਾਧੇ] ਸੜੇ ਹੋਏ ਕਾਨੇ ਵਾਂਗ ਦਿਸਦੇ ਹਨ॥੪॥

**ਕਬੀਰ ਐਸਾ ਏਕੁ ਆਧੁ ਜੋ ਜੀਵਤ ਮਿਰਤਕੁ ਹੋਇ॥**

ਕਬੀਰ (ਜੀ ਆਖਦੇ ਹਨ) ਅਜਿਹਾ ਕੋਈ [ਏਕੁ ਆਧੁ] ਵਿਰਲਾ ਹੈ ਜੋ ਜੀਊਂਦਾ ਹੀ ਮੋਇਆ ਹੈ।

**ਨਿਰਭੈ ਹੋਇ ਕੈ ਗੁਨ ਰਵੈ ਜਤ ਪੇਖਉ ਤਤ ਸੋਇ ॥੫॥**

(ਅਤੇ) ਨਿਡਰ ਹੋ ਕੇ (ਵਾਹਿਗੁਰੂ ਦੇ) ਗੁਣ ਗਾਉਂਦਾ ਹੈ, (ਉਹ) ਜਿਧਰ ਵੇਖਦਾ ਹੈ, ਉਸ ਨੂੰ ਉਧਰ (ਹੀ ਵਾਹਿਗੁਰੂ ਦਿਸਦਾ ਹੈ)॥੫॥

**ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦੁ ॥**

ਕਬੀਰ (ਜੀ ਆਖਦੇ ਹਨ) ਜਿਸ ਦਿਨ ਤੋਂ [ਹਉ] ਹੰਕਾਰ ਮਰ ਗਿਆ (ਹੈ, ਉਸ ਦਿਨ ਤੋਂ) ਮਗਰੋਂ (ਮੈਨੂੰ) ਅਨੰਦ ਹੋ ਗਿਆ ਹੈ।

**ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੋੁਬਿੰਦੁ ॥੬॥**

ਮੈਨੂੰ ਆਪਣਾ ਪ੍ਰਭੂ ਮਿਲ ਪਿਆ ਹੈ, ਅਤੇ (ਮੇਰੇ) ਸਾਥੀ ਗੋਬਿੰਦ ਨੂੰ ਜਪਦੇ ਹਨ॥੬॥

**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥**

ਕਬੀਰ (ਜੀ ਆਖਦੇ ਹਨ) ਸਾਰਿਆਂ ਤੋਂ ਅਸੀਂ ਬੁਰੇ ਹਾਂ, ਸਾਥੋਂ ਬਿਨਾਂ ਹੋਰ ਸਾਰੇ ਚੰਗੇ ਹਨ।

**ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥੭॥**

ਜਿਸ ਨੇ ਇਸ ਤਰ੍ਹਾਂ ਕਰਕੇ ਸਮਝਿਆ ਹੈ, ਓਹੀ ਸਾਡਾ ਮਿੱਤਰ ਹੈ॥੭॥

**ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥**

ਕਬੀਰ (ਜੀ ਆਖਦੇ ਹਨ, ਮਾਇਆ) ਮੇਰੇ ਕੋਲ ਅਨੇਕਾਂ ਵੇਗੀ ਰੂਪ ਬਦਲ-ਬਦਲ ਕੇ ਆਈ ਹੈ।

**ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥੮॥**

ਮੈਨੂੰ ਗੁਰੂ ਮੇਰੇ ਨੇ ਬਚਾ ਲਿਆ ਹੈ, ਉਸ (ਮਾਇਆ) ਨੇ ਮੈਨੂੰ ਨਮਸ਼ਕਾਰ ਕੀਤੀ ਹੈ ॥੮॥

**ਕਬੀਰ ਸੋਈ ਮਾਰੀਐ ਜਿਹ ਮੂਐ ਸੁਖੁ ਹੋਇ ॥**

ਕਬੀਰ (ਜੀ ਆਖਦੇ ਹਨ) ਉਸ (ਮਨ ਨੂੰ) ਮਾਰੋ, ਜਿਸ ਦੇ ਮੋਇਆਂ ਸੁਖ ਹੋ ਜਾਵੇ।

**ਭਲੋ ਭਲੋ ਸਭੁ ਕੋ ਕਹੈ ਬੁਰੋ ਨ ਮਾਨੈ ਕੋਇ ॥੯॥**

(ਅਤੇ) ਸਭ ਕੋਈ ਚੰਗਾ-ਚੰਗਾ ਆਖੇ ਤੇ ਕੋਈ ਬੁਰਾ ਵੀ ਨਾ ਮੰਨੇ ॥੯॥

**ਕਬੀਰ ਰਾਤੀ ਹੋਵਹਿ ਕਾਰੀਆ ਕਾਰੇ ਊਭੇ ਜੰਤ ॥**

ਕਬੀਰ (ਜੀ ਆਖਦੇ ਹਨ, ਜਦੋਂ) ਰਾਤਾਂ ਕਾਲੀਆਂ (ਹਨੇਰੀਆਂ) ਹੁੰਦੀਆਂ ਹਨ, ਤਾਂ [ਕਾਰੇ] ਪਾਪੀ ਪੁਰਸ਼ [ਊਭੇ] ਤਿਆਰ ਹੋ ਜਾਂਦੇ ਹਨ।

**ਲੈ ਫਾਹੇ ਉਠਿ ਧਾਵਤੇ ਸਿ ਜਾਨਿ ਮਾਰੇ ਭਗਵੰਤ ॥੧੦॥**

(ਦੂਜਿਆਂ ਨੂੰ ਮਾਰਨ ਲਈ) ਫਾਹੀਆਂ ਲੈ ਕੇ ਉਠ ਦੌੜਦੇ ਹਨ, (ਇਉਂ) ਸਮਝੋ, (ਜੋ) ਉਹ ਭਗਵੰਤ ਦੇ ਮਾਰੇ ਹੋਏ ਹਨ ॥੧੦॥

**ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥**

ਕਬੀਰ (ਜੀ ਆਖਦੇ ਹਨ) ਚੰਦਨ ਦਾ [ਬਿਰਵਾ] ਬੂਟਾ ਚੰਗਾ ਹੈ, (ਜੋ) ਢਕ ਦੇ [ਪਲਾਸ] ਪੱਤਿਆਂ ਨਾਲ [ਬੇੜ੍ਹਿਓ] ਘਿਰਿਆ ਹੋਇਆ ਹੈ।

**ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥**

(ਪਰ) ਜੋ ਚੰਦਨ ਦੇ ਕੋਲ ਵਸਦੇ ਹਨ, ਉਹ (ਬੂਟੇ) ਵੀ ਚੰਦਨ ਦੇ ਹੋ ਜਾਂਦੇ ਹਨ ॥੧੧॥

**ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥**

ਕਬੀਰ (ਜੀ ਆਖਦੇ ਹਨ, ਹੇ ਭਾਈ! ਜਿਵੇਂ ਆਪਣੀ) ਵਡਿਆਈ ਵਿਚ ਵਾਂਸ ਡੁਬ ਗਿਆ, ਇਵੇਂ (ਤੁਸੀਂ) ਕੋਈ ਨਾ ਡੁਬੋ।

**ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥੧੨॥**

(ਕਿਉਂਕਿ) ਚੰਦਨ ਦੇ ਨੇੜੇ ਵੱਸਕੇ ਵੀ ਵਾਂਸ ਵਾਸ਼ਨਾ ਵਾਲਾ ਨਹੀਂ ਹੁੰਦਾ ॥੧੨॥

**ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥**

ਕਬੀਰ (ਜੀ ਆਖਦੇ ਹਨ) [ਦੁਨੀ] ਮਾਇਆ ਮਗਰ ਲੱਗ ਕੇ [ਦੀਨੁ] ਧਰਮ ਛੱਡ ਦਿੱਤਾ, ਪਰ ਮਾਇਆ ਨਾਲ ਨਾ ਗਈ।

**ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥੧੩॥**

ਗਾਫਲ ਨੇ ਆਪਣੇ ਹੱਥੀਂ (ਆਪਣੇ) ਪੈਰਾਂ (ਉਤੇ) ਕੁਹਾੜਾ ਮਾਰ ਲਿਆ ਹੈ ॥੧੩॥

Sri Satguru Jagjit Singh Ji eLibrary NamdhariElibrary@gmail.com

***ਉਥਾਨਕਾ***—ਇਕ ਵਾਰੀ ਕਾਂਸ਼ੀ ਵਿਚ ਮੇਲਾ ਹੋਇਆ, ਲੋਕਾਂ ਨੇ ਮੇਲੇ ਦੀ ਰੌਣਕ ਪ੍ਰਗਟ ਕੀਤੀ, ਤਦ ਭਗਤ ਜੀ ਨੇ ਕਿਹਾ—

**ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ ॥**

ਕਬੀਰ (ਜੀ ਆਖਦੇ ਹਨ) ਜਿਥੇ-ਜਿਥੇ ਮੈਂ ਗਿਆ ਹਾਂ, ਥਾਂ ਪਰ ਥਾਂ ਤਮਾਸ਼ੇ (ਹੀ ਵੇਖੇ ਹਨ)।

**ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥੧੪॥**

(ਪਰ) ਇਕ ਰਾਮ ਦੇ ਪ੍ਰੇਮੀ ਤੋਂ ਬਿਨਾਂ (ਹੋਣ ਕਰਕੇ ਸਾਰਾ ਮੇਲਾ ਹੀ) ਮੇਰੇ ਭਾਣੇ ਤਾਂ ਉਜਾੜ ਹੈ ॥੧੪॥

**ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ ॥**

ਕਬੀਰ (ਜੀ ਆਖਦੇ ਹਨ) ਸੰਤਾਂ ਦੀ ਝੁੱਗੀ ਚੰਗੀ ਹੈ, ਅਤੇ ਬੇਮੁਖ ਦਾ ਪਿੰਡ (ਬਲਦੇ) ਭਠ (ਵਰਗਾ ਹੈ)।

**ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ ॥੧੫॥**

ਜਿਥੇ ਹਰੀ ਦਾ ਨਾਮ ਨਹੀਂ (ਜਪਿਆ ਜਾਂਦਾ) ਉਨ੍ਹਾਂ ਮਹਿਲਾਂ ਨੂੰ ਅੱਗ ਲੱਗ ਜਾਵੇ ॥੧੫॥

**ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥**

ਕਬੀਰ (ਜੀ ਆਖਦੇ ਹਨ) ਸੰਤਾਂ ਦੇ ਮੋਇਆਂ ਕਿਉਂ ਰੋਣਾ ਹੈ ? ਉਹ ਤਾਂ ਆਪਣੇ ਘਰ ਜਾਂਦੇ ਹਨ।

**ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥੧੬॥**

(ਉਸ) ਵਿਚਾਰੇ ਸਾਕਤ ਨੂੰ ਰੋਵੋ, ਜੋ ਹੱਟੀ-ਹੱਟੀ ਤੇ ਵਿਕਦਾ ਹੈ (ਭਾਵ ਜੂਨ-ਜੂਨ ਵਿਚ ਭੌਂਦਾ ਹੈ) ॥੧੬॥

**ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ ॥**

ਕਬੀਰ (ਜੀ ਆਖਦੇ ਹਨ) ਪਾਪੀ ਪੁਰਸ਼ ਅਜਿਹਾ ਹੈ, ਜੇਹਾ [ਲਸਨ] ਥੋਮ ਦਾ ਖਾਣਾ।

**ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ ॥੧੭॥**

(ਭਾਵੇਂ) ਲੁਕ ਛਿਪ ਕੇ ਖਾਈਏ, [ਨਿਦਾਨਿ] ਅੰਤ ਨੂੰ ਜ਼ਾਹਰ ਹੋ ਜਾਂਦਾ ਹੈ ॥੧੭॥

**ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ ॥**

ਕਬੀਰ (ਜੀ ਆਖਦੇ ਹਨ, ਇਹ ਸਰੀਰ ਤਾਂ) ਮਾਇਆ ਦੀ [ਡੋਲਨੀ] ਮੱਟੀ ਹੈ ਅਤੇ ਸਵਾਸ ਰਿੜਕਨ ਵਾਲੇ ਹਨ।

**ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥੧੮॥**

(ਸਵਾਸ ਸਵਾਸ ਨਾਮ ਜਪਨ ਵਾਲੇ) ਸੰਤਾਂ ਨੇ (ਇਸ ਰੇੜਕੇ ਵਿਚੋਂ ਗਿਆਨ ਰੂਪ) ਮੱਖਣ ਖਾਧਾ ਹੈ (ਅਤੇ ਹੋਰ ਸਾਰਾ) ਸੰਸਾਰ (ਪ੍ਰਾਲਬਧ ਰੂਪ) ਲੱਸੀ ਹੀ ਪੀਂਦਾ ਹੈ ॥੧੮॥

**ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ ਧਾਰ ॥**

ਕਬੀਰ (ਜੀ ਆਖਦੇ ਹਨ) ਮਾਇਆ ਦੀ ਮੱਟੀ (ਸਰੀਰ ਵਿਚ ਨਾਮ ਜਪਣ ਵਿਚ ਲਗੇ) ਸੁਾਸ ਹੀ [ਹਿਵ]

Sri Satguru Jagjit Singh Ji eLibrary NamdhariElibrary@gmail.com

ਠੰਢੇ ਜਲ ਦੀ ਧਾਰ ਪੈਂਦੀ ਹੈ।

**ਜਿਨਿ ਬਿਲੋਇਆ ਤਿਨਿ ਖਾਇਆ ਅਵਰ ਬਿਲੋਵਨਹਾਰ ॥੧੯॥**

ਜਿਨ੍ਹਾਂ (ਨੇ ਇਸ ਤਰ੍ਹਾਂ) ਰਿੜਕਿਆ ਹੈ, ਉਨ੍ਹਾਂ (ਨੇ ਮੱਖਣ) ਖਾਧਾ ਹੈ, ਅਤੇ ਰਿੜਕਣ ਵਾਲੇ ਦੇ ਹੋਰਨਾਂ (ਸਤਿ ਸੰਗੀਆਂ ਨੇ ਵੀ ਅਨੰਦ ਲਿਆ ਹੈ)॥੧੯॥

**ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ ॥**

ਕਬੀਰ (ਜੀ ਆਖਦੇ ਹਨ) ਮਾਇਆ ਚੋਟੀ (ਠੱਗੀ ਕਰਨ ਵਾਲੀ) ਹੈ, ਜੋ [ਮੁਸਿ] ਠੱਗਣ (ਲਈ ਮਨ ਰੂਪ) ਹੱਟੀ (ਨੂੰ) ਵਿਕਾਰਾਂ ਦੀ [ਮੁਸਿ] ਸੰਨ੍ਹ ਲਾਉਂਦੀ ਹੈ।

**ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ ॥੨੦॥**

ਇਕ ਕਬੀਰ ਨਹੀਂ ਠਗਿਆ ਗਿਆ, ਇਸ ਨੇ (ਇਸ ਨੂੰ ਘਰ ਤੋਂ) ਬਾਹਰੋਂ ਹੀ ਰਸਤੇ ਪਾ ਦਿੱਤਾ ਹੈ ॥੨੦॥

**ਕਬੀਰ ਸੂਖੁ ਨ ਏਂਹੁ ਜੁਗਿ ਕਰਹਿ ਜੁ ਬਹੁਤੈ ਮੀਤ ॥**

ਕਬੀਰ (ਜੀ ਆਖਦੇ ਹਨ) ਇਸ ਜੁਗ ਵਿਚ ਜੋ ਬਹੁਤਿਆਂ ਨਾਲ ਮਿਤ੍ਰਤਾ ਕਰਦੇ ਹਨ, ਉਨ੍ਹਾਂ ਨੂੰ ਸੁਖ ਨਹੀਂ ਹੁੰਦਾ, (ਅਰਥਾਤ ਬਹੁਤਿਆਂ ਦੀ ਪੂਜਾ ਵਿਚ ਲਗਿਆਂ ਆਤਮ ਸੁਖ ਨਹੀਂ ਮਿਲਦਾ)।

**ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ ॥੨੧॥**

ਇਕ (ਸਿਰਜਨਹਾਰ) ਨਾਲ ਜੋ ਚਿੱਤ (ਲਾਈ) ਰਖਦੇ ਹਨ, ਉਹ ਸਦਾ ਹੀ ਸੁਖ ਪਾਉਂਦੇ ਹਨ ॥੨੧॥

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥**

ਕਬੀਰ (ਜੀ ਆਖਦੇ ਹਨ) ਜਿਸ ਮੌਤ ਤੋਂ ਜਗਤ ਡਰਦਾ ਹੈ, (ਉਸ ਨੂੰ ਵੇਖ ਕੇ) ਮੇਰੇ ਮਨ ਨੂੰ ਅਨੰਦ (ਹੁੰਦਾ ਹੈ)।

**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥**

(ਕਿਉਂਕਿ) ਮਰਨ ਤੋਂ ਹੀ ਪੂਰਨ ਪਰਮ ਅਨੰਦ ਨੂੰ ਪਾਈਦਾ, (ਅਰਥਾਤ ਹੰਕਾਰ ਦੇ ਮੋਇਆਂ ਹੀ ਮਹਾਨ ਸੁਖ ਰੂਪ ਵਾਹਿਗੁਰੂ ਮਿਲਦਾ ਹੈ)॥੨੨॥

**ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥**

ਕਬੀਰ (ਜੀ ਆਖਦੇ ਹਨ, ਹੇ ਭਾਈ!) ਰਾਮ ਰੂਪ ਪਦਾਰਥ ਨੂੰ ਲੈ ਕੇ ਗੰਢ ਨਾ ਖੁਲ੍ਹਾ।

**ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥੨੩॥**

(ਕਿਉਂਕਿ) ਨਾ (ਕੋਈ) [ਪਟਣੁ] ਸ਼ਹਿਰ (ਮੰਡੀ) ਹੈ, ਨਾ ਪਾਰਖੂ ਹੈ, ਨਾ ਹੀ ਗਾਹਕ ਹੈ, (ਅਤੇ) ਨਾ (ਕਿਸੇ ਦੇ ਪੱਲੇ ਇਸਦਾ) ਮੁੱਲ ਹੈ ॥੨੩॥

**ਕਬੀਰ ਤਾ ਸਿਉ ਪ੍ਰੀਤਿ ਕਰਿ ਜਾ ਕੋ ਠਾਕੁਰੁ ਰਾਮੁ ॥**

ਕਬੀਰ (ਜੀ ਆਖਦੇ ਹਨ, ਹੇ ਭਾਈ! ਤੂੰ) ਉਸ ਨਾਲ ਪ੍ਰੀਤ ਕਰ, ਜਿਸ ਦਾ ਮਾਲਕ ਰਾਮ ਹੈ।

Sri Satguru Jagjit Singh Ji eLibrary NamdhariElibrary@gmail.com

**ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ ॥੨੪॥**

ਪੰਡਿਤ, ਰਾਜੇ ਤੇ [ਭੂ×ਪਤੀ] ਜ਼ਿਮੀਦਾਰ (ਦਰਗਾਹ ਵਿਚ) ਕਿਸ ਦੇ ਕੰਮ ਆਉਣਗੇ॥੨੪॥

**ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥**

ਕਬੀਰ (ਜੀ ਆਖਦੇ ਹਨ, ਹੇ ਭਾਈ!) ਇਕ ਨਾਲ ਪ੍ਰੀਤ ਕੀਤਿਆਂ ਹੋਰ ਸਾਰੀ ਦ੍ਵੈਤ ਮਿਟ ਜਾਂਦੀ ਹੈ।

**ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ॥੨੫॥**

(ਫੇਰ ਭਾਵੇਂ) ਕੇਸ ਵਧਾ ਕੇ (ਜਟਾ) ਬਣਾ ਲੈ ਅਤੇ ਭਾਵੇਂ ਸਿਰ ਉਕਾ ਹੀ ਮੁਨਾ ਲੈ॥੨੫॥

**ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ ॥**

ਕਬੀਰ (ਜੀ ਆਖਦੇ ਹਨ, ਵਿਕਾਰਾਂ ਰੂਪ) ਕੱਜਲ ਦੀ ਕੋਠੀ ਜਗਤ ਹੈ, ਉਸ ਵਿਚ ਅੰਨ੍ਹੇ (ਅਗਿਆਨੀ) ਪੁਰਸ਼ ਡਿੱਗੇ ਹੋਏ ਹਨ।

**ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ ॥੨੬॥**

ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ, (ਜੋ ਜਗਤ ਦੇ ਜੰਜਾਲਾਂ ਵਿਚ) ਪੈ ਕੇ (ਫਿਰ) ਨਿਕਲ ਜਾਂਦੇ ਹਨ॥੨੬॥

**ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥**

ਕਬੀਰ (ਜੀ ਆਖਦੇ ਹਨ) ਇਹ ਸਰੀਰ (ਨਾਸ ਹੋ) ਜਾਵੇਗਾ, (ਜੇ ਰੱਖ) ਸਕਦੇ ਹੋ ਤਾਂ [ਬਹੋਰਿ] ਰਖ ਲਉ।

SIKHBOOKCLUB.COM

**ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥੨੭॥**

ਜਿਨ੍ਹਾਂ ਦੇ (ਕੋਲ) ਲੱਖਾਂ ਕਰੋੜਾਂ (ਰੁਪਏ ਜਮ੍ਹਾਂ ਸਨ) ਉਹ ਵੀ ਨੰਗੇ ਪੈਰੀਂ (ਚਲੇ) ਗਏ ਹਨ॥੨੭॥

**ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥**

ਕਬੀਰ (ਜੀ ਆਖਦੇ ਹਨ, ਹੇ ਭਾਈ!) ਇਹ ਸਰੀਰ (ਨਾਸ ਹੋ) ਜਾਵੇਗਾ, (ਇਸ ਨੂੰ) ਕਿਸੇ ਰਸਤੇ ਲਾਉ।

**ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥੨੮॥**

ਜਾਂ ਸੰਤਾਂ ਦੀ ਸੰਗਤਿ ਕਰੋ ਜਾਂ ਹਰੀ ਦੇ ਗੁਣ ਗਾਉ॥੨੮॥

**ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ ॥**

ਕਬੀਰ (ਜੀ ਆਖਦੇ ਹਨ) ਮਰਦਾ ਮਰਦਾ (ਸਾਰਾ) ਜਗਤ ਮਰ ਗਿਆ ਹੈ, ਪਰ ਮਰਨ (ਦਾ ਵਲ) ਕਿਸੇ ਨੇ ਵੀ ਨਹੀਂ ਜਾਣਿਆ।

**ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥੨੯॥**

ਜੋ (ਕੋਈ) ਅਜਿਹੀ ਮੌਤ ਨਾਲ ਮਰਦਾ ਹੈ (ਉਸ ਦਾ) ਫੇਰ ਮਰਨਾ ਨਹੀਂ ਹੁੰਦਾ॥੨੯॥

**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥**

ਕਬੀਰ (ਜੀ ਆਖਦੇ ਹਨ, ਇਹ) ਮਨੁੱਖ ਜਨਮ ਦੁਰਲੰਭ ਹੈ, ਮੁੜ ਮੁੜ ਕੇ (ਏਹ ਪ੍ਰਾਪਤ ਨਹੀਂ ਹੁੰਦਾ)।

**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥੩੦॥**

ਜਿਵੇਂ ਜੰਗਲ ਵਿਚ ਪੱਕੇ ਹੋਏ ਫਲ ਧਰਤੀ ਉਤੇ ਡਿੱਗ ਚੁੱਕਣ ਮਗਰੋਂ ਫੇਰ ਟਾਹਣੀ ਨਾਲ ਨਹੀਂ ਲਗਦੇ ॥੩੦॥

**ਕਬੀਰਾ ਤੁਹੀ ਕਬੀਰੁ ਤੂ ਤੇਰੋ ਨਾਉ ਕਬੀਰੁ ॥**

ਕਬੀਰ (ਜੀ ਆਖਦੇ ਹਨ, ਹੇ ਭਾਈ!) ਤੂੰ [ਕਬੀਰੁ] ਵੱਡਾ ਹੈਂ, ਤੂੰ ਹੀ ਨਿਰੰਕਾਰ ਹੈਂ, ਤੇਰਾ ਹੀ ਨਾਮ ਨਿਰੰਕਾਰ ਹੈ।

**ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ ॥੩੧॥**

ਰਾਮ (ਰੂਪ) ਰਤਨ ਤਦੋਂ ਮਿਲਦਾ ਹੈ, ਜਦੋਂ ਪਹਿਲਾਂ ਸਰੀਰ (ਦਾ ਹੰਕਾਰ) ਛੱਡ ਦੇਵੇਂ ॥੩੧॥

**ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ ॥**

ਕਬੀਰ (ਜੀ ਆਖਦੇ ਹਨ, ਹੇ ਭਾਈ!) [ਝੰਖੁ] ਝੱਖਾਂ ਨਾ ਮਾਰੋ, ਤੁਹਾਡਾ ਕਿਹਾ ਕੁਝ ਨਹੀਂ ਹੋਣਾ।

**ਕਰਮ ਕਰੀਮ ਜੁ ਕਰਿ ਰਹੇ ਮੇਟਿ ਨ ਸਾਕੈ ਕੋਇ ॥੩੨॥**

[ਕਰੀਮ] ਕ੍ਰਿਪਾਲੂ ਜੋ ਕੰਮ ਕਰ ਰਿਹਾ ਹੈ ਉਸ ਨੂੰ ਕੋਈ ਮੋੜ ਨਹੀਂ ਸਕਦਾ ॥੩੨॥

**ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥**

ਕਬੀਰ (ਜੀ ਆਖਦੇ ਹਨ) ਰਾਮ ਦੀ ਕਸਵਟੀ (ਉਤੇ) ਕੋਈ ਝੂਠਾ (ਪੁਰਸ਼) ਨਹੀਂ ਟਿਕ ਸਕਦਾ।

**ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥੩੩॥**

ਰਾਮ ਦੀ ਕਸੌਟੀ ਉਤੇ ਉਹ ਪੂਰਾ ਉਤਰਦਾ ਹੈ, ਜੋ ਜੀਊਂਦਾ ਹੀ ਮਰ ਗਿਆ ਹੋਵੇ ॥੩੩॥

**ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ ॥**

ਕਬੀਰ (ਜੀ ਆਖਦੇ ਹਨ) ਚਿੱਟੇ ਕਪੜੇ ਪਾਂਦੇ ਹਨ ਅਤੇ ਪਾਨ ਸੁਪਾਰੀਆਂ ਖਾਂਦੇ ਹਨ।

**ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ ॥੩੪॥**

(ਪਰ) ਇਕ ਹਰੀ ਦਾ ਨਾਮ ਨਹੀਂ ਜਪਦੇ (ਉਹ) ਬਝੇ ਹੋਏ ਨਰਕਾਂ ਵਿਚ ਜਾਣਗੇ ॥੩੪॥

**ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ ॥**

ਕਬੀਰ (ਜੀ ਆਖਦੇ ਹਨ, ਸਰੀਰ ਰੂਪ) ਬੇੜਾ [ਜਰਜਰਾ] ਪੁਰਾਣਾ ਹੈ ਵਿਕਾਰਾਂ ਰੂਪ ਹਜਾਰਾਂ ਛੇਕ ਹੋ ਗਏ ਹਨ।

**ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ ॥੩੫॥**

(ਪਾਪਾਂ ਦੇ ਭਾਰ ਤੋਂ ਹੀਣੇ) ਹੌਲੇ ਹੌਲੇ (ਤਾਂ ਸੰਸਾਰ-ਸਮੁੰਦਰ ਤੋਂ) ਤਰ ਗਏ ਹਨ। ਪਰ ਜਿਨ੍ਹਾਂ ਦੇ ਸਿਰ (ਉਤੇ ਪਾਪਾਂ ਦਾ) ਭਾਰ (ਹੈ, ਉਹ) ਡੁੱਬ ਗਏ ਹਨ ॥੩੫॥

**ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ ॥**

ਕਬੀਰ (ਜੀ ਆਖਦੇ ਹਨ) ਹੱਡ ਲੱਕੜਾਂ ਵਾਂਗ ਤੇ ਕੇਸ ਘਾਹ ਦੀ ਤਰ੍ਹਾਂ ਸੜਦੇ ਹਨ।

**ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ ॥੩੬॥**

ਇਸ ਤਰ੍ਹਾਂ ਜਗਤ ਨੂੰ ਸੜਦਾ ਵੇਖ ਕੇ ਕਬੀਰ ਉਦਾਸ ਹੋ ਗਿਆ ਹੈ ॥੩੬॥

**ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ ॥**

ਕਬੀਰ (ਜੀ ਆਖਦੇ ਹਨ, ਦੇਹ ਦਾ) ਹੰਕਾਰ ਨਾ ਕਰੋ, (ਇਹ ਤਾਂ) ਚੰਮ ਵਿਚ ਹੱਡ ਲਪੇਟੇ ਹੋਏ ਹਨ।

**ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ ॥੩੭॥**

(ਜੋ) ਸੋਹਣੇ ਘੋੜਿਆਂ ਉਤੇ (ਚੜ੍ਹਦੇ ਤੇ) ਛਤਰ ਹੇਠਾਂ (ਤੁਰਦੇ ਸਨ, ਅੰਤ ਨੂੰ) ਉਹ ਧਰਤੀ ਵਿਚ ਦੱਬੇ ਗਏ ਹਨ ॥੩੭॥

**ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ ॥**

ਕਬੀਰ (ਜੀ ਆਖਦੇ ਹਨ) ਉਚਾ [ਅਵਾਸੁ] ਘਰ ਵੇਖ ਕੇ ਹੰਕਾਰ ਨਾ ਕਰੋ।

**ਆਜੁ ਕਾਲ੍ਹਿ ਭੁਇ ਲੇਟਣਾ ਊਪਰਿ ਜਾਮੈ ਘਾਸੁ ॥੩੮॥**

ਅੱਜ (ਜਾਂ) ਕਲ੍ਹ ਜ਼ਮੀਨ ਤੇ ਲੇਟਣਾ (ਹੋਵੇਗਾ ਤੇ) ਉਤੇ ਘਾਹ ਉਗੇਗਾ ॥੩੮॥

**ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ ॥**

ਕਬੀਰ (ਜੀ ਆਖਦੇ ਹਨ, ਮਾਯਾ ਦਾ) ਹੰਕਾਰ ਨਾ ਕਰੋ ਤੇ ਨਾ ਹੀ ਕਿਸੇ ਕੰਗਾਲ (ਨੂੰ ਵੇਖ ਕੇ) ਹੱਸੋ।

**ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ ॥੩੯॥**

ਅਜੇ ਤਾਂ ਬੇੜਾ ਸਮੁੰਦਰ ਵਿਚ ਹੈ, ਕੀ ਜਾਣੀਏ (ਜੋ) ਕੀ ਹੋ ਜਾਵੇਗਾ ॥੩੯॥

**ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ ॥**

ਕਬੀਰ (ਜੀ ਆਖਦੇ ਹਨ) ਸੁਰੰਗ ਦੇਹ ਵੇਖ ਕੇ ਹੰਕਾਰ ਨਾ ਕਰੋ।

**ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ ॥੪੦॥**

ਜਿਵੇਂ [ਭੁਯੰਗ] ਸੱਪ ਕੁੰਜ (ਲਾਹ ਦੇਂਦਾ ਹੈ, ਇਵੇਂ ਤੁਸੀਂ ਭੀ ਇਸ ਦੇਹ ਨੂੰ) ਅੱਜ ਜਾਂ ਕਲ੍ਹ ਛੱਡ ਜਾਓਗੇ ॥੪੦॥

**ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥**

ਕਬੀਰ (ਜੀ ਆਖਦੇ ਹਨ, ਜੇ) ਲੁਟਨਾ ਹੈ ਤਾਂ ਲੁਟ ਲੈ, ਰਾਮ ਦੇ ਨਾਮ ਦੀ ਲੁਟ (ਪਈ ਹੋਈ) ਹੈ।

**ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥੪੧॥**

(ਜਦੋਂ) ਪ੍ਰਾਨ ਨਿਕਲ ਜਾਣਗੇ ਤਾਂ ਫੇਰ ਮਗਰੋਂ ਪਛਤਾਓਗੇ ॥੪੧॥

**ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ ॥**

ਕਬੀਰ (ਜੀ ਆਖਦੇ ਹਨ) ਅਜੇਹਾ ਕੋਈ ਨਹੀਂ ਜੰਮਿਆ ਜੋ ਆਪਣੇ ਘਰ ਨੂੰ ਅੱਗ ਲਾਵੇ (ਅਰਥਾਤ

ਦੇਹ ਹੰਕਾਰ ਸਾੜੇ)।

**ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ ॥੪੨॥**

(ਅਤੇ ਕਾਮਾਦਿਕ) ਪੰਜਾਂ (ਵਿਸ਼ਿਆਂ ਰੂਪ) ਮੁੰਡਿਆਂ ਨੂੰ ਸਾੜ ਕੇ ਰਾਮ ਨਾਲ ਪ੍ਰੀਤ ਲਾ ਕੇ ਰਹੇ ॥੪੨॥

**ਕੋ ਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ ॥**

ਕੋਈ ਹੈ (ਜੋ ਮਨ ਰੂਪ) ਪੁਤ੍ਰ ਨੂੰ ਵੇਚ ਦੇਵੇ, ਅਤੇ ਕੋਈ ਹੈ ਜੋ ਬੁਧੀ ਰੂਪ ਧੀ ਨੂੰ ਵੇਚ ਦੇਵੇ ?

**ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ ॥੪੩॥**

(ਫਿਰ) ਕਬੀਰ ਜੀ ਨਾਲ ਭਲਾਈ ਕਰਕੇ ਹਰੀ ਨਾਲ ਵਣਜ ਕਰਦਾ ਹੋਵੇ ? ॥੪੩॥

**ਕਬੀਰ ਇਹ ਚੇਤਾਵਨੀ ਮਤ ਸਹਸਾ ਰਹਿ ਜਾਇ ॥**

ਕਬੀਰ (ਜੀ ਆਖਦੇ ਹਨ) ਇਹ ਯਾਦ ਰਖ ਲੈ, ਕਿਤੇ ਭਰਮ ਵਿਚ ਨਾ ਰਹਿ ਜਾਈਂ।

**ਪਾਛੈ ਭੋਗ ਜੁ ਭੋਗਵੇ ਤਿਨ ਕੋ ਗੁੜੁ ਲੈ ਖਾਹਿ ॥੪੪॥**

ਪਿਛਲੇ ਜੋ ਭੋਗ ਭੋਗੇ ਹਨ, ਉਨ੍ਹਾਂ ਦਾ ਗੁੜ ਲੈ ਕੇ ਖਾ ਲਓ, (ਭਾਵ ਇਹ ਹੈ ਕਿ ਪਿਛਲੇ ਕੀਤੇ ਕਰਮਾਂ ਦਾ ਤਾਂ ਗੁੜ ਵੀ ਨਹੀਂ ਮਿਲਣਾ) ॥੪੪॥

**ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ ॥**

ਕਬੀਰ (ਜੀ ਆਖਦੇ ਹਨ) ਮੈਂ ਜਾਣਿਆਂ (ਸੀ ਜੋ) ਪੜ੍ਹਨਾ ਚੰਗਾ ਹੈ, ਪਰ ਪੜ੍ਹਨ ਨਾਲੋਂ (ਭਗਤਿ) ਜੋਗ ਚੰਗਾ ਹੈ।

**ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ ॥੪੫॥**

(ਇਸੇ ਲਈ ਮੈਂ) ਰਾਮ ਦੀ ਭਗਤੀ ਨਹੀਂ ਛੱਡਾਂਗਾ, ਭਾਵੇਂ ਲੋਕ (ਮੇਰੀ) ਨਿੰਦਾ ਪਏ ਕਰਨ (ਮੈਨੂੰ ਪ੍ਰਵਾਹ ਨਹੀਂ) ॥੪੫॥

**ਕਬੀਰ ਲੋਗੁ ਕਿ ਨਿੰਦੈ ਬਪੁੜਾ ਜਿਹ ਮਨਿ ਨਾਹੀ ਗਿਆਨੁ ॥**

ਕਬੀਰ (ਜੀ ਆਖਦੇ ਹਨ) ਵਿਚਾਰੇ ਲੋਕਾਂ ਨੇ ਕੀ ਨਿੰਦਾ ਕਰਨੀ ਹੈ ? ਜਿਨ੍ਹਾਂ ਦੇ ਮਨ ਵਿਚ ਗਿਆਨ ਨਹੀਂ ਹੈ।

**ਰਾਮ ਕਬੀਰਾ ਰਵਿ ਰਹੇ ਅਵਰ ਤਜੇ ਸਭ ਕਾਮ ॥੪੬॥**

ਹੋਰ ਸਾਰੇ ਕੰਮ ਛੱਡ ਕੇ ਕਬੀਰ ਤਾਂ ਰਾਮ ਵਿਚ ਮਿਲ ਰਿਹਾ ਹੈ ॥੪੬॥

**ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ ॥**

ਕਬੀਰ (ਜੀ ਆਖਦੇ ਹਨ, ਜੀਵ ਰੂਪ) ਪਰਦੇਸੀ ਦੇ (ਸਰੀਰ ਰੂਪ) ਘਘਰੇ ਨੂੰ ਚੁਤਰਫੇ (ਹੀ ਮੌਤ ਰੂਪ) ਅੱਗ ਲੱਗੀ ਹੋਈ ਹੈ।

**ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ ॥੪੭॥**

(ਦੇਹ ਰੂਪ) ਗੋਦੜੀ ਸੜ ਕੇ ਕੋਲੇ ਹੋ ਗਈ ਹੈ, (ਅਤੇ ਆਤਮਾ ਰੂਪ) ਤਾਗੇ ਨੂੰ ਸੇਕ ਵੀ ਨਹੀਂ ਲਗਾ ॥੪੭॥

***ਉਥਾਨਕਾ***—ਕੋਈ ਜੋਗੀ ਮਰ ਗਿਆ ਤਾਂ ਕਬੀਰ ਜੀ ਨੇ ਉਚਾਰਿਆ—

**ਕਬੀਰ ਖਿੰਥਾ ਜਲਿ ਕੋਇਲਾ ਭਈ ਖਾਪਰੁ ਫੂਟ ਮਫੂਟ ॥**

ਕਬੀਰ (ਜੀ ਆਖਦੇ ਹਨ) ਗੋਦੜੀ ਸੜ ਕੇ ਸਵਾਹ ਹੋ ਗਈ ਹੈ, ਅਤੇ ਖੱਪਰ ਭੀ ਟੋਟੇ ਟੋਟੇ ਹੋ ਗਿਆ ਹੈ।

**ਜੋਗੀ ਬਪੁੜਾ ਖੇਲਿਓ ਆਸਨਿ ਰਹੀ ਬਿਭੂਤਿ ॥੪੮॥**

ਵਿਚਾਰਾ ਜੋਗੀ ਚਲਾ ਗਿਆ ਹੈ ਅਤੇ ਆਸਨ ਤੇ ਸਵਾਹ ਹੀ ਪਈ ਹੋਈ ਹੈ ॥੪੮॥

**ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ ॥**

ਕਬੀਰ (ਜੀ ਆਖਦੇ ਹਨ, ਵਿਕਾਰਾਂ ਰੂਪ) ਥੋੜੇ ਪਾਣੀ (ਦਾ ਜੀਵ ਰੂਪ) ਮੱਛੀ ਨੂੰ (ਮੌਤ ਰੂਪ) ਝੀਊਰ ਨੇ ਜਾਲ ਪਾਇਆ ਹੈ।

**ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ ॥੪੯॥**

ਇਸ (ਸੰਸਾਰ) [ਟੋਘਨੈ] ਛੱਪੜ (ਵਿਚ ਰਹਿ ਕੇ ਕਦੇ ਭੀ) ਨਹੀਂ ਛੁਟੇਗਾ (ਇਸ ਲਈ) ਫੇਰ (ਨਿਰੰਕਾਰ ਰੂਪ) ਸਮੁੰਦਰ ਨੂੰ ਯਾਦ ਕਰ ਲੈ ॥੪੯॥

**ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ ॥**

ਕਬੀਰ (ਜੀ ਆਖਦੇ ਹਨ) ਜੇਕਰ ਵੱਡਾ (ਦੁੱਖ ਰੂਪ) ਖਾਰਾ ਭੀ ਹੋਵੇ (ਤਾਂ ਭੀ ਨਿਰੰਕਾਰ ਰੂਪ) ਸਮੁੰਦਰ ਨੂੰ ਨਾ ਛਡੋ ।

**ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ ॥੫੦॥**

(ਦੇਵੀ ਦੇਵਤਿਆਂ ਦੀ ਪੂਜਾ ਕਰਨ ਰੂਪ) [ਪੋਖਰਿ] ਛੱਪੜ-ਛੱਪੜ ਢੂੰਡਦਿਆਂ ਕੋਈ ਭੀ ਚੰਗਾ ਨਹੀਂ ਆਖੇਗਾ ॥੫੦॥

**ਕਬੀਰ ਨਿਗੁਸਾਂਏਂ ਬਹਿ ਗਏ ਥਾਂਘੀ ਨਾਹੀ ਕੋਇ ॥**

ਕਬੀਰ (ਜੀ ਆਖਦੇ ਹਨ) ਨਿਖਸਮੇ ਰੁੜ ਗਏ ਹਨ, ਉਨ੍ਹਾਂ ਦੀ [ਥਾਂਘੀ] ਸਹਾਇਤਾ ਕਰਨ ਵਾਲਾ ਕੋਈ ਭੀ ਨਹੀਂ ਹੈ ।

**ਦੀਨ ਗਰੀਬੀ ਆਪੁਨੀ ਕਰਤੇ ਹੋਇ ਸੁ ਹੋਇ ॥੫੧॥**

ਧਰਮ ਤੇ ਗਰੀਬੀ ਨੂੰ ਆਪਣਿਆਂ (ਬਣਾਂਦਿਆਂ ਹੋਇਆਂ ਜੋ ਹੁੰਦਾ ਹੈ, ਸੋ ਹੋਣ ਦੇਵੋ (ਕੋਈ ਵਿਚਾਰ ਨਾ ਕਰੋ) ॥੫੧॥

**ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ ॥**

ਕਬੀਰ (ਜੀ ਆਖਦੇ ਹਨ) ਭਗਤ ਦੀ ਕੁੱਤੀ ਚੰਗੀ ਹੈ ਅਤੇ ਸਾਕਤ ਦੀ ਮਾਂ ਬੁਰੀ ਹੈ।

**ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਿਸਾਹਨ ਜਾਇ ॥੫੨॥**

ਉਹ (ਕੁੱਤੀ ਤਾਂ) ਸਦਾ ਹਰੀ ਦਾ ਨਾਮ ਸੁਣਦੀ ਹੈ ਅਤੇ ਉਹ (ਸਾਕਤ ਦੀ ਮਾਂ) ਪਾਪ ਵਿਹਾਜਨ ਜਾਂਦੀ ਹੈ ॥੫੨॥

**ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ ॥**

ਕਬੀਰ (ਜੀ ਆਖਦੇ ਹਨ, ਜੀਵ ਰੂਪ) ਹਰਨ ਲਿੱਸਾ-ਮਾੜਾ ਹੈ ਅਤੇ (ਵਿਸ਼ੇ ਰੂਪ) ਹਰੇ ਘਾਹ ਵਾਲਾ ਇਹ (ਸੰਸਾਰ ਰੂਪ) ਤਲਾਉ ਹੈ।

**ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ ॥੫੩॥**

(ਇਸ ਦੇ ਮਗਰ ਵਿਕਾਰਾਂ ਰੂਪ) ਲੱਖਾਂ ਸ਼ਿਕਾਰੀ (ਲਗੇ ਹੋਏ ਹਨ), ਜੀਵ ਇਕੱਲਾ ਕਿੰਨਾ ਕੁ ਚਿਰ ਬਚ ਸਕੇਗਾ ? ॥੫੩॥

**ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ ॥**

ਕਬੀਰ (ਜੀ ਆਖਦੇ ਹਨ) ਜੋ ਗੰਗਾ ਦੇ ਕੰਢੇ ਤੇ ਰਹਿੰਦੇ ਹਨ, ਅਤੇ ਨਿਰਮਲ ਜਲ (ਗੰਗਾ ਦਾ) ਪੀਂਦੇ ਹਨ।

**ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ ਕਬੀਰ ॥੫੪॥**

(ਉਹ ਭੀ) ਹਰਿ ਭਗਤੀ (ਕਰਨ ਤੋਂ) ਬਿਨਾਂ ਮੁਕਤਿ ਨਹੀਂ ਹੋਣਗੇ, ਏਹੋ ਕਹਿ ਕੇ ਕਬੀਰ (ਭਗਤੀ ਵਿਚ) ਲਗ ਰਿਹਾ ਹੈ ॥੫੪॥

SIKHBOOKCLUB.COM

**ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥**

ਕਬੀਰ (ਜੀ ਆਖਦੇ ਹਨ) ਗੰਗਾ ਜਲ ਵਰਗਾ ਮਨ ਨਿਰਮਲ ਹੋ ਗਿਆ ਹੈ।

**ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥**

(ਹੁਣ) ਕਬੀਰ-ਕਬੀਰ ਵਾਜਾਂ ਮਾਰਦਾ (ਹੋਇਆ) ਹਰੀ ਮਗਰ ਲੱਗਾ ਫਿਰਦਾ ਹੈ ॥੫੫॥

**ਕਬੀਰ ਹਰਦੀ ਪੀਅਰੀ ਚੂੰਨਾਂ ਊਜਲ ਭਾਇ ॥**

ਕਬੀਰ (ਜੀ ਆਖਦੇ ਹਨ) ਹਲਦੀ ਪੀਲੀ ਹੈ ਅਤੇ ਚੂਨਾ ਚਿੱਟੇ ਰੰਗ ਵਾਲਾ ਹੈ।

**ਰਾਮ ਸਨੇਹੀ ਤਉ ਮਿਲੈ ਦੋਨਉ ਬਰਨ ਗਵਾਇ ॥੫੬॥**

ਜੇ ਦੋਵੇਂ ਰੰਗ ਦੂਰ ਹੋ ਜਾਣ, ਤਾਂ [ਸਨੇਹੀ] ਪਿਆਰਾ ਰਾਮ ਮਿਲੇਗਾ ॥੫੬॥

**ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ ॥**

ਕਬੀਰ (ਜੀ ਆਖਦੇ ਹਨ) ਹਰਦੀ (ਦੀ) ਪੀਲੱਤਨ ਦੂਰ ਹੋ ਜਾਵੇ ਅਤੇ ਚੂਨੇ ਦੀ [ਚਿਹਨੁ] ਚਿੱਟਾਨ ਨਾ ਰਹੇ (ਤਾਂ ਇਕ ਲਾਲ ਰੰਗ ਹੋ ਜਾਵੇ)।

**ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ ॥੫੭॥**

ਐਸੀ ਪ੍ਰੀਤ ਤੋਂ (ਮੈਂ) ਬਲਿਹਾਰ ਜਾਂਦਾ ਹਾਂ, ਜਿਸ ਦੇ (ਕੀਤਿਆਂ) ਵਰਨ (ਦਾ ਹੰਕਾਰ ਤੇ) ਕੁਲ (ਦੀ) ਜਾਤਿ (ਦਾ ਹੰਕਾਰ ਮਿਟ) ਜਾਵੇ ॥੫੭॥

**ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ ॥**

ਕਬੀਰ (ਜੀ ਆਖਦੇ ਹਨ) ਮੁਕਤੀ ਦਾ ਦਰਵਾਜ਼ਾ ਰਾਈ ਦੇ ਦਸਵੇਂ [ਭਾਇ] ਹਿੱਸੇ (ਜਿੰਨਾ) [ਸੰਕੁਰਾ] ਭੀੜਾ ਹੈ ।

**ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ ॥੫੮॥**

ਮਨ ਤਾਂ ਹਾਥੀ ਬਣ ਰਿਹਾ ਹੈ, ਕਿਸ ਤਰ੍ਹਾਂ (ਮੁਕਤੀ ਦੇ ਦਰਵਾਜ਼ੇ ਵਿਚੋਂ) ਨਿਕਲ ਸਕੇਗਾ ? ॥੫੮॥

**ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥**

ਕਬੀਰ (ਜੀ ਆਖਦੇ ਹਨ) ਜੇਕਰ ਅਜੇਹਾ ਸਤਿਗੁਰੂ ਮਿਲ ਜਾਵੇ ਤੇ ਪ੍ਰਸੰਨ (ਹੋ ਕੇ ਮੇਹਰ ਦੀ) ਦਾਤ ਕਰ ਦੇਵੇ ।

**ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥੫੯॥**

(ਤਾਂ) ਮੁਕਤਿ ਦਾ ਦਰਵਾਜ਼ਾ ਖੁੱਲ੍ਹਾ (ਹੋ ਜਾਵੇਗਾ, ਜਿਸ ਵਿਚੋਂ) ਸਹਜੇ (ਹੀ ਬੰਦਾ) ਆ ਜਾ (ਸਕੇਗਾ) ॥੫੯॥

**ਕਬੀਰ ਨਾ ਮੁੋਹਿ ਛਾਨਿ ਨ ਛਾਪਰੀ ਨਾ ਮੁੋਹਿ ਘਰੁ ਨਹੀ ਗਾਉ ॥**

ਕਬੀਰ (ਜੀ) ਆਖਦੇ ਹਨ ਮੇਰੀ ਛੰਨ ਭੀ ਨਹੀਂ ਹੈ, ਛੱਪਰ ਭੀ ਨਹੀਂ, ਮੇਰਾ ਘਰ ਭੀ ਨਹੀਂ ਹੈ ਅਤੇ ਪਿੰਡ ਭੀ ਨਹੀਂ ਹੈ!

**ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ ॥੬੦॥**

ਮੇਰੀ ਤਾਂ ਜਾਤਿ ਤੇ ਨਾਮ ਭੀ ਨਹੀਂ ਹੈ, ਕਿਤੇ ਹਰੀ (ਏਹ ਨਾ) ਪੁਛ (ਲਵੇ ਜੋ ਤੂੰ) ਕੌਣ ਹੈ ? ॥੬੦॥

**ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥**

ਕਬੀਰ (ਜੀ ਆਖਦੇ ਹਨ) ਮੈਨੂੰ ਮਰਨ ਦਾ ਸ਼ੌਕ ਹੈ, (ਪਰ) ਹਰੀ ਦੇ ਬੂਹੇ ਅੱਗੇ ਮਰਾਂਗਾ ।

**ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੇ ਬਾਰ ॥੬੧॥**

ਭਲਾ (ਕਿਤੇ) ਹਰੀ ਪੁਛ ਲਵੇ, ਜੋ ਸਾਡੇ ਬੂਹੇ ਵਿਚ ਕੌਣ (ਮੋਇਆ) ਪਿਆ ਹੈ ? ॥੬੧॥

***ਉਥਾਨਕਾ***:—ਇਕੇਰਾਂ ਬ੍ਰਹਮਣਾਂ ਨੇ ਭਗਤ ਜੀ ਨਾਲ ਈਰਖਾ ਕਰਕੇ ਬਾਹਰ ਚਿੱਠੀਆਂ ਲਿਖ ਦਿੱਤੀਆਂ ਜੋ ਕਬੀਰ ਨੇ ਬ੍ਰਹਮ ਭੋਜ ਕਰਨਾ ਹੈ । ਇਨ੍ਹਾਂ ਚਿੱਠੀਆਂ ਨੂੰ ਪੜ ਸੁਨ ਕੇ ਹਜ਼ਾਰਾਂ ਸਾਧ ਬ੍ਰਾਹਮਣ 'ਕੱਠੇ ਹੋ ਗਏ । ਜਦ ਭਗਤ ਜੀ ਨੂੰ ਇਸ ਦਾ ਪਤਾ ਲਗਾ ਤਾਂ ਆਪ ਲੁਕ ਗਏ, (ਭਗਤਮਾਲਾ ਵਿਚ ਲਿਖਿਆ ਹੈ, ਜੋ) ਕਰਤਾਰ ਨੇ ਭਗਤ ਦੀ ਪੈਜ ਸਵਾਰਨ ਲਈ ਆਪ ਕਬੀਰ ਰੂਪ ਧਾਰ ਕੇ ਜਗ ਕੀਤਾ, ਚੁਤਰਫੇ ਧੰਨ ਕਬੀਰ ਧੰਨ ਕਬੀਰ ਹੋਣ ਲਗ ਪਈ, ਤਦ ਆਪ ਨੇ ਉਚਾਰਿਆ—

**ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥**

Sri Satguru Jagjit Singh Ji eLibrary NamdhariElibrary@gmail.com

ਕਬੀਰ (ਜੀ ਆਖਦੇ ਹਨ) ਨਾ ਅਸਾਂ (ਕੁਝ) ਕੀਤਾ ਹੈ, ਨਾ ਹੀ ਕਰਾਂਗੇ, ਅਤੇ ਨਾ (ਹੀ ਮੇਰਾ) ਸਰੀਰ ਕਰ ਸਕਦਾ ਹੈ।

**ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥੬੨॥**

ਕੀ ਜਾਣੀਏ ? ਜੋ ਹਰੀ ਨੇ ਕੁਝ ਕੀਤਾ ਹੋਵੇ, (ਚੁਤਰਫੇ ਹੀ ਧੰਨ) ਕਬੀਰ (ਧੰਨ) ਕਬੀਰ ਹੋ ਰਿਹਾ ਹੈ ॥੬੨॥

**ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ ॥**

ਕਬੀਰ (ਜੀ ਆਖਦੇ ਹਨ) ਸੁਪਨੇ ਵਿਚ ਬਰੜਾ ਕੇ ਭੀ ਜਿਸ ਦੇ ਮੂੰਹੋਂ ਰਾਮ ਦਾ ਨਾਮ ਨਿਕਲ ਜਾਵੇ।

**ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ ॥੬੩॥**

ਉਸ ਦੇ ਪੈਰਾਂ ਦੀ [ਪਾਨਹੀ] ਜੁੱਤੀ ਮੇਰੇ ਸਰੀਰ ਦਾ ਚਮੜਾ (ਹੋਵੇ, ਤਾਂ ਮੇਰੇ ਧੰਨ ਭਾਗ ਹਨ) ॥੬੩॥

**ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਉ ਨਾਉ ॥**

ਕਬੀਰ (ਜੀ ਆਖਦੇ ਹਨ) ਅਸੀਂ ਮਿੱਟੀ ਦੇ ਖਡੌਣੇ ਹਾਂ, (ਅਤੇ ਸਾਡਾ) ਨਾਮ ਮਨੁਖ ਰੱਖਿਆ ਹੋਇਆ ਹੈ।

**ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ ॥੬੪॥**

ਚਾਰ ਦਿਨ ਦੇ ਪ੍ਰਾਹੁਣੇ ਹਾਂ, ਅਤੇ ਜਗ੍ਹਾ ਵੱਡੀਆਂ-ਵੱਡੀਆਂ ਰੋਕ ਲਈਆਂ ਹਨ ॥੬੪॥

SIKHBOOKCLUB.COM

**ਕਬੀਰ ਮਹਿਦੀ ਕਰਿ ਘਾਲਿਆ ਆਪੁ ਪੀਸਾਇ ਪੀਸਾਇ ॥**

ਕਬੀਰ (ਜੀ ਆਖਦੇ ਹਨ) ਆਪ (ਨੂੰ ਇਨ੍ਹਾਂ) [ਘਾਲਿਆ] ਸਾਧਿਆ (ਜੋ) ਪੀਹ-ਪੀਹ ਕੇ ਮਹਿੰਦੀ (ਵਾਂਗ ਮਹੀਨ) ਕਰ ਦਿੱਤਾ।

**ਤੈ ਸਹ ਬਾਤ ਨ ਪੂਛੀਐ ਕਬਹੁ ਨ ਲਾਈ ਪਾਇ ॥੬੫॥**

(ਪਰ) ਉਸ ਪਤੀ ਨੇ ਗੱਲ ਭੀ ਨਹੀਂ ਪੁੱਛੀ, ਅਤੇ ਕਦੀ ਭੀ ਚਰਨੀਂ ਨਹੀਂ ਲਾਇਆ ॥੬੫॥

**ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥**

ਕਬੀਰ (ਜੀ ਆਖਦੇ ਹਨ) ਜਿਸ ਬੂਹੇ ਵਿਚ ਆਉਂਦੇ ਜਾਂਦੇ ਨੂੰ ਕੋਈ ਨਹੀਂ ਰੋਕਦਾ।

**ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥੬੬॥**

ਜੇਹੜਾ ਅਜੇਹਾ ਦਰਵਾਜ਼ਾ ਹੋਵੇ, ਉਸ ਨੂੰ ਕਿਸ ਤਰ੍ਹਾਂ ਛੱਡੀਏ ? ॥੬੬॥

**ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਰਿ ਝਬਕਿ ॥**

ਕਬੀਰ (ਜੀ ਆਖਦੇ ਹਨ, ਸੰਸਾਰ ਵਿਚ) ਡੁਬ ਤਾਂ ਗਿਆ ਸਾਂ, ਪਰ ਗੁਣਾਂ ਦੀ ਲਹਿਰ (ਕਰਕੇ ਮੈਂ) [ਝਬਕਿ] ਤੁਰੰਤ ਹੀ ਬਚ ਗਿਆ ਹਾਂ।

**ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ ॥੬੭॥**

ਜਦ ਮੈਂ ਵੇਖਿਆ ਕਿ ਬੇੜਾ ਟੁੱਟਾ-ਫੁੱਟਾ (ਹੋਇਆ ਹੈ), ਤਾਂ [ਫਰਕਿ] ਫੜੱਕ ਦੇ ਕੇ (ਛੇਤੀ ਨਾਲ) ਉਤਰ ਪਿਆ ਹਾਂ ॥੬੭॥

**ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥**

ਕਬੀਰ (ਜੀ ਆਖਦੇ ਹਨ) ਪਾਪੀ ਨੂੰ ਭਗਤੀ ਨਹੀਂ ਭਾਉਂਦੀ (ਅਤੇ ਨਾ ਹੀ ਹਰੀ ਦੀ ਪੂਜਾ ਚੰਗੀ ਲਗਦੀ ਹੈ।

**ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥੬੮॥**

(ਜਿਵੇਂ) ਮੱਖੀ ਚੰਦਨ ਨੂੰ ਛੱਡ ਦੇਂਦੀ ਹੈ, ਅਤੇ ਜਿਥੇ ਗੰਦਗੀ (ਹੋਵੇ), ਓਥੇ ਹੀ ਜਾਂਦੀ ਹੈ ॥੬੮॥

**ਕਬੀਰ ਬੈਦੁ ਮੂਆ ਰੋਗੀ ਮੂਆ ਮੂਆ ਸਭੁ ਸੰਸਾਰੁ ॥**

ਕਬੀਰ (ਜੀ ਆਖਦੇ ਹਨ) ਵੈਦ ਵੀ ਮਰ ਗਿਆ ਹੈ, ਰੋਗੀ ਭੀ ਮੋਇਆ ਹੈ, (ਇਸੇ ਤਰ੍ਹਾਂ) ਸਾਰਾ ਸੰਸਾਰ ਮਰ ਗਿਆ ਹੈ।

**ਏਕੁ ਕਬੀਰਾ ਨਾ ਮੂਆ ਜਿਹ ਨਾਹੀ ਰੋਵਨਹਾਰੁ ॥੬੯॥**

ਇਕ ਕਬੀਰ ਨਹੀਂ ਮੋਇਆ, ਜਿਸ ਨੂੰ (ਕੋਈ) ਰੋਣ ਵਾਲਾ ਨਹੀਂ ਹੈ ॥੬੯॥

**ਕਬੀਰ ਰਾਮੁ ਨ ਧਿਆਇਓ ਮੋਟੀ ਲਾਗੀ ਖੋਰਿ ॥**

ਕਬੀਰ (ਜੀ ਆਖ਼ਦੇ ਹਨ, ਹੇ ਭਾਈ! ਤੂੰ) ਰਾਮ ਨੂੰ ਨਹੀਂ ਜਪਿਆ, (ਤੈਨੂੰ ਕੋਈ) ਵੱਡਾ [ਖੋਰਿ] ਸਰਾਪ ਲਗ ਗਿਆ ਹੈ।

SIKHBOOKCLUB.COM

**ਕਾਇਆ ਹਾਂਡੀ ਕਾਠ ਕੀ ਨਾ ਓਹ ਚਰ੍ਹੈ ਬਹੋਰਿ ॥੭੦॥**

ਦੇਹ (ਤਾਂ) ਕਾਠ ਦੀ ਹਾਂਡੀ ਹੈ, ਜੋ ਮੁੜ ਕੇ ਚੁਲ੍ਹੇ ਨਹੀਂ ਚੜ੍ਹ ਸਕਦੀ ॥੭੦॥

**ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ ॥**

ਕਬੀਰ (ਜੀ ਆਖਦੇ ਹਨ) ਅਜੇਹੀ ਹੋ ਗਈ ਹੈ, (ਕਿ) ਮਨ ਦੀ ਮਰਜੀ ਮੁਤਾਬਕ (ਕਰਤਾਰ ਨੇ) ਕਰ ਦਿੱਤਾ ਹੈ।

**ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ ॥੭੧॥**

ਜਦ ਹੱਥ ਵਿਚ [ਸਿਧਉਰਾ] ਖੜਗ ਫੜ ਲਿਆ ਤਾਂ ਫੇਰ ਮਰਨ ਤੋਂ ਕੀ ਡਰਨਾ ਹੈ? ॥੭੧॥

**ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ ॥**

ਕਬੀਰ (ਜੀ ਆਖਦੇ ਹਨ, ਜਿਵੇਂ) ਰਸ ਲਈ (ਲੋਕੀਂ ਕਮਾਦ ਦੀਆਂ) ਗੰਢਾਂ ਭੀ ਚੂਪਦੇ ਹਨ, ਇਵੇਂ ਹੀ ਮੋਏ ਪੁਰਸ਼ ਮਗਰੋਂ ਉਸ ਦੇ ਗੁਣਾਂ ਨੂੰ ਰੋਂਦੇ ਹਨ।

**ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ ॥੭੨॥**

ਗੁਣਾਂ ਤੋਂ ਹੀਣੇ ਮਨੁਖ ਨੂੰ ਕੋਈ ਭੀ ਭਲਾ ਨਹੀਂ ਆਖਦਾ ॥੭੨॥

**ਕਬੀਰ ਗਾਗਰਿ ਜਲ ਭਰੀ ਆਜੁ ਕਾਲ੍ਹਿ ਜੈਹੈ ਫੂਟਿ ॥**

ਕਬੀਰ (ਜੀ ਆਖਦੇ ਹਨ, ਸਵਾਸਾਂ ਰੂਪ) ਪਾਣੀ ਦੀ) ਭਰੀ ਹੋਈ (ਦੇਹ ਰੂਪ) ਘੜੀ ਅੱਜ ਜਾਂ ਕੱਲ੍ਹ ਟੁਟ ਜਾਵੇਗੀ।

**ਗੁਰੁ ਜੁ ਨ ਚੇਤਹਿ ਆਪਨੋ ਅਧ ਮਾਝਿ ਲੀਜਹਿਗੇ ਲੂਟਿ ॥੭੩॥**

ਜੋ ਆਪਣੇ ਗੁਰੂ ਦੀ ਸੇਵਾ ਨਹੀਂ ਕਰਦੇ, ਉਹ ਅਧ-ਵਿਚਾਲੇ ਹੀ ਲੁਟੇ ਜਾਣਗੇ ॥੭੩॥

**ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ ॥**

(ਮੈਂ) ਕਬੀਰ ਤਾਂ ਰਾਮ ਦਾ ਕੁੱਤਾ ਹਾਂ, ਅਤੇ ਮੇਰਾ ਨਾਮ ਮੋਤੀ ਹੈ।

**ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ ॥੭੪॥**

ਮੇਰੇ ਗਲ (ਵਿਚ ਪ੍ਰਾਲਬਧ ਰੂਪ) ਰੱਸੀ (ਪਈ ਹੋਈ ਹੈ) ਜਿੱਧਰ (ਰਾਮ) ਖਿੱਚਦਾ ਹੈ, ਮੈਂ ਉਧਰੇ ਜਾਂਦਾ ਹਾਂ ॥੭੪॥

**ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ ॥**

ਕਬੀਰ (ਜੀ ਆਖਦੇ ਹਨ) ਕਾਠ ਦੀ ਮਾਲਾ (ਗਲ ਵਿਚ ਪਾ ਕੇ) ਲੋਕਾਂ ਨੂੰ ਕੀ ਵਿਖਾਉਂਦੇ ਹੋ?

**ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ ॥੭੫॥**

ਜੇ ਹਿਰਦੇ ਵਿਚ ਰਾਮ ਨੂੰ ਯਾਦ ਨਹੀਂ ਕਰਦੇ ਤਾਂ ਇਸ ਮਾਲਾ ਨਾਲ ਕੀ ਹੋਣਾ ਹੈ? ॥੭੫॥

**ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥**

ਕਬੀਰ (ਜੀ ਆਖਦੇ ਹਨ ਰਾਮ ਦੇ) ਵਿਛੋੜੇ (ਰੂਪ ਸੱਪ ਮਨ ਵਿਚ ਵਸਦਾ ਹੈ) ਜੋ ਕਿਸੇ ਮੰਤਰ ਨੂੰ ਨਹੀਂ ਮੰਨਦਾ।

**ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥੭੬॥**

(ਇਸ ਲਈ) ਰਾਮ ਤੋਂ ਵਿਛੜਿਆ ਪੁਰਖ ਨਹੀਂ ਜੀਵੇਗਾ, ਜੇ ਜੀਵੇਗਾ ਤਾਂ ਪਾਗਲ ਹੋ ਜਾਵੇਗਾ ॥੭੬॥

**ਕਬੀਰ ਪਾਰਸ ਚੰਦਨੈ ਤਿਨ੍ ਹੈ ਏਕ ਸੁਗੰਧ ॥**

ਕਬੀਰ (ਜੀ ਆਖਦੇ ਹਨ) ਪਾਰਸ ਤੇ ਚੰਦਨ ਇਨ੍ਹਾਂ (ਦੋਹਾਂ ਵਿਚ) ਇਕੋ (ਜੇਹੀ) ਵਾਸ਼ਨਾ ਹੈ।

**ਤਿਹ ਮਿਲਿ ਤੇਊ ਊਤਮ ਭਏ ਲੋਹ ਕਾਠ ਨਿਰਗੰਧ ॥੭੭॥**

ਉਨ੍ਹਾਂ ਨਾਲ (ਜੇਹੜਾ) ਲੋਹਾ ਤੇ ਨਿਰਗੰਧ ਕਾਠ ਮਿਲਿਆ ਹੈ, ਉਹ ਉੱਤਮ ਹੋ ਗਿਆ ਹੈ ॥੭੭॥

**ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ ॥**

ਕਬੀਰ (ਜੀ ਆਖਦੇ ਹਨ) ਜਮ ਦਾ ਡੰਡਾ ਡਾਢਾ ਹੈ, ਓਹ ਸਹਾਰਿਆ ਨਹੀਂ ਜਾਂਦਾ।

**ਏਕੁ ਜੁ ਸਾਧੂ ਮੋਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ ॥੭੮॥**

ਜੋ ਇਕ ਸਾਧੂ ਮੈਨੂੰ ਮਿਲਿਆ ਹੈ, ਉਸ ਨੇ (ਮੈਨੂੰ ਆਪਣੇ) ਲੜ ਲਾ ਲਿਆ ਹੈ ॥੭੮॥

**ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ ॥**

ਕਬੀਰ (ਜੀ ਆਖਦੇ ਹਨ) ਵੈਦ ਕਹਿੰਦਾ ਹੈ, ਜੋ ਮੈਂ ਹੀ ਚੰਗਾ ਹਾਂ, (ਕਿਉਂਕਿ ਸਾਰੇ) ਦਾਰੂ ਮੇਰੇ ਹੱਥ ਵਿਚ ਹਨ।

**ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ ॥੭੯॥**

(ਏਹ ਨਹੀਂ, ਜਾਣਦਾ ਜੋ) ਇਹ ਤਾਂ ਵਾਹਿਗੁਰੂ ਦੀ ਚੀਜ਼ ਹੈ, ਜਦੋਂ ਚਾਹੇਗਾ, ਖੋਹ ਲਏ ॥੭੯॥

**ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ ॥**

ਕਬੀਰ (ਜੀ ਆਖਦੇ ਹਨ) ਆਪਣੀ (ਜ਼ਿੰਦਗੀ ਦਾ) ਧੌਂਸਾ ਦਸ ਦਿਨ ਵਜਾ ਲਵੋ।

**ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ ॥੮੦॥**

ਜਿਵੇਂ ਨਦੀ ਵਿਚ ਬੇੜੀ ਦਾ ਪੂਰ (ਜੋ ਇਕ ਵੇਰੀ) 'ਕੱਠਾ (ਹੋਇਆ ਹੈ) ਉਹ ਫੇਰ ਆ ਕੇ ਨਹੀਂ ਮਿਲਦਾ ॥੮੦॥

**ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥**

ਕਬੀਰ (ਜੀ ਆਖਦੇ ਹਨ) ਸੱਤਾਂ ਸਮੁੰਦਰਾਂ ਨੂੰ ਸ਼ਾਹੀ ਬਣਾਓ ਤੇ ਬਨਾਸਪਤੀ ਨੂੰ ਕਲਮ ਬਣਾਉ।

**ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥੮੧॥**

(ਸਾਰੀ) ਧਰਤੀ ਨੂੰ ਕਾਗਤ ਬਣਾ ਲੌਂ ਤਾਂ ਭੀ ਹਰੀ ਦਾ ਜਸ ਲਿਖਿਆ ਨਹੀਂ ਜਾਣਾ ॥੮੧॥

**ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥**

ਕਬੀਰ (ਜੀ ਆਖਦੇ ਹਨ, ਜਦ) ਕਰਤਾਰ ਦਿਲ ਵਿਚ ਵਸਦਾ ਹੈ, (ਤਾਂ) ਜੁਲਾਹਾ ਜ਼ਾਤੀ (ਮੇਰਾ) ਕੀ (ਵਿਗਾੜ) ਕਰ ਸਕਦੀ ਹੈ ?

**ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥੮੨॥**

ਕਬੀਰ ਤਾਂ ਰਾਮ ਦੇ ਗਲ ਮਿਲ (ਗਿਆ ਹੈ, ਇਸ ਲਈ) ਸਾਰੇ ਬਖੇੜੇ ਮਿਟ ਗਏ ਹਨ ॥੮੨॥

**ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ ॥**

ਕਬੀਰ (ਜੀ ਆਖਦੇ ਹਨ) ਅਜੇਹਾ ਕੋਈ ਨਹੀਂ (ਜੋ ਸਰੀਰ ਰੂਪ) ਮੰਦਰ ਸਾੜ ਦੇਵੇ (ਭਾਵ ਹੰਗਤਾ ਛਡੇ)।

**ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ ॥੮੩॥**

(ਕਾਮਾਦਿਕ) ਪੰਜਾਂ ਪੁਤ੍ਰਾਂ ਨੂੰ ਮਾਰਕੇ ਰਾਮ ਨਾਲ ਪ੍ਰੀਤ ਲਾ ਕੇ (ਜੀਉਂਦਾ ਰਹੇ) ॥੮੩॥

**ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ ਫੂਕਿ ॥**

ਕਬੀਰ (ਜੀ ਆਖਦੇ ਹਨ) ਅਜੇਹਾ ਕੋਈ ਨਹੀਂ ਜੋ ਇਸ ਸਰੀਰ ਨੂੰ ਹੀ ਸਾੜ ਦੇਵੇ (ਹਉਮੈ ਤਿਆਗੇ)।

**ਅੰਧਾ ਲੋਗੁ ਨ ਜਾਨਈ ਰਹਿਓ ਕਬੀਰਾ ਕੂਕਿ ॥੮੪॥**

ਕਬੀਰ ਤਾਂ ਦੁਹਾਈ ਦੇ ਰਿਹਾ ਹੈ, ਪਰ ਅੰਨ੍ਹੇ ਲੋਕੀਂ ਨਹੀਂ ਜਾਣਦੇ ॥੮੪॥

**ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ ॥**

ਕਬੀਰ (ਜੀ ਆਖਦੇ ਹਨ) [ਚਿਹ] ਚਿਖਾ ਤੇ ਚੜ੍ਹੀ ਹੋਈ ਸਤੀ ਆਖਦੀ ਹੈ ਕਿ ਹੇ ਮਸਾਣਾਂ ਵਿਚ ਆਏ ਵੀਰੋ ! ਸੁਣੋ—

**ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ ॥੮੫॥**

ਸਾਰੇ ਲੋਕੀਂ ਮਰ ਗਏ ਹਨ, ਮੇਰਾ ਤੁਹਾਡਾ [ਨਿਦਾਨ] ਅੰਤਲਾ ਏਹੋ ਕੰਮ ਹੈ ॥੮੫॥

**ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥**

ਕਬੀਰ (ਜੀ ਆਖਦੇ ਹਨ) ਮਨ ਪੰਛੀ ਹੋ ਕੇ ਉਡ ਉਡ ਕੇ ਦਸੋਂ ਦਿਸ਼ਾ ਵਿਚ ਜਾਂਦਾ ਹੈ।

**ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥**

ਜੋ (ਮਨ) ਜੇਹੀ ਸੰਗਤਿ ਕਰਦਾ ਹੈ, ਉਹ ਅਜੇਹਾ ਹੀ ਫਲ ਖਾਂਦਾ ਹੈ ॥੮੬॥

**ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥**

ਕਬੀਰ (ਜੀ ਆਖਦੇ ਹਨ) ਜਿਸ ਨੂੰ ਲਭਦੇ ਸਾਂ, ਉਹ ਜਗ੍ਹਾ ਮਿਲ ਪਈ ਹੈ।

**ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥੮੭॥**

ਜਿਸ ਨੂੰ ਤੂੰ ਹੋਰ ਆਖਦਾ ਸੀ, ਉਲਟ ਕੇ ਤੂੰ ਓਹੀ ਹੋ ਗਿਆ ਹੈਂ ॥੮੭॥

**ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥**

ਕਬੀਰ (ਜੀ ਆਖਦੇ ਹਨ) ਕੁਸੰਗ ਦਾ ਮਾਰਿਆ (ਪੁਰਸ਼) ਮਰ ਜਾਂਦਾ ਹੈ, ਜਿਵੇਂ ਕੇਲੇ ਕੋਲ ਬੇਰੀ (ਹੋਵੇ)—

**ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥੮੮॥**

ਉਹ (ਬੇਰੀ) ਝੂਲਦੀ (ਹੈ, ਤਾਂ) ਉਹ (ਕੇਲਾ) ਚੀਰਿਆ ਜਾਂਦਾ ਹੈ, (ਇਸ ਲਈ) ਪਾਪੀ ਦਾ ਮੇਲ ਹੀ ਨਾ ਵੇਖੋ ॥੮੮॥

**ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ ॥**

ਕਬੀਰ (ਜੀ ਆਖਦੇ ਹਨ, ਹੇ ਬ੍ਰਾਹਮਣ ! ਤੂੰ) ਬਿਗਾਨਾ ਭਾਰ ਸਿਰ ਤੇ ਚੁਕ ਕੇ ਪੈਂਡਾ ਤੁਰਣਾ ਚਾਹੁੰਦਾ ਹੈ।

**ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ ॥੮੯॥**

ਆਪਣੇ (ਪਾਪਾਂ ਦੇ) ਭਾਰ ਤੋਂ ਡਰਦਾ ਨਹੀਂ, ਅੱਗੇ ਤਾਂ ਔਖਾ ਰਸਤਾ ਹੈ ॥੮੯॥

**ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ ॥**

ਕਬੀਰ (ਜੀ ਆਖਦੇ ਹਨ, ਜਗਤ ਰੂਪ) ਜੰਗਲ ਦੀ (ਸਰੀਰ ਰੂਪ) ਲੱਕੜੀ (ਦੁੱਖਾਂ ਦੀ ਅੱਗ ਨਾਲ) ਸੜੀ ਹੋਈ ਪੁਕਾਰ ਕਰਦੀ ਹੈ, ਕਿ—

**ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ ॥੯੦॥**

Sri Satguru Jagjit Singh Ji eLibrary NamdhariElibrary@gmail.com

ਕਿਤੇ (ਜਮ ਰੂਪ) ਲੁਹਾਰ ਦੇ ਵਸ ਨਾ ਪੈ ਜਾਵਾਂ, ਮਤਾ ਦੂਜੀਂ ਵੇਰੀ ਸਾੜਦਾ ਹੋਵੇ ॥੯੦॥

**ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ ॥**

ਕਬੀਰ (ਜੀ ਆਖਦੇ ਹਨ) ਇਕ (ਮਨ ਦੇ) ਮਰਨ ਕਰਕੇ ਦੋ (ਅਹੰਕਾਰ ਤੇ ਅਗਯਾਨ) ਹੋਰ ਮਰ ਗਏ, ਉਨ੍ਹਾਂ ਦੋਹਾਂ ਦੇ ਮਰਨ ਕਰਕੇ ਚਾਰ (ਕਾਮ, ਕਰੋਧ,) ਲੋਭ, ਮੋਹ (ਹੋਰ ਮਰ ਗਏ)।

**ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ ॥੯੧॥**

(ਉਨ੍ਹਾਂ ਚੌਹਾਂ ਦੇ ਮਰਨ ਕਰਕੇ ਛੇ ਹੋਰ ਮਰ ਗਏ, (ਜਿਨ੍ਹਾਂ ਵਿਚ ਰਾਗ, ਦੋਖ, ਜਨਮ ਤੇ ਮਰਨ ਏਹ) ਚਾਰ ਪੁਰਖ (ਹਨ, ਅਤੇ ਆਸਾ, ਤ੍ਰਿਸ਼ਨਾ ਏਹ) ਦੋ ਇਸਤ੍ਰੀਆਂ ਹਨ ॥੯੧॥

**ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ ॥**

ਕਬੀਰ (ਜੀ ਆਖਦੇ ਹਨ, ਮੈਂ ਚੰਗੀ ਤਰ੍ਹਾਂ) ਵੇਖ ਵੇਖ ਕੇ ਜਗਤ ਖੋਜਿਆ ਹੈ, (ਉਨ੍ਹਾਂ ਨੂੰ) ਕਿਤੇ ਜਗ੍ਹਾਂ ਨਹੀਂ ਮਿਲਦੀ ।

**ਜਿਨਿ ਹਰਿ ਕਾ ਨਾਮੁ ਨ ਚੇਤਿਓ ਕਹਾ ਭੁਲਾਨੇ ਅਉਰ ॥੯੨॥**

ਜਿਨ੍ਹਾਂ ਨੇ ਹਰੀ ਦਾ ਨਾਮ ਨਹੀਂ ਜਪਿਆ, ਤੁਸੀਂ ਹੋਰਨਾਂ ਕੰਮਾਂ ਵਿਚ ਕਿਉਂ ਭੁਲੇ ਫਿਰਦੇ ਹੋ ? (ਤਾਂ ਤੇ) ਨਾਮ ਜਪੋ ॥੯੨॥

**ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥**

ਕਬੀਰ (ਜੀ ਆਖਦੇ ਹਨ) ਸਾਧ ਦੀ ਸੰਗਤਿ ਕਰਨੀ ਚਾਹੀਦੀ ਹੈ, ਜੋ ਅੰਤ ਦੇ ਵੇਲੇ ਸਹਾਇਤਾ ਕਰੇਗੀ।

**ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥੯੩॥**

ਪਾਪੀ ਦਾ ਸੰਗ ਨਾ ਕਰੋ, ਜਿਸ ਕਰਕੇ ਨੁਕਸਾਨ ਹੁੰਦਾ ਹੈ ॥੯੩॥

**ਕਬੀਰ ਜਗ ਮਹਿ ਚੇਤਿਓ ਜਾਨਿ ਕੈ ਜਗ ਮਹਿ ਰਹਿਓ ਸਮਾਇ ॥**

ਕਬੀਰ (ਜੀ ਆਖਦੇ ਹਨ) ਜਗਤ ਵਿਚ ਸਮਾ ਰਿਹਾ ਜਾਣਕੇ (ਮੈਂ) ਜਗਤ ਵਿਚ (ਰਹਿੰਦਿਆਂ ਹੀ ਉਸ ਨੂੰ) ਜਪਿਆ ਹੈ।

**ਜਿਨ ਹਰਿ ਕਾ ਨਾਮੁ ਨ ਚੇਤਿਓ ਬਾਦਹਿ ਜਨਮੇਂ ਆਇ ॥੯੪॥**

ਜਿਨ੍ਹਾਂ ਨੇ ਹਰੀ ਦਾ ਨਾਮ ਨਹੀਂ ਜਪਿਆ, ਉਨ੍ਹਾਂ ਦਾ ਜੰਮਨਾ ਹੀ ਵਿਅਰਥ ਹੈ ॥੯੪॥

**ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ ॥**

ਕਬੀਰ (ਜੀ ਆਖਦੇ ਹਨ) ਹੋਰਨਾਂ ਆਸਾਂ ਤੋਂ ਨਿਰਾਸ (ਹੋ ਕੇ) ਇਕ ਰਾਮ ਦੀ ਆਸ ਕਰਨੀ ਚਾਹੀਦੀ ਹੈ ।

**ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ ॥੯੫॥**

ਜੋ ਪੁਰਸ਼ ਹਰਿ ਨਾਮ ਤੋਂ ਉਦਾਸ ਹਨ, ਉਹ ਨਰਕ ਵਿਚ ਪੈਣਗੇ ॥੯੫॥

**ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥**

ਕਬੀਰ (ਜੀ ਆਖਦੇ ਹਨ) ਚੇਲੇ ਬਾਲੇ ਤਾਂ ਬਹੁਤ ਬਣਾ ਲਏ ਹਨ, ਪਰ ਵਾਹਿਗੁਰੂ ਨੂੰ ਮਿੱਤਰ ਨਹੀਂ ਬਣਾਇਆ।

**ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥੯੬॥**

ਚਲੇ ਤਾਂ ਹਰੀ ਨੂੰ ਮਿਲਣ ਸਨ, ਪਰ ਚਿੱਤ ਵਿਚਾਲੇ ਹੀ ਰੁਕ ਗਿਆ ਹੈ ॥੯੬॥

*ਉਥਾਨਕਾ*—ਕਿਸੇ ਨੇ ਕਿਹਾ, "ਕਾਰਣ ਹੋਵੇ ਤਾਂ ਕਾਰਜ ਆਪੇ ਹੀ ਹੋ ਜਾਂਦੇ ਹਨ।" ਭਗਤ ਜੀ ਨੇ ਸਿਖਿਆ ਦਿਤੀ—

**ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ ॥**

ਜੇ ਰਾਮ ਸਹਾਇਤਾ ਨਾ ਕਰੇ ਤਾਂ ਵਿਚਾਰਾ ਕਾਰਣ ਭੀ ਕੀ ਕਰ ਸਕਦਾ ਹੈ।

**ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ ॥੯੭॥**

ਜਿਸ ਜਿਸ ਟਾਹਣ ਉਤੇ ਪੈਰ ਰਖਦਾ ਹਾਂ, ਓਹੀ ਮੁੜ-ਮੁੜ ਜਾਂਦੀ ਹੈ, (ਅਰਥਾਤ ਜੋ ਦਲੀਲ ਸੋਚਦਾ ਹਾਂ ਓਹੀ ਨਿਕੰਮੀ ਹੋ ਜਾਂਦੀ ਹੈ) ॥੯੭॥

**ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥**

ਕਬੀਰ (ਜੀ ਆਖਦੇ ਹਨ) ਹੋਰਨਾਂ ਨੂੰ ਉਪਦੇਸ਼ ਦੇਣ ਵਾਲਿਆਂ ਦੇ ਮੂੰਹ ਵਿਚ ਰੇਤ ਪੈਂਦੀ ਹੈ।

**ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥੯੮॥**

(ਕਿਉਂਕਿ ਉਹ) ਬਿਗਾਨੀ ਮੂੜੀ ਰਖਦਿਆਂ-ਰਖਦਿਆਂ ਆਪਣੇ ਘਰ ਦਾ ਖੇਤ ਹੀ ਲੁਟਾ ਬੈਠਦੇ ਹਨ ॥੯੮॥

**ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ ॥**

ਕਬੀਰ (ਜੀ ਆਖਦੇ ਹਨ, ਭਾਵੇਂ) ਜਵਾਂ ਦੀ [ਭੂਸੀ] ਛਿਲ ਖਾਵੋ, (ਤਦ ਭੀ) ਸੰਤਾਂ ਦੀ ਸੰਗਤ ਵਿਚ ਰਹੋ।

**ਹੋਨਹਾਰੁ ਸੋ ਹੋਇਹੈ ਸਾਕਤ ਸੰਗਿ ਨ ਜਾਉ ॥੯੯॥**

(ਜੋ) ਹੋਨਹਾਰ ਹੈ, ਉਹ (ਤਾਂ ਜ਼ਰੂਰ) ਹੋਵੇਗੀ, (ਇਸ ਲਈ) ਪਾਪੀਆਂ ਦੀ ਸੰਗਤਿ ਵਿਚ ਨਾ ਜਾਵੋ ॥੯੯॥

**ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ ॥**

ਕਬੀਰ (ਜੀ ਆਖਦੇ ਹਨ) ਸੰਤ ਦੀ ਸੰਗਤਿ (ਕੀਤਿਆਂ) ਦਿਨ ਦਿਨ ਦੂਣਾ ਪਿਆਰ (ਹੁੰਦਾ ਹੈ)।

**ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ ॥੧੦੦॥**

ਸਾਕਤ ਤਾਂ ਕਾਲੀ ਕੰਬਲੀ (ਵਰਗਾ ਹੈ, ਜੋ) ਧੋਤਿਆਂ ਭੀ ਚਿੱਟੀ ਨਹੀਂ ਹੁੰਦੀ ॥੧੦੦॥

Sri Satguru Jagjit Singh Ji eLibrary NamdhariElibrary@gmail.com

**ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥**

ਕਬੀਰ (ਜੀ ਆਖਦੇ ਹਨ, ਜੋ) ਮਨ ਨੂੰ ਨਹੀਂ ਮੁੰਨਿਆਂ ਤਾਂ ਕੇਸ ਕਿਉਂ ਮੁੰਨਾ ਲਏ ਹਨ।

**ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥੧੦੧॥**

ਜੋ ਕੁਝ ਕੀਤਾ ਹੈ, ਉਹ ਮਨ ਨੇ ਕੀਤਾ ਹੈ, ਸਿਰ ਤਾਂ ਐਵੇਂ ਹੀ ਮੁੰਨਿਆਂ ਹੈ ? ॥੧੦੧॥

**ਕਬੀਰ ਰਾਮੁ ਨ ਛੋਡੀਐ ਤਨੁ ਧਨੁ ਜਾਇ ਤ ਜਾਉ ॥**

ਕਬੀਰ (ਜੀ ਆਖਦੇ ਹਨ) ਰਾਮ ਨੂੰ ਨਹੀਂ ਛੱਡਣਾ ਚਾਹੀਦਾ, (ਜੇ ਕਰ) ਤਨ (ਜਾਂ) ਧਨ ਜਾਂਦਾ (ਹੋਵੇ) ਤਾਂ ਜਾਣ ਦਿਓ।

**ਚਰਨ ਕਮਲ ਚਿਤੁ ਬੇਧਿਆ ਰਾਮਹਿ ਨਾਮਿ ਸਮਾਉ ॥੧੦੨॥**

ਜਦ ਚਿੱਤ ਚਰਨ-ਕਮਲਾਂ ਨਾਲ ਮਿਲ ਗਿਆ ਤਾਂ ਨਾਮੀ ਰਾਮ ਵਿਚ ਹੀ ਸਮਾ ਜਾਓਗੇ ॥੧੦੨॥

**ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ ॥**

ਕਬੀਰ (ਜੀ ਆਖਦੇ ਹਨ, ਦੇਹ ਅਭਿਆਸ ਰੂਪ) [ਜੰਤੁ] ਵਾਜਾ ਜੋ ਅਸੀਂ ਵਜਾਉਂਦੇ ਸਾਂ, (ਉਸ ਦੀਆਂ ਵਾਸ਼ਨਾ ਰੂਪ) ਸਭ ਤਾਰਾਂ ਟੁਟ ਗਈਆਂ ਹਨ।

**ਜੰਤੁ ਬਿਚਾਰਾ ਕਿਆ ਕਰੈ ਚਲੇ ਬਜਾਵਨਹਾਰ ॥੧੦੩॥**

ਵਿਚਾਰਾ ਵਾਜਾ ਕੀ ਕਰ ਸਕਦਾ ਹੈ, (ਜਦ ਕਿ) ਵਜਾਉਣ ਵਾਲਾ (ਮਨ ਹੀ) ਚਲਾ ਗਿਆ ਹੈ ॥੧੦੩॥

**ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥**

ਕਬੀਰ (ਜੀ ਆਖਦੇ ਹਨ) ਉਸ ਗੁਰੂ ਦੀ ਮਾਂ ਦਾ ਸਿਰ ਮੁੰਨ ਦਿਓ, ਜਿਸ ਦੇ (ਉਪਦੇਸ਼ ਨਾਲ) ਭਰਮ ਨਾ ਜਾਵੇ।

**ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥੧੦੪॥**

ਆਪ ਤਾਂ ਚੌਂਹ ਵੇਦਾਂ ਵਿਚ ਡੁਬ ਗਏ ਹਨ, ਅਤੇ ਚੇਲੇ ਰੋੜ੍ਹ ਦਿਤੇ ਹਨ ॥੧੦੪॥

**ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ ॥**

ਕਬੀਰ (ਜੀ ਆਖਦੇ ਹਨ) ਜਿੰਨੇ ਪਾਪ ਕੀਤੇ (ਸਨ, ਅਤੇ ਧਰਮ ਦੇ ਕੰਮਾਂ) ਹੇਠਾਂ ਲੁਕਾ ਕੇ ਰੱਖੇ ਸਨ।

**ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮ ਰਾਇ ॥੧੦੫॥**

ਜਦੋਂ ਅੰਤ ਨੂੰ ਧਰਮ ਰਾਜੇ (ਨੇ ਹਿਸਾਬ) ਪੁੱਛਿਆ (ਓਦੋਂ) ਸਾਰੇ (ਪਾਪ) ਪ੍ਰਗਟ ਹੋ ਜਾਣਗੇ ॥੧੦੫॥

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਪਾਲਿਓ ਬਹੁਤੁ ਕੁਟੰਬੁ ॥**

ਕਬੀਰ (ਜੀ ਆਖਦੇ ਹਨ) ਹਰੀ ਦਾ ਭਜਨ ਛੱਡ ਕੇ ਬਹੁਤੇ ਟੱਬਰ ਦੀ ਪਾਲਣਾ ਕੀਤੀ ਹੈ।

**ਧੰਧਾ ਕਰਤਾ ਰਹਿ ਗਇਆ ਭਾਈ ਰਹਿਆ ਨ ਬੰਧੁ ॥੧੦੬॥**

ਧੰਦੇ ਕਰਦਾ (ਆਪ) ਰਹਿ ਗਿਆ ਹੈ (ਤੇ) ਕੋਈ ਭਾਈ ਬੰਧੂ ਭੀ ਨਹੀਂ ਰਿਹਾ ॥੧੦੬॥

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ ॥**

ਕਬੀਰ (ਜੀ ਆਖਦੇ ਹਨ, ਜੋ ਇਸਤ੍ਰੀ) ਹਰੀ ਦਾ ਭਜਨ ਛੱਡ ਕੇ ਰਾਤੀਂ (ਮਸਾਨ) ਜਗਾਉਣ ਜਾਂਦੀ ਹੈ।

**ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ ॥੧੦੭॥**

(ਉਹ) ਸੱਪਣੀ ਹੋ ਕੇ ਜਨਮੇਗੀ ਅਤੇ ਆਪਣੇ [ਜਾਏ] ਪੁੱਤਰਾਂ ਨੂੰ ਖਾਵੇਗੀ ॥੧੦੭॥

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ ॥**

ਕਬੀਰ (ਜੀ ਆਖਦੇ ਹਨ, ਜੋ) ਇਸਤ੍ਰੀ ਹਰੀ ਦਾ ਭਜਨ ਛੱਡ ਕੇ (ਸਾਂਝੀ ਦੇਵੀ) [ਹੋਈ] (ਦਾ ਵਰਤ) ਰਖਦੀ ਹੈ।

**ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ ॥੧੦੮॥**

ਉਹ ਖੋਤੀ ਹੋ ਕੇ ਜੰਮੇਗੀ ਤੇ ਚਾਰ ਮਣ ਭਾਰ ਚੁਕੇਗੀ ॥੧੦੮॥

**ਕਬੀਰ ਚਤੁਰਾਈ ਅਤਿ ਘਨੀ ਹਰਿ ਜਪਿ ਹਿਰਦੈ ਮਾਹਿ ॥**

ਕਬੀਰ (ਜੀ ਆਖਦੇ ਹਨ) ਵੱਡੀ ਸਿਆਣਪ ਹੈ, ਕਿ-) 'ਹਿਰਦੇ ਵਿਚ ਹਰਿ ਨਾਮ ਜਪੋ।'

**ਸੂਰੀ ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ ॥੧੦੯॥**

(ਏਹ ਕਰਮ ਤਾਂ) ਸੂਲੀ ਉਤੇ ਖੇਡਣਾ ਹੈ, ਜੇ ਡਿਗ ਪਵੇ ਤਾਂ ਕੋਈ ਜਗ੍ਹਾ ਨਹੀਂ (ਰਹਿੰਦੀ) ॥੧੦੯॥

**ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥**

ਕਬੀਰ (ਜੀ ਆਖਦੇ ਹਨ,) ਉਹ ਮੂੰਹ ਧੰਨ ਹੈ, ਜਿਸ ਮੂੰਹ ਨਾਲ ਰਾਮ ਨੂੰ ਜਪੀਏ।

**ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ ॥੧੧੦॥**

(ਉਸਦੀ) ਦੇਹ ਕਿਸਦੀ ਵੀਚਾਰੀ ਹੈ, ਸਾਰਾ ਪਿੰਡ ਹੀ ਪਵਿੱਤਰ ਹੋ ਜਾਵੇਗਾ ॥੧੧੦॥

**ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ ॥**

ਕਬੀਰ (ਜੀ ਆਖਦੇ ਹਨ) ਉਹ ਕੁਲ ਚੰਗੀ ਹੈ, ਜਿਸ ਕੁਲ ਵਿਚ ਹਰੀ ਦਾ ਦਾਸ ਹੈ।

**ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸੁ ॥੧੧੧॥**

ਜਿਸ ਕੁਲ ਵਿਚ ਭਗਤ ਨਹੀਂ ਪੈਦਾ ਹੋਇਆ ਉਹ ਕੁਲ ਢਕ ਦੇ ਪੱਤਿਆਂ (ਵਰਗੀ ਨਿਕੰਮੀ ਹੈ) ॥੧੧੧॥

**ਕਬੀਰ ਹੈ ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਹਿ ॥**

ਕਬੀਰ (ਜੀ ਆਖਦੇ ਹਨ) [ਹੈ] ਘੋੜੇ [ਗਇ] ਹਾਥੀ (ਆਦਿਕ) [ਸਘਨ ਘਨ] ਬਹੁਤ ਹੀ [ਬਾਹਨ] ਸਵਾਰੀਆਂ ਹਨ, (ਅਤੇ ਮਕਾਨ ਉਤੇ ਕ੍ਰੋੜ ਪਤੀ ਹੋਣ ਦੀ) [ਲਾਖ=ਲਖਯ] ਨਿਸ਼ਾਨੀ ਰੂਪ ਝੰਡੀਆਂ ਝੁਲਦੀਆਂ ਹਨ।

**ਇਆ ਸੁਖ ਤੇ ਭਿਖ੍ਯ਼ਾ ਭਲੀ ਜਉ ਹਰਿ ਸਿਮਰਤ ਦਿਨ ਜਾਹਿ ॥੧੧੨॥**

ਇਸ ਸੁਖ ਨਾਲੋਂ ਮੰਗ ਕੇ ਖਾਣਾ ਚੰਗਾ, ਜੇ ਹਰੀ ਦੇ ਭਜਨ ਕਰਦਿਆਂ ਹੀ ਦਿਨ ਬੀਤ ਜਾਵੇ ॥੧੧੨॥

**ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ ॥**

ਕਬੀਰ (ਜੀ ਆਖਦੇ ਹਨ) ਮੈਂ [ਮਾਂਦਲੁ] ਢੋਲ ਗਲ ਵਿਚ ਪਾ ਕੇ ਸਾਰੇ ਜਗਤ ਵਿਚ ਫਿਰਦਾ ਰਿਹਾ ਹਾਂ ਅਤੇ—

**ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ ॥੧੧੩॥**

(ਚੰਗੀ ਤਰ੍ਹਾਂ) ਸਭਨਾਂ ਨੂੰ ਠੋਕ ਵਜਾ ਕੇ ਦੇਖਿਆ ਹੈ, ਕਿ ਕੋਈ ਭੀ ਕਿਸੇ ਦਾ (ਸਹਾਇਕ) ਨਹੀਂ ਹੈ ॥੧੧੩॥

**ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥**

(ਜਿਸ) ਰਸਤੇ ਵਿਚ ਮੋਤੀ ਖਿਲਰੇ (ਹੋਏ ਹਨ, ਉਧਰ) ਅੰਨ੍ਹਾਂ ਆ ਨਿਕਲਿਆ ਹੈ।

**ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥੧੧੪॥**

(ਪਰ) ਰੱਬ ਦੀ (ਬਖਸ਼ੀ) ਜੋਤਿ ਤੋਂ ਬਿਨਾਂ ਜਗਤ (ਸਾਰਾ ਮੋਤੀਆਂ) ਉਪਰੋਂ ਲੰਘ ਜਾਂਦਾ ਹੈ, (ਅਤੇ ਮੋਤੀ ਨਹੀਂ ਚੁਕਦਾ) ॥੧੧੪॥

***ਉਥਾਨਕਾ*** :—ਇਕੇਰਾਂ ਕਮਾਲੇ ਨੂੰ ਕਿਤੋਂ ਰੁਪਏ ਮਿਲੇ ਉਹ ਲੈ ਕੇ ਘਰ ਆ ਗਿਆ, ਤਾਂ ਭਗਤ ਜੀ ਨੇ ਉਚਾਰਿਆ—

**ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ ॥**

ਕਬੀਰ ਦੀ ਬੰਸ ਹੀ ਡੁਬ ਗਈ ਹੈ, ਜੋ ਕਮਾਲਾ ਪੁੱਤਰ ਪੈਦਾ ਹੋਇਆ ਹੈ।

**ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ ॥੧੧੫॥**

(ਜੋ) ਹਰੀ ਦਾ ਭਜਨ ਛਡਕੇ ਘਰ ਦਮੜੇ ਲੈ ਆਇਆ ਹੈ ॥੧੧੫॥

**ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ ॥**

ਕਬੀਰ (ਜੀ ਆਖਦੇ ਹਨ, ਜਦ) ਸੰਤ ਦੇ ਦਰਸ਼ਨਾਂ ਨੂੰ ਜਾਈਏ, ਤਾਂ ਨਾਲ ਕੋਈ (ਸੰਕਲਪ) ਨਾ ਲਈਏ।

**ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ ॥੧੧੬॥**

(ਮਨ ਰੂਪ) ਪੈਰ (ਨੂੰ ਉਨ੍ਹਾਂ ਦੇ ਬਚਨ ਮੰਨਣ ਤੋਂ) ਪਿਛਾਂਹ ਨਾ ਕਰੀਏ, ਸਗੋਂ ਅੱਗੇ (ਕਰੀਏ, ਜੋ) ਹੋਣਾ ਹੈ, ਓਹੀ ਹੋਵੇਗਾ ॥੧੧੬॥

**ਕਬੀਰ ਜਗੁ ਬਾਧਿਓ ਜਿਹ ਜੇਵਰੀ ਤਿਹ ਮਤ ਬੰਧਹੁ ਕਬੀਰ ॥**

ਜਿਸ ਰੱਸੀ ਵਿਚ ਜਗਤ ਬੱਧਾ ਹੋਇਆ ਹੈ, ਹੇ ਕਬੀਰ! ਤੂੰ ਉਸ ਵਿਚ ਨਾ ਬੱਝ।

**ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ ॥੧੧੭॥**

(ਤੇਰਾ) ਸੋਨੇ ਵਰਗਾ ਸਰੀਰ ਭੀ ਲੂਣ ਦੇ [ਆਟਾ=ਅਟਾਲਾ] ਡਲੇ ਵਾਂਗ ਗਲ ਜਾਵੇਗਾ ॥੧੧੭॥

**ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ ॥**

ਕਬੀਰ (ਜੀ ਆਖਦੇ ਹਨ) ਜੀਵ-ਆਤਮਾ (ਸਰੀਰ ਵਿਚੋਂ) ਜਾਣ ਨੂੰ ਤਿਆਰ ਹੈ, ਅਤੇ ਸਰੀਰ ਨੂੰ (ਸਬੰਧੀ) ਦਫਨ ਲਈ ਤਿਆਰ ਹਨ, (ਇਸ ਦਸ਼ਾ ਵਿਚ ਪਹੁੰਚ ਕੇ ਭੀ) ਸੈਨਤਾਂ ਨਾਲ [ਸੋਝਾਈ] ਸਮਝਾਉਂਦਾ ਹੈ (ਕਿ ਫਲਾਣੇ ਕੋਲੋਂ ਲੈਣਾ ਹੈ, ਫਲਾਣੀ ਥਾਂ ਤੇ ਦਬੀ ਪਈ ਹੈ)।

**ਅਜਹੂ ਜੀਉ ਨ ਛੋਡਈ ਰੰਕਾਈ ਨੈਨਾਹ ॥੧੧੮॥**

ਵੇਖੋ ਭਾਈ! ਜੀਵ ਅਜੇ ਭੀ ਅੱਖਾਂ ਵਿਚੋਂ ਕੰਗਾਲਤਾਈ ਛੱਡਦਾ ਨਹੀਂ ਜੇ ॥੧੧੮॥

**ਕਬੀਰ ਨੈਨ ਨਿਹਾਰਉ ਤੁਝ ਕਉ ਸ੍ਰਵਨ ਸੁਨਉ ਤੁਅ ਨਾਉ ॥**

(ਹੇ ਵਾਹਿਗੁਰੂ! ਇਹ) ਕਬੀਰ ਤਾਂ ਅੱਖਾਂ ਨਾਲ ਤੈਨੂੰ ਵੇਖਦਾ ਹੈ ਅਤੇ ਕੰਨਾਂ ਨਾਲ ਤੇਰਾ ਨਾਮ ਸੁਣਦਾ ਹੈ।

**ਬੈਨ ਉਚਰਉ ਤੁਅ ਨਾਮ ਜੀ ਚਰਨ ਕਮਲ ਰਿਦ ਠਾਉ ॥੧੧੯॥**

ਗੱਲਾਂ (ਕਰਨ ਵਿਚ) ਤੁਹਾਡਾ ਹੀ ਨਾਮ ਜਪਦਾ ਹੈ, ਹਿਰਦੇ ਸਥਾਨ (ਵਿਚ ਤੁਹਾਡੇ ਹੀ) ਚਰਨ ਕਮਲ (ਵਸਦੇ ਹਨ) ॥੧੧੯॥

**ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥**

ਕਬੀਰ (ਜੀ ਆਖਦੇ ਹਨ) ਸਤਿਗੁਰੂ ਦੀ ਕਿਰਪਾ ਨਾਲ ਮੈਂ ਸੁਰਗ ਨਰਕ ਤੋਂ ਰਹਿ ਗਿਆ ਹਾਂ।

**ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥**

ਸ਼ੁਰੂ ਤੋਂ ਅਖੀਰ ਤਕ (ਹੁਣ ਮੈਂ ਪਿਆਰੇ ਦੇ) ਚਰਨ ਕਮਲਾਂ ਦੇ [ਮਉਜ] ਅਨੰਦ ਵਿਚ ਰਹਿੰਦਾ ਹਾਂ ॥੧੨੦॥

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥**

ਹੇ ਕਬੀਰ! (ਪਿਆਰੇ) ਚਰਨ ਕਮਲਾਂ ਦੇ ਅਨੰਦ ਦਾ ਕੋਈ ਕਿਸੇ ਤਰ੍ਹਾਂ [ਉਨਮਾਨ] ਵਿਚਾਰ ਤਾਂ ਦੱਸ।

**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥**

(ਹੇ ਭਾਈ! ਉਹ ਅਨੰਦ) ਕਹਿਣਾ ਸੋਭਦਾ ਨਹੀਂ ਵੇਖਿਆਂ ਹੀ ਪਤਾ ਮਾਲੂਮ ਹੁੰਦਾ ਹੈ ॥੧੨੧॥

**ਕਬੀਰ ਦੇਖਿ ਕੈ ਕਿਹ ਕਹਉ ਕਹੇ ਨ ਕੋ ਪਤੀਆਇ ॥**

ਕਬੀਰ (ਜੀ ਆਖਦੇ ਹਨ, ਜੇ ਮੈਂ) ਵੇਖਿਆ ਹੈ, ਤਾਂ ਕਿਸ ਨੂੰ ਸੁਣਾਵਾਂ? (ਕਿਉਂਕਿ) ਕਹੇ (ਨੂੰ ਸੁਣਕੇ) ਕੋਈ ਪ੍ਰਤੀਤ (ਇਤਬਾਰ) ਨਹੀਂ ਕਰਦਾ।

**ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ ॥੧੨੨॥**

ਹਰੀ ਜੇਹਾ (ਹੋਰ ਕੋਈ ਨਹੀਂ) ਓਹੀ ਹੈ, (ਤਾਂ ਤੇ ਉਸ ਦੇ) ਗੁਣ ਗਾਕੇ ਹੀ ਖੁਸ਼ ਰਹਿੰਦਾ ਹਾਂ ॥੧੨੨॥

**ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ ॥**

ਕਬੀਰ (ਜੀ ਆਖਦੇ ਹਨ, ਕੂੰਜ) ਚੁਗਦੀ (ਹੈ, ਤੇ ਬੱਚਿਆਂ ਨੂੰ) ਯਾਦ ਕਰਦੀ ਹੈ (ਫੇਰ ਦਾਣੇ) ਚੁਗਦੀ ਹੈ, (ਇਵੇਂ ਹੀ) ਚੋਗਾ ਚੁਗਦੀ (ਤੇ ਬੱਚਿਆਂ ਨੂੰ) ਯਾਦ ਕਰਦੀ ਹੈ ।

**ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾ ਰੇ ॥੧੨੩॥**

ਜਿਵੇਂ ਕੂੰਜ ਦੇ ਮਨ ਬੱਚੇ ਹਨ, (ਹੇ ਭਾਈ! ਇਵੇਂ ਤੈਨੂੰ) ਮਾਇਆ ਦੀ ਮਮਤਾ ਹੈ ॥੧੨੩॥

**ਕਬੀਰ ਅੰਬਰ ਘਨਹਰੁ ਛਾਇਆ ਬਰਖਿ ਭਰੇ ਸਰ ਤਾਲ ॥**

ਕਬੀਰ (ਜੀ ਆਖਦੇ ਹਨ) ਅਕਾਸ਼, ਬੱਦਲਾਂ ਨਾਲ ਭਰਿਆ ਹੋਇਆ (ਹੈ, ਜਿਨ੍ਹਾਂ ਨੇ) ਵਸ ਕੇ ਤਲਾਵ ਨੱਕੋ-ਨਕ ਭਰ ਦਿੱਤੇ ਹਨ, (ਅਰਥਾਤ ਗੁਰੂ ਬੱਦਲ ਨੇ ਉਪਦੇਸ਼ ਦੀ ਬਰਖਾ ਨਾਲ ਸਭ ਨੂੰ ਨਿਹਾਲ ਕਰ ਦਿੱਤਾ)।

**ਚਾਤ੍ਰਿਕ ਜਿਉ ਤਰਸਤ ਰਹੈ ਤਿਨ ਕੋ ਕਉਨੁ ਹਵਾਲੁ ॥੧੨੪॥**

ਜੋ ਪਪੀਹੇ ਵਾਂਗ ਤਰਸਦੇ ਰਹਿੰਦੇ ਹਨ ਉਨ੍ਹਾਂ ਦਾ ਕੀ ਹਾਲ ਹੋਵੇਗਾ ? ॥੧੨੪॥

**ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ ॥**

ਕਬੀਰ (ਜੀ ਆਖਦੇ ਹਨ) ਜੋ ਚਕਵੀ ਰਾਤ ਨੂੰ (ਚਕਵੇ ਨਾਲੋਂ) ਵਿਛੜਦੀ ਹੈ, ਉਹ ਸਵੇਰੇ ਆ ਮਿਲਦੀ ਹੈ। (ਪਰ)—

SIKHBOOKCLUB.COM

**ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ ॥੧੨੫॥**

ਜੋ ਪੁਰਸ਼ ਰਾਮ ਨਾਲੋਂ ਵਿਛੜ ਚੁਕੇ ਹਨ, ਉਹ ਨਾ ਦਿਨੇ ਮਿਲਦੇ ਹਨ ਨਾ ਰਾਤੀਂ (ਮਿਲਦੇ ਹਨ) ॥੧੨੫॥

**ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ ॥**

ਕਬੀਰ (ਜੀ ਆਖਦੇ ਹਨ) ਹੇ [ਰੈਨਾਇਰ] ਸਮੁੰਦਰ ਨਾਲੋਂ ਵਿਛੜੇ ਹੋਏ ਸੰਖ! (ਸਮੁੰਦਰ ਦੇ) [ਮਝੂਰਿ] ਵਿਚੇ ਹੀ ਰਹੁ ।

**ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ ॥੧੨੬॥**

(ਨਹੀਂ ਤਾਂ) ਸੂਰਜ ਚੜ੍ਹਦਿਆਂ ਹੀ ਮੰਦਰ-ਮੰਦਰ ਵਿਚ ਢਾਹਾਂ ਮਾਰਦਾ ਰਹੇਂਗਾ, (ਭਾਵ ਇਹ ਹੈ ਕਿ ਹੇ ਵਾਹਿਗੁਰੂ ਤੋਂ ਵਿਛੜੇ ਜੀਵ)! ਉਸੇ ਦੇ ਨਾਲ ਲਗਾ ਰਹੁ, ਨਹੀਂ ਤਾਂ ਮਰਕੇ ਹਰੇਕ ਜੂਨ ਵਿਚ ਜਾ ਕੇ ਰੋਵੇਂਗਾ ॥੧੨੬॥

**ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ ॥**

ਕਬੀਰ (ਜੀ ਆਖਦੇ ਹਨ, ਹੇ ਭਾਈ! ਤੂੰ) ਸੁੱਤਾ ਪਿਆ ਕੀ ਕਰਦਾ ਹੈਂ ? ਜਾਗ! (ਅਤੇ ਆਪਣੇ) ਦੁਖਾਂ ਦੇ ਡਰ (ਨੂੰ ਚੇਤੇ ਕਰਕੇ) ਰੋ ।

**ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ ॥੧੨੭॥**

(ਕਿਉਂਕਿ) ਜਿਸ ਦਾ ਕਬਰ ਵਿਚ ਵਾਸਾ ਹੈ, ਉਹ ਸੁਖ ਨਾਲ ਕਿਵੇਂ ਸੌਂ ਸਕਦਾ ਹੈ ?॥੧੨੭॥

**ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ ॥**

ਕਬੀਰ (ਜੀ ਆਖਦੇ ਹਨ, ਹੇ ਭਾਈ ! ਤੂੰ) ਸੁੱਤਾ ਹੋਇਆ ਕੀ ਕਰਦਾ ਹੈਂ ? ਉਠਕੇ ਮੁਰਾਰੀ ਨੂੰ ਕਿਉਂ ਨਹੀਂ ਜਪਦਾ ?

**ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ ॥੧੨੮॥**

(ਯਾਦ ਕਰ ! ਜੋ) ਇਕ ਦਿਨ ਤਾਂ ਲੰਮੇ ਗੋਡੇ ਕਰਕੇ (ਜ਼ਰੂਰ ਹੀ) ਸੌਣਾ ਹੋਵੇਗਾ ॥੧੨੮॥

**ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥**

ਕਬੀਰ (ਜੀ ਆਖਦੇ ਹਨ, ਹੇ ਭਾਈ ! ਤੂੰ) ਸੁੱਤਾ ਕੀ ਕਰਦਾ ਹੈਂ ? ਜਾਗਕੇ ਬੈਠਾ ਰਹੁ ।

**ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ ॥੧੨੯॥**

ਜਿਸ ਦੇ ਨਾਲੋਂ ਵਿਛੜਿਆ ਹੈਂ, ਉਸ ਦੇ ਨਾਲ ਜੁੜ ਜਾਹੁ ॥੧੨੯॥

**ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ ॥**

ਕਬੀਰ (ਜੀ ਆਖਦੇ ਹਨ, ਹੇ ਭਾਈ !) ਸੰਤ ਦਾ ਪਿੱਛਾ ਨਾ ਛੱਡੋ, ਮਗਰੇ ਲਗੇ ਜਾਓ ।

**ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ ॥੧੩੦॥**

(ਉਨ੍ਹਾਂ ਦਾ) ਦਰਸ਼ਨ ਕਰਦਿਆਂ ਹੀ ਪਵਿਤ੍ਰ ਹੋ ਜਾਓਗੇ ਤੇ ਸੰਗਤ ਕਰੋਗੇ ਤਾਂ ਨਾਮ ਜਪ ਸਕੋਗੇ ॥੧੩੦॥

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥**

ਕਬੀਰ (ਜੀ ਆਖਦੇ ਹਨ) ਬੁਰੇ ਪੁਰਸ਼ ਦਾ ਸੰਗ ਨਹੀਂ ਕਰਨਾ ਚਾਹੀਦਾ, ਵੇਖਕੇ ਦੂਰੋਂ ਹੀ ਭੱਜ ਜਾਣਾ ਯੋਗ ਹੈ ।

**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥**

(ਯਾਦ ਰਖੋ ! ਜੇ) ਕਾਲੇ [ਬਾਸਨੁ] ਭਾਂਡੇ ਨਾਲ ਲਗੀਏ, ਤਾਂ ਕੁਝ ਨਾ ਕੁਝ ਤਾਂ ਦਾਗ ਲਗ ਹੀ ਜਾਵੇਗਾ ॥੧੩੧॥

**ਕਬੀਰਾ ਰਾਮੁ ਨ ਚੇਤਿਓ ਜਰਾ ਪਹੂੰਚਿਓ ਆਇ ॥**

ਕਬੀਰ (ਜੀ ਆਖਦੇ ਹਨ) ਰਾਮ ਨੂੰ ਜਪਿਆ ਨਹੀਂ, ਬੁਢੇਪਾ ਆ ਗਿਆ ਹੈ ।

**ਲਾਗੀ ਮੰਦਿਰ ਦੁਆਰ ਤੇ ਅਬ ਕਿਆ ਕਾਢਿਆ ਜਾਇ ॥੧੩੨॥**

ਹੁਣ (ਤਾਂ ਅੱਗ) ਬੂਹੇ ਨੂੰ ਆ ਲਗੀ ਹੈ, (ਅੰਦਰੋਂ) ਕੀ ਕਢਿਆ ਜਾਵੇਗਾ । (ਭਾਵ ਮੌਤ ਨੇੜੇ ਹੈ ਤਰਨ ਦਾ ਉਪਾਉ ਨਹੀਂ ਹੋ ਸਕਣਾ) ॥੧੩੨॥

**ਕਬੀਰ ਕਾਰਨੁ ਸੋ ਭਇਓ ਜੋ ਕੀਨੋ ਕਰਤਾਰਿ ॥**

ਕਬੀਰ (ਜੀ ਆਖਦੇ ਹਨ) ਜੋ ਕਰਤਾਰ ਕੀਤਾ ਹੈ, ਓਹੀ ਕਾਰਣ ਹੋਇਆ ਹੈ ।

Sri Satguru Jagjit Singh Ji eLibrary NamdhariElibrary@gmail.com

**ਤਿਸੁ ਬਿਨੁ ਦੂਸਰੁ ਕੋ ਨਹੀ ਏਕੈ ਸਿਰਜਨਹਾਰੁ ॥੧੩੩॥**

ਉਸ ਤੋਂ ਬਿਨਾਂ ਕੋਈ ਦੂਸਰਾ (ਕੁਝ ਕਰਨ ਵਾਲਾ) ਨਹੀਂ ਹੈ, ਇਕ ਸਿਰਜਨਹਾਰ (ਹੀ ਸਭ ਕੁਝ ਕਰਦਾ ਹੈ) ॥੧੩੩॥

**ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ ॥**

ਕਬੀਰ (ਜੀ ਆਖਦੇ ਹਨ, ਦਰੱਖਤ) ਫਲਾਂ ਨਾਲ ਫਲਨ ਲਗਾ ਹੈ ਅਤੇ ਅੰਬ ਪੱਕਣ ਲਗੇ ਹਨ।

**ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ ॥੧੩੪॥**

ਜੇ ਵਿਚੋਂ (ਕੋਈ) [ਕਾਂਬ=ਕਾਂਪ] ਨੁਕਸ ਨਾ ਪੈ ਜਾਵੇ, ਤਾਂ ਮਾਲਕ ਤਕ ਜਾ ਪੁਜਣਗੇ, (ਭਾਵ ਏਹ ਹੈ ਜੋ ਸਤਿਸੰਗੀ ਦੇ ਹਿਰਦੇ ਵਿਚ ਗੁਣ ਪੂਰਨ ਹੋ ਚਲੇ ਹਨ, ਅਤੇ ਅਗਿਆਨ ਹੋਣ ਦੀ ਸੂਰਤ ਨਜ਼ਰ ਆ ਰਹੀ ਹੈ, ਜੇ ਵਿਚਾਲੇ ਹੰਕਾਰ ਨਾ ਹੋ ਜਾਵੇ ਤਾਂ ਵਾਹਿਗੁਰੂ ਦਾ ਮੇਲ ਹੋ ਜਾਏਗਾ) ॥੧੩੪॥

**ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ ॥**

ਕਬੀਰ (ਜੀ ਆਖਦੇ ਹਨ ਜੋ) ਮੁੱਲ ਲੈ ਕੇ ਠਾਕਰਾਂ ਦੀ ਪੂਜਾ ਕਰਦੇ ਹਨ, ਅਤੇ ਮਨ ਦੇ ਹਠ ਨਾਲ ਤੀਰਥ (ਇਸ਼ਨਾਨ ਨੂੰ) ਜਾਂਦੇ ਹਨ।

**ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥੧੩੫॥**

(ਉਹ) ਭੁਲੇ ਹੋਏ ਜੀਵ ਰੀਸੋ ਰੀਸੀ ਸਾਂਗ ਬਣਾ ਕੇ ਟੱਕਰਾਂ ਮਾਰ ਰਹੇ ਹਨ ॥੧੩੫॥

SIKHBOOKCLUB.COM

**ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ ॥**

ਕਬੀਰ (ਜੀ ਆਖਦੇ ਹਨ) ਪੱਥਰ ਨੂੰ ਪਰਮੇਸ਼ਰ ਮੰਨ ਕੇ ਸਾਰਾ ਸੰਸਾਰ ਪੂਜਾ ਕਰਦਾ ਹੈ।

**ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ॥੧੩੬॥**

ਜੋ ਇਸ (ਰੱਬ ਦੇ) ਭਰੋਸੇ ਤੇ ਰਹੇਗਾ ਉਹ ਸਮੁੰਦਰ (ਗਰਭ) ਵਿਚ ਡੁਬੇਗਾ ॥੧੩੬॥

**ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ ॥**

ਕਬੀਰ ਜੀ (ਆਖਦੇ ਹਨ, ਕਰਮ ਕਾਂਡ ਦੇ) [ਕਾਗਦ] ਪੁਸਤਕ ਹੀ (ਜੇਹਲ) ਖਾਨੇ ਦੀ [ਓਬਰੀ] ਕੋਠੀ ਹਨ, ਅਤੇ ਸ਼ਾਹੀ ਨਾਲ (ਲਿਖੇ) ਕਰਮ [ਕਪਾਟ] ਦਰਵਾਜੇ ਹਨ।

**ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ ॥੧੩੭॥**

ਪੱਥਰ (ਪੂਜਾ ਨੇ) ਦੁਨੀਆਂ ਨੂੰ ਡੋਬ ਦਿਤਾ ਹੈ, ਅਤੇ ਪੰਡਿਤਾਂ ਨੇ [ਪਾੜੀ ਬਾਟ] ਡਾਕਾ (ਮਾਰ ਕੇ ਧਨ ਲੁਟ ਲਿਆ ਹੈ) ॥੧੩੭॥

**ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ ॥**

ਕਬੀਰ (ਜੀ ਆਖਦੇ ਹਨ, ਜੋ) ਕੱਲ੍ਹ ਕਰਨਾ (ਹੈ, ਉਹ) ਅੱਜੋ ਕਰ (ਲੈ, ਅਤੇ ਜੋ) ਅੱਜ ਕਰਨਾ (ਹੈ) ਉਹ [ਇਤਾਲ=ਇਤਕਾਲ] ਇਸੇ ਵੇਲੇ ਕਰ ਲੈ।

**ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ ॥੧੩੮॥**

ਜਦੋਂ ਸਿਰ ਤੇ ਮੌਤ ਆਈ, ਫਿਰ ਕੁਝ ਨਹੀਂ ਹੋ ਸਕੇਗਾ ॥੧੩੮॥

**ਕਬੀਰ ਐਸਾ ਜੰਤੁ ਇਕੁ ਦੇਖਿਆ ਜੈਸੀ ਧੋਈ ਲਾਖ ॥**

ਕਬੀਰ (ਜੀ ਆਖਦੇ ਹਨ, ਅਸਾਂ) ਇਕ ਅਜੇਹਾ ਜੀਵ ਵੇਖਿਆ ਹੈ, ਜਿਸ ਤਰ੍ਹਾਂ ਦੀ ਲਾਖ [ਧੋਈ] ਚਮਕਦੀ ਹੈ।

**ਦੀਸੈ ਚੰਚਲੁ ਬਹੁ ਗੁਨਾ ਮਤਿ ਹੀਨਾ ਨਾਪਾਕ ॥੧੩੯॥**

ਦਿਸਦਾ ਤਾਂ ਬਹੁਤੇ ਗੁਣਾਂ ਵਾਲਾ [ਚੰਚਲ] ਚਤਰ ਹੈ, (ਪਰ ਹੈ) ਬੇਅਕਲ ਤੇ ਗਧਾ ॥੧੩੯॥

**ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ ਤਿਸਕਾਰ ॥**

ਕਬੀਰ (ਜੀ ਆਖਦੇ ਹਨ, ਹੁਣ) ਮੇਰੀ ਬੁਧੀ ਦਾ ਜਮ ਨਿਰਾਦਰ ਨਹੀਂ ਕਰੇਗਾ।

**ਜਿਨਿ ਇਹੁ ਜਮੂਆ ਸਿਰਜਿਆ ਸੁ ਜਪਿਆ ਪਰਵਿਦਗਾਰ ॥੧੪੦॥**

(ਕਿਉਂਕਿ ਮੇਰੀ ਬੁਧਿ ਨੇ) ਉਸ ਪਾਲਨਾ ਕਰਨ ਵਾਲੇ ਨੂੰ ਜਪਿਆ ਹੈ, ਜਿਸ ਨੇ ਇਸ ਜਮ ਨੂੰ ਬਣਾਇਆ ਹੈ ॥੧੪੦॥

**ਕਬੀਰੁ ਕਸਤੂਰੀ ਭਇਆ ਭਵਰ ਭਏ ਸਭ ਦਾਸ ॥**

[ਕਬੀਰ] ਨਿਰੰਕਾਰ ਤਾਂ ਕਸਤੂਰੀ ਹੋ ਗਿਆ ਹੈ, ਅਤੇ ਸਾਰੇ ਦਾਸ (ਸੁਗੰਧੀ ਲੈਣ ਵਾਲੇ) ਭੌਰੇ ਹੋ ਗਏ ਹਨ।

**ਜਿਉ ਜਿਉ ਭਗਤਿ ਕਬੀਰ ਕੀ ਤਿਉ ਤਿਉ ਰਾਮ ਨਿਵਾਸ ॥੧੪੧॥**

ਜਿਉਂ-ਜਿਉਂ ਨਿਰੰਕਾਰ ਦੀ ਭਗਤੀ (ਕਰਦੇ ਹਨ) ਤਿਉਂ-ਤਿਉਂ ਰਾਮ ਵਿਚ ਲੀਨ ਹੁੰਦੇ ਜਾਂਦੇ ਹਨ ॥੧੪੧॥

**ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੈ ਰਹਿ ਗਇਓ ਰਾਮੁ ॥**

ਕਬੀਰ (ਜੀ ਆਖਦੇ ਹਨ, ਜੀਵ) ਟੱਬਰ ਦੇ ਘੜਮੱਸ ਵਿਚ ਪਿਆ ਹੋਇਆ ਹੈ, ਅਤੇ ਰਾਮ [ਕਾਂਠੈ] ਇਕ ਪਾਸੇ ਹੀ ਰਹਿ ਗਿਆ ਹੈ।

**ਆਇ ਪਰੇ ਧਰਮ ਰਾਇ ਕੇ ਬੀਚਹਿ ਧੂਮਾ ਧਾਮ ॥੧੪੨॥**

(ਘਰ ਦੇ ਇਸੇ) ਸ਼ੋਰ ਸ਼ਰਾਬੇ ਵਿਚ ਧਰਮਰਾਜ ਦੇ (ਦੂਤ) ਆ ਕੇ (ਗਲ ਵਿਚ ਫਾਹੀ) ਪਾ ਦੇਂਦੇ ਹਨ ॥੧੪੨॥

**ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥**

ਕਬੀਰ (ਜੀ ਆਖਦੇ ਹਨ) ਬੁਰੇ ਪੁਰਸ਼ ਨਾਲੋਂ [ਸੂਕਰ] ਸੂਰ ਚੰਗਾ ਹੈ, ਜੋ ਪਿੰਡ ਨੂੰ ਸਾਫ ਰਖਦਾ ਹੈ।

**ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ ॥੧੪੩॥**

(ਜਦ) ਉਹ ਵਿਚਾਰਾ ਮੰਦ ਕਰਮੀ ਮਰ ਗਿਆ (ਤਾਂ ਉਸ ਨੂੰ) ਕੋਈ ਯਾਦ ਭੀ ਨਹੀਂ ਕਰਦਾ ॥੧੪੩॥

**ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ ॥**

ਕਬੀਰ (ਜੀ ਆਖਦੇ ਹਨ) ਕੌਡੀ ਕੌਡੀ ਜਮ੍ਹਾਂ ਕਰਦਿਆਂ ਲੱਖਾਂ ਕਰੋੜਾਂ (ਰੁਪਏ) ਜਮ੍ਹਾਂ ਕਰ ਲਏ ਹਨ।

**ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ ॥੧੪੪॥**

ਜਾਂਦੀ ਵਾਰੀ (ਉਸ ਵਿਚੋਂ) ਕੁਝ ਵੀ ਨਹੀਂ ਮਿਲਦਾ, (ਸਗੋਂ ਸਬੰਧੀ ਲੱਕ ਨਾਲੋਂ ਤੜਾਗੀ ਭੀ ਤੋੜ ਲੈਂਦੇ ਹਨ ॥੧੪੪॥

**ਕਬੀਰ ਬੈਸਨੌ ਹੂਆ ਤ ਕਿਆ ਭਇਆ ਮਾਲਾ ਮੇਲੀਂ ਚਾਰਿ ॥**

ਕਬੀਰ (ਜੀ ਆਖਦੇ ਹਨ, ਜੇਕਰ, ਵੈਸ਼ਨੋ ਬਣ ਗਿਆ ਤਾਂ ਕੀ ਹੋ ਗਿਆ ਜੋ ਮਾਲਾ (ਫੇਰਨ) [ਮੇ] ਵਿਚ ਹੀ [ਲੀਚਾਰਿ] ਫਸਿਆ ਰਿਹਾ।

**ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ ਭੰਗਾਰ ॥੧੪੫॥**

ਬਾਹਰੋਂ ਤਾਂ ਬਾਰਾਂ ਵੰਨੀ (ਪਾਸੇ) ਦਾ ਸੋਨਾ (ਦਿਸਦਾ ਹੈ, ਪਰ) ਅੰਦਰ (ਤਾਂ ਨਿਰੀ) [ਭੰਗਾਰ] ਲਾਖ ਹੀ ਭਰੀ ਹੋਈ ਹੈ ॥੧੪੫॥

**ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥**

ਕਬੀਰ (ਜੀ ਆਖਦੇ ਹਨ, ਹੇ ਭਾਈ ਤੂੰ) ਮਨ ਦਾ ਹੰਕਾਰ ਛਡ ਕੇ ਰਾਹ ਦੇ ਰੋੜੇ (ਵਾਂਗ ਨਿਮਾਣਾ) ਹੋ ਕੇ ਰਹੁ।

SIKHBOOKCLUB.COM

**ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥੧੪੬॥**

(ਜੇਹੜਾ) ਕੋਈ ਅਜੇਹਾ ਦਾਸ ਹੋਵੇਗਾ, ਉਸ ਨੂੰ ਪ੍ਰਮਾਤਮਾ ਮਿਲੇਗਾ ॥੧੪੬॥

**ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ ॥**

ਕਬੀਰ (ਜੀ ਆਖਦੇ ਹਨ,) ਰੋੜੇ (ਵਾਂਗ) ਹੋ ਗਿਆ ਤਾਂ ਕੀ ਹੋ ਗਿਆ ? ਜੇ ਰਾਹੀ ਨੂੰ (ਪੈਰਾਂ ਵਿਚ ਚੁਭ ਕੇ) ਦੁਖ ਦੇਂਦਾ ਹੈ।

**ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ ॥੧੪੭॥**

(ਹੇ ਵਾਹਿਗੁਰੂ !) ਤੇਰਾ ਦਾਸ ਤਾਂ ਅਜਿਹਾ (ਹੁੰਦਾ) ਹੈ, ਜਿਵੇਂ ਧਰਤੀ ਵਿਚ ਖੇਹ (ਹੁੰਦੀ ਹੈ)॥੧੪੭॥

**ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ ॥**

ਕਬੀਰ (ਜੀ ਆਖਦੇ ਹਨ, ਜੇ) ਖੇਹ (ਵਾਂਗ) ਹੋ ਗਿਆ ਤਾਂ ਕੀ ਹੋ ਗਿਆ ? ਜੋ ਉਡ-ਉਡ ਕੇ [ਅੰਗ] ਸਰੀਰ ਨੂੰ ਲਗਦੀ ਹੈ।

**ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ ॥੧੪੮॥**

ਹਰੀ ਦਾ ਜਨ ਤਾਂ ਅਜੇਹਾ ਚਾਹੀਦਾ ਹੈ, ਜਿਵੇਂ ਪਾਣੀ ਸਾਰਿਆਂ (ਨਾਲ ਇਕੋ ਜੇਹਾ ਵਰਤਦਾ ਹੈ) ॥੧੪੮॥

**ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ ॥**

ਕਬੀਰ (ਜੀ ਆਖਦੇ ਹਨ, ਜੋ) ਪਾਣੀ (ਵਾਂਗ) ਹੋ ਗਿਆ ਤਾਂ ਕੀ ਹੋਇਆ (ਜੋ ਸਰਦੀ ਵਿਚ) ਠੰਢਾ (ਤੇ ਗਰਮੀ ਵਿਚ) ਤੱਤਾ ਹੋ ਜਾਂਦਾ ਹੈ।

**ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥੧੪੯॥**

ਹਰੀ ਦਾ ਭਗਤ ਤਾਂ ਅਜੇਹਾ ਚਾਹੀਦਾ ਹੈ, ਜੇਹਾ ਹਰੀ (ਹੈ, ਤੇਹਾ) ਹੀ ਹੋ ਜਾਵੇ ॥੧੪੯॥

**ਊਚ ਭਵਨ ਕਨਕਾਮਨੀ ਸਿਖਰਿ ਧਜਾ ਫਹਰਾਇ ॥**

ਉੱਚਾ ਘਰ ਹੈ, ਸੋਨਾ ਤੇ ਇਸਤ੍ਰੀ (ਕੋਲ ਹੈ, ਕਿਲ੍ਹੇ ਦੀ) [ਸਿਖਰਿ] ਚੋਟੀ ਉਤੇ ਝੰਡਾ ਝੂਲਦਾ ਹੈ, (ਅਜੇਹੀ ਸੰਪਦਾ ਇਕ ਪਾਸੇ ਹੋਵੇ)—

**ਤਾ ਤੇ ਭਲੀ ਮਧੂਕਰੀ ਸੰਤਸੰਗਿ ਗੁਨ ਗਾਇ ॥੧੫੦॥**

ਉਸ ਨਾਲੋਂ [ਮਧੂਕਰੀ] ਰੋਟੀ ਮੰਗ ਕੇ ਖਾਣੀ ਚੰਗੀ ਹੈ, (ਕਿਉਂਕਿ) ਸੰਤਾਂ ਨਾਲ (ਮਿਲਕੇ ਹਰੀ ਦੇ) ਗੁਣ ਤਾਂ ਗਾ (ਸਕੀਦੇ ਹਨ) ॥੧੫੦॥

**ਕਬੀਰ ਪਾਟਨ ਤੇ ਊਜਰੁ ਭਲਾ ਰਾਮ ਭਗਤ ਜਿਹ ਠਾਇ ॥**

ਕਬੀਰ (ਜੀ ਆਖਦੇ ਹਨ) ਸ਼ਹਿਰ ਨਾਲੋਂ (ਉਹ) ਉਜਾੜ ਚੰਗੀ ਹੈ, ਜਿਸ ਥਾਂ ਤੇ ਰਾਮ ਦਾ ਭਗਤ (ਵਸਦਾ ਹੈ)।

**ਰਾਮ ਸਨੇਹੀ ਬਾਹਰਾ ਜਮ ਪੁਰੁ ਮੇਰੇ ਭਾਂਇ ॥੧੫੧॥**

ਰਾਮ ਪ੍ਰੇਮੀ ਤੋਂ ਬਿਨਾਂ (ਜੋ ਸ਼ਹਿਰ ਹੈ) ਮੇਰੇ ਭਾਣੇ (ਉਹ) ਜਮਪੁਰੀ ਹੈ ॥੧੫੧॥

**ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥**

ਕਬੀਰ (ਜੀ ਆਖਦੇ ਹਨ) [ਗੰਗ=ਇੜਾ] [ਜਮੁਨ=ਪਿੰਗੁਲਾ] ਖੱਬੀ ਤੇ ਸੱਜੀ ਸੁਰ ਦੇ ਵਿਚਾਲੇ, (ਜੋ) [ਸੁੰਨ] ਫੁਰਨੇ ਤੋਂ ਰਹਿਤ [ਸਹਜ] ਤੁਰੀਆ ਦਾ ਸਥਾਨ ਹੈ।

**ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥੧੫੨॥**

ਉਥੇ ਕਬੀਰ ਨੂੰ [ਮਟੁ=ਮਠ] ਵਸੇਬਾ ਕੀਤਾ ਹੈ, (ਜਿਥੋਂ ਦਾ) ਰਾਹੁ ਮੁਨੀ ਜਨ ਢੂੰਡਦੇ ਹਨ ॥੧੫੨॥

**ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥**

ਕਬੀਰ (ਜੀ ਆਖਦੇ ਹਨ) ਜੇਹੀ (ਪ੍ਰੀਤ) ਸ਼ੁਰੂ ਤੋਂ ਪੈਦਾ ਹੁੰਦੀ ਹੈ, ਜੇ ਉਸੇ ਤਰ੍ਹਾਂ ਦੀ ਅਖ਼ੀਰ ਤਕ ਨਿਭ ਜਾਵੇ, ਤਾਂ—

**ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥੧੫੩॥**

ਹੀਰਾ ਕਿਸ ਦਾ ਵਿਚਾਰਾ (ਹੈ, ਜੋ ਉਸ ਦੇ ਬਰਾਬਰ ਹੋ ਸਕੇ ? ਉਸ ਦੇ ਸਮਾਨ ਤਾਂ) ਕਰੋੜਾਂ ਰਤਨ ਭੀ ਨਹੀਂ ਪੁਜ ਸਕਦੇ ॥੧੫੩॥

Sri Satguru Jagjit Singh Ji eLibrary NamdhariElibrary@gmail.com

**ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥**

ਕਬੀਰ (ਜੀ ਆਖਦੇ ਹਨ, ਜੋ) ਇਕ ਅਸਚਰਜ (ਤਮਾਸ਼ਾ) ਵੇਖਿਆ (ਹੈ, ਕਿ) ਹੀਰਾ ਬਜ਼ਾਰ ਵਿਕਦਾ ਹੈ। (ਪਰ)—

**ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥੧੫੪॥**

ਖਰੀਦਣ ਵਾਲੇ ਤੋਂ ਬਿਨਾਂ (ਹੋਣ ਕਰਕੇ) ਕੌਡੀ ਦੇ ਵੱਟੇ ਜਾ ਰਿਹਾ ਹੈ ॥੧੫੪॥

**ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥**

ਕਬੀਰ (ਜੀ ਆਖਦੇ ਹਨ) ਜਿਥੇ [ਗਿਆਨੁ] ਵਿਚਾਰ ਵਾਲੀ ਸਮਝ ਹੈ, ਓਥੇ ਧਰਮ (ਵਸਦਾ) ਹੈ, ਜਿਥੇ ਝੂਠ ਹੈ, ਉਥੇ ਪਾਪ (ਰਹਿੰਦਾ) ਹੈ।

**ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫॥**

ਜਿਥੇ ਲੋਭ ਹੈ, ਉਥੇ ਮੌਤ ਹੈ ਜਿਥੇ ਖਿਮਾ ਹੈ ਉਥੇ (ਵਾਹਿਗੁਰੂ) ਆਪ (ਵਸਦਾ) ਹੈ ॥੧੫੫॥

**ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥**

ਕਬੀਰ (ਜੀ ਆਖਦੇ ਹਨ) ਜੇ ਹੰਕਾਰ ਨਹੀਂ ਛਡਿਆ ਤਾਂ ਮਾਇਆ ਦੇ ਛਡਿਆਂ ਕੀ ਹੋਣਾ ਹੈ ?

**ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥**

ਹੰਕਾਰ ਵਿਚ ਹੀ ਵਡੇ ਵਡੇ ਮੁਨੀ ਗਲ ਗਏ ਹਨ, ਹੰਕਾਰ ਹੀ ਸਾਰਿਆਂ ਨੂੰ ਨਾਸ ਕਰਦਾ ਹੈ ॥੧੫੬॥

**ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥**

ਕਬੀਰ (ਜੀ ਆਖਦੇ ਹਨ) ਮੈਨੂੰ ਸਚਾ ਸਤਿਗੁਰੂ ਮਿਲਿਆ ਹੈ, ਜੋ (ਉਸ ਨੇ) ਸ਼ਬਦ ਦਾ ਇਕ (ਤੀਰ) ਮਾਰਿਆ ਹੈ।

**ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ ॥੧੫੭॥**

(ਉਸਦੇ) ਲਗਦਿਆਂ ਹੀ ਜ਼ਮੀਨ ਤੇ ਡਿਗ ਪਿਆ ਹਾਂ ਅਤੇ ਕਲੇਜੇ ਵਿਚ ਛੇਕ ਪੈ ਗਿਆ ਹੈ ॥੧੫੭॥

**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥**

ਕਬੀਰ, (ਜੀ ਆਖਦੇ ਹਨ) ਜੇ ਸਿੱਖਾਂ ਵਿਚ ਹੀ ਭੁਲ ਹੋਵੇ ਤਾਂ ਸੱਚਾ ਸਤਿਗੁਰੂ ਕੀ ਕਰ ਸਕੇਗਾ ?

**ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥**

ਅੰਨ੍ਹੇ (ਸਿੱਖ ਨੂੰ) ਇਕ (ਗੱਲ) ਭੀ ਨਹੀਂ ਪੋਂਹਦੀ. ਜਿਵੇਂ ਵਾਂਸ ਵਿਚ ਫੂਕ ਮਾਰੀਏ (ਤਾਂ ਉਸ ਨੂੰ ਨਹੀਂ ਪੋਹ ਸਕਦੀ ॥੧੫੮॥

**ਕਬੀਰ ਹੈ ਗੈ ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ ॥**

ਕਬੀਰ (ਜੀ ਆਖਦੇ ਹਨ, ਜਿਸ ਕੋਲ) ਘੋੜੇ ਹਾਥੀ (ਆਦਿਕ) ਬੇਅੰਤ ਹੀ ਅਸਵਾਰੀਆਂ (ਹਨ, ਉਸ) ਚਕ੍ਰਵਰਤੀ ਰਾਜੇ ਦੀ ਇਸਤ੍ਰੀ।

Sri Satguru Jagjit Singh Ji eLibrary NamdhariElibrary@gmail.com

**ਤਾਸੁ ਪਟੰਤਰ ਨਾ ਪੁਜੈ ਹਰਿ ਜਨ ਕੀ ਪਨਿਹਾਰਿ ॥੧੫੯॥**

ਉਸ (ਇਸਤ੍ਰੀ ਦੀ) [ਪਟੰਤਰ] ਬਰਾਬਰੀ ਨਹੀਂ ਕਰ ਸਕਦੀ, ਜੋ ਭਗਤਾਂ ਦਾ ਪਾਣੀ ਭਰਨ ਵਾਲੀ ਹੈ ॥੧੫੯॥

**ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ ॥**

ਹੇ ਕਬੀਰ! (ਤੂੰ) ਰਾਜੇ ਦੀ ਇਸਤ੍ਰੀ ਦੀ (ਨਿੰਦਾ ਕਿਉਂ ਕੀਤੀ ਹੈ ?) ਅਤੇ ਹਰਿ (ਜਨਾਂ ਦੀ) ਦਾਸੀ ਨੂੰ ਆਦਰ ਕਿਉਂ (ਦਿੱਤਾ ਹੈ ?)।

**ਓਹ ਮਾਂਗ ਸਵਾਰੇ ਬਿਖੈ ਕਉ ਓਹ ਸਿਮਰੈ ਹਰਿ ਨਾਮੁ ॥੧੬੦॥**

ਓਹ (ਰਾਨੀ ਤਾਂ) ਵਿਸ਼ੇ ਲਈ [ਮਾਂਗ] ਪਟੀਆਂ ਸਵਾਰਦੀ (ਸ਼ਿੰਗਾਰ ਕਰਦੀ) ਹੈ, ਅਤੇ ਉਹ (ਦਾਸੀ) ਹਰਿ ਨਾਮ ਜਪਦੀ ਹੈ ॥੧੬੦॥

**ਕਬੀਰ ਥੂਨੀ ਪਾਈ ਥਿਤਿ ਭਈ ਸਤਿਗੁਰ ਬੰਧੀ ਧੀਰ ॥**

ਕਬੀਰ (ਜੀ ਆਖਦੇ ਹਨ, ਸਿਖਿਆ ਰੂਪ) ਥੰਮ੍ਹੀ ਮਿਲੀ, (ਤਾਂ ਮਨ) ਟਿਕ ਗਿਆ (ਏਹ) ਧੀਰਜ ਸਤਿਗੁਰਾਂ ਨੇ ਬੰਨ੍ਹਾਇਆ ਹੈ।

**ਕਬੀਰ ਹੀਰਾ ਬਨਜਿਆ ਮਾਨ ਸਰੋਵਰ ਤੀਰ ॥੧੬੧॥**

(ਸਤਿਸੰਗ ਰੂਪ) ਮਾਨ ਸਰੋਵਰ ਦੇ ਕਿਨਾਰੇ (ਤੋਂ) ਕਬੀਰ ਪਰਮਾਤਮਾ (ਦਾ ਨਾਮ ਰੂਪ) ਹੀਰਾ ਖਰੀਦਿਆ ਹੈ ॥੧੬੧॥

SIKHBOOKCLUB.COM

**ਕਬੀਰ ਹਰਿ ਹੀਰਾ ਜਨ ਜਉਹਰੀ ਲੇ ਕੈ ਮਾਂਡੈ ਹਾਟ ॥**

ਕਬੀਰ (ਜੀ ਆਖਦੇ ਹਨ) ਹਰਿ (ਨਾਮ) ਹੀਰਾ ਹੈ, ਭਗਤ ਜੌਹਰੀ ਹਨ, (ਜੋ ਹਰਿ ਨਾਮ ਰੂਪ ਹੀਰਾ) ਲੈ ਕੇ (ਆਪਣੇ ਹਿਰਦੇ ਰੂਪ) ਹੱਟ (ਨੂੰ) [ਮਾਂਡੈ] ਸਜਾਉਂਦੇ ਹਨ।

**ਜਬ ਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ ॥੧੬੨॥**

ਜਦੋਂ (ਕੋਈ ਜਗਯਾਸੂ ਰੂਪ) ਪਾਰਖੂ ਮਿਲ ਜਾਂਦਾ ਹੈ, ਓਦੋਂ ਹੀ ਹੀਰੇ ਦਾ ਵੱਟਾ-ਸੱਟਾ ਹੋ (ਮੁੱਲ ਪੈ) ਜਾਂਦਾ ਹੈ ॥੧੬੨॥

**ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ ॥**

ਕਬੀਰ (ਜੀ ਆਖਦੇ ਹਨ) ਕੰਮ ਦੇ ਪਿਆਂ (ਜਿਸ ਤਰ੍ਹਾਂ) ਹਰੀ ਦਾ ਭਜਨ ਕਰੀਦਾ ਹੈ, ਇਸ ਤਰ੍ਹਾਂ ਸਦਾ ਹੀ ਭਜਨ ਕਰੋ।

**ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ ॥੧੬੩॥**

(ਤਦ ਤੁਹਾਡਾ) ਅਮਰਪੁਰੀ ਵਿਚ ਵਸੇਬਾ ਹੋ ਜਾਏਗਾ ਤੇ ਹਰੀ ਤੁਹਾਡਾ ਗਿਆਂ [ਬਿਤ] ਧਨ ਭੀ ਮੁੜਾ ਦੇਵੇਗਾ ॥੧੬੩॥

**ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥**

ਕਬੀਰ (ਜੀ ਆਖਦੇ ਹਨ) ਸੇਵਾ (ਕਰਨ) ਨੂੰ ਦੋ ਚੰਗੇ ਹਨ, ਇਕ ਸੰਤ ਤੇ ਦੂਜਾ ਰਾਮ।

**ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥੧੬੪॥**

ਰਾਮ ਮੁਕਤਿ (ਕਰ) ਦੇਂਦਾ ਹੈ, ਅਤੇ ਸੰਤ ਨਾਮ ਜਪਵਾਂਦਾ ਹੈ ॥੧੬੪॥

**ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ ॥**

ਕਬੀਰ (ਜੀ ਆਖਦੇ ਹਨ) ਜਿਸ ਰਸਤੇ ਪੰਡਤ ਗਏ ਹਨ, (ਉਨ੍ਹਾਂ ਦੇ) ਮਗਰ ਹੀ ਵਹੀਰ ਪੈ ਗਈ ਹੈ।

**ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ ॥੧੬੫॥**

ਰਾਮ (ਦੇ ਨਾਮ) ਦੀ (ਜੋ) ਇਕ ਔਖੀ ਘਾਟੀ ਹੈ, ਉਸ ਉਤੇ ਕਬੀਰ ਚੜ੍ਹ ਰਿਹਾ ਹੈ ॥੧੬੫॥

**ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ ॥**

ਕਬੀਰ (ਜੀ ਆਖਦੇ ਹਨ) ਕੁਲ ਦੀ ਕਾਨ (ਰਖਣ ਲਈ, ਕੁਲ ਰੀਤ ਉਤੇ) ਚਲਦਿਆਂ ਦੁਨੀਆਂ ਦੇ ਦੋਖਾਂ ਵਿਚ ਹੀ ਮਰ ਗਿਆ।

**ਤਬ ਕੁਲੁ ਕਿਸ ਕਾ ਲਾਜਸੀ ਜਬ ਲੇ ਧਰਹਿ ਮਸਾਨਿ ॥੧੬੬॥**

ਜਦੋਂ ਮਸਾਣਾਂ ਵਿਚ ਜਾ ਰਖਣਗੇ, ਓਦੋਂ ਕਿਸ ਦੀ ਕੁਲ ਨੂੰ ਲਾਜ ਲਗੇਗੀ?

**ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ ॥**

ਕਬੀਰ (ਜੀ ਆਖਦੇ ਹਨ) ਹੇ ਵਿਚਾਰੇ! ਤੂੰ ਬਹੁਤ ਲੋਕਾਂ ਦੀ ਮੁਥਾਜੀ (ਕਰਦਾ ਹੀ) ਡੁਬ ਜਾਵੇਂਗਾ।

**ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ ॥੧੬੭॥**

ਗਵਾਂਢੀ ਦੇ (ਘਰ) ਜੋ ਹੋਇਆ ਹੈ, ਤੂੰ ਆਪਣੇ (ਨਾਲ) ਭੀ (ਓਹੀ ਹੋਇਆ) ਜਾਣ ਲੈ ॥੧੬੭॥

**ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ ॥**

ਕਬੀਰ (ਜੀ ਆਖਦੇ ਹਨ) ਮੰਗ ਦੀ ਰੋਟੀ ਚੰਗੀ ਹੈ, ਜਿਸ ਵਿਚ ਅਨੇਕ ਤਰ੍ਹਾਂ ਦਾ ਅੰਨ ਹੈ।

**ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ ॥੧੬੮॥**

ਕਿਸੇ ਦਾ ਕੋਈ ਭੀ ਨਹੀਂ ਹੈ, ਦੇਸ਼ ਭੀ ਵੱਡਾ ਹੈ, ਅਤੇ ਰਾਜਾ ਭੀ ਵੱਡਾ ਹੈ ॥੧੬੮॥

**ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ ॥**

ਕਬੀਰ (ਜੀ ਆਖਦੇ ਹਨ) ਦਾਵਾ (ਬੰਨ੍ਹਿਆਂ) ਸੜਨਾ ਹੁੰਦਾ ਹੈ, ਅਤੇ ਦਾਵੇ ਤੋਂ ਬਿਨਾਂ (ਬੰਦਾ) ਨਿਚਿੰਦ ਰਹਿੰਦਾ ਹੈ।

**ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥੧੬੯॥**

ਜੋ ਪੁਰਸ਼ ਦਾਵੇ ਤੋਂ ਬਿਨਾਂ ਰਹਿੰਦਾ ਹੈ, ਉਹ ਇੰਦਰ ਵਰਗੇ ਰਾਜੇ ਨੂੰ ਭੀ ਕੰਗਾਲ ਜਾਣਦਾ ਹੈ ॥੧੬੯॥

**ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ ॥**

ਕਬੀਰ (ਜੀ ਆਖਦੇ ਹਨ, ਬ੍ਰਹਮ ਰੂਪ) ਭਰਿਆ ਹੋਇਆ ਸਰੋਵਰ (ਹੰਗਤਾ ਦੇ) [ਪਾਲਿ] ਪੜਦੇ (ਵਿਚ

ਹੈ, ਇਸ ਲਈ ਉਸ ਦੇ ਅਨੰਦ ਰੂਪ) ਜਲ ਨੂੰ ਕੋਈ ਪੀ ਨਹੀਂ ਸਕਦਾ।

**ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ ॥੧੭੦॥**

ਹੇ ਕਬੀਰ! ਵੱਡੇ ਭਾਗਾਂ (ਦੇ ਪ੍ਰਤਾਪ ਕਰਕੇ ਉਹ ਸਰੋਵਰ) ਤੈਨੂੰ ਮਿਲਿਆ ਹੈ, ਤੂੰ ਬੁਕ ਭਰ ਭਰ ਕੇ ਪੀ ਲੈ ॥੧੭੦॥

**ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ ॥**

ਕਬੀਰ (ਜੀ ਆਖਦੇ ਹਨ ਜਿਵੇਂ) ਸਵੇਰੇ ਤਾਰੇ ਮਿਟ ਜਾਂਦੇ ਹਨ, ਇਵੇਂ ਹੀ ਇਹ ਸਰੀਰ (ਇਕ ਦਿਨ) ਮਿਟ ਜਾਵੇਗਾ।

**ਏ ਦੁਇ ਅਖਰ ਨਾ ਖਿਸਹਿ ਸੋ ਗਹਿ ਰਹਿਓ ਕਬੀਰੁ ॥੧੭੧॥**

(ਰਾ×ਮ) ਇਹ ਦੋ ਅੱਖਰ ਨਾਸ ਨਹੀਂ ਹੋਣਗੇ, ਉਨ੍ਹਾਂ ਨੂੰ ਕਬੀਰ ਨੇ ਫੜ ਰਖਿਆ ਹੈ ॥੧੭੧॥

**ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ ॥**

ਕਬੀਰ (ਜੀ ਆਖਦੇ ਹਨ, ਸਰੀਰ ਰੂਪ) ਕਾਠ ਦੀ ਕੋਠੀ ਦੇ ਦੁਆਲੇ (ਹੰਕਾਰ ਦੀ) ਅੱਗ ਲਗੀ ਹੋਈ ਹੈ।

**ਪੰਡਿਤ ਪੰਡਿਤ ਜਲਿ ਮੂਏ ਮੂਰਖ ਉਬਰੇ ਭਾਗਿ ॥੧੭੨॥**

ਪੰਡਤ ਪੰਡਤ (ਤਾਂ ਇਸ ਅੱਗ ਵਿਚ) ਸੜ ਮੋਏ ਹਨ, ਅਤੇ ਮੂਰਖ ਭੱਜ ਕੇ ਬਚ ਗਏ ਹਨ ॥੧੭੨॥

SIKHBOOKCLUB.COM

**ਕਬੀਰ ਸੰਸਾ ਦੂਰਿ ਕਰੁ ਕਾਗਦ ਦੇਹ ਬਿਹਾਇ ॥**

ਕਬੀਰ (ਜੀ ਆਖਦੇ ਹਨ) ਭਰਮ ਛੱਡ ਦੇਵੋ (ਅਤੇ ਭਰਮ ਪਾਉਣ ਵਾਲੇ) ਪੁਸਤਕਾਂ ਨੂੰ ਰੋੜ੍ਹ ਦੇਵੋ।

**ਬਾਵਨ ਅਖਰ ਸੋਧਿ ਕੈ ਹਰਿ ਚਰਨੀ ਚਿਤੁ ਲਾਇ ॥੧੭੩॥**

ਬਵੰਜਾ ਅੱਖਰਾਂ ਦੀ ਚੰਗੀ ਤਰ੍ਹਾਂ ਵਿਚਾਰ ਕਰਕੇ ਹਰੀ ਦੇ ਚਰਨਾਂ ਨਾਲ ਮਨ ਲਾਓ ॥੧੭੩॥

**ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥**

ਕਬੀਰ (ਜੀ ਆਖਦੇ ਹਨ) ਜੇਕਰ ਕਰੋੜਾਂ ਮੰਦ ਕਰਮੀਆਂ ਦਾ ਮੇਲ ਹੋ ਜਾਵੇ ਤਾਂ ਭੀ ਸੰਤ (ਆਪਣਾ) ਸੰਤਪੁਨਾ ਨਹੀਂ ਛਡਦੇ।

**ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪॥**

(ਜਿਵੇਂ) [ਮਲਿਆਗਰੁ] ਚੰਦਨ ਦਾ ਦਰਖਤ [ਭੁਯੰਗਮ] ਸੱਪਾਂ ਨਾਲ ਘਿਰਿਆ ਹੋਇਆ ਭੀ (ਆਪਣੀ) ਠੰਢਕ ਨਹੀਂ ਛਡਦਾ ॥੧੭੪॥

**ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ ॥**

ਕਬੀਰ (ਜੀ ਆਖਦੇ ਹਨ) ਬ੍ਰਹਮ ਗਿਆਨ ਪਾ ਕੇ ਮਨ ਠੰਢਾ ਹੋ ਗਿਆ ਹੈ।

**ਜਿਨਿ ਜੁਆਲਾ ਜਗੁ ਜਾਰਿਆ ਸੁ ਜਨ ਕੇ ਉਦਕ ਸਮਾਨਿ ॥੧੭੫॥**

ਜਿਸ (ਮਾਇਆ) ਅੱਗ ਨੇ ਜਗਤ ਨੂੰ ਸਾੜ ਦਿੱਤਾ ਹੈ, ਉਹ ਦਾਸ ਦੇ (ਵਾਸਤੇ) ਪਾਣੀ ਵਰਗੀ (ਠੰਢੀ ਹੋ ਗਈ) ॥੧੭੫॥

**ਕਬੀਰ ਸਾਰੀ ਸਿਰਜਨਹਾਰ ਕੀ ਜਾਨੈ ਨਾਹੀ ਕੋਇ ॥**

ਕਬੀਰ (ਜੀ ਆਖਦੇ ਹਨ, ਇਹ ਦੁਨੀਆਂ) ਸਿਰਜਨਹਾਰ ਦੀ (ਸਾਰੀ) ਬਣਾਈ ਹੋਈ ਹੈ, (ਪਰ ਇਸ ਗੱਲ ਨੂੰ) ਕੋਈ ਨਹੀਂ ਜਾਣਦਾ।

**ਕੈ ਜਾਨੈ ਆਪਨ ਧਨੀ ਕੈ ਦਾਸੁ ਦੀਵਾਨੀ ਹੋਇ ॥੧੭੬॥**

ਜਾਂ ਆਪ ਮਾਲਕ ਜਾਣਦਾ ਹੈ, ਜਾਂ (ਉਹ) ਦਾਸ (ਜਾਣਦਾ ਹੈ, ਜੋ ਪ੍ਰੇਮ) ਕਰਕੇ ਮਸਤਾਨਾ ਹੋਇਆ ਹੈ ॥੧੭੬॥

**ਕਬੀਰ ਭਲੀ ਭਈ ਜੋ ਭਉ ਪਰਿਆ ਦਿਸਾ ਗਈਂ ਸਭ ਭੂਲਿ ॥**

ਕਬੀਰ (ਜੀ ਆਖਦੇ ਹਨ) ਚੰਗਾ ਹੋਇਆ, ਜੋ ਡਰ ਪੈਦਾ ਹੋ ਗਿਆ, ਜਿਸ ਕਰਕੇ ਸਾਰੀ ਸੁਧਿ ਬੁਧਿ ਭੁਲ ਗਈ ਹੈ।

**ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ ॥੧੭੭॥**

(ਜੀਵ ਰੂਪ) [ਓਰਾ] ਗੜਾ ਗਲ ਕੇ ਪਾਣੀ ਹੋ ਗਿਆ ਹੈ, ਅਤੇ [ਢਲਿ] ਰੁੜ੍ਹ ਕੇ (ਬ੍ਰਹਮ ਰੂਪ) [ਕੂਲਿ] ਨਦੀ ਵਿਚ ਜਾ ਮਿਲਿਆ ਹੈ ॥੧੭੭॥

**ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ ॥**

ਕਬੀਰ (ਜੀ ਆਖਦੇ ਹਨ) ਮਿੱਟੀ 'ਕੱਠੀ ਕਰਕੇ ਦੇਹ (ਰੂਪ) ਪੁੜੀਆਂ ਬੰਨ੍ਹੀਆਂ ਹਨ।

**ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ ॥੧੭੮॥**

(ਇਹ ਤਾਂ) ਚਾਰ ਦਿਨ ਦੀ [ਪੇਖਨਾ] ਖੇਡ ਹੈ, ਅੰਤ ਨੂੰ ਮਿੱਟੀ ਦੀ ਮਿੱਟੀ (ਹੋ ਜਾਵੇਗੀ) ॥੧੭੮॥

**ਕਬੀਰ ਸੂਰਜ ਚਾਂਦ ਕੈ ਉਦੈ ਭਈ ਸਭ ਦੇਹ ॥**

ਕਬੀਰ (ਜੀ ਆਖਦੇ ਹਨ, ਸੂਰਜ ਤੇ ਚੰਦ ਦੇ ਚੜ੍ਹਦਿਆਂ ਹੀ ਸਭ ਦੇਹਾਂ ਪ੍ਰਗਟ ਹੋਈਆਂ ਹਨ।

**ਗੁਰ ਗੋਬਿੰਦ ਕੇ ਬਿਨੁ ਮਿਲੇ ਪਲਟਿ ਭਈ ਸਭ ਖੇਹ ॥੧੭੯॥**

ਗੁਰੂ ਤੇ ਗੋਬਿੰਦ ਦੇ ਮਿਲੇ ਤੋਂ ਬਿਨਾਂ ਮੁੜ ਸਭ ਮਿੱਟੀ ਹੋ ਜਾਣਗੀਆਂ ॥੧੭੯॥

**ਜਹ ਅਨਭਉ ਤਹ ਭੈ ਨਹੀ ਜਹ ਭਉ ਤਹ ਹਰਿ ਨਾਹਿ ॥**

ਜਿਥੇ ਗਿਆਨ ਹੈ, ਉਥੇ ਡਰ ਨਹੀਂ ਹੈ, ਜਿਥੇ ਡਰ ਹੈ, ਉਥੇ ਹਰੀ (ਦਾ ਪ੍ਰਕਾਸ਼) ਨਹੀਂ ਹੈ।

**ਕਹਿਓ ਕਬੀਰ ਬਿਚਾਰਿ ਕੈ ਸੰਤ ਸੁਨਹੁ ਮਨ ਮਾਹਿ ॥੧੮੦॥**

ਕਬੀਰ ਨੇ ਵਿਚਾਰ ਕੇ (ਏਹ) ਆਖਿਆ ਹੈ, ਹੇ ਸੰਤੋ! ਮਨ ਦੇ ਕੇ ਸੁਣੋ ॥੧੮੦॥

**ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ ॥**

Sri Satguru Jagjit Singh Ji eLibrary NamdhariElibrary@gmail.com

ਕਬੀਰ (ਜੀ ਆਖਦੇ ਹਨ) ਜਿਨ੍ਹਾਂ ਨੇ (ਅਜੇ ਤਕ) ਕੁਝ ਨਹੀਂ ਜਾਣਿਆ, ਉਨ੍ਹਾਂ ਸੁਖ ਦੀ ਨੀਂਦ (ਵਿਚ ਸੁੱਤਿਆਂ ਰਾਤ) ਲੰਘ ਜਾਂਦੀ ਹੈ।

**ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ ॥੧੮੧॥**

ਅਸਾਂ ਜੋ [ਬੂਝਨਾ] ਗਿਆਨ ਸਮਝਿਆ ਹੈ, ਏਹੋ ਪੂਰੀ ਬਲਾ (ਰੂਪ ਫਾਹੀ ਸਾਡੇ ਗਲ) ਪੈ ਗਈ ਹੈ ॥੧੮੧॥

**ਕਬੀਰ ਮਾਰੇ ਬਹੁਤੁ ਪੁਕਾਰਿਆ ਪੀਰ ਪੁਕਾਰੈ ਅਉਰ ॥**

ਕਬੀਰ (ਜੀ ਆਖਦੇ ਹਨ, ਜਿਨ੍ਹਾਂ ਨੂੰ) ਮਾਰ (ਪਈ ਹੈ, ਉਹ) ਬਹੁਤ ਪੁਕਾਰ ਕਰਦੇ ਹਨ, ਅਤੇ ਗੁਰੂ ਆਖਦਾ ਹੈ ਹੋਰ (ਮਾਰੋ)।

**ਲਾਗੀ ਚੋਟ ਮਰੰਮ ਕੀ ਰਹਿਓ ਕਬੀਰਾ ਠਉਰ ॥੧੮੨॥**

(ਹੁਣ ਅਜੇਹੇ) ਮਰਮ (ਸਥਾਨ ਤੇ) ਸੱਟ ਵੱਜੀ ਹੈ, (ਜਿਸ ਕਰਕੇ) [ਕਬੀਰਾ] ਹੰਕਾਰ ਥਾਂ ਹੀ ਰਹਿ ਗਿਆ ਹੈ ॥੧੮੨॥

**ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ ॥**

ਕਬੀਰ (ਜੀ ਆਖਦੇ ਹਨ) [ਸੇਲ] ਬਰਛੀ ਦੀ ਸੱਟ (ਸਹਾਰਨੀ) ਸੌਖੀ ਹੈ ਜਿਸ ਦੇ ਲਗਦਿਆਂ (ਬੰਦਾ) ਸਾਹ ਤਾਂ ਲੈਂਦਾ ਹੈ।

**ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ ॥੧੮੩॥**

ਜੋ ਸ਼ਬਦ ਦੀ ਮਾਰ ਸਹਾਰਦਾ ਹੈ, ਮੈਂ ਉਸ ਗੁਰੂ ਦਾ ਸੇਵਕ ਹਾਂ ॥੧੮੩॥

**ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥**

ਕਬੀਰ (ਜੀ ਆਖਦੇ ਹਨ, ਹੇ ਮੁਲਾਂ! ਤੂੰ) ਮੁਨਾਰੇ ਉਤੇ ਕਿਉਂ ਚੜ੍ਹਦਾ ਹੈਂ? ਖੁਦਾ [ਬਹਰਾ] ਬੋਲਾ ਤਾਂ ਨਹੀਂ ਹੋ ਗਿਆ।

**ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥੧੮੪॥**

ਜਿਸ ਵਾਸਤੇ ਤੂੰ ਬਾਂਗ ਦੇਂਦਾ ਹੈਂ; (ਉਸ ਨੂੰ) ਦਿਲ ਵਿਚ [ਜੋਇ] ਵੇਖ ਲੈ ॥੧੮੪॥

**ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ ॥**

ਹੇ ਸਬਰ ਤੋਂ ਹੀਨੇ ਸ਼ੇਖ! ਮੱਕੇ ਦੀ ਹੱਜ ਗਿਆਂ ਕੀ ਹੋਣਾ ਹੈ?

**ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ ॥੧੮੫॥**

ਕਬੀਰ (ਜੀ ਆਖਦੇ ਹਨ) ਜਿਸ ਦੇ ਮਨ ਵਿਚ ਸੰਤੋਖ ਨਹੀਂ, ਉਸ ਨੂੰ ਖੁਦਾ ਕਿਥੇ?

**ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥**

ਕਬੀਰ (ਜੀ ਆਖਦੇ ਹਨ) ਰੱਬ ਦੀ ਭਗਤੀ ਕਰੋ, ਜਿਸ ਦੇ ਯਾਦ ਕੀਤਿਆਂ ਦੁਖ ਚਲਾ ਜਾਂਦਾ ਹੈ।

**ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ ॥੧੮੬॥**

(ਉਸੇ ਦੇ) ਨਾਮ (ਦੇ ਪ੍ਰਤਾਪ ਕਰਕੇ) ਅੱਗ ਬੁਝ ਜਾਂਦੀ ਹੈ, ਅਤੇ ਦਿਲ ਵਿਚ ਮਾਲਕ ਪ੍ਰਗਟ ਹੋ ਜਾਂਦਾ ਹੈ ॥੧੮੬॥

**ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ ॥**

ਕਬੀਰ (ਜੀ ਆਖਦੇ ਹਨ) ਜ਼ੋਰ ਨਾਲ ਕੀਤੇ (ਗਏ ਕੰਮ ਦਾ ਨਾਮ) ਜ਼ੁਲਮ ਹੈ, (ਮੁੱਲਾਂ ਇਸੇ ਦਾ) ਨਾਮ ਹਲਾਲ ਆਖਦਾ ਹੈ ।

**ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ ॥੧੮੭॥**

(ਜਦੋਂ ਰੱਬ ਦੇ) ਦਫਤਰ ਵਿਚ ਲੇਖਾ ਮੰਗਿਆ ਜਾਵੇਗਾ, ਓਦੋਂ (ਇਸ ਦਾ) ਕੀ ਹਾਲ ਹੋਵੇਗਾ ? ॥੧੮੭॥

**ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥**

ਕਬੀਰ (ਜੀ ਆਖਦੇ ਹਨ) ਖਿਚੜੀ ਦਾ ਖਾਣਾ ਚੰਗਾ ਹੈ, ਜਿਸ ਵਿਚ ਅੰਮ੍ਰਿਤ ਵਰਗਾ ਲੂਣ ਹੈ।

**ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥**

[ਹੇਰਾ] ਮਾਸ ਦੇ ਖਾਣੇ ਲਈ ਕੌਣ ਪਿਆ ਖ਼ੂਨ ਕਰਾਵੇ ? ॥੧੮੮॥

**ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ ॥**

ਕਬੀਰ (ਜੀ ਆਖਦੇ ਹਨ) ਗੁਰੂ ਦਾ ਮੇਲ ਹੋਇਆ ਓਦੋਂ ਸਮਝੀਏ, (ਜਦੋਂ) ਮੋਹ (ਤੇ) ਸਰੀਰ ਨੂੰ ਸਾੜਨ (ਵਾਲੀ ਤ੍ਰਿਸ਼ਨਾ ਰੂਪ ਅੱਗ) ਮਿਟ ਜਾਵੇ ।

**ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪਿ ॥੧੮੯॥**

ਸ਼ਾਦੀ ਤੇ ਗਮੀ (ਭੀ ਸਰੀਰ ਨੂੰ ਦੁੱਖ) ਨਾ ਦੇਵੇ, ਤਦੋਂ ਹਰੀ ਆਪੇ ਹੀ ਆਪਣੇ (ਨਾਲ ਮੇਲ ਲਵੇਗਾ) ॥੧੮੯॥

**ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥**

ਕਬੀਰ (ਜੀ ਆਖਦੇ ਹਨ) ਰਾਮ-ਰਾਮ ਆਖਣ ਵਿਚ ਫਰਕ ਹੈ, ਅਤੇ ਉਸ ਵਿਚ ਇਕ ਵਿਚਾਰ ਹੈ।

**ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥੧੯੦॥**

ਓਹੀ ਰਾਮ-ਰਾਮ ਸਾਰੇ (ਭਗਤ) ਆਖਦੇ ਹਨ, ਅਤੇ ਓਹੀ (ਰਾਮ-ਰਾਮ) [ਕਉਤਕਹਾਰ] ਤਮਾਸ਼ਾ ਕਰਨ ਵਾਲੇ (ਆਖਦੇ ਹਨ) ॥੧੯੦॥

**ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ ॥**

ਕਬੀਰ (ਜੀ ਆਖਦੇ ਹਨ) ਰਾਮ ਰਾਮ ਆਖੋ, ਪਰ ਆਖਣ ਵਿਚ ਵਿਚਾਰ ਯੋਗ (ਏਹ) ਗੱਲ ਚੇਤੇ ਰੱਖੋ)—

**ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ ॥੧੯੧॥**

ਇਕ (ਰਾਮ ਤਾਂ) ਅਨੇਕਾਂ (ਦੇਹਾਂ ਵਿਚ) ਮਿਲਿਆ ਹੋਇਆ ਹੈ, ਅਤੇ ਇਕ (ਰਾਮ) ਇਕ (ਦੇਹ ਵਿਚ)

ਸਮਾਇਆ ਹੈ, (ਅਰਥਾਤ ਦਸਰਥ ਦਾ ਪੁਤਰ ਰਾਮ ਇਕੋ ਦੇਹ ਵਿਚ ਹੈ, ਇਸ ਲਈ ਉਸ ਦੀ ਮਨੌਤ ਛਡ ਕੇ ਵਿਆਪਕ ਰਾਮ ਦੀ ਮਨੌਤ ਕਰੋ) ॥੧੯੧॥

**ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥**

ਕਬੀਰ (ਜੀ ਆਖਦੇ ਹਨ) ਜਿਸ ਘਰ ਵਿਚ ਸੰਤ ਦੀ ਸੇਵਾ ਨਹੀਂ ਹੁੰਦੀ, ਅਤੇ ਹਰੀ ਦੀ ਪੂਜਾ ਭੀ ਨਹੀਂ ਹੁੰਦੀ।

**ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥੧੯੨॥**

ਉਹ ਘਰ ਮਸਾਣਾਂ ਦੇ ਬਰਾਬਰ ਹੈ ਅਤੇ ਉਸ ਵਿਚ ਵਸਨ ਵਾਲੇ ਜੀਵ ਭੂਤ ਹਨ ॥੧੯੨॥

**ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ ॥**

ਕਬੀਰ (ਜੀ ਆਖਦੇ ਹਨ, ਉਹ ਸੰਸਾਰਕ ਗੱਲਾਂ ਵਲੋਂ) ਗੂੰਗਾ ਹੋ ਗਿਆ ਹੈ, (ਜਗਤ ਦੇ ਵਿਹਾਰਾਂ ਵਲੋਂ) ਬੌਰਾ (ਹੋ ਗਿਆ ਹੈ, ਅਤੇ ਉਸਤਤਿ ਨਿੰਦਾ ਸੁਣਨ ਵਲੋਂ) ਕੰਨਾਂ ਤੋਂ ਬੋਲਾ ਹੋ ਗਿਆ ਹੈ।

**ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ ॥੧੯੩॥**

(ਕੁਸੰਗਤ ਵਿਚ ਜਾਣ ਵਲੋਂ) ਪੈਰਾਂ ਤੋਂ ਪਿੰਗਲਾ ਹੋ ਗਿਆ ਹੈ, (ਜਿਸ ਨੂੰ) ਸਤਿਗੁਰਾਂ (ਨੇ ਉਪਦੇਸ਼ ਦਾ) ਤੀਰ ਮਾਰਿਆ ਹੈ ॥੧੯੩॥

**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥**

ਕਬੀਰ (ਜੀ ਆਖਦੇ ਹਨ) ਸਤਿਗੁਰੂ ਸੂਰਮੇ (ਨੇ ਉਪਦੇਸ਼ ਰੂਪ) ਜੋ ਇਕ ਤੀਰ ਮਾਰਿਆ ਹੈ।

**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥੧੯੪॥**

(ਉਸ ਦੇ) ਲਗਦਿਆਂ ਹੀ (ਜਗਯਾਸੂ ਦਾ ਮਨ) ਜ਼ਮੀਨ ਤੇ ਡਿਗ ਪਿਆ ਹੈ, ਅਤੇ ਕਲੇਜੇ ਵਿਚ ਛੇਕ ਪੈ ਗਿਆ ਹੈ ॥੧੯੪॥

**ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ ॥**

ਕਬੀਰ (ਜੀ ਆਖਦੇ ਹਨ, ਗੁਰੂ ਰੂਪ) ਅਕਾਸ਼ ਦੀ (ਉਪਦੇਸ਼ ਰੂਪ) ਨਿਰਮਲ ਬੂੰਦ (ਅਨਅੰਧਕਾਰੀ ਰੂਪ) [ਬੇਕਾਰ] ਨਿਕੰਮੀ ਜ਼ਮੀਨ ਵਿਚ ਪੈ ਗਈ ਹੈ।

**ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥੧੯੫॥**

(ਸੰਗਤ ਤੋਂ ਬਿਨਾਂ) ਹੋਣ ਕਰਕੇ ਇਉਂ ਜਾਣੋ ਜੋ ਭੱਠ (ਵਿਚ ਪੈ ਕੇ) ਸਵਾਹ ਹੋ ਗਈ ਹੈ ॥੧੯੫॥

**ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥**

ਕਬੀਰ (ਜੀ ਆਖਦੇ ਹਨ ਗੁਰੂ ਰੂਪ) ਅਕਾਸ਼ ਦੀ (ਉਪਦੇਸ਼ ਰੂਪ) ਨਿਰਮਲ ਬੂੰਦ (ਨੂੰ ਜਗਯਾਸੂ ਰੂਪ) ਜ਼ਮੀਨ (ਨੇ ਆਪਣੇ ਵਿਚ) ਮਿਲਾ ਲਿਆ ਹੈ।

**ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥੧੯੬॥**

ਅਨੇਕਾਂ ਸਿਆਣੇ ਥੱਕ ਗਏ ਹਨ, (ਉਹ ਬੂੰਦ ਆਪਣਾ ਰੰਗ ਦਿਖਾਏ ਤੋਂ ਬਿਨਾਂ) ਰੁਕ ਨਹੀਂ ਸਕੀ

॥੧੯੬॥

**ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥**

ਕਬੀਰ (ਜੀ ਆਖਦੇ ਹਨ) ਮੈਂ ਮੱਕੇ ਹੱਜ (ਕਰਨ) ਜਾਂਦਾ ਹਾਂ, ਅੱਗੋਂ ਖੁਦਾ ਮਿਲ ਪਿਆ।

**ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ ॥੧੯੭॥**

ਰੱਬ ਮੇਰੇ ਨਾਲ ਲੜ ਪਿਆ (ਕਹਿਣ ਲਗਾ ਤੈਨੂੰ ਇਹ [ਗਾਇ] ਜਗ੍ਹਾ ਕਿਸ ਨੇ ਦੱਸੀ ਹੈ (ਕਿ ਰੱਬ ਮੱਕੇ ਵਿਚ ਰਹਿੰਦਾ ਹੈ ?) ॥੧੯੭॥

**ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ ॥**

ਕਬੀਰ (ਜੀ ਆਖਦੇ ਹਨ) [ਕਬੀਰ] ਨਿਰੰਕਾਰ (ਨੂੰ ਮਿਲਣ ਲਈ ਅੱਗੇ) ਕਿੰਨੀ ਵੇਰ ਮੱਕੇ ਦਾ ਹੱਜ ਕਰ ਗਿਆ ਸਾਂ।

**ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ ॥੧੯੮॥**

ਹੇ ਰੱਬਾ! ਮੇਰੇ ਵਿਚ ਕੀ ਗੁਨਾਹ ਹੈ, ਪਰ ਮੂੰਹੋਂ (ਕਿਉਂ) ਨਹੀਂ ਬੋਲਦਾ ? ॥੧੯੮॥

**ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥**

ਕਬੀਰ (ਜੀ ਆਖਦੇ ਹਨ) ਜੋ (ਲੋਕ) ਜ਼ੋਰ ਕਰਕੇ ਜੀਵਾਂ ਨੂੰ ਮਾਰਦੇ ਹਨ, ਅਤੇ (ਉਸ ਨੂੰ) ਹਲਾਲ ਆਖਦੇ ਹਨ।

SIKHBOOKCLUB.COM

**ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥੧੯੯॥**

ਜਦੋਂ (ਉਨ੍ਹਾਂ ਕੋਲੋਂ ਲੇਖਾ ਲੈਣ ਲਈ) [ਦਈ=ਪ੍ਰੇਰਕ] ਰੱਬ [ਦਫਤਰੁ] ਵਹੀ ਕਢੇਗਾ, (ਓਦੋਂ ਉਨ੍ਹਾਂ ਦਾ) ਕੀ ਹਾਲ ਹੋਵੇਗਾ ? ॥੧੯੯॥

**ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥**

ਕਬੀਰ (ਜੀ ਆਖਦੇ ਹਨ, ਜੋ ਕੰਮ) ਜ਼ੋਰ (ਨਾਲ) ਕੀਤਾ ਹੈ, ਉਹ ਜ਼ੁਲਮ ਹੈ, (ਇਸ ਦਾ) ਜਵਾਬ ਰੱਬ ਮੰਗੇਗਾ।

**ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥੨੦੦॥**

(ਜਦ) ਹਿਸਾਬ ਵਾਲਾ ਰਜਿਸਟਰ ਨਿਕਲਿਆ (ਤਾਂ ਜ਼ੁਲਮ ਕਰਨ ਵਾਲਾ) ਮੂੰਹੋਂ ਮੂੰਹ ਮਾਰ ਖਾਵੇਗਾ ॥੨੦੦॥

**ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ ॥**

ਕਬੀਰ (ਜੀ ਆਖਦੇ ਹਨ) ਜੇ ਦਿਲ ਸਾਫ ਹੋਵੇ, ਤਾਂ ਲੇਖਾ ਦੇਣਾ ਸੌਖਾ ਹੈ।

**ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥੨੦੧॥**

ਉਸ ਸੱਚੇ ਦਰਬਾਰ ਵਿਚ (ਫਿਰ) ਕੋਈ ਭੀ ਪੱਲਾ ਨਹੀਂ ਫੜੇਗਾ ॥੨੦੧॥

**ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰ ਬਰੀ ਅਬਧ ॥**

ਕਬੀਰ (ਜੀ ਆਖਦੇ ਹਨ—ਹੇ) ਦਵੈਤ ! ਧਰਤੀ ਤੇ ਅਕਾਸ਼ ਵਿਚ ਬੜੀ ਮੁਸ਼ਕਲ ਨਾਲ ਮਰਨ ਵਾਲੀ ਹੈਂ ।

**ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ ॥੨੦੨॥**

(ਤੇਰੇ ਪ੍ਰਤਾਪ ਕਰਕੇ) ਛੇ ਦਰਸ਼ਨ ਸਾਂਖ, ਯੋਗ, ਨਜਾਯ, ਵਿਸੇਖਕ, ਪੂਰਬ ਤੇ ਉਤਰ ਮੀਮਾਂਸਾ) ਅਤੇ ਚੁਰਾਸੀ ਸਿੱਧ ਭਰਮ ਵਿਚ ਫਸੇ ਪਏ ਹਨ ॥੨੦੨॥

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥**

ਕਬੀਰ (ਜੀ ਆਖਦੇ ਹਨ) ਮੇਰੇ ਵਿਚ ਕੁਝ ਭੀ ਨਹੀਂ ਹੈ, ਜੋ ਕੁਝ ਭੀ ਹੈ ਉਹ ਤੇਰਾ ਹੈ ।

**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥**

(ਜਦ) ਤੇਰਾ ਤੈਨੂੰ ਹੀ ਦੇ ਦਿਤਾ, (ਤਾਂ ਫੇਰ) ਮੇਰਾ ਕੀ ਲਗਦਾ ਹੈ ? ॥੨੦੩॥

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥**

ਕਬੀਰ (ਜੀ ਆਖਦੇ ਹਨ) ਤੂੰ ਤੂੰ ਕਰਦਾ (ਮੈਂ ਭੀ) ਤੂੰ (ਦਾ ਰੂਪ) ਹੋ ਗਿਆ ਹਾਂ, ਮੇਰੇ ਵਿਚ ਮੈਂ ਹਾਂ) ਤਾਂ ਰਹੀ ਹੀ ਨਹੀਂ ।

**ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥**

ਜਦ ਤੋਂ ਆਪਣੇ ਪਰਾਏ (ਦਾ ਖਿਆਲ ਹੀ ਮਨੋਂ) ਨਿਕਲ ਗਿਆ ਹੈ, (ਤਦ ਤੋਂ) ਜਿਧਰ ਦੇਖਦਾ ਹਾਂ ਉਧਰ ਤੂੰ (ਦਿਸਦਾ ਹੈਂ) ॥੨੦੪॥

**ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ ॥**

ਕਬੀਰ (ਜੀ ਆਖਦੇ ਹਨ) ਵਿਕਾਰਾਂ ਨੂੰ ਚਿਤਵਿਆਂ ਅਤੇ ਝੂਠੀਆਂ ਆਸਾਂ ਕਰਦਿਆਂ—

**ਮਨੋਰਥੁ ਕੋਇ ਨ ਪੂਰਿਓ ਚਾਲੇ ਊਠਿ ਨਿਰਾਸ ॥੨੦੫॥**

ਕੋਈ ਮਨੋਰਥ ਪੂਰਾ ਨਹੀਂ ਹੁੰਦਾ, ਅੰਤ ਨੂੰ ਨਿਰਾਸ ਹੀ ਉਠ ਤੁਰਦੇ ਹਨ ॥੨੦੫॥

**ਕਬੀਰ ਹਰਿ ਕਾ ਸਿਮਰਨੁ ਜੋ ਕਰੈ ਸੋ ਸੁਖੀਆ ਸੰਸਾਰਿ ॥**

ਕਬੀਰ (ਜੀ ਆਖਦੇ ਹਨ) ਜੋ ਹਰੀ ਦਾ ਸਿਮਰਨ ਕਰਦਾ ਹੈ ਉਹ ਸੰਸਾਰ ਵਿਚ ਸੁਖੀ ਹੈ।

**ਇਤ ਉਤ ਕਤਹਿ ਨ ਡੋਲਈ ਜਿਸ ਰਾਖੈ ਸਿਰਜਨਹਾਰ ॥੨੦੬॥**

ਜਿਸ ਦੀ ਰਖਿਆ ਸਿਰਜਨਹਾਰ (ਕਰਦਾ ਹੈ, ਉਹ) ਇਧਰ ਉਧਰ ਕਦੇ ਭੀ ਨਹੀਂ ਡੋਲਦਾ ॥੨੦੬॥

**ਕਬੀਰ ਘਾਣੀ ਪੀੜਤੇ ਸਤਿਗੁਰ ਲੀਏ ਛਡਾਇ ॥**

ਕਬੀਰ (ਜੀ ਆਖਦੇ ਹਨ) ਘਾਣੀ ਵਿਚ ਪੀੜੇ ਜਾਣ ਲਗੇ ਸੀ ਸਤਿਗੁਰਾਂ ਨੇ ਛੁਡਾ ਲਿਆ ਹੈ ।

**ਪਰਾ ਪੂਰਬਲੀ ਭਾਵਨੀ ਪਰਗਟੁ ਹੋਈ ਆਇ ॥੨੦੭॥**

(ਮਾਲੂਮ ਹੁੰਦਾ ਹੈ ਜੋ ਕੋਈ) ਪਿਛਲੇ ਜਨਮ ਦਾ ਨਿਸਚਾ ਪ੍ਰਗਟ ਆਨ ਹੋਇਆ ਹੈ ॥੨੦੭॥

**ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ ਬਢੰਤਉ ਜਾਇ ॥**

ਕਬੀਰ (ਜੀ ਆਖਦੇ ਹਨ) ਟਾਲ-ਮਟੋਲਿਆਂ ਵਿਚ ਦਿਨ ਬੀਤ ਗਿਆ ਹੈ, ਅਤੇ ਵਿਆਜ ਵਧਦੀ ਜਾਂਦੀ ਹੈ।

**ਨਾ ਹਰਿ ਭਜਿਓ ਨ ਖਤੁ ਫਟਿਓ ਕਾਲੁ ਪਹੂੰਚੋ ਆਇ ॥੨੦੮॥**

ਹਰੀ ਨੂੰ ਜਪਿਆ ਨਹੀਂ, (ਇਸ ਲਈ) ਰੁਕਾ ਨਹੀਂ ਪਾਟਾ, ਸਮਾਂ ਨੇੜੇ ਆ ਪੁਜਾ ਹੈ ॥੨੦੮॥

**ਮਹਲਾ ੫ ॥ ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ ॥**

ਕਬੀਰ (ਜੀ ਆਖਦੇ ਹਨ, ਇਹ ਸਰੀਰ ਤਾਂ) ਭੌਂਕਣ ਵਾਲਾ ਕੁੱਤਾ (ਹੈ, ਜੋ ਪਰਾਏ ਹੱਕ ਰੂਪ) [ਕਰੰਗ] ਮੁਰਦਾਰ ਮਗਰ ਉਠ ਦੌੜਦਾ ਹੈ।

**ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ ॥੨੦੯॥**

ਬਖਸ਼ਸ਼ ਕਰਨ ਵਾਲਾ ਸਤਿਗੁਰੂ ਮਿਲ ਪਿਆ ਹੈ, ਉਸ ਨੇ ਮੈਨੂੰ ਛੁਡਾ ਲਿਆ ਹੈ ॥੨੦੯॥

**ਮਹਲਾ ੫ ॥ ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥**

ਕਬੀਰ (ਜੀ ਆਖਦੇ ਹਨ, ਬੁਧੀ ਰੂਪ) ਧਰਤੀ (ਸ਼ੁਭ ਗੁਣਾਂ ਰੂਪ) ਸਾਧਾਂ ਦੀ (ਸੀ, ਜਿਸ ਨੂੰ) ਵਿਕਾਰਾਂ ਰੂਪੀ [ਤਕਸਰ] ਚੋਰ [ਗਾਹਿ] ਦਬਾ ਬੈਠੇ ਹਨ।

SIKHBOOKCLUB.COM

**ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ ॥੨੧੦॥**

(ਜੇ) ਉਨ੍ਹਾਂ ਨੂੰ ਲਾਹੁਣ ਵਾਲੀ ਹੋ ਜਾਵੇ; ਤਾਂ ਧਰਤੀ ਨੂੰ (ਪਾਪਾਂ ਦਾ ਕੋਈ) ਭਾਰ ਨਹੀਂ ਪੋਹੇਗਾ ॥੨੧੦॥

**ਮਹਲਾ ੫ ॥ ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥**

ਹੇ ਕਬੀਰ! ਜਿਵੇਂ ਚੌਲਾਂ ਵਾਸਤੇ ਤੋਹਾਂ ਨੂੰ ਮੋਹਲ ਵਜਦੇ ਹਨ।

**ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥੨੧੧॥**

(ਇਵੇਂ ਹੀ) ਕੁਸੰਗੀ ਦੇ ਨਾਲ ਬੈਠੀਏ ਤਾਂ ਧਰਮ ਰਾਜ ਪੁਛੇਗਾ ॥੨੧੧॥

**ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥**

ਤ੍ਰਿਲੋਚਨ ਨੇ ਕਿਹਾ—ਹੇ ਮਿੱਤਰ ਨਾਮਾ! (ਤੈਨੂੰ) ਮਾਇਆ ਨੇ ਮੋਹ ਲਿਆ ਹੈ।

**ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥੨੧੨॥**

(ਛਾਇਲੈ) ਤਕ (ਲੇਫਾਂ) ਦੇ ਚੰਦੇ ਕਿਉਂ ਛਾਪਦਾ ਹੈਂ ? ਤੇਰਾ ਰਾਮ ਨਾਲ ਚਿੱਤ ਨਹੀਂ ਲਗਦਾ ॥੨੧੨॥

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥**

ਨਾਮਦੇਵ ਨੇ ਕਿਹਾ—ਹੇ ਤ੍ਰਿਲੋਚਨ! ਮੂੰਹ ਨਾਲ ਰਾਮ ਨੂੰ ਯਾਦ ਕਰ।

**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥**

ਹੱਥਾਂ ਪੈਰਾਂ ਨਾਲ ਸਾਰੇ ਕੰਮ ਕਰ ਅਤੇ ਚਿੱਤ ਨਿਰੰਕਾਰ ਨਾਲ ਲਾਈ ਰਖ ॥੨੧੩॥

**ਮਹਲਾ ੫ ॥ ਕਬੀਰਾ ਹਮਰਾ ਕੋ ਨਹੀ ਹਮ ਕਿਸ ਹੂ ਕੇ ਨਾਹਿ ॥**

ਹੇ ਕਬੀਰ! ਨਾ ਕੋਈ ਸਾਡਾ (ਸਾਥੀ ਹੈ ਤੇ) ਨਾ ਅਸੀਂ ਕਿਸੇ ਦੇ (ਸਹਾਇਕ) ਹਾਂ।

**ਜਿਨਿ ਇਹੁ ਰਚਨੁ ਰਚਾਇਆ ਤਿਸ ਹੀ ਮਾਹਿ ਸਮਾਹਿ ॥੨੧੪॥**

(ਇਸ ਲਈ) ਜਿਸ ਨੇ ਇਹ ਜਗਤ ਬਣਾਇਆ ਹੈ, ਉਸ (ਦੇ ਨਾਮ) ਵਿਚ ਹੀ ਲਗ ਜਾਓ ॥੨੧੪॥

**ਕਬੀਰ ਕੀਚੜਿ ਆਟਾ ਗਿਰਿ ਪਰਿਆ ਕਿਛੂ ਨ ਆਇਓ ਹਾਥ ॥**

ਕਬੀਰ (ਜੀ ਆਖਦੇ ਹਨ, ਸਵਾਸਾਂ ਰੂਪ) ਆਟਾ (ਵਿਕਾਰਾਂ ਰੂਪ) ਚਿੱਕੜ ਵਿਚ ਡੁਲ੍ਹ ਪਿਆ ਹੈ, ਕੁਝ ਭੀ ਹੱਥ ਨਹੀਂ ਆਇਆ।

**ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ ॥੨੧੫॥**

[ਪੀਸਤ] ਚੱਕੀ ਪੀਂਹਦਿਆਂ ਪੀਂਹਦਿਆਂ ਜੋ ਮੂੰਹ ਪਾ ਲਿਆ ਹੈ ਓਹੀ ਨਾਲ ਨਿਭਿਆ ਹੈ (ਅਰਥਾਤ ਵਿਹਾਰ-ਕਾਰ ਕਰਦਿਆਂ ਜਿਸ ਸਵਾਸ ਵਿਚ ਨਾਮ ਜਪ ਲਿਆ ਹੈ, ਓਹੀ ਨਾਲ ਜਾ ਕੇ ਕੰਮ ਆਉਂਦਾ ਹੈ) ॥੨੧੫॥

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**

ਕਬੀਰ (ਜੀ ਆਖਦੇ ਹਨ) ਮਨ ਸਾਰੀਆਂ ਗੱਲਾਂ ਜਾਣਦਾ ਹੈ, ਫਿਰ ਜਾਣ ਬੁਝਕੇ ਗੁਨਾਹ ਕਰਦਾ ਹੈ।

SIKHBOOKCLUB.COM

**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥**

(ਕੁਸਲਾਤ) ਸੁਖ ਕਾਹਦੀ ਹੈ ? (ਕਿਉਂ) ਹੱਥ ਵਿਚ ਦੀਵਾ (ਲੈ ਕੇ) ਖੂਹ ਵਿਚ ਡਿਗ ਰਿਹਾ ਹੈ ॥੨੧੬॥

**ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ ॥**

ਕਬੀਰ (ਜੀ ਆਖਦੇ ਹਨ, ਮੇਰੀ) ਪ੍ਰੀਤ ਚਤਰ ਪੁਰਖ ਨਾਲ ਲਗੀ (ਹੋਈ ਹੈ, ਅਤੇ) ਅੰਜਾਣੇ ਬੰਦੇ (ਪ੍ਰੀਤ ਵਲੋਂ) ਹਟਾਉਂਦੇ ਹਨ।

**ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ ॥੨੧੭॥**

ਜਿਸ ਦੇ (ਦਿਤੇ ਹੋਏ) ਜੀਵ (ਤੇ) ਪ੍ਰਾਨ ਹਨ ਉਸ ਨਾਲੋਂ ਪ੍ਰੀਤ ਤੋੜਿਆਂ ਕਿਵੇਂ ਗੁਜਾਰਾ ਹੋ ਸਕਦਾ ਹੈ ॥੨੧੭॥

**ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ ॥**

ਕਬੀਰ (ਜੀ ਆਖਦੇ ਹਨ, ਹੇ ਭਾਈ!) ਕੋਠੇ ਤੇ ਮਾੜੀਆਂ ਦੇ ਬਨਾਉਣ ਦੇ ਪਿਆਰ ਵਿਚ ਕਿਉਂ ਮਰਦੇ ਹੋ ?

**ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ ॥੨੧੮॥**

(ਤੇਰੇ) ਕੰਮ ਤਾਂ ਸਾਢੇ ਤਿੰਨ ਹੱਥ (ਜਿਮੀ ਆਊ) ਬਹੁਤੀ ਹੋਈ ਤਾਂ ਪੌਣੇ ਚਾਰ ਹੱਥ ॥੨੧੮॥

**ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ ॥**

ਕਬੀਰ (ਜੀ ਆਖਦੇ ਹਨ) ਜੋ ਮੈਂ ਚਿਤਵਦਾ (ਸੋਚਦਾ) ਹਾਂ (ਉਹ ਰੱਬ) ਨਹੀਂ ਕਰਦਾ, (ਫਿਰ) ਮੇਰੇ ਸੋਚਿਆਂ ਕੀ ਹੋ ਸਕਦਾ ਹੈ ?

**ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ ॥੨੧੯॥**

ਆਪਣਾ ਸੋਚਿਆ ਹੋਇਆ ਹੀ ਰੱਬ ਕਰਦਾ ਹੈ, ਜੋ ਮੇਰੇ ਮਨ ਵਿਚ ਵੀ ਨਹੀਂ ਹੁੰਦੀ ॥੨੧੯॥

**ਮਃ ੩ ॥ ਚਿੰਤਾ ਭਿ ਆਪਿ ਕਰਾਇਸੀ ਅਚਿੰਤੁ ਭਿ ਆਪੇ ਦੇਇ ॥**

ਫਿਕਰ (ਕੀਤਿਆਂ) ਭੀ (ਉਹ) ਆਪੇ (ਸਾਡੀ ਸੰਭਾਲ) ਕਰੇਗਾ ਅਤੇ ਬੇ-ਫਿਕਰ (ਹੋਇਆਂ) ਭੀ ਆਪੇ (ਹੀ ਰੋਜ਼ੀ) ਦੇਵੇਗਾ ।

**ਨਾਨਕ ਸੋ ਸਾਲਾਹੀਐ ਜਿ ਸਭਨਾ ਸਾਰ ਕਰੇਇ ॥੨੨੦॥**

ਸਤਿਗੁਰੂ (ਜੀ ਆਖਦੇ ਹਨ) ਉਸ ਨੂੰ ਯਾਦ ਕਰੋ, ਜੇਹੜਾ ਸਾਰਿਆਂ ਦੀ ਸੰਭਾਲ ਕਰਦਾ ਹੈ ॥੨੨੦॥

**ਮਃ ੫ ॥ ਕਬੀਰ ਰਾਮੁ ਨ ਚੇਤਿਓ ਫਿਰਿਆ ਲਾਲਚ ਮਾਹਿ ॥**

ਹੇ ਕਬੀਰ! (ਜੀਵ) ਰਾਮ ਨੂੰ ਨਹੀਂ ਜਪਦਾ ਤੇ ਲਾਲਚਾਂ ਵਿਚ ਹੀ ਫਿਰਦਾ ਰਹਿੰਦਾ ਹੈ ।

**ਪਾਪ ਕਰੰਤਾ ਮਰਿ ਗਇਆ ਅਉਧ ਪੁਨੀ ਖਿਨ ਮਾਹਿ ॥੨੨੧॥**

ਖਿਨ ਵਿਚ ਹੀ ਉਮਰਾ ਪੂਰੀ ਹੋ ਗਈ ਹੈ, ਪਾਪ ਕਰਦਿਆਂ ਹੀ ਮਰ ਗਿਆ ਹੈ ॥੨੨੧॥

**ਕਬੀਰ ਕਾਇਆ ਕਾਚੀ ਕਾਰਵੀ ਕੇਵਲ ਕਾਚੀ ਧਾਤੁ ॥**

ਕਬੀਰ (ਜੀ ਆਖਦੇ ਹਨ) ਦੇਹ ਤਾਂ ਕੱਚੀ ਘੜੀ ਹੈ, ਨਿਰੀ ਕੱਚੀ ਧਾਤ ਹੈ ।

**ਸਾਬਤੁ ਰਖਹਿ ਤ ਰਾਮ ਭਜੁ ਨਾਹਿ ਤ ਬਿਨਠੀ ਬਾਤ ॥੨੨੨॥**

(ਜੇ ਇਸ ਨੂੰ) ਸਾਬਤ ਰਖਣਾ ਚਾਹੁੰਦਾ ਹੈ ? ਤਾਂ ਰਾਮ ਨੂੰ ਜਪ, ਨਹੀਂ ਤਾਂ ਬਾਤ ਵਿਗੜ ਜਾਵੇਗੀ ॥੨੨੨॥

**ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥**

ਕਬੀਰ (ਜੀ ਆਖਦੇ ਹਨ,) ਕੇਸ਼ੋ ਕੇਸ਼ੋ ਜਪਣਾ ਚਾਹੀਦਾ ਹੈ, [ਅਸਾਰ] ਬੇਖ਼ਬਰ ਹੋ ਕੇ ਸੌਣਾ ਠੀਕ ਨਹੀਂ ਹੈ ।

**ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥੨੨੩॥**

ਰਾਤ ਦਿਨ ਪੁਕਾਰ ਕਰਨੇ ਕਰਕੇ ਕਦੇ ਤਾਂ ਪੁਕਾਰ ਸੁਣ ਹੀ ਲਵੇਗਾ ॥੨੨੩॥

**ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯ ਮੰਤੁ ॥**

ਕਬੀਰ (ਜੀ ਆਖਦੇ ਹਨ) ਦੇਹ ਤਾਂ ਕਜਲੀ ਬਨ (ਕੇਲਿਆਂ ਦਾ ਬਾਗ) ਹੈ, ਤੇ [ਮਯ] ਸ਼ਰਾਬ ਨਾਲ ਮਸਤ ਮਨ [ਕੁੰਚਰੁ] ਹਾਥੀ (ਇਸ ਵਿਚ ਰਹਿੰਦਾ ਹੈ) ।

**ਅੰਕਸੁ ਗ੍ਯ਼ਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ ॥੨੨੪॥**

ਅਮੋਲਕ ਗਿਆਨ ਅੰਕੁਸ਼ (ਕੁੰਡਾ) ਹੈ, ਅਤੇ [ਖੇਵਟੁ] ਚਲਾਉਣ ਵਾਲਾ (ਮਹਾਵਤ ਕੋਈ) ਵਿਰਲਾ ਸੰਤ ਹੈ ॥੨੨੪॥

**ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ ॥**

ਕਬੀਰ (ਜੀ ਆਖਦੇ ਹਨ, ਜਿਸ ਵਿਚ) ਰਾਮ (ਨਾਮ ਰੂਪ) ਰਤਨ (ਹੈ, ਉਹ) ਮੂੰਹ (ਰੂਪ) (ਕੋਥਰੀ) ਗੁਥੀ (ਕਿਸੇ) ਪਰਖਨ ਵਾਲੇ ਅੱਗੇ ਖੋਹਲੇ ।

**ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੋ ਮੋਲਿ ॥੨੨੫॥**

(ਜਦ) ਕੋਈ ਗਾਹਕ ਆ ਮਿਲੇਗਾ, (ਤਾਂ ਇਸ ਰਤਨ ਨੂੰ) ਮਹਿੰਗੇ ਭਾ ਖਰੀਦ ਲਏਗਾ ॥੨੨੫॥

**ਕਬੀਰ ਰਾਮ ਨਾਮੁ ਜਾਨਿਓ ਨਹੀ ਪਾਲਿਓ ਕਟਕੁ ਕੁਟੰਬੁ ॥**

ਕਬੀਰ (ਜੀ ਆਖਦੇ ਹਨ) ਰਾਮ ਨਾਮ (ਜਪਣਾ ਤਾਂ) ਜਾਣਿਆਂ ਹੀ ਨਹੀਂ, ਬਹੁਤੇ ਪਰਵਾਰ ਨੂੰ ਪਾਲਦਾ ਹੈ ।

**ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ ਬੰਬ ॥੨੨੬॥**

ਧੰਦਿਆਂ ਵਿਚ ਹੀ ਮਰ ਗਿਆ, ਬਾਹਰ [ਬੰਬ] ਖਬਰ ਭੀ ਨਾ ਹੋਈ (ਕਿ ਸ਼ਾਹ ਹੁਰੀਂ ਅੰਦਰ ਹੀ ਮਰ ਗਏ ਹਨ) ॥੨੨੬॥

**ਕਬੀਰ ਆਖੀ ਕੇਰੇ ਮਾਟੁਕੇ ਪਲੁ ਪਲੁ ਗਈ ਬਿਹਾਇ ॥**

ਕਬੀਰ (ਜੀ ਆਖਦੇ ਹਨ) ਅੱਖਾਂ ਦੇ [ਮਾਟੁਕੇ] ਪਲਕਾਰੇ ਵਿਚ ਪਲ ਪਲ ਕਰਦਿਆਂ ਉਮਰਾ ਬੀਤ ਗਈ।

**ਮਨੁ ਜੰਜਾਲੁ ਨ ਛੋਡਈ ਜਮ ਦੀਆ ਦਮਾਮਾ ਆਇ ॥੨੨੭॥**

(ਪਰ) ਮਨ ਘਰੋਗੀ ਬਖੇੜਿਆਂ ਨੂੰ ਛਡਦਾ ਹੀ ਨਹੀਂ, ਤੇ ਜਮ ਧੌਂਸਾ ਆ ਵਜਾਉਂਦਾ ਹੈ ॥੨੨੭॥

**ਕਬੀਰ ਤਰਵਰ ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ ॥**

ਕਬੀਰ (ਜੀ ਆਖਦੇ ਹਨ) ਰਾਮ ਰੂਪ ਦਰਖਤ ਨਾਲ [ਬੈਰਾਗੁ] ਦੁਨੀਆਂ ਦੇ ਮੋਹ ਤਿਆਗਣ ਰੂਪ ਫਲ (ਲਗਾ ਹੋਇਆ ਹੈ) ।

**ਛਾਇਆ ਰੂਪੀ ਸਾਧੁ ਹੈ ਜਿਨਿ ਤਜਿਆ ਬਾਦੁ ਬਿਬਾਦੁ ॥੨੨੮॥**

ਜਿਸਨੇ ਝਗੜੇ-ਬਖੇੜੇ ਛੱਡ ਦਿਤੇ ਹਨ (ਉਹ) ਸੰਤ (ਇਸ ਬਿਰਛ ਦੀ) ਛਾਂ ਰੂਪ ਹੈ ॥੨੨੮॥

**ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ ॥**

ਕਬੀਰ (ਜੀ ਆਖਦੇ ਹਨ) ਅਜੇਹਾ ਬੀਜ ਬੀਜੋ ਜੋ ਬਾਰਾਂ ਮਹੀਨੇ ਹੀ ਫਲ ਦੇਵੇ।

**ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ ॥੨੨੯॥**

Sri Satguru Jagjit Singh Ji eLibrary NamdhariElibrary@gmail.com

(ਜਿਸ ਦੀ) ਠੰਢੀ ਛਾਂ ਹੋਵੇ, ਫਲ ਬਹੁਤੇ ਹੋਣ (ਅਤੇ ਜਿਸ ਉਤੇ) ਪੰਛੀ ਭੀ ਖੁਸ਼ੀਆਂ ਕਰਨ ॥੨੨੯॥

**ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ ॥**

ਕਬੀਰ (ਜੀ ਆਖਦੇ ਹਨ) [ਦਾਤਾ] ਗੁਰੂ ਦਰੱਖਤ ਹੈ, ਮੇਹਰ (ਇਸ ਦਾ) ਫਲ ਹੈ, (ਅਤੇ ਜੋ ਸਿਖਿਆ ਲੈ ਕੇ) ਲੋਕਾਂ ਦੇ ਭਲੇ ਵਿਚ ਪੁਰਖ (ਲਗੇ ਹੋਏ ਹਨ, ਉਹ ਇਸ ਦਰੱਖਤ ਦੇ ਪੰਛੀ ਹਨ)।

**ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ ॥੨੩੦॥**

ਚੰਗੇ ਫਲਾਂ ਨਾਲ ਫਲੇ ਹੋਏ (ਇਸ) ਬਿਰਖ (ਦੇ ਕਈ) ਪੰਛੀ (ਉਪਕਾਰੀ ਜੀਵ) ਹੋਰਨਾਂ ਦੇਸ਼ਾਂ ਵਿਚ ਭੀ ਚਲੇ ਗਏ ਹਨ ॥੨੩੦॥

**ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ ॥**

ਕਬੀਰ (ਜੀ ਆਖਦੇ ਹਨ, ਜੋ) ਮੱਥੇ ਤੇ ਲੇਖ ਹੋਵੇ ਤਾਂ ਸੰਤਾਂ ਦਾ ਸੰਗ ਮਿਲਦਾ ਹੈ।

**ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ ॥੨੩੧॥**

(ਫਿਰ) ਮੁਕਤੀ ਰੂਪ ਪਦਾਰਥ ਮਿਲ ਜਾਂਦਾ ਹੈ ਅਤੇ ਔਖੇ ਰਾਹ (ਅ=ਮਾਰਗ) ਵਿਚ ਰੋਕ ਭੀ ਨਹੀਂ ਹੁੰਦੀ ॥੨੩੧॥

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥**

ਕਬੀਰ (ਜੀ ਆਖਦੇ ਹਨ) ਇਕ ਘੜੀ, ਅੱਧੀ ਘੜੀ ਜਾਂ ਅੱਧੀ ਤੋਂ ਭੀ ਅੱਧੀ ਘੜੀ।

SIKHBOOKCLUB.COM

**ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥੨੩੨॥**

ਭਗਤਾਂ ਨਾਲ ਵਿਚਾਰ ਕਰੋ, ਜਿੰਨਾ (ਵਕਤ ਵਿਚਾਰ) ਕਰੋਗੇ ਉੱਨਾ ਹੀ ਨਫਾ ਹੈ ॥੨੩੨॥

**ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥**

ਕਬੀਰ (ਜੀ ਆਖਦੇ ਹਨ) ਜੋ ਪੁਰਸ਼ [ਭਾਂਗ] ਤਮਾਕੂ (ਤੇ) [ਸੁਰਾ] ਸ਼ਰਾਬ ਪੀਂਦੇ ਹਨ ਅਤੇ ਮੱਛੀ (ਆਦਿਕ ਮਾਸ) ਖਾਂਦੇ ਹਨ।

**ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥੨੩੩॥**

(ਭਾਵੇਂ ਉਨ੍ਹਾਂ ਨੇ) ਤੀਰਥ (ਇਸ਼ਨਾਨ ਤੇ) ਵਰਤ ਨੇਮ (ਆਦਿਕ ਕਰਮ) ਕੀਤੇ ਹੋਣ (ਤਾਂ ਭੀ ਉਹ) ਸਾਰੇ [ਰਸਾਤਲ] ਨਰਕਾਂ ਵਿਚ ਜਾਣਗੇ ॥੨੩੩॥

**ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ ॥**

ਹਿਰਦੇ ਵਿਚੋਂ ਸੱਜਣਾਂ ਨੂੰ ਪਾ ਕੇ ਅੱਖਾਂ ਨੀਵੀਆਂ ਕਰਕੇ ਰਹੋ।

**ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ ॥੨੩੪॥**

ਪਤੀ ਨਾਲ ਸਾਰੀਆਂ ਮੌਜਾਂ ਮਾਣੋ, ਪਰ ਕਿਸੇ (ਨੂੰ ਇਹ ਗੱਲ) ਜਣਾਵੋ ਨਾ ॥੨੩੪॥

**ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ ॥**

ਹੇ ਪਿਆਰੇ ! ਅੱਠੇ ਪਹਿਰ, ਚੌਂਹਠ ਘੜੀਆਂ (ਮੇਰਾ ਦਿਲ) ਤੈਨੂੰ ਹੀ ਵੇਖਦਾ ਰਹਿੰਦਾ ਹੈ।

**ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ ॥੨੩੫॥**

ਹੇ ਪਤੀ ! (ਮੈਂ) ਨੀਵੇਂ ਨੇਤਰ ਕਿਉਂ ਕਰਾਂ ? (ਮੈਂ ਤਾਂ) ਸਾਰਿਆਂ ਵਿਚ ਤੈਨੂੰ ਹੀ ਵੇਖਦੀ ਹਾਂ ॥੨੩੫॥

**ਸੁਨੁ ਸਖੀ ਪੀਅ ਮਹਿ ਜੀਉ ਬਸੈ ਜੀਅ ਮਹਿ ਬਸੈ ਕਿ ਪੀਉ ॥**

ਹੇ ਸਖੀ ! ਸੁਣ, ਪਿਆਰੇ ਵਿਚ ਮਨ ਵਸਦਾ ਹੈ ਜਾਂ ਮਨ ਵਿਚ ਪਿਆਰਾ ਵਸਦਾ ਹੈ ।

**ਜੀਉ ਪੀਉ ਬੂਝਉ ਨਹੀ ਘਟ ਮਹਿ ਜੀਉ ਕਿ ਪੀਉ ॥੨੩੬॥**

ਮਨ ਤੇ ਪਿਆਰੇ ਦੀ ਪਛਾਣ ਨਹੀਂ ਹੁੰਦੀ, (ਮੈਂ ਕੀ ਦਸਾਂ) ਸਰੀਰ ਵਿਚ ਮਨ ਹੈ ਜਾਂ ਪਿਆਰਾ ? ॥੨੩੬॥

**ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥**

ਕਬੀਰ (ਜੀ ਆਖਦੇ ਹਨ) ਬ੍ਰਾਹਮਣ ਸੰਸਾਰੀਆਂ ਦਾ ਗੁਰੂ ਹੈ (ਪਰ) ਭਗਤਾਂ ਦਾ ਗੁਰੂ (ਬ੍ਰਾਹਮਣ) ਨਹੀਂ ਹੈ।

**ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥੨੩੭॥**

(ਕਿਉਂਕਿ ਬ੍ਰਾਹਮਣ ਤਾਂ) ਚੌਂਹ ਵੇਦਾਂ (ਦੇ ਝਗੜਿਆਂ) ਵਿਚ (ਹੀ) ਫਸ ਕੇ ਮਰ ਗਿਆ ਹੈ ॥੨੩੭॥

**ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥**

ਕਬੀਰ (ਜੀ ਆਖਦੇ ਹਨ) ਹਰੀ ਰੂਪ ਖੰਡ ਰੇਤ ਵਿਚ [ਬਿਖਰੀ] ਖਿਲਰੀ ਹੋਈ ਹੈ, (ਜੋ ਹੰਕਾਰੀ ਜੀਵ ਰੂਪ) ਹਾਥੀ ਕੋਲੋਂ ਚੁਗੀ ਨਹੀਂ ਜਾਂਦੀ ।

**ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥੨੩੮॥**

ਕਬੀਰ ਜੀ ਆਖਦੇ ਹਨ, ਗੁਰਾਂ (ਨੇ ਮੈਨੂੰ) ਚੰਗੀ ਰੀਤ ਸਿਖਾਈ ਹੈ, (ਇਸ ਲਈ ਮੈਂ ਉਹ ਖੰਡ) ਕੀੜੀ ਹੋ ਕੇ ਖਾ ਲਈ ਹੈ ॥੨੩੮॥

**ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ ॥**

ਕਬੀਰ (ਜੀ ਆਖਦੇ ਹਨ) ਜੇ ਤੈਨੂੰ ਪ੍ਰੇਮ ਦੀ ਸੱਧਰ ਹੈ, ਤਾਂ ਸਿਰ ਵੱਢ ਕੇ [ਗੋਇ] ਖਿਦੂ (ਫੁਟਬਾਲ) ਬਣਾ ਲੈ ।

**ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ ॥੨੩੯॥**

ਖੇਡਦਿਆਂ-ਖੇਡਦਿਆਂ (ਮਨ ਉਤੇ) [ਹਾਲ] ਮੀਟੀ (ਗੋਲ) ਕਰ ਦੇਹ, ਜੋ ਕੁਛ ਹੋਣਾ ਏ, ਹੋਵੇਗਾ ਤਾਂ ਓਹੀ । ਇਹ ਜਾਣ ਕੇ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਮੰਨੇਗਾ ਤਾਂ ਤੇਰੀ ਜਿੱਤ ਹੋਵੇਗੀ) ॥੨੩੯॥

**ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ ॥**

ਕਬੀਰ (ਜੀ ਆਖਦੇ ਹਨ) ਜੇ ਤੈਨੂੰ ਪਰੇਮ ਦੀ ਸਧਰ ਹੈ, (ਤਾਂ ਕਿਸੇ) ਪੱਕੇ (ਗੁਰੂ) ਨਾਲ (ਮਿਲ ਕੇ) ਖੇਡ।

**ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ ॥੨੪੦॥**

(ਯਾਦ ਰਖ !) ਕੱਚੀ ਸਰ੍ਹੋਂ ਪੀੜਿਆਂ ਨਾ ਖਲ ਬਣਦੀ ਹੈ ਅਤੇ ਨ ਤੇਲ ਨਿਕਲਦਾ ਹੈ, (ਅਰਥਾਤ ਕੱਚੇ ਗੁਰੂ ਦੇ ਉਪਦੇਸ਼ ਨਾਲ ਨਾ ਮਨ ਸ਼ਾਂਤ ਹੁੰਦਾ ਹੈ ਅਤੇ ਨਾ ਹੀ ਆਤਮਕ ਸੁਖ ਲਭਦਾ ਹੈ) ॥੨੪੦॥

**ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ ॥**

(ਜੀਵ) ਅੰਨ੍ਹਿਆਂ ਵਾਂਗ ਢੂੰਡਦੇ ਫਿਰਦੇ ਹਨ ਅਤੇ ਸੰਤਾਂ ਨੂੰ ਨਹੀਂ ਪਛਾਣਦੇ।

**ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ ॥੨੪੧॥**

ਨਾਮਦੇਵ ਜੀ ਆਖਦੇ ਹਨ, ਭਗਤਾਂ ਨਾਲ (ਪਿਆਰ ਕੀਤੇ) ਤੋਂ ਬਿਨਾਂ ਭਗਵੰਤ ਕਿਵੇਂ ਮਿਲੇਗਾ ? ॥੨੪੧॥

**ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥**

ਹੀਰੇ ਵਰਗਾ ਹਰੀ ਛੱਡ ਕੇ (ਜੋ ਪੁਰਸ਼) ਹੋਰਨਾਂ (ਪਦਾਰਥਾਂ) ਦੀ ਆਸ ਕਰਦੇ ਹਨ।

**ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥੨੪੨॥**

ਰਵਿਦਾਸ ਸੱਚ ਆਖਦਾ ਹੈ, ਉਹ ਪੁਰਸ਼ (ਜ਼ਰੂਰ ਹੀ) ਨਰਕਾਂ ਵਿਚ ਜਾਣਗੇ ॥੨੪੨॥

**ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥**

ਕਬੀਰ (ਜੀ ਆਖਦੇ ਹਨ) ਜੇ ਗ੍ਰਹਸਤ ਕਰੇਂ ਤਾਂ ਧਰਮ ਕਰ, ਨਹੀਂ ਤਾਂ [ਬੈਰਾਗੁ] ਜਗਤ ਨਾਲੋਂ ਮੋਹ ਤੋੜ ਲੈ।

**ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥੨੪੩॥**

(ਜੋ) ਮੋਹ ਤੋੜ ਕੇ (ਫਿਰ) ਫਾਹੀ ਵਿਚ ਫਸ ਜਾਂਦਾ ਹੈ, ਉਹ ਵੱਡਾ ਹੀ ਮੰਦ ਭਾਗੀ ਹੈ ॥੨੪੩॥

## ਸਲੋਕ ਸੇਖ ਫਰੀਦ ਕੇ (ਅੰਗ ੧੩੭੭-੮੪)

### ੧ੴ ਸਤਿਗੁਰ ਪ੍ਰਸਾਦਿ ॥

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥**

ਜਿਸ ਦਿਨ (ਜੀਵ) [ਧਨ] ਇਸਤ੍ਰੀ ਨੇ [ਵਰੀ] ਵਿਆਹੇ ਜਾਣਾ ਹੈ, ਉਹ ਸਾਰਾ ਲਿਖਾ ਲਿਆਈ ਹੈ।

**ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥**

ਜੇਹੜਾ [ਮਲਕੁ] ਲਾੜਾ ਕੰਨੀ ਸੁਣੀਦਾ ਹੈ, (ਸਾਹੇ ਵਾਲੇ ਦਿਨ) ਆਣ ਮੂੰਹ ਵਿਖਾਵੇਗਾ।

**ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥**

ਹੱਡਾਂ ਨੂੰ ਭੰਨ ਕੇ ਨਿਮਾਣੀ ਜਿੰਦ ਕੱਢ ਲਈ ਜਾਵੇਗੀ।

**ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥**

ਜਿੰਦ ਨੂੰ ਸਮਝਾ ਲਓ ਕਿ ਲਿਖਿਆ (ਹੋਇਆ) ਸਾਹਾ ਮਿਟਦਾ ਨਹੀਂ ਹੈ।

**ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥**

ਜ਼ਿੰਦ (ਰੂਪ) ਵਹੁਟੀ (ਨੂੰ) ਮੌਤ (ਰੂਪ) ਲਾੜਾ [ਪਰਣਾਇ] ਵਿਆਹ ਕੇ ਲੈ ਜਾਵੇਗਾ।

**ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥**

(ਹੇ ਦੇਹ! ਤੂੰ ਜਿੰਦ ਨੂੰ) ਆਪਣੇ ਹੱਥੀਂ [ਜੋਲਿ ਕੈ] ਤੋਰ ਕੇ (ਫਿਰ) ਕਿਸ ਦੇ ਗਲ ਦੌੜਕੇ ਜਾ ਲਗੇਂਗੀ?

**ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ ॥**

(ਤੂੰ) ਕੰਨੀਂ ਨਹੀਂ ਸੁਣਿਆ ਜੋ ਸਰਾਤ ਪੁਲ ਵਾਲ ਤੋਂ ਭੀ ਨਿੱਕਾ ਹੈ, (ਜਿਥੋਂ ਤੂੰ ਲੰਘਣਾ ਹੈ)।

**ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥੧॥**

ਫਰੀਦ (ਜੀ ਆਖਦੇ ਹਨ, ਹੇ ਭਾਈ!) [ਕਿੜੀ] ਅਵਾਜ਼ਾਂ ਪੈਂਦੀਆਂ ਨੀ, (ਅਚੇਤ) ਖੜੋ ਕੇ (ਆਪਣਾ) ਆਪ ਨਾ ਲੁਟਾਓ ॥੧॥

**ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ ॥**

ਫਰੀਦ (ਜੀ ਆਖਦੇ ਹਨ) ਦਰ ਦੀ ਫਕੀਰੀ [ਗਾਖੜੀ] ਔਖੀ (ਹੈ, ਅਤੇ ਮੈਂ ਤਾਂ) ਦੁਨੀਆਂ (ਦਾਰਾਂ) ਵਾਂਗ ਤੁਰਦਾ ਹਾਂ।

**ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥੨॥**

(ਮੈਂ ਫਕੀਰੀ ਦੀ) ਗਠੜੀ ਸਿਰ ਤੇ ਚੁੱਕ ਲਈ ਹੈ, (ਹੁਣ ਇਸ ਨੂੰ) ਸੁੱਟ ਕੇ ਕਿਥੇ ਜਾਵਾਂ ॥੨॥

**ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ ॥**

ਕੁਝ ਸਮਝ ਨਹੀਂ ਆਉਂਦੀ, ਕੁਝ ਦਿਸਦਾ ਭੀ ਨਹੀਂ, (ਇਹ) ਦੁਨੀਆਂ ਤਾਂ ਲੁਕਵੀਂ [ਭਾਹਿ] ਅੱਗ ਹੈ।

**ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ ॥੩॥**

ਮੇਰੇ ਮਾਲਕ ਨੇ ਚੰਗਾ ਕੀਤਾ (ਜੋ ਮੈਨੂੰ ਕੱਢ ਲਿਆ ਹੈ) ਨਹੀਂ ਤਾਂ ਮੈਂ ਭੀ ਸੜ ਜਾਂਦਾ ॥੩॥

**ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥**

ਫਰੀਦ (ਜੀ ਆਖਦੇ ਹਨ) ਜੇ (ਮੈਂ) ਜਾਣਦਾ (ਕਿ ਸਵਾਸਾਂ ਰੂਪ) ਤਿਲ ਥੋੜੇ (ਹਨ ਤਾਂ ਵਿਹਾਰਾਂ ਰੂਪ) ਬੁਕ ਸਹਜੇ-ਸਹਜੇ ਭਰਦਾ।

**ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ ॥੪॥**

ਜੇ (ਮੈਨੂੰ) ਪਤਾ ਹੁੰਦਾ ਕਿ ਪਤੀ [ਨੰਢੜਾ] ਨਿਕਿਆਂ (ਨਿਰ-ਹੰਕਾਰੀਆਂ ਦਾ ਹੈ, ਤਾਂ ਮੈਂ) ਮਾਣ ਨੂੰ

Sri Satguru Jagjit Singh Ji eLibrary NamdhariElibrary@gmail.com

ਥੋੜਾ ਕਰਦੀ ॥੪॥

**ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥**

ਜੇ ਪਤਾ ਹੁੰਦਾ (ਕਿ ਪ੍ਰੇਮ ਰੂਪ) ਕਪੜਾ ਪਾਟ ਜਾਣ ਵਾਲਾ ਹੈ, ਤਾਂ ਪੱਕੀ ਗੰਢ ਪਾਂਦੀ ।

**ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥੫॥**

ਮੈਂ ਸਾਰਾ ਜਗਤ [ਹੰਢਿ] ਫਿਰਕੇ ਵੇਖਿਆ ਹੈ, (ਹੇ ਪਿਆਰੇ !) ਤੇਰੇ ਜੇਡਾ ਵੱਡਾ ਹੋਰ ਕੋਈ ਨਹੀਂ ਹੈ ॥੫॥

**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥**

ਫਰੀਦ (ਜੀ ਆਖਦੇ ਹਨ) ਜੇ ਤੂੰ [ਲਤੀਫ] ਬਰੀਕ ਅਕਲ ਵਾਲਾ (ਵੱਡਾ ਸਿਆਣਾ ਹੈਂ, ਤਾਂ ਕਾਲੇ ਲੇਖ ਨ ਲਿਖ (ਅਰਥਾਤ ਪਾਪ ਨਾ ਕਰ) ।

**ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥੬॥**

ਆਪਣੀ ਬੁਕਲ ਵਿਚ ਮੂੰਹ ਪਾ ਕੇ ਵੇਖ ! (ਅਰਥਾਤ ਆਪਣੇ ਔਗੁਣਾਂ ਦਾ ਵਿਚਾਰ ਕਰ) ॥੬॥

**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥**

ਫਰੀਦ (ਜੀ ਆਖਦੇ ਹਨ, ਹੇ ਭਾਈ !) ਜੋ ਤੈਨੂੰ ਮੁੱਕੀਆਂ ਮਾਰਨ (ਤੂੰ) [ਘੁੰਮਿ] ਉਲਟ ਕੇ ਉਨ੍ਹਾਂ ਨੂੰ ਨਾ ਮਾਰੀਂ ।

**ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥੭॥**

(ਸਗੋਂ) ਉਨ੍ਹਾਂ ਦੇ ਪੈਰ ਚੁੰਮ ਕੇ ਆਪਣੇ ਘਰ ਨੂੰ ਜਾਣਾ ਯੋਗ ਹੈ ॥੭॥

**ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ ॥**

ਫਰੀਦ (ਜੀ ਆਖਦੇ ਹਨ) ਜਦ ਤੇਰੇ ਖੱਟਣ ਦਾ ਵੇਲਾ ਸੀ, ਓਦੋਂ ਤੂੰ ਦੁਨੀਆਂ ਨਾਲ ਰੱਤਾ ਹੋਇਆ ਸੀ ।

**ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥੮॥**

[ਮਰਗ] ਮੌਤ ਦੀ ਨੀਂਹ ਸਵਾਈ ਹੁੰਦੀ (ਰੋਜ਼ ਦੇ ਰੋਜ਼ ਵਧਦੀ) ਜਾਂਦੀ ਹੈ, ਜਦ (ਸਵਾਸਾਂ ਰੂਪ ਸੌਦਾ) ਭਰਿਆ (ਗਿਆ) ਤਾਂ (ਸਰੀਰ ਰੂਪ ਗੱਡਾ) ਤੁਰ ਜਾਵੇਗਾ ॥੮॥

**ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥**

ਫਰੀਦ (ਜੀ ਆਖਦੇ ਹਨ) ਜੋ ਹੋਇਆ ਹੈ ਵੇਖੋ ! ਦਾੜ੍ਹੀ ਭੂਰੀ (ਬੱਗੀ) ਹੋ ਗਈ ਹੈ ।

**ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੯॥**

(ਹੁਣ) ਅੱਗਾ ਨੇੜੇ ਆ ਗਿਆ ਹੈ ਅਤੇ ਪਿੱਛਾ ਦੂਰ ਰਹਿ ਗਿਆ ਹੈ ॥੯॥

**ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥**

ਫਰੀਦ (ਜੀ ਆਖਦੇ ਹਨ) ਜੋ ਹੋਇਆ ਹੈ, ਵੇਖੋ ! (ਜੁਆਨੀ ਵੇਲੇ ਦੇ) ਸ਼ੱਕਰ (ਵਾਂਗ ਮਿੱਠੇ ਲਗਣ

ਵਾਲੇ ਵਿਹਾਰ ਬੁਢਾਪੇ ਵਿਚ) ਜ਼ਹਿਰ ਹੋ ਗਏ ਹਨ।

**ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥੧੦॥**

ਆਪਣੇ ਮਾਲਕ ਤੋਂ ਬਿਨਾਂ [ਵੇਦਣ] ਦੁਖ ਕਿਸ ਨੂੰ ਜਾ ਕੇ ਆਖੀਏ ? ॥੧੦॥

**ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥**

ਫਰੀਦ (ਜੀ ਆਖਦੇ ਹਨ) ਅੱਖਾਂ ਵੇਖ ਵੇਖ ਕੇ ਪਤੀਜ ਗਈਆਂ (ਰੱਜ ਗਈਆਂ) ਹਨ, ਕੰਨ ਸੁਣ ਸੁਣ ਕੇ ਖਾਲੀ ਹੋ ਗਏ ਹਨ।

**ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥੧੧॥**

(ਕੇਸਾਂ ਰੂਪ) [ਸਾਖ] ਖੇਤੀ ਪੱਕਣ ਤੇ ਆ ਗਈ ਹੈ, (ਅਤੇ ਦੇਹ ਨੇ ਭੀ) ਹੋਰ ਰੰਗ ਕਰ ਲਿਆ ਹੈ ॥੧੧॥

**ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥**

ਫਰੀਦ (ਜੀ ਆਖਦੇ ਹਨ) ਕਾਲੀ (ਕੇਸੀ ਜੁਆਨੀ ਵੇਲੇ) ਜਿਨ੍ਹਾਂ ਨੇ (ਪਤੀ ਨਾਲ) ਮੇਲ ਨਹੀਂ ਕੀਤਾ, (ਉਨ੍ਹਾਂ ਵਿਚੋਂ) ਕੋਈ (ਵਿਰਲਾ ਹੀ) ਚਿੱਟੇ ਕੇਸੀ (ਬੁਢਾਪੇ ਵਿਚ) ਨਾਮ ਜਪਦਾ ਹੈ।

**ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥੧੨॥**

(ਹੇ ਭਾਈ!) ਮਾਲਕ ਨਾਲ ਪਰੇਮ ਕਰ, (ਜਿਸ ਕਰਕੇ) ਰੰਗ ਨਵਾਂ ਹੀ ਰਹੇਗਾ ॥੧੨॥

SIKHBOOKCLUB.COM

**ਮਃ ੩ ॥**

**ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥**

ਹੇ ਫਰੀਦ! ਜੁਆਨੀ ਤੇ ਬੁਢੇਪੇ ਵਿਚ ਸਦਾ ਹੀ ਮਾਲਕ (ਦਾ ਮੇਲ ਹੋ ਸਕਦਾ ਹੈ, ਪਰ ਜੇ ਕੋਈ (ਉਸ ਨੂੰ) ਯਾਦ ਕਰੇ।

**ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥**

ਆਪਣਾ ਲਾਇਆ ਪ੍ਰੇਮ ਨਹੀਂ ਲਗਦਾ, ਜੇ (ਲਗਦਾ ਹੋਵੇ ਤਾਂ) ਸਭ ਕੋਈ ਚਾਹੁੰਦਾ ਹੈ।

**ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥**

ਏਹ ਪ੍ਰੇਮ ਦਾ ਪਿਆਲਾ ਖਸਮ ਦੇ (ਹੱਥ ਹੈ) ਜਿਸ ਨੂੰ ਚਾਹੁੰਦਾ ਹੈ, ਉਸੇ ਨੂੰ ਦੇਂਦਾ ਹੈ ॥੧੩॥

***ਉਥਾਨਕਾ***—ਇਕ ਵੇਰੀ ਫਰੀਦ ਜੀ ਬਾਜ਼ਾਰ ਵਿਚੋਂ ਲੰਘੇ ਤਾਂ ਵੇਖਿਆ ਜੋ ਇਕ ਕੰਜਰੀ ਆਪਣੀ ਟਹਿਲਣ ਨੂੰ ਮਾਰ ਰਹੀ ਹੈ। ਬਾਬੇ ਨੇ ਪੁਛਿਆ—"ਭੈਣਾਂ ਇਸ ਨੂੰ ਕਿਉਂ ਮਾਰਦੀ ਹੈਂ ?" ਕੰਜਰੀ ਨੇ ਕਿਹਾ, "ਜੀ! ਅੱਜ ਕਈ ਦਿਨਾਂ ਤੋਂ ਮੈਂ ਇਸ ਨੂੰ ਸੁਰਮਾ ਰਗੜਨ ਵਾਸਤੇ ਦਿੱਤਾ ਹੋਇਆ ਹੈ, ਉਸ ਸੁਰਮੇ ਵਿਚੋਂ ਮੈਂ ਇਕ ਸਲਾਈ ਅੱਖਾਂ ਵਿਚ ਪਾਈ ਹੈ ਅੱਖਾਂ ਸੁਰਮੇ ਦੀ ਰੜਕ ਨਾਲ ਦਰਦ ਹੋਣ ਲਗ ਪਈਆਂ ਹਨ, ਇਸ ਦਾ ਏਹੋ ਕਸੂਰ ਹੈ।" ਕੁਝ ਦਿਨਾਂ ਬਾਅਦ ਉਹ ਕੰਜਰੀ ਮਰ ਗਈ ਇਸ ਦਾ ਸਿਰ ਜੰਗਲ ਵਿਚ ਪਿਆ ਸੀ, ਜਿਸ ਦੀਆਂ ਅੱਖਾਂ ਵਿਚ ਨਿੱਕੇ-ਨਿੱਕੇ ਜਨੌਰਾਂ ਨੇ ਅੰਡੇ ਦੇ ਦਿੱਤੇ। ਇਹ ਦਸ਼ਾ ਵੇਖਕੇ ਫਰੀਦ

ਜੀ ਨੇ ਉਚਾਰਿਆ—

**ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥**

ਫਰੀਦ (ਜੀ ਆਖਦੇ ਹਨ) ਜਿਨ੍ਹਾਂ ਅੱਖਾਂ ਨੇ ਜਗਤ ਨੂੰ ਮੋਹ ਲਿਆ ਸੀ, ਉਹ ਅੱਖਾਂ ਮੈਂ ਵੇਖੀਆਂ ਹਨ।

**ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥੧੪॥**

(ਜੇਹੜੀਆਂ ਕਦੇ) ਸੁਰਮੇ ਦੀ ਰੜਕ ਨਹੀਂ ਸਹਾਰਦੀਆਂ ਸਨ, (ਅੱਜ) ਉਨ੍ਹਾਂ (ਅੱਖਾਂ ਵਿਚ) ਪੰਛੀ [ਸੂਇ] ਬੱਚੇ ਦੇਈ ਬੈਠੇ ਹਨ ॥੧੪॥

**ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥**

ਫਰੀਦ (ਜੀ ਆਖਦੇ ਹਨ, ਧਰਮ ਪੁਸਤਕ) ਪੁਕਾਰ-ਪੁਕਾਰ ਕੇ ਸਿਖਿਆ ਦੇਂਦੇ (ਹਨ, ਅਤੇ ਮਹਾਂਪੁਰਸ਼) ਉੱਚੀ ਉੱਚੀ ਆਖ ਕੇ ਸਦਾ ਹੀ ਉਪਦੇਸ਼ ਦੇਂਦੇ ਹਨ।

**ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥੧੫॥**

(ਪਰ) ਜਿਨ੍ਹਾਂ ਨੂੰ ਸ਼ੈਤਾਨ ਨੇ ਵਿਗਾੜ ਦਿੱਤਾ ਹੈ, ਉਹ (ਸ਼ੈਤਾਨ ਵਲੋਂ) ਕਦ ਮੂੰਹ ਮੋੜਦੇ ਹਨ ? ॥੧੫॥

**ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥**

ਫਰੀਦ (ਜੀ ਆਖਦੇ ਹਨ, ਹੇ ਬੰਦੇ !) ਜੇ ਤੂੰ ਸਾਰਿਆਂ ਦੇ ਮਾਲਕ (ਨੂੰ ਮਿਲਣਾ) ਚਾਹੁੰਦਾ ਹੈ, ਤਾਂ [ਪਵਾਹੀ] ਪਹੇ (ਰਸਤੇ) ਦੇ ਘਾਹ ਵਾਂਗ [ਥੀਉ] ਹੋ ਜਾਹ।

SIKHBOOKCLUB.COM

**ਇਕੁ ਛਿਜਹਿ ਬਿਆ ਲਤਾੜੀਅਹਿ ॥ ਤਾਂ ਸਾਈ ਦੈ ਦਰਿ ਵਾੜੀਅਹਿ ॥੧੬॥**

ਇਕ ਟੁਟ ਜਾਵੇ ਅਤੇ ਦੂਜੇ ਪਾਸੇ ਲਤਾੜਿਆ ਜਾਵੇ ਤਾਂ ਮਾਲਕ ਦੇ ਦਰਬਾਰ ਵਿਚ ਜਾਵੇਂਗਾ ॥੧੬॥

**ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥**

ਫਰੀਦ (ਜੀ ਆਖਦੇ ਹਨ) ਮਿੱਟੀ ਨੂੰ ਬੁਰਾ ਨਾ ਆਖੋ, ਮਿੱਟੀ ਜੇਡਾ ਹੋਰ ਕੋਈ ਨਹੀਂ ਹੈ।

**ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥੧੭॥**

ਜੋ ਜੀਉਂਦਿਆਂ ਦੇ ਪੈਰਾਂ ਹੇਠ (ਰਹਿੰਦੀ ਹੈ) ਅਤੇ ਮੋਇਆਂ ਦੇ ਉਤੇ (ਸਵਾਰ) ਹੋ ਜਾਂਦੀ ਹੈ ॥੧੭॥

**ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥**

ਫਰੀਦ (ਜੀ ਆਖਦੇ ਹਨ) ਜੇ ਲੋਭ ਹੈ ਤਾਂ ਪਰੇਮ ਕਾਹਦਾ ? ਲੋਭ ਹੈ ਤਾਂ ਪ੍ਰੇਮ ਝੂਠਾ ਹੈ।

**ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥**

ਟੁੱਟੇ ਛੱਪਰ ਹੇਠਾਂ ਮੀਂਹ ਵਿਚ ਵਸਦੇ ਕਿੰਨਾ ਕੁ ਸਮਾਂ ਬਿਤਾਵਾਂਗੇ ॥੧੮॥

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥**

ਫਰੀਦ (ਜੀ ਆਖਦੇ ਹਨ, ਹੇ ਭਾਈ !) ਜੰਗਲ ਜੰਗਲ ਵਿਚ ਕਿਉਂ ਕੰਡੇਲੇ ਦਰੱਖ਼ਤਾਂ ਨੂੰ ਮਰੋੜਦਾ ਫਿਰਦਾ ਹੈਂ ?

**ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥**

ਰੱਬ ਤਾਂ ਹਿਰਦੇ ਵਿਚ ਵਸਦਾ ਹੈ, ਤੂੰ ਜੰਗਲ ਵਿਚ ਕੀ ਢੂੰਢਦਾ ਹੈਂ ? ॥੧੯॥

**ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥**

ਫਰੀਦਾ ਇਨ੍ਹਾਂ ਨਿੱਕੀਆਂ ਲੱਤਾਂ ਨਾਲ ਮਾਰੂ ਥਲੇ ਦੇਸ਼ ਤੇ ਪਹਾੜੀ ਮੁਲਕ ਫਿਰ ਆਇਆ ਹੈਂ ।

**ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥੨੦॥**

(ਬੁਢੇਪੇ ਵੇਲੇ) ਅੱਜ ਤਾਂ ਫਰੀਦ ਨੂੰ ਕੁੱਜਾ ਭੀ ਸੈਂਕੜੇ ਕੋਹਾਂ ਤੇ ਦੂਰ ਪਿਆ ਮਾਲੂਮ ਹੁੰਦਾ ਹੈ ॥੨੦॥

**ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥**

ਫਰੀਦ (ਜੀ ਆਖਦੇ ਹਨ, ਸਿਆਲਾਂ ਦੀਆਂ) ਰਾਤਾਂ ਵਡੀਆਂ ਹਨ, ਪਾਸੇ ਧੁਖ ਧੁਖ ਉੱਠਦੇ ਹਨ।

**ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ ॥੨੧॥**

ਉਨ੍ਹਾਂ ਦੇ ਜੀਊਣ ਨੂੰ ਧ੍ਰਿਕਾਰ ਹੈ, ਜਿਨ੍ਹਾਂ ਨੂੰ ਹੋਰਨਾਂ ਦੀ ਆਸ ਹੈ ॥੨੧॥

**ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ ॥**

ਫਰੀਦ (ਜੀ ਆਖਦੇ ਹਨ, ਹੇ) ਮਿੱਤਰ ! ਜੇ (ਤੇਰੇ) ਆਇਆਂ ਮੈਂ ਕੁਝ [ਵਾਰਿਆ] ਲੁਕਾਇਆ ਹੁੰਦਾ।

**ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ॥੨੨॥**

(ਤਾਂ ਮੇਰਾ) [ਹੇੜਾ] ਸਰੀਰ ਮਜੀਠ ਵਰਗੇ (ਲਾਲ) ਅਗਿਆਰਾਂ ਉਤੇ ਸੜੇ ॥੨੨॥

**ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥**

ਫਰੀਦ (ਜੀ ਆਖਦੇ ਹਨ) ਜੱਟ ਕਿਕਰ ਬੀਜਦਾ ਹੈ, ਅਤੇ ਬਿਜੌੜ ਦੇਸ਼ ਦੀਆਂ ਦਾਖਾਂ ਚਾਹੁੰਦਾ ਹੈ।

**ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥੨੩॥**

ਕਤਾਉਂਦਾ ਉੱਨ ਫਿਰਦਾ ਹੈ, ਅਤੇ ਪੱਟ ਪਹਿਨਿਆ ਚਾਹੁੰਦਾ ਹੈ ॥੨੩॥

**ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥**

ਫਰੀਦ (ਜੀ ਆਖਦੇ ਹਨ) ਗਲੀਆਂ ਵਿਚ ਚਿੱਕੜ ਹੈ, ਪਿਆਰੇ ਦਾ ਘਰ ਭੀ ਦੂਰ ਹੈ, (ਅਤੇ ਮੇਰਾ ਉਸ) ਨਾਲ ਪਿਆਰ ਹੈ ।

**ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥੨੪॥**

ਜੇ ਜਾਵਾਂ ਤਾਂ ਕੰਬਲ ਭਿੱਜ ਜਾਵੇਗਾ, ਜੇ ਨਾ ਜਾਵਾਂ ਤਾਂ ਪਿਆਰ ਟੁਟ ਜਾਵੇਗਾ ॥੨੪॥

**ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥**

(ਓਹ ਜਾਣੇ ਭਾਵੇਂ) ਕੰਬਲੀ ਭਿੱਜ ਜਾਵੇ ਅਤੇ ਅੱਲਾ ਦਾ ਮੀਂਹ ਭੀ ਵਸਦਾ ਰਹੇ ।

**ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥੨੫॥**

Sri Satguru Jagjit Singh Ji eLibrary NamdhariElibrary@gmail.com

(ਪਰ ਮੈਂ ਤਾਂ) ਉਨ੍ਹਾਂ ਸੱਜਣਾਂ ਨੂੰ (ਜ਼ਰੂਰ ਜਾ ਕੇ) ਮਿਲਾਂਗਾ (ਕਿਉਂ ਜੁ ਮੇਰਾ) ਪਿਆਰ ਨਾ ਟੁੱਟ ਜਾਵੇ ॥੨੫॥

**ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥**

ਫਰੀਦ (ਜੀ ਆਖਦੇ ਹਨ) ਮੈਨੂੰ ਪੱਗ ਦਾ ਭੁਲਾਵਾ ਹੈ; ਕਿਤੇ ਮੈਲੀ ਨਾ ਹੋ ਜਾਵੇ ॥

**ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥੨੬॥**

ਗਾਫਲ ਜੀਵ ਨਹੀਂ ਜਾਣਦਾ (ਕਿ ਇਕ ਦਿਨ) ਸਿਰ ਨੂੰ ਭੀ ਮਿੱਟੀ ਖਾ ਜਾਏਗੀ ॥੨੬॥

**ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥**

ਫਰੀਦ (ਜੀ ਆਖਦੇ ਹਨ) ਸ਼ੱਕਰ, ਖੰਡ [ਨਿਵਾਤ] ਮਿਸ਼ਰੀ, ਗੁੜ, ਸ਼ਹਿਤ ਤੇ ਮਾਝਾ ਦੁੱਧ।

**ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥੨੭॥**

(ਭਾਵੇਂ ਇਹ) ਸਾਰੀਆਂ ਚੀਜ਼ਾਂ ਮਿੱਠੀਆਂ ਹਨ, (ਪਰ ਹੇ) ਰੱਬ! ਤੇਰੀ (ਮਿਠਾਸ ਦੇ) ਬਰਾਬਰ ਨਹੀਂ (ਹਨ) ॥੨੭॥

**ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥**

ਫਰੀਦ (ਜੀ ਆਖਦੇ ਹਨ) ਕਾਠ ਦੀ (ਤਰ੍ਹਾਂ ਸੁੱਕੀ ਹੋਈ) ਮੇਰੀ ਰੋਟੀ ਹੈ, ਅਤੇ ਭੁੱਖ ਹੀ [ਲਾਵਣ] ਦਾਲ ਭਾਜੀ ਹੈ।

SIKHBOOKCLUB.COM

**ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥੨੮॥**

ਜਿਨ੍ਹਾਂ ਨੇ ਚੋਪੜੀ (ਹੋਈ ਰੋਟੀ) ਖਾਧੀ ਹੈ, ਉਹ ਬਹੁਤੇ ਦੁਖ ਭੋਗਣਗੇ ॥੨੮॥

**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥**

ਰੁੱਖੀ ਸੁੱਕੀ ਰੋਟੀ ਖਾ ਕੇ (ਉਪਰੋਂ) ਠੰਢਾ ਪਾਣੀ ਪੀ ਲੈ।

**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥**

ਹੇ ਫਰੀਦ! ਬਿਗਾਨੀ ਚੋਪੜੀ ਵੇਖ ਕੇ ਦਿਲ ਨੂੰ ਨਾ ਤਰਸਾਉ ॥੨੯॥

**ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥**

ਮੈਂ ਅੱਜ ਹੀ ਪਤੀ ਨਾਲ ਨਹੀਂ ਸੁਤੀ, ਮੇਰੇ ਅੰਗ [ਮੁੜੇ] ਮੁਰਝਾਏ ਹੋਏ ਹਨ, (ਅਰਥਾਤ ਅੱਜ ਇਲਾਹੀ ਯਾਦ ਵਿਚ ਰਾਤ ਨਹੀਂ ਬਿਤਾਈ ਦਿਲ ਪ੍ਰਸੰਨ ਨਹੀਂ ਹੈ)।

**ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥੩੦॥**

ਦੁਹਾਗਣੀਆਂ ਕੋਲੋਂ ਜਾ ਕੇ ਪੁਛੋ, ਤੁਹਾਡੀ ਰਾਤ ਕਿਵੇਂ ਬੀਤਦੀ ਹੈ ? (ਭਜਨ ਤੋਂ ਹੀਨਿਆਂ ਕੋਲੋਂ ਪੁਛੋ ਕਿ ਤੁਹਾਡੀ ਜ਼ਿੰਦਗੀ ਕਿਵੇਂ ਸੁਖ ਪੂਰਬਕ ਬੀਤਦੀ ਹੈ) ॥੩੦॥

**ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ॥**

ਸੌਹਰੇ (ਘਰ) ਜਾਣਾ ਨਹੀਂ ਮਿਲਦਾ ਅਤੇ ਪੇਕੇ ਘਰ ਟਿਕਾਣਾ ਨਹੀਂ ਹੈ।

**ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥੩੧॥**

ਪਤੀ (ਨੇ ਕਦੇ) ਗੱਲ ਭੀ ਨਹੀਂ ਪੁਛੀ, (ਅਜੇਹੀ) ਇਸਤ੍ਰੀ ਸੁਹਾਗਨਿ ਨਾਮ (ਕਹਾ ਸਕਦੀ ਹੈ ?) ॥੩੧॥

**ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥**

(ਜੋ) ਸਾਹੁਰੇ ਤੇ ਪੇਕੇ (ਘਰ ਰਹਿੰਦੀ ਹੋਈ) ਪਤੀ ਦੀ (ਆਗਿਆ ਸਿਰ ਧਰ ਚਲਦੀ ਹੈ) ਅਤੇ ਪਤੀ ਨੂੰ ਅਗੰਮ ਤੇ ਅਥਾਹ (ਮੰਨਦੀ ਹੈ)।

**ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ ॥੩੨॥**

(ਏਹ ਕੰਮ ਕਰਦਿਆਂ) ਜੋ ਬੇਪਰਵਾਹ (ਮਾਲਕ ਨੂੰ) ਭਾ ਗਈ ਹੈ, ਸਤਿਗੁਰੂ (ਜੀ ਆਖਦੇ ਹਨ) ਉਹ ਸੁਹਾਗਣੀ ਹੈ (ਏਹ ਮਹਾਂਵਾਕ ਗੁਰੂ ਨਾਨਕ ਦੇਵ ਜੀ ਦਾ ਹੈ, ਆਪ ਜੀ ਨੇ ਫਰੀਦ ਜੀ ਦੇ ਉਪਰਲੇ ਖਿਆਲ ਦੀ ਦਰੁਸਤੀ ਕੀਤੀ ਹੈ) ॥੩੨॥

**ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥**

ਨ੍ਹਾ ਧੋ ਕੇ (ਸੰਬਹੀ) ਸ਼ਿੰਗਾਰ ਕਰ ਲਿਆ ਤੇ ਫਿਰ ਬੇ-ਫਿਕਰ ਹੋ ਕੇ ਮੈਂ ਗਈ (ਪਤੀ ਦਾ ਖਿਆਲ ਹੀ ਮਨੋਂ ਭੁਲਾ ਦਿੱਤਾ)।

**ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥੩੩॥**

ਫਰੀਦ (ਜੀ ਆਖਦੇ ਹਨ ਭਗਤੀ ਰੂਪ) ਕਸਤੂਰੀ ਦੀ ਵਾਸ਼ਨਾ (ਤੋਂ ਵਾਂਜੀ) ਗਈ ਅਤੇ (ਹੰਕਾਰ ਰੂਪ) ਹਿੰਙ (ਦੀ ਬੂ ਵਿਚ) ਘਿਰੀ ਰਹੀ ਹੈ ॥੩੩॥

**ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥**

ਜੇ ਪਿਆਰੇ ਨਾਲੋਂ ਪ੍ਰੀਤ ਨਾ ਟੁਟੇ ਤਾਂ ਮੈਨੂੰ ਜੁਆਨੀ ਦੇ ਜਾਣ ਦਾ ਡਰ ਨਹੀਂ ਹੈ।

**ਫਰੀਦਾ ਕਿਤੀਂ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥੩੪॥**

ਫਰੀਦ (ਜੀ ਆਖਦੇ ਹਨ) ਇਸ ਪ੍ਰੀਤ ਤੋਂ ਬਿਨਾਂ ਅੱਗੇ ਕਿੰਨੇ ਹੀ ਜੋਬਨ ਸੁਕ-ਸੜ ਗਏ ਹਨ ॥੩੪॥

**ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥**

ਫਰੀਦ (ਜੀ ਆਖਦੇ ਹਨ) ਚਿੰਤਾ ਦੀ ਮੰਜੀ ਦੁੱਖਾਂ ਦੇ ਵਾਣ (ਨਾਲ ਉਣੀ ਹੋਈ ਹੈ ਅਤੇ) ਵਿਛੋੜੇ (ਦਾ ਉਪਰ) ਵਿਛੌਣ ਦਾ ਲੇਫ (ਪਿਆ ਹੈ)।

**ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥੩੫॥**

ਏਹ ਸਾਡਾ ਜੀਊਣਾ ਹੈ, ਹੇ ਸੱਚੇ ਮਾਲਕ! ਤੂੰ (ਜ਼ਰਾ) ਧਿਆਨ ਤਾਂ ਕਰ ॥੩੫॥

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥**

ਬਿਰਹੋਂ ਬਿਰਹੋਂ (ਤਾਂ ਸਾਰੇ) ਆਖਦੇ ਹਨ, (ਪਰ ਹੇ) ਬਿਰਹੋਂ! ਤੂੰ ਰਾਜਾ ਹੈਂ।

Sri Satguru Jagjit Singh Ji eLibrary NamdhariElibrary@gmail.com

**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥੩੬॥**

ਫਰੀਦਾ ਜਿਸ ਸਰੀਰ ਵਿਚ ਪ੍ਰੇਮ ਪੈਦਾ ਨਹੀਂ ਹੁੰਦਾ, ਉਸ ਸਰੀਰ ਨੂੰ ਮੁਰਦਾ-ਘਾਟ ਸਮਝ ॥੩੬॥

**ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥**

ਫਰੀਦ (ਜੀ ਆਖਦੇ ਹਨ) ਏਹ (ਸੰਸਾਰਕ ਵਿਸ਼ੇ) ਜ਼ਹਿਰ ਦੀਆਂ ਗੰਦਲਾਂ ਹਨ ਉਪਰ ਖੰਡ ਗਲੇਫੀ ਹੋਈ ਹੈ।

**ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥੩੭॥**

ਇਕ (ਆਦਮੀ) (ਰਾਹੇਦੇ) ਬੀਜਦੇ (ਇਨ੍ਹਾਂ ਦੀਆਂ ਵਿਉਂਤਾਂ ਸੋਚਦੇ) ਮਰ ਗਏ ਹਨ, ਅਤੇ ਇਕ (ਆਦਮੀ) [ਰਾਧੀ] ਬੀਜੀ ਹੋਈ (ਵਿਸ਼ੇ ਪ੍ਰਾਪਤ ਕਰਕੇ) [ਉਜਾੜਿ] ਮਸਾਣਾਂ ਨੂੰ ਚਲੇ ਗਏ ਹਨ ॥੩੭॥

**ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥**

ਫਰੀਦ (ਜੀ ਆਖਦੇ ਹਨ, ਹੇ ਭਾਈ! ਤੂੰ) ਚਾਰ (ਪਹਿਰ ਦਿਨ) ਫਿਰ ਕੇ ਬਿਤਾ ਦਿੱਤਾ ਹੈ ਅਤੇ ਚਾਰ (ਪਹਿਰ ਰਾਤ) ਸੌਂ ਕੇ ਲੰਘਾ ਦਿੱਤੀ ਹੈ।

**ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥੩੮॥**

(ਤੈਥੋਂ) ਰੱਬ ਲੇਖਾ ਮੰਗੇਗਾ, ਕਿ ਤੂੰ ਕੇਹੜੇ ਕੰਮ ਲਈ ਇਥੇ ਆਇਆ ਸੈਂ? ॥੩੮॥

**ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥**

ਫਰੀਦ (ਜੀ ਆਖਦੇ ਹਨ) ਕਿਉਂ ਭਈ! (ਕਿਲ੍ਹੇ ਦੇ) ਦਰਵਾਜ਼ੇ ਵਿਚ ਜਾ ਕੇ ਘੜਿਆਲ ਵੇਖਿਆ ਹਈ?

**ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥੩੯॥**

ਉਸ ਬੇਗੁਨਾਹੇ ਨੂੰ ਮਾਰ ਪੈਂਦੀ ਹੈ, ਅਸਾਂ ਗੁਨਾਹੀਆਂ ਦਾ ਕੀ ਹਾਲ (ਹੋਵੇਗਾ)? ॥੩੯॥

**ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ ॥**

ਘੜੀ-ਘੜੀ ਮਗਰੋਂ ਮਾਰ ਖਾਂਦਾ ਹੈ ਅਤੇ ਪਹਰ ਪਿਛੋਂ ਤਕੜੀ ਸਜ਼ਾ ਲੈਂਦਾ ਹੈ,

**ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ ॥੪੦॥**

ਉਸੇ ਘੜਿਆਲ ਵਾਂਗ (ਮੇਰਾ) ਸਰੀਰ (ਭੀ) ਦੁੱਖਾਂ ਵਿਚ ਰਾਤ ਬਿਤਾਉਂਦਾ ਹੈ ॥੪੦॥

**ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥**

ਸ਼ੇਖ ਫਰੀਦ ਬੁੱਢਾ ਹੋ ਗਿਆ ਹੈ, ਦੇਹ ਕੰਬਣ ਲਗ ਪਈ ਹੈ।

**ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥੪੧॥**

ਜੇ ਸੌ ਵਰ੍ਹਿਆਂ (ਤਕ ਭੀ) ਜੀਉਂਦੇ (ਰਹੀਏ, ਤਾਂ) ਭੀ (ਅੰਤ ਨੂੰ) ਸਰੀਰ ਮਿੱਟੀ ਹੀ ਹੋਵੇਗਾ ॥੪੧॥

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥**

ਫਰੀਦ (ਜੀ ਆਖਦੇ ਹਨ, ਹੇ ਮਾਲਕਾ! ਮੈਨੂੰ) ਆਪਣੇ ਦਰ ਤੋਂ (ਬਿਨਾਂ) ਦੂਜੇ ਦੇ ਬੂਹੇ ਤੇ ਬੈਠਣ ਦਾ

Sri Satguru Jagjit Singh Ji eLibrary NamdhariElibrary@gmail.com

(ਦਿਨ) ਨਾ ਦੇਵੀਂ।

**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥੪੨॥**

ਜੇ ਤੂੰ ਇਉਂ ਰਖੇ (ਤਾਂ ਵਾਹਵਾ! ਨਹੀਂ ਤਾਂ) ਸਰੀਰ ਵਿਚੋਂ ਜਾਨ ਕੱਢ ਲੈ ॥੪੨॥

**ਉਥਾਨਕਾ**—ਫਰੀਦ ਜੀ ਤਪ ਕਰਦੇ-ਕਰਦੇ ਸੁੱਕ ਕੇ ਲੱਕੜ ਵਾਂਗ ਹੋ ਗਏ। ਇਕ ਲੁਹਾਰ ਨੇ ਮੂੰਹ ਹਨੇਰੇ ਹੀ ਆ ਕੇ ਇਨ੍ਹਾਂ ਨੂੰ ਸੁੱਕਾ ਦਰਖਤ ਸਮਝ ਕੇ ਕੁਹਾੜੇ ਨਾਲ ਠਕੋਰਿਆ, ਕਿ ਭੂੜੀ ਲੱਕੜ ਹੋਊ ਤਾਂ ਡਿਗ ਪਊ ਉਸ ਵੇਲੇ ਆਪ ਨੇ ਉਚਾਰਿਆ—

**ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥**

ਹੇ ਲੁਹਾਰ! (ਤੂੰ) ਮੋਢੇ ਉਤੇ ਕੁਹਾੜਾ ਤੇ ਸਿਰ ਉਤੇ (ਪਾਣੀ ਦਾ) ਘੜਾ (ਚੁਕ ਕੇ) ਜੰਗਲ ਦੇ ਸਿਰ (ਉਤੇ ਖੜਾ ਹੋਇਆ ਹੈਂ)।

**ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥੪੩॥**

ਫਰੀਦ (ਜੀ ਆਖਦੇ ਹਨ) ਮੈਂ ਆਪਣੇ ਪਤੀ (ਦਾ ਮਿਲਾਪ) ਚਾਹੁੰਦਾ ਹਾਂ ਤੇ ਤੂੰ (ਮੈਨੂੰ ਸੁੱਕੀ ਲੱਕੜ ਸਮਝ ਕੇ ਮੇਰੇ ਸਰੀਰ ਦੇ) ਕੋਲੇ ਕੀਤੇ ਚਾਹੁੰਦਾ ਹੈਂ ॥੪੩॥

**ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥**

ਫਰੀਦ (ਜੀ ਆਖਦੇ ਹਨ) ਇਕਨਾਂ (ਦੇ ਘਰ) ਬਹੁਤ ਸਾਰਾ ਆਟਾ ਹੈ, ਅਤੇ ਇਕਨਾਂ (ਦੇ ਘਰ) ਲੂਣ ਭੀ ਨਹੀਂ ਹੈ।

SIKHBOOKCLUB.COM

**ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥੪੪॥**

(ਏਹ) ਪਛਾਣ ਤਾਂ ਅੱਗੇ ਗਿਆਂ ਹੋਵੇਗੀ, (ਜੋ ਇਨ੍ਹਾਂ ਵਿਚੋਂ) ਮਾਰ ਕੌਣ ਖਾਂਦਾ ਹੈ ॥੪੪॥

**ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥**

(ਜਿਨ੍ਹਾਂ ਦੇ ਬੂਹੇ ਤੇ) ਭੇਰੀਆਂ ਤੇ ਧੌਂਸੇ (ਵਜਦੇ ਸਨ), ਸਿਰ (ਉਤੇ) ਛਤਰ (ਝੂਲਦੇ ਸਨ, ਅਤੇ) ਕੋਲ (ਖਲੋਤੇ) [ਰਡ] ਭੱਟ [ਸਡੋ] ਉਸਤਤਿ ਗਾਉਂਦੇ ਸਨ।

**ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥੪੫॥**

(ਉਹ ਭੀ) [ਜੀਰਾਣ] ਮਸਾਣਾਂ ਵਿਚ ਜਾ ਸੁਤੇ ਹਨ ਯਤੀਮਾਂ (ਵਾਂਗ ਜ਼ਿਮੀ ਵਿਚ) ਦੱਬੇ ਗਏ ਹਨ ॥੪੫॥

**ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥**

ਫਰੀਦ (ਜੀ ਆਖਦੇ ਹਨ) ਕੋਠੇ, ਮਹਲ ਤੇ ਅਟਾਰੀਆਂ ਬਣਵਾਏ ਸਨ, (ਉਹ) ਚਲੇ ਗਏ ਹਨ।

**ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥੪੬॥**

ਝੂਠਾ ਬਪਾਰ (ਕਰਕੇ ਰੂਹ ਨਰਕਾਂ ਵਿਚ) ਗਏ ਹਨ ਤੇ ਸਰੀਰ ਕਬਰਾਂ ਵਿਚ ਆ ਪਏ ਹਨ ॥੪੬॥

**ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ॥**

ਫਰੀਦ (ਜੀ ਆਖਦੇ ਹਨ) ਗੋਦੜੀ (ਦੀ ਮਜਬੂਤੀ ਲਈ) ਬਹੁਤੇ ਕਿੱਲ (ਤਰੋਪੇ ਲਗੇ ਹੋਏ ਹਨ, ਅਤੇ) ਜਿੰਦ ਨੂੰ ਕੋਈ ਕਿੱਲ (ਕੋਕਾ) ਨਹੀਂ (ਲੱਗਾ ਹੋਇਆ)।

**ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥੪੭॥**

ਸ਼ੇਖ ਤੇ ਮਸਾਇਕ (ਆਦਿਕ ਸਭ) ਆਪੋ ਆਪਣੀ ਵਾਰੀ ਨਾਲ ਚਲੇ ਜਾਣਗੇ ॥੪੭॥

**ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥**

ਫਰੀਦ (ਜੀ ਆਖਦੇ ਹਨ, ਅੱਖਾਂ ਰੂਪ) ਦੋਹਾਂ ਦੀਵਿਆਂ ਦੇ ਬਲਦਿਆਂ ਕਾਲ ਆ ਬੈਠਦਾ ਹੈ।

**ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥੪੮॥**

(ਸਰੀਰ ਰੂਪ) ਕਿਲ੍ਹਾ (ਉਸਨੇ ਫਤਹ ਕਰ ਲਿਆ) ਅੰਤਹ ਕਰਨ ਨੂੰ ਲੁਟ ਲਿਆ (ਅਤੇ ਜਾਂਦੀ ਵੇਰੀ) ਦੀਵੇ ਭੀ ਬੁਝਾ ਗਿਆ ॥੪੮॥

**ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥**

ਫਰੀਦ (ਜੀ ਆਖਦੇ ਹਨ, ਹੇ ਭਾਈ!) ਵੇਖੋ, ਜੋ ਕਪਾਹ (ਨਾਲ) ਹੋਇਆ ਹੈ ਅਤੇ ਜੋ ਤਿਲਾਂ ਦੇ ਸਿਰ ਤੇ ਬੀਤਦੀ ਹੈ।

**ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥**

ਕਮਾਦ, ਕਾਗਤ, ਕਾਹੜਨੀ ਅਤੇ ਕੋਲਿਆਂ (ਨਾਲ ਜੋ ਹੁੰਦੀ ਹੈ)।

**ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥**

(ਜੋ) ਬੁਰੇ ਕਰਮ ਕਰਦੇ ਹਨ, ਉਨ੍ਹਾਂ ਨੂੰ ਭੀ ਏਹੋ ਸਜ਼ਾ ਮਿਲੇਗੀ ॥੪੯॥

**ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥**

ਫਰੀਦ (ਜੀ ਆਖਦੇ ਹਨ) ਮੋਢੇ ਤੇ ਮੁਸੱਲਾ ਹੈ, ਗਲ ਵਿਚ [ਸੂਫੁ] ਖਫਣੀ, [ਵਾਤਿ] ਮੂੰਹੋਂ ਗੁੜ (ਵਾਂਗ ਮਿੱਠਾ ਬੋਲਦਾ ਹੈ, ਪਰ) ਦਿਲ ਵਿਚ ਛੁਰੀ ਹੈ।

**ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥੫੦॥**

ਬਾਹਰੋਂ ਤਾਂ ਚਾਨਣ ਦਿਸਦਾ ਹੈ, ਪਰ ਦਿਲ ਸ਼ਾਹ ਕਾਲਾ ਹੈ ॥੫੦॥

**ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥**

ਜੇ (ਕੋਈ) ਫਰੀਦ ਦੇ ਸਰੀਰ ਨੂੰ ਚੀਰੇ (ਤਾਂ ਵਿਚੋਂ) ਰੱਤੀ ਭਰ ਵੀ ਰਤ ਨਾ ਨਿਕਲੇਗੀ।

**ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥੫੧॥**

(ਕਿਉਂਕਿ) ਜੋ ਸਰੀਰ ਰੱਬ (ਦੇ ਨਾਮ) ਨਾਲ ਰੰਗੇ (ਹੋਏ ਹਨ) ਉਨ੍ਹਾਂ ਦੇ ਸਰੀਰਾਂ ਵਿਚ ਲਹੂ ਨਹੀਂ ਹੁੰਦਾ ॥੫੧॥ ਫਰੀਦ ਜੀ ਦੇ ਇਸ ਕਥਨ ਦਾ ਭਾਵ ਤੀਜੇ ਸਤਿਗੁਰੂ ਜੀ ਸਪਸ਼ਟ ਕਰਦੇ ਹਨ)—

**ਮः ੩ ॥ ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥**

ਇਹ ਸਰੀਰ ਸਾਰਾ ਹੀ ਲਹੂ ਹੈ, ਲਹੂ ਤੋਂ ਬਿਨਾਂ ਸਰੀਰ ਹੋ ਹੀ ਨਹੀਂ ਸਕਦਾ।

**ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥**

ਜੋ ਆਪਣੇ ਪਿਆਰੇ ਨਾਲ ਰੱਤੇ (ਗਏ ਹਨ) ਉਨ੍ਹਾਂ ਦੇ ਸਰੀਰ ਵਿਚ ਲੋਭ ਰੂਪ ਲਹੂ ਨਹੀਂ ਹੁੰਦਾ।

**ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥**

(ਪਿਆਰੇ ਦੇ) ਡਰ ਹੋਇਆਂ ਸਰੀਰ ਮਾੜਾ ਹੋ (ਜਾਂਦਾ ਹੈ, ਅਤੇ ਮਨ ਵਿਚੋਂ ਲੋਭ (ਰੂਪ) ਲਹੂ (ਸੁਕ) ਜਾਂਦਾ ਹੈ।

**ਜਿਉ ਬੈਸੰਤਰਿ ਧਾਤੁ ਸੁਧੁ ਹੋਇ**
**ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥**

ਜਿਵੇਂ ਅੱਗ ਵਿਚ ਪੈ ਕੇ ਧਾਤੂ ਸ਼ੁਧ ਹੋ ਜਾਂਦੀ ਹੈ, ਤਿਵੇਂ ਹੀ ਹਰੀ ਦਾ ਡਰ ਖੋਟੀ ਮਤ ਰੂਪ ਮੈਲ ਨੂੰ ਨਾਸ ਕਰ ਦੇਂਦਾ ਹੈ।

**ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥੫੨॥**

ਸਤਿਗੁਰੂ (ਜੀ ਆਖਦੇ ਹਨ) ਉਹ ਪੁਰਸ਼ ਸੋਹਣੇ ਹਨ, ਜੇਹੜੇ ਹਰੀ ਦੇ ਗੂੜ੍ਹੇ ਪ੍ਰੇਮ ਵਿਚ ਰੱਤੇ ਗਏ ਹਨ ॥੫੨॥

**ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥**

ਫਰੀਦ (ਜੀ ਆਖਦੇ ਹਨ) ਉਸ (ਸਤਿਸੰਗ ਰੂਪ) ਤਲਾਉ ਨੂੰ ਲਭ ਲਵੋ, ਜਿਥੋਂ (ਆਤਮਕ ਸੁਖ ਰੂਪ) ਵਸਤੂ ਲਭ ਪਵੇ।

**ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥੫੩॥**

(ਕੁਸੰਗਤ ਰੂਪ) ਛਪੜ ਨੂੰ ਢੂੰਢਿਆਂ ਕੀ (ਪ੍ਰਾਪਤ) ਹੋਣਾ ਹੈ ? (ਵਿਕਾਰਾਂ ਰੂਪ) ਚਿੱਕੜ (ਵਿਚ ਮਨ ਰੂਪ) ਹੱਥ ਹੀ ਡੁਬ ਜਾਵੇਗਾ ॥੫੩॥

**ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥**

ਫਰੀਦ (ਜੀ ਆਖਦੇ ਹਨ, ਜਿਸ ਨੇ) ਜੁਆਨੀ ਵਿਚ ਪਤੀ ਦਾ ਅਨੰਦ ਨਹੀਂ ਲਿਆ ਤੇ ਵੱਡੀ ਹੋ ਕੇ ਮਰ ਗਈ।

**ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥੫੪॥**

ਉਹ ਇਸਤ੍ਰੀ ਕਬਰ ਵਿਚ ਪਈ ਪੁਕਾਰਦੀ ਹੈ (ਕਿ ਪ੍ਰਮਾਤਮ ਦੇਵ) ਪਿਤਾ (ਮੈਨੂੰ) ਮਿਲਿਆ ਹੀ ਨਹੀਂ ਹੈ ॥੫੪॥

**ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥**

ਫਰੀਦ (ਜੀ ਆਖਦੇ ਹਨ) ਸਿਰ [ਪਲਿਆ] ਚਿੱਟਾ ਹੋ ਗਿਆ ਹੈ, ਦਾੜ੍ਹੀ ਸਫੈਦ ਹੋ ਗਈ ਹੈ ਅਤੇ ਮੁੱਛਾਂ ਭੀ ਚਿੱਟੀਆਂ ਹੋ ਗਈਆਂ ਹਨ।

**ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥੫੫॥**

ਹੇ ਗਾਫਲ ਤੇ ਬੌਰੇ ਮਨ! ਤੂੰ ਖੁਸ਼ੀਆਂ ਕੀ ਮਾਣਦਾ ਹੈਂ ? ॥੫੫॥

**ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥**

ਫਰੀਦ (ਜੀ ਆਖਦੇ ਹਨ, ਹੇ) ਪਿਆਰੇ! ਨੀਂਦ ਤਾਂ ਖੋਹਲ, ਕੋਠੇ ਉਤੇ ਕਿੰਨੀ ਕੁ [ਧੁਕਣੁ] ਦੌੜ ਹੋ ਸਕੇਗੀ ?

**ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ ॥੫੬॥**

ਜੇਹੜੇ ਗਿਣਤੀ ਦੇ ਦਿਨ ਮਿਲੇ ਸਨ, ਉਹ [ਵਿਲਾੜਿ] ਖਲੇ [ਵਿਲਾੜਿ] ਖਲੋਤਿਆਂ (ਹੀ ਲੰਘ) ਗਏ ਹਨ ॥੫੬॥

**ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥**

ਫਰੀਦ ਜੀ (ਆਖਦੇ ਹਨ) ਕੋਠੇ, ਮਹੱਲ ਤੇ ਅਟਾਰੀਆਂ ਨਾਲ ਚਿੱਤ ਨਾ ਲਾਓ।

**ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥੫੭॥**

(ਜਦੋਂ ਕਬਰ ਵਿਚ ਪਏ ਉਤੇ) ਅਨਤੋਲੀ ਮਿੱਟੀ ਪਵੇਗੀ, (ਓਦੋਂ ਤੇਰਾ) ਕੋਈ ਭੀ ਮਿੱਤਰ ਨਹੀਂ ਹੋਵੇਗਾ ॥੫੭॥

**ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥**

ਫਰੀਦ (ਜੀ ਆਖਦੇ ਹਨ, ਹੇ ਭਾਈ!) ਰੰਗ ਮਹਲ ਤੇ ਦੌਲਤ ਨਾਲ ਚਿੱਤ ਨਾ ਲਾ ਅਤੇ [ਸਤਾਣੀ] ਬਲਵਾਨ [ਮਰਗ] ਮੌਤ ਨੂੰ ਯਾਦ ਰੱਖ।

**ਸਾਈ ਜਾਇ ਸਮ੍ਹਾਲਿ ਜਿਥੈ ਹੀ ਤਉ ਵੰਞਣਾ ॥੫੮॥**

ਜਿਥੇ ਤੂੰ [ਵੰਞਣਾ] ਜਾਣਾ ਹੈ, ਉਸ ਜਗ੍ਹਾਂ ਨੂੰ ਯਾਦ ਕਰ ॥੫੮॥

**ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥**

ਫਰੀਦ (ਜੀ ਆਖਦੇ ਹਨ) ਜਿਨ੍ਹਾਂ ਕੰਮਾਂ ਦਾ ਕੋਈ ਗੁਣ ਨਹੀਂ ਹੈ, ਉਨ੍ਹਾਂ ਕੰਮਾਂ (ਨੂੰ ਮਨੋਂ ਹੀ) ਭੁਲਾ ਦੇਹ।

**ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥੫੯॥**

(ਵੇਖੀਂ) ਕਿਤੇ ਮਾਲਕ ਦੇ ਦਰਬਾਰ ਵਿਚ ਸ਼ਰਮਿੰਦਾ ਨਾ ਹੋਵੀਂ ॥੫੯॥

**ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥**

ਫਰੀਦ (ਜੀ ਆਖਦੇ ਹਨ) ਦਿਲ ਦਾ [ਭਰਾਂਦਿ] ਭਰਮ ਹਟਾ ਕੇ ਮਾਲਕ ਦੀ ਨੌਕਰੀ (ਸੇਵਾ) ਕਰ।

**ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥੬੦॥**

ਫਕੀਰਾਂ ਨੂੰ ਦਰੱਖਤਾਂ ਵਰਗਾ [ਜੀਰਾਂਦਿ] ਜਿਗਰਾ (ਸਬਰ) ਚਾਹੀਦਾ ਹੈ ॥੬੦॥

Sri Satguru Jagjit Singh Ji eLibrary NamdhariElibrary@gmail.com

**ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥**

ਫਰੀਦ (ਜੀ ਆਖਦੇ ਹਨ) ਮੇਰੇ ਕਪੜੇ ਕਾਲੇ ਹਨ ਅਤੇ ਮੇਰਾ ਰੂਪ ਭੀ ਕਾਲਾ ਹੈ।

**ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥੬੧॥**

ਮੈਂ ਪਾਪਾਂ ਦਾ ਭਰਿਆ ਫਿਰਦਾ ਹਾਂ ਅਤੇ ਲੋਕੀਂ (ਮੈਨੂੰ) ਫ਼ਕੀਰ ਆਖਦੇ ਹਨ ॥੬੧॥

**ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ ॥**

[ਤੋਇ] ਪਾਣੀ ਦੀ [ਤਤੀ] ਸੜੀ ਹੋਈ (ਖੇਤੀ ਨੂੰ) ਜੇ (ਮੁੜ) ਪਾਣੀ ਵਿਚ ਡੋਬ ਭੀ ਦੇਈਏ (ਤਾਂ ਉਹ) [ਪਲਵੈ] ਹਰੀ ਨਹੀਂ ਹੁੰਦੀ।

**ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥੬੨॥**

ਫਰੀਦ (ਜੀ ਆਖਦੇ ਹਨ, ਇਵੇਂ ਹੀ) ਜੋ ਰੱਬ ਤੋਂ ਵਿਛੜੀ ਹੋਈ ਹੈ, ਉਹ ਸਦਾ ਝੂਰਦੀ ਹੀ ਝੂਰਦੀ ਹੈ ॥੬੨॥

**ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥**

ਜਦ ਕੁਆਰੀ (ਹੁੰਦੀ ਹੈ) ਤਾਂ (ਵਿਆਹ ਦਾ) ਚਾਉ (ਹੁੰਦਾ ਹੈ, ਜਦ) ਵਿਆਹੀ (ਜਾਂਦੀ ਹੈ) ਤਾਂ [ਮਾਮਲੇ] ਘਰੋਗੀ ਜੰਜਾਲ ਪੈ ਜਾਂਦੇ ਹਨ।

**ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥੬੩॥**

ਫਰੀਦ (ਜੀ ਆਖਦੇ ਹਨ) ਏਹੋ ਪਛਤਾਵਾ (ਰਹਿੰਦਾ ਹੈ ਕਿ) ਮੁੜ ਕੁਆਰੀ ਨਹੀਂ ਹੋ ਸਕਦੀ ॥੬੩॥

**ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥**

(ਵਿਕਾਰਾਂ ਰੂਪ) ਕੱਲਰ ਦੀ ਛੱਪੜੀ (ਸੰਸਾਰ ਦੇ ਕੰਢੇ ਸੰਤਾਂ ਰੂਪ) ਹੰਸ ਆ ਉਤਰੇ ਹਨ।

**ਚਿੰਜੂ ਬੋੜਨਿ੍ ਨਾ ਪੀਵਹਿ ਉਡਣ ਸੰਦੀ ਡੰਝ ॥੬੪॥**

ਚੁੰਜ ਤਾਂ ਡੋਬਦੇ ਹਨ, ਪਰ (ਵਿਸ਼ੇ ਜਲ) ਪੀਂਦੇ ਹਨ, (ਕਿਉਂਕਿ ਉਨ੍ਹਾਂ ਦੇ ਅੰਦਰ ਸਦਾ ਹੀ) ਉਡ ਜਾਣ ਦੀ ਖਾਹਸ਼ ਹੈ ॥੬੪॥

**ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥**

ਹੰਸ ਉੱਡ ਕੇ ਕੋਧਰੇ (ਦੇ ਖੇਤ ਵਿਚ) ਜਾ ਬੈਠਾ, ਲੋਕੀਂ (ਉਸਨੂੰ) ਉਡਾਉਣ ਜਾਂਦੇ ਹਨ।

**ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥੬੫॥**

ਭੁਲੇ ਹੋਏ ਲੋਕ ਏਹ ਨਹੀਂ ਜਾਣਦੇ ਜੋ ਹੰਸ ਕਦੇ ਕੋਧਰਾ ਨਹੀਂ ਖਾਂਦਾ ॥੬੫॥

**ਚਲਿ ਚਲਿ ਗਈਆਂ ਪੰਖੀਆਂ ਜਿਨੀ ਵਸਾਏ ਤਲ ॥**

ਜਿਨ੍ਹਾਂ ਨੇ [ਤਲਿ=ਤਲਕੇ] ਦੇਸ਼ ਵਸਾਏ ਸਨ, ਉਨਾਂ ਪੰਛੀਆਂ (ਰਾਜਿਆਂ) ਦੀਆਂ ਡਾਰਾਂ ਉੱਡ ਗਈਆਂ ਹਨ।

**ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ ॥੬੬॥**

(ਇਹ ਸੰਸਾਰ) ਸਰੋਵਰ (ਜੋ ਜੀਵਾਂ ਨਾਲ) ਭਰਿਆ ਹੋਇਆ ਹੈ, (ਏਹ) ਭੀ ਚਲਾ ਜਾਏਗਾ, ਇਕ ਕਮਲ ਵਰਗਾ (ਅਲੇਪ ਸੰਤ ਹੀ ਸਦਾ ਲਈ ਕਾਇਮ) [ਥਕੇ] ਰਹੇਗਾ ॥੬੬॥

**ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ ॥**

ਫਰੀਦ (ਜੀ ਆਖਦੇ ਹਨ) ਸਿਰਹਾਣੇ ਇੱਟ (ਹੋਵੇਗੀ) ਭੁੰਵੇ ਸੌਣਾ (ਹੋਵੇਗਾ) ਤੇ ਮਾਸ ਨੂੰ ਕੀੜੇ ਖਾਣਗੇ।

**ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ ॥੬੭॥**

ਇਕ ਪਾਸੇ ਪਿਆਂ ਹੀ ਕਿੰਨੇ ਜੁਗ ਬੀਤ ਜਾਣਗੇ (ਮੁਸਲਮਾਨਾਂ ਦਾ ਖਿਆਲ ਹੈ, ਜੋ ਕਿਆਮਤ ਤਕ ਮੁਰਦੇ ਕਬਰ ਵਿਚ ਰਹਿੰਦੇ ਹਨ, ਕਿਆਮਤ ਦੇ ਦਿਨ ਉਠਣਗੇ ਤਾਂ ਹਿਸਾਬ ਹੋਵੇਗਾ) ॥੬੭॥

**ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ ॥**

ਫਰੀਦ (ਜੀ ਆਖਦੇ ਹਨ, ਜਦ ਸਵਾਸਾਂ ਰੂਪ) [ਨਾਗਰ] ਸੋਹਣੀ ਲੱਜ ਟੁੱਟ ਗਈ ਤਾਂ (ਸਵੰਨਵੀ) ਸੋਹਣੇ ਰੰਗ ਵਾਲੀ (ਦੇਹੁ ਰੂਪ) ਘੜੀ ਭੱਜ ਗਈ।

**ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ ॥੬੮॥**

(ਪਤਾ ਨਹੀਂ ਜੋ) ਜਮਦੂਤ ਅੱਜ ਕਿਸ ਦੇ [ਘਰਿ ਨਾਠੀ] ਪ੍ਰਾਹੁਣਾ ਹੋਵੇਗਾ ?॥੬੮॥

**ਫਰੀਦਾ ਭੰਨੀ ਘੜੀ ਸਵੰਨਵੀ ਤੂਟੀ ਨਾਗਰ ਲਜੁ ॥**

ਫਰੀਦ (ਜੀ ਆਖਦੇ ਹਨ, ਸਵਾਸਾਂ ਰੂਪ) ਸੋਹਣੀ ਲੱਜ ਟੁੱਟ (ਜਾਨ ਤੇ) ਸੋਹਣੇ ਰੰਗ ਵਾਲੀ (ਦੇਹ ਰੂਪ) ਘੜੀ ਟੁਟ ਗਈ ਹੈ।

**ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥੬੯॥**

ਜੋ ਪੁਰਸ਼ ਜ਼ਮੀਨ ਉਤੇ ਭਾਰ ਹੋ ਚੁਕੇ (ਮੁਰਦੇ ਹੋ ਗਏ) ਹਨ, ਉਹ ਅੱਜ ਕਿਵੇਂ ਆ ਸਕਦੇ ਹਨ ?॥੬੯॥

**ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥**

ਫਰੀਦ (ਜੀ ਆਖਦੇ ਹਨ) ਨਮਾਜ ਨਾ ਪੜਨ ਵਾਲੇ ਕੁਤੇ! (ਤੇਰੇ ਲਈ) ਏਹ ਗੱਲ ਚੰਗੀ ਨਹੀਂ ਹੈ।

**ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥**

(ਤੂੰ) ਕਦੇ ਭੀ ਪੰਜ ਵੇਲੇ ਤੁਰ ਕੇ ਮਸੀਤ ਵਿਚ ਨਹੀਂ ਆਇਆ ॥੭੦॥

**ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥**

ਹੇ ਫਰੀਦ! ਉਠ ਕੇ ਹੱਥ ਪੈਰ ਧੋ ਤੇ ਸਵੇਰ ਦੀ ਨਿਮਾਜ਼ ਪੜ੍ਹ।

**ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥**

ਜੇਹੜਾ ਸਿਰ ਮਾਲਕ ਅੱਗੇ ਨਹੀਂ ਨਿਉਂਦਾ, ਉਸ ਸਿਰ ਨੂੰ ਧੜ ਨਾਲੋਂ ਲਾਹ ਸੁੱਟ ॥੭੧॥

**ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥**

ਜੇਹੜਾ ਸਿਰ ਮਾਲਕ ਅੱਗੇ ਨਹੀਂ ਨਿਉਂਦਾ, ਉਸ ਸਿਰ ਨੂੰ ਕੀ ਕਰੀਏ ?

**ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥**

ਬਾਲਨ ਦੀ ਜਗ੍ਹਾ (ਉਸਨੂੰ) ਹਾਂਡੀ ਹੇਠਾਂ ਬਾਲਨਾ ਚਾਹੀਦਾ ਹੈ ॥੭੨॥

**ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥**

ਫਰੀਦ (ਜੀ ਆਖਦੇ ਹਨ, ਹੇ ਭਾਈ!) ਜਿਨ੍ਹਾਂ ਨੇ ਤੈਨੂੰ ਜਣਿਆ ਸੀ, ਉਹ ਤੇਰੇ ਮਾਪੇ ਕਿਥੇ ਹਨ ?

**ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥**

ਤੇਰੇ ਕੋਲੋਂ ਉਹ ਚਲੇ ਗਏ ਹਨ, ਤੈਨੂੰ ਅਜੇ ਭੀ ਇਤਬਾਰ ਨਹੀਂ ਆਇਆ ॥੭੩॥

**ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ॥**

ਫਰੀਦ (ਜੀ ਆਖਦੇ ਹਨ) ਓਚਾਨ, ਨਿਵਾਨ ਮੇਟ ਕੇ ਮਨ ਪੱਧਰਾ ਕਰ ।

**ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥੭੪॥**

(ਫਿਰ) ਨਰਕਾਂ ਦੀ ਅੱਗ ਤੇਰੇ ਅੱਗੇ ਭੀ ਨਾ ਆਵੇਗੀ ॥੭੪॥

**ਮਹਲਾ ੫ ॥ ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**

ਹੇ ਫਰੀਦ! ਸਿਰਜਨਹਾਰ ਸ੍ਰਿਸ਼ਟੀ ਵਿਚ ਹੈ ਅਤੇ ਖਲਕਤ ਰੱਬ ਵਿਚ ਵਸਦੀ ਹੈ ।

**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥**

ਜਦ ਉਸ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ, ਤਾਂ ਮੰਦਾ ਕਿਸ ਨੂੰ ਆਖੀਏ ? ॥੭੫॥

**ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ ॥**

ਫਰੀਦ (ਜੀ ਆਖਦੇ ਹਨ, ਹੇ ਮਾਂ! ਤੂੰ) ਜਿਸ ਦਿਨ ਨਾੜੂ ਟੁਕਿਆ ਸੀ ਜੇ ਉਸੇ ਦਿਨ [ਚੁਖ] ਥੋੜਾ ਜੇਹਾ ਗਲ ਕਪ ਦੇਂਦੀਓਂ ।

**ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ ॥੭੬॥**

(ਤਾਂ ਮੈਨੂੰ) ਐਨੇ ਘਰੋਗੇ ਜੰਜਾਲ ਨਾ ਪੈਂਦੇ ਅਤੇ ਨਾ ਹੀ ਉਨ੍ਹਾਂ ਤੋਂ ਛੁਟਕਾਰੇ ਲਈ ਐਨੇ ਦੁਖ ਸਹਾਰਦਾ ॥੭੬॥

**ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥**

[ਚੱਬਣ] ਦੰਦ, [ਚੱਲਣ] ਪੈਰ, [ਰਤੰਨ] ਅੱਖਾਂ ਤੇ [ਸੁਣੀਅਰ] ਕੰਨ ਚਲੇ ਗਏ ਹਨ ।

**ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥੭੭॥**

[ਹੇੜੇ] ਸਰੀਰ ਨੇ ਭੀ ਢਾਹ ਮਾਰੀ (ਸਰੀਰ ਕੁੱਬਾ ਹੋ ਗਿਆ), (ਕਿਉਂਕਿ) ਉਸ ਦੇ [ਜਾਨੀ] ਮਿੱਤਰ ਜੂ ਚਲੇ ਗਏ ॥੭੭॥

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥**

ਫਰੀਦ (ਜੀ ਆਖਦੇ ਹਨ) ਬੁਰਾ (ਕਰਨ ਵਾਲੇ) ਦਾ ਭਲਾ ਕਰ ਅਤੇ ਕ੍ਰੋਧ ਨੂੰ ਮਨ ਵਿਚ ਨਾ ਵਸਣ ਦੇਹ।

**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥**

(ਤਦ ਤੇਰੀ) ਦੇਹ ਨੂੰ ਕੋਈ ਰੋਗ ਨ ਲਗੇਗਾ ਤੇ ਸਭ ਕੁਝ ਪੱਲੇ ਭੀ ਪੈ ਜਾਵੇਗਾ ॥੭੮॥

**ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥**

ਫਰੀਦ (ਜੀ ਆਖਦੇ ਹਨ) ਦੁਨੀਆਂ ਸੋਹਣਾ ਬਾਗ (ਹੈ, ਇਸ ਵਿਚ ਜੀਵ ਰੂਪ) ਪੰਛੀਆਂ (ਦੀ ਡਾਰ) ਪ੍ਰਾਹੁਣੀ ਹੈ।

**ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥੭੯॥**

(ਹੁਣ) ਸਵੇਰ ਦਾ ਧੌਂਸਾ ਵਜ ਗਿਆ ਹੈ, ਚਲਣ ਦੀ ਤਿਆਰੀ ਕਰੋ ॥੭੯॥

**ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥**

ਫਰੀਦ (ਜੀ ਆਖਦੇ ਹਨ) ਰਾਤ ਨੂੰ ਕਸਤੂਰੀ ਵੰਡੀਦੀ ਹੈ, ਸੁਤਿਆਂ ਹੋਇਆਂ ਨੂੰ ਹਿੱਸਾ ਨਹੀਂ ਮਿਲਦਾ।

**ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ ॥੮੦॥**

ਜਿਨ੍ਹਾਂ ਦੀਆਂ ਅੱਖਾਂ ਨੀਂਦਰ ਨਾਲ ਭਰੀਆਂ ਹਨ, ਉਨ੍ਹਾਂ ਨੂੰ ਮਿਲਣਾ ਭੀ ਔਖਾ ਹੈ ॥੮੦॥

**ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥**

ਫਰੀਦ (ਜੀ ਆਖਦੇ ਹਨ) ਮੈਂ ਜਾਣਿਆਂ ਜੋ ਮੈਨੂੰ ਹੀ ਦੁਖ ਹੈ, ਪਰ ਦੁਖੀ ਤਾਂ ਸਾਰਾ ਜਗਤ ਹੈ।

**ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥**

ਜਦ ਉਚੇ ਚੜ੍ਹ ਕੇ ਵੇਖਿਆ ਤਾਂ ਘਰ ਘਰ ਏਹੋ ਅੱਗ (ਨਜ਼ਰ ਆਈ) ॥੮੧॥

**ਮਹਲਾ ੫ ॥ ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥**

ਹੇ ਫਰੀਦ! (ਜਗਤ ਰੂਪ) ਜ਼ਮੀਨ ਤਾਂ ਅਨੰਦ ਦੇਣ ਵਾਲੀ ਹੈ, (ਪਰ ਇਸ) ਵਿਚ ਇਕ ਕੁਸੰਗਤ ਰੂਪ ਜ਼ਹਿਰੀਲਾ ਬਾਗ (ਲੱਗਾ ਹੋਇਆ ਹੈ)।

**ਜੋ ਜਨ ਪੀਰਿ ਨਿਵਾਜਿਆ ਤਿੰਨ੍ਹਾ ਅੰਚ ਨ ਲਾਗ ॥੮੨॥**

ਜਿਨ੍ਹਾਂ ਪੁਰਸ਼ਾਂ ਨੂੰ ਗੁਰੂ ਨੇ ਵਡਿਆਇਆ ਹੈ, ਉਨ੍ਹਾਂ ਨੂੰ (ਲੁਕਵੀਂ ਅੱਗ ਦਾ) ਸੇਕ ਭੀ ਨਹੀਂ ਲਗਦਾ ॥੮੨॥

**ਮਹਲਾ ੫ ॥ ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥**

ਹੇ ਫਰੀਦ! (ਜਦੋਂ) ਉਮਰ ਸੋਹਣੀ (ਜਵਾਨ) ਹੋਵੇ ਨਾਲੇ ਦੇਹ ਭੀ ਵੱਡੀ ਸੋਹਣੀ ਹੋਵੇ।

**ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ ॥੮੩॥**

ਉਸ ਉਮਰਾ ਵਿਚ ਕੋਈ ਵਿਰਲੇ (ਹੀ ਉਹ ਪੁਰਸ਼) ਮਿਲਦੇ ਹਨ, ਜਿਨ੍ਹਾਂ ਦਾ ਪਿਆਰੇ (ਰੱਬ ਨਾਲ)

ਪਿਆਰ (ਹੁੰਦਾ ਹੈ) ॥੯੩॥

**ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥**

ਹੇ ਦਰਿਆ ਦੇ ਰੋਹੜ! ਕੰਢੇ ਨੂੰ ਨਾ ਢਾਹ, ਤੂੰ ਭੀ ਲੇਖਾ ਦੇਵਣਾ ਹੈ।

**ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ॥੯੪॥**

(ਚੰਗਾ) ਵਹਿਣ! ਜਿਧਰ ਤੈਨੂੰ ਰੱਬ ਦੀ ਆਗਿਆ ਹੋਈ ਹੈ, ਉਸ ਰਸਤੇ ਤੁਰਿਆ ਜਾਹ ॥੯੪॥

**ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥**

ਫਰੀਦ (ਜੀ ਆਖਦੇ ਹਨ) ਦੁਖਾਂ ਨਾਲ ਦਿਨ ਬੀਤ ਗਿਆ ਹੈ ਅਤੇ ਸੂਲਾਂ (ਦੀ ਸੇਜਾ ਤੇ) ਰਾਤ (ਬਸਰ ਹੁੰਦੀ ਹੈ)।

**ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥੯੫॥**

(ਗੁਰੂ ਰੂਪ) [ਪਾਤਣੀ] ਮਲਾਹ ਖੜ੍ਹਾ ਪੁਕਾਰਦਾ (ਹੈ, ਹੇ ਬੰਦੇ! ਤੇਰਾ ਸਰੀਰ ਰੂਪ) ਬੇੜਾ (ਵਿਕਾਰਾਂ ਰੂਪ) [ਕਪਰ] ਭਵਰ ਦੇ [ਵਾਤਿ] ਮੂੰਹ ਵਿਚ (ਫਸਿਆ ਹੋਇਆ ਹੈ) ॥੯੫॥

**ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥**

(ਉਮਰਾ ਰੂਪ) ਨਦੀ [ਲੰਮੀ ਲੰਮੀ] ਕਾਹਲੀ-ਕਾਹਲੀ ਵਗਦੀ ਹੈ, (ਜੋ ਸਰੀਰ ਰੂਪ) ਕੰਧੀ ਨੂੰ ਕੇਰਦੀ ਹੈ।

SIKHBOOKCLUB.COM

**ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥੯੬॥**

ਜੇ (ਮਨ ਰੂਪ) ਮਲਾਹ ਹੁਸ਼ਿਆਰ ਰਹੇ, (ਤੇ ਸਰੀਰ ਰੂਪ) ਬੇੜੇ (ਦਾ ਵਿਕਾਰਾਂ ਰੂਪ) ਭੰਵਰ ਕੀ (ਵਿਗਾੜ) ਕਰ ਸਕਣਗੇ ॥੯੬॥

**ਫਰੀਦਾ ਗਲੀਂ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥**

ਫਰੀਦ (ਜੀ ਆਖਦੇ ਹਨ) ਗੱਲਾਂ ਕਰਨ ਵਾਲੇ (ਤਾਂ) ਵੀਹ ਸੱਜਣ (ਹਨ, ਪਰ ਸੱਚਾ ਸੱਜਣ) ਢੂੰਢਿਆਂ ਇਕ ਭੀ ਨਹੀਂ ਲਭਦਾ।

**ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ ॥੯੭॥**

ਮੈਂ ਉਨ੍ਹਾਂ ਪਿਆਰਿਆਂ (ਦੇ ਦਰਸ਼ਨ) ਵਾਸਤੇ ਮਲੀਹ ਵਾਂਗ ਧੁਖਦਾ ਹਾਂ ॥੯੭॥

**ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥**

ਫਰੀਦ (ਜੀ ਆਖਦੇ ਹਨ) ਇਹ ਸਰੀਰ ਤਾਂ [ਭਉਕਣਾ] ਕੁੱਤਾ ਹੈ, (ਇਸ ਦੇ ਮਗਰ ਲਗ ਕੇ) ਰੋਜ਼ ਦਾ ਰੋਜ਼ ਕੌਣ (ਪਿਆ) ਦੁਖੀ ਹੋਵੇ?

**ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ ॥੯੮॥**

(ਭਾਵੇਂ ਇਹ) ਕਿੰਨੀਆਂ [ਪਉਣੁ] ਖਾਹਸ਼ਾਂ ਕਰੇ, ਮੈਂ ਤਾਂ ਕੰਨਾਂ ਵਿੱਚ ਬੁਜੇ ਦੇ ਬੈਠਾ ਹਾਂ (ਅਰਥਾਤ ਮੈਂ ਇਸ ਦੀਆਂ ਖਾਹਸ਼ਾਂ ਦੀ ਪ੍ਰਵਾਹ ਹੀ ਨਹੀਂ ਕਰਦਾ) ॥੯੮॥

**ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ ॥**

ਫਰੀਦ (ਜੀ ਆਖਦੇ ਹਨ) ਰੱਬ ਦੀਆਂ ਖਜੂਰਾਂ ਪੱਕ ਗਈਆਂ ਹਨ, ਜਿਨ੍ਹਾਂ ਵਿਚੋਂ ਸ਼ਹਿਤ ਦੀ ਨਦੀ ਵਗਦੀ ਹੈ, (ਅਰਥਾਤ ਸੰਤ ਜਨ) ਰੋਜ਼ ਮਿੱਠੇ ਮਿੱਠੇ ਉਪਦੇਸ਼ ਦੇਂਦੇ ਹਨ, (ਕਿ)—

**ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ ॥੮੯॥**

ਜੋ ਜੋ ਦਿਨ ਜਾਂਦਾ ਹੈ, ਉਹ ਉਮਰਾ ਨੂੰ ਹੱਥ ਪੈ ਰਿਹਾ ਹੈ, (ਅਰਥਾਤ ਉਮਰਾ ਵਿਚ ਘਾਟਾ ਪੈਂਦਾ ਹੈ) ॥੮੯॥

**ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥**

ਫਰੀਦ (ਜੀ ਆਖਦੇ ਹਨ) ਸਰੀਰ ਸੁਕ ਕੇ ਪਿੰਜਰ ਹੋ ਗਿਆ (ਅਤੇ ਪੈਰਾਂ ਦੀਆਂ) ਤਲੀਆਂ ਨੂੰ ਕਾਂ ਠੂੰਗੇ ਮਾਰਦੇ ਹਨ।

**ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥**

ਬੰਦੇ ਦੇ ਭਾਗ ਵੇਖੋ! ਜੋ ਅਜੇ ਤਕ ਰੱਬ ਨਹੀਂ ਮਿਲਿਆ ॥੯੦॥

***ਉਥਾਨਕਾ***—ਜਦ ਫਰੀਦ ਜੀ ਖੂਹ ਵਿਚ ਲਟਕ ਕੇ ਤਪ ਕਰ ਰਹੇ ਸਨ, ਤਾਂ ਕਾਵਾਂ ਨੇ ਆ ਕੇ ਠੂੰਗੇ ਮਾਰਨੇ ਸ਼ੁਰੂ ਕਰ ਦਿਤੇ। ਉਸ ਵੇਲੇ ਆਪ ਨੇ ਉਚਾਰਿਆ—

**ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥**

SIKHBOOKCLUB.COM

ਹੇ ਕਾਂ! (ਤੂੰ ਮੇਰਾ) ਸਾਰਾ ਬਦਨ ਢੂੰਡ ਲਿਆ ਹੈ ਅਤੇ ਸਾਰਾ ਮਾਸ ਖਾ ਲਿਆ ਹੈ।

**ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੯੧॥**

(ਪਰ ਮੇਰੇ) ਇਨ੍ਹਾਂ ਦੋਹਾਂ ਨੈਨਾਂ ਨੂੰ ਨਾ ਛੋਹੀ (ਕਿਉਂਕਿ ਮੈਨੂੰ ਅਜੇ) ਪਤੀ ਦੇ ਦਰਸ਼ਨ ਦੀ ਸਿੱਕ ਹੈ ॥੯੧॥

**ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥**

ਹੇ ਕਾਂ! (ਮੇਰੇ) ਸਰੀਰ ਨੂੰ ਠੂੰਗੇ ਨਾ ਮਾਰ (ਜੇਕਰ) ਬੈਠ ਚੁਕਾ ਹੈਂ ਤਾਂ ਉਡ ਜਾਹ।

**ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੯੨॥**

ਸਰੀਰ ਵਿਚ ਜਿਥੇ ਮੇਰਾ ਪਿਆਰਾ ਵੱਸਦਾ ਹੈ ਉਥੋਂ ਮਾਸ ਨ ਖਾਹੁ ॥੯੨॥

**ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥**

ਫਰੀਦ (ਜੀ ਆਖਦੇ ਹਨ) ਨਿਮਾਣੀ ਕਬਰ ਵਾਜਾਂ ਮਾਰਦੀ ਹੈ ਕਿ ਹੇ ਨਿਘਰੇ! ਤੂੰ ਘਰ ਆ ਜਾ।

**ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ ॥੯੩॥**

ਮੇਰੇ ਕੋਲ ਤੂੰ ਜ਼ਰੂਰ ਆਉਣਾ ਹੈ, ਇਸ ਲਈ ਮਰਨ ਤੋਂ ਨਾ ਡਰ ॥੯੩॥

**ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥**

ਇਨ੍ਹਾਂ ਅੱਖਾਂ ਨਾਲ ਵੇਖਦਿਆਂ ਹੀ ਕਿੰਨੀ ਦੁਨੀਆਂ ਚਲੀ ਗਈ ਹੈ।

**ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥੯੪॥**

ਫਰੀਦ (ਜੀ ਆਖਦੇ ਹਨ) ਲੋਕਾਂ ਨੂੰ ਆਪੋ ਆਪਣੀ (ਚਿੰਤਾ ਹੈ, ਅਤੇ) ਮੈਨੂੰ ਆਪਣੀ ਲਗੀ ਹੋਈ ਹੈ ॥੯੪॥

*ਉਥਾਨਕਾ*—ਜਦ ਪਤੀ ਪ੍ਰਾਪਤੀ ਨਾ ਹੋਈ ਤਾਂ ਫਰੀਦ ਬੇਹਬਲ ਹੋ ਕੇ ਅਰਜ਼ ਕਰਨ ਲਗਾ, ਉਸ ਵੇਲੇ ਮਨ ਬੇਨਤੀ ਵਿਚ ਅਜੇਹਾ ਲੀਣ ਹੋਇਆ ਜੁ ਸੁਪਨ ਦਰਸ਼ਨ ਹੋਏ ਤੇ ਦਸਮ ਦਵਾਰ ਵਿਚੋਂ ਇਹ ਫੁਰਿਆ, ਜੋ ਆਪ ਪ੍ਰਗਟ ਕਰਦੇ ਹਨ—

**ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥**

(ਜੇ ਤੂੰ) ਆਪ ਨੂੰ ਸਵਾਰੇਂਗਾ, ਤਾਂ ਮੈਨੂੰ ਮਿਲੇਂਗਾ, ਮੈਨੂੰ ਮਿਲਿਆਂ (ਹੀ ਤੈਨੂੰ) ਸੁਖ ਹੋਵੇਗਾ।

**ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥**

ਹੇ ਫਰੀਦ! ਜੇ ਤੂੰ ਮੇਰਾ ਹੋ ਕੇ ਰਹੇਂ ਤਾਂ ਸਾਰਾ ਜਗਤ ਤੇਰਾ (ਦਾਸ) ਹੋ ਜਾਵੇਗਾ ॥੯੫॥

**ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥**

(ਨਦੀ ਦੇ) ਕੰਢੇ ਉਪਰਲਾ ਦਰੱਖਤ ਕਿੰਨਾ ਕੁ ਚਿਰ ਠਹਿਰ ਸਕੇਗਾ?

**ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੬॥**

ਫਰੀਦ (ਜੀ ਆਖਦੇ ਹਨ) ਕੱਚੇ ਭਾਂਡੇ ਵਿਚ ਕਿੰਨਾ ਕੁ ਚਿਰ ਪਾਣੀ ਰਖਿਆ ਜਾਏਗਾ? (ਅਰਥਾਤ ਸਰੀਰ ਤਾਂ ਕੱਚਾ ਭਾਂਡਾ ਹੈ, ਇਸ ਵਿਚ ਸਵਾਸ ਕਦ ਤਕ ਠਹਿਰ ਸਕਣਗੇ ?)॥੯੬॥

**ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥**

ਫਰੀਦ (ਜੀ ਆਖਦੇ ਹਨ) ਮਹਲ ਖਾਲੀ ਰਹਿ ਜਾਣਗੇ ਤੇ ਵਾਸਾ ਹੇਠਾਂ ਆਇਆ ਹੋਵੇਗਾ।

**ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥**

ਉਨ੍ਹਾਂ (ਮਹੱਲਾਂ ਵਿਚ ਰਹਿਣ ਵਾਲੀਆਂ) ਰੂਹਾਂ ਨਿਮਾਣੀਆਂ (ਹੋ ਕੇ) ਕਬਰਾਂ ਨੂੰ ਮੱਲ ਬਹਿਣਗੀਆਂ।

**ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ ॥੯੭॥**

ਹੇ ਸ਼ੇਖ! ਬੰਦਗੀ ਕਰ, ਅੱਜ ਜਾਂ ਕੱਲ੍ਹ ਚਲੇ ਜਾਣਾ ਹੈ ॥੯੭॥

**ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥**

ਫਰੀਦ (ਜੀ ਆਖਦੇ ਹਨ) ਮੌਤ ਦਾ ਕੰਢਾ ਇਉਂ ਦਿਸਦਾ ਹੈ, ਜਿਵੇਂ ਦਰਿਆ ਨੂੰ ਢਾਹ (ਲਗ ਹੁੰਦੀ ਹੈ)।

**ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥**

ਅੱਗੇ ਤਾਂ ਨਰਕ ਤਪਿਆ ਸੁਣੀਦਾ ਹੈ, (ਅਤੇ ਪਾਮਰ ਜੀਵਾਂ ਦੀ) [ਕਾਹਾਹਾ] ਹਾਲ ਪੁਕਾਰ ਦਾ [ਹੂਲ] ਰੌਲਾ ਪੈ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

**ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥**

ਇਕਨਾਂ ਨੂੰ ਤਾਂ ਇਨ੍ਹਾਂ ਸਭਨਾਂ ਗੱਲਾਂ ਦੀ ਸਮਝ ਆ ਗਈ ਹੈ। (ਇਸ ਲਈ ਉਹ ਵਿਕਾਰਾਂ ਤੋਂ ਹਟ ਗਏ ਹਨ, ਅਤੇ) ਇਕ ਵੇਪਰਵਾਹ (ਹੋ ਕੇ ਵਿਕਾਰਾਂ ਵਿਚ) ਫਿਰਦੇ ਹਨ।

**ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥**

ਦੁਨੀਆਂ ਵਿਚ ਜੋ [ਅਮਲ] ਕਰਮ ਕੀਤੇ ਹਨ, ਦਰਗਾਹ (ਵਿਚ) ਓਹ (ਕਰਮ) ਗਵਾਹ (ਹੁੰਦੇ ਹਨ) ॥੯੮॥

***ਉਥਾਨਕਾ***—ਭਗਤ ਜੀ ਦਰਿਆ ਦੇ ਕੰਢੇ ਤੁਰੇ ਜਾਂਦੇ ਸਨ, ਤਾਂ ਵੇਖਿਆ ਕਿ ਇਕ ਬਗਲਾ ਮਛੀ ਫੜ ਕੇ ਉਸ ਨਾਲ ਖੇਡ ਰਿਹਾ ਹੈ, ਇੰਨੇ ਨੂੰ ਇਕ ਬਾਜ ਨੇ ਉਸ ਬਗਲੇ ਨੂੰ ਸਿਰੋਂ ਆ ਫੜਿਆ। ਉਸ ਵੇਲੇ ਵੈਰਾਗ-ਮਈ ਦਸ਼ਾ ਵਿਚ ਆਪ ਨੇ ਉਚਾਰਿਆ—

**ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥**

ਫਰੀਦ (ਜੀ ਆਖਦੇ ਹਨ ਇਕ) ਬਗਲਾ ਦਰਿਆ ਦੇ ਕੰਢੇ ਬੈਠਾ ਖੇਡਾਂ ਕਰਦਾ ਸੀ।

**ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥**

ਖੁਸ਼ੀਆਂ ਕਰਦੇ ਬਗਲੇ ਉਤੇ ਅਚਨ ਚੇਤ ਹੀ ਬਾਜ ਆ ਪਿਆ।

**ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥**

SIKHBOOKCLUB.COM

ਉਸ ਰੱਬ ਦੇ (ਹੁਕਮ ਵਿਚ ਹੀ) ਬਾਜ਼ (ਆ) ਪਿਆ ਤਾਂ ਖੇਡਾਂ ਭੁਲ ਗਈਆਂ।

**ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥**

ਹੇ ਮਨ! ਜੋ (ਗੱਲਾਂ ਉਸ ਦੇ) ਚਿੱਤ ਚੇਤੇ ਭੀ ਨਹੀਂ ਸਨ, ਰੱਬ ਨੇ ਉਹ ਗੱਲਾਂ ਕਰ ਦਿੱਤੀਆਂ ॥੯੯॥

**ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥**

ਸਾਢੇ ਤਿੰਨ ਹੱਥ ਦੀ ਮਿਣਤੀ ਵਾਲੀ ਦੇਹ ਅੰਨ ਪਾਣੀ (ਦੇ ਆਸਰੇ) ਤੁਰਦੀ ਹੈ।

**ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ ॥**

ਬੰਦਾ ਦੁਨੀਆਂ ਵਿਚ (ਲਾਭ ਖੱਟਣ ਲਈ) ਆਇਆ ਸੀ, ਪਰ ਆਸਾਂ ਵਿਚ ਬੱਧਾ ਹੀ [ਵਤਿ] ਚਲਾ ਜਾਂਦਾ ਹੈ।

**ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥**

ਜਦੋਂ ਮੌਤ ਸਾਰੇ ਦਰਵਾਜ਼ੇ ਭੰਨ ਕੇ (ਅੰਦਰ) ਆ ਵੜੇਗੀ।

**ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ ॥**

(ਓਦੋਂ) ਉਨ੍ਹਾਂ ਪਿਆਰਿਆਂ ਭਾਈਆਂ ਨੇ ਬੰਨ੍ਹ ਕੇ (ਉਸ ਦੇ) ਅੱਗੇ (ਤੋਰ) ਦੇਣਾ ਹੈ।

**ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ ॥**

ਵੇਖੋ ਭਾਈ! ਚੌਹ ਜਣਿਆਂ ਦੇ ਮੋਢੇ ਚੜ੍ਹ ਕੇ ਬੰਦਾ ਤੁਰਿਆ ਜਾਂਦਾ ਜੇ।

**ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥੧੦੦॥**

ਫਰੀਦ (ਜੀ ਆਖਦੇ ਹਨ) ਜੇਹੜੇ ਕਰਮ ਦੁਨੀਆਂ ਵਿਚ (ਉਸ ਨੇ) ਕੀਤੇ (ਹਨ) ਓਹੀ ਦਰਗਾਹ (ਵਿਚ ਉਸ ਦੇ) ਕੰਮ ਆਉਣੇ ਹਨ ॥੧੦੦॥

**ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥**

ਫਰੀਦ (ਜੀ ਆਖਦੇ ਹਨ,) ਮੈਂ ਉਨ੍ਹਾਂ ਪੰਛੀਆਂ (ਫਕੀਰਾਂ) ਤੋਂ ਬਲਿਹਾਰ ਜਾਂਦਾ ਹਾਂ, ਜੋ ਜੰਗਲ ਵਿਚ ਵਸਦੇ ਹਨ।

**ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥੧੦੧॥**

ਰੋੜੇ ਖਾਂਦੇ ਹਨ, ਭੁੰਜੇ ਸੌਂਦੇ ਹਨ, ਰੱਬ ਦਾ ਲਾਗਾ ਨਹੀਂ ਛਡਦੇ ॥੧੦੧॥

**ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥**

ਫਰੀਦ (ਜੀ ਆਖਦੇ ਹਨ, ਜੁਆਨੀ ਰੂਪ) ਰੁਤ ਬਦਲ ਗਈ ਹੈ (ਸਰੀਰ ਰੂਪ) [ਵਣੁ] ਦਰੱਖਤ ਕੰਬਦਾ ਹੈ (ਅਤੇ ਇੰਦ੍ਰੀਆਂ ਰੂਪ) ਪੱਤੇ ਡਿਗ ਡਿਗ ਪੈਂਦੇ ਹਨ।

**ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ ॥੧੦੨॥**

ਚਾਰੇ ਪਾਸੇ ਢੂੰਢ ਦੇਖੇ ਹਨ ਕਿਸੇ ਜਗ੍ਹਾਂ ਉਤੇ ਭੀ ਰਹਿਣਾ ਨਹੀਂ ਹੋ ਸਕਦਾ ॥੧੦੨॥

SIKHBOOKCLUB.COM

**ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥**

ਫਰੀਦ (ਜੀ ਆਖਦੇ ਹਨ) ਕਪੜੇ ਪਾੜ ਕੇ (ਧਜ) ਲੀਰਾਂ ਕਰ ਦੇਵਾਂ ਤੇ ਕੰਬਲੀ ਤਾਂ ਪਹਿਨ ਲਵਾਂ।

**ਜਿਨ੍ੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥੧੦੩॥**

ਜਿਸ ਰੂਪ ਦੇ ਕੀਤਿਆਂ ਪਤੀ ਮਿਲ ਜਾਵੇ ਮੈਂ ਓਹੀ ਰੂਪ ਕਰ ਲਵਾਂਗਾ ॥੧੦੩॥

**ਮਃ ੩ ॥ ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥**

ਕਪੜੇ ਪਾੜ ਕੇ ਕੰਬਲ ਕਿਉਂ ਪਹਿਰਦਾ ਹੈਂ ?

**ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥**

ਸਤਿਗੁਰੂ (ਜੀ ਆਖਦੇ ਹਨ) ਜੇ ਨੀਯਤ ਸਾਫ ਕਰ ਲਵੇਂ ਤਾਂ ਘਰ ਬੈਠਿਆਂ ਹੀ ਪਿਆਰਾ ਪਤੀ ਮਿਲ ਜਾਵੇਗਾ ॥੧੦੪॥

**ਮਃ ੫ ॥ ਫਰੀਦਾ ਗਰਬੁ ਜਿਨ੍ਾ ਵਡਿਆਈਆ ਧਨਿ ਜੋਬਨਿ ਆਗਾਹ ॥**

ਹੇ ਫਰੀਦ! ਜਿਨ੍ਹਾਂ ਨੂੰ ਧਨ, ਜੁਆਨੀ ਤੇ ਵਡਿਆਈਆਂ (ਦਾ ਹੀ) [ਆਗਾਹ] ਵੱਡਾ ਹੰਕਾਰ ਹੈ।

**ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥੧੦੫॥**

(ਉਹ) [ਧਣੀ] ਮਾਲਕ (ਦੀ ਬਖਸ਼ਿਸ਼ ਤੋਂ) ਖਾਲੀ ਚਲੇ (ਗਏ ਹਨ) ਜਿਵੇਂ ਟਿੱਬੇ ਉਤੇ ਮੀਂਹ (ਪੈ ਜਾਵੇ,

ਤਾਂ ਉਹ ਫੇਰ ਵੀ ਸੁੱਕਾ ਹੀ ਰਹਿੰਦਾ ਹੈ) ॥੧੦੫॥

**ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥**

ਹੇ ਫਰੀਦ! ਜਿਨ੍ਹਾਂ ਨੇ ਨਾਮ ਨੂੰ ਭੁਲਾ ਦਿੱਤਾ ਹੈ ਉਨ੍ਹਾਂ ਦੇ ਮੂੰਹ ਡਰਾਉਣੇ ਹਨ।

**ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥੧੦੬॥**

(ਉਨ੍ਹਾਂ ਨੂੰ) ਇਥੇ ਬਹੁਤ ਦੁਖ ਮਿਲਦੇ ਹਨ ਤੇ ਅੱਗੇ ਠਹਿਰਨ ਨੂੰ ਭੀ ਥਾਂ ਨਹੀਂ (ਮਿਲਦੀ) ॥੧੦੬॥

**ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥**

ਹੇ ਫਰੀਦ! (ਜੇਹੜਾ) ਪਿਛਲੀ ਰਾਤ ਨਹੀਂ ਜਾਗਿਆ (ਓਹ) ਜੀਊਂਦਾ ਹੀ ਮਰ ਗਿਆ ਹੈ।

**ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥**

ਜੇ ਕਰ ਉਸ ਨੇ ਰੱਬ ਨੂੰ ਭੁਲਾ ਦਿਤਾ ਹੈ ਤਾਂ ਰੱਬ ਨੇ (ਤਾਂ ਉਸ ਨੂੰ) ਨਹੀਂ ਭੁਲਾਇਆ ॥੧੦੭॥

**ਮਃ ੫ ॥ ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥**

ਹੇ ਫਰੀਦ! (ਉਹ) ਰੰਗੀਲਾ ਪਤੀ ਵਡਾ ਬੇਪਰਵਾਹ ਹੈ।

**ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ ॥੧੦੮॥**

(ਉਸ) ਅੱਲਾ ਨਾਲ (ਜੋ) ਪਿਆਰ ਕਰਦਾ ਹੈ ਏਹੋ ਹੀ ਸੱਚਾ ਸ਼ਿੰਗਾਰ ਹੈ ॥੧੦੮॥

**ਮਃ ੫ ॥ ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥**

ਹੇ ਫਰੀਦ! ਦੁਖ ਤੇ ਸੁਖ ਨੂੰ ਇਕੋ ਜੇਹਾ ਜਾਣ ਤੇ ਦਿਲੋਂ ਵਿਕਾਰ ਦੂਰ ਕਰ ਦੇਹ।

**ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥੧੦੯॥**

(ਅਤੇ ਜੋ) ਰੱਬ ਦਾ ਭਾਣਾ ਹੈ, ਉਹ ਚੰਗਾ (ਜਾਣ), ਦਰਗਾਹ ਵਿਚ ਜਾਣਾ ਹੋਵੇਗਾ ॥੧੦੯॥

**ਮਃ ੫ ॥ ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥**

ਹੇ ਫਰੀਦ! ਦੁਨੀਆਂ (ਮਨ ਦੀ) ਬੁਲਾਈ ਬੋਲਦੀ ਹੈ, ਅਤੇ ਤੂੰ ਭੀ (ਉਨ੍ਹਾਂ) ਨਾਲ (ਰਲਕੇ ਉਸੇ ਤਰ੍ਹਾਂ) ਬੋਲਦਾ ਹੈਂ।

**ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥੧੧੦॥**

ਜਿਸ ਦੀ (ਖ਼ਬਰ) ਸਾਰ ਰੱਬ ਕਰਦਾ ਹੈ, ਉਹ ਜੀਵ (ਇਸ ਤਰ੍ਹਾਂ) ਨਹੀਂ ਬੋਲਦਾ ॥੧੧੦॥

**ਮਃ ੫ ॥ ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥**

ਹੇ ਫਰੀਦ! ਮਨ ਤਾਂ ਇਸ ਦੁਨੀਆਂ ਨਾਲ ਰੱਤਾ (ਹੋਇਆ ਹੈ, ਅਤੇ) ਦੁਨੀਆਂ ਕਿਸੇ ਭੀ ਕੰਮ ਦੀ (ਚੀਜ਼) ਨਹੀਂ ਹੈ।

**ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥੧੧੧॥**

ਫਕੀਰਾਂ [ਮਿਸਲ] ਵਰਗਾ ਹੋਣਾ [ਗਾਖੜੀ] ਔਖਾ ਹੈ, ਜੋ ਪੂਰੇ ਭਾਗਾਂ ਨਾਲ ਮਿਲਦਾ ਹੈ ॥੧੧੧॥

Sri Satguru Jagjit Singh Ji eLibrary NamdhariElibrary@gmail.com

**ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥**

(ਰਾਤ ਦੇ) ਪਹਿਲੇ ਪਹਿਰ (ਦਾ ਭਜਨ ਕਰਨਾ) ਫੁਲ (ਸਮਾਨ ਹੈ, ਅਤੇ) ਪਿਛਲੀ ਰਾਤ (ਦਾ ਭਜਨ ਕਰਨਾ) ਫਲ (ਵਰਗਾ) ਹੈ।

**ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੨॥**

(ਪਿਛਲੀ ਰਾਤ) ਜੋ ਜਾਗਣਗੇ ਓਹੀ ਮਾਲਕ ਕੋਲੋਂ (ਬਖਸ਼ਸ਼ ਦੀ) ਦਾਤ ਲੈਣਗੇ ॥੧੧੨॥

**ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥**

ਦਾਤਾਂ ਮਾਲਕ ਦੀਆਂ ਹਨ, ਉਸ ਨਾਲ (ਕਿਸੇ ਦਾ ਜ਼ੋਰ) ਨਹੀਂ ਚਲਦਾ।

**ਇਕਿ ਜਾਗੰਦੇ ਨਾ ਲਹਨਿ੍ ਇਕਨ੍ਾ ਸੁਤਿਆ ਦੇਇ ਉਠਾਲਿ ॥੧੧੩॥**

ਇਕ ਜਾਗਦੇ ਹੋਏ ਨਹੀਂ ਲੈਂਦੇ ਅਤੇ ਇਕਨਾਂ ਨੂੰ ਸੁੱਤਿਆਂ ਨੂੰ ਉਠਾ ਕੇ ਦੇ ਦੇਂਦਾ ਹੈ, (ਅਰਥਾਤ ਇਕ ਧਰਮ ਦੇ ਕੰਮਾਂ ਵਿਚ ਲਗੇ ਹੋਏ ਭੀ ਹੰਕਾਰ ਵਿਚ ਹੋਣ ਕਰਕੇ ਉਸ ਦੀ ਬਖਸ਼ਸ਼ ਨਹੀਂ ਪ੍ਰਾਪਤ ਕਰ ਸਕਦੇ ਅਤੇ ਇਕ ਵਿਕਾਰੀ ਪੁਰਸ਼ ਭੀ ਕਿਸੇ ਸਤਿਸੰਗੀ ਦੀ ਕ੍ਰਿਪਾ ਨਾਲ ਤਰ ਜਾਂਦਾ ਹੈ) ॥੧੧੩॥

**ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥**

ਹੇ ਸੁਹਾਗ ਨੂੰ ਢੂੰਢਨ ਵਾਲੀਏ! ਤੇਰੇ ਤਨ ਵਿਚ [ਕੋਰ] ਦੋਸ਼ ਹੈ, (ਜਿਸ ਕਰਕੇ ਤੈਨੂੰ ਸੁਹਾਗ ਪ੍ਰਾਪਤ ਨਹੀਂ ਹੁੰਦਾ)।

SIKHBOOKCLUB.COM

**ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ ॥੧੧੪॥**

(ਯਾਦ ਰਖੋ!) ਜਿਨ੍ਹਾਂ ਦਾ ਨਾਮ ਸੁਹਾਗਣੀ ਹੈ, ਉਨ੍ਹਾਂ ਨੂੰ ਹੋਰ ਕਿਸੇ ਦੀ ਝਾਕ ਨਹੀਂ ਹੁੰਦੀ ॥੧੧੪॥

**ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥**

(ਜੇ ਦਿਲ) ਅੰਦਰ ਸੰਤੋਖ (ਹੈ, ਇਹ) ਕਮਾਣ ਹੈ, ਅਤੇ ਇਸ (ਸਰੀਰ ਦੇ) ਸਬਰ ਦਾ [ਨੀਹਣੋ] ਚਿੱਲਾ ਬਣਾਓ।

**ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥੧੧੫॥**

(ਫਿਰ ਬਾਣੀ ਦੇ) ਸੰਤੋਖ ਦਾ ਤੀਰ (ਚਲਾਇਆ ਜਾਵੇ ਤਾਂ) ਮਾਲਕ (ਇਸ ਤੀਰ ਨੂੰ) ਖਤਾ ਨਹੀਂ ਕਰੇਗਾ (ਅਰਥਾਤ ਇਹ ਤੀਰ ਜ਼ਰੂਰ ਨਿਸ਼ਾਨੇ ਪੁਰ ਵੱਜੇਗਾ) ॥੧੧੫॥

**ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍ ॥**

(ਜੋ) [ਸਾਬਰੀ] ਸੰਤੋਖੀ ਇਸ ਤਰ੍ਹਾਂ ਸੰਤੋਖ ਵਿਚ ਸਰੀਰ ਨੂੰ ਸਾੜਦੇ ਹਨ।

**ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥**

(ਉਹ) ਖੁਦਾ ਦੇ ਨਜੀਕੀ ਹੋ ਕੇ ਭੀ ਕਿਸੇ ਨੂੰ (ਆਪਣਾ) ਭੇਤ ਨਹੀਂ ਦੇਂਦੇ ॥੧੧੬॥

**ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥**

ਹੇ ਬੰਦੇ! ਜੇ ਤੂੰ ਇਸ ਸੰਤੋਖ (ਨੂੰ ਆਪਣਾ) [ਸੁਆਉ] ਜ਼ਰੂਰੀ ਕੰਮ (ਸਮਝ ਕੇ ਮਨ ਵਿਚ) ਪੱਕਾ ਕਰ ਲਵੇਂ।

**ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥੧੧੭॥**

(ਤਾਂ) ਵਧ ਕੇ ਦਰਿਆ ਹੋ ਜਾਵੇਂਗਾ, ਫਿਰ ਟੁਟਕੇ ਕਦੇ ਭੀ [ਵਾਹੜਾ] ਨਾਲਾ ਨਾ ਹੋਵੇਂਗਾ, (ਅਰਥਾਤ ਵਾਹਿਗੁਰੂ ਨਾਲ ਮਿਲ ਜਾਵੇਂਗਾ ਤੇ ਉਸ ਤੋਂ ਵੱਖ ਹੋ ਕੇ ਜੀਵ ਪਦ ਵਿਚ ਕਦੇ ਨਾ ਆਵੇਂਗਾ) ॥੧੧੭॥

**ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥**

ਹੇ ਫਰੀਦ! ਫਕੀਰੀ ਔਖੀ (ਹੈ, ਅਤੇ ਸਾਡੀ) ਪ੍ਰੀਤ [ਚੋਪੜੀ] ਉਪਰੋਂ-ਉਪਰੋਂ ਹੈ।

**ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ ॥੧੧੮॥**

ਕਿਸੇ ਇਕ ਨੇ ਹੀ ਫਕੀਰ ਦੀ ਰੀਤ ਪੁਰ ਤੁਰਨਾ ਕੀਤਾ ਹੈ ॥੧੧੮॥

**ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ॥**

ਸਰੀਰ ਤੰਦੂਰ ਵਾਂਗੂੰ ਤਪੇ ਤੇ ਹੱਡ ਬਾਲਨ ਵਾਂਗ ਬਲ ਜਾਣ।

**ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥੧੧੯॥**

ਪੈਰਾਂ ਨਾਲ ਥੱਕ ਜਾਵਾਂ, ਤਾਂ ਸਿਰ ਨਾਲ [ਜੁਲਾਂ] ਤੁਰਾਂ, ਜੇ ਮੈਨੂੰ ਪਿਆਰਾ ਮਿਲੇ (ਤਾਂ ਮੈਂ ਇਉਂ ਕਰਨ ਲਈ ਤਿਆਰ ਹਾਂ) ॥੧੧੯॥

SIKHBOOKCLUB.COM

**ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥**

ਤੰਦੂਰ ਵਾਂਗੂੰ (ਸਰੀਰ ਨੂੰ ਭੀ) ਨਾ ਤਪਾ ਤੇ ਹੱਡਾਂ ਨੂੰ ਭੀ ਬਾਲਣ ਵਾਂਗੂੰ ਨਾ ਬਾਲ।

**ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥੧੨੦॥**

ਸਿਰ ਤੇ ਪੈਰਾਂ ਨੇ ਕੀ [ਫੇੜਿਆ] ਵਿਗਾੜਿਆ ਹੈ ? (ਤੂੰ) ਆਪਣੇ ਅੰਦਰ ਹੀ ਪਿਆਰੇ ਨੂੰ ਵੇਖ ਲੈ ॥੧੨੦॥

**ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥**

ਮੈਂ ਸੱਜਣ (ਨੂੰ ਬਾਹਰ) ਢੂੰਢਦੀ ਹਾਂ, ਪਰ ਸੱਜਣ ਤਾਂ ਮੇਰੇ ਨਾਲ ਹੀ ਹੈ।

**ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥੧੨੧॥**

ਸਤਿਗੁਰੂ (ਜੀ ਆਖਦੇ ਹਨ) ਅਲਖ ਜਾਣਿਆ ਨਹੀਂ ਜਾਂਦਾ, (ਪਰ ਸਤਿਗੁਰੂ ਕਿਰਪਾ ਕਰਕੇ) ਵਿਖਾਲ ਦੇਂਦੇ ਹਨ ॥੧੨੧॥

**ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥**

ਹੰਸਾਂ (ਸੰਤਾਂ) ਨੂੰ ਤਰਦਿਆਂ ਵੇਖ ਕੇ ਬਗਲਿਆਂ (ਪਖੰਡੀਆਂ) ਨੂੰ ਭੀ ਚਾ ਆ ਗਿਆ।

**ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੧੨੨॥**

ਵਿਚਾਰੇ ਬਗਲੇ ਸਿਰ ਹੇਠਾਂ ਤੇ ਪੈਰ ਉਪਰ ਕਰਕੇ (ਮਾਂ ਦੇ ਗਰਭ ਵਿਚ) ਡੁਬ ਮੋਏ ਹਨ ॥੧੨੨॥

***ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥**

ਮੈਂ (ਇਸ ਨੂੰ) ਵੱਡਾ ਹੰਸ (ਪੂਰਨ ਸੰਤ) ਜਾਤਾ ਸੀ, ਤਦੇ ਤਾਂ ਮੈਂ (ਇਸ ਦਾ) ਸਾਥ ਕੀਤਾ ਸੀ।

**ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥**

ਜੇ ਮੈਨੂੰ ਪਤਾ ਹੁੰਦਾ ਕਿ ਇਹ ਵਿਚਾਰਾ ਭੀ ਬਗਲਾ (ਪਖੰਡੀ) ਹੈ, ਤਾਂ ਕਦੇ ਭੀ ਇਸ ਨਾਲ ਅੰਗ ਨਾ [ਭੇੜੀ] ਮਿਲਾਂਦੀ ॥੧੨੩॥

**ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥**

ਕੀ ਹੰਸ ਤੇ ਕੀ ਬਗਲਾ, ਜਿਸ ਨੂੰ (ਵਾਹਿਗੁਰੂ ਆਪਣੀ) ਮੇਹਰ ਕਰ ਦੇਵੇ।

**ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥੧੨੪॥**

ਸਤਿਗੁਰੂ (ਜੀ ਆਖਦੇ ਹਨ) ਜੇ ਉਸ ਦੀ ਮਰਜ਼ੀ ਹੋਵੇ ਤਾਂ ਕਾਂ ਤੋਂ ਹੰਸ ਕਰ ਦੇਵੇਗਾ ॥੧੨੪॥

**ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥**

(ਸੰਸਾਰ ਰੂਪ) ਤਲਾ (ਉਤੇ ਜੀਵ ਰੂਪ) ਪੰਛੀ ਇਕ ਹੈ (ਤੇ ਇਸ ਨੂੰ) ਫਾਹੁਣ ਵਾਲੇ ਬਹੁਤੇ ਹਨ।

**ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥੧੨੫॥**

ਏਹ ਸਰੀਰ ਵਾਸ਼ਨਾ ਵਿਚ ਦਬਿਆ ਹੋਇਆ ਹੈ, ਹੇ ਸੱਚੇ! ਹੁਣ ਤੇਰੀ ਹੀ ਆਸ ਹੈ ॥੧੨੫॥

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥**

ਉਹ [ਅਖਰ] ਜੰਤ੍ਰ ਕੇੜ੍ਹਾ ਹੈ ? [ਗੁਣ=ਧਾਗਾ] ਤੰਤ੍ਰ ਕੇਹੜਾ ਹੈ ? ਤੇ ਉਹ ਸ਼ਰੋਮਣੀ ਮੰਤ੍ਰ ਕੇਹੜਾ ਹੈ।

**ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥**

(ਉਹ) ਵੇਸ ਕੇਹੜਾ ਹੈ (ਜੋ) ਮੈਂ ਕਰ ਲਵਾਂ ਜਿਸ ਕਰਕੇ ਪਤੀ ਵਸ ਹੋ ਜਾਵੇ ? ॥੧੨੬॥

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**

ਉਹ ਜੰਤ੍ਰ [ਨਿਵਣੁ] ਗਰੀਬੀ ਹੈ, ਤੰਤ੍ਰ [ਖਵਣੁ] ਸਹਾਰਨਾ ਹੈ, ਅਤੇ ਜੀਭ (ਨਾਲ ਮਿੱਠਾ ਬੋਲਣਾ) ਸ਼ਰੋਮਣੀ ਮੰਤਰ ਹੈ।

**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥**

ਹੇ ਭੈਣੇ! ਏਹ ਤਿੰਨੇ (ਗੁਣ ਧਾਰਨੇ ਹੀ) ਵੇਸ ਕਰ, ਤਾਂ ਪਤੀ ਵਸ ਹੋ ਜਾਵੇਗਾ ॥੧੨੭॥

**ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥**

ਮਤ ਹੋਵੇ, (ਫੇਰ) ਇਆਣਾ ਹੋਵੇ। ਬਲ ਹੋਵੇ, (ਫੇਰ) ਨਿਤਾਣਾ ਹੋਵੇ।

---

*ਦੇਖੋ ਮੇਰੀਆਂ ਟੀਕਾ ਕੀਤੀਆਂ ਬਾਈ ਵਾਰਾਂ ਵਿਚੋਂ ਵਡਹੰਸ ਕੀ ਵਾਰ।

**ਅਣਹੋਂਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥੧੨੮॥**

ਪੱਲੇ ਨਾ ਹੋਵੇ (ਫੇਰ) ਆਪ ਵੰਡ ਕੇ ਖਾਵੇ। (ਜੋ) ਕੋਈ ਅਜੇਹਾ (ਹੋਵੇਗਾ, ਉਹ) ਭਗਤ ਕਿਹਾ ਜਾਂਦਾ ਹੈ ॥੧੨੮॥

**ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥**

ਇਕ ਫਿੱਕਾ ਨਾ [ਗਾਲਾਇ] ਬੋਲ ਕਿਉਂਕਿ ਸਾਰਿਆਂ ਵਿਚ ਹੀ ਸੱਚਾ ਮਾਲਕ (ਵਸਦਾ ਹੈ)।

**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥**

ਕਿਸੇ ਦਾ [ਹਿਆਉ] ਦਿਲ ਨਾ [ਠਾਹਿ] ਦੁਖਾ, (ਕਿਉਂਕਿ ਏਹ) ਸਾਰੇ ਹੀ ਅਮੋਲਕ ਰਤਨ ਹਨ ॥੧੨੯॥

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥**

ਸਾਰਿਆਂ ਦੇ ਮਨ ਅਮੋਲਕ ਰਤਨ ਹਨ, (ਇਸ ਨੂੰ) [ਠਾਹਣ] ਤੋੜਨਾ ਮੂਲੋਂ ਹੀ [ਮਚਾਂਗਵਾ] ਚੰਗਾ ਨਹੀਂ ਹੈ।

**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥**

ਜੇ ਤੈਨੂੰ ਪਿਆਰੇ ਦੇ ਮਿਲਣ ਦੀ [ਸਿਕ] ਇੱਛਾ ਹੈ, ਤਾਂ ਕਿਸੇ ਦਾ ਭੀ ਦਿਲ ਨਾ ਦੁਖਾ ॥੧੩੦॥

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

**ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ ॥** (ਅੰਗ ੧੩੮੫-੮੭)

**ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ ॥**

ਹੇ ਪੁਰਖਾਂ ਦੇ ਆਦਿ (ਰੂਪ) ਕਰਤਾਰ! ਸਾਰੇ ਕਾਰਣ ਤੇ ਕਾਰਜ (ਤੂੰ) ਆਪੇ (ਕਰਦਾ ਹੈਂ)।

**ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ ॥**

(ਤੂੰ) ਸਾਰੀਆਂ (ਜਗ੍ਹਾਂ ਵਿਚ) ਭਰਪੂਰ ਹੋ ਰਿਹਾ ਹੈਂ, ਅਤੇ ਸਾਰਿਆਂ ਸਰੀਰਾਂ ਵਿਚ ਵਿਆਪਕ ਹੋ ਰਿਹਾ ਹੈਂ।

**ਬ੍ਯਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ**
**ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ ॥**

(ਤੂੰ) ਜਗਤ ਵਿਚ ਵਿਆਪਕ ਦਿੱਸਦਾ ਹੈਂ, ਤੇਰੀ ਗਤੀ ਨੂੰ ਕੌਣ ਜਾਣ ਸਕਦਾ ਹੈ ? ਹੇ ਮਾਲਕ ਹਰੀ! (ਤੂੰ) ਆਪ ਹੀ ਸਾਰਿਆਂ ਦੀ ਰਖਿਆ ਕਰਦਾ ਹੈਂ।

**ਅਬਿਨਾਸੀ ਅਬਿਗਤ ਆਪੇ ਆਪਿ ਉਤਪਤਿ ॥**

(ਤੂੰ) ਨਾਸ ਤੋਂ ਰਹਿਤ ਤੇ [ਅਬਿਗਤ] ਸਰੀਰ ਤੋਂ ਰਹਿਤ ਹੈਂ ਅਤੇ ਆਪੇ (ਹੀ) ਆਪਣੇ (ਤੋਂ ਜਗਤ ਦੀ) ਉਤਪਤੀ (ਕਰਦਾ ਹੈਂ)।

**ਏਕੈ ਤੂਹੀ ਏਕੈ ਅਨ ਨਾਹੀ ਤੁਮ ਭਤਿ ॥**

ਇਕ (ਤੇਰੇ ਵਰਗਾ) ਤੂੰਹੀਂ ਇਕ ਹੈਂ, [ਅਨ] ਹੋਰ (ਕੋਈ ਤੇਰੇ) [ਭਤਿ] ਵਰਗਾ ਨਹੀਂ ਹੈ।

**ਹਰਿ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ**
**ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ ॥**

ਹੇ ਹਰੀ! (ਤੇਰੇ) ਪਾਰ ਉਰਾਰ ਦਾ ਅੰਤ ਨਹੀਂ (ਆਉਂਦਾ, ਅਜੇਹਾ) ਕੌਣ ਹੈ ? (ਜੋ ਤੇਰੀ) ਵਿਚਾਰ ਕਰ ਸਕਦਾ ਹੈ ? ਹੇ ਜਗਤ ਦੇ ਪਿਤਾ! (ਤੂੰਹੀ) ਸਾਰਿਆਂ ਦੇ ਪ੍ਰਾਣਾਂ ਦਾ ਆਸਰਾ ਹੈਂ।

**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ**
**ਏਕ ਜੀਹ ਕਿਆ ਬਖਾਨੈ ॥**

(ਗੁਰੂ) ਨਾਨਕ (ਜੀ ਆਖਦੇ ਹਨ) ਦਰਗਾਹ ਦੇ ਭਗਤ ਜਨ ਬ੍ਰਹਮ (ਦੋਵੇਂ) ਇਕ ਸਮਾਨ ਹੀ (ਤੁਲਿ) ਵਿਚਾਰੇ ਜਾਂਦੇ ਹਨ, (ਮੈਂ) ਇਕ ਜੀਭ (ਨਾਲ ਉਨ੍ਹਾਂ ਦਾ ਕੀ) ਆਖ ਸਕਦਾ ਹਾਂ ?

**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੧॥**

ਹਾਂ ਜੀ! (ਮਨ ਕਰਕੇ) ਬਲਿਹਾਰ ਬਲਿਹਾਰ (ਹਾਂ, ਬਾਣੀ ਕਰਕੇ ਭੀ) ਕੁਰਬਾਨ ਕੁਰਬਾਨ (ਹਾਂ ਅਤੇ ਤਨ ਕਰਕੇ ਤਾਂ) ਸਦਾ ਹੀ ਵਾਰਨੇ (ਜਾਂਦੇ ਹਾਂ) ॥੧॥

**ਅੰਮ੍ਰਿਤ ਪ੍ਰਵਾਹ ਸਰਿ ਅਤੁਲ ਭੰਡਾਰ ਭਰਿ**
**ਪਰੈ ਹੀ ਤੇ ਪਰੈ ਅਪਰ ਅਪਾਰ ਪਰਿ ॥**

(ਤੂੰ) ਅੰਮ੍ਰਿਤ ਦੇ ਪ੍ਰਵਾਹ ਦੀ [ਸਰਿ] ਨਦੀ ਹੈਂ, (ਤੇਰਾ) ਨਾ ਤੋਲੇ ਜਾਨ ਵਾਲਾ ਖਜ਼ਾਨਾ ਭਰਿਆ ਹੋਇਆ ਹੈ, ਤੂੰ ਪਰ੍ਹੇ ਤੋਂ ਪਰ੍ਹੇ ਅਤੇ ਉਰੇ ਤੋਂ ਉਰੇ ਭੀ ਪੂਰਨ ਹੈ।

**ਆਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ**
**ਓਪਤਿ ਪਰਲੌ ਏਕੈ ਨਿਮਖ ਤੁ ਘਰਿ ॥**

ਆਪਣੀ [ਭਾਵਨੁ] ਮਰਜੀ ਕਰਦਾ ਹੈ, ਕਿਸੇ ਦੂਸਰੇ ਦੀ [ਮੰਤ੍ਰਿ] ਸਲਾਹ ਨਹੀਂ ਵਰਤਦਾ, ਇਕ ਨਿਮਖ ਵਿਚ ਉਤਪਤੀ ਤੇ ਪਰਲੋ ਤੇਰੇ ਘਰੋਂ (ਹੋ ਸਕਦੀ ਹੈ)।

**ਆਨ ਨਾਹੀ ਸਮਸਰਿ ਉਜੀਆਰੋ ਨਿਰਮਰਿ**
**ਕੋਟਿ ਪਰਾਛਤ ਜਾਹਿ ਨਾਮ ਲੀਏ ਹਰਿ ਹਰਿ ॥**

(ਤੇਰੇ) ਸਮਾਨ ਹੋਰ (ਕੋਈ) ਨਿਰਮਲ ਚਾਨਣਾ ਨਹੀਂ ਹੈ, ਹਰਿ ਹਰਿ ਨਾਮ ਲਿਆਂ ਕ੍ਰੋੜਾਂ ਹੀ [ਪਰਾਛਤ] ਪਾਪ ਮਿਟ ਜਾਂਦੇ ਹਨ।

**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ**
**ਏਕ ਜੀਹ ਕਿਆ ਬਖਾਨੈ ॥**

(ਗੁਰੂ) ਨਾਨਕ (ਜੀ ਆਖਦੇ ਹਨ) ਦਰਗਾਹ ਦੇ ਭਗਤ ਜਨ ਤੇ ਬ੍ਰਹਮ (ਦੋਵੇਂ) ਇਕ ਸਮਾਨ ਹਨ (ਮੈਂ) ਇਕ ਜੀਭ ਨਾਲ (ਉਨ੍ਹਾਂ ਦਾ) [ਤੁਲਿ] ਵਿਚਾਰ ਕਿਵੇਂ ਆਖਾਂ ?

**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੨॥**

ਹਾਂ ਜੀ ! (ਮਨ ਕਰਕੇ ਤਾਂ) ਬਲਿਹਾਰ ਬਲਿਹਾਰ (ਹਾਂ, ਤਨ ਕਰਕੇ) ਬਲਿਹਾਰ-ਬਲਿਹਾਰ (ਹਾਂ ਅਤੇ ਬਾਣੀ ਕਰਕੇ ਤਾਂ) ਸਦਾ ਹੀ ਬਲਿਹਾਰ ਜਾਂਦਾ ਹਾਂ ॥੨॥

**ਸਗਲ ਭਵਨ ਧਾਰੇ ਏਕ ਥੇਂ ਕੀਏ ਬਿਸਥਾਰੇ**
**ਪੂਰਿ ਰਹਿਓ ਸ੍ਰਬ ਮਹਿ ਆਪਿ ਹੈ ਨਿਰਾਰੇ ॥**

ਸਾਰੇ ਲੋਕ (ਉਸਨੇ) ਬਣਾਏ ਹਨ, (ਉਸ ਨੇ) ਇਕ ਨੇ (ਹੀ ਸਾਰੇ) ਪਸਾਰੇ ਕੀਤੇ ਹਨ, ਸਾਰਿਆਂ ਵਿਚ (ਓਹੀ) ਪੂਰਨ ਹੋ ਰਿਹਾ ਹੈ, ਫਿਰ ਆਪ (ਸਭ ਤੋਂ) [ਨਿਰਾਰੇ] ਵੱਖਰਾ ਹੈ ।

**ਹਰਿ ਗੁਨ ਨਾਹੀ ਅੰਤ ਪਾਰੇ ਜੀਅ ਜੰਤ ਸਭਿ ਥਾਰੇ**
**ਸਗਲ ਕੋ ਦਾਤਾ ਏਕੈ ਅਲਖ ਮੁਰਾਰੇ ॥**

ਹੇ ਹਰੀ ! (ਤੇਰੇ) ਗੁਣਾਂ ਦੇ ਪਾਰ ਦਾ ਅੰਤ ਨਹੀਂ ਔਂਦਾ, ਸਾਰੇ ਜੀਅ ਜੰਤ ਤੇਰੇ (ਹੀ ਬਣਾਏ ਹੋਏ ਹਨ), ਹੇ [ਮੁਰਾਰੇ] ਹੰਕਾਰ ਦਾ ਨਾਸ ਕਰਨ ਵਾਲੇ ਅਲਖ ! ਇਕ ਤੂੰਹੀ ਸਾਰਿਆਂ ਨੂੰ (ਰਿਜ਼ਕ) ਦੇਂਦਾ ਹੈਂ ।

**ਆਪ ਹੀ ਧਾਰਨ ਧਾਰੇ ਕੁਦਰਤਿ ਹੈ ਦੇਖਾਰੇ**
**ਬਰਨੁ ਚਿਹਨੁ ਨਾਹੀ ਮੁਖ ਨ ਮਸਾਰੇ ॥**

(ਤੂੰ) ਆਪ ਹੀ (ਸਾਰੇ) [ਧਾਰਨ] ਆਸਰਿਆਂ ਦਾ ਆਸਰਾ ਹੈਂ, ਕੁਦਰਤਿ (ਵਿਚ ਆਪਣਾ ਆਪ) ਦਿਖਾਉਂਦਾ ਹੈਂ, (ਤੇਰਾ ਕੋਈ ਖਾਸ) ਰੰਗ (ਜਾਂ) ਚਿੰਨ੍ਹ ਨਹੀਂ ਹੈ, ਅਤੇ ਨਾ ਹੀ ਮੂੰਹ ਅਤੇ [ਮਸਾਰੇ=ਸਮਰੂ] ਦਾੜ੍ਹੀ ਭੀ ਨਹੀਂ ਹੈ ।

**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ**
**ਏਕ ਜੀਹ ਕਿਆ ਬਖਾਨੈ ॥**

(ਗੁਰੂ) ਨਾਨਕ (ਜੀ ਆਖਦੇ ਹਨ) ਦਰਗਾਹ ਦੇ ਭਗਤ ਜਨ ਤੇ ਬ੍ਰਹਮ (ਨਿਰੰਕਾਰ) ਦੋਵੇਂ ਇਕ ਸਮਾਨ ਹਨ, (ਮੈਂ) ਇਕ ਜੀਭ (ਵਾਲਾ ਉਨ੍ਹਾਂ ਦੀ ਵਿਚਾਰ) ਕਿਵੇਂ ਆਖਾਂ ?

**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੩॥**

ਹਾਂ ਜੀ ! (ਮੈਂ ਭਗਤ ਜਨਾਂ ਤੋਂ) ਬਲਿਹਾਰ-ਬਲਿਹਾਰ (ਹਾਂ, ਨਿਰੰਕਾਰ ਤੋਂ) ਬਲਿਹਾਰ-ਬਲਿਹਾਰ (ਹਾਂ ਦੋਹਾਂ ਤੋਂ) ਸਦਾ ਹੀ ਬਲਿਹਾਰ (ਜਾਂਦਾ ਹਾਂ) ॥੩॥

**ਸਰਬ ਗੁਣ ਨਿਧਾਨੰ ਕੀਮਤਿ ਨ ਗ੍ਯਾਨੰ ਧ੍ਯਾਨੰ**
**ਊਚੇ ਤੇ ਊਚੌ ਜਾਨੀਜੈ ਪ੍ਰਭ ਤੇਰੋ ਥਾਨੰ ॥**

(ਤੂੰ) ਸਾਰੇ ਗੁਣਾਂ ਦਾ ਖਜ਼ਾਨਾ ਹੈਂ, (ਤੇਰੇ) ਗਿਆਨ ਧਿਆਨ ਦਾ ਅੰਤ ਨਹੀਂ ਆ ਸਕਦਾ, ਹੇ ਪ੍ਰਭੂ! ਤੇਰਾ ਟਿਕਾਣਾ ਉੱਚਿਆਂ ਤੋਂ ਉੱਚਾ ਮਲੂਮ ਹੁੰਦਾ ਹੈ।

**ਮਨੁ ਧਨੁ ਤੇਰੋ ਪ੍ਰਾਨੰ ਏਕੈ ਸੂਤਿ ਹੈ ਜਹਾਨੰ**

ਮਨ ਧਨ ਤੇ ਪ੍ਰਾਣ ਤੇਰੇ (ਹੀ ਦਿਤੇ ਹਨ, ਤੇਰੇ ਹੁਕਮ ਦੇ) ਇਕ ਸੂਤ੍ਰ ਵਿਚ (ਹੀ ਸਾਰਾ) ਜਗਤ (ਬੱਧਾ ਹੋਇਆ ਹੈ)।

**ਕਵਨ ਉਪਮਾ ਦੇਉ ਬਡੇ ਤੇ ਬਡਾਨੰ ॥**

(ਤੈਨੂੰ) ਕਿਸ (ਉਪਮਾਨ ਦੀ) ਉਪਮਾ ਦੇਵਾਂ ? (ਤੂੰ ਤਾਂ) ਵੱਡਿਆਂ ਤੋਂ ਭੀ ਵੱਡਾ ਹੈਂ।

**ਜਾਨੈ ਕਉਨੁ ਤੇਰੋ ਭੇਉ ਅਲਖ ਅਪਾਰ ਦੇਉ**
**ਅਕਲ ਕਲਾ ਹੈ ਪ੍ਰਭ ਸਰਬ ਕੋ ਧਾਨੰ ॥**

ਤੇਰਾ ਭੇਦ ਕੌਣ ਜਾਣ ਸਕਦਾ ਹੈ ? ਹੇ ਅਪਾਰ ਦੇਵਤੇ! (ਤੂੰ) ਅਲਖ ਜਾਣਿਆਂ ਨਹੀਂ ਜਾਂਦਾ, ਅਕਲ ਦੀ [ਕਲਾ] ਤਾਕਤ (ਤੋਂ ਤੂੰ ਪਰ੍ਹੇ ਰਹਿੰਦਾ) ਹੈਂ, (ਹੇ) ਪ੍ਰਭੂ (ਤੂੰਹੀ) ਸਾਰਿਆਂ ਦਾ [ਧਾਨੰ=ਧਨੀ] ਮਾਲਕ ਹੈਂ।

SIKHBOOKCLUB.COM

**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ**
**ਏਕ ਜੀਹ ਕਿਆ ਬਖਾਨੈ ॥**

(ਗੁਰੂ) ਨਾਨਕ (ਜੀ ਆਖਦੇ ਹਨ) ਦਰਗਾਹ ਦੇ ਭਗਤ ਤੇ ਬ੍ਰਹਮ ਦੀ ਵੀਚਾਰ ਇਕੋ ਜੇਹੀ ਹੈ, ਮੈਂ ਇਕ ਜੀਭ ਨਾਲ ਕਿਵੇਂ ਆਖਾਂ ?

**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੪॥**

ਹਾਂ ਜੀ! (ਭਗਤ ਤੋਂ) ਬਲਿਹਾਰ-ਬਲਿਹਾਰ (ਹਾਂ, ਨਿਰੰਕਾਰ ਤੋਂ) ਕੁਰਬਾਨ-ਕੁਰਬਾਨ (ਜਾਂਦਾ ਹਾਂ, ਦੋਹਾਂ ਤੋਂ ਮੈਂ) ਸਦਾ ਹੀ ਵਾਰਨੇ (ਹੁੰਦਾ ਹਾਂ) ॥੪॥

**ਨਿਰੰਕਾਰੁ ਆਕਾਰ ਅਛਲ ਪੂਰਨ ਅਬਿਨਾਸੀ ॥**

ਹੇ ਨਿਰੰਕਾਰ! (ਤੂੰਹੀ ਸਾਰੇ) ਅਕਾਰ (ਹੋ ਕੇ ਇਨ੍ਹਾਂ ਵਿਚ) ਪੂਰਨ (ਹੈਂ, ਫਿਰ ਕਿਸੇ ਦੇ) ਛਲ ਹੇਠ ਨਹੀਂ ਔਂਦਾ ਤੇ ਨਾਸ ਤੋਂ ਰਹਿਤ ਹੈ।

**ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ ॥**

ਹਰਖ ਵਾਲਾ ਹੈਂ, ਬੇਅੰਤ ਰੂਪਾਂ ਵਾਲਾ ਹੈਂ ਅਤੇ ਨਿਰਮਲ ਪ੍ਰਕਾਸ਼ ਵਾਲਾ ਹੈਂ।

**ਗੁਣ ਗਾਵਹਿ ਬੇਅੰਤ ਅੰਤੁ ਇਕੁ ਤਿਲੁ ਨਹੀ ਪਾਸੀ ॥**

ਬੇਅੰਤ (ਪੁਰਸ਼ ਤੇਰੇ) ਗੁਣ ਗਾਉਂਦੇ ਹਨ, ਅਤੇ ਇਕ ਤਿਲ ਜਿੰਨਾ ਭੀ ਅੰਤ (ਉਨ੍ਹਾਂ ਨੇ) ਨਹੀਂ ਪਾਇਆ।

**ਜਾ ਕਉ ਹੋਹਿ ਕ੍ਰਿਪਾਲ ਸੁ ਜਨੁ ਪ੍ਰਭ ਤੁਮਹਿ ਮਿਲਾਸੀ ॥**

ਹੇ ਪ੍ਰਭੂ! ਜਿਸ ਨੂੰ (ਤੂੰ) ਕ੍ਰਿਪਾਲ ਹੁੰਦਾ ਹੈ, ਓਹੀ ਪੁਰਸ਼ ਤੈਨੂੰ ਮਿਲਦਾ ਹੈ।

**ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥**

ਉਹ ਪੁਰਸ਼ ਧੰਨ ਹਨ, ਧੰਨ ਹਨ, ਜਿਨ੍ਹਾਂ ਉਤੇ ਹਰੀ ਹਰ (ਤਰ੍ਹਾਂ ਕਰਕੇ) ਕ੍ਰਿਪਾਲ ਹੋਯਾ ਹੈ।

**ਹਰਿ ਗੁਰੁ ਨਾਨਕੁ ਜਿਨ ਪਰਸਿਅਉ**
**ਸਿ ਜਨਮ ਮਰਣ ਦੁਹ ਥੇ ਰਹਿਓ ॥੫॥**

ਹਰੀ (ਰੂਪ) ਗੁਰੂ ਨਾਨਕ ਜਿਨ੍ਹਾਂ ਨੂੰ ਮਿਲਿਆ ਹੈ, ਓਹ ਜੰਮਣਾ ਤੇ ਮਰਣਾ (ਇਨ੍ਹਾਂ) ਦੋਹਾਂ (ਦੁੱਖਾਂ) ਤੋਂ ਬਚ ਗਿਆ ਹੈ ॥੫॥

**ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ ॥**

ਸਤਿ (ਸਰੂਪ) ਹਰੀ (ਪਿਛੇ ਭੀ) ਸਤਿ (ਸੀ, ਹੁਣ ਭੀ) ਸਤਿ ਸਤਿ (ਹੈ, ਅੱਗੇ ਨੂੰ ਭੀ) ਸਤਿ ਸਤਿ ਹੀ ਕਿਹਾ ਜਾਂਦਾ ਹੈ।

**ਦੂਸਰ ਆਨ ਨ ਅਵਰੁ ਪੁਰਖੁ ਪਊਰਾਤਨੁ ਸੁਣੀਐ ॥**

(ਉਸ) ਪੁਰਾਤਨ ਪੁਰਖ ਦੇ [ਆਨ] ਸਮਾਨ (ਦਾ) ਹੋਰ (ਕੋਈ) ਦੂਸਰਾ ਨਹੀਂ ਸੁਣਿਆ ਜਾਂਦਾ।

**ਅੰਮ੍ਰਿਤੁ ਹਰਿ ਕੋ ਨਾਮੁ ਲੈਤ ਮਨਿ ਸਭ ਸੁਖ ਪਾਏ ॥**

ਹਰੀ ਦਾ ਨਾਮ ਅੰਮ੍ਰਿਤ ਲੈਂਦਿਆਂ ਹੀ ਮਨ ਨੇ ਸਾਰੇ ਸੁਖ ਪਾ ਲਏ ਹਨ।

**ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ ॥**

ਜਿਨ੍ਹਾਂ ਨੇ ਜੀਭ (ਨਾਲ ਨਾਮ ਅੰਮ੍ਰਿਤ ਦਾ ਸਵਾਦ) ਚੱਖਿਆ ਹੈ, ਉਹ ਪੁਰਸ਼ ਤ੍ਰਿਪਤੀ ਨਾਲ ਰੱਜ ਗਏ ਹਨ।

**ਜਿਹ ਠਾਕੁਰੁ ਸੁਪ੍ਰਸੰਨੁ ਭਯੋੁ ਸਤਸੰਗਤਿ ਤਿਹ ਪਿਆਰੁ ॥**

ਜਿਸ ਉਤੇ ਨਿਰੰਕਾਰ ਆਪ ਪ੍ਰਸੰਨ ਹੋਇਆ ਹੈ, ਸਤਿ ਸੰਗਤਿ ਨਾਲ ਉਸਦਾ ਪਿਆਰ (ਲੱਗਾ ਹੈ)।

**ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ**
**ਤਿਨ੍ਹ ਸਭ ਕੁਲ ਕੀਓ ਉਧਾਰੁ ॥੬॥**

ਹਰੀ (ਸਰੂਪ) ਗੁਰੂ ਨਾਨਕ (ਦੇਵ ਜੀ ਨੂੰ) ਜਿਸ ਨੇ ਪਰਸਿਆ (ਪੂਜਿਆ) ਹੈ, ਉਸਨੇ (ਆਪਣੀ) ਸਾਰੀ ਕੁਲ ਦਾ ਉਧਾਰ ਕਰ ਲਿਆ ਹੈ ॥੬॥

**ਸਚੁ ਸਭਾ ਦੀਬਾਣੁ ਸਚੁ ਸਚੇ ਪਹਿ ਧਰਿਓ ॥**

(ਗੁਰੂ ਜੀ ਦੀ) ਸਭਾ ਸੱਚੀ ਹੈ, ਦਰਬਾਰ ਸੱਚਾ ਹੈ (ਕਿਉਂਕਿ) ਸੱਚੇ ਨਿਰੰਕਾਰ ਨੇ (ਗੁਰੂ ਨਾਨਕ) ਵਿਚ

(ਆਪਣਾ ਆਪ) ਟਿਕਾਇਆ ਹੈ।

**ਸਚੈ ਤਖਤਿ ਨਿਵਾਸੁ ਸਚੁ ਤਪਾਵਸੁ ਕਰਿਓ ॥**

(ਸਾਧ ਸੰਗਤਿ ਰੂਪ) ਸੱਚੇ ਤਖਤ ਤੇ ਨਿਵਾਸ ਹੈ ਅਤੇ ਸੱਚਾ ਹੀ [ਤਪਾਵਸੁ] ਨਿਆਉਂ ਕੀਤਾ ਹੈ।

**ਸਚਿ ਸਿਰਜਿੑਉ ਸੰਸਾਰੁ ਆਪਿ ਆਭੁਲੁ ਨ ਭੁਲਉ ॥**

(ਜਿਸ) ਸੱਚ (ਸਰੂਪ ਨੇ) ਸੰਸਾਰ [ਸਿਰਜਿੑਉ] ਰਚਿਆ ਹੈ, (ਉਹ) ਆਪ ਅਭੁਲ ਹੈ, ਕਦੇ ਭੀ ਨਹੀਂ ਭੁਲਦਾ।

**ਰਤਨ ਨਾਮੁ ਅਪਾਰੁ ਕੀਮ ਨਹੁ ਪਵੈ ਅਮੁਲਉ ॥**

(ਉਸ) ਅਪਾਰ (ਦੇ) ਨਾਮ ਰਤਨ ਦੀ ਕੀਮਤ ਨਹੀਂ ਪੈਂਦੀ ਅਮੋਲਕ ਹੈ।

**ਜਿਹ ਕ੍ਰਿਪਾਲੁ ਹੋਯਉ ਗੋੁਬਿੰਦੁ ਸਰਬ ਸੁਖ ਤਿਨਹੂ ਪਾਏ ॥**

ਜਿਸ ਤੇ ਗੋਬਿੰਦ ਕ੍ਰਿਪਾਲ ਹੋਇਆ ਹੈ, ਉਸਨੇ ਸਾਰੇ ਸੁਖ ਪਾਏ ਹਨ।

**ਹਰਿ ਗੁਰੁ ਨਾਨਕੁ ਜਿਨੑ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ ॥੭॥**

ਹਰੀ (ਰੂਪ) ਗੁਰੂ ਨਾਨਕ ਜਿਸ ਨੂੰ ਮਿਲਿਆ ਹੈ, ਉਹ ਫੇਰ ਦੁਬਾਰਾ ਜੂਨ ਵਿਚ ਨਹੀਂ ਆਉਂਦਾ ॥੭॥

**ਕਵਨੁ ਜੋਗੁ ਕਉਨੁ ਗ੍ਯ਼ਾਨੁ ਧ੍ਯ਼ਾਨੁ ਕਵਨ ਬਿਧਿ ਉਸ੍ਤਤਿ ਕਰੀਐ ॥**

ਕੇਹੜਾ ਜੋਗ ਹੈ ? ਗਿਆਨ ਕੇਹੜਾ ਹੈ ? ਧਿਆਨ ਕੇਹੜਾ ਹੈ ? ਅਤੇ ਉਸਤਤੀ ਕਿਸ ਤਰ੍ਹਾਂ ਕਰੀਏ ?

**ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ ॥**

ਸਿਧੀਆਂ ਵਾਲੇ ਤੇ ਸਿਧੀਆਂ ਦੀ ਇੱਛਾ ਵਾਲੇ ਜਗਯਾਸੂ ਅਤੇ ਤੇਤੀ ਕ੍ਰੋੜ (ਦੇਵਤੇ ਭੀ) ਤੇਰੀ ਕੀਮਤ ਨਹੀਂ ਪਾ ਸਕੇ।

**ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ ॥**

ਬ੍ਰਹਮਾ, ਸ਼ਿਵ ਤੇ ਵਿਸ਼ਨ, ਸਨਕ, ਸਨੰਦਨ, ਸਨਾਤਨ ਤੇ ਸੰਤ ਕੁਮਾਰ ਅਤੇ ਸ਼ੇਸ਼ਨਾਗ (ਇਨ੍ਹਾਂ ਨੇ ਤੇਰੇ) ਗੁਣਾਂ ਦਾ ਅੰਤ ਨਹੀਂ ਪਾਇਆ।

**ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ ॥**

(ਉਸ ਦਾ) ਫੜਨਾ ਕਠਨ ਹੈ, ਫੜਿਆ ਨਹੀਂ ਜਾਂਦਾ, ਪੂਰਨ (ਰੂਪ) ਹੋ ਕੇ ਸਾਰਿਆਂ ਵਿਚ ਸਮਾ ਰਿਹਾ ਹੈ।

**ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ॥**

ਦਿਆਲ ਪ੍ਰਭੂ ਨੇ ਜਿਸਦੀ (ਮੋਹ ਰੂਪ) [ਸਿਲਕ] ਫਾਹੀ ਕੱਟੀ ਹੈ, ਉਹ ਪੁਰਸ਼ ਭਗਤੀ (ਕਰਨ ਵਿਚ) ਲਗੇ ਹਨ।

**ਹਰਿ ਗੁਰੁ ਨਾਨਕੁ ਜਿਨੑ ਪਰਸਿਓ ਤੇ ਇਤ ਉਤ ਸਦਾ ਮੁਕਤੇ ॥੮॥**

ਹਰੀ (ਸਰੂਪ) ਗੁਰੂ ਨਾਨਕ (ਜੀ ਨੂੰ) ਜਿਨ੍ਹਾਂ ਪੂਜਿਆ ਹੈ ਉਹ ਇਥੇ (ਲੋਕ ਪ੍ਰਲੋਕ ਵਿਚ) ਸਦਾ ਹੀ ਮੁਕਤਿ (ਰੂਪ ਹਨ) ॥੮॥

**ਪ੍ਰਭ ਦਾਤਉ ਦਾਤਾਰ ਪਰ੍ਯ੍ਯਉ ਜਾਚਕੁ ਇਕੁ ਸਰਨਾ ॥**

ਹੇ ਦਾਤਾਰ ਦਾਤੇ ਪ੍ਰਭੂ ! ਇਕ [ਜਾਚਕੁ] ਮੰਗਤਾ (ਆਪਦੀ) ਸ਼ਰਨ ਪਿਆ ਹੈ।

**ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ ॥**

(ਇਸਨੂੰ) ਸੰਤਾਂ (ਦੀ ਚਰਨ) [ਰੇਨ] ਧੂੜਿ ਦਾਨ ਦਿਓ, ਜਿਸ ਦੇ (ਆਸਰੇ) ਲੱਗ ਸੰਸਾਰ-ਸਮੁੰਦਰ ਤੋਂ ਤਰਨਾ (ਹੁੰਦਾ) ਹੈ।

**ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥**

(ਮੈਂ) ਬੇਨਤੀ ਕਰਦਾ ਹਾਂ, ਹੇ ਠਾਕਰ ਜੀ ! ਅਰਦਾਸ ਸੁਣੋ, ਭਲਾ ਜੀ (ਕਿਤੇ ਆਪ) ਮਨਜ਼ੂਰ ਕਰ ਲਵੋ, ਤਾਂ—

**ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ ॥**

ਦਰਸ਼ਨ ਦਿਓ ਮਨ (ਵਿਚ) ਏਹੋ ਚਾਉ ਹੈ, (ਦਰਸ਼ਨ ਕਰਕੇ) ਮਨ ਭਗਤੀ ਵਿਚ ਟਿਕ ਜਾਵੇਗਾ।

**ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥**

(ਕਲਿਜੁਗ) ਰੂਪ ਹਨੇਰੇ (ਵਿਚ ਗੁਰੂ ਨਾਨਕ ਦੇਵ ਗਿਆਨ ਦਾ) [ਚਰਾਗੁ] ਦੀਵਾ ਬਲਿਆ ਹੈ, (ਤਿਨ੍ਹਾਂ ਦੇ ਬਖਸ਼ੇ ਹੋਏ) ਇਕ ਨਾਮ ਤੇ ਧਰਮ (ਨੂੰ ਹਿਰਦੇ ਵਿਚ ਵਸਾ ਕੇ) ਸਾਰੀ [ਕਲਿ] ਦੁਨੀਆਂ (ਸੰਸਾਰ-ਸਮੁੰਦਰ ਤੋਂ) ਪਾਰ ਹੋ ਗਈ ਹੈ।

**ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥**

ਸਾਰੇ [ਭਵਨ] ਲੋਕਾਂ (ਦੇਸਾਂ) ਦੇ ਹਰੇਕ ਜਨ ਵਿਚ (ਏਹ) ਪ੍ਰਗਟ (ਹੈ, ਕਿ) ਗੁਰੂ ਨਾਨਕ (ਦੇਵ ਹੀ) ਪਾਰਬ੍ਰਹਮ ਹੈ ॥੯॥

## ਸਵਯੇ ਸ੍ਰੀ ਮੁਖਬਾਕ੍ਯ੍ਯ ਮਹਲਾ ੫ (ਅੰਗ ੧੩੮੭-੮੯)

## ੧ੴ ਸਤਿਗੁਰ ਪ੍ਰਸਾਦਿ ॥

**ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ ॥**

(ਹੇ ਮਨ ਦੇ) ਕਠੋਰ [ਸਠ] ਮੂਰਖ ! (ਹੇ) [ਕੁਚੀਲ] ਭੈੜੇ ਕਰਮ ਕਰਨ ਵਾਲੇ ਅਗਿਆਨੀ ! (ਤੂੰ) ਕੱਚੀ ਦੇਹ (ਨੂੰ) ਫੇਰ ਮੋਹ ਨਾਲ ਬੰਨ੍ਹ ਲਿਆ ਹੈ।

**ਧਾਵਤ ਭ੍ਰਮਤ ਰਹਨੁ ਨਹੀ ਪਾਵਤ**
**ਪਾਰਬ੍ਰਹਮ ਕੀ ਗਤਿ ਨਹੀ ਜਾਨੀ ॥**

ਦੌੜਿਆ ਫਿਰਦਾ ਹੈਂ, (ਇਕ ਜਗ੍ਹਾ ਤੇ) ਟਿਕਾਣਾ ਨਹੀਂ ਪਾਂਦਾ ਅਤੇ ਨਿਰੰਕਾਰ ਨੂੰ [ਗਤਿ-ਪ੍ਰਾਪਤੀ]

ਪਾਉਣ ਦੀ (ਜੁਗਤੀ ਤੂੰ) ਜਾਣੀ ਹੀ ਨਹੀਂ ।

**ਜੋਬਨ ਰੂਪ ਮਾਇਆ ਮਦ ਮਾਤਾ**
**ਬਿਚਰਤ ਬਿਕਲ ਬਡੌ ਅਭਿਮਾਨੀ ॥**

ਹੇ ਬੇਅਕਲ ! ਜੁਆਨੀ ਦੇ ਰੂਪ ਤੇ ਮਾਇਆ ਦੇ ਹੰਕਾਰ ਵਿਚ [ਮਾਤਾ] ਮੱਤਾ ਹੋ ਕੇ ਵੱਡਾ ਹੰਕਾਰੀ ਹੋਇਆ [ਬਿਚਰਤ] ਫਿਰਦਾ ਹੈਂ ।

**ਪਰ ਧਨ ਪਰ ਅਪਵਾਦ ਨਾਰਿ ਨਿੰਦਾ**
**ਯਹ ਮੀਠੀ ਜੀਅ ਮਾਹਿ ਹਿਤਾਨੀ ॥**

ਪਰਾਇਆ ਧਨ (ਚੁਰਾਯਾ ਤੇ ਪਰ) ਇਸਤ੍ਰੀ (ਭੋਗਣਾ ਅਤੇ) ਪਰਾਈ ਨਿੰਦਾ ਤੇ [ਅਪਵਾਦ] ਚੁਗਲੀ, ਇਹ ਮਿੱਠੀਆਂ (ਜਾਣਕੇ ਇਨ੍ਹਾਂ ਨੂੰ) ਦਿਲ ਵਿਚ ਹਿਤ (ਨਾਲ ਤੂੰ) ਲਿਆਂਦਾ ਹੋਇਆ ਹੈ ।

**ਬਲਬੰਚ ਛਪਿ ਕਰਤ ਉਪਾਵਾ ਪੇਖਤ ਸੁਨਤ ਪ੍ਰਭ ਅੰਤਰਜਾਮੀ ॥**

ਬਲ ਤੇ [ਬੰਚ] ਠੱਗੀ (ਦੇ) ਉਪਾਵਾਂ (ਨਾਲ ਪਰਾਇਆ ਧਨ ਲੈਂਦਾ ਹੈਂ, ਅਤੇ) ਲੁਕ (ਕੇ ਵਿਕਾਰ) ਕਰਦਾ ਹੈਂ, ਪ੍ਰਭੂ ਅੰਤਰਜਾਮੀ (ਤੇਰੇ ਸਾਰੇ ਕੰਮ) ਵੇਖਦਾ ਤੇ ਸੁਣਦਾ ਹੈ ।

**ਸੀਲ ਧਰਮ ਦਯਾ ਸੁਚ ਨਾਸ੍ਤਿ ਆਇਓ ਸਰਨਿ ਜੀਅ ਕੇ ਦਾਨੀ ॥**

(ਇਉਂ) ਬੇਨਤੀ ਕਰ [ਸੀਲ] ਇਸਤ੍ਰੀ ਬਰਤ, ਧਰਮ, ਦਯਾ ਤੇ ਪਵਿਤ੍ਰਤਾ (ਆਦਿਕ ਸ਼ੁਭ ਕਰਮ ਮੇਰੇ ਵਿਚ) [ਨਾ=ਅਸਤਿ] ਨਹੀਂ ਹੈ, (ਪਰ) ਹੇ ਜੀਵਾਂ ਦੇ ਦਾਤੇ ! (ਤੇਰੀ) ਸ਼ਰਨ ਵਿਚ ਆ ਗਿਆ ਹਾਂ ।

**ਕਾਰਣ ਕਰਣ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ ॥੧॥**

(ਗੁਰੂ) ਨਾਨਕ (ਜੀ ਆਖਦੇ ਹਨ, ਹੇ) ਪ੍ਰਪੰਚ ਦੇ ਕਰਨ ਨੂੰ ਸਮਰੱਥ ਸ੍ਰੀ ਧਰ ਸੁਆਮੀ ! (ਦਾਸ ਨੂੰ) ਰੱਖ ਲੈ ॥੧॥

**ਕੀਰਤਿ ਕਰਨ ਸਰਨ ਮਨਮੋਹਨ ਜੋਹਨ ਪਾਪ ਬਿਦਾਰਨ ਕਉ ॥**

ਮਨ ਦੇ ਮੋਹਨ (ਵਾਲੇ ਦੀ) ਸ਼ਰਨ (ਜਾ ਕੇ ਉਸ ਦੀ) ਕੀਰਤੀ ਕਰਨੀ (ਤੇ) [ਜੋਹਨ] ਦਰਸ਼ਨ ਕਰਨਾ ਹੀ ਪਾਪਾਂ ਨੂੰ [ਬਿਦਾਰਨ] ਨਾਸ਼ ਕਰਨ (ਦਾ ਸਾਧਨ ਹੈ) ।

**ਹਰਿ ਤਾਰਨ ਤਰਨ ਸਮਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ ਸਉ ॥**

[ਸਉ] ਹਰੀ ਸਭ ਤਰ੍ਹਾਂ ਕਰਕੇ ਤਾਰਨ ਦੀ ਸਮਰੱਥਾ (ਵਾਲਾ) [ਤਰਨ] ਜਹਾਜ਼ ਹੈ ਅਤੇ ਸਾਰੀਆਂ ਕੁਲਾਂ ਦਾ ਉਧਾਰ ਕਰਨ ਵਾਲਾ ਹੈ।

**ਚਿਤ ਚੇਤਿ ਅਚੇਤ ਜਾਨਿ ਸਤਸੰਗਤਿ ਭਰਮ ਅੰਧੇਰ ਮੋਹਿਓ ਕਤ ਧੰਉ ॥**

ਹੇ ਅਚੇਤ ਚਿੱਤ ! ਸਤਿ ਸੰਗਤਿ ਵਿਚ ਜਾਕੇ (ਉਸ ਨੂੰ) ਚੇਤੇ ਕਰ, ਭਰਮ ਦੇ ਹਨੇਰੇ ਵਿਚ ਮੋਹਿਆ ਹੋਇਆਂ ਕਿਧਰ ਦੌੜਦਾ ਹੈਂ ?

Sri Satguru Jagjit Singh Ji eLibrary NamdhariElibrary@gmail.com

**ਮੂਰਤ ਘਰੀ ਚਸਾ ਪਲੁ ਸਿਮਰਨ ਰਾਮ ਨਾਮੁ ਰਸਨਾ ਸੰਗਿ ਲਉ ॥**

[ਮੂਰਤ= ਮਹੂਰਤ] ਦੋ ਘੜੀਆਂ, (ਇਕ) ਘੜੀ, ਪਲ ਜਾਂ ਚਸਾ (ਭਰ ਤਾਂ) ਸਿਮਰਨ (ਕਰ, ਅਤੇ) ਰਾਮ ਦਾ ਨਾਮ ਜੀਭ ਨਾਲ (ਜਪ) ਲੈ ।

**ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭੰਉ ॥**

[ਅਲਪ] ਥੋੜੇ ਸੁਖ (ਬਦਲੇ) [ਹੋਛਉ] ਨਿਕੰਮੇ ਕੰਮਾਂ ਵਿਚ ਬੱਝਕੇ ਕਿਉਂ ਕ੍ਰੋੜ ਜਨਮਾਂ ਦਾ ਦੁੱਖ ਭੋਗਦਾ ਹੈਂ ?

**ਸਿਖ੍ਯਾ ਸੰਤ ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ ਰੰਉ ॥੨॥**

(ਗੁਰੂ) ਨਾਨਕ (ਜੀ ਆਖਦੇ ਹਨ) ਸੰਤਾਂ ਦੀ ਸਿਖਿਆ ਲੈ ਕੇ ਨਾਮ ਜਪੋ, ਅਤੇ ਆਤਮ ਮਨ ਦੇ ਪ੍ਰੇਮ ਨਾਲ ਰਾਮ ਦਾ ਸਿਮਰਨ ਕਰ ॥੨॥

**ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ ॥**

(ਜਿਸਨੇ) ਰਤਾ ਜਿੰਨੀ [ਰੇਤ] ਬੀਰਜ ਦੀ ਬੂੰਦ [ਖੇਤ] ਇਸਤ੍ਰੀ ਦੇ ਸਰੀਰ ਵਿਚ [ਨਿਰਮਿਤ] ਇਸਥਿਤ (ਕਰਕੇ ਉਸ ਤੋਂ ਹੀ) ਦੁਰਲੱਭ ਦੇਹ ਬਣਾ ਵਿਖਾਈ ਹੈ ।

**ਖਾਨ ਪਾਨ ਸੋਧੇ ਸੁਖ ਭੁੰਚਤ ਸੰਕਟ ਕਾਟਿ ਬਿਪਤਿ ਹਰੀ ॥**

(ਅਤੇ) ਸੁਖ ਭੁਗਾਉਣ ਲਈ ਖਾਣ ਪੀਣ (ਦੇ ਪਦਾਰਥ ਤੇ) [ਸੋਧੇ] ਘਰ ਮਕਾਨ (ਦਿਤੇ ਹਨ) ਦੁਖ ਦੂਰ ਕੀਤੇ ਤੇ ਬਿਪਤਾ ਭੀ ਨਾਸ ਕਰ ਦਿਤੀ ਹੈ ।

**ਮਾਤ ਪਿਤਾ ਭਾਈ ਅਰੁ ਬੰਧਪ ਬੂਝਨ ਕੀ ਸਭ ਸੂਝ ਪਰੀ ॥**

ਮਾਂ, ਪਿਉ, ਭਰਾ ਅਤੇ ਸਬੰਧੀ (ਦਿਤੇ ਹਨ ਅਤੇ) ਸਮਝਣ ਦੀ ਸਾਰੀ ਸੂਝ (ਦੇਹ ਵਿਚ ਜਿਸ ਨੇ) ਪਾਈ ਹੈ ।

**ਬਰਧਮਾਨ ਹੋਵਤ ਦਿਨ ਪ੍ਰਤਿ ਨਿਤ ਆਵਤ ਨਿਕਟਿ ਬਿਖੰਮ ਜਰੀ ॥**

ਰੋਜ਼ ਦਾ ਰੋਜ਼ ਵੱਡਾ ਹੁੰਦਾ ਜਾਂਦਾ ਹੈ, [ਬਿਖੰਮ] ਦੁਖ ਦੇਣ ਵਾਲੀ [ਜਰੀ] ਬ੍ਰਿਧ ਉਮਰਾ ਨੇੜੇ ਆਉਂਦੀ ਜਾਂਦੀ ਹੈ ।

**ਰੇ ਗੁਨ ਹੀਨ ਦੀਨ ਮਾਇਆ ਕ੍ਰਿਮ ਸਿਮਰਿ ਸੁਆਮੀ ਏਕ ਘਰੀ ॥**

ਹੇ ਗੁਣਾਂ ਤੋਂ ਹੀਨ ਦੀਨ ਮਾਇਆ ਦੇ ਕੀੜੇ! (ਉਸ) ਮਾਲਕ ਨੂੰ ਇਕ ਘੜੀ ਤਾਂ ਯਾਦ ਕਰ ।

**ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ ਨਾਨਕ ਕਾਟਿ ਭਰੰਮ ਭਰੀ ॥੩॥**

(ਗੁਰੂ) ਨਾਨਕ (ਜੀ ਆਖਦੇ ਹਨ ਹੇ) ਕ੍ਰਿਪਾ ਦੇ ਸਮੁੰਦਰ ਕ੍ਰਿਪਾਲੂ! (ਇਸ ਜੀਵ ਦਾ ਮਨ ਰੂਪ) ਹੱਥ (ਤੁਸੀਂ ਆਪੇ) ਫੜ ਲਵੋ, ਅਤੇ ਭਰਮ ਦੀ ਪੰਡ (ਜੋ ਇਸ ਨੇ ਚੁੱਕੀ ਹੋਈ ਹੈ ਉਸ ਨੂੰ) ਨਾਸ ਕਰ ਦਿਓ ॥੩॥

**ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ ॥**

ਹੇ ਮਨ ਚੂਹੇ ! (ਸਰੀਰ) ਰੂਪ [ਬਿਲਾ] ਬਿੱਲਾ (ਖੁਡ) ਵਿਚ (ਬੈਠਾ ਹੋਇਆ) ਹੰਕਾਰ ਕਰਦਾ ਅਤੇ ਵੱਡੇ [ਮੁਘਨਾਂ] ਮੂਰਖਾਂ ਵਾਲੇ ਕੰਮ ਕਰਦਾ ਹੈਂ ।

**ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ ॥**

ਸੰਪਦਾ (ਰੂਪ) ਪੰਘੂੜੇ ਦੇ ਝੂਟਿਆਂ ਨਾਲ ਝੂਲਦਾ ਹੈਂ ਅਤੇ ਮਾਇਆ ਵਿਚ ਮਸਤ ਹੋ ਕੇ [ਘੁਘਨਾ= ਘੁੱਗੂ] ਉੱਲੂ ਹੋਇਆ ਫਿਰਦਾ ਹੈਂ ।

**ਸੁਤ ਬਨਿਤਾ ਸਾਜਨ ਸੁਖ ਬੰਧਪ ਤਾ ਸਿਉ ਮੋਹੁ ਬਢਿਓ ਸੁ ਘਨਾ ॥**

ਪੁਤ੍ਰ, ਇਸਤ੍ਰੀ, ਸੱਜਣਾਂ ਤੇ ਸਬੰਧੀਆਂ ਨੂੰ ਸੁਖਦਾਈ (ਮੰਨ ਕੇ) ਉਨ੍ਹਾਂ ਨਾਲ ਬਹੁਤਾ ਮੋਹ ਵਧਾਈ ਬੈਠਾ ਹੈਂ ।

**ਬੋਇਓ ਬੀਜੁ ਅਹੰ ਮਮ ਅੰਕੁਰੁ ਬੀਤਤ ਅਉਧ ਕਰਤ ਅਘਨਾਂ ॥**

(ਜੋ ਤੂੰ ਹਿਰਦੇ ਰੂਪ ਜ਼ਮੀਨ ਵਿਚ) ਹੰਗਤਾ ਦਾ ਬੀਜੁ ਬੀਜਿਆ ਸੀ, ਮਮਤਾ (ਉਸ ਦਾ) ਅੰਗੂਰ (ਫੁੱਟ ਪਿਆ ਹੈ) ਅਤੇ [ਅਘ] ਪਾਪ ਕਰਦਿਆਂ ਹੀ [ਅਉਧ] ਉਮਰਾ ਬੀਤ ਗਈ ਹੈ ।

**ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੁਖ ਭੁਖਨਾ ॥**

ਮੌਤ (ਰੂਪ) [ਮੰਜਾਰ] ਬਿੱਲਾ ਮੂੰਹ ਤੱਡੀ (ਤੈਨੂੰ) ਵੇਖ ਰਿਹਾ ਹੈ, (ਉਹ ਬਿੱਲਾ ਜਗਤ ਦੇ ਸਾਰੇ) [ਭੁਗਤਿ=ਭੋਗਯ] ਪਦਾਰਥਾਂ ਨੂੰ [ਭੁੰਚਤ] ਖਾ ਕੇ ਭੀ ਭੁੱਖੇ ਦਾ ਭੁੱਖਾ ਹੈ ।

**ਸਿਮਰਿ ਗੁਪਾਲ ਦਇਆਲ ਸਤਸੰਗਤਿ**

**ਨਾਨਕ ਜਗੁ ਜਾਨਤ ਸੁਪਨਾ ॥੪॥**

(ਗੁਰੂ) ਨਾਨਕ (ਜੀ ਆਖਦੇ ਹਨ) ਸਤਿ ਸੰਗਤਿ (ਕਰਕੇ) ਦਿਆਲੂ ਗੋਪਾਲ ਨੂੰ ਸਿਮਰ ਅਤੇ ਜਗਤ ਨੂੰ ਸੁਪਨਾ ਜਾਣ ਲੈ ॥੪॥

**ਦੇਹ ਨ ਗੇਹ ਨ ਨੇਹ ਨ ਨੀਤਾ ਮਾਇਆ ਮਤ ਕਹਾ ਲਉ ਗਾਰਹੁ ॥**

[ਨੀਤਾ] ਸਦਾ ਰਹਿਣ ਵਾਲੀ ਦੇਹ ਨਹੀਂ, ਘਰ ਨਹੀਂ (ਅਤੇ ਇਨ੍ਹਾਂ ਦਾ) ਨੇਹ (ਭੀ ਸਦਾ) ਨਹੀਂ (ਰਹਿਣ) ਵਾਲੀ ਮਾਇਆ ਦੀ ਮਸਤੀ ਤੇ [ਗਾਰਹੁ-ਗਰਵ] ਵਡਿਆਈ (ਦਾ ਭੀ) ਕਿਥੋਂ ਤਕ ਵਿਸਾਹ ਹੈ ?

**ਛਤ੍ਰ ਨ ਪਤ੍ਰ ਨ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ ਬਿਚਾਰਹੁ ॥**

(ਸਦਾ ਸਿਰ ਤੇ) ਛੱਤ੍ਰ ਤੇ ਚੌਰ ਨਹੀਂ ਝੁਲਦੇ ਰਹਿਣੇ, ਪਾਤਸ਼ਾਹੀ ਤੇ ਇੱਜ਼ਤ (ਸਦਾ) ਨਹੀਂ ਰਹਿਣੀ, (ਤਾਂ ਫਿਰ) ਦੌੜਾਂ (ਕੇਹੀਆਂ ? ਉਮਰਾ) ਬੀਤਦੀ ਜਾਂਦੀ ਹੈ, ਹਿਰਦੇ (ਵਿਚ ਕਿਉਂ) ਨਹੀਂ ਵਿਚਾਰਦਾ ?

**ਰਥ ਨ ਅਸ੍ਵ ਨ ਗਜ ਸਿੰਘਾਸਨ**

**ਛਿਨ ਮਹਿ ਤਿਆਗਤ ਨਾਂਗ ਸਿਧਾਰਹੁ ॥**

ਰਥ ਨਹੀਂ (ਰਹਿਣਾ) ਘੋੜੇ (ਗਜ) ਹਾਥੀ ਤੇ ਤਖਤ (ਭੀ) ਨਹੀਂ ਰਹਿਣੇ, ਇਕ ਛਿਨ ਵਿਚ (ਹੀ ਸਭ ਕੁਝ) ਛੱਡ ਕੇ ਨੰਗਾ ਤੁਰ ਜਾਵੇਂਗਾ ?

Sri Satguru Jagjit Singh Ji eLibrary NamdhariElibrary@gmail.com

**ਸੂਰ ਨ ਬੀਰ ਨ ਮੀਰ ਨ ਖਾਨਮ ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ ॥**

ਸੂਰਮਾ ਨਹੀਂ (ਰਹੇਗਾ) ਬਹਾਦਰ ਨਹੀਂ (ਰਹੇਗਾ), ਅਮੀਰ ਤੇ ਸਰਦਾਰ, (ਭੀ ਇਥੇ) ਨਹੀਂ (ਰਹੇਗਾ, ਅਤੇ ਕਿਸੇ ਦੇ) ਨਾਲ ਕੁਝ ਨਹੀਂ (ਜਾਣਾ) ਅੱਖੀਂ ਵੇਖ ਲੌ! (ਕਿ ਸਾਡੇ ਆਪਣੇ ਨਾਲ ਕੁਝ ਨਹੀਂ ਲੈ ਗਏ)।

**ਕੋਟ ਨ ਓਟ ਨ ਕੋਸ ਨ ਛੋਟਾ ਕਰਤ ਬਿਕਾਰ ਦੋਊ ਕਰ ਝਾਰਹੁ ॥**

ਕ੍ਰੋੜਾਂ ਓਟਾਂ ਤੇ [ਕੋਸਨ] ਖਜ਼ਾਨਿਆਂ (ਕਰਕੇ ਭੀ ਮੌਤ ਤੋਂ) ਛੁਟਕਾਰਾ ਨਹੀਂ (ਹੋਣਾ, ਅਤੇ ਬੰਦਾ) ਦੋਵੇਂ ਹੱਥ ਝਾੜ ਕੇ ਵਿਕਾਰ ਕਰਦਾ ਹੈ, ਅਰਥਾਤ ਮਰਨ ਦਾ ਡਰ ਭੁਲਕੇ ਖੁਲ੍ਹ ਮਖੁਲ੍ਹਾ ਵਿਕਾਰਾਂ ਵਿਚ ਫਸਿਆ ਹੋਇਆ ਹੈ।

**ਮਿਤ੍ਰ ਨ ਪੁਤ੍ਰ ਕਲਤ੍ਰ ਸਾਜਨ ਸਖ ਉਲਟਤ ਜਾਤ ਬਿਰਖ ਕੀ ਛਾਂਰਹੁ ॥**

(ਔਕੜ ਵਾਲੇ) ਮਿੱਤਰ ਸੱਜਣ (ਕੋਈ) ਨਹੀਂ (ਬੌਹੜਦਾ, ਤੇ) ਪਿਆਰੇ [ਕਲਤ੍ਰ] ਇਸਤ੍ਰੀ ਪੁਤ੍ਰ (ਭੀ ਸਹਾਇਕ ਨਹੀਂ ਹੁੰਦੇ, ਸਾਰੇ) ਦਰੱਖਤ ਦੀ ਛਾਂ (ਵਾਂਗ) ਫਿਰ ਜਾਂਦੇ ਹਨ।

**ਦੀਨ ਦਯਾਲ ਪੁਰਖ ਪ੍ਰਭ ਪੂਰਨ**
**ਛਿਨ ਛਿਨ ਸਿਮਰਹੁ ਅਗਮ ਅਪਾਰਹੁ ॥**

(ਤਾਂ ਤੇ ਹੇ ਭਾਈ! ਜੋ) ਦੀਨ ਦਿਆਲ ਪੂਰਨ ਪੁਰਖ ਪ੍ਰਭੂ (ਹੈ, ਉਸ) ਅਗਮ ਅਪਾਰ ਨੂੰ ਹੀ ਛਿਨ ਛਿਨ ਵਿਚ ਯਾਦ ਕਰੋ।

SIKHBOOKCLUB.COM

**ਸ੍ਰੀਪਤਿ ਨਾਥ ਸਰਣਿ ਨਾਨਕ ਜਨ ਹੇ ਭਗਵੰਤ ਕ੍ਰਿਪਾ ਕਰਿ ਤਾਰਹੁ ॥੫॥**

(ਗੁਰੂ ਨਾਨਕ ਜੀ ਆਖਦੇ ਹਨ, ਇਉਂ ਬੇਨਤੀ ਕਰੋ, ਹੇ) (ਸ੍ਰੀ) ਮਾਇਆ ਦੇ ਪਤੀ ਵਿਸ਼ਨੂੰ ਦੇ ਮਾਲਕ! ਦਾਸ (ਆਪਦੀ ਸ਼ਰਨ ਹੈ) ਹੇ ਭਗਵੰਤ! ਕ੍ਰਿਪਾ ਕਰਕੇ (ਦਾਸ ਨੂੰ ਸੰਸਾਰ ਸਮੁੰਦਰ ਤੋਂ) ਪਾਰ ਕਰ ਲਉ ॥੫॥

**ਪ੍ਰਾਨ ਮਾਨ ਦਾਨ ਮਗ ਜੋਹਨ ਹੀਤੁ ਚੀਤੁ ਦੇ ਲੇ ਲੇ ਪਾਰੀ ॥**

ਪ੍ਰਾਣ ਦੇ ਕੇ, ਮਾਨ ਦੇ ਕੇ [ਦਾਨ] ਡੰਨ ਦੇਕੇ ਅਤੇ (ਹੋਰ) ਜੋ (ਮਾਇਆ 'ਕੱਠੀ ਕਰਨ ਦੇ) ਰਸਤੇ ਹਨ (ਉਸ ਵਿਚ) ਚਿੱਤ ਦੇ ਹਿਤ ਲਾ ਕੇ ਸਭ ਤਰ੍ਹਾਂ ਨਾਲ (ਮਾਇਆ) ਲੈ ਲੈ ਕੇ 'ਕੱਠੀ ਕੀਤੀ ਹੈ।

**ਸਾਜਨ ਸੈਨ ਮੀਤ ਸੁਤ ਭਾਈ ਤਾਹੂ ਤੇ ਲੇ ਰਖੀ ਨਿਰਾਰੀ ॥**

(ਜੋ) ਸੱਜਣ, ਸਬੰਧੀ, ਮਿੱਤਰ, ਪੁੱਤਰ, ਤੇ ਭਰਾ (ਹਨ) ਉਨ੍ਹਾਂ ਤੋਂ (ਲੁਕਾ ਕੇ) ਵੱਖਰੀ ਰੱਖੀ ਹੈ।

**ਧਾਵਨ ਪਾਵਨ ਕੂਰ ਕਮਾਵਨ ਇਹ ਬਿਧਿ ਕਰਤ ਅਉਧ ਤਨ ਜਾਰੀ ॥**

(ਮਾਇਆ ਨੂੰ) ਪਾਉਣ (ਲਈ) ਦੌੜਦਾ ਤੇ ਝੂਠ ਬੋਲਦਾ ਹੈ, ਇਹ ਕੁਝ ਕਰਦਿਆਂ ਹੀ ਉਮਰਾ ਤੇ ਸਰੀਰ ਗਾਲ ਚੁੱਕਾ ਹੈ।

**ਕਰਮ ਧਰਮ ਸੰਜਮ ਸੁਚ ਨੇਮਾ ਚੰਚਲ ਸੰਗਿ ਸਗਲ ਬਿਧਿ ਹਾਰੀ ॥**

ਕਰਮ, ਧਰਮ, ਸੰਜਮ, ਪਵਿਤ੍ਰਤਾ ਤੇ ਨੇਮ (ਆਦਿਕ) ਸਾਰੀਆਂ ਬਿਧਾਂ ਕਰਕੇ [ਚੰਚਲ] ਮਾਇਆ ਨਾਲ (ਲੱਗ ਕੇ) ਹਾਰ ਚੁੱਕਾ ਹੈ।

**ਪਸੁ ਪੰਖੀ ਬਿਰਖ ਅਸਥਾਵਰ ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥**

ਪਸ਼ੂ, ਪੰਛੀ, ਦਰਖਤ ਤੇ ਇਕ ਜਗਾ ਤੇ ਟਿਕੇ (ਰਹਿਨ ਵਾਲੇ ਹੋ ਕੇ) ਇਸ ਤਰ੍ਹਾਂ ਦੀਆਂ ਬਹੁਤੀਆਂ ਜੂਨਾਂ ਵਿਚ ਭੌਂਦਿਆਂ-ਭੌਂਦਿਆਂ ਵਡੇ-ਵਡੇ ਭਾਰੇ-ਭਾਰੇ ਦੁੱਖ ਝਾਗਦਾ ਹੈ।

**ਖਿਨੁ ਪਲੁ ਚਸਾ ਨਾਮੁ ਨਹੀ ਸਿਮਰਿਓ ਦੀਨਾ ਨਾਥ ਪ੍ਰਾਨਪਤਿ ਸਾਰੀ ॥**

(ਕਿਉਂਕਿ ਇਸ ਨੇ) ਖਿਨ, ਚਸਾ, ਪਲ (ਭਰ ਭੀ ਉਸ ਦਾ) ਨਾਮ ਨਹੀਂ ਜਪਿਆ ਜੋ ਦੀਨਾਂ ਦਾ ਨਾਥ, ਪ੍ਰਾਣਾਂ ਦਾ ਪਤੀ ਤੇ ਸਾਡੀ (ਪਾਲਨਾ ਕਰਦਾ ਹੈ)।

**ਖਾਨ ਪਾਨ ਮੀਠ ਰਸ ਭੋਜਨ ਅੰਤ ਕੀ ਬਾਰ ਹੋਤ ਕਤ ਖਾਰੀ ॥**

(ਖਾਣ ਪੀਣ) ਦੇ ਮਿੱਠੇ ਸਵਾਦਾਂ ਵਾਲੇ ਭੋਜਨ ਅੰਤ ਦੇ ਵੇਲੇ ਸਭ ਕੌੜੇ ਹੋ ਜਾਣਗੇ।

**ਨਾਨਕ ਸੰਤ ਚਰਨ ਸੰਗਿ ਉਧਰੇ**
**ਹੋਰਿ ਮਾਇਆ ਮਗਨ ਚਲੇ ਸਭਿ ਡਾਰੀ ॥੬॥**

(ਗੁਰੂ) ਨਾਨਕ (ਜੀ ਆਖਦੇ ਹਨ ਜੋ) ਸੰਤਾਂ ਦੇ ਚਰਨਾਂ ਨਾਲ (ਲਗੇ ਹਨ, ਉਹ) ਤਰ ਜਾਣਗੇ ਅਤੇ ਹੋਰ (ਜੋ) ਮਾਇਆ ਵਿਚ ਮਸਤ (ਹਨ, ਉਹ) ਸਾਰੇ ਡਰਦੇ (ਨਰਕਾਂ ਨੂੰ) ਚਲੇ ਜਾਣਗੇ ॥੬॥

**ਬ੍ਰਹਮਾਦਿਕ ਸਿਵ ਛੰਦ ਮੁਨੀਸੁਰ**
**ਰਸਕਿ ਰਸਕਿ ਠਾਕੁਰ ਗੁਨ ਗਾਵਤ ॥**

ਬ੍ਰਹਮਾ ਤੋਂ ਆਦਿ (ਲੈ ਕੇ ਦੇਵਤੇ), ਸ਼ਿਵਜੀ ਤੋਂ (ਆਦਿ ਲੈ ਕੇ) ਮੁਨੀਸਰ, [ਰਸਕਿ] ਪ੍ਰੇਮ ਨਾਲ ਰਸ ਲੈਂਦੇ-ਲੈਂਦੇ ਠਾਕਰ ਦੇ ਗੁਣਾਂ ਦੇ ਛੰਦ ਗਾਉਂਦੇ ਹਨ।

**ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ ॥**

ਇੰਦ੍ਰ ਦੇ ਉਪਿੰਦ੍ਰ (ਵਰਗੇ ਰਾਜੇ ਤੇ) ਗੋਰਖ (ਵਰਗੇ ਜੋਗੀ ਉਸ ਨੂੰ) ਢੂੰਢਦੇ-ਢੂੰਢਦੇ ਧਰਤੀ ਆਕਾਸ਼ ਵਿਚ ਔਂਦੇ ਤੇ ਜਾਂਦੇ ਹਨ।

**ਸਿਧ ਮਨੁਖ੍ ਦੇਵ ਅਰੁ ਦਾਨਵ ਇਕੁ ਤਿਲੁ ਤਾ ਕੋ ਮਰਮੁ ਨ ਪਾਵਤ ॥**

ਸਿੱਧ, ਮਨੁੱਖ, ਦੇਵਤੇ ਅਤੇ ਦੈਂਤ ਇਕ ਤਿਲ ਜਿੰਨਾਂ ਭੀ ਉਸਦਾ ਭੇਦ ਨਹੀਂ ਪਾ ਸਕਦੇ।

**ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ ਹਰਿ ਜਨ ਤਾ ਕੈ ਦਰਸਿ ਸਮਾਵਤ ॥**

ਪਿਆਰੇ ਪ੍ਰਭੂ, ਪ੍ਰੀਤਿ ਪ੍ਰੇਮ (ਨਾਲ) ਪ੍ਰੇਮ (ਅਤੇ) [ਰਸ] ਪ੍ਰੇਮਾ ਭਗਤੀ (ਕਰਕੇ) ਸੰਤ ਜਨ ਉਸ ਦੇ ਦਰਸ਼ਨ ਵਿਚ ਹੀ ਸਮਾ ਜਾਂਦੇ ਹਨ।

**ਤਿਸਹਿ ਤਿਆਗਿ ਆਨ ਕਉ ਜਾਚਹਿ**
**ਮੁਖ ਦੰਤ ਰਸਨ ਸਗਲ ਘਸਿ ਜਾਵਤ ॥**

(ਜੋ) ਉਸ (ਨਿਰੰਕਾਰ) ਨੂੰ ਛੱਡ ਕੇ ਹੋਰਨਾਂ (ਪਦਾਰਥਾਂ) ਨੂੰ ਮੰਗਦਾ ਹੈ, (ਉਸ ਦਾ) ਮੂੰਹ, ਦੰਤ, ਜੀਭ

(ਆਦਿਕ) ਸਭ (ਕੁਝ) ਘਸ ਜਾਵੇਗਾ।

**ਰੇ ਮਨ ਮੂੜ ਸਿਮਰਿ ਸੁਖਦਾਤਾ ਨਾਨਕ ਦਾਸ ਤੁਝਹਿ ਸਮਝਾਵਤ ॥੭॥**

ਹੇ ਮੂਰਖ ਮਨ! (ਉਸ) ਸੁਖਦਾਤੇ ਨੂੰ ਯਾਦ ਕਰ, ਦਾਸ ਨਾਨਕ ਤੈਨੂੰ ਸਮਝਾਉਂਦਾ ਹੈ ॥੭॥

**ਮਾਇਆ ਰੰਗ ਬਿਰੰਗ ਕਰਤ ਭ੍ਰਮ ਮੋਹ ਕੈ ਕੂਪਿ ਗੁਬਾਰਿ ਪਰਿਓ ਹੈ ॥**

ਮਾਇਆ ਦਾ ਪ੍ਰੇਮ (ਪੁਰਸ਼ ਨੂੰ) [ਬਿਰੰਗ] ਬਦਰੰਗ (ਬਦਸ਼ਕਲ) ਕਰ ਦੇਂਦਾ ਹੈ (ਏਨਾਂ ਸਮਝ ਕੇ ਵੀ ਜੀਵ) ਭਰਮ (ਵੱਸ ਹੋਇਆ) ਮੋਹ ਦੇ [ਗੁਬਾਰਿ] ਅੰਨ੍ਹੇ ਖੂਹ ਵਿਚ ਡਿੱਗਾ ਹੋਇਆ ਹੈ।

**ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਅਸ੍ਤ ਕ੍ਰਿਮਿ ਉਦਰੁ ਭਰਿਓ ਹੈ ॥**

ਗਰਬ ਐਨਾ ਹੈ, ਜੋ ਅਕਾਸ਼ ਵਿਚ ਭੀ ਨਹੀਂ ਮੇਉਂਦਾ, ਅਤੇ [ਉਦਰੁ] ਢਿੱਡ ਵਿਚ [ਬਿਸਟਾ] ਗੂੰਹ, ਮਾਸ, ਹੱਡ ਤੇ ਕੀੜੇ ਭਰੇ ਹੋਏ ਹਨ।

**ਦਹ ਦਿਸ ਧਾਇ ਮਹਾ ਬਿਖਿਆ ਕਉ
ਪਰ ਧਨ ਛੀਨਿ ਅਗਿਆਨ ਹਰਿਓ ਹੈ ॥**

ਅਗਿਆਨ ਦਾ [ਹਰਿਓ] ਮਾਰਿਆ ਹੋਇਆ ਵਿਸ਼ਿਆਂ ਲਈ ਦਸੋਂ ਦਿਸ਼ਾਂ ਵਲ ਦੌੜਦਾ ਹੈ, ਅਤੇ ਵੱਡਾ (ਲੋਭੀ ਹੋ ਕੇ) ਪਰਾਏ ਧਨ ਨੂੰ ਠੱਗਦਾ (ਫਿਰਦਾ) ਹੈ।

**ਜੋਬਨ ਬੀਤਿ ਜਰਾ ਰੋਗਿ ਗ੍ਰਸਿਓ ਜਮਦੂਤਨ ਡੰਨੁ ਮਿਰਤੁ ਮਰਿਓ ਹੈ ॥**

ਜੁਆਨੀ ਬੀਤਿਆਂ ਬੁਢੇਪੇ ਰੋਗ ਨੇ ਫੜ ਲੈਣਾ ਹੈ, (ਅਤੇ ਮਗਰੋਂ) ਮੌਤ ਨੇ ਮਾਰਿਆ ਤਾਂ ਜਮਦੂਤਾਂ ਦਾ ਡੰਨ ਸਹਾਰੇਗਾ।

**ਅਨਿਕ ਜੋਨਿ ਸੰਕਟ ਨਰਕ ਭੁੰਚਤ ਸਾਸਨ ਦੂਖ ਗਰਤਿ ਗਰਿਓ ਹੈ ॥**

(ਜਮਦੂਤਾਂ ਦੀ) [ਸਾਸਨ] ਤਾੜਨਾ (ਮਗਰੋਂ) ਨਰਕਾਂ ਦਾ [ਸੰਕਟ] ਕਸ਼ਟ ਭੋਗੇਗਾ ਅਤੇ ਫਿਰ (ਗਰਭ ਰੂਪ) [ਗਰਤਿ] ਖਾਤੇ ਵਿਚ ਡਿੱਗਕੇ ਅਨੇਕਾਂ ਜੂਨਾਂ ਦਾ ਦੁਖ ਸਹਾਰੇਗਾ।

**ਪ੍ਰੇਮ ਭਗਤਿ ਉਧਰਹਿ ਸੇ ਨਾਨਕ
ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥੮॥**

(ਗੁਰੂ) ਨਾਨਕ ਜੀ ਆਖਦੇ ਹਨ, ਜੋ ਪ੍ਰੇਮ (ਨਾਲ) ਭਗਤ (ਕਰਦੇ ਹਨ) ਉਹ (ਇਨ੍ਹਾਂ ਦੁੱਖਾਂ ਤੋਂ) ਬਚ ਨਿਕਲੇ ਹਨ, (ਕਿਉਂਕਿ) ਸੰਤਾਂ ਨੇ ਕਿਰਪਾ ਕਰਕੇ (ਉਨ੍ਹਾਂ ਨੂੰ) ਆਪਣਾ ਕਰ ਲਿਆ ਹੈ ॥੮॥

**ਗੁਣ ਸਮੂਹ ਫਲ ਸਗਲ ਮਨੋਰਥ ਪੂਰਨ ਹੋਈ ਆਸ ਹਮਾਰੀ ॥**

ਸਾਰੇ ਗੁਣ ਤੇ ਸਾਰੇ ਫਲ (ਮਿਲ ਗਏ ਹਨ, ਅਤੇ) ਮਨ ਦੇ ਫੁਰਨੇ ਤੇ ਆਸਾ ਭੀ ਸਾਡੀ ਪੂਰੀ ਹੋ ਗਈ ਹੈ।

**ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ ॥**

ਰੋਗ ਦੂਰ ਕਰਨ ਵਾਲੀਆਂ ਸਭ ਦਵਾਈਆਂ ਅਤੇ ਪਰਾਏ ਦੁਖ ਦਿਤੇ ਹੋਏ ਨੂੰ ਦੂਰ ਕਰਨ ਵਾਲੇ ਮੰਤ੍ਰ ਤੰਤ੍ਰ (ਸਭ ਪ੍ਰਾਪਤ ਹੋ ਗਏ ਹਨ)।

**ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥**

ਹਰਿ ਨਾਮ ਜਪਦਿਆਂ ਹੀ ਕਾਮ, ਕ੍ਰੋਧ, ਹੰਕਾਰ, ਈਰਖਾ ਤੇ ਤ੍ਰਿਸ਼ਨਾ (ਸਭ ਵਿਕਾਰ) ਨਾਸ ਹੋ ਗਏ ਹਨ।

**ਇਸਨਾਨ ਦਾਨ ਤਾਪਨ ਸੁਚਿ ਕਿਰਿਆ ਚਰਣ ਕਮਲ ਹਿਰਦੈ ਪ੍ਰਭ ਧਾਰੀ ॥**

ਇਸ਼ਨਾਨ, ਦਾਨ, ਤਪ, ਪਵਿੱਤ੍ਰਤਾ ਤੇ ਕਰਮਕਾਂਡ, ਇਨ੍ਹਾਂ ਸਭਨਾਂ ਦਾ ਫਲ ਪ੍ਰਭੂ ਦੇ ਚਰਨ ਕਮਲ ਹਿਰਦੇ ਵਿਚ ਧਾਰਦਿਆਂ (ਹੀ ਮਿਲ ਗਿਆ ਹੈ)।

**ਸਾਜਨ ਮੀਤ ਸਖਾ ਹਰਿ ਬੰਧਪ ਜੀਅ ਧਾਨ ਪ੍ਰਭ ਪ੍ਰਾਨ ਅਧਾਰੀ ॥**

ਜੀਵ ਦਾਨ ਦੇਣ ਵਾਲਾ ਹਰੀ ਹੀ ਸੱਜਣ, ਮਿਤ੍ਰ ਤੇ ਸਖਾ ਹੈ, ਅਤੇ ਉਹ ਪ੍ਰਭੂ ਹੀ ਪ੍ਰਾਣ ਦਾ ਆਸਰਾ ਹੈ।

**ਓਟ ਗਹੀ ਸੁਆਮੀ ਸਮਰਥਹ ਨਾਨਕ ਦਾਸ ਸਦਾ ਬਲਿਹਾਰੀ ॥੯॥**

(ਉਸ) ਸਮਰੱਥ ਸੁਆਮੀ ਦੀ ਹੀ ਓਟ ਫੜੀ ਹੈ, ਅਤੇ ਦਾਸ ਨਾਨਕ (ਤਾਂ) ਉਸ ਤੋਂ ਸਦਾ ਹੀ ਬਲਿਹਾਰ ਜਾਂਦਾ ਹੈ ॥੯॥

**ਆਵਧ ਕਟਿਓ ਨ ਜਾਤ ਪ੍ਰੇਮ ਰਸ ਚਰਨ ਕਮਲ ਸੰਗਿ ॥**

(ਉਹ) ਸ਼ਸਤ੍ਰ ਨਾਲ ਕੱਟਿਆ ਨਹੀਂ ਜਾਂਦਾ, ਜੋ ਪ੍ਰੇਮ ਨਾਲ (ਨਿਰੰਕਾਰ ਦੇ) ਚਰਨ ਕਮਲਾਂ ਦਾ ਰਸ (ਲੈ ਰਿਹਾ ਹੈ)।

**ਦਾਵਨਿ ਬੰਧਿਓ ਨ ਜਾਤ ਬਿਧੇ ਮਨ ਦਰਸ ਮਗਿ ॥**

(ਜਿਸ ਦਾ) ਮਨ (ਹਰੀ ਦੇ) ਰਸਤੇ ਵਿਚ [ਬਿਧੇ] ਲੱਗਾ ਹੋਇਆ ਹੈ, ਉਹ ਮਾਇਆ ਦੀ [ਦਾਵਨਿ=ਰੱਸੀ] ਫਾਹੀ ਵਿਚ ਬੱਝ ਨਹੀਂ ਸਕਦਾ।

**ਪਾਵਕ ਜਰਿਓ ਨ ਜਾਤ ਰਹਿਓ ਜਨ ਧੂਰਿ ਲਗਿ ॥**

(ਜੋ ਸੰਤ) ਜਨਾਂ (ਦੀ ਚਰਨ) ਧੂੜਿ (ਵਿਚ) ਲਗ ਰਿਹਾ ਹੈ, (ਉਸ ਨੂੰ ਤ੍ਰਿਸ਼ਨਾ ਰੂਪ) ਅੱਗ ਨਹੀਂ ਸਾੜ ਸਕਦੀ।

**ਨੀਰੁ ਨ ਸਾਕਸਿ ਬੋਰਿ ਚਲਹਿ ਹਰਿ ਪੰਥਿ ਪਗਿ ॥**

(ਜੋ) [ਪਗਿ] ਪੈਰਾਂ ਨਾਲ ਹਰੀ ਦੇ [ਪੰਥਿ] ਰਸਤੇ ਚਲਦਾ ਹੈ, (ਉਸ ਨੂੰ ਪਦਾਰਥਾਂ ਰੂਪ) ਪਾਣੀ ਨਹੀਂ ਡੋਬ ਸਕਦਾ।

**ਨਾਨਕ ਰੋਗ ਦੋਖ ਅਘ ਮੋਹ ਛਿਦੇ ਹਰਿ ਨਾਮ ਖਗਿ ॥੧॥੧੦॥**

(ਗੁਰੂ) ਨਾਨਕ (ਜੀ ਆਖਦੇ ਹਨ) ਹਰਿਨਾਮ (ਰੂਪ) [ਖਗਿ] ਤਲਵਾਰ ਨਾਲ ਰੋਗ, ਦੋਖ, ਪਾਪ ਤੇ ਮੋਹ (ਇਹ ਸਾਰੇ) ਕੱਟੇ ਜਾਂਦੇ ਹਨ ॥੧॥੧੦॥

Sri Satguru Jagjit Singh Ji eLibrary NamdhariElibrary@gmail.com

**ਉਦਮੁ ਕਰਿ ਲਾਗੇ ਬਹੁ ਭਾਤੀ ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ ॥**

(ਨਿਰੰਕਾਰ ਨੂੰ ਮਿਲਣ ਲਈ) ਅਨੇਕਾਂ ਹੀ ਬਹੁਤ ਤਰ੍ਹਾਂ ਦੇ ਉੱਦਮ ਕਰਨ ਵਿਚ ਲਗੇ ਹੋਏ ਹਨ ਅਤੇ ਬਹੁਤੇ ਛੇ ਸ਼ਾਸਤ੍ਰਾਂ ਨੂੰ ਵਿਚਾਰਦੇ ਹਨ ।

**ਭਸਮ ਲਗਾਇ ਤੀਰਥ ਬਹੁ ਭ੍ਰਮਤੇ ਸੂਖਮ ਦੇਹ ਬੰਧਹਿ ਬਹੁ ਜਟੂਆ ॥**

ਬਹੁਤੇ (ਸਰੀਰ ਤੇ) ਸਵਾਹ ਲਾ ਕੇ ਤੀਰਥਾਂ ਉਤੇ ਫਿਰਦੇ ਹਨ, ਅਤੇ ਨਿੱਕੀ ਜਿੰਨੀ ਦੇਹ ਉਤੇ ਵੱਡੀਆਂ-ਵੱਡੀਆਂ ਜਟਾਵਾਂ ਬੱਧੀਆਂ ਹੋਈਆਂ ਹਨ ।

**ਬਿਨੁ ਹਰਿ ਭਜਨ ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥**

**ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ ਥਾਟਹਿ ਕਰਿ ਥਟੂਆ ॥੨॥੧੧॥੨੦॥**

(ਅਨ੍ਵੈ ਅਰਥ) ਕਈ ਪੂਜਾ ਕਰਦੇ ਹਨ (ਕਈ ਸਰੀਰ ਪੁਰ) [ਚਕ੍ਰ] ਛਾਪੇ (ਲੁਆਉਂਦੇ ਹਨ, ਕਈ [ਸੋਮਪਾਕ=ਸ੍ਵੰ ਪਾਕਿ] ਆਪਣੇ ਹੱਥੀਂ ਪਕਾ ਕੇ ਖਾਂਦੇ ਹਨ, (ਇਸ) ਤਰ੍ਹਾਂ ਦੇ ਅਨੇਕਾਂ ਹੀ [ਥਟੂਆ] ਬਨਾਉ ਬਣਾਉਂਦੇ ਹਨ । (ਇਨ੍ਹਾਂ ਕਰਮਾਂ ਵਿਚ ਲਗੇ ਹੋਏ) ਸਾਰੇ ਹੀ ਹਰਿ ਭਜਨ ਤੋਂ ਬਿਨਾਂ (ਹੋ ਕੇ ਕਿਉਂ) ਦੁੱਖ ਪਾਉਣਗੇ ਜਿਵੇਂ [ਹਟੂਆ] ਮੱਕੜੀ ਦੇ [ਸੂਤਕੇ] ਜਾਲੇ ਨਾਲ ਪ੍ਰੇਮ ਕਰਨ ਵਾਲਾ (ਜੰਤ ਦੁਖ ਪਾਂਦਾ ਹੈ) ॥੨॥੧੧॥੨੦॥

**ਸਵਈਏ ਮਹਲੇ ਪਹਿਲੇ ਕੇ ੧ ੴ ਸਤਿਗੁਰ ਪ੍ਰਸਾਦਿ ॥** (ਅੰਗ ੧੩੮੯-੯੦)

**ਇਕ ਮਨਿ ਪੁਰਖੁ ਧਿਆਇ ਬਰਦਾਤਾ ॥ ਸੰਤ ਸਹਾਰੁ ਸਦਾ ਬਿਖਿਆਤਾ ॥**

ਇਕਾਗਰ ਮਨ (ਹੋ ਕੇ) ਵਰ ਦੇਣ ਵਾਲੇ ਪੁਰਖ ਨੂੰ ਧਿਆਉਂਦਾ ਹਾਂ । (ਜੋ) ਸੰਤਾਂ ਦਾ ਸਹਾਇਕ ਅਤੇ ਸਦਾ ਹੀ ਪ੍ਰਗਟ ਹੈ ।

**ਤਾਸੁ ਚਰਨ ਲੇ ਰਿਦੈ ਬਸਾਵਉ ॥**

**ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥੧॥**

ਉਸ ਦੇ ਚਰਨ ਹਿਰਦੇ ਵਿਚ ਵਸਾਉਂਦਾ ਹਾਂ । ਫਿਰ ਸਤਿਗੁਰੂ ਨਾਨਕ (ਦੇਵ ਜੀ ਦੇ) ਗੁਣ ਗਾਉਂਦਾ ਹਾਂ ॥੧॥

**ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ ॥**

ਸੁਖਾਂ ਦੇ ਸਮੁੰਦਰ ਸਤਿਗੁਰੂ ਜੀ ਦੇ ਗੁਣ ਗਾਉਂਦਾ ਹਾਂ, ਜੋ [ਦੁਰਤ] ਪਾਪ ਦੂਰ ਕਰਨ ਵਾਲੇ ਅਤੇ ਉਪਦੇਸ਼ ਦਾ ਸਰੋਵਰ ਹਨ ।

**ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ ॥**

ਗੰਭੀਰ ਮਤਿ ਦੇ ਸਮੁੰਦਰ ਧੀਰਜ ਵਾਨ (ਗੁਰਾਂ ਦੇ ਗੁਣ) ਗਾਉਂਦੇ ਹਨ ਅਤੇ ਜੋਗੀ ਤੇ ਜੰਗਮ (ਸਤਿਗੁਰਾਂ ਦੇ ਚਰਨਾਂ ਦਾ) ਧਿਆਨ ਧਰਦੇ ਹਨ ।

Sri Satguru Jagjit Singh Ji eLibrary NamdhariElibrary@gmail.com

**ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ ॥**

ਇੰਦ੍ਰ ਆਦਿਕ (ਰਾਜੇ, ਅਤੇ) ਪ੍ਰਹਿਲਾਦ ਆਦਿਕ ਭਗਤ ਜਿਨ੍ਹਾਂ ਨੇ ਆਤਮ ਰਸ ਜਾਣਿਆ (ਹੈ, ਉਹ ਸਾਰੇ ਸਤਿਗੁਰਾਂ ਦਾ ਜਸ) ਗਾਉਂਦੇ ਹਨ।

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੨॥**

ਕੱਲ ਕਵਿ (ਉਸ) ਗੁਰੂ ਨਾਨਕ (ਜੀ ਦਾ) ਸੁਜਸ ਗਾਉਂਦਾ ਹੈ, ਜਿਸ ਨੇ ਰਾਜ ਵਿਚ ਜੋਗ ਭੋਗਿਆ ਹੈ ॥੨॥

**ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ ॥**

ਸਾਰੀਆਂ [ਕਲਾ] ਖੇਡਾਂ (ਵਿਚ) ਹਰ (ਨੂੰ ਇਕ) ਰਸ ਪੂਰਨ (ਜਾਣਨ ਵਾਲੇ) ਜਨਕ (ਵਰਗੇ ਜੋ ਜੋਗ ਨਾਲ) ਜੁੜਕੇ ਜੋਗੇਸ਼ੁਰ (ਹੋਏ ਹਨ) ਉਹ ਭੀ ਸਤਿਗੁਰਾਂ ਦਾ ਜਸ ਗਾਉਂਦੇ ਹਨ।

**ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ ॥**

ਸਨਕ ਆਦਿਕ ਸਾਧ (ਭੀ ਜਸ) ਗਾਉਂਦੇ ਹਨ ਅਤੇ ਸਿਧ ਤੇ ਮੁਨੀ ਜਨ (ਜੋ) [ਛਲ] (ਰੂਪ ਮਾਇਆ ਤੋਂ) ਅਛਲ (ਹਨ, ਉਹ ਭੀ ਸਤਿਗੁਰਾਂ ਦਾ ਜਸ) ਗਾਉਂਦੇ ਹਨ।

**ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ ॥**

(ਜਿਸ ਨੇ) ਪ੍ਰੇਮਾ ਭਗਤੀ ਦਾ ਰਸ ਜਾਨਿਆ ਹੈ, ਉਹ ਅਟੱਲ ਸਥਾਨ ਵਾਲਾ [ਧੋਮੁ] ਧਰੂ (ਭੀ ਸਤਿਗੁਰਾਂ ਦੇ) ਗੁਣ ਗਾਉਂਦਾ ਹੈ।

SIKHBOOKCLUB.COM

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੩॥**

ਕੱਲ ਕਵਿ ਉਸ (ਗੁਰੂ) ਨਾਨਕ ਦਾ ਜਸ ਗਾਉਂਦਾ ਹੈ, ਜਿਸ ਨੇ ਰਾਜ (ਵਿਚ) ਜੋਗ (ਤੇ ਜੋਗ ਵਿਚ ਰਾਜ) ਕਮਾਇਆ ਹੈ ॥੩॥

**ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ ॥**

(ਜੋ) [ਅਪਰੰਪਰ] ਨਿਰੰਕਾਰ ਦਾ ਸਰੇਸ਼ਟ ਅਵਤਾਰ ਤੇ ਜੋਗੀਸ਼ੁਰਾਂ ਦਾ ਮੁੱਢ (ਹੈ, ਉਹ) ਕਪਲ (ਰਿਖੀ ਭੀ ਗੁਰੂ ਨਾਨਕ ਦੇ ਗੁਣ) ਗਾਉਂਦਾ ਹੈ।

**ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ ॥**

ਜਮਦਗਨਿ (ਰਿਖੀ ਦਾ ਪੁੱਤ੍ਰ) ਈਸ਼ਰ (ਅਵਤਾਰ) ਪਰਸਰਾਮ (ਜਿਸਨੇ) ਹੱਥ (ਵਿਚ) [ਕੁਠਾਰੁ] ਕੁਹਾੜਾ (ਫੜਕੇ) [ਰਘੁ] ਖੱਤ੍ਰੀਆਂ ਦਾ ਪ੍ਰਤਾਪ ਨਾਸ਼ ਕੀਤਾ (ਸੀ, ਅਤੇ ਜਿਸ ਨੇ ਪਰਸਰਾਮ ਦੇ ਹੱਥੋਂ) ਕੁਹਾੜਾ (ਹਰਿਓ) ਖੋਹਿਆ ਸੀ, ਉਹ ਰਘੁਵੰਸੀ ਰਾਮ (ਇਹ ਦੋਵੇਂ ਹੀ ਗੁਰੂ ਨਾਨਕ ਜੀ ਦਾ ਜੱਸ) ਗਾਉਂਦੇ ਹਨ।

**ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ ॥**

ਜਿਨ੍ਹਾਂ ਨੇ [ਸਰਬ-ਆਤਮ] ਸਾਰਿਆਂ ਵਿਚ ਆਪਣਾ ਆਪਹੀ ਸਮਝਿਆ (ਸੀ, ਉਹ) ਊਧਉ, ਅਕਰੂਰ ਤੇ ਬਿਦਰ ਭੀ ਗੁਰੂ ਨਾਨਕ ਜੀ ਦੇ ਗੁਣ ਗਾਉਂਦੇ ਹਨ।

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੪॥**

ਕੱਲ ਕਵਿ ਉਸ ਗੁਰੂ ਨਾਨਕ (ਜੀ ਦਾ) ਜਸ ਗਾਉਂਦਾ ਹੈ, ਜਿਸਨੇ ਰਾਜ ਵਿਚ ਜੋਗ ਕਮਾਇਆ ਹੈ ॥੪॥

**ਗਾਵਹਿ ਗੁਣ ਬਰਨ ਚਾਰਿ ਖਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ ॥**

ਚਾਰ ਵਰਨ (ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ) ਤੇ ਛੇ ਦਰਸ਼ਨ (ਜੋਗੀ, ਜੰਗਮ—ਸੰਨਿਆਸੀ, ਮਦਾਰੀ, ਜੋਨੀ ਤੇ ਦਰਵੇਸ਼) ਭੀ ਗੁਣ ਗਾਉਂਦੇ ਹਨ ਅਤੇ ਬ੍ਰਹਮਾਦਿਕ ਭੀ ਗੁਣਾਂ ਦੀ ਵੀਚਾਰ ਕਰਦੇ ਹਨ ।

**ਗਾਵੈ ਗੁਣ ਸੇਸੁ ਸਹਸ ਜਿਹਬਾ ਰਸ ਆਦਿ ਅੰਤਿ ਲਿਵ ਲਾਗਿ ਧੁਨਾ ॥**

ਹਜ਼ਾਰ ਜੀਭ ਵਾਲਾ ਸ਼ੇਸ਼ਨਾਗ ਭੀ ਗੁਣ ਗਾਉਂਦਾ ਹੈ, (ਉਹ ਤਾਂ) ਸ਼ੁਰੂ ਤੋਂ ਅਖੀਰ (ਤਕ) [ਲਿਵ] ਇਕ ਰਸ (ਗੁਣ ਗਾਉਣ ਦੀ) ਧੁਨ (ਵਿਚ ਹੀ) ਲੱਗਾ (ਰਹਿੰਦਾ) ਹੈ।

**ਗਾਵੈ ਗੁਣ ਮਹਾਦੇਉ ਬੈਰਾਗੀ ਜਿਨਿ ਧਿਆਨ ਨਿਰੰਤਰਿ ਜਾਣਿਓ ॥**

(ਉਹ) ਮਹਾਂਦੇਉ ਬੈਰਾਗੀ ਭੀ ਗੁਣ ਗਾਉਂਦਾ ਹੈ, ਜਿਸਨੇ ਇਕ ਰਸ ਧਿਆਨ ਧਰਨ ਹੀ ਆਪਣਾ ਕੰਮ ਸਮਝਿਆ ਹੈ ।

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੫॥**

ਕੱਲ ਕਵਿ ਉਸ ਗੁਰੂ ਨਾਨਕ (ਜੀ ਦਾ) ਜਸ ਗਾਉਂਦਾ ਹੈ, ਜਿਸ ਨੇ ਰਾਜ ਵਿਚ ਜੋਗ ਕਮਾਇਆ ਹੈ ॥੫॥

SIKHBOOKCLUB.COM

**ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ ॥**

[ਰਾਜੁ] ਗ੍ਰਹਸਤ (ਵਿਚ ਇਉਂ) ਜੋਗ ਕਮਾਇਆ ਹੈ ਕਿ ਨਿਰਵੈਰ (ਵਾਹਿਗੁਰੂ) ਹਿਰਦੇ ਵਿਚ ਵਸ ਰਿਹਾ ਹੈ।

**ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ ॥**

(ਜਿਸ) ਨਾਮ ਨੂੰ (ਜਪ ਕੇ) ਸਾਰੀ ਦੁਨੀਆਂ ਉਧਰ ਗਈ ਹੈ, (ਉਸ) ਤਾਰਨੇ ਵਾਲੇ ਨਾਮ (ਨੂੰ) ਇਕ ਰਸ (ਜਪ ਰਹੇ ਹਨ)।

**ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ ॥**

ਸਨਕ ਤੋਂ ਆਦਿ (ਲੈ ਕੇ ਭਜਨੀਕ ਅਤੇ) ਜਨਕ ਵਰਗੇ (ਬ੍ਰਹਮ ਗਿਆਨੀ) ਭੀ ਸ਼ੁਰੂ ਜੁਗ ਤੋਂ ਲੈ ਕੇ (ਅੱਜ ਤਕ) ਗੁਣ ਗਾਉਂਦੇ ਹਨ।

**ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ ॥**

ਗੁਰੂ ਜੀ ਧੰਨ ਹਨ, ਧੰਨ ਹਨ, ਧੰਨ ਹਨ, [ਸਕਯਥੁ] ਸਫਲ ਜਨਮ ਜਗਤ ਵਿਚ ਭਲਾ ਹੈ।

**ਪਾਤਾਲ ਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ ॥**

ਕੱਲ ਕਵਿ ਕਹਿੰਦਾ ਹੈ ਕਿ ਪਤਾਲ ਲੋਕ ਦਾ ਪੁਰਸ਼ (ਭੀ ਗੁਰੂ ਨਾਨਕ ਜੀ ਦੇ) ਜੈ ਜੈ ਕਾਰ ਦੀ ਧੁਨ

ਕਰ ਰਹੇ ਹਨ।

**ਹਰਿ ਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ ॥੬॥**

ਹੇ ਹਰਿ ਨਾਮ ਦੇ ਰਸੀਏ ਗੁਰੂ ਨਾਨਕ ਜੀ! ਤੁਸਾਂ ਰਾਜ ਵਿਚ ਜੋਗ ਕਮਾਇਆ ਹੈ ॥੬॥

**ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥**

(ਹੇ ਕਰਤਾਰ!) ਸਤਿਜੁਗ (ਵਿਚ ਅਵਤਾਰ ਪਦਵੀ ਦੇ ਕੇ ਜਿਸ ਨੂੰ) ਤੁਸਾਂ [ਮਾਣਿਓ] ਵਡਿਆਇਆ (ਸੀ, ਉਸ) ਬਾਵਨ (ਨੂੰ) ਬਲਿ (ਰਾਜੇ ਨਾਲ) ਛਲ ਕਰਨਾ ਹੀ ਚੰਗਾ ਲੱਗਾ।

**ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥**

(ਫਿਰ) ਤ੍ਰੇਤੈ (ਵਿਚ ਜਿਸ ਨੂੰ) ਤੁਸਾਂ ਵਡਿਆਇਆ ਸੀ, (ਉਸ) ਰਾਮ (ਨੇ ਆਪ ਨੂੰ) ਰਘੁਵੰਸੀ ਕਹਾਇਆ, (ਅਰਥਾਤ ਆਪਣੀ ਕੁਲ ਨੂੰ ਜਗਤ ਉਤੇ ਉੱਘਾ ਕਰਨਾ ਚਾਹਿਆ)।

**ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥**

(ਫਿਰ) ਦੁਆਪਰ (ਵਿਚ ਜਿਸ ਨੂੰ ਤੁਸਾਂ ਵਡਿਆਈ ਬਖਸ਼ੀ, ਉਸ) ਕ੍ਰਿਸ਼ਨ (ਨੇ ਮੁਰ ਦੈਂਤ ਨੂੰ ਮਾਰ ਕੇ ਆਪਣਾ ਨਾਮ) ਮੁਰਾਰੀ (ਕਹਾਇਆ, ਅਤੇ ਆਪਣੇ ਮਾਮੇ) ਕੰਸ (ਦਾ) [ਕ੍ਰਿਤਾਰਥ] ਘਾਤ ਕੀਤਾ ਸੀ।

**ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥**

(ਅਤੇ ਆਪਣੇ ਨਾਨੇ) ਉਗ੍ਰਸੈਨ ਨੂੰ (ਕੰਸ ਦੀ ਕੈਦ ਵਿਚੋਂ ਕੱਢ ਕੇ) ਡਰ ਤੋਂ ਰਹਿਤ ਕੀਤਾ, (ਅਤੇ ਆਪਣਾ) ਭਗਤ ਜਾਣ ਕੇ ਉਸ ਨੂੰ ਰਾਜ ਦਿੱਤਾ, ਅਰਥਾਤ ਉਹ ਭੀ ਆਪਣੇ ਟੱਬਰ ਦੇ ਵੈਰ ਲੈਂਦਾ ਤੇ ਆਪਣੇ ਘਰ ਨੂੰ ਸਦਾ ਚਾਹੁੰਦਾ ਰਿਹਾ, ਜਗਤ ਦੇ ਦੁੱਖ ਨੂੰ ਕਿਸੇ ਨੇ ਭੀ ਦੂਰ ਨਾ ਕੀਤਾ।

**ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥**

(ਹੁਣ) ਕਲਿਜੁਗ ਵਿਚ (ਜਿਸਨੂੰ) ਗੁਰੂ (ਪਦਵੀ ਦੀ [ਪ੍ਰਮਾਣੁ] ਖਾਸ ਵਡਿਆਈ (ਤੁਸਾਂ ਦਿਤੀ ਹੈ, ਉਸ) ਨਾਨਕ ਨੇ ਅੰਗਦ ਤੇ ਅਮਰਦਾਸ ਨਾਮ ਕਹਾਇਆ ਹੈ, ਅਰਥਾਤ ਪਦਵੀ ਤਾਂ ਉਨ੍ਹਾਂ ਅਵਤਾਰਾਂ ਨਾਲੋਂ ਉੱਚੀ ਪਾਈ ਹੈ, ਅਤੇ ਨਾਮ ਛੋਟਾ ਕਹਾਇਆ ਹੈ, ਕੰਮ ਭੀ ਉਨ੍ਹਾਂ ਤੋਂ ਉੱਚੇ ਸੁੱਚੇ ਤੇ ਜਗਤ ਦੇ ਭਲੇ ਦੇ ਕੀਤੇ ਹਨ, ਪਰ ਫੇਰ ਭੀ ਉਨ੍ਹਾਂ ਵਾਂਗੂੰ ਕਿਸੇ ਨਾਲ ਛਲ ਨਹੀਂ ਕੀਤਾ, ਨਾ ਆਪਣੀ ਕੁਲ ਉਘੀ ਕੀਤੀ ਹੈ, ਅਤੇ ਨਾ ਹੀ ਆਪਣੇ ਘਰੋਗੇ ਵੈਰ ਚਿਤਾਰ ਕੇ ਕਿਸੇ ਨੂੰ ਮਾਰਿਆ ਹੈ, ਜੋ ਕੁਝ ਕੀਤਾ ਹੈ, ਜਗਤ ਦੇ ਭਲੇ ਲਈ ਹੀ ਕੀਤਾ ਹੈ।

**ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥**

ਹੇ ਆਦਿ ਪੁਰਖ! (ਇਸ ਲਈ ਤੁਸਾਂ) ਫੁਰਮਾਇਆ ਹੈ, ਕਿ ਸ੍ਰੀ ਗੁਰੂ ਜੀ ਦਾ ਰਾਜ ਅਚੱਲ ਤੇ ਅਟੱਲ ਰਹੇਗਾ ॥੭॥

**ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ ॥**

ਭਗਤ ਰਵਿਦਾਸ, ਜੈ ਦੇਵ ਤੇ ਤ੍ਰਿਲੋਚਨ (ਭੀ ਗੁਰੂ ਜੀ ਦੇ) ਗੁਣ ਗਾਉਂਦੇ ਹਨ।

Sri Satguru Jagjit Singh Ji eLibrary NamdhariElibrary@gmail.com

**ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ ॥**

ਨਾਮਦੇਵ ਤੇ ਕਬੀਰ ਭਗਤ ਤੇ ਸਮ [ਲੋਚਨ] ਦ੍ਰਿਸ਼ਟੀ ਵਾਲੇ ਸਦਾ (ਹੀ ਗੁਰੂ ਨਾਨਕ ਜੀ ਦਾ ਜਸ) ਗਾਂਵਦੇ ਹਨ ।

**ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥**

(ਜੋ) ਸਹਜੇ ਹੀ ਆਤਮ ਅਨੰਦ ਭੋਗਦਾ ਹੈ, ਉਹ ਬੇਣੀ ਭਗਤ ਭੀ ਗੁਣ ਗਾਉਂਦਾ ਹੈ ।

**ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ ॥**

ਗੁਰੂ ਦੇ ਗਿਆਨ ਤੋਂ ਬਿਨਾਂ ਹੋਰ ਕਿਸੇ ਜੋਗ ਤੇ ਧਿਆਨ (ਕਰਕੇ) ਪ੍ਰਭੂ ਨਹੀਂ ਜਾਣਿਆ ਜਾਂਦਾ ।

**ਸੁਖਦੇਉ ਪਰੀਖ੍ਯ੍ਯਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ ॥**

ਸੁਖਦੇਵ ਤੇ ਪ੍ਰੀਛਤ ਭੀ ਗੁਣ ਉਚਾਰਦਾ ਹੈ, ਅਤੇ ਗੋਤਮ ਰਿਖੀ (ਨੇ ਭੀ ਗੁਰੂ ਜੀ ਦਾ ਹੀ) ਜਸ ਗਾਇਆ ਹੈ ।

**ਕਬਿ ਕਲ ਸੁਜਸੁ ਨਾਨਕ ਗੁਰ ਨਿਤ ਨਵਤਨੁ ਜਗਿ ਛਾਇਓ ॥੮॥**

ਕੱਲ ਕਵਿ (ਕਹਿੰਦਾ ਹੈ, ਕਿ) ਗੁਰੂ ਨਾਨਕ (ਜੀ ਦਾ) ਸਰੇਸ਼ਟ ਜਸ (ਤਾਂ) ਜਗਤ ਵਿਚ ਹਰ ਰੋਜ਼ ਨਵੇਂ ਤੋਂ ਨਵਾਂ ਹੀ ਫੈਲ ਰਿਹਾ ਹੈ ॥੮॥

**ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ ਭੁਯੰਗਮ ॥**

ਪਤਾਲ ਤੇ ਭਗਤ ਸ਼ੇਸ਼ਨਾਗ ਆਦਿਕ (ਸਾਰੇ) [ਭੁਯੰਗਮ] ਸੱਪ (ਗੁਰੂ ਜੀ ਦੇ) ਗੁਣ ਗਾਉਂਦੇ ਹਨ।

**ਮਹਾਦੇਉ ਗੁਣ ਰਵੈ ਸਦਾ ਜੋਗੀ ਜਤਿ ਜੰਗਮ ॥**

ਮਹਾਂ ਦੇਵ (ਵਰਗੇ) ਜੋਗੀ, ਜਤੀ ਤੇ ਜੰਗਮ ਸਦਾ (ਹੀ ਗੁਰੂ ਜੀ ਦੇ) ਗੁਣ ਗਾਉਂਦੇ ਹਨ ।

**ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ ॥**

ਜਿਸ ਨੇ ਵੇਦਾਂ (ਤੇ) ਵਿਆਕਰਣਾਂ (ਨੂੰ ਚੰਗੀ ਤਰ੍ਹਾਂ) ਵਿਚਾਰਿਆ (ਹੈ, ਉਹ) ਬਿਆਸ ਮੁਨੀ (ਭੀ ਗੁਰੂ ਜੀ ਦੇ) ਗੁਣ ਗਾਉਂਦਾ ਹੈ ।

**ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ ॥**

(ਜਿਸ ਨੇ ਕਰਤਾਰ ਦੇ) ਹੁਕਮ ਨਾਲ ਸਾਰੀ ਦੁਨੀਆਂ ਬਣਾਈ (ਹੈ, ਉਹ) ਬ੍ਰਹਮਾ (ਗੁਰੂ ਜੀ ਦੇ) ਗੁਣ ਗਾਉਂਦਾ ਹੈ।

**ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ ॥**

(ਜੋ) ਖੰਡਾਂ ਬ੍ਰਹਮੰਡਾਂ (ਵਿਚ) ਬ੍ਰਹਮਾ ਪੂਰਨ ਹੈ ਅਤੇ ਨਿਰਗੁਣ (ਸਭ) ਗੁਣ (ਵਿਚ) ਸਮਾਨ ਹੀ ਜਾਣਿਆ (ਗਿਆ ਹੈ) ।

**ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ ॥੯॥**

ਉਸ ਗੁਰੂ ਨਾਨਕ (ਜੀ ਦਾ) ਜਸ ਕੱਲ (ਭੱਟ) ਕਰਦਾ ਹੈ, ਜਿਸ ਨੇ (ਗ੍ਰਿਹਸਥ ਵਿਚ ਹੀ) ਸਹਜ ਜੋਗ ਕਮਾਇਆ ਹੈ ॥੯॥

**ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ ॥**

ਨੌਂ ਨਾਥ ਭੀ ਗੁਣ ਗਾਉਂਦੇ ਹਨ, ਗੁਰੂ (ਨਾਨਕ ਦੇਵ ਜੀ) ਧੰਨ (ਹੈ, ਜੋ) ਸਚ (ਸਰੂਪ ਵਿਚ) ਸਮਾਇਆ ਹੋਇਆ ਹੈ।

**ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ ॥**

ਜਿਸਨੇ ਚਕ੍ਰਵਰਤੀ (ਰਾਜਾ) ਕਹਾਇਆ (ਹੈ, ਉਹ) ਮਾਨਧਾਤਾ ਭੀ ਗੁਣ ਗਾਉਂਦਾ ਹੈ।

**ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੌ ॥**

ਸੱਤਵੇਂ ਪਾਤਾਲ ਵਿਚ ਵੱਸਣ ਵਾਲਾ ਬਲਿ ਰਾਜਾ (ਭੀ ਗੁਰੂ ਜੀ ਦੇ) ਗੁਣ ਗਾਉਂਦਾ ਹੈ।

**ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ ॥**

(ਜੋ) ਸਦਾ ਹੀ ਗੁਰੂ ਜੀ ਨਾਲ ਰਹਿੰਦਾ ਰਿਹਾ ਹੈ, ਉਹ ਭਰਥਰੀ ਭੀ ਗੁਰੂ ਜੀ ਦੇ ਗੁਣ ਗਾਉਂਦਾ ਹੈ।

**ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ ॥**

ਦੁਰਬਾਸ਼ਾ, ਪੂਰਵਾ ਤੇ ਅੰਗਰੇ (ਰਿਖੀ ਨੇ ਭੀ) ਗੁਰੂ ਨਾਨਕ (ਜੀ ਦਾ) ਜਸ ਗਾਵਿਆ ਹੈ।

**ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ ॥੧੦॥**

SIKHBOOKCLUB.COM

ਕੱਲ ਕਵੀ (ਆਖਦਾ ਹੈ ਕਿ) ਉਸ ਗੁਰੂ ਨਾਨਕ (ਜੀ ਦਾ) ਜਸ ਸਹਜੇ ਹੀ ਘਟ ਘਟ ਵਿਚ ਸਮਾਇਆ ਹੋਇਆ ਹੈ ॥੧੦॥

**ਸਵਈਏ ਮਹਲੇ ਦੂਜੇ ਕੇ ੨ ੴ ਸਤਿਗੁਰ ਪ੍ਰਸਾਦਿ ॥**

(ਅੰਗ ੧੩੯੧-੯੨)

**ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ ॥**

ਓਹ ਕਰਤਾ ਪੁਰਖ ਧੰਨ ਹੈ, (ਜੋ) ਕਰਤਾਰ ਪ੍ਰਪੰਚ ਦੇ ਕਰਣ ਨੂੰ ਸਮਰੱਥ ਹੈ।

**ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ ॥**

ਸਤਿਗੁਰੂ ਨਾਨਕ (ਦੇਵ ਜੀ) ਧੰਨ ਹਨ ਜਿਨ੍ਹਾਂ ਨੇ (ਆਪਦੇ) ਸਿਰ ਤੇ ਹੱਥ ਰਖਿਆ ਹੈ।

**ਤ ਧਰਿਓ ਮਸਤਕਿ ਹਥੁ ਸਹਜਿ**

(ਜਦ ਉਨ੍ਹਾਂ ਨੇ) ਸਹਜੇ (ਤੁਹਾਡੇ) ਸਿਰ ਤੇ ਹੱਥ ਰਖਿਆ ਤਾਂ—

**ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ ॥**

(ਆਪ ਉਤੇ) [ਛਜਿ=ਛੱਜੀਂ] ਬਹੁਤ ਅੰਮ੍ਰਿਤ ਵਸਿਆ, (ਜਿਸ ਦੀ) [ਬੋਹਿਯ] ਸੁਗੰਧੀ (ਕਰਕੇ ਆਪ) ਦੇਵਤੇ, ਮਨੁਖਾਂ, ਗਣਾਂ ਤੇ ਮੁਨੀਆਂ ਵਿਚ [ਅਗਾਜਿ] ਪ੍ਰਗਟ ਹੋ ਗਏ ਹੋ।

**ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ**

## ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ ॥

ਦੁਖਦਾਈ ਤੇ ਗੱਜਣ ਵਾਲੇ ਕਾਲ ਨੂੰ ਮਾਰ ਲਿਆ ਹੈ, ਦੌੜਦੇ (ਮਨ) ਨੂੰ (ਆਪ ਨੇ) ਰੋਕ ਲਿਆ ਹੈ, [ਪੰਚ ਭੂਤ] ਜੀਵਾਤਮਾ ਨੂੰ ਇਕ [ਘਰਿ] ਸਰੂਪ ਦੀ ਸਮਝ ਵਿਚ ਹੀ ਲਾ ਰਖਿਆ ਹੈ ।

## ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ
## ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ ॥

ਗੁਰਾਂ ਦੁਆਰੇ (ਉਪਦੇਸ਼ ਲੈ ਕੇ) ਜਗਤ ਨੂੰ ਜਿੱਤ ਲਿਆ ਹੈ, ਮਮਤਾ ਦੀ [ਸਾਰਿ] ਬਾਜੀ ਖੇਡਦੇ ਹਨ, [ਰਥੁ] ਸੁਾਸਾਂ ਨੂੰ [ਉਨਮਨਿ] ਤੁਰੀਆ ਪਦ (ਵਿਚ ਤੇ) [ਲਿਵ] ਸੁਰਤਿ ਨੂੰ ਨਿਰੰਕਾਰ (ਦੇ ਚਰਨਾਂ ਵਿਚ ਜੋੜ) ਰਖਿਆ ਹੈ ।

## ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
## ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥੧॥

ਕੱਲ ਸਹਾਰ (ਉਸਦੀ) ਕੀਰਤੀ ਕਹਿੰਦਾ ਹੈ, ਜੋ [ਮੁਰ-ਅਰਿ] ਹੰਕਾਰ ਨਾਸਕ (ਗੁਰੂ ਨਾਨਕ ਨੂੰ) [ਪਰਸਿ] ਮਿਲਕੇ ਲਹਿਣਾ ਭੀ ਜਗਤ ਗੁਰੂ (ਦਾ ਰੂਪ-ਸ੍ਰੀ ਅੰਗਦ ਜੀ ਹੋ ਕੇ) ਸੱਤਾਂ ਦੀਪਾਂ ਵਿਚ (ਉੱਘਾ ਹੋ ਗਿਆ ਹੈ) ॥੧॥

## ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ
## ਤਿਮਰ ਅਗ੍ਹਾਨ ਜਾਹਿ ਦਰਸ ਦੁਆਰ ॥

ਜਿਸਦੀ ਦ੍ਰਿਸ਼ਟੀ (ਨਿਗਾਹ) ਵਿਚ ਅੰਮ੍ਰਿਤ ਦੀ ਧਾਰਾ ਹੈ, (ਜੋ ਪਾਪਾਂ ਦੀ) ਕਾਲਖ ਪੁੱਟਕੇ ਦੂਰ ਕਰ ਦੇਂਦੀ ਹੈ, (ਅਤੇ ਜਿਸ ਦੇ) ਦਰਬਾਰ ਦਾ ਦਰਸ਼ਨ ਕੀਤਿਆਂ ਅਗਿਆਨ ਦਾ [ਤਿਮਰ] ਹਨੇਰਾ (ਮਿਟ) ਜਾਂਦਾ ਹੈ ।

## ਓਇ ਜੁ ਸੇਵਹਿ ਸਬਦੁ ਸਾਰੁ ਗਾਖੜੀ ਬਿਖਮ ਕਾਰ
## ਤੇ ਨਰ ਭਵ ਉਤਾਰਿ ਕੀਏ ਨਿਰਭਾਰ ॥

ਉਹ ਜੋ (ਆਪਣੇ) ਸ੍ਰੇਸ਼ਟ [ਸਬਦੁ] ਬ੍ਰਹਮ (ਨਿਰੰਕਾਰ) ਨੂੰ ਆਰਾਧਿਆ ਹੈ, (ਏਹੋ) ਕਾਰ [ਬਿਖਮ] ਕਰੜੀ (ਤੋਂ ਭੀ) [ਗਾਖੜੀ] ਕਰੜੀ ਹੈ, (ਪਰ ਉੱਞ ਤਾਂ) ਉਹ (ਕਾਰ ਹੀ) ਪੁਰਸ਼ (ਨੂੰ ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਕੇ (ਪਾਪਾਂ ਦੇ ਭਾਰ ਤੋਂ) ਹੌਲਿਆਂ ਕਰ ਦੇਂਦੀ ਹੈ ।

## ਸਤਸੰਗਤਿ ਸਹਜ ਸਾਰਿ ਜਾਗੀਲੇ ਗੁਰ ਬੀਚਾਰਿ
## ਨਿੰਮਰੀ ਭੂਤ ਸਦੀਵ ਪਰਮ ਪਿਆਰਿ ॥

(ਜਿਸ ਨੇ) ਸਤਿ ਸੰਗਤਿ (ਵਿਚ ਜਾਕੇ [ਸਹਜ=ਬ੍ਰਹਮ] ਨਿਰੰਕਾਰ ਨੂੰ ਅਰਾਧਨ (ਰੂਪਕਾਰ) [ਸਾਰਿ=ਸਾਰੀ] ਕੀਤੀ ਹੈ, ਅਤੇ ਗੁਰਾਂ (ਦਾ ਉਪਦੇਸ਼) ਵਿਚਾਰਿਆ ਹੈ, (ਉਸਦੀ ਸੁਰਤਿ ਅਵਿਦਯਾ ਨੀਂਦ ਤੋਂ) ਜਾਗ ਪਈ ਹੈ (ਅਤੇ ਉਹ ਸਦਾ ਹੀ) ਨਿੰਮ੍ਰੀਭੂਤ (ਹੋ ਕੇ) ਸਦਾ (ਹੀ ਸਾਰਿਆਂ ਤੋਂ) [ਪਰਮ] ਵੱਡੇ ਨਾਲ

ਪਿਆਰ (ਕਰਦਾ ਹੈ)।

**ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ**
**ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥੨॥**

ਕੱਲ ਸਹਾਰ (ਉਸ) ਲਹਿਣਾ ਜੀ ਦੀ ਉਪਮਾ ਕਹਿੰਦਾ ਹੈ, ਜੋ ਜਗਤ ਗੁਰੂ (ਨਾਨਕ ਜੀ) ਨੂੰ ਮਿਲ ਕੇ (ਆਪ ਭੀ) [ਮੁਰਾਰਿ] ਨਿਰੰਕਾਰ (ਨਾਲ ਅਭੇਦ ਹੋ ਕੇ) ਸੱਤਾਂ ਦੀਪਾਂ ਵਿਚ (ਪ੍ਰਗਟ ਹੋ ਗਿਆ ਹੈ)॥੨॥

**ਤੈ ਤਉ ਦ੍ਰਿੜਿਓ ਨਾਮੁ ਅਪਾਰੁ**

ਹੇ ਗੁਰੂ ਅੰਗਦ ਜੀ! ਤੁਸਾਂ ਨੇ ਤਾਂ (ਉਸ) ਅਪਾਰ ਦਾ ਨਾਮ ਮਨ ਵਿਚ ਦ੍ਰਿੜ੍ਹ ਕੀਤਾ ਹੈ।

**ਬਿਮਲ ਜਾਸੁ ਬਿਥਾਰੁ ਸਾਧਿਕ ਸਿਧ ਸੁਜਨ ਜੀਆ ਕੋ ਅਧਾਰੁ ॥**

(ਜਿਸ ਦਾ) ਨਿਰਮਲ ਜਸ (ਸਾਰੇ) ਫੈਲਿਆ ਹੋਇਆ ਹੈ, ਅਤੇ ਜੋ ਸਾਧਿਕਾਂ ਸਿਧਾਂ ਤੇ ਨੇਕ ਪੁਰਸ਼ਾਂ ਦੇ ਜੀਅ ਦਾ ਆਸਰਾ ਹੈ।

**ਤੂ ਤਾ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ ਸਾਰੁ**
**ਰਹਹਿ ਜਗਤ੍ਰ ਜਲ ਪਦਮ ਬੀਚਾਰ ॥**

ਤੂੰ ਤਾਂ ਜਨਕ ਰਾਜੇ (ਵਰਗਾ ਹੀ) ਆਇਆ ਹੈਂ, (ਜੋ) [ਸਬਦੁ] ਗਿਆਨ ਸੰਸਾਰ (ਵਿਚ ਇਕ) ਸਾਰ ਰਹਿੰਦਾ ਹੈਂ, (ਅਤੇ ਫੇਰ ਜਿਵੇਂ) ਪਾਣੀ (ਵਿਚ) [ਪਦਮ] ਕਮਲ (ਦੇ ਨਿਰਲੇਪ ਰਹਿਣ ਦਾ) ਵਿਚਾਰ (ਹੈ, ਇਵੇਂ ਹੀ ਤੁਸੀਂ) ਜਗਤ ਦੇ ਮੋਹ ਤੋਂ ਅਲੇਪ ਰਹਿੰਦੇ ਹੋ।

**ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ**
**ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ ॥**

(ਮਨ ਇੱਛਤ ਫਲ ਦੇਣ ਨੂੰ ਆਪ) ਕਲਪ ਬਿਰਛ (ਹੋ, ਹੰਕਾਰ) ਰੋਗ ਨਾਸ ਕਰਕੇ ਸੰਸਾਰਕ ਦੁਖ ਦੂਰ ਕਰਦੇ ਹੋ, (ਕਿਉਂਕਿ) ਤਿੰਨਾਂ ਰੰਗਾਂ ਵਾਲਾ ਮਨ ਤੁਹਾਡੇ (ਵਸ ਵਿਚ ਹੋ ਕੇ) ਇਕ ਵਿਚ [ਤਾਰ] ਇਕ-ਰਸ ਸੁਰਤ (ਲਾਈ ਬੈਠਾ ਹੈ)।

**ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ**
**ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥੩॥**

ਕੱਲ ਸਹਾਰ (ਭੱਟ) ਕੀਰਤੀ ਕਹਿੰਦਾ ਹੈ, ਸੱਤਾਂ ਦੀਪਾਂ ਵਿਚ (ਏਹੋ, ਮਸ਼ਹੂਰ ਹੈ, ਕਿ) ਹੰਕਾਰ ਨਾਸ ਕਰਨ ਵਾਲੇ ਜਗਤ ਗੁਰੂ ਲਹਿਣਾ (ਜੀ ਦੇ ਚਰਨਾਂ ਨੂੰ) ਪਰਸਨਾ ਚਾਹੀਦਾ ਹੈ॥੩॥

**ਤੈ ਤਾ ਹਦਰਥਿ ਪਾਇਓ ਮਾਨੁ ਸੇਵਿਆ ਗੁਰੁ ਪਰਵਾਨੁ**
**ਸਾਧਿ ਅਜਗਰੁ ਜਿਨਿ ਕੀਆ ਉਨਮਾਨੁ ॥**

ਤੁਸਾਂ ਨੇ ਦਰਗਾਹੋਂ ਮਾਨ ਪਾਇਆ ਹੈ, ਗੁਰਾਂ ਦੀ ਸੇਵਾ (ਕੀਤੀ ਤੁਹਾਡੀ) ਪ੍ਰਵਾਨ (ਪੈ ਗਈ ਹੈ) ਜਿਨ੍ਹਾਂ

ਨੇ (ਅਜੇਹਾ) [ੳੁਨਮਾਨੁ] ਵਿਚਾਰ ਕੀਤਾ ਹੈ, (ਉਹਨਾਂ ਨੇ ਮਨ ਰੂਪ) [ਅਜਗਰੁ] ਅਜ਼ਦਹਾ ਸੱਪ ਨੂੰ [ਸਾਧਿ] ਕਾਬੂ ਕਰ ਲਿਆ ਹੈ।

**ਹਰਿ ਹਰਿ ਦਰਸ ਸਮਾਨ ਆਤਮਾ ਵੰਤਗਿਆਨ**

**ਜਾਣੀਅ ਅਕਲ ਗਤਿ ਗੁਰ ਪਰਵਾਨ ॥**

ਹਰੀ ਦੇ ਗਿਆਨ ਵਾਲੇ ਆਤਮਾ ਦਾ ਦਰਸ਼ਨ ਹਰੀ ਦੇ ਸਮਾਨ ਹੀ ਹੈ, ਗੁਰਾਂ (ਦੇ ਬਚਨਾਂ ਨੇ) ਪ੍ਰਵਾਨ (ਕਰਕੇ ਆਪ ਨੇ) [ਅਕਲ] ਨਿਰੰਕਾਰ (ਦੀ) ਪ੍ਰਾਪਤੀ (ਦੀ ਜੁਗਤੀ) ਜਾਣੀ ਹੈ।

**ਜਾ ਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨ**

**ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ ॥**

ਅਚੱਲ ਸਥਾਨ ਤੇ ਜਿਸ ਦੀ ਨਜ਼ਰ ਹੈ, ਸਰੇਸ਼ਟ ਜਗ੍ਹਾ (ਸਾਧ ਸੰਗਤਿ ਵਿਚ ਜਿਸ ਦੀ) ਨਿਰਮਲ ਬੁਧਿ (ਵਸਦੀ ਹੈ, ਜਿਸ ਨੇ) ਸੀਲ ਦੀ ਸੰਜੋਅ ਪਹਿਰਕੇ [ਸਕਤਿ] ਮਾਇਆ ਦਾ ਨਾਸ ਕੀਤਾ ਹੈ।

**ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ**

**ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥੪॥**

ਕੱਲ ਸਹਾਰ (ਭੱਟ) ਜਸ ਕਹਿੰਦਾ ਹੈ, (ਕਿ ਨਿਰੰਕਾਰ ਸਰੂਪ) ਜਗਤ ਗੁਰੂ (ਨਾਨਕ ਜੀ ਨੂੰ) ਮਿਲ ਕੇ ਲਹਿਣਾ (ਭੀ ਗੁਰੂ ਰੂਪ ਹੋ ਕੇ) ਸੱਤਾਂ ਦੀਪਾਂ ਵਿਚ (ਪ੍ਰਗਟ ਹੋ ਗਿਆ ਹੈ) ॥੪॥

SIKHBOOKCLUB.COM

**ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ ॥**

(ਕ੍ਰਿਪਾ) ਦ੍ਰਿਸ਼ਟਿ ਨਾਲ ਵੇਖਦਿਆਂ (ਹੀ ਅਗਿਆਨ ਰੂਪ) [ਤਮ] ਹਨੇਰੇ ਨੂੰ ਦੂਰ ਕਰਦੇ ਹਨ, (ਪਿਛਲੇ ਜਨਮਾਂ ਦੇ ਸੰਚਤ) [ਅਘ] ਪਾਪਾਂ ਨੂੰ ਸਾੜਦੇ ਹਨ, (ਅਤੇ ਹੁਣ ਦੇ ਕੀਤੇ) ਪਾਪ ਭੀ ਨਾਸ ਕਰਦੇ ਹਨ।

**ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ ॥**

(ਐਡੇ) ਬਲਿਵਾਨ ਸੂਰਮੇ (ਹਨ ਜੋ) ਉਪਦੇਸ਼ (ਨਾਲ ਹੀ) ਕਾਮ ਤੇ ਕ੍ਰੋਧ ਨੂੰ ਨਾਸ ਕਰਦੇ ਹਨ।

**ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ ॥**

ਲੋਭ ਤੇ ਮੋਹ ਨੂੰ ਵਸ ਕਰ ਦੇਂਦੇ ਹਨ, ਅਤੇ ਸ਼ਰਨ (ਆਏ) ਮੰਗਤਿਆਂ ਦੀ ਪਾਲਣਾ ਕਰਦੇ ਹਨ।

**ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ ॥**

(ਜਗਯਾਸੂ ਦੇ) ਮਨ ਨੂੰ [ਸੰ] ਭਲੀ ਪ੍ਰਕਾਰ ਗ੍ਰਹਿਣ ਕਰਕੇ [ਕਹਣ] ਉਪਦੇਸ਼ ਦੀ [ਰਤ] ਪ੍ਰੀਤ (ਵਿਚ ਲਾ ਕੇ) ਅਮਰ [ਕਲ] ਸਰੂਪ ਵਿਚ ਢਾਲ ਦੇਂਦੇ ਹਨ।

**ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ ॥**

ਸਤਿਗੁਰੂ [ਕਲ] ਸੁੰਦਰ ਹਨ, ਸਤਿਗੁਰੂ (ਜੀ ਹੀ ਜਗਤ ਦੇ) ਤਿਲਕ (ਹਨ, ਜੋ) ਸਤਿਗੁਰਾਂ ਦੇ (ਉਪਦੇਸ਼ ਵਿਚ) ਲਗਦਾ ਹੈ ਉਹ ਜ਼ਰੂਰ ਤਰ ਜਾਂਦਾ ਹੈ।

**ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ ॥੫॥**

[ਫਿਰਣਸੀਹ=ਸ਼ੇਰ] ਫੇਰੂ ਦਾ ਪੁੱਤਰ ਲਹਿਣਾ ਹੀ ਜਗਤ ਗੁਰੂ ਅੰਗਦ (ਦੇਵ) ਰਾਜ ਵਿਚ ਜੋਗ ਕਰ ਰਹੇ ਹਨ ॥੫॥

**ਸਦਾ ਅਕਲ ਲਿਵ ਰਹੈ ਕਰਨ ਸਿਉ ਇਛਾ ਚਾਰਹ ॥**

ਸਦਾ ਹੀ ਨਿਰੰਕਾਰ ਦੀ ਪ੍ਰੀਤ ਵਿਚ ਰਹਿੰਦੇ ਹਨ ਅਤੇ (ਆਪਣੀ) ਇਛਾ ਨਾਲ [ਕਰਨ] ਇੰਦ੍ਰੀਆਂ ਨੂੰ ਤੋਰਦੇ ਹਨ।

**ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ ॥**

ਜਿਵੇਂ [ਦ੍ਰੁਮ] ਦਰਖਤ [ਸਪੂਰ] ਫਲਾਂ ਵਾਲਾ ਨਿਉਂ ਜਾਂਦਾ ਹੈ, (ਇਵੇਂ ਹੀ ਲਹਿਣਾ ਜੀ ਗੁਰੂ ਪਦ ਰੂਪ ਅਜਰ ਵਸਤੂ ਨੂੰ) [ਖਵੈ] ਸਹਾਰਕੇ (ਨਿਉਂ ਗਏ ਹਨ, ਅਜੇਹਾ) ਨਿਰਮਲ ਵਿਚਾਰ (ਹੋਰ) ਕਿਸ ਦਾ ਹੈ?

**ਇਹੈ ਤਤੁ ਜਾਣਿਓ ਸਰਬ ਗਤਿ ਅਲਖੁ ਬਿਡਾਣੀ ॥**

ਇਹ ਤੱਤ ਜਾਣਿਆ ਹੈ, ਜੋ ਅਲੱਖ ਤੇ ਅਸਚਰਜ ਰੂਪ ਸਾਰਿਆਂ ਵਿਚ ਪ੍ਰਾਪਤ ਹੈ।

**ਸਹਜ ਭਾਇ ਸੰਚਿਓ ਕਿਰਣਿ ਅੰਮ੍ਰਿਤ ਕਲ ਬਾਣੀ ॥**

[ਕਲ] ਸੁੰਦਰ ਬਾਣੀ (ਨਾਲ ਜਗਯਾਸੂ ਦੇ ਹਿਰਦੇ ਵਿਚ) ਅੰਮ੍ਰਿਤ ਦੀਆਂ ਕਿਰਣਾਂ ਗਿਆਨ ਤੇ ਪ੍ਰੇਮ ਸਿੰਜਦੇ ਹਨ।

SIKHBOOKCLUB.COM

**ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ ॥**

ਤੁਸਾਂ ਗੁਰਾਂ ਨੂੰ [ਗਮਿ] ਪ੍ਰਾਪਤ (ਕਰਕੇ) [ਪ੍ਰ-ਮਾਣੁ] ਖਾਸ ਵਡਿਆਈ ਪਾਈ ਹੈ, ਅਤੇ ਸਤ ਸੰਤੋਖ (ਆਦਿਕ ਗੁਣ) ਖਰੀਦ ਲਏ ਹਨ।

**ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੌ ॥੬॥**

ਕੱਲ (ਭੱਟ) [ਸੰ-ਉਲਵੈ] ਉਚਾਰਦਾ ਹੈ (ਕਿ ਜੋ) ਜਨ ਲਹਿਣਾ (ਜੀ ਨੂੰ) [ਪਰਸਿਓ] ਮਿਲਿਆ ਹੈ, ਉਸ ਨੂੰ ਹਰੀ ਦਾ ਦਰਸ਼ਨ ਹੋ ਗਿਆ ਹੈ ॥੬॥

**ਮਨਿ ਬਿਸਾਸੁ ਪਾਇਓ ਗਹਰਿ ਗਹੁ ਹਦਰਥਿ ਦੀਓ ॥**

ਮਨ ਵਿਚ ਭਰੋਸਾ ਕੀਤਾ ਹੈ, (ਮਨ ਨੂੰ) ਫੜਕੇ ਗਹਰ (ਕਰਨ ਦਾ ਦਾਨ) ਦਰਗਾਹੋਂ ਮਿਲਿਆ ਹੈ।

**ਗਰਲ ਨਾਸੁ ਤਨਿ ਨਠਯੋ ਅਮਿਉ ਅੰਤਰਗਤਿ ਪੀਓ ॥**

ਸਰੀਰ (ਨੂੰ) ਨਾਸ (ਕਰਨ ਵਾਲੀ ਵਿਕਾਰਾਂ ਰੂਪ) [ਗਰਲ] ਜ਼ਹਿਰ ਮਿਟ ਗਈ ਹੈ, (ਕਿਉਂਕਿ) ਅੰਤਰਮੁਖਤਾ (ਰੂਪ ਅੰਮ੍ਰਿਤ) ਪੀਤਾ ਹੈ।

**ਰਿਦਿ ਬਿਗਾਸੁ ਜਾਗਿਓ ਅਲਖਿ ਕਲ ਧਰੀ ਜੁਗੰਤਰਿ ॥**

(ਜਿਸਨੇ) ਜੁਗਾਂ ਵਿਚ (ਆਪਣੀ) ਕਲਾ ਧਰੀ (ਹੋਈ ਹੈ, ਉਹ) ਅਲਖ ਪ੍ਰਗਟ ਹੋ ਗਿਆ ਹੈ, (ਇਸ

ਲਈ) ਹਿਰਦਾ ਖਿੜ ਪਿਆ ਹੈ।

**ਸਤਿਗੁਰੁ ਸਹਜ ਸਮਾਧਿ ਰਵਿਓ ਸਾਮਾਨਿ ਨਿਰੰਤਰਿ ॥**

ਸਤਿਗੁਰੂ ਅਚੁਤ ਸਮਾਧੀ ਦੇ ਸਮਾਨ ਵਿਚ ਇਕ-ਰਸ ਲੱਗਾ ਰਹਿੰਦਾ ਹੈ।

**ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ ਤ੍ਰਸਨ ॥**

(ਸਤਿਗੁਰੂ) ਉਦਾਰ ਚਿੱਤ ਹੈ, ਦਰਿਦ੍ਰ ਦੂਰ ਕਰਨ ਵਾਲਾ ਹੈ (ਗੁਰੂ ਜੀ ਦਾ) ਦਰਸ਼ਨ ਕਰਦਿਆਂ ਹੀ ਪਾਪ ਡਰ ਜਾਂਦੇ ਹਨ।

**ਸਦ ਰੰਗਿ ਸਹਜਿ ਕਲੁ ਉਚਰੈ ਜਸੁ ਜੰਪਉ ਲਹਣੇ ਰਸਨ ॥੭॥**

ਜੋ ਸਦਾ ਹੀ ਗਿਆਨ ਅਨੰਦ (ਵਿਚ ਰਹਿੰਦੇ ਹਨ ਉਸ) ਲਹਿਣੇ (ਜੀ ਦਾ) ਜਸ ਕੱਲ ਭੱਟ ਜੀਭ ਨਾਲ ਕਹਿੰਦਾ ਹੈ ॥੭॥

**ਨਾਮੁ ਅਵਖਧੁ ਨਾਮੁ ਆਧਾਰੁ**

**ਅਰੁ ਨਾਮੁ ਸਮਾਧਿ ਸੁਖੁ ਸਦਾ ਨਾਮ ਨੀਸਾਣੁ ਸੋਹੈ ॥**

(ਸਤਿਗੁਰਾਂ ਕੋਲ ਹਉਮੈਂ ਰੋਗ ਦੀ) ਦਵਾਈ ਨਾਮ (ਹੈ, ਉਨ੍ਹਾਂ ਨੂੰ) ਨਾਮ ਦਾ (ਹੀ) ਅਧਾਰ (ਹੈ), ਨਾਮ (ਜਪਣਾ ਹੀ) ਸਮਾਧੀ (ਲਾਉਂਦੇ ਹਨ), ਨਾਮ (ਹੀ ਗੁਰੂ ਜੀ ਦਾ) ਚਿੰਨ੍ਹ (ਹਨ ਜਿਸ ਕਰਕੇ ਉਹ) ਸਦਾ ਸੁਖ (ਵਿਚ ਹੀ) ਸੋਭਦੇ ਹਨ।

SIKHBOOKCLUB.COM

**ਰੰਗਿ ਰਤੌ ਨਾਮ ਸਿਉ ਕਲ ਨਾਮੁ ਸੁਰਿ ਨਰਹ ਬੋਹੈ ॥**

ਨਾਮ ਦੇ ਸੁੰਦਰ ਰੰਗ ਨਾਲ ਹੀ ਰੱਤੇ ਹੋਏ ਹਨ, (ਨਾਮ ਦੀ ਵਾਸ਼ਨਾ ਨਾਲ) ਦੇਵਤੇ ਤੇ ਮਨੁਖ ਸੁਗੰਧਤ ਹੋ ਰਹੇ ਹਨ।

**ਨਾਮ ਪਰਸੁ ਜਿਨਿ ਪਾਇਓ ਸਤੁ ਪ੍ਰਗਟਿਓ ਰਵਿ ਲੋਇ ॥**

ਜਿਸ ਨੇ ਨਾਮ ਰੂਪ ਪਾਰਸ ਨੂੰ ਪਾਇਆ ਹੈ, (ਉਸ ਨੂੰ) [ਰਵਿ] ਸੂਰਜ ਦਾ [ਲੋਇ] ਉੱਜਲਾ ਰੂਪ [ਸਤੁ] ਪ੍ਰਗਟ ਹੋ ਗਿਆ ਹੈ।

**ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ ॥੮॥**

(ਉਸ) ਗੁਰੂ ਜੀ ਦਾ ਦਰਸ਼ਨ ਕੀਤਿਆਂ ਹੀ ਅਠਾਂਹਠ (ਤੀਰਥਾਂ ਦੇ) ਇਸ਼ਨਾਨ (ਦਾ ਫਲ) ਪ੍ਰਾਪਤ ਹੋ ਗਿਆ ਹੈ ॥੮॥

**ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ**

**ਸਦਾ ਸਚੁ ਭਾਖੰਤੁ ਸੋਹੈ ॥**

ਸੱਚ ਹੀ ਤੀਰਥ ਹੈ, ਸਤਿ (ਨਾਮ) ਇਸ਼ਨਾਨ ਹੈ ਅਤੇ ਭੋਜਨ ਤੇ ਪ੍ਰੇਮ ਭੀ ਸੱਚਾ ਹੈ, ਸਦਾ ਹੀ ਸੱਚ ਬੋਲਨਾ ਸੋਭਦਾ ਹੈ।

**ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੇ ॥**

ਗੁਰਾਂ ਦੇ ਉਪਦੇਸ਼ ਕਰਕੇ (ਜਿਨ੍ਹਾਂ ਨੇ) ਸੱਚ ਨਾਮ ਪਾਇਆ ਹੈ, (ਉਨ੍ਹਾਂ ਦੀ) ਸੰਗਤ ਵਿਚ ਭੀ ਸੱਚ ਦੀ ਸੁਗੰਧੀ (ਆ ਰਹੀ) ਹੈ ।

**ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ ॥**

ਜਿਸ ਦਾ ਸਚ ਹੀ ਸੰਜਮ ਹੈ, ਸੱਚ (ਦਾ ਹੀ) ਵਰਤ ਹੈ, ਕੱਲ ਭੱਟ ਕਹਿੰਦਾ ਹੈ ।

**ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ ॥੯॥**

(ਉਸ) ਗੁਰੂ ਦੇ ਦਰਸ਼ਨ ਕੀਤਿਆਂ ਜਨਮ ਸੱਚਾ ਤੇ ਪ੍ਰਵਾਨ (ਹੋ ਜਾਂਦਾ ਹੈ) ॥੯॥

**ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥**

ਅੰਮ੍ਰਿਤ ਦ੍ਰਿਸ਼ਟੀ ਕਰਕੇ ਪਾਪਾਂ ਤੇ ਘੋਰ ਪਾਪਾਂ ਦੀ ਮੈਲ ਨਾਸ (ਕਰਕੇ ਜਗਯਾਸੂ ਨੂੰ) ਪਵਿਤ੍ਰ ਕਰ ਦੇਂਦੇ ਹਨ ।

**ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥**

ਕਾਮ, ਕ੍ਰੋਧ, ਲੋਭ, ਮੋਹ (ਆਦਿਕ) ਸਾਰੇ ਬਲਵਾਨ (ਦੁਸ਼ਮਨ) ਵੱਸ ਕਰ ਲਏ ਹਨ ।

**ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥**

ਸਦਾ ਹੀ ਮਨ ਸੁਖੀ ਹੋ ਕੇ ਵਸਦਾ ਹੈ, ਅਤੇ ਸੰਸਾਰ ਦੇ ਦੁਖ ਮਿਟ ਜਾਂਦੇ ਹਨ ।

**ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥**

ਗੁਰੂ (ਅੰਗਦ ਦੇਵ) ਨੌ ਨਿਧਾਂ (ਦੇਣ ਵਾਲਾ) ਤੀਰਥ (ਹੈ, ਜੋ) ਜਨਮਾਂ-ਜਨਮਾਂ (ਦੀ) [ਹਮ=ਹਮਹ] ਤਮਾਮ (ਸਾਰੀ) ਮੈਲ ਧੋ ਦੇਂਦਾ ਹੈ ।

**ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥**

ਕੱਲ (ਭੱਟ) ਕਹਿੰਦਾ ਹੈ ਸਹਜ ਸੁਭਾਵਕ ਦਿਨ ਰਾਤ ਉਸ ਗੁਰੂ ਦੀ ਸੇਵਾ ਕਰਨੀ ਚਾਹੀਦੀ ਹੈ ।

**ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥੧੦॥**

ਗੁਰੂ (ਅੰਗਦ ਦੇਵ ਜੀ) ਦੇ ਦਰਸ਼ਨ ਕਰੀਏ ਤਾਂ ਜਨਮ ਮਰਨ (ਰੂਪ) ਦੁਖ (ਮਿਟ) ਜਾਂਦਾ ਹੈ ॥੧੦॥

**ਸਵਈਏ ਮਹਲੇ ਤੀਜੇ ਕੇ ੩ ੧ੴ ਸਤਿਗੁਰ ਪ੍ਰਸਾਦਿ ॥**

(ਅੰਗ ੧੩੯੨-੯੬)

**ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ ॥**

ਉਸ ਇਕ ਸੱਚੇ ਪੁਰਖ ਨੂੰ ਸਿਮਰਦਾ ਹਾਂ ਜਿਸ ਦਾ ਨਾਮ ਜਗਤ ਵਿਚ ਅਛੱਲ ਹੈ ।

**ਜਿਨਿ ਭਗਤ ਭਵਜਲ ਤਾਰੇ ਸਿਮਰਹੁ ਸੋਈ ਨਾਮੁ ਪਰਧਾਨੁ ॥**

ਜਿਸਨੇ ਭਗਤਾਂ ਨੂੰ ਸੰਸਾਰ-ਸਮੁੰਦਰ ਤੋਂ ਤਾਰਿਆ ਹੈ, ਮੈਂ ਉਸੇ ਪ੍ਰਧਾਨ ਦੇ ਨਾਮ ਨੂੰ ਸਿਮਰਦਾ ਹਾਂ ।

**ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ ॥**

ਉਸ ਨਾਮ ਦੇ ਰਸੀਏ (ਗੁਰੂ) ਨਾਨਕ (ਜੀ ਨੇ ਆਪਣੇ ਸਥਾਨ ਤੇ ਸ੍ਰੀ) ਲਹਿਣਾ (ਜੀ ਨੂੰ) ਬਿਠਾਇਆ (ਸੀ) ਜਿਸ ਨੂੰ ਸਰਬ ਸਿਧੀਆਂ (ਪ੍ਰਾਪਤ ਸਨ)।

**ਕਵਿ ਜਨ ਕਲ੍ਯ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਤਰੀਯਾ ॥**

ਕੱਲਯ ਕਵਿ (ਕਹਿੰਦਾ ਹੈ, ਕਿ ਅਗੇ ਉਨ੍ਹਾਂ ਨੇ ਆਪਣੇ) ਦਾਸ ਸ੍ਰੇਸ਼ਟ ਬੁਧਿ ਵਾਲੇ ਅਮਰਦਾਸ (ਜੀ ਨੂੰ ਗੁਰਿਆਈ ਦੇ ਕੇ) ਕੀਰਤੀ ਫੈਲਾਈ।

**ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ ਮਵਲਸਰਾ ॥**

(ਗੁਰੂ ਰੂਪ) [ਰਵਿ] ਸੂਰਜ (ਦੀਆਂ) ਕਿਰਣਾਂ ਰੂਪ ਕੀਰਤੀ ਸੰਸਾਰ ਵਿਚ ਪ੍ਰਗਟ ਹੈ, ਜਿਸ ਨਾਲ ਸ੍ਰੇਸ਼ਟ ਦਰਖਤਾਂ ਦੀਆਂ ਟਾਹਣੀਆਂ [ਮਵਲ] ਹਰੀਆਂ ਹੋ ਗਈਆਂ (ਹਨ, ਅਰਥਾਤ ਜਗਯਾਸੂਆਂ ਦੇ ਹਿਰਦੇ ਵਿਚ ਸ਼ੁਭ ਗੁਣ ਪ੍ਰਾਪਤ ਹੋ ਗਏ ਹਨ)।

**ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ ਜੈ ਜੈ ਕਾਰੁ ਜਪੰਥਿ ਨਰਾ ॥**

ਉੱਤਰ, ਦੱਖਣ, ਪੂਰਬ ਤੇ ਪੱਛਮ ਦੇ ਮਨੁਖ (ਸਾਰੇ ਹੀ) ਜੈ ਜੈ ਕਾਰ ਜਪਦੇ ਹਨ।

**ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ ॥**

ਹਰਿਨਾਮ ਨੂੰ [ਰਸਨਿ] ਜੀਭ ਨਾਲ (ਜਪਣ ਦਾ) ਵਰ ਉੱਤਮ ਗੁਰੂ ਜੀ ਨੇ ਦਿੱਤਾ (ਹੈ, ਇਉਂ ਸਮਝੋ) ਪੱਛਮ ਵਲ ਗੰਗਾ ਉਲਟੀ ਵਗਾ ਦਿਤੀ ਹੈ, (ਅਰਥਾਤ ਆਪਣੇ ਪੁੱਤਰਾਂ ਨੂੰ ਛੱਡ ਕੇ ਸੇਵਕ ਨੂੰ ਗੁਰਿਆਈ ਬਖਸ਼ ਦਿਤੀ ਹੈ)।

**ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ**
**ਅਮਰਦਾਸ ਗੁਰ ਕਉ ਫੁਰਿਆ ॥੧॥**

ਭਗਤਾਂ ਨੂੰ ਸੰਸਾਰ ਤੋਂ ਤਾਰਨ ਵਾਲਾ ਅਛਲ ਦਾ ਓਹੀ ਨਾਮ (ਹੁਣ) ਗੁਰੂ ਅਮਰਦਾਸ ਜੀ ਨੂੰ ਪ੍ਰਾਪਤ ਹੋਇਆ ਹੈ ॥੧॥

**ਸਿਮਰਹਿ ਸੋਈ ਨਾਮੁ ਜਖ੍ਯ ਅਰੁ ਕਿੰਨਰ ਸਾਧਿਕ ਸਿਧ ਸਮਾਧਿ ਹਰਾ ॥**

ਉਸੇ ਨੂੰ ਜੱਖਯ, ਕਿੰਨਰ, ਸਾਧਿਕ ਤੇ [ਹਰਾ] ਸਾਰੇ ਸਿੱਧ ਸਮਾਧੀ ਵਿਚ ਹੋ ਕੇ ਸਿਮਰਦੇ ਹਨ।

**ਸਿਮਰਹਿ ਨਖ੍ਯ੍ਰ ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ ਵਰਾ ॥**

ਧਰੂ ਮੰਡਲ ਦੇ ਤਾਰੇ ਅਤੇ ਨਾਰਦ ਆਦਿਕ ਮੁਨੀ ਅਤੇ ਪ੍ਰਹਿਲਾਦ ਆਦਿਕ ਸ੍ਰੇਸ਼ਟ ਭਗਤ ਭੀ ਨਾਮ ਨੂੰ ਸਿਮਰਦੇ ਹਨ।

**ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ ਸੈਲ ਲੋਅ ਜਿਨਿ ਉਧਰਿਆ ॥**

ਚੰਦ੍ਰਮਾ ਸੂਰਜ (ਭੀ ਉਸੇ) ਨਾਮ ਨੂੰ [ਉਲਾਸਹਿ] ਉਚਾਰਦੇ ਹਨ, ਜਿਸ ਨੇ ਸੈਂਕੜੇ ਲੋਕਾਂ ਦਾ ਉਧਾਰ ਕੀਤਾ ਹੈ।

**ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ**
**ਅਮਰਦਾਸ ਗੁਰ ਕਉ ਫੁਰਿਆ ॥੨॥**

ਭਗਤਾਂ ਨੂੰ ਸੰਸਾਰ ਤੋਂ ਤਾਰਨ ਵਾਲਾ ਅਛਲ ਦਾ ਓਹੀ ਨਾਮ (ਹੁਣ) ਗੁਰੂ ਅਮਰਦਾਸ ਜੀ ਨੂੰ ਪ੍ਰਾਪਤ ਹੋਇਆ ਹੈ ॥੨॥

**ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ ਸਿਵ ਸਨਕਾਦਿ ਸਮੁਧਰਿਆ ॥**

ਉਸ ਨਾਮ ਨੂੰ ਸਿਮਰਕੇ ਨੌਂ ਨਾਥ [ਨਿਰ-ਅੰਜਨੁ] ਮਾਇਆ ਤੋਂ ਰਹਿਤ ਹੋਏ ਹਨ, ਅਤੇ ਸ਼ਿਵਜੀ ਤੇ ਸਨਕ ਆਦਿਕਾਂ ਦਾ [ਸੰ-ਉਧਰਿਆ] ਭਲੀ ਪ੍ਰਕਾਰ ਉਧਾਰ ਹੋਇਆ ਹੈ।

**ਚਵਰਾਸੀਹ ਸਿਧ ਬੁਧ ਜਿਤੁ ਰਾਤੇ ਅੰਬਰੀਕ ਭਵਜਲੁ ਤਰਿਆ ॥**

ਚੁਰਾਸੀ ਸਿਧ (ਤੇ ਹੋਰ) ਬੁਧਵਾਨ ਜਿਸ ਨਾਮ ਵਿਚ ਰੱਤੇ ਹੋਏ ਹਨ, ਅਤੇ ਅੰਬਰੀਕ (ਭਗਤ ਜਿਸ ਨੂੰ ਜਪ ਕੇ) ਸੰਸਾਰ ਸਮੁੰਦਰ ਤੋਂ ਤਰ ਗਿਆ ਹੈ।

**ਉਧਉ ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ ॥**

ਉਧਵ ਅਕਰੂਰ (ਦੁਆਪਰ ਦੇ ਭਗਤਾਂ ਨੇ ਜਿਸ ਨਾਮ ਨੂੰ ਜਪਿਆ ਸੀ, ਅਤੇ) ਕਲਿਜੁਗ (ਦੇ ਭਗਤ) ਤ੍ਰਿਲੋਚਨ, ਨਾਮਦੇਵ ਤੇ ਕਬੀਰ (ਜੀ ਦੇ) ਪਾਪਾਂ (ਨੂੰ ਜਿਸ) ਨਾਮ ਨੇ ਨਾਸ ਕੀਤਾ ਹੈ।

**ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ**
**ਅਮਰਦਾਸ ਗੁਰ ਕਉ ਫੁਰਿਆ ॥੩॥**

ਓਹੀ ਅਛਲ, ਨਾਮ ਭਗਤਾਂ ਨੂੰ ਸੰਸਾਰ ਤੋਂ ਤਾਰਣ (ਵਾਲਾ ਹੁਣ) ਅਮਰਦਾਸ ਗੁਰੂ ਜੀ ਨੂੰ ਮਿਲਿਆ ਹੈ ॥੩॥

**ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ ਜਤੀ ਤਪੀਸੁਰ ਮਨਿ ਵਸਿਆ ॥**

ਉਸੇ ਨਾਮ ਧਿਆਉਣ ਵਿਚ ਤੇਤੀ (ਕ੍ਰੋੜ ਦੇਵਤੇ) ਲੱਗੇ ਹੋਏ ਹਨ ਅਤੇ ਜਤੀਆਂ ਤੇ ਤਪੀਸਰਾਂ ਦੇ ਮਨ (ਵਿਚ ਭੀ ਓਹੀ ਨਾਮ) ਵਸਿਆ ਹੋਇਆ ਹੈ।

**ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ ਚਰਣ ਚਿਤ ਅੰਮ੍ਰਿਤ ਰਸਿਆ ॥**

ਉਸੇ ਨਾਮ ਸਿਮਰਨ ਵਿਚ [ਗੰਗੇਵ] ਅਤੇ (ਭੀਸ਼ਮ) ਪਿਤਾਮਾ ਲੱਗਾ ਹੋਇਆ ਹੈ ਅਤੇ ਉਸ ਦੇ ਚਿੱਤ ਨੂੰ [ਚਰਣ] ਨਾਮ ਉਚਾਰਨ ਦਾ ਅੰਮ੍ਰਿਤ ਸਵਾਦ ਪ੍ਰਾਪਤ ਸੀ।

**ਤਿਤੁ ਨਾਮਿ ਗੁਰੂ ਗੰਭੀਰ ਗਰੂਅ ਮਤਿ ਸਤ ਕਰਿ ਸੰਗਤਿ ਉਧਰੀਆ ॥**

[ਗਰੂਅ] ਮਹਾਨ ਗੁਰੂ ਜੀ ਉਸ ਗੰਭੀਰ ਨਾਮ (ਰੂਪ) [ਮਤਿ] ਸਿਖਿਆ ਨੂੰ ਸੱਤ ਜਾਣ ਕੇ ਹੀ ਸੰਗਤ ਦਾ ਉਧਾਰ ਹੋਇਆ ਹੈ।

**ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ**

**ਅਮਰਦਾਸ ਗੁਰ ਕਉ ਫੁਰਿਆ ॥੪॥**

ਓਹੀ ਨਾਮ ਅਛਲ ਭਗਤਾਂ ਨੂੰ ਸੰਸਾਰ ਤਾਰਣ ਵਾਲਾ ਗੁਰੂ ਅਮਰਦਾਸ ਜੀ ਨੂੰ ਪ੍ਰਾਪਤ ਹੋਇਆ ਹੈ ॥੪॥

**ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰਤਰ ਸਾਖਹ ॥**

ਨਾਮ ਦੀ ਕੀਰਤੀ ਸੰਸਾਰ (ਵਿਚ ਇਉਂ ਹੋ ਗਈ ਹੈ, ਜਿਵੇਂ) ਸੂਰਜ ਦੀਆਂ ਕਿਰਣਾਂ ਤੇ ਕਲਪ ਬਿਰਛ (ਦੀਆਂ) ਸਾਖਾਂ (ਹੁੰਦੀਆਂ ਹਨ)।

**ਉਤਰਿ ਦਖਿਣਿ ਪੁਬਿ ਦੇਸਿ ਪਸੁਮਿ ਜਸੁ ਭਾਖਹ ॥**

ਉੱਤਰ, ਦੱਖਣ, ਪੂਰਬ ਤੇ ਪੱਛਮ ਦੇਸ਼ (ਵਾਲੇ ਭੀ ਨਾਮ ਦਾ) ਜਸ ਕਰਦੇ ਹਨ।

**ਜਨਮੁ ਤ ਇਹੁ ਸਕਯਥੁ ਜਿਤੁ ਨਾਮੁ ਹਰਿ ਰਿਦੈ ਨਿਵਾਸੈ ॥**

ਜਨਮ ਤਾਂ ਇਹ ਸਫਲਾ ਹੈ, ਜਿਸ ਵਿਚ ਹਰਿ ਨਾਮ ਹਿਰਦੇ ਵਿਚ ਵੱਸ ਸਕਦਾ ਹੈ।

**ਸੁਰਿ ਨਰ ਗਣ ਗੰਧਰਬ ਛਿਅ ਦਰਸਨ ਆਸਾਸੈ ॥**

ਦੇਵਤੇ, ਮਨੁੱਖ, ਗਣ, ਗੰਧਰਬ ਤੇ ਛੇ ਦਰਸ਼ਨ (ਭੀ ਨਾਮ ਜਪਣਾ) ਚਾਹੁੰਦੇ ਹਨ।

**ਭਲਉ ਪ੍ਰਸਿਧੁ ਤੇਜੋ ਤਨੌ ਕਲ੍ਯ ਜੋੜਿ ਕਰ ਧ੍ਯਾਇਅਓ ॥**

ਤੇਜ ਮੱਲ ਜੀ ਦਾ [ਤਨ-ਤਨਯ-ਪੁਤ੍ਰ] (ਗੁਰੂ ਅਮਰਦਾਸ ਜੀ) ਭਲਿਆਈ ਵਿਚ ਪ੍ਰਸਿੱਧ ਹੈ, ਕਲਯ (ਭੱਟ) ਹੱਥ ਜੋੜ ਕੇ (ਉਸਨੂੰ) ਅਰਾਧਦਾ ਹੈ।

**ਸੋਈ ਨਾਮੁ ਭਗਤ ਭਵਜਲ ਹਰਣੁ ਗੁਰ ਅਮਰਦਾਸ ਤੈ ਪਾਇਓ ॥੫॥**

ਹੇ ਗੁਰੂ ਅਮਰਦਾਸ! ਭਗਤਾਂ ਦੇ ਸੰਸਾਰਕ (ਦੁਖ) ਦੂਰ ਕਰਨ ਵਾਲਾ ਉਹ ਨਾਮ ਤੁਸਾਂ ਨੇ ਹੀ ਪਾਇਆ ਹੈ ॥੫॥

**ਨਾਮੁ ਧਿਆਵਹਿ ਦੇਵ ਤੇਤੀਸ ਅਰੁ ਸਾਧਿਕ ਸਿਧ ਨਰ<br>ਨਾਮਿ ਖੰਡ ਬ੍ਰਹਮੰਡ ਧਾਰੇ ॥**

ਤੇਤੀ (ਕ੍ਰੋੜ) ਦੇਵਤੇ, ਸਿੱਧ ਸਾਧਿਕ ਤੇ ਮਨੁਖ ਨਾਮ ਜਪਦੇ ਹਨ ਅਤੇ ਖੰਡ ਬ੍ਰਹਮੰਡ (ਸਭ) ਨਾਮ ਦੇ ਆਸਰੇ ਹਨ।

**ਜਹ ਨਾਮੁ ਸਮਾਧਿਓ ਹਰਖੁ ਸੋਗੁ ਸਮ ਕਰਿ ਸਹਾਰੇ ॥**

ਜਿਸ ਨੇ ਨਾਮ (ਜਪਣ ਰੂਪ) ਸਮਾਧੀ ਲਈ ਹੈ, ਉਸ ਨੇ ਹਰਖ ਤੇ ਸੋਗ ਇਕ ਸਮਾਨ ਜਾਣਕੇ ਸਹਾਰਿਆ ਹੈ।

**ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ ਧਾਰਿ ॥**

ਸਾਰਿਆਂ (ਕਰਮਾਂ) ਵਿਚੋਂ ਨਾਮ (ਦਾ ਜਾਪ) ਸ਼ਰੋਮਣੀ ਹੈ, ਭਗਤ ਜਨ (ਇਸੇ ਵਿਚ) ਸੁਰਤ ਟਿਕਾ

Sri Satguru Jagjit Singh Ji eLibrary NamdhariElibrary@gmail.com

ਰਹੇ ਹਨ ।

**ਸੋਈ ਨਾਮੁ ਪਦਾਰਥੁ ਅਮਰ ਗੁਰ ਤੁਸਿ ਦੀਓ ਕਰਤਾਰਿ ॥੬॥**

ਹੇ ਗੁਰੂ ਅਮਰਦਾਸ! ਕਰਤਾਰ ਨੇ [ਤੁਸਿ] ਖੁਸ਼ ਹੋ ਕੇ ਓਹੀ ਨਾਮ ਪਦਾਰਥ ਤੈਨੂੰ ਦਿੱਤਾ ਹੈ ॥੬॥

**ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ ਸਘਨ**
**ਗਰੂਅ ਮਤਿ ਨਿਰਵੈਰਿ ਲੀਣਾ ॥**

ਸੀਲ (ਰੂਪ) ਬਲ ਵਾਲਾ ਸੱਚਾ ਸੂਰਮਾ ਸਤਿ ਸੰਗਤ (ਵਿਚ) [ਸਘਨ] ਇਕਸਾਰ ਪ੍ਰੇਮ (ਕਰਕੇ ਵਸਦਾ ਹੈ, ਅਤੇ ਉਸ ਦੀ) ਮਹਾਨ (ਸਿਖਿਆ ਸੁਣਕੇ ਜਗਯਾਸੂ ਦਾ ਮਨ) ਨਿਰਵੈਰ (ਦੇ ਨਾਮ ਜਪਣ ਵਿਚ) ਲੀਣ (ਹੋ ਜਾਂਦਾ ਹੈ) ।

**ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ ॥**

ਜਿਸਦੇ (ਹਿਰਦੇ ਵਿਚ) ਧੀਰਜ ਦੇ ਧੁਰੇ (ਉਤੇ) [ਧਵਲੁ] ਧਰਮ ਦੀ ਸੇਤ ਧੁਜਾ (ਝੂਲ ਰਹੀ ਹੈ, ਅਤੇ) [ਬੈ=ਬੁਧਿ ਕੁੰਠ ਨੂੰ ਕੁੰਠਤ] (ਕਰਨ ਵਾਲੀ ਜਿਸ ਦੀ) ਬਾਣੀ ਹੈ ।

**ਪਰਸਹਿ ਸੰਤ ਪਿਆਰੁ ਜਿਹ ਕਰਤਾਰਹ ਸੰਜੋਗੁ ॥**

ਜਿਸ ਦੇ (ਚਰਨਾਂ ਨੂੰ) ਸੰਤ ਪਿਆਰ ਨਾਲ ਪਰਸਦੇ ਹਨ, ਅਤੇ ਜੋ ਕਰਤਾਰ ਨਾਲ ਜੁੜਿਆ ਹੋਇਆ ਹੈ ।

SIKHBOOKCLUB.COM

**ਸਤਿਗੁਰੂ ਸੇਵਿ ਸੁਖੁ ਪਾਇਓ ਅਮਰਿ ਗੁਰਿ ਕੀਤਉ ਜੋਗੁ ॥੭॥**

(ਉਸ) ਸਤਿਗੁਰੂ (ਦੀ) ਸੇਵਾ ਕਰਕੇ ਆਤਮ ਸੁਖ ਪਾਇਆ ਹੈ, ਅਤੇ ਅਮਰ (ਦਾਸ) ਜੀ ਨੂੰ (ਉਸਨੇ) ਗੁਰਿਆਈ ਦੇ ਜੋਗ ਕੀਤਾ ਹੈ ॥੭॥

**ਨਾਮੁ ਨਾਵਣੁ ਨਾਮੁ ਰਸ ਖਾਣੁ ਅਰੁ ਭੋਜਨੁ ਨਾਮ ਰਸੁ**
**ਸਦਾ ਚਾਯ ਮੁਖਿ ਮਿਸ੍ਟ ਬਾਣੀ ॥**

ਨਾਮ (ਜਪਣਾ ਹੀ) ਇਸ਼ਨਾਨ (ਕਰਨਾ ਹੈ), ਨਾਮ (ਜਪਣਾ ਹੀ) ਖਾਣ (ਪੀਣ ਦੇ) ਰਸ (ਦਾਇਕ) ਭੋਜਨ ਹਨ, ਨਾਮ (ਜਪਣਾ ਹੀ) ਰਸ (ਹੈ, ਇਸ ਲਈ) ਸਦਾ (ਨਾਮ ਜਪਣ ਰੂਪ ਹੀ) ਮਿੱਠੀ ਬਾਣੀ ਮੂੰਹੋਂ [ਚਾਯ] ਬੋਲਦੇ ਹਨ ।

**ਧਨਿ ਸਤਿਗੁਰੁ ਸੇਵਿਓ ਜਿਸੁ ਪਸਾਇ ਗਤਿ ਅਗਮ ਜਾਣੀ ॥**

ਸਤਿਗੁਰਾਂ ਦੀ ਸੇਵਾ ਧੰਨ ਹੈ, ਜਿਸ ਕਰਕੇ ਅਗਮ ਦੀ ਪ੍ਰਾਪਤੀ ਜਾਣੀ ਹੈ ।

**ਕੁਲ ਸੰਬੂਹ ਸਮੁਧਰੇ ਪਾਯਉ ਨਾਮ ਨਿਵਾਸੁ ॥**

ਜਿਸ ਨੇ ਨਾਮ ਵਿਚ ਨਿਵਾਸ ਕੀਤਾ ਹੈ, ਉਹ ਸਾਰੀ ਕੁਲ ਨੂੰ ਲੈ ਕੇ ਤਰ ਗਿਆ ਹੈ।

**ਸਕਯਥੁ ਜਨਮੁ ਕਲ੍ਯ੍ਯੁਚਰੈ ਗੁਰੁ ਪਰਸ੍ਯ੍ਯਿਉ ਅਮਰ ਪ੍ਰਗਾਸੁ ॥੮॥**

[ਕਲ੍ਯਚਰੈ] ਕਲਯ (ਭੱਟ) ਕਹਿੰਦਾ ਹੈ, (ਉਸ ਦਾ) ਜਨਮ [ਸਕਯਥ] ਸਫਲ ਹੈ, ਜਿਸ ਨੇ ਗੁਰੂ ਅਮਰਦਾਸ ਜੀ ਦੇ ਚਰਨਾਂ ਨੂੰ ਪਰਸਿਆ ਹੈ ॥੮॥

**ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ ॥**

(ਗੁਰੂ ਅਮਰਦਾਸ ਜੀ ਦੇ) ਸੱਜੇ ਹੱਥ (ਵਿਚ) [ਬਾਰਿਜੁ] ਕਮਲ (ਅਲੇਪਤਾ ਹੈ, ਅਤੇ ਸਿਧੀਆਂ ਸਾਹਮਣੇ ਖੜੀਆਂ ਦਰਸ਼ਨ ਕਰਦੀਆਂ ਹਨ।

**ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ ॥**

ਜੋ ਤਿੰਨਾਂ ਲੋਕਾਂ ਨੂੰ ਮੋਹ ਰਹੀਆਂ ਹਨ ਉਹ ਰਿਧੀਆਂ (ਸਤਿਗੁਰਾਂ ਦੇ) ਖੱਬੇ ਅੰਗ ਵਸ ਰਹੀਆਂ ਹਨ, (ਅਰਥਾਤ ਰਿਧੀਆਂ ਤਾਂ ਖੱਬੇ ਹੱਥ ਦੀ ਖੇਡ ਹਨ ਅਤੇ ਸਿਧੀਆਂ ਅੱਖ ਦੇ ਇਸ਼ਾਰੇ ਨਾਲ ਹੀ ਕੰਮ ਕਰ ਰਹੀਆਂ ਹਨ।

**ਰਿਦੈ ਬਸੈ ਅਕਹੀਉ ਸੋਇ ਰਸੁ ਤਿਨ ਹੀ ਜਾਤਉ ॥**

ਹਿਰਦੇ ਵਿਚ ਅਕਹਿ ਵਾਹਿਗੁਰੂ ਵੱਸਦਾ ਹੈ ਉਸ ਦੇ ਅਨੰਦ ਨੂੰ ਓਹੀ ਜਾਣਦਾ ਹੈ।

**ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ ॥**

ਮੂੰਹੋਂ ਕੀਰਤਨ ਕਰਦਾ ਹੈ, ਗੁਰੂ ਅਮਰਦਾਸ ਇਸ ਰੰਗ ਵਿਚ ਰੱਤਾ ਹੋਇਆ ਹੈ।

**ਮਸਤਕਿ ਨੀਸਾਣੁ ਸਚਉ ਕਰਮੁ ਕਲ੍ਯ ਜੋੜਿ ਕਰ ਧ੍ਯਾਇਅਉ ॥**

ਮੱਥੇ ਉਤੇ ਸੱਚੀ ਬਖਸ਼ਸ਼ ਦਾ ਨਿਸ਼ਾਨ ਹੈ, ਕੱਲਯ (ਭੱਟ) ਹੱਥ ਜੋੜਕੇ ਧਿਆਉਂਦਾ ਹੈ।

**ਪਰਸਿਅਉ ਗੁਰੂ ਸਤਿਗੁਰ ਤਿਲਕੁ ਸਰਬ ਇਛ ਤਿਨਿ ਪਾਇਅਉ ॥੯॥**

[ਤਿਲਕ] ਸ਼ਰੋਮਣੀ [ਗੁਰੂ] ਪੂਜਨੀਕ ਸਤਿਗੁਰੂ (ਨੂੰ ਜਿਸ ਨੇ) ਪਰਸਿਆ ਹੈ, ਉਸ ਨੇ ਮਨ ਇੱਛਤ ਫਲ ਪਾ ਲਏ ਹਨ ॥੯॥

**ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ ॥**

ਪੈਰ ਤਾਂ (ਉਹ) [ਪਰ] ਚੰਗੇ ਤੇ ਸਫਲੇ (ਹਨ, ਜੋ) ਪੈਰ ਗੁਰੂ ਅਮਰ (ਦਾਸ ਜੀ) ਵਲ (ਤੁਰਦੇ ਹਨ)।

**ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ ॥**

ਹੱਥ ਤਾਂ (ਉਹ) ਚੰਗੇ ਤੇ ਸਫਲੇ (ਹਨ, ਜੋ) ਹੱਥ ਗੁਰੂ ਅਮਰ (ਦਾਸ ਜੀ ਦੇ) [ਪਯ] ਚਰਨੀ ਲਗਦੇ ਹਨ।

**ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ ॥**

ਜੀਭ ਤਾਂ (ਉਹ) ਚੰਗੀ ਤੇ ਸਫਲੀ (ਹੈ, ਜੋ) ਜੀਭ ਗੁਰੂ ਅਮਰ (ਦਾਸ ਜੀ ਦਾ ਜਸ) ਉਚਾਰਦੀ ਹੈ।

**ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ ॥**

ਅੱਖਾਂ ਤਾਂ (ਉਹ) ਚੰਗੀਆਂ ਤੇ ਸਫਲ (ਹਨ, ਜੋ) ਅੱਖਾਂ ਗੁਰੂ ਅਮਰ (ਦਾਸ ਜੀ ਦਾ) ਦਰਸ਼ਨ ਕਰਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

**ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥**

ਕੰਨ ਭਾਂ (ਉਹ) ਚੰਗੇ ਤੇ ਸਫਲੇ (ਹਨ, ਜੋ) ਗੁਰੂ ਅਮਰ (ਦਾਸ ਜੀ ਦਾ ਜਸ) ਸੁਣਦੇ ਹਨ।

**ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ ॥**

ਉਹ ਹਿਰਦਾ ਸਫਲਾ ਹੈ, ਜਿਸ ਹਿਰਦੇ ਵਿਚ ਜਗਤ ਪਿਤਾ ਗੁਰੂ ਅਮਰਦਾਸ ਵੱਸਦਾ ਹੈ।

**ਸਕਯਥੁ ਸੁ ਸਿਰੁ ਜਾਲਪੁ ਭਣੈ**

**ਜੁ ਸਿਰੁ ਨਿਵੈ ਗੁਰ ਅਮਰ ਨਿਤ ॥੧॥੧੦॥**

ਜਾਲਪ (ਭੱਟ) ਕਹਿੰਦਾ ਹੈ, ਉਹ ਸਿਰ ਸਫਲਾ ਹੈ, ਜੋ ਸਿਰ ਗੁਰੂ ਅਮਰ ਦਾਸ ਜੀ (ਅਗੇ) ਰੋਜ਼ ਨਿਉਂਦਾ ਹੈ ॥੧॥੧੦॥

**ਤਿ ਨਰ ਦੁਖ ਨਹ ਭੁਖ ਤਿ ਨਰ ਨਿਧਨ ਨਹੁ ਕਹੀਅਹਿ ॥**

ਉਨ੍ਹਾਂ ਪੁਰਸ਼ਾਂ ਨੂੰ ਦੁਖ ਤੇ ਭੁਖ ਨਹੀਂ ਹੈ, ਉਹ ਪੁਰਸ਼ ਕੰਗਾਲ ਨਹੀਂ ਕਹੇ ਜਾਂਦੇ।

**ਤਿ ਨਰ ਸੋਕੁ ਨਹੁ ਹੁਐ ਤਿ ਨਰ ਸੇ ਅੰਤੁ ਨ ਲਹੀਅਹਿ ॥**

ਉਨ੍ਹਾਂ ਪੁਰਸ਼ਾਂ ਨੂੰ ਸ਼ੋਕ ਨਹੀਂ ਹੁੰਦਾ, ਅਤੇ ਉਨ੍ਹਾਂ ਪੁਰਸ਼ਾਂ ਦਾ ਅੰਤ ਨਹੀਂ ਜਾਣਿਆ ਜਾਂਦਾ।

**ਤਿ ਨਰ ਸੇਵ ਨਹੁ ਕਰਹਿ ਤਿ ਨਰ ਸਯ ਸਹਸ ਸਮਪਹਿ ॥**

ਉਹ ਪੁਰਸ਼ ਸੇਵਾ (ਚਾਕਰੀ) ਨਹੀਂ ਕਰਦੇ, ਸਗੋਂ ਉਹ ਪੁਰਸ਼ ਸੈਂਕੜੇ ਤੇ ਹਜ਼ਾਰਾਂ (ਪਦਾਰਥ ਲੋਕਾਂ ਨੂੰ) ਸੌਂਪਦੇ (ਵੰਡਦੇ) ਹਨ।

**ਤਿ ਨਰ ਦੁਲੀਚੈ ਬਹਹਿ ਤਿ ਨਰ ਉਥਪਿ ਬਿਥਪਹਿ ॥**

ਉਹ ਪੁਰਸ਼ (ਸਰੂਪ) [ਦੁਲੀਚੇ] ਤਖਤ (ਉਤੇ) ਬੈਠਦੇ ਹਨ, ਅਤੇ ਉਹ ਪੁਰਸ਼ (ਹੀ ਸੰਸਾਰ ਦੀ) ਉਤਪਤੀ (ਤੇ) ਲਯਤਾ ਕਰਦੇ ਹਨ।

**ਸੁਖ ਲਹਹਿ ਤਿ ਨਰ ਸੰਸਾਰ ਮਹਿ ਅਭੈ ਪਟੁ ਰਿਪ ਮਧਿ ਤਿਹ ॥**

ਉਹ ਪੁਰਸ਼ ਸੰਸਾਰ ਵਿਚ ਸੁਖ ਭੋਗਦੇ ਹਨ, [ਰਿਪ] ਦੁਸ਼ਮਨਾਂ ਵਿਚ (ਰਹਿੰਦਿਆਂ ਭੀ) ਉਨ੍ਹਾਂ ਉਤੇ ਨਿਰਭੈਤਾ (ਰੂਪ) [ਪਟੁ] ਕਪੜਾ ਰਹਿੰਦਾ ਹੈ)।

**ਸਕਯਥ ਤਿ ਨਰ ਜਾਲਪੁ ਭਣੈ ਗੁਰ ਅਮਰਦਾਸੁ ਸੁਪ੍ਰਸੰਨੁ ਜਿਹ ॥੨॥੧੧॥**

ਜਾਲਪ (ਭੱਟ) ਆਖਦਾ ਹੈ, ਉਹ ਪੁਰਸ਼ ਸਫਲ ਹਨ, ਜਿਨ੍ਹਾਂ ਉਤੇ ਗੁਰੂ ਅਮਰਦਾਸ ਜੀ ਆਪ ਪ੍ਰਸੰਨ ਹੋਏ ਹਨ ॥੨॥੧੧॥

**ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ ॥**

ਤੁਸਾਂ ਇਕ (ਨਾਮ ਹੀ) ਪੜ੍ਹਿਆ ਹੈ ਮਨ (ਵਿਚ) ਇਕ (ਨਿਰੰਕਾਰ ਨੂੰ ਹੀ) ਵਸਾਇਆ ਹੈ, (ਅਤੇ ਸਾਰੇ ਜਗਤ ਵਿਚ) ਇਕ (ਨੂੰ ਹੀ ਵਿਆਪਕ) ਜਾਣਿਆ ਹੈ।

## ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ ॥

ਅੱਖਾਂ (ਨਾਲ ਸਭ ਵਿਚ) ਇਕ (ਨੂੰ ਹੀ ਵੇਖਿਆ ਹੈ), ਮੂੰਹੋਂ ਇਕ (ਉਪਦੇਸ਼ ਦੇ ਹੀ ਬਚਨ (ਉਚਾਰੇ ਹਨ), ਦੂਜੀ (ਕੋਈ) ਜਗ੍ਹਾ (ਆਪ ਨੇ) ਜਾਣੀ ਹੀ ਨਹੀਂ ।

## ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ ॥

(ਆਪ ਨੂੰ) ਸੁਪਨੇ (ਭੀ) ਇਕ ਦੇ ਆਉਂਦੇ ਹਨ, [ਪਰਤਖਿ] ਜਾਗਰਤ ਵਿਚ ਭੀ ਇਕ (ਦਾ ਹੀ ਵਿਚਾਰ ਰਹਿੰਦਾ ਹੈ ਅਤੇ ਸਖੋਪਤੀ ਵਿਚ ਭੀ) ਇਕ ਵਿਚ ਲੀਨ ਹੋ ਜਾਂਦੇ ਹੋ ।

## ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ ॥

[ਤੀਹ ਤੇ ਪੈਂਤੀਆਂ] (ਦਵਾਰੇ) ਪੈਂਤੀਆਂ ਵਿਚ ਇਕ ਨਾਮ ਤੋਂ ਰਹਿਤ ਨੂੰ ਹੀ ਸਿੱਧ ਕੀਤਾ ਹੈ, (ਅਰਥਾਤ ਪੰਜਾਬੀ ਵਰਨ ਮਾਲਾ ਦੇ ਪੈਂਤੀ ਅੱਖਰ ਹਨ, ਇਸ ਪੈਂਤੀਆਂ ਅੱਖਰਾਂ ਵਿਚ ਹੀ ਗੁਰੂ ਜੀ ਦੀ ਸੰਪੂਰਣ ਬਾਣੀ ਹੈ ਉਸ ਬਾਣੀ ਦੇ ਭੀ ਪੈਂਤੀ ਹੀ ਅੰਗ ਜਾਂ ਭਾਗ ਹਨ—ਜਪੁ, ਰਹਿਰਾਸ, ਕੀਰਤਨ ਸੋਹਿਲਾ, ਇਕੱਤੀ ਰਾਗ ਅਤੇ ਸਹਸ ਕ੍ਰਿਤੀ ਸਲੋਕ—ਸਿਧਾਂਤ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪਣੇ ਇਕ ਦੀ ਵਿਆਖਿਆ ਕਰਕੇ ਉਸੇ ਨੂੰ ਹੀ ਸਿੱਧ ਕੀਤਾ ਹੈ, ਇਸੇ ਲਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿਚ ਭੀ "ਇਕਾਂਗ" ਤੇ ਅੰਤ ਭੀ "ਏਕੜਾ" ਹੀ ਪ੍ਰਤੱਖ ਦਰਸ਼ਨ ਦੇ ਰਿਹਾ ਹੈ) ।

## ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ ॥

ਜੋ ਇਕ ਤੋਂ ਲੱਖਾਂ (ਰੂਪ ਹੋਇਆ ਹੈ ਅਤੇ) ਲੱਖਾਂ ਹੋ ਕੇ ਭੀ ਅਲਖ ਹੈ, (ਉਸ) ਇਕ ਨੂੰ ਇਕ ਕਰਕੇ ਹੀ ਵਰਣਨ ਕੀਤਾ ਹੈ ।

## ਗੁਰ ਅਮਰਦਾਸ ਜਾਲਪੁ ਭਣੈ
## ਤੂ ਇਕੁ ਲੋੜਹਿ ਇਕੁ ਮੰਨਿਅਉ ॥੩॥੧੨॥

ਜਾਲਪ (ਭੱਟ) ਆਖਦਾ ਹੈ, ਹੇ ਗੁਰੂ ਅਮਰਦਾਸ! ਤੂੰ ਇਕ ਨੂੰ ਹੀ ਚਾਹੁੰਦਾ ਹੈਂ ਅਤੇ ਇਕ ਨੂੰ ਹੀ ਮੰਨਦਾ ਹੈਂ ॥੩॥੧੨॥

## ਜਿ ਮਤਿ ਗਹੀ ਜੈਦੇਵਿ ਜਿ ਮਤਿ ਨਾਮੈ ਸੰਮਾਣੀ ॥

ਜੇਹੜੀ ਮੱਤ ਜੈ ਦੇਵ ਨੇ ਧਾਰੀ ਸੀ ਅਤੇ ਜੇਹੜੀ ਮੱਤ ਨਾਮਦੇਵ ਵਿਚ ਸਮਾਈ ਸੀ ।

## ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ ॥

ਜੇਹੜੀ ਮੱਤ ਤ੍ਰਿਲੋਚਨ ਦੇ ਚਿੱਤ (ਵਿਚ ਵਸੀ ਹੈ) ਅਤੇ ਜਿਸ ਮੱਤ ਨੂੰ ਕਬੀਰ ਭਗਤ ਨੇ ਜਾਣਿਆ ਸੀ।

## ਰੁਕਮਾਂਗਦ ਕਰਤੂਤਿ ਰਾਮੁ ਜੰਪਹੁ ਨਿਤ ਭਾਈ ॥

ਹੇ ਭਾਈ! ਰੁਕਮਾਂਗਦ (ਦੀ ਜੇਹੜੀ) ਕਰਨੀ ਸੀ, (ਜੋ ਉਸ ਨੂੰ) ਸਦਾ ਰਾਮ ਦਾ ਜਪਣ ਹੀ ਚੰਗਾ ਲੱਗਾ ਸੀ।

Sri Satguru Jagjit Singh Ji eLibrary NamdhariElibrary@gmail.com

**ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ ॥**

(ਜਿਸ ਮੱਤ) ਕਰਕੇ ਅੰਬਰੀਕ ਤੇ ਪ੍ਰਹਲਾਦ ਨੇ ਗੋਬਿੰਦ ਦੀ ਸ਼ਰਨੀਂ ਪੈ ਕੇ ਮੁਕਤਿ ਲਈ ਹੈ।

**ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁ ਮਤਿ ਜਲ੍ ਜਾਣੀ ਜੁਗਤਿ ॥**

ਜੱਲ (ਭੱਟ ਕਹਿੰਦਾ ਹੈ) ਤੁਸਾਂ ਲੋਭ ਕ੍ਰੋਧ ਤੇ ਤ੍ਰਿਸ਼ਨਾ ਛੱਡ ਕੇ ਉਸੇ ਮੱਤ ਦੀ ਜੁਗਤ ਜਾਣੀ ਹੈ।

**ਗੁਰੁ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ ॥੪॥੧੩॥**

ਹੇ ਗੁਰੂ ਅਮਰ ਦਾਸ (ਜੀ! ਦਾਸ ਭੀ) ਆਪ ਭਗਤ (ਕਹਾਉਂਦਾ) ਹੈ, ਦਰਸ਼ਨ ਵੇਖ ਕੇ ਹੀ ਮੁਕਤੀ ਪਾਵੇਗਾ, (ਕ੍ਰਿਪਾ ਕਰਕੇ ਦਰਸ਼ਨ ਦਿਓ) ॥੪॥੧੩॥

**ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ ॥**

(ਜਿਸ ਨੇ) ਗੁਰੂ ਅਮਰਦਾਸ (ਜੀ ਦੇ ਚਰਨਾਂ ਨੂੰ) ਪਰਸਿਆ ਹੈ, (ਉਸ ਦੇ) [ਪੁਹਮਿ] ਪ੍ਰਿਥਵੀ ਉਪਰ (ਕੀਤੇ) ਪਾਪ ਨਾਸ ਹੋ ਗਏ ਹਨ।

**ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ ॥**

(ਜਿਸ ਨੇ) ਗੁਰੂ ਅਮਰਦਾਸ (ਜੀ ਦੇ ਚਰਨਾਂ ਨੂੰ) ਪਰਸਿਆ ਹੈ, (ਉਸ ਦੇ ਦਰਸ਼ਨ ਨੂੰ) ਸਿਧ ਤੇ ਸਾਧਿਕ [ਆਸਾਸਹਿ] ਚਾਹੁੰਦੇ ਹਨ।

**ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ ॥**

(ਜਿਸਨੇ) ਗੁਰੂ ਅਮਰਦਾਸ (ਜੀ ਦੇ ਚਰਨਾਂ ਨੂੰ) ਪਰਸਿਆ ਹੈ, (ਉਸ ਦਾ) ਨਿਰੰਕਾਰ ਵਿਚ ਧਿਆਨ ਲਗ ਗਿਆ ਹੈ, (ਅਤੇ ਚੁਰਾਸੀ ਦਾ) ਪੈਣਾ ਮੁਕ ਗਿਆ ਹੈ।

**ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ ॥**

(ਜਿਸ ਨੇ) ਗੁਰੂ ਅਮਰਦਾਸ (ਜੀ ਦੇ ਚਰਨਾਂ ਨੂੰ) ਪਰਸਿਆ ਹੈ, (ਉਸ ਨੂੰ) ਅਭੈ ਪਦ ਲਭ ਪਿਆ ਹੈ, ਅਤੇ [ਗਉ] ਫਿਰਨਾ ਚੁਕ ਗਿਆ ਹੈ।

**ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁ ਮੰਤ੍ਰਿ ਮਾਨਵਹਿ ਲਹਿ ॥**

ਇਕ ਤੋਂ ਬਿਨਾਂ (ਹੋਰ ਭੀ) ਜੋ ਦੂਸਰੇ (ਪਦਾਰਥ ਹਨ) ਉਹ ਭੀ ਤਾਂ (ਉਸ ਨੂੰ ਪ੍ਰਾਪਤ ਹੋ) ਰਹੇ ਹਨ, ਜਿਸ ਮਨੁਖ (ਨੇ ਗੁਰੂ ਅਮਰਦਾਸ ਜੀ ਦਾ) ਉਪਦੇਸ਼ ਲਿਆ ਹੈ।

**ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ ॥੫॥੧੪॥**

ਜਾਲਪ (ਭੱਟ ਕਹਿੰਦਾ ਹੈ ਕਿ) ਗੁਰੂ ਅਮਰਦਾਸ ਜੀ ਦਾ ਦਰਸ਼ਨ ਕੀਤਿਆਂ ਹੀ ਐਨੇ ਪਦਾਰਥ ਮਿਲ ਜਾਂਦੇ ਹਨ ॥੫॥੧੪॥

**ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ ॥**

(ਮਨ ਵਿਚ) ਦ੍ਰਿੜ (ਭਰੋਸਾ ਕਰਕੇ ਗੁਰੂ) ਨਾਨਕ (ਜੀ ਨੇ) ਕਰਤਾਰ ਦਾ ਸਤਿਨਾਮ ਸੰਗ੍ਰਹ ਕੀਤਾ (ਜਪਿਆ) ਸੀ।

Sri Satguru Jagjit Singh Ji eLibrary NamdhariElibrary@gmail.com

**ਤਾ ਤੇ ਅੰਗਦੁ ਲਹਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ ॥**

ਉਸ ਤੋਂ ਲਹਿਣਾ (ਜੀ ਨੇ ਲਿਆ ਤੇ) ਉਨ੍ਹਾਂ ਦੇ ਚਰਨਾਂ ਨਾਲ ਸੁਰਤਿ ਜੋੜੀ ਰੱਖੀ (ਤਾਂ ਗੁਰੂ) ਅੰਗਦ (ਨਾਮ ਤੇ) ਪ੍ਰਗਟ (ਹੋਇਆ) ਹੈ।

**ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ**
**ਤਾਸੁ ਗੁਣ ਕਵਣ ਵਖਾਣਉ ॥**

ਉਸ (ਗੁਰੂ ਅੰਗਦ ਦੇਵ ਜੀ ਦੀ) ਕੁਲ ਵਿਚ ਗੁਰੂ ਅਮਰ ਦਾਸ (ਪ੍ਰਗਟਿਆ, ਮੈਂ) ਆਸਾ ਵਿਚ ਫਸਿਆ (ਹੋਇਆ) ਉਨ੍ਹਾਂ ਦੇ ਗੁਣ ਕਿਸ ਤਰ੍ਹਾਂ ਕਹਿ ਸਕਦਾ ਹਾਂ।

**ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ ॥**

ਜੋ ਗੁਣ (ਗੁਰੂ ਜੀ ਵਿਚ ਹਨ; ਉਹ) ਅਲੱਖ ਤੇ ਅਗੰਮ (ਹਨ, ਇਸ ਲਈ ਮੈਂ) ਉਨ੍ਹਾਂ ਗੁਣਾਂ ਦਾ ਅੰਤ ਨਹੀਂ ਜਾਣ ਸਕਦਾ।

**ਬੋਹਿਥਉ ਬਿਧਾਤੈ ਨਿਰਮਯੌ ਸਭ ਸੰਗਤਿ ਕੁਲ ਉਧਰਣ ॥**

(ਹਾਂ! ਇਉਂ ਕਿਹਾ ਜਾ ਸਕਦਾ ਹੈ ਕਿ) ਸਾਰੀ ਸੰਗਤ ਤੇ ਕੁਲ (ਜਗਤ ਦੇ) ਉਧਾਰ ਲਈ ਬਿਧਾਤੇ ਨੇ (ਗੁਰੂ ਅਮਰ ਦਾਸ ਜੀ ਰੂਪ ਇਕ) [ਬੋਹਿਥਉ] ਜਹਾਜ਼ ਬਣਾ ਦਿੱਤਾ ਹੈ।

**ਗੁਰ ਅਮਰਦਾਸ ਕੀਰਤੁ ਕਹੈ ਤ੍ਰਾਹਿ ਤ੍ਰਾਹਿ ਤੁਅ ਪਾ ਸਰਣ ॥੧॥੧੫॥**

ਕੀਰਤ (ਭੱਟ) ਆਖਦਾ ਹੈ, ਹੇ ਗੁਰੂ ਅਮਰ ਦਾਸ! (ਮੈਂ) ਤੇਰੀ ਸ਼ਰਨ ਪਿਆ ਹਾਂ, ਮੈਨੂੰ [ਤ੍ਰਾਹਿ] ਰੱਖ ਲੈ!! ॥੧॥੧੫॥

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥**

ਨਰਾਇਣ ਆਪ ਹੀ [ਕਲਾ] ਦੇਹ ਧਾਰ ਕੇ ਜਗਤ ਵਿਚ ਪ੍ਰਵਿਰਤ ਹੋਇਆ ਹੈ, (ਅਰਥਾਤ ਨਰਾਇਣ ਨੇ ਹੀ ਗੁਰੂ ਸਰੂਪ ਦੇਹ ਧਾਰਨ ਕੀਤੀ ਹੈ)।

**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥**

ਨਿਰੰਕਾਰ ਨੇ ਹੀ ਅਕਾਰ (ਵਾਲਾ ਹੋ ਕੇ ਆਪਣੀ) ਜੋਤ ਦਾ ਜਗਤ (ਵਿਚ) [ਮੰਡਲਿ] ਪ੍ਰਕਾਸ਼ ਕੀਤਾ ਹੈ।

**ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥**

ਜਿਥੇ ਕਿਥੇ (ਵੇਖਦੇ ਹਾਂ) ਉਥੇ ਹੀ ਭਰਪੂਰ ਹੈ, ਉਪਦੇਸ਼ ਰੂਪ ਦੀਵੇ ਦਾ ਚਾਨਣ ਕਰ ਰਿਹਾ ਹੈ, (ਅਰਥਾਤ ਹਰ ਜਗ੍ਹਾ ਉਪਦੇਸ਼ ਦੇ ਰਿਹਾ ਹੈ)।

**ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥**

ਜਿਸ ਸਿੱਖ ਨੇ (ਉਪਦੇਸ਼ ਨੂੰ ਮਨ ਵਿਚ) ਸੰਗ੍ਰਹ ਕੀਤਾ ਹੈ, (ਗੁਰੂ ਜੀ ਨੇ) [ਤਤੁ] ਉਸ ਨੂੰ ਹਰੀ ਦੇ ਚਰਨਾਂ ਨਾਲ ਮਿਲਾ ਦਿੱਤਾ ਹੈ।

**ਨਾਨਕ ਕੁਲਿ ਨਿੰਮਲੁ ਅਵਤਰ੍ਯਿਉ ਅੰਗਦ ਲਹਣੇ ਸੰਗਿ ਹੁਅ ॥**

ਲਹਿਣੇ (ਨਾਮ ਵਾਲੇ ਗੁਰੂ) ਅੰਗਦ (ਜੀ ਦਾ) ਸੰਗੀ ਹੋ ਕੇ (ਗੁਰੂ) ਨਾਨਕ ਜੀ ਦੀ ਨਿਰਮਲ ਕੁਲ ਵਿਚ ਪ੍ਰਗਟ ਹੋਇਆ ਹੈ।

**ਗੁਰ ਅਮਰਦਾਸ ਤਾਰਣ ਤਰਣ**

**ਜਨਮ ਜਨਮ ਪਾ ਸਰਣਿ ਤੁਅ ॥੨॥੧੬॥**

ਹੇ ਗੁਰੂ ਅਮਰਦਾਸ! (ਤੂੰ) ਜਨਮਾਂ-ਜਨਮਾਂ ਤੋਂ ਤਾਰਨੇ ਵਾਲਾ [ਤਰਣ] ਜਹਾਜ਼ ਹੈਂ ਮੈਂ ਤੇਰੀ ਸ਼ਰਨ ਪਿਆ ਹਾਂ ॥੨॥੧੬॥

**ਜਪੁ ਤਪੁ ਸਤੁ ਸੰਤੋਖੁ ਪਿਖਿ ਦਰਸਨੁ ਗੁਰ ਸਿਖਹ ॥**

ਗੁਰੂ ਦਾ ਦਰਸ਼ਨ ਵੇਖਦਿਆਂ ਹੀ ਸਿਖ ਨੂੰ ਜਪ ਤਪ ਸਤ ਤੇ ਸੰਤੋਖ (ਪ੍ਰਾਪਤ ਹੋ ਜਾਂਦਾ ਹੈ)।

**ਸਰਣਿ ਪਰਹਿ ਤੇ ਉਬਰਹਿ ਛੋਡਿ ਜਮ ਪੁਰ ਕੀ ਲਿਖਹ ॥**

(ਜੋ ਗੁਰੂ ਜੀ ਦੀ) ਸ਼ਰਣੀ ਪਏ ਹਨ, ਉਹ ਤਰ ਗਏ ਹਨ ਅਤੇ ਜਮ ਪੁਰ ਦੀ ਲਿਖਤ (ਬਾਕੀ) ਉਨ੍ਹਾਂ ਤੋਂ ਛੁੱਟ ਗਈ ਹੈ।

**ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ ॥**

ਹਿਰਦੇ ਵਿਚ ਪ੍ਰੇਮਾ ਭਗਤੀ ਭਰਪੂਰ (ਹੋ ਗਈ ਹੈ, ਇਸ ਲਈ ਉਹ ਰਸਨਾ ਤੋਂ) ਕਰਤਾਰ ਨੂੰ ਉਚਾਰਦੇ ਹਨ।

**ਗੁਰੁ ਗਉਹਰੁ ਦਰੀਆਉ ਪਲਕ ਡੁਬੰਤ੍ਹ ਤਾਰੈ ॥**

ਗੁਰੂ [ਗਉਹਰ] ਰਤਨਾਂ ਦਾ ਸਮੁੰਦਰ ਹੈ, (ਜੋ ਸੰਸਾਰ ਵਿਚ) ਡੁਬਦਿਆਂ ਨੂੰ ਪਲ ਵਿਚ ਹੀ ਤਾਰ ਲੈਂਦਾ ਹੈ।

**ਨਾਨਕ ਕੁਲਿ ਨਿੰਮਲੁ ਅਵਤਰ੍ਯਿਉ ਗੁਣ ਕਰਤਾਰੈ ਉਚਰੈ ॥**

ਗੁਰੂ ਨਾਨਕ (ਜੀ ਦੀ) ਨਿਰਮਲ ਕੁਲ ਵਿਚ ਅਵਤਰਿਆ ਹੈ, ਅਤੇ ਕਰਤਾਰ ਦੇ ਗੁਣ ਉਚਾਰਦਾ ਹੈ।

**ਗੁਰੁ ਅਮਰਦਾਸੁ ਜਿਨ੍ ਸੇਵਿਅਉ**

**ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ ॥੩॥੧੭॥**

ਗੁਰੂ ਅਮਰਦਾਸ ਜੀ ਦੀ ਜਿਨ੍ਹਾਂ ਨੇ ਸੇਵਾ ਕੀਤੀ ਹੈ, ਦੁਖ ਤੇ ਦਰਿਦ੍ਰ ਉਨ੍ਹਾਂ ਨੂੰ ਛੱਡ ਕੇ ਪਰੇ (ਹਟ ਗਏ ਹਨ) ॥੩॥੧੭॥

**ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ ॥**

ਚਿੱਤ (ਵਿਚ ਤਾਂ) ਸੋਚਦਾ (ਹਾਂ ਕਿ) ਬੇਨਤੀ ਕਰਾਂ, ਪਰ ਆਖ ਨਹੀਂ ਸਕਦਾ।

**ਸਰਬ ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ ॥**

ਸਾਰੀਆਂ ਚਿੰਤਾਵਾਂ ਤੇਰੇ ਪਾਸ (ਹੀ ਕਹਿਣੀਆਂ ਹਨ, ਸੋ ਤੂੰ ਜਾਣਦਾ ਹੈਂ) ਮੈਂ ਤਾਂ ਸਾਧ ਸੰਗਤਿ (ਦਾ ਹੀ) ਦਰਸ਼ਨ ਕਰਦਾ ਹਾਂ ।

**ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥**

(ਜਦ) ਤੇਰੇ ਹੁਕਮ ਦਾ ਨੀਸਾਨਾ (ਮੈਂ) ਹੋਇਆ ਤਾਂ ਸਾਹਿਬ ਦੀ ਸੇਵਾ ਕਰ ਸਕਾਂਗਾ ।

**ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥**

ਹੇ ਗੁਰੋ ! ਜਦ (ਤੁਸਾਂ) ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ (ਤਾਂ ਮੇਰੇ) ਮੂੰਹ ਵਿਚ ਕਰਤਾਰ ਦਾ ਨਾਮ ਇਉਂ (ਸਮਾ) ਜਾਵੇਗਾ ।

**ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ ॥**

ਹੇ ਪੁਰਖਾਂ ਦੇ ਕਾਰਣ ਰੂਪ ਅਲੱਖ ਤੇ ਅਗੰਮ ! ਜੋ ਤੂੰ ਫੁਰਮਾਂਦਾ ਹੈ, ਮੈਂ ਓਹ ਕਹਿੰਦਾ ਹਾਂ।

**ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ ॥੪॥੧੮॥**

[ਕਾਰਣ] ਪ੍ਰਪੰਚ ਦੇ ਕਰਣ ਵਾਲੇ ਹੇ ਗੁਰੂ ਅਮਰਦਾਸ ! ਜਿਵੇਂ ਤੂੰ ਰਖਦਾ ਹੈਂ, ਅਸੀਂ ਓਵੇਂ ਹੀ ਰਹਿੰਦੇ ਹਾਂ ॥੪॥੧੮॥

**ਭਿਖੇ ਕੇ ॥ ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥**

ਗੁਰੂ ਜੀ ਦਾ ਗਿਆਨ ਤੇ ਧਿਆਨ ਤਤਕਾਲ ਹੀ ਤਤੁ ਵਸਤੂ (ਨਿਰੰਕਾਰ) ਨਾਲ ਮਿਲਾ ਦੇਂਦਾ ਹੈ।

**ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥**

(ਜੋ) ਇਕ ਚਿੱਤ ਹੋ ਕੇ ਸੱਚ ਵਿਚ ਪ੍ਰੀਤ ਲਾਉਂਦਾ (ਹੈ, ਉਸ ਨੂੰ) ਸੱਚ (ਰੂਪ ਹੀ) ਜਾਣੀਦਾ ਹੈ ।

**ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥**

ਕਾਮ ਕ੍ਰੋਧ ਨੂੰ ਵੱਸ ਕਰੇ ਅਤੇ ਵਾਸ਼ਨਾ ਮਗਰ ਲਗ ਕੇ (ਮਨ ਭੀ) ਨਾ ਦੌੜਨ ਦੇਵੇ ।

**ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥**

(ਸਾਧ ਸੰਗਤਿ ਰੂਪ) (ਨਿਰੰਕਾਰ ਦੇ ਦੇਸ ਵਿਚ ਵਸੇ ਅਤੇ ਵਿਚਾਰ ਕਰਕੇ ਹੁਕਮ ਨੂੰ ਮੰਨੇ ।

**ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ ॥**

(ਫਿਰ ਮੰਨੇ ਜੋ) ਕਲਿਜੁਗ ਵਿਚ ਕਰਤਾ ਪੁਰਖ (ਦਾ) ਰੂਪ (ਗੁਰੂ) ਜਿਸਨੇ (ਸਭ) ਕੁਝ ਕੀਤਾ ਹੈ, ਉਹੀ (ਸਾਡੀ ਹਾਲਤ) ਜਾਣਦਾ ਹੈ ।

**ਗੁਰੁ ਮਿਲ੍ਹਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥੧॥੧੯॥**

ਭਿੱਖਾ ਆਖਦਾ ਹੈ, ਜੋ ਇਹ ਕੁਝ ਜਣਾਉਂਦਾ ਹੈ, (ਮੈਨੂੰ) ਉਹ ਗੁਰੂ ਮਿਲ ਪਿਆ ਹੈ ਉਸ ਨੇ ਸਹਜੇ ਹੀ ਦਰਸ਼ਨ ਦਾ ਅਨੰਦ (ਮੈਨੂੰ) ਦਿਤਾ ਹੈ ॥੧॥੧੯॥

**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥**

ਮੈਂ ਸੰਤ ਢੂੰਡ ਥੱਕਾ ਹਾਂ, ਅਤੇ ਬਤੇਰੇ (ਹੀ) ਸਾਧ ਵੇਖੇ ਹਨ।

**ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥**

ਸੰਨਿਆਸੀ, ਤਪੱਸਵੀ ਤੇ ਪੰਡਿਤ ਏਹ (ਸਾਰੇ) ਮੂੰਹੋਂ ਤਾਂ ਮਿੱਠੇ (ਬਚਨ) ਬੋਲਦੇ ਹਨ ਪਰ "ਰਿਦੇ ਛੁਰੀ ਸੰਧਿਆਨੀ"।

**ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥**

ਮੈਂ ਇਕ ਵਰ੍ਹਾਂ ਭੌਂਦਾ ਰਿਹਾ ਹਾਂ, ਕਿਸੇ ਨੇ ਭੀ ਪਰਚਾ ਨਹੀਂ ਪਾਇਆ।

**ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥**

(ਨਿਰੀ) ਕਹਿਣੀ-ਕਹਿਣੀ ਹੀ ਸੁਣੀ (ਹੈ), ਰਹਤ ਨੂੰ (ਵੇਖ ਕੇ) ਮੇਰੇ ਮਨ ਵਿਚ ਖੁਸ਼ੀ ਆਈ ਹੀ ਨਹੀਂ।

**ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥**

(ਜੋ) ਹਰਿ ਨਾਮ (ਦੇ ਜਾਪ ਨੂੰ) ਛੱਡ ਕੇ, ਦੂਜਿਆਂ (ਕੰਮਾਂ ਵਿਚ) ਲੱਗੇ ਹੋਏ ਹਨ, ਉਨ੍ਹਾਂ ਦੇ ਗੁਣ ਮੈਂ ਕੀ ਆਖਾਂ ?

**ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥**

ਹੇ ਭਿਖਿਆ! [ਦਯਿ] ਕਰਤਾਰ ਨੇ ਗੁਰੂ ਮਿਲਾ ਦਿੱਤਾ ਹੈ, ਜਿਵੇਂ ਤੈਨੂੰ (ਗੁਰੂ) ਰੱਖਦਾ ਹੈ, ਓਵੇਂ ਹੀ ਰਹੁ ॥੨॥੨੦॥

SIKHBOOKCLUB.COM

**ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥**

ਸਮਾਧੀ (ਲਾਉਣ ਰੂਪ) ਸੰਜੋਅ ਪਾਈ ਹੈ, ਗਿਆਨ [ਹੈ] ਘੋੜਾ (ਹੈ, ਅਤੇ ਮਨ ਨੂੰ) [ਆਸਣਿ] ਅਡੋਲ (ਕਰਨਾ ਹੀ ਉਸ ਉਤੇ) ਚੜ੍ਹੇ ਹੋਏ ਹਨ।

**ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ॥**

ਧਰਮ (ਰੂਪ) ਧਨੁਖ ਹੱਥ (ਵਿਚ) ਫੜਿਆ ਹੋਇਆ ਹੈ ਅਤੇ ਭਗਤੀ (ਕਰਨ ਰੂਪ) [ਸੀਲਹ] ਸੁਭਾਵ (ਉਸ ਵਿਚ) [ਸਰਿ] ਤੀਰ ਜੋੜਿਆ ਹੈ।

**ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥**

ਨਿਰਭਉ ਹਰੀ ਦਾ ਡਰ ਮਨ (ਵਿਚ ਜੋ ਧਾਇਆ ਹੈ, ਇਹੋ ਆਪਣੀ ਜਗ੍ਹਾ ਤੋਂ) [ਅਟਲ] ਪਿਛੇ ਨਹੀਂ ਹਟਨਾ, ਅਤੇ ਗੁਰਾਂ ਦੇ ਉਪਦੇਸ਼ (ਰੂਪ) ਨੇਜਾ (ਦੁਸ਼ਮਨ ਦੇ ਕਲੇਜੇ ਵਿਚ) ਮਾਰਿਆ ਹੈ।

**ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥**

ਕਾਮ, ਕ੍ਰੋਧ, ਲੋਭ, ਮੋਹ ਤੇ [ਅਪਤੁ] ਹੰਕਾਰ (ਇਨ੍ਹਾਂ) ਪੰਜਾਂ ਨੂੰ ਨਾਸ ਕੀਤਾ ਹੈ।

**ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥**

ਤੇਜ (ਮੱਲ ਜੀ ਦਾ) [ਤਨਾ] ਪੁਤ੍ਰ (ਗੁਰੂ ਅਮਰਦਾਸ) ਚੰਗਾ [ਭੂਹਾਲੁ=ਭੂਪਾਲ] ਰਾਜਾ ਹੈ ਇਸ ਦਾ

ਮਾਲਕ [ਬਰ] ਵੱਡਾ [ਨ੍ਰਿਪਤਿ] ਰਾਜਾ (ਅਰਥਾਤ ਚਕ੍ਰਵਰਤੀ ਰਾਜਾ ਸ੍ਰੀ ਗੁਰੂ ਨਾਨਕ ਦੇਵ ਜੀ ਹੈ, ਉਸ ਤੋਂ ਛੋਟਾ ਰਾਜਾ ਸ੍ਰੀ ਗੁਰੂ ਅਮਰਦੇਵ ਜੀ ਹਨ)।

**ਗੁਰ ਅਮਰਦਾਸ ਸਚੁ ਸਲ੍ਯ ਭਣਿ**
**ਤੈ ਦਲੁ ਜਿਤਉ ਇਵ ਜੁਧੁ ਕਰਿ ॥੧॥੨੧॥**

ਸੱਲ (ਭੱਟ) ਸੱਚ ਕਹਿੰਦਾ ਹੈ, ਕਿ ਹੇ ਗੁਰੂ ਅਮਰਦਾਸ! ਇਸ ਤਰ੍ਹਾਂ ਦਾ ਜੰਗ ਕਰਕੇ (ਵਿਕਾਰਾਂ ਦੀ) ਫੌਜ ਜਿੱਤ ਲਈ ਹੈ ॥੧॥੨੧॥

**ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥**

[ਘਨਹਰ] ਬੱਦਲ ਦੀਆਂ ਬੂੰਦਾਂ, [ਬਸੁਅ] ਧਰਤੀ ਦੀ ਰੋਮਾਵਲੀ (ਬਨਾਸਪਤੀ) ਅਤੇ ਬਸੰਤ (ਰੁਤ ਦੇ) [ਕੁਸਮ] ਫੁਲਾਂ ਦੀ ਗਿਣਤੀ ਨਹੀਂ ਆ ਸਕਦੀ।

**ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥**

ਸੂਰਜ ਤੇ ਚੰਦ੍ਰਮਾ ਦੀਆਂ ਕਿਰਣਾਂ, ਸਮੁੰਦਰ ਦਾ (ਉਦਰੁ) ਪੇਟ (ਡੂੰਘਾਈ) ਗੰਗਾ ਦੀਆਂ ਲਹਿਰਾਂ ਦਾ ਅੰਤ ਕੌਣ ਪਾ ਸਕਦਾ ਹੈ ?

**ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ ॥**

ਅਤੇ [ਰੁਦ੍ਰ] ਸ਼ਿਵ ਜੀ ਦੀ (ਸਮਾਧੀ ਦਾ ਭੀ ਪਤਾ ਨਹੀਂ ਲਗਦਾ), ਭੱਲ ਕਵੀ (ਕਹਿੰਦਾ ਹੈ ਕਿ) ਸਤਿਗੁਰਾਂ ਦੇ ਗਿਆਨ (ਦੇ ਪ੍ਰਤਾਪ ਕਰਕੇ ਕੋਈ) ਪੁਰਸ਼ ਉਨ੍ਹਾਂ ਸਭਨਾਂ ਦਾ ਹਿਸਾਬ ਕਹਿ ਸਕੇ (ਤਾਂ ਕੋਈ ਅਸਚਰਜ ਨਹੀਂ)। ਪਰ :—

**ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥**

ਹੇ ਭੱਲੇ (ਜਾਤੀ ਦੇ ਗੁਰੂ) ਅਮਰਦਾਸ! (ਜੀ) ਤੇਰੇ ਗੁਣ (ਕੋਈ ਭੀ ਨਹੀਂ ਕਹਿ ਸਕਦਾ, ਇਹ) ਤੇਰੀ ਉਪਮਾ ਤੈਥੋਂ ਹੀ ਹੋ ਸਕਦੀ ਹੈ (ਅਸੀਂ ਤੁਛ ਜੀਵ) ਤੇਰੀ ਉਪਮਾ ਵੀ ਨਹੀਂ ਕਰ ਸਕਦੇ, ਤੂੰ ਤਾਂ "ਆਪੇ ਉਪਮੇਉ ਪੁਨ ਆਪੇ ਉਪਮਾਨ ਹੈ" ॥੧॥੨੨॥

**ਸਵਈਏ ਮਹਲੇ ਚਉਥੇ ਕੇ ੪ ੴ ਸਤਿਗੁਰ ਪ੍ਰਸਾਦਿ ॥**

**(ਅੰਗ ੧੩੯੬-੧੪੦੬)**

**ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ॥**
**ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ ॥**

ਇਕਾਗਰ ਮਨ ਹੋ ਕੇ ਮਾਇਆ ਰਹਿਤ ਅਕਾਲ ਪੁਰਖ ਨੂੰ ਧਿਆਉਂਦਾ ਹਾਂ, ਉਸ ਹਰੀ ਦੀ ਕ੍ਰਿਪਾ (ਹੋਵੇ ਤਾਂ) ਸਦਾ ਹੀ ਗੁਰਾਂ ਦਾ ਜਸ ਕਰਾਂਗਾ।

**ਗੁਨ ਗਾਵਤ ਮਨਿ ਹੋਇ ਬਿਗਾਸਾ ॥**
**ਸਤਿਗੁਰ ਪੂਰਿ ਜਨਹ ਕੀ ਆਸਾ ॥**

(ਸਤਿਗੁਰੂ ਜੀ ਦੇ) ਗੁਣ ਗਾਉਂਦਿਆਂ ਮਨ ਅਨੰਦ ਹੋ ਜਾਂਦਾ ਹੈ, (ਕਿਉਂਕਿ) ਸਤਿਗੁਰੂ ਜੀ ਦਾਸਾਂ ਦੀ ਆਸਾ ਪੂਰੀ ਕਰਦੇ ਹਨ ।

**ਸਤਿਗੁਰੁ ਸੇਵਿ ਪਰਮ ਪਦੁ ਪਾਯਉ ॥**
**ਅਬਿਨਾਸੀ ਅਬਿਗਤੁ ਧਿਆਯਉ ॥**

ਸਤਿਗੁਰੂ ਦੀ ਸੇਵਾ ਕਰਕੇ ਅਤੇ ਅਬਿਨਾਸ਼ੀ ਅਬ੍ਯਕਤ ਨੂੰ ਧਿਆਇਆਂ ਹੀ ਪਰਮ ਪਦ ਪਾਈਦਾ ਹੈ ।

**ਤਿਸੁ ਭੇਟੇ ਦਾਰਿਦ੍ਰੁ ਨ ਚੰਪੈ ॥ ਕਲ੍ਯ ਸਹਾਰੁ ਤਾਸੁ ਗੁਣ ਜੰਪੈ ॥**

ਉਸ ਨੂੰ ਭੇਟਿਆਂ ਦਰਿਦਰ ਨਹੀਂ ਦਬਾ ਸਕਦਾ । (ਇਸ ਲਈ) ਕੱਲ੍ਯ ਸਹਾਰ (ਭੱਟ) ਉਸ ਦੇ ਗੁਣ ਗਾਉਂਦਾ ਹੈ ।

**ਜੰਪਉ ਗੁਣ ਬਿਮਲ ਸੁਜਨ ਜਨ ਕੇਰੇ ਅਮਿਅ ਨਾਮੁ ਜਾ ਕਉ ਫੁਰਿਆ ॥**

ਉਸ ਨਿਰਮਲ ਤੇ ਸਰੇਸ਼ਟ ਪੁਰਸ਼ ਦੇ ਗੁਣ ਗਾਉਂਦਾ ਹਾਂ, ਜਿਸ ਜਨ ਨੂੰ ਨਾਮ ਅੰਮ੍ਰਿਤ ਪ੍ਰਾਪਤ ਹੋਇਆ ਹੈ ।

**ਇਨਿ ਸਤਗੁਰੁ ਸੇਵਿ ਸਬਦ ਰਸੁ ਪਾਯਾ ਨਾਮੁ ਨਿਰੰਜਨ ਉਰਿ ਧਰਿਆ ॥**

ਇਸ ਨੇ ਸਤਿਗੁਰਾਂ ਦੀ ਸੇਵਾ (ਕਰਕੇ) ਨਿਰੰਜਨ ਦਾ ਨਾਮ ਹਿਰਦੇ ਵਿਚ ਵਸਾਇਆ ਹੈ, (ਇਸ ਲਈ) ਆਤਮ ਰਸ ਪਾਇਆ ਹੈ ।

SIKHBOOKCLUB.COM

**ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ ॥**

(ਜੋ) ਹਰਿ ਨਾਮ ਦੇ ਰਸੀਏ ਹਨ, ਗੋਬਿੰਦ ਦੇ ਗੁਣਾਂ ਦੇ ਗ੍ਰਾਹਕ ਹਨ, ਤੱਤ ਦੀ ਚਾਹ ਵਾਲੇ ਅਤੇ ਸਮਤਾ ਦੇ ਸਰੋਵਰ ਹਨ ।

**ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੧॥**

ਕੱਲ ਕਵਿ (ਕਹਿੰਦਾ ਹੈ, ਕਿ) ਠਾਕਰ ਹਰਦਾਸ ਜੀ ਦੇ ਪੁਤ੍ਰ ਗੁਰੂ ਰਾਮਦਾਸ ਜੀ ਨਾ ਭਰੇ ਜਾਣ ਵਾਲਿਆਂ ਨੂੰ ਭਰਨ ਵਾਲੇ ਸਰੋਵਰ ਹਨ। (ਸ੍ਰੀ ਗੁਰੂ ਰਾਮਦਾਸ ਜੀ ਦੇ ਪਿਤਾ ਹਰਦਾਸ ਜੀ ਦੀ ਅੱਲ (ਉਪਨਾਉ) 'ਠਾਕਰ' ਸੀ, ਹੁਣ ਭੀ ਕਈ ਖਤਰੀ ਹਨ, ਜਿਨ੍ਹਾਂ ਦੇ ਨਾਮ ਨਾਲ ਇਹ ਪਦ ਵਰਤਿਆ ਜਾਂਦਾ ਹੈ, ਪਰ ਇਹ ਪਦ ਬਹੁਤਾ 'ਅਮਰਗੜ੍ਹ' ਦੇ ਇਲਾਕੇ ਵਿਚ ਰਹਿਣ ਵਾਲਿਆਂ ਨੂੰ ਕਿਹਾ ਜਾਂਦਾ ਹੈ) ॥੧॥

**ਛੁਟਤ ਪਰਵਾਹ ਅਮਿਅ ਅਮਰਾ ਪਦ ਅੰਮ੍ਰਿਤ ਸਰੋਵਰ ਸਦ ਭਰਿਆ ॥**

ਅਮਰ ਪਦਵੀ ਦੇਣ ਵਾਲਾ ਅੰਮ੍ਰਿਤ ਦਾ ਪ੍ਰਵਾਹ ਵਗਦਾ ਹੈ (ਗੁਰੂ ਰਾਮਦਾਸ) ਅੰਮ੍ਰਿਤ ਦਾ ਸਰੋਵਰ ਸਦਾ ਹੀ ਭਰਿਆ ਰਹਿੰਦਾ ਹੈ, ਜਿਸ ਵਿਚੋਂ ਉਹ ਅੰਮ੍ਰਿਤ ਦਾ ਪ੍ਰਵਾਹ ਵਗ ਰਿਹਾ ਹੈ) ।

**ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪੁਬ ਜਿਨਹੁ ਸੇਵਾ ਕਰੀਆ ॥**

ਉਹ ਸੰਤ (ਇਸ ਬਾਣੀ ਰੂਪ ਅੰਮ੍ਰਿਤ) ਨੂੰ) ਪੀਂਦੇ ਅਤੇ ਮਨ ਕਰਕੇ ਇਸ਼ਨਾਨ ਕਰਦੇ ਹਨ, [ਪੁਬ]

ਪਹਿਲੋਂ ਜਿਨ੍ਹਾਂ ਨੇ ਸੇਵਾ ਕੀਤੀ ਹੈ।

**ਤਿਨ ਭਉ ਨਿਵਾਰਿ ਅਨਭੈ ਪਦੁ ਦੀਨਾ ਸਬਦ ਮਾਤ੍ਰ ਤੇ ਉਧਰ ਧਰੇ ॥**

(ਇਸ ਅੰਮ੍ਰਿਤ ਨੇ) ਉਨ੍ਹਾਂ ਦਾ ਡਰ ਮਿਟਾ ਕੇ ਅਭੈ ਪਦਵੀ ਦਿਤੀ ਹੈ, ਅਤੇ ਸਾਰੇ ਸੰਸਾਰ ਦੇ ਦੁਖਾਂ ਤੋਂ ਪਾਰ ਕਰ ਦਿਤਾ ਹੈ।

**ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੨॥**

ਕੱਲਯ ਕਵਿ (ਕਹਿੰਦਾ ਹੈ) ਠਾਕਰ ਹਰਦਾਸ (ਜੀ ਦੇ) ਪੁਤ੍ਰ ਗੁਰੂ ਰਾਮਦਾਸ ਜੀ ਖਾਲੀਆਂ ਨੂੰ ਭਰਨ ਵਾਲੇ ਸਰੋਵਰ ਹਨ ॥੨॥

**ਸਤਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲੁ ਭਯਾ ॥**

ਸਤਿਗੁਰਾਂ ਦੀ ਸਿਖਿਆ ਗੂਹੜੀ ਹੈ, ਸਤਿ ਸੰਗਤਿ ਨਿਰਮਲ ਹੈ, (ਜਿਥੇ ਗਏ ਪੁਰਸ਼ ਦੇ) ਮਨ ਨੂੰ ਸੂਹਾ ਪ੍ਰੇਮ ਹੋ ਜਾਂਦਾ ਹੈ।

**ਜਾਗ੍ਯਾ ਮਨੁ ਕਵਲੁ ਸਹਜਿ ਪਰਕਾਸ੍ਯਾ ਅਭੈ ਨਿਰੰਜਨੁ ਘਰਹਿ ਲਹਾ ॥**

ਮਨ (ਅਵਿਦਯਾ ਨੀਂਦ ਤੋਂ) ਜਾਗ ਪਿਆ ਹੈ, (ਹਿਰਦੇ) ਕਮਲ ਵਿਚ [ਸਹਜਿ] ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ (ਇਸ ਲਈ) ਡਰ ਰਹਿਤ ਨਿਰੰਕਾਰ ਨੂੰ ਘਰ ਵਿਚੋਂ ਹੀ ਲੱਭ ਲਿਆ ਹੈ।

**ਸਤਗੁਰਿ ਦਯਾਲਿ ਹਰਿ ਨਾਮੁ ਦ੍ਰਿੜ੍ਹਾਯਾ ਤਿਸੁ ਪ੍ਰਸਾਦਿ ਵਸਿ ਪੰਚ ਕਰੇ ॥**

ਦਿਆਲ ਸਤਿਗੁਰੂ ਨੇ ਹਰਿ ਨਾਮ ਦ੍ਰਿੜ ਕਰਾਇਆ ਹੈ, ਉਸ (ਨਾਮ ਦੀ) ਕ੍ਰਿਪਾ (ਨਾਲ ਹੀ) ਪੰਜੇ ਵਿਕਾਰ (ਆਪਣੇ) ਵਸ ਕਰ ਲਏ ਹਨ।

**ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੩॥**

ਕੱਲ ਕਵਿ (ਕਹਿੰਦਾ ਹੈ ਕਿ) ਠਾਕਰ ਹਰਦਾਸ (ਜੀ ਦੇ) ਪੁਤ੍ਰ ਗੁਰੂ ਰਾਮਦਾਸ ਜੀ ਖਾਲੀਆਂ ਨੂੰ ਭਰਨ ਵਾਲੇ ਸਰੋਵਰ ਹਨ, (ਅਰਥਾਤ ਅਤ੍ਰਿਪਤਿ ਮਨਾਂ ਨੂੰ ਗੁਰੂ ਰਾਮਦਾਸ ਜੀ ਦੇ ਉਪਦੇਸ਼ ਨਾਲ ਤ੍ਰਿਪਤੀ ਹੋ ਜਾਂਦੀ ਹੈ) ॥੩॥

**ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸੁ ਭੇਟਿਆ ਸਹਜ ਘਰੇ ॥**

[ਅਨਭਉ] ਗਿਆਨ ਦੀ [ਉਨਮਾਨਿ] ਵਿਚਾਰ ਕਰਕੇ [ਅਕਲ] ਕਲਪਨਾ ਤੋਂ ਰਹਿਤ ਹੋ ਕੇ ਸੁਰਤ ਲੱਗੀ (ਤਾਂ) ਸਹਜੇ ਹੀ [ਘਰੇ] ਹਿਰਦੇ ਵਿਚੋਂ ਪਾਰਸ (ਰੂਪ ਨਿਰੰਕਾਰ) ਮਿਲ ਪਿਆ।

**ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ ॥**

ਸਤਿਗੁਰਾਂ ਦੀ ਕ੍ਰਿਪਾ (ਨਾਲ ਅੰਤਹਕਰਨ ਰੂਪ) ਭੰਡਾਰੇ ਪ੍ਰੇਮਾ ਭਗਤੀ ਨਾਲ ਭਰੇ (ਗਏ ਤਾਂ) ਪਰਮ ਪਦਵੀ ਪ੍ਰਾਪਤ ਕਰ ਲਈ।

**ਮੇਟਿਆ ਜਨਮਾਂਤੁ ਮਰਣ ਭਉ ਭਾਗਾ ਚਿਤੁ ਲਾਗਾ ਸੰਤੋਖ ਸਰੇ ॥**

ਜੰਮਣਾ ਮਿਟ ਗਿਆ ਤੇ ਮਰਨ ਦਾ ਡਰ ਭੀ ਨਾਸ ਹੋ ਗਿਆ ਹੈ, (ਕਿਉਂਕਿ) ਸੰਤੋਖ ਦੇ ਸਰੋਵਰ (ਗੁਰੂ

Sri Satguru Jagjit Singh Ji eLibrary NamdhariElibrary@gmail.com

ਰਾਮਦਾਸ ਜੀ ਦੇ ਚਰਨਾਂ ਵਿਚ) ਚਿੱਤ ਲਗ ਗਿਆ ਹੈ।

**ਕਵਿ ਕਲ੍ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੪॥**

ਕੱਲ ਕਵਿ (ਕਹਿੰਦਾ ਹੈ, ਕਿ) ਠਾਕੁਰ ਹਰਿਦਾਸ (ਜੀ ਦੇ) [ਤਨੈ=ਤਨਯ] ਪੁੱਤਰ ਗੁਰੂ ਰਾਮਦਾਸ ਜੀ ਖਾਲੀਆਂ ਨੂੰ ਭਰਨ ਵਾਲੇ ਸਰੋਵਰ ਹਨ ॥੪॥

**ਅਭਰ ਭਰੇ ਪਾਯਉ ਅਪਾਰੁ ਰਿਦ ਅੰਤਰਿ ਧਾਰਿਓ ॥**

ਖਾਲੀਆਂ ਨੂੰ ਭਰਨ ਵਾਲੇ (ਗੁਰੂ ਦਾ ਉਪਦੇਸ਼) ਪਾਇਆ ਤਾਂ ਅਪਾਰ (ਵਾਹਿਗੁਰੂ ਨੂੰ) ਹਿਰਦੇ ਅੰਦਰ ਵਸਾ ਲਿਆ।

**ਦੂਖ ਭੰਜਨੁ ਆਤਮ ਪ੍ਰਬੋਧੁ ਮਨਿ ਤਤੁ ਬੀਚਾਰਿਓ ॥**

ਜੋ ਦੁਖ ਦੂਰ ਕਰਨ ਵਾਲਾ ਤੇ ਆਤਮਾ ਦਾ [ਪ੍ਰ×ਬੋਧੁ] ਖਾਸ ਗਿਆਨ (ਕਰਾਉਣ ਵਾਲਾ ਉਪਦੇਸ਼ ਸੀ) [ਤਤੁ] ਉਸ ਨੂੰ ਮਨ ਵਿਚ ਵਿਚਾਰਿਆ ਹੈ।

**ਸਦਾ ਚਾਇ ਹਰਿ ਭਾਇ ਪ੍ਰੇਮ ਰਸੁ ਆਪੇ ਜਾਣਇ ॥**

ਸਦਾ (ਹੀ ਮਨ ਨੂੰ) ਹਰੀ ਦੇ ਪ੍ਰੇਮ ਦਾ ਚਾਉ (ਰਹਿੰਦਾ ਹੈ, ਅਤੇ ਉਸ) ਪ੍ਰੇਮ ਦੇ ਰਸ (ਨੂੰ ਉਹ) ਆਪ ਹੀ ਜਾਣਦਾ ਹੈ (ਜਿਸ ਨੇ ਪ੍ਰੇਮ ਕੀਤਾ ਹੈ)।

**ਸਤਗੁਰ ਕੈ ਪਰਸਾਦਿ ਸਹਜ ਸੇਤੀ ਰੰਗੁ ਮਾਣਇ ॥**

ਸਤਿਗੁਰਾਂ ਦੀ ਕ੍ਰਿਪਾ (ਕਰਕੇ) ਗਿਆਨ ਨਾਲ (ਮਿਲ ਕੇ ਆਤਮਕ) ਅਨੰਦ ਭੋਗਦਾ ਹੈ।

**ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ ॥**

(ਗੁਰੂ) ਨਾਨਕ (ਜੀ ਦੀ) ਕ੍ਰਿਪਾ (ਨਾਲ ਸ੍ਰੀ ਗੁਰੂ) ਅੰਗਦ (ਦੇਵ ਜੀ ਪ੍ਰਗਟੇ ਅਤੇ) ਉਨ੍ਹਾਂ ਦੀ ਸਿਖਯਾ (ਕਮਾ ਕੇ) ਗੁਰੂ ਅਮਰ (ਦਾਸ ਜੀ ਨੇ ਇਹ ਪਦ ਪਾਇਆ ਅਤੇ ਉਨ੍ਹਾਂ ਦੇ) [ਅਮਰੁ] ਹੁਕਮ ਨੂੰ ਮੰਨ ਕੇ—

**ਗੁਰ ਰਾਮਦਾਸ ਕਲ੍ਯੁਚਰੈ ਤੈਂ ਅਟਲ ਅਮਰ ਪਦੁ ਪਾਇਓ ॥੫॥**

ਕੱਲ (ਭੱਟ) ਕਹਿੰਦਾ ਹੈ ਹੇ ਗੁਰੂ ਰਾਮਦਾਸ ਜੀ! ਤੁਸਾਂ ਅਟੱਲ ਤੇ ਅਮਰ ਪਦਵੀ ਪਾਈ ਹੈ ॥੫॥

**ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥**

ਸੰਤੋਖ ਦਾ ਸਰੋਵਰ (ਨਿਰੰਕਾਰ ਹਿਰਦੇ ਵਿਚ) ਵਸਦਾ ਹੈ, ਅਤੇ ਅੰਮ੍ਰਿਤ ਸਵਾਦ ਵਾਲਾ ਉਪਦੇਸ਼ ਰਸਨਾ ਤੋਂ ਪ੍ਰਕਾਸ਼ਦੇ ਹਨ।

**ਮਿਲੰਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ ॥**

(ਉਸ ਗੁਰੂ ਨੂੰ) ਮਿਲਦਿਆਂ (ਹੀ ਜਗਯਾਸੂ ਦੇ ਹਿਰਦੇ ਵਿਚ) ਸ਼ਾਂਤੀ ਪੈਦਾ ਹੋ ਜਾਂਦੀ ਹੈ, ਅਤੇ (ਹਿਰਦੇ) ਵਿਚੋਂ [ਦੁਰਤ] ਪਾਪ ਨਸ ਕੇ ਦੂਰ (ਹੋ ਜਾਂਦੇ ਹਨ)।

**ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ ॥**

ਸੁਖਾਂ ਦੇ ਸਮੁੰਦਰ ਦਾ [ਦਿੰਤੁ] ਗਿਆਨ ਮਿਲ ਜਾਂਦਾ ਹੈ, ਅਤੇ ਹਰੀ ਦੀ ਮਸਤੀ ਕਦੇ ਭੀ ਨਹੀਂ ਉਤਰਦੀ।

## ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥

[ਸੰਜਮੁ] ਇੰਦ੍ਰੇ ਦਮਨ, ਸਤ ਸੰਤੋਖ ਤੇ ਇਸਤ੍ਰੀ ਬਰਤ ਰੂਪ ਧਰਮ (ਇਹ) ਨਾ ਟੁਟਣ ਵਾਲੀ ਸੰਜੋਇ (ਕਾਮਾਦਿਕਾਂ ਦੀ ਮਾਰ ਤੋਂ ਬਚਾਉਂਦੀ ਹੈ)।

## ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ ॥

ਸਤਿਗੁਰਾਂ (ਦੇ) ਬਚਨਾਂ ਨੂੰ ਪ੍ਰਵਾਨ (ਕਰਨ ਵਾਲਾ ਤੁਹਾਨੂੰ ਹੀ) ਸਿਰਜਿਆ (ਸੀ, ਇਸ ਲਈ) ਜਗਤ (ਨੇ ਤੁਹਾਡੇ) ਜਸ ਦੇ [ਤੂਰੁ] ਵਾਜੇ ਵਜਾਏ ਹਨ।

## ਗੁਰ ਰਾਮਦਾਸ ਕਲੁਚਰੈ ਤੈ ਅਭੈ ਅਮਰ ਪਦੁ ਪਾਇਅਉ ॥੬॥

ਕੱਲ (ਭੱਟ) ਕਹਿੰਦਾ ਹੈ, ਕਿ ਹੇ ਗੁਰੂ ਰਾਮਦਾਸ ਜੀ! ਤੁਸਾਂ ਨੇ ਡਰ ਰਹਿਤ ਅਮਰ ਪਦਵੀ ਪਾਈ ਹੈ ॥੬॥

## ਜਗੁ ਜਿਤਉ ਸਤਿਗੁਰ ਪ੍ਰਮਾਣਿ ਮਨਿ ਏਕੁ ਧਿਆਯਉ ॥

ਸਤਿਗੁਰਾਂ (ਦੇ ਹੁਕਮ ਨੂੰ) [ਪ੍ਰਮਾਣਿ] ਮੰਨ ਕੇ ਤੇ ਮਨ ਵਿਚ ਇਕ (ਦੇ ਨਾਮ ਨੂੰ) ਧਿਆ ਕੇ (ਆਪ ਨੇ) ਜਗਤ ਨੂੰ ਜਿੱਤ ਲਿਆ ਹੈ।

## ਧਨਿ ਧਨਿ ਸਤਿਗੁਰ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ ॥

ਸਤਿਗੁਰੂ ਅਮਰ ਦਾਸ ਜੀ ਧੰਨ ਹਨ, ਧੰਨ ਹਨ, ਜਿਨ੍ਹਾਂ ਨੇ (ਆਪ ਨੂੰ) ਨਾਮ ਦਾ ਉਪਦੇਸ਼ ਦਿੱਤਾ ਹੈ।

SIKHBOOKCLUB.COM

## ਨਵ ਨਿਧਿ ਨਾਮੁ ਨਿਧਾਨੁ ਰਿਧਿ ਸਿਧਿ ਤਾ ਕੀ ਦਾਸੀ ॥

ਨਾਮ ਹੀ ਨੌਂ ਨਿਧਾਂ ਦਾ ਖਜ਼ਾਨਾ ਹੈ, ਅਤੇ ਰਿਧੀਆਂ ਸਿਧੀਆਂ ਉਸ ਦੀਆਂ ਦਾਸੀਆਂ ਹਨ।

## ਸਹਜ ਸਰੋਵਰੁ ਮਿਲਿਓ ਪੁਰਖੁ ਭੇਟਿਓ ਅਬਿਨਾਸੀ ॥

ਸ਼ਾਂਤੀ ਦਾ ਸਰੋਵਰ (ਗਿਆਨ) ਮਿਲ ਪਿਆ (ਹੈ, ਅਤੇ ਉਸ ਗਿਆਨ ਕਰਕੇ) ਨਾਸ ਰਹਿਤ ਅਕਾਲ ਪੁਰਖ ਆ ਮਿਲਿਆ ਹੈ।

## ਆਦਿ ਲੇ ਭਗਤ ਜਿਤੁ ਲਗਿ ਤਰੇ ਸੋ ਗੁਰਿ ਨਾਮੁ ਦ੍ਰਿੜਾਇਅਉ ॥

ਪਹਿਲੇ (ਹੋ ਚੁਕੇ) ਭਗਤ ਜਿਸ ਦੇ (ਨਾਲ) ਲਗ ਕੇ (ਸੰਸਾਰ ਤੋਂ) ਤਰ ਗਏ ਹਨ, ਓਹੀ ਨਾਮ ਗੁਰਾਂ ਨੇ ਦ੍ਰਿੜ੍ਹ ਕਰਾਇਆ ਹੈ।

## ਗੁਰ ਰਾਮਦਾਸ ਕਲੁਚਰੈ ਤੈ ਹਰਿ ਪ੍ਰੇਮ ਪਦਾਰਥੁ ਪਾਇਅਉ ॥੭॥

ਕੱਲ (ਭੱਟ) ਕਹਿੰਦਾ—ਹੈ, ਹੇ ਗੁਰੂ ਰਾਮਦਾਸ ਜੀ! (ਤੁਸਾਂ ਨੇ) ਹਰੀ ਦਾ ਪਰੇਮ ਪਦਾਰਥ ਪਾਇਆ ਹੈ ॥੭॥

## ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ ॥

[ਪੁਬਲੀ=ਪੂਰਬਲੀ] ਸ਼ੁਰੂ ਤੋਂ ਲਗੀ ਹੋਈ ਪ੍ਰੇਮ ਭਗਤੀ ਦੇ ਪਰਵਾਹ ਦੀ ਪ੍ਰੀਤ ਹਟਦੀ ਨਹੀਂ ਹੈ।

**ਸਤਿਗੁਰ ਸਬਦੁ ਅਥਾਹੁ ਅਮਿਅ ਧਾਰਾ ਰਸੁ ਗੁਟਇ ॥**

ਸਤਿਗੁਰਾਂ ਦਾ ਉਪਦੇਸ਼ (ਲੈ ਕੇ) ਅਥਾਹ ਅੰਮ੍ਰਿਤ ਦੀ ਧਾਰਾ [ਗੁਟਇ] ਪੀ ਕੇ ਰਸ (ਲੈਂਦੇ ਹੋ)।

**ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ ॥**

(ਗੁਰਾਂ ਦੀ) ਸਿਖਿਆ ਮਾਂ (ਤੇ) ਸੰਤੋਖ (ਜਿਸ ਦਾ) ਪਿਉ (ਹੈ, ਉਹ) ਸਰੇਸ਼ਟ [ਸਹਜ] ਗਿਆਨ (ਹਿਰਦੇ ਵਿਚ ਆਨ) ਸਮਾਇਆ ਹੈ।

**ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ ॥**

ਗੁਰਾਂ (ਦੇ) [ਅਜੂਨੀ ਸੈਭੰ] (ਆਦਿਕ) ਉਪਦੇਸ਼ ਨੇ ਸੰਸਾਰ (ਸਮੁੰਦਰ ਤੋਂ) ਤਾਰ ਲਿਆ ਹੈ।

**ਅਬਿਗਤ ਅਗੋਚਰੁ ਅਪਰਪਰੁ ਮਨਿ ਗੁਰ ਸਬਦੁ ਵਸਾਇਅਉ ॥**

(ਜੋ) ਅਵਿਕਤ ਹੈ, ਅਗੋਚਰ ਹੈ, ਉਰੇ ਤੇ ਪਰੇ (ਵਿਆਪਕ) ਹੈ, ਗੁਰਾਂ ਦੇ ਉਪਦੇਸ਼ (ਨਾਲ ਉਸ ਨੂੰ) ਮਨ ਵਿਚ ਵਸਾ ਲਿਆ ਹੈ।

**ਗੁਰ ਰਾਮਦਾਸ ਕਲੁਚਰੈ ਤੈ ਜਗਤ ਉਧਾਰਣੁ ਪਾਇਅਉ ॥੮॥**

ਕੱਲ (ਭੱਟ) ਕਹਿੰਦਾ ਹੈ—ਹੇ ਗੁਰੂ ਰਾਮਦਾਸ ਜੀ! ਤੁਸਾਂ ਜਗਤ ਤੋਂ ਪਾਰ ਲੰਘਾਉਣ ਵਾਲਾ (ਨਾਮ) ਪਾਇਆ ਹੈ ॥੮॥

**ਜਗਤ ਉਧਾਰਣੁ ਨਵ ਨਿਧਾਨੁ ਭਗਤਹ ਭਵ ਤਾਰਣੁ ॥**

ਜਗਤ ਤੋਂ ਪਾਰ ਲੰਘਾਉਣ ਵਾਲਾ, ਨੌਂ ਨਿਧੀਆਂ ਦਾ ਘਰ ਤੇ ਭਗਤਾਂ ਨੂੰ (ਭਵ) ਜਨਮ (ਮਰਨ ਤੋਂ) ਬਚਾਉਣ ਵਾਲਾ ਹੈ।

**ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣੁ ॥**

(ਤਾਂ) ਹਰੀ ਦਾ ਨਾਮ ਹੀ ਅੰਮ੍ਰਿਤ ਬੂੰਦ ਹੈ, ਜੋ ਵਿਕਾਰਾਂ ਦੀ ਜ਼ਹਿਰ ਦੂਰ ਕਰਦਾ ਹੈ।

**ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ ॥**

(ਜੋ ਅੰਤਹ ਕਰਨ ਰੂਪ) ਦਰਖਤ [ਸਹਜ] ਸ਼ਾਂਤੀ (ਆਦਿਕ ਗੁਣਾਂ ਕਰਕੇ) ਫਲਿਆ ਹੈ, (ਉਸਨੂੰ) ਅੰਮ੍ਰਿਤ ਰੂਪ ਗਿਆਨ ਫਲ ਲਗਾ ਹੈ।

**ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ ॥**

(ਜਿਨ੍ਹਾਂ ਨੇ) ਗੁਰਾਂ ਦੀ ਕਿਰਪਾ (ਨਾਲ ਗਿਆਨ ਫਲ) ਪਾਇਆ ਹੈ, ਉਹ ਵਡਿਆਂ ਭਾਗਾਂ ਵਾਲੇ ਪੁਰਸ਼ ਧੰਨ ਹਨ।

**ਤੇ ਮੁਕਤੇ ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ ॥**

(ਜਿਨ੍ਹਾਂ ਦੇ) ਮਨ ਨੇ ਗੁਰਾਂ ਦੇ ਸ਼ਬਦ ਨਾਲ [ਗੁਰ ਪਰਚਾ] ਵੱਡਾ ਪ੍ਰੇਮ ਕੀਤਾ ਹੈ, ਉਹ ਮੁਕਤ ਹੋ ਗਏ ਹਨ।

Sri Satguru Jagjit Singh Ji eLibrary NamdhariElibrary@gmail.com

**ਗੁਰ ਰਾਮਦਾਸ ਕਲ੍ਯੁਚਰੈ ਤੈ ਸਬਦ ਨੀਸਾਨੁ ਬਜਾਇਅਉ ॥੯॥**

ਕੱਲ (ਭੱਟ) ਕਹਿੰਦਾ ਹੈ, ਹੇ ਗੁਰੂ ਰਾਮਦਾਸ (ਜੀ! ਉਸ ਸ਼ਬਦ ਦਾ) [ਨੀਸਾਨੁ] ਧੌਂਸਾ ਤੁਸਾਂ ਵਜਾਇਆ ਹੈ ॥੯॥

**ਸੇਜ ਸਧਾ ਸਹਜੁ ਛਾਵਾਣੁ ਸੰਤੋਖੁ ਸਰਾਇਚਉ ਸਦਾ ਸੀਲ ਸੰਨਾਹੁ ਸੋਹੈ ॥**

ਸ਼ਰਧਾ ਦੀ ਸੇਜ ਹੈ, ਸ਼ਾਂਤੀ ਦਾ ਛਾਇਵਾਨ (ਚੰਦੋਆ) ਹੈ, ਸੰਤੋਖ ਦੀ [ਸਰਾਇਚਉ] ਕਨਾਤ ਅਤੇ ਸੀਲ ਦੀ ਸੰਜੋਇ ਸੋਭਦੀ ਹੈ।

**ਗੁਰ ਸਬਦਿ ਸਮਾਚਰਿਓ ਨਾਮੁ ਟੇਕ ਸੰਗਾਦਿ ਬੋਹੈ ॥**

ਗੁਰਾਂ ਦੇ ਉਪਦੇਸ਼ (ਰੂਪ ਫੌਜ) [ਸਮਾਚਰਿਓ] 'ਕੱਠੀ ਕੀਤੀ ਹੈ, ਨਾਮ ਦਾ ਜਪਣਾ ਹੀ (ਕਿਲ੍ਹੇ ਦੀ) ਓਟ (ਹੈ, ਅਤੇ) ਆਦਿ (ਰੂਪ ਨਿਰੰਕਾਰ ਨੂੰ ਆਪਣੇ) ਸੰਗ (ਜਾਨਣਾ ਹੀ) [ਬੋਹੈ] ਸੁਗੰਧੀ (ਸਰੀਰ) ਉਤੇ ਲਾਈ ਹੈ (ਇਸ ਤਰ੍ਹਾਂ ਦੇ ਆਪ ਰਾਜੇ ਹੋ)।

**ਅਜੋਨੀਉ ਭਲ੍ਯੁ ਅਮਲੁ ਸਤਿਗੁਰ ਸੰਗਿ ਨਿਵਾਸੁ ॥**

ਜੂਨਾਂ ਤੋਂ ਰਹਿਤ ਨਿਰਮਲ [ਭਲ] ਗਿਆਨ ਸਤਿਗੁਰਾਂ ਦੇ ਨਾਲ ਵਸਦਾ ਹੈ।

**ਗੁਰ ਰਾਮਦਾਸ ਕਲ੍ਯੁਚਰੈ ਤੁਅ ਸਹਜ ਸਰੋਵਰਿ ਬਾਸੁ ॥੧੦॥**

ਕੱਲ (ਭੱਟ) ਕਹਿੰਦਾ ਹੈ, ਕਿ ਹੇ ਗੁਰੂ ਰਾਮਦਾਸ ਜੀ! ਸ਼ਾਂਤਿ ਦੇ ਸਰੋਵਰ (ਉਸ ਗਿਆਨ ਵਿਚ) ਤੁਹਾਡਾ ਵਾਸਾ ਹੈ ॥੧੦॥

SIKHBOOKCLUB.COM

**ਗੁਰੁ ਜਿਨ੍ ਕਉ ਸੁਪ੍ਰਸੰਨੁ ਨਾਮੁ ਹਰਿ ਰਿਦੈ ਨਿਵਾਸੈ ॥**

ਜਿਸ ਉਤੇ ਗੁਰੂ ਆਪ ਪ੍ਰਸੰਨ (ਹੋਇਆ ਹੈ, ਉਸ ਦੇ) ਹਿਰਦੇ ਵਿਚ ਹਰਿ ਨਾਮ ਵਸਦਾ ਹੈ।

**ਜਿਨ੍ ਕਉ ਗੁਰੁ ਸੁਪ੍ਰਸੰਨੁ ਦੁਰਤੁ ਦੂਰੰਤਰਿ ਨਾਸੈ ॥**

ਜਿਸ ਉਤੇ ਗੁਰੂ ਆਪ ਪ੍ਰਸੰਨ (ਹੋਇਆ ਹੈ, ਉਸ ਦੇ ਹਿਰਦੇ) ਵਿਚੋਂ ਪਾਪ ਨਸ ਕੇ ਦੂਰ ਹੋ ਜਾਂਦੇ ਹਨ।

**ਗੁਰੁ ਜਿਨ੍ ਕਉ ਸੁਪ੍ਰਸੰਨੁ ਮਾਨੁ ਅਭਿਮਾਨੁ ਨਿਵਾਰੈ ॥**

ਗੁਰੂ ਜਿਸ ਉਤੇ ਪ੍ਰਸੰਨ (ਹੋਇਆ ਹੈ, ਉਹ) ਆਦਰ ਤੇ [ਅਭਿਮਾਨੁ=ਅਪਿਮਾਨ] ਨਿਰਾਦਰੀ (ਦਾ ਖਿਆਲ ਹੀ) ਭੁਲਾ ਦੇਂਦਾ ਹੈ।

**ਜਿਨ੍ ਕਉ ਗੁਰੁ ਸੁਪ੍ਰਸੰਨੁ ਸਬਦਿ ਲਗਿ ਭਵਜਲੁ ਤਾਰੈ ॥**

ਜਿਸ ਉਤੇ ਗੁਰੂ ਪ੍ਰਸੰਨ (ਹੋਇਆ ਹੈ, ਉਹ ਉਨ੍ਹਾਂ ਦੇ) ਉਪਦੇਸ਼ (ਦੀ ਕਮਾਈ ਵਿਚ) ਲਗ ਕੇ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ।

**ਪਰਚਉ ਪ੍ਰਮਾਣੁ ਗੁਰ ਪਾਇਅਉ ਤਿਨ ਸਕਯਥਉ ਜਨਮੁ ਜਗਿ ॥**

(ਜਿਸ ਨੇ) ਗੁਰਾਂ (ਦੇ ਹੁਕਮ) ਮੰਨਣ (ਵਿਚ ਮਨ ਦਾ) ਪਰਚਾ ਪਾਇਆ ਹੈ, ਉਸਦਾ ਜਗਤ ਤੇ ਜਨਮਨਾ [ਸਕਯਥ] ਸਫਲਾ ਹੈ।

**ਸ੍ਰੀ ਗੁਰੂ ਸਰਣਿ ਭਜੁ ਕਲ੍ ਕਬਿ ਭੁਗਤਿ ਮੁਕਤਿ ਸਭ ਗੁਰੂ ਲਗਿ ॥੧੧॥**

ਹੇ ਕੱਲ ਕਵਿ! ਸ੍ਰੀ ਗੁਰੂ ਜੀ ਦੀ ਸ਼ਰਨੀਂ ਪਉ, (ਕਿਉਂਕਿ) ਭੁਗਤਿ ਮੁਕਤਿ (ਆਦਿਕ) ਸਭ (ਪਦਾਰਥ) ਗੁਰੂ (ਜੀ ਦੇ) ਚਰਨਾਂ ਵਿਚ ਹੀ ਹਨ ॥੧੧॥

**ਸਤਿਗੁਰਿ ਖੇਮਾ ਤਾਣਿਆ ਜੁਗ ਜੂਥ ਸਮਾਣੇ ॥**

ਸਤਿਗੁਰੂ (ਜੀ ਨੇ ਉਪਦੇਸ਼ ਰੂਪ ਐਡਾ) ਤੰਬੂ ਤਾਣਿਆ (ਹੈ, ਜਿਸ ਵਿਚ) [ਜੂਥ] ਅਨੇਕਾਂ ਜੁਗਾਂ (ਦੇ ਕਰਮ ਧਰਮ) ਸਮਾਏ ਹਨ।

**ਅਨਭਉ ਨੇਜਾ ਨਾਮੁ ਟੇਕ ਜਿਤੁ ਭਗਤ ਅਘਾਣੇ ॥**

(ਉਸ) ਗਿਆਨ ਦਾ ਨੇਜਾ ਤੇ ਨਾਮ ਦੀ ਢਾਲ ਹੈ, ਜਿਸ ਕਰਕੇ ਭਗਤ ਤ੍ਰਿਪਤ ਹੋ ਗਏ ਹਨ।

**ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ ॥**

(ਜਿਸ ਨਾਮ ਨੂੰ ਜਪ ਕੇ) ਗੁਰੂ ਨਾਨਕ (ਦੇਵ ਗੁਰੂ) ਅੰਗਦ (ਜੀ, ਗੁਰੂ) ਅਮਰਦਾਸ (ਜੀ ਅਤੇ ਹੋਰ ਅਨੇਕਾਂ) ਭਗਤ ਹਰੀ ਨਾਲ ਮਿਲ ਗਏ।

**ਇਹੁ ਰਾਜ ਜੋਗ ਗੁਰ ਰਾਮਦਾਸ ਤੁਮ੍ ਹੂ ਰਸੁ ਜਾਣੇ ॥੧੨॥**

ਹੇ ਗੁਰੂ ਰਾਮਦਾਸ, ਜੀ! ਇਸ (ਜਨਕ) ਗਿਆਨ ਦੇ ਰਾਜ ਦਾ ਰਸ ਤੁਸੀਂ ਜਾਣਦੇ ਹੋ ॥੧੨॥

**ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ॥**

SIKHBOOKCLUB.COM

ਗਿਆਨ ਉਸ ਨੂੰ (ਹੁੰਦਾ ਹੈ) ਜਿਸ ਨੇ [ਰਥੁ] ਸਵਾਸਾਂ ਨੂੰ [ਉਨਮਨਿ] ਤੁਰੀਆ ਪਦ ਵਿਚ ਟਿਕਾਉਣਾ ਜਾਣਿਆ ਹੈ।

**ਸਤੁ ਸੰਤੋਖੁ ਸਮਾਚਰੇ ਅਭਰਾ ਸਰੁ ਭਰਿਆ॥**

ਸਤਿ, ਸੰਤੋਖ (ਆਦਿਕ ਗੁਣਾਂ ਨੂੰ) 'ਕੱਠਿਆਂ ਕਰਕੇ (ਉਸਨੇ ਆਪਣੇ ਅੰਤਹ ਕਰਨ ਰੂਪ) ਖਾਲੀ ਤਲਾਵ ਨੂੰ ਭਰ ਲਿਆ ਹੈ।

**ਅਕਥ ਕਥਾ ਅਮਰਾ ਪੁਰੀ ਜਿਸੁ ਦੇਇ ਸੁ ਪਾਵੈ ॥**

(ਸਾਧ ਸੰਗਤਿ ਰੂਪ) [ਅਮਰਾ] ਦੇਵ ਪੁਰੀ ਦੀ ਕਥਾ ਅਕਥ (ਹੈ, ਉਸ ਦੀ ਵਿਚਾਰ ਜਿਸ ਨੂੰ (ਤੁਸੀਂ) ਦੇਂਦੇ ਹੋ, ਉਹ ਲੈਂਦਾ ਹੈ।

**ਇਹੁ ਜਨਕ ਰਾਜੁ ਗੁਰ ਰਾਮਦਾਸ ਤੁਝ ਹੀ ਬਣਿ ਆਵੈ ॥੧੩॥**

ਹੇ ਗੁਰੂ ਰਾਮਦਾਸ ਜੀ! ਇਹ ਗਿਆਨ ਦਾ ਰਾਜ ਤੁਹਾਨੂੰ ਹੀ ਸੋਭ ਰਿਹਾ ਹੈ ॥੧੩॥

**ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ**
**ਤਿਨ੍ ਜਨ ਦੁਖ ਪਾਪੁ ਕਹੁ ਕਤ ਹੋਵੈ ਜੀਉ॥**

(ਜੋ) ਸਤਿਗੁਰਾਂ (ਦੇ ਬਖਸ਼ੇ) ਨਾਮ ਨੂੰ ਮਨ ਵਿਚ ਦ੍ਰਿੜ ਕਰਕੇ ਸੁਰਤਿ ਨਾਲ ਇਕ ਨੂੰ ਜਪਦਾ ਹੈ, ਦੱਸੋ,

ਉਸ ਪੁਰਸ਼ ਨੂੰ ਦੁਖ ਤੇ ਪਾਪ ਕਦ ਹੁੰਦਾ ਹੈ ?

**ਤਾਰਣ ਤਰਣ ਖਿਨ ਮਾਤ੍ਰ ਜਾ ਕਉ ਦ੍ਰਿਸ੍ਟਿ ਧਾਰੈ**
**ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ ॥**

ਤਾਰਨੇ (ਵਾਲੇ) ਜਹਾਜ (ਰੂਪ ਗੁਰੂ) ਜਿਸ ਨੂੰ ਖਿਨ ਭਰ (ਵੀ ਕ੍ਰਿਪਾ) ਦ੍ਰਿਸ਼ਟ ਕਰਦਾ ਹੈ (ਉਹ) ਹਿਰਦੇ ਵਿਚ ਸ਼ਬਦ ਦੀ ਵਿਚਾਰ ਕਰਕੇ ਕਾਮ ਤੇ ਕਰੋਧ ਨੂੰ ਨਾਸ ਕਰ ਲੈਂਦਾ ਹੈ।

**ਜੀਅਨ ਸਭਨ ਦਾਤਾ ਅਗਮ ਗ੍ਯਾਨ ਬਿਖ੍ਯਾਤਾ**
**ਅਹਿਨਿਸਿ ਧ੍ਯਾਨ ਧਾਵੈ ਪਲਕ ਨ ਸੋਵੈ ਜੀਉ ॥**

(ਜੋ) ਸਾਰੇ ਜੀਵਾਂ ਦਾ ਦਾਤਾ ਅਗਮ ਗਯਾਨ ਕਰਕੇ [ਬਿਖ੍ਯਾਤਾ] ਪ੍ਰਗਟ ਹੁੰਦਾ ਹੈ, ਦਿਨ ਰਾਤ (ਉਸਦੇ) ਧਿਆਨ ਲਗੇ (ਰਹਿੰਦੇ ਹਨ) ਪਲ ਭਰ ਭੀ ਨਹੀਂ ਸੌਂਦੇ।

**ਜਾ ਕਉ ਦੇਖਤ ਦਰਿਦ੍ਰੁ ਜਾਵੈ ਨਾਮੁ ਸੋ ਨਿਧਾਨੁ ਪਾਵੈ**
**ਗੁਰਮੁਖਿ ਗ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ ॥**

ਜਿਸਨੂੰ ਵੇਖਦਿਆਂ ਦਰਿਦਰ ਮਿਟ ਜਾਂਦਾ ਹੈ, ਉਹ ਨਾਮ-ਖਜ਼ਾਨਾ (ਤੁਸਾਂ ਪਾਇਆ ਹੈ, ਹੇ ਗੁਰਮੁਖ! (ਤੁਹਾਡਾ ਬਖਸ਼ਿਆ) ਗਿਆਨ (ਜਗਯਾਸੂ ਦੇ ਹਿਰਦੇ ਵਿਚੋਂ) ਖੋਟੀ ਮੱਤ ਰੂਪ ਮੈਲ ਦੂਰ ਕਰ ਦੇਂਦਾ ਹੈ।

**ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜ੍ਹ**
**ਤਿਨ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ ॥੧॥**

(ਜੋ) ਸਤਿਗੁਰਾਂ (ਦੇ ਬਖਸ਼ੇ) ਨਾਮ ਨੂੰ ਮਨ ਵਿਚ ਦ੍ਰਿੜ (ਕਰਕੇ) ਸੁਰਤ ਨਾਲ ਇਕ ਨੂੰ ਜਪਦਾ ਹੈ, ਦਸੋ ਉਸ ਪੁਰਸ਼ ਨੂੰ ਦੁਖ ਪਾਪ ਕਦ ਹੁੰਦਾ ਹੈ ?

**ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥**

ਪੂਰੇ ਸਤਿਗੁਰਾਂ (ਦੇ ਉਪਦੇਸ਼ ਕਰਕੇ) ਕਰਮ ਤੇ ਧਰਮ ਮਿਲਦਾ ਹੈ।

**ਜਾ ਕੀ ਸੇਵਾ ਸਿਧ ਸਾਧ ਮੁਨਿ ਜਨ ਸੁਰਿ ਨਰ ਜਾਚਹਿ**
**ਸਬਦ ਸਾਰੁ ਏਕ ਲਿਵ ਲਾਈ ਹੈ ॥**

ਜਿਸ ਦੀ ਸੇਵਾ ਸਿਧ, ਸਾਧ, ਮੁਨੀ, ਦਾਸ, ਦੇਵਤੇ ਤੇ ਮਨੁਖ ਮੰਗਦੇ ਹਨ ਤੇ ਜਿਸ ਨੇ ਇਕ ਸਾਰ [ਸਬਦ] ਨਿਰੰਕਾਰ ਵਿਚ ਸੁਰਤ ਲਾਈ ਹੋਈ ਹੈ।

**ਫੁਨਿ ਜਾਨੈ ਕੋ ਤੇਰਾ ਅਪਾਰੁ ਨਿਰਭਉ ਨਿਰੰਕਾਰੁ**
**ਅਕਥ ਕਥਨਹਾਰੁ ਤੁਝਹਿ ਬੁਝਾਈ ਹੈ ॥**

ਫਿਰ ਤੇਰੇ ਪਾਰ ਉਰਾਰ ਨੂੰ ਕੌਣ ਜਾਣ ਸਕਦਾ ਹੈ ? (ਕਿਉਂਕਿ ਜੋ) ਨਿਰੰਕਾਰ ਨਿਰਭਉ (ਹੈ, ਅਤੇ ਜਿਸ ਦੀ ਕਥਾ ਅਕਥ) ਹੈ, ਉਸ ਦੀ ਬੂਝ ਤੈਨੂੰ ਆ ਗਈ ਹੈ।

Sri Satguru Jagjit Singh Ji eLibrary NamdhariElibrary@gmail.com

**ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ**
**ਜਮ ਕੋ ਨ ਡੰਡ ਕਾਲ ਗੁਰਮਤਿ ਧ੍ਯਾਈ ਹੈ ॥**

ਹੇ ਸੰਸਾਰ ਦੇ ਭਰਮ ਵਿਚ ਭੁਲੇ ਜੀਵ! ਗੁਰ ਸਿਖਯਾ ਨੂੰ ਧਿਆਵੇਂ ਤਾਂ ਕਾਲ ਦੀ [ਸੰਘਾਰ] ਮਾਰ (ਤੋਂ ਬਚ ਕੇ) ਜੂਨਾਂ (ਦੇ ਦੁਖ ਤੋਂ) ਬਚ ਜਾਵੇਂਗਾ, ਅਤੇ ਜਮਾਂ ਦਾ ਡੰਡਾ ਭੀ, ਨਾ ਖਾਏਂਗਾ।

**ਮਨ ਪ੍ਰਾਣੀ ਮੁਗਧ ਬੀਚਾਰੁ ਅਹਿਨਿਸਿ ਜਪੁ**
**ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥੨॥**

ਹੇ ਮੂਰਖ ਪ੍ਰਾਣੀ! ਮਨ ਵਿਚ ਵਿਚਾਰ (ਕਰ, ਅਤੇ) ਦਿਨ ਰਾਤ (ਨਾਮ) ਜਪ, ਧਰਮ ਪੂਰੇ ਸਤਿਗੁਰਾਂ (ਦੇ ਉਪਦੇਸ਼ ਕਰਕੇ) ਪਾਈਦਾ ਹੈ ॥੨॥

**ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ ॥**

ਮੈਂ ਸਤਿਗੁਰਾਂ ਦੇ ਸੱਚੇ ਨਾਮ ਉਪਰੋਂ ਬਲਿਹਾਰ ਬਲਿਹਾਰ ਜਾਂਦਾ ਹਾਂ।

**ਕਵਨ ਉਪਮਾ ਦੇਉ ਕਵਨ ਸੇਵਾ ਸਰੇਉ**
**ਏਕ ਮੁਖ ਰਸਨਾ ਰਸਹੁ ਜੁਗ ਜੋਰਿ ਕਰ ॥**

(ਤੁਹਾਨੂੰ) ਕਿਸ ਦੀ ਉਪਮਾ ਦੇਵਾਂ ? (ਆਪਦੀ) ਕੇਹੜੀ ਸੇਵਾ ਕਰਾਂ ? [ਜੁਗ] ਦੋਵੇਂ ਹੱਥ ਜੋੜਕੇ ਮੂੰਹੋਂ ਇਕ (ਤੇਰਾ ਨਾਮ ਜਪਕੇ ਹੀ) ਰਸ ਲੈਂਦਾ ਹਾਂ।

SIKHBOOKCLUB.COM

**ਫੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ**
**ਨਾਮੁ ਸੋ ਅਪਾਰੁ ਸਾਰੁ ਦੀਨੋ ਗੁਰਿ ਰਿਦ ਧਰ ॥**

ਫਿਰ ਮਨ ਬਾਣੀ (ਸਰੀਰ ਕਰਕੇ ਉਸਨੂੰ ਹੀ) ਜਾਣਦਾ ਹਾਂ, ਹੋਰ ਕਿਸੇ ਨੂੰ ਨਹੀਂ ਮੰਨਿਦਾ, ਉਸ ਅਪਾਰ (ਦਾ ਨਾਮ ਜੋ) ਗੁਰਾਂ ਨੇ ਦਿੱਤਾ ਹੈ, (ਉਸ) ਸਾਰ (ਵਸਤੂ ਨੂੰ) ਹਿਰਦੇ ਵਿਚ ਧਾਰਿਆ (ਹੋਇਆ ਹੈ)।

**ਨਲੵ ਕਵਿ ਪਾਰਸ ਪਰਸ ਕਚ ਕੰਚਨਾ ਹੁਇ**
**ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ ॥**

ਨੱਲ ਕਵਿ (ਕਹਿੰਦਾ ਹੈ, ਗੁਰੂ ਰੂਪ) ਪਾਰਸ ਨੂੰ ਪਰਸ ਕੇ ਕੱਚ ਤੋਂ ਸੋਨਾ ਹੋ ਗਿਆ ਹਾਂ ਅਤੇ ਜਿਸ ਦਾ ਸਿਮਰਨ ਕਰਦਿਆਂ (ਮੈਂ) [ਅਨ ਤਰ] ਹੋਰ ਦਰੱਖਤ ਤੋਂ ਸੁੰਦਰ ਵਾਸ਼ਨਾ ਵਾਲਾ ਚੰਦਨ ਹੋ ਗਿਆ ਹਾਂ।

**ਜਾ ਕੇ ਦੇਖਤ ਦੁਆਰੇ ਕਾਮ ਕ੍ਰੋਧ ਹੀ ਨਿਵਾਰੇ ਜੀ**
**ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ ॥੩॥**

ਜਿਸ ਦਾ ਦਰਬਾਰ ਵੇਖਦਿਆਂ ਹੀ ਕਾਮ ਕ੍ਰੋਧ ਨਵਿਰਤ ਹੋ ਗਿਆ ਹੈ, ਮੈਂ ਉਸ ਗੁਰੂ ਜੀ ਦੇ ਸੱਚੇ ਨਾਮ ਉਪਰੋਂ ਬਲਿਹਾਰ ਬਲਿਹਾਰ ਜਾਂਦਾ ਹਾਂ ॥੩॥

**ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥**

ਰਾਜ ਤੇ ਜੋਗ ਦਾ ਤਖਤ ਗੁਰੂ ਰਾਮਦਾਸ ਜੀ ਨੂੰ ਮਿਲਿਆ ਹੈ ।

**ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ**
**ਤਾਰਨਿ ਮਨੁਖ੍ ਜਨ ਕੀਅਉ ਪ੍ਰਗਾਸ ॥**

ਪਹਿਲੇ (ਗੁਰੂ) ਨਾਨਕ (ਜੀ ਰੂਪ) ਚੰਦ੍ਰਮਾ (ਚੜ੍ਹਿਆ, ਜਿਸ ਦੇ ਦਰਸ਼ਨ ਤੋਂ ਸਾਰੇ) ਜਗਤ ਨੂੰ ਅਨੰਦ ਹੋਇਆ, ਮਾਨੋ ਮਨੁਖਾਂ ਨੂੰ ਤਾਰਨ ਲਈ ਹੀ ਪ੍ਰਕਾਸ਼ ਕੀਤਾ ਹੈ ।

**ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ**
**ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ ॥**

(ਗੁਰੂ ਨਾਨਕ ਜੀ ਨੇ) ਅਕਥ ਦੀ ਕਥਾ ਦੇ ਗਿਆਨ ਦਾ ਖਜ਼ਾਨਾ ਗੁਰੂ ਅੰਗਦ (ਦੇਵ ਜੀ ਨੂੰ) ਦਿੱਤਾ, (ਜਿਸ ਗਿਆਨ ਨੂੰ ਪਾ ਕੇ ਉਨ੍ਹਾਂ ਨੇ) ਪੰਜਾਂ (ਭੂਤ) ਤੱਤਾਂ (ਦੀ ਸਤੋ ਅੰਸ ਰੂਪ ਮਨ ਨੂੰ) ਵਸ ਕਰ ਲਿਆ ਹੈ, ਜਿਸ ਕਰਕੇ ਜਮ੍ਹਾਂ ਦਾ ਡਰ ਨਾ ਰਿਹਾ ।

**ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ**
**ਅਘਨ ਦੇਖਤ ਗਤੁ ਚਰਨ ਕਵਲ ਜਾਸ ॥**

ਸਤਿਗੁਰੂ (ਅੰਗਦ ਦੇਵ ਜੀ ਨੇ) ਗੁਰੂ ਅਮਰ ਦਾਸ ਜੀ ਨੂੰ) (ਸ੍ਰੀ) ਸ਼ੋਭਾ (ਬਖਸ਼ੀ ਜਿਨ੍ਹਾਂ ਨੇ) ਕਲਿਜੁਗ (ਵਿਚ ਦਾਸਾਂ ਦੀ) ਇੱਜ਼ਤ ਰੱਖੀ ਹੈ, ਜਿਨ੍ਹਾਂ ਦੇ ਚਰਨ ਕਵਲਾਂ ਨੂੰ ਵੇਖਦਿਆਂ ਹੀ [ਅਘਨ ਗਤੁ] ਪਾਪਾਂ ਦਾ ਨਾਸ ਹੋ ਗਿਆ ਹੈ ।

**ਸਭ ਬਿਧਿ ਮਾਨ੍ਯਿਉ ਮਨੁ ਤਬ ਹੀ ਭਯਉ ਪ੍ਰਸੰਨੁ**
**ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥੪॥**

ਸਭ ਤਰ੍ਹਾਂ ਕਰਕੇ (ਗੁਰਾਂ ਦਾ ਹੁਕਮ) ਮੰਨਿਆਂ, ਤਦ (ਗੁਰੂ ਅਮਰ ਦਾਸ ਜੀਦੇ) ਮਨ ਨੂੰ ਅਨੰਦ ਹੋਇਆ (ਤਾਂ ਉਨ੍ਹਾਂ ਨੇ) ਰਾਜ ਤੇ ਜੋਗ ਦਾ ਤਖਤ ਗੁਰੂ ਰਾਮਦਾਸ (ਜੀ ਨੂੰ) ਦਿੱਤਾ ਹੈ ॥੪॥

**ਰਡ ॥ ਜਿਸਹਿ ਧਾਰ੍ਯਿਉ ਧਰਤਿ ਅਰੁ ਵਿਉਮੁ ਅਰੁ ਪਵਣੁ ਤੇ ਨੀਰ ਸਰ**
**ਅਵਰ ਅਨਲ ਅਨਾਦਿ ਕੀਅਉ ॥**

ਜਿਸ ਨੇ ਧਰਤੀ [ਵਿਉਮੁ] ਅਕਾਸ਼ ਤੇ [ਨੀਰ ਸਰ] ਸਮੁੰਦਰ ਨੂੰ ਟਿਕਾਇਆ ਹੈ, ਅਤੇ [ਅਨਲ] ਅੱਗ ਤੇ ਅੰਨ ਆਦਿਕ (ਪਦਾਰਥ ਪੈਦਾ) ਕੀਤੇ ਹਨ ।

**ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੁਲ ਦੀਅਉ ॥**

(ਜਿਸਨੇ) ਚੰਦ੍ਰਮਾ, ਤਾਰੇ, ਰਾਤ, ਸੂਰਜ, ਦਿਨ, ਪਹਾੜ ਤੇ ਦਰਖਤ (ਬਣਾ ਕੇ ਕਈਆਂ ਨੂੰ) ਫਲ (ਤੇ ਕਈਆਂ ਨੂੰ) ਫੁਲ ਲਾ ਦਿਤੇ ਹਨ ।

**ਸੁਰਿ ਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ ॥**

ਦੇਵਤੇ, ਮਨੁਖ ਤੇ ਸਤ ਸਮੁੰਦਰ ਬਣਾਏ ਹਨ, ਅਤੇ ਜਿਸ ਨੇ ਤਿੰਨੇ ਲੋਕ ਟਿਕਾ ਰਖੇ ਹਨ।

**ਸੋਈ ਏਕੁ ਨਾਮੁ ਹਰਿ ਨਾਮੁ ਸਤਿ ਪਾਇਓ ਗੁਰ ਅਮਰ ਪ੍ਰਗਾਸੁ ॥੧॥੫॥**

ਉਸੇ ਇਕ ਹਰੀ ਦਾ ਸਤਿਨਾਮ ਗੁਰੂ ਅਮਰ (ਦਾਸ ਜੀ ਪਾਸੋਂ ਤੁਸਾਂ) ਪਾਇਆ ਹੈ, (ਜਿਸ) ਨਾਮ (ਦੇ ਜਪਣ ਕਰਕੇ ਆਪ ਨੂੰ) ਗਿਆਨ (ਹੋ ਗਿਆ ਹੈ) ॥੧॥੫॥

**ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥**

(ਜਿਸ ਨੇ) ਗੁਰਾਂ ਦਾ ਉਪਦੇਸ਼ ਕੰਨੀਂ ਸੁਣਿਆ ਹੈ, ਉਹ ਕੱਚ ਤੋਂ [ਕੰਚਨੁ] ਸੋਨਾ ਹੋ ਗਿਆ ਹੈ।

**ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥**

(ਜਿਸ ਨੇ) ਮੂੰਹੋਂ ਸਤਿਗੁਰਾਂ ਦਾ ਨਾਮ ਜਪਿਆ ਹੈ, ਉਹ ਜ਼ਹਿਰ ਤੋਂ ਅੰਮ੍ਰਿਤ ਹੋ ਗਿਆ ਹੈ।

**ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥**

ਜਦ ਸਤਿਗੁਰਾਂ (ਨੇ ਕ੍ਰਿਪਾ ਦੀ) ਨਜ਼ਰ ਕੀਤੀ, ਤਾਂ ਲੋਹ ਤੋਂ ਲਾਲ ਹੋ ਗਿਆ ਹੈ।

**ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥**

(ਜਦ) ਗੁਰਾਂ ਦੇ ਗਿਆਨ ਦਾ ਬੀਚਾਰ ਕਿਹਾ (ਤਾਂ ਉਸ ਨੇ) ਪੱਥਰ ਤੋਂ ਮਾਣਕ ਕਰ ਦਿੱਤਾ।

**ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥**

ਸਤਿਗੁਰਾਂ ਨੇ ਕਾਠ ਤੋਂ [ਸ੍ਰੀ ਖੰਡ] ਚੰਦਨ ਕਰ ਦਿੱਤਾ ਹੈ, (ਜੋ ਗੁਰੂ ਜੀ ਦੀ ਚਰਨੀਂ ਪਏ ਹਨ) ਉਨ੍ਹਾਂ ਦੇ ਦੁਖ ਦਰਿਦਰ ਮਿਟ ਗਏ ਹਨ।

**ਸਤਿਗੁਰੂ ਚਰਨ ਜਿਨ੍ ਪਰਸਿਆ**
**ਸੇ ਪਸੁ ਪਰੇਤ ਸੁਰਿ ਨਰ ਭਇਅ ॥੨॥੬॥**

ਜਿਨ੍ਹਾਂ ਨੇ ਸਤਿਗੁਰਾਂ ਦੇ ਚਰਨਾਂ ਨੂੰ ਪਰਸਿਆ ਹੈ, ਉਹ ਪਸ਼ੂ ਤੋਂ ਮਨੁਖ ਤੇ ਪ੍ਰੇਤ ਤੋਂ ਦੇਵਤਾ ਹੋ ਗਏ ਹਨ ॥੨॥੬॥

**ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ ॥**

ਜਿਸਦੇ ਵੱਲ ਗੁਰੂ ਜੀ ਹੋਣ ਉਸ ਨੂੰ ਧਨ ਦੀ ਕੀ [ਗਾਰਵ] ਵਡਿਆਈ ਦੇਣੀ ਹੈ?

**ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥**

ਜਿਸ ਦੇ ਵੱਲ ਗੁਰੂ ਜੀ ਹੋਣ, ਲੱਖਾਂ ਬਾਹੀਆਂ (ਵਾਲਾ ਭੀ ਉਸ ਦਾ) ਕੀ (ਨੁਕਸਾਨ) ਕਰ ਸਕੇਗਾ?

**ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ ॥**

ਜਿਸ ਦੇ ਵੱਲ ਗੁਰੂ ਜੀ ਹੋਣ, (ਉਹ) ਗਿਆਨ ਤੇ ਧਿਆਨ ਵਿਚ ਅਨਿੰਨ ਰਹਿੰਦਾ ਹੈ।

**ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ ॥**

ਜਿਸ ਦੇ ਵੱਲ ਗੁਰੂ ਜੀ ਹੁੰਦੇ (ਹਨ), ਉਹ (ਸਾਧ ਸੰਗਤਿ ਰੂਪ) ਸੱਚ ਘਰ ਵਿਚ (ਜਾ ਕੇ) ਸਬਦ ਸਾਖੀ

Sri Satguru Jagjit Singh Ji eLibrary NamdhariElibrary@gmail.com

(ਕਰਦਾ ਸੁਣਦਾ ਹੈ)।

**ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ ॥**

ਦਾਸ ਭੱਟ ਬੇਨਤੀ ਕਹਿੰਦਾ ਹੈ ਕਿ ਜੋ ਦਿਨ ਰਾਤ ਗੁਰੂ ਗੁਰੂ ਜਪਦੇ ਹਨ ਅਤੇ—

**ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ ॥੩॥੭॥**

ਜੋ ਗੁਰੂ ਜੀ ਦਾ ਨਾਮ ਹਿਰਦੇ ਵਿਚ ਧਾਰਦਾ ਹੈ, ਉਹ ਜਨਮ ਮਰਣ (ਰੂਪ) ਦੋਹਾਂ (ਦੁੱਖਾਂ) ਤੋਂ ਰਹਿ ਜਾਂਦਾ ਹੈ ॥੩॥੭॥

**ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥**

ਗੁਰੂ ਤੋਂ ਬਿਨਾਂ (ਮਨ ਵਿਚ) ਵੱਡਾ ਹਨੇਰਾ (ਰਹਿੰਦਾ ਹੈ, ਅਤੇ) ਗੁਰੂ ਤੋਂ ਬਿਨਾਂ (ਪ੍ਰਮਾਰਥ ਦੀ) ਸਮਝ ਨਹੀਂ ਆਉਂਦੀ।

**ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥**

ਗੁਰੂ ਤੋਂ ਬਿਨਾਂ ਸੁਰਤ ਨਹੀਂ, ਸਿਧੀ ਨਹੀਂ ਅਤੇ ਗੁਰੂ ਤੋਂ ਬਿਨਾਂ ਮੁਕਤੀ ਨਹੀਂ ਪਾ ਸਕਦਾ।

**ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥**

ਹੇ ਮੇਰੇ ਮਨ! ਗੁਰੂ ਨੂੰ (ਧਾਰਨ) ਕਰ ਅਤੇ ਵਿਚਾਰ ਕੇ ਸੱਚਾ ਗੁਰੂ (ਧਾਰਨ) ਕਰ।

**ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ ॥**

ਸ਼ਬਦ ਵਿਚ ਸਪੁੰਨ ਗੁਰੂ ਨੂੰ (ਧਾਰਨ) ਕਰ, ਤਦ ਤੇਰੇ ਸਾਰੇ ਪਾਪ ਕੱਟੇ ਜਾਣਗੇ।

**ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ੍ਯ ਕਹਿ ॥**

ਨੱਲ ਕਵਿ ਕਹਿੰਦਾ ਹੈ, ਕਿ ਅੱਖਾਂ ਨਾਲ ਗੁਰੂ (ਦਰਸ਼ਨ ਕਰ ਅਤੇ) ਜੀਭ ਨਾਲ ਗੁਰੂ ਗੁਰੂ ਦਾ ਜਾਪ ਕਰ।

**ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ ॥੪॥੮॥**

ਜਿਸ ਨੇ ਗੁਰੂ ਦਾ ਦਰਸ਼ਨ ਨਹੀਂ ਕੀਤਾ, ਨਾ ਹੀ ਗੁਰੂ ਨੂੰ (ਧਾਰਨ) ਕੀਤਾ ਹੈ, (ਉਸ ਦਾ) ਸੰਸਾਰ ਵਿਚ (ਔਣਾ ਹੀ) [ਅਕਯਥ] ਵਿਅਰਥ ਹੈ ॥੪॥੮॥

**ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥**

ਹੇ ਮੇਰੇ ਮਨ! ਗੁਰੂ-ਗੁਰੂ (ਉਚਾਰਨ) ਕਰ।

**ਤਾਰਣ ਤਰਣ ਸਮ੍ਰਥੁ ਕਲਿਜੁਗਿ ਸੁਨਤ ਸਮਾਧਿ ਸਬਦ ਜਿਸੁ ਕੇਰੇ ॥**

(ਜੋ) ਕਲਿਜੁਗ (ਵਿਚ) ਤਾਰਣ (ਦੀ) ਸਮਰਥਾ (ਵਾਲਾ) ਜਹਾਜ਼ ਹੈ, ਅਤੇ ਜਿਸ ਦੇ ਉਪਦੇਸ਼ ਨੂੰ ਸੁਣਦਿਆਂ ਹੀ ਸਮਾਧੀ ਲੱਗ ਜਾਂਦੀ ਹੈ।

**ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ**

**ਜੋ ਧਰਤ ਧਿਆਨੁ ਬਸਤ ਤਿਹ ਨੇਰੇ ॥**

ਫਿਰ ਦੁੱਖਾਂ ਦਾ ਨਾਸ ਕਰਦਾ ਹੈ, ਸੁਖ ਦੇਣ ਵਾਲਾ ਸੂਰਮਾ ਹੈ, ਅਤੇ ਜੋ (ਉਸ ਦਾ) ਧਿਆਨ ਧਰਦਾ ਹੈ, ਉਸ ਦੇ (ਉਹ) ਨੇੜੇ ਵਸਦਾ ਹੈ।

**ਪੂਰਉ ਪੁਰਖੁ ਰਿਦੈ ਹਰਿ ਸਿਮਰਤ ਮੁਖੁ ਦੇਖਤ ਅਘ ਜਾਹਿ ਪਰੇਰੇ ॥**

(ਅਤੇ) ਹਿਰਦੇ (ਵਿਚ) ਪੂਰਨ ਪੁਰਖ ਹਰੀ (ਦਾ) [ਸਿਮਰਤ] ਸਿਮਰਤੀ ਗਿਆਨ (ਪੈਦਾ ਹੋ ਜਾਂਦਾ ਹੈ, ਅਤੇ) ਦਰਸ਼ਨ ਕਰਦਿਆਂ ਪਾਪ ਦੂਰ ਹੋ ਜਾਂਦੇ ਹਨ।

**ਜਉ ਹਰਿ ਬੁਧਿ ਰਿਧਿ ਸਿਧਿ ਚਾਹਤ**
**ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥੫॥੯॥**

ਹੇ ਹਰੀ ਦਾ [ਬੁਧਿ=ਬੋਧ] ਗਿਆਨ ਤੇ ਰਿਧੀ ਸਿਧੀ ਚਾਹੁੰਦਾ ਹੈ ਤਾਂ ਹੇ ਮੇਰੇ ਮਨ! ਗੁਰੂ-ਗੁਰੂ (ਹੀ ਉਚਾਰਨ ਕਰ) ॥੫॥੯॥

**ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥**

ਗੁਰਾਂ ਦਾ ਦਰਸ਼ਨ ਕਰਕੇ [ਗਰੂ] ਮਹਾਨ ਸੁਖ ਪਾਇਆ ਹੈ।

**ਹੁਤੀ ਜੁ ਪਿਆਸ ਪਿਊਸ ਪਿਵੰਨ ਕੀ**
**ਬੰਛਤ ਸਿਧਿ ਕਉ ਬਿਧਿ ਮਿਲਾਯਉ ॥**

ਜੋ [ਪਿਊਸ] ਅੰਮ੍ਰਿਤ ਪੀਣ ਦੀ ਤੇਹ ਸੀ (ਸੋ ਮਿਟ ਗਈ, ਕਿਉਂਕਿ) [ਬੰਛਤ] ਚਾਹੁੰਦੀ [ਸਿਧਿ] ਵਸਤੂ [ਬਿਧਿ] ਕਰਤਾਰ ਨੇ ਮਿਲਾ ਦਿੱਤੀ ਹੈ।

**ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ ॥**

ਜੋ ਰਸਾਂ ਦੀ ਵਾਸ਼ਨਾ ਨਾਲ (ਲਗ ਕੇ) ਦਸੇ ਦਿਸ਼ਾਂ ਵਿਚ ਦੌੜਿਆ (ਫਿਰਦਾ ਸੀ ਉਹ) ਮਨ ਪੂਰਨ [ਭੋ] ਹੋ ਕੇ ਟਿਕਾਨੇ (ਤੇ ਆ) ਵਸਿਆ।

**ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲੵਨ ਤੀਰਿ ਬਿਪਾਸ ਬਨਾਯਉ ॥**

ਜੱਲਨ (ਭੱਟ ਕਹਿੰਦਾ ਹੈ) ਬਿਆਸਾ ਦੇ ਕੰਢੇ (ਉਤੇ) ਬੈਕੁੰਠ ਦੇ ਸਮਾਨ ਗੋਇੰਦਵਾਲ ਵਸਾਇਆ ਹੈ।

**ਗਯਉ ਦੁਖੁ ਦੂਰਿ ਬਰਖਨ ਕੋ ਸੁ**
**ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥੬॥੧੦॥**

ਉਹ (ਨੇਕੜੇ) ਵਰ੍ਹਿਆਂ ਦਾ ਦੁਖ ਦੂਰ ਚਲਾ ਗਿਆ ਹੈ, ਗੁਰੂ ਜੀ ਦਾ ਦਰਸ਼ਨ ਵੇਖਦਿਆਂ ਹੀ ਵੱਡਾ ਸੁਖ ਪਾਇਆ ਹੈ ॥੬॥੧੦॥

**ਸਮਰਥ ਗੁਰੂ ਸਿਰਿ ਹਥੁ ਧਰੵਉ ॥**

ਸਮਰੱਥਾ (ਵਾਲੇ) ਗੁਰੂ (ਜੀ ਨੇ ਮੇਰੇ) ਸਿਰ ਉਤੇ (ਆਪਣਾ) ਹੱਥ ਧਰਿਆ ਹੈ।

## ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਉ ॥

(ਉਸ) ਗੁਰੂ ਨੇ ਕ੍ਰਿਪਾ ਕਰਕੇ ਹਰਿ ਨਾਮ (ਦਾ ਉਪਦੇਸ਼) ਦਿੱਤਾ ਹੈ; ਜਿਸ ਦੇ ਚਰਨਾਂ ਨੂੰ ਦੇਖਦਿਆਂ ਹੀ ਪਾਪ ਨਾਸ ਹੋ ਗਏ ਹਨ।

## ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ ਸੁਤੁ ਭਾਨ ਡਰ੍ਉ ॥

ਰਾਤ [ਬਾਸੁਰ] ਦਿਨ ਇਕ ਸਮਾਨ ਉਸ ਵਿਚ ਧਿਆਨ (ਲਗਾ ਰਹਿੰਦਾ ਹੈ; ਜਿਸ ਦਾ) ਨਾਮ ਸੁਣ ਕੇ [ਸੁਤ ਭਾਨ] ਸੂਰਜ ਦਾ ਪੁਤਰ (ਯਮ ਰਾਜ) ਡਰ ਗਿਆ ਹੈ।

## ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰ੍ਉ ॥

ਦਾਸ (ਭੱਟ) ਕਹਿੰਦਾ ਹੈ, ਉਸ ਜਗਤ ਗੁਰੂ ਦੀ ਆਸ ਰਖਦਾ ਹਾਂ, (ਜਿਸ) ਪਾਰਸ ਨੂੰ ਮਿਲ ਕੇ (ਜਗਯਾਸੂ ਭੀ) ਪਾਰਸ ਹੋ ਜਾਂਦਾ ਹੈ।

## ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰ੍ਉ ॥੭॥੧੧॥

(ਜਿਸ) ਗੁਰੂ ਰਾਮਦਾਸ ਜੀ ਨੇ ਹਰੀ ਨੂੰ ਪ੍ਰਗਟ ਕੀਤਾ ਹੈ, (ਉਸ) ਸਮਰੱਥ ਗੁਰੂ (ਨੇ ਮੇਰੇ) ਸਿਰ ਉਤੇ (ਆਪਣਾ) ਹੱਥ ਧਰਿਆ ਹੈ ॥੭॥੧੧॥

## ਅਬ ਰਾਖਹੁ ਦਾਸ ਭਾਟ ਕੀ ਲਾਜ ॥

SIKHBOOKCLUB.COM

(ਮੈਂ) ਦਾਸ ਭੱਟ ਦੀ ਲਜਾ ਹੁਣ ਰਖ ਲਉ!

## ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ ॥

ਜਿਸ ਤਰ੍ਹਾਂ ਪ੍ਰਹਿਲਾਦ ਭਗਤ ਦੀ ਲੱਜਾ ਰੱਖੀ ਸੀ ਤੇ ਹਰਨਾਖਸ਼ ਨੂੰ [ਕਰ ਆਜ=ਕਰ] (ਯੁਧ) ਨੌਂਹਾਂ ਨਾਲ ਹੀ ਪਾੜ ਦਿਤਾ ਸੀ।

## ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ ॥

ਹੇ ਹਰਿ ਪ੍ਰਭੂ ਜੀ! ਫਿਰ (ਜਿਵੇਂ) ਦਰੋਪਤੀ (ਦੀ) ਲੱਜਾ ਰੱਖੀ ਸੀ, (ਅਤੇ ਉਸ ਦੇ ਗਲੋਂ) ਉਤਰ ਰਹੇ ਕੱਪੜੇ ਬਹੁਤ ਸਾਰੇ ਬਣਾ ਦਿਤੇ ਸਨ।

## ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ ॥

ਸੁਦਾਮੇ ਨੂੰ ਬਿਪਤਾ ਤੋਂ (ਜਿਵੇਂ) ਬਚਾ ਲਿਆ ਸੀ, ਅਤੇ (ਜਿਵੇਂ ਤੋਤੇ ਨੂੰ) ਪੜ੍ਹਾਉਣ ਵਾਲੀ [ਗਨਕਾ] ਕੰਜਰੀ ਦੇ ਕੰਮ ਪੂਰੇ ਕੀਤੇ ਸਨ।

## ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ ॥੮॥੧੨॥

ਹੇ ਸ੍ਰੀ ਸਤਿਗੁਰੂ! (ਇਵੇਂ) ਆਪ ਪ੍ਰਸੰਨ ਹੋ ਕੇ (ਇਸ) ਕਲਜੁਗ (ਵਿਚ ਮੈਂ) ਦਾਸ ਭੱਟ ਦੀ ਲੱਜਾ ਰਖ ਲੈ ॥੮॥੧੨॥

Sri Satguru Jagjit Singh Ji eLibrary NamdhariElibrary@gmail.com

**ਝੋਲਨਾ ॥ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥**

ਹੇ ਪ੍ਰਾਣੀਓ! (ਹਰ ਵੇਲੇ) ਗੁਰੂ-ਗੁਰੂ, ਗੁਰੂ-ਗੁਰੂ, ਗੁਰੂ ਹੀ ਜਪੋ।

**ਸਬਦੁ ਹਰਿ ਹਰਿ ਜਪੈ ਨਾਮੁ ਨਵ ਨਿਧਿ ਅਪੈ**
**ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ ॥**

(ਗੁਰਾਂ ਦਾ) ਉਪਦੇਸ਼ (ਲੈ ਕੇ) ਨੌਂ ਨਿਧਿ (ਰੂਪ) ਹਰਿ ਹਰਿ ਨਾਮ [ਅਪੈ] ਅੰਮ੍ਰਿਤ ਨੂੰ ਜਪੋ, ਦਿਨ ਰਾਤ ਜੀਭ (ਨੂੰ ਇਸੇ) ਰਸ (ਵਿਚ ਲਾਉ, ਅਤੇ ਏਹੋ ਕੰਮ) ਸੱਚਾ ਕਰਕੇ ਜਾਣੋ।

**ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ**
**ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯ੍ਯਾਨੀਅਹੁ ॥**

ਅਤੇ (ਮਨ ਨੂੰ) ਪਰੇਮ ਦਾ ਰੰਗ ਚਾੜ੍ਹੋ, ਗੁਰਮੁਖ (ਹੋ ਕੇ ਗੁਰੂ ਨੂੰ) ਅਰਾਧੋ, ਹੋਰ ਰਸਤੇ ਛਡ ਦਿਓ, ਹੇ ਗਿਆਨੀਓ! ਹਰੀ ਨੂੰ ਹੀ ਜਪੋ।

**ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ**
**ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ ॥**

ਗੁਰਾਂ ਦੇ ਬਚਨ ਹਿਰਦੇ ਵਿਚ ਵਸਾਓ, [ਪੰਚ ਭੂ] ਮਨ ਕਾਬੂ ਕਰੋ, ਤਦ ਜਨਮ ਮਰਣ ਤੋਂ ਬਚ ਜਾਓਗੇ ਅਤੇ ਹਰੀ ਦੇ ਦਰਬਾਰ ਵਿਚ ਭੀ ਇੱਜ਼ਤ ਪਾਓਗੇ।

SIKHBOOKCLUB.COM

**ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ**
**ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥੧॥੧੩॥**

ਜੇਕਰ ਤੁਸੀਂ ਲੋਕ ਪ੍ਰਲੋਕ ਦੇ ਸਾਰੇ ਸੁਖ [ਬੰਛਵਹੁ] ਚਾਹੁੰਦੇ ਹੋ ਤਾਂ ਹੇ ਪ੍ਰਾਣੀਓ! (ਮਨ ਵਿਚ) ਗੁਰੂ-ਗੁਰੂ (ਦਾ ਚਿੰਤਨ ਕਰੋ, ਸਰੀਰ ਨਾਲ) ਗੁਰੂ (ਦੀ ਸੇਵਾ ਕਰੋ ਅਤੇ ਬਾਣੀ ਨਾਲ) ਗੁਰੂ-ਗੁਰੂ ਜਪੋ ॥੧॥੧੩॥

**ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪਿ ਸਤਿ ਕਰਿ ॥**

[ਸਤਿ] ਨਿਸਚਾ ਕਰਕੇ (ਮਨ ਵਿਚ) ਗੁਰੂ-ਗੁਰੂ ਸਿਮਰੋ, (ਸਰੀਰ ਨਾਲ) ਗੁਰੂ (ਜੀ ਦੀ ਸੇਵਾ ਕਰੋ, ਅਤੇ ਬਾਣੀ ਨਾਲ) ਗੁਰੂ-ਗੁਰੂ ਜਪੋ।

**ਅਗਮ ਗੁਨ ਜਾਨੁ ਨਿਧਾਨੁ ਹਰਿ ਮਨਿ ਧਰਹੁ ਧ੍ਯ੍ਯਾਨੁ**
**ਅਹਿਨਿਸਿ ਕਰਹੁ ਬਚਨ ਗੁਰ ਰਿਦੈ ਧਰਿ ॥**

ਹੇ ਹਰਿ ਜਨੋ! (ਜੋ) ਅਗਮ ਗੁਣਾਂ ਦਾ ਖਜ਼ਾਨਾ (ਹੈ, ਉਸ ਗੁਰੂ ਦਾ) ਮਨ ਵਿਚ ਧਿਆਨ ਧਰੋ, ਅਤੇ ਗੁਰੂ ਦੇ ਬਚਨ ਹਿਰਦੇ ਵਿਚ ਵਸਾਉ, ਦਿਨੇ ਰਾਤ (ਏਹ ਕੰਮ) ਕਰੋ।

**ਫੁਨਿ ਗੁਰੂ ਜਲ ਬਿਮਲ ਅਥਾਹ ਮਜਨੁ ਕਰਹੁ**
**ਸੰਤ ਗੁਰਸਿਖ ਤਰਹੁ ਨਾਮ ਸਚ ਰੰਗ ਸਰਿ ॥**

Sri Satguru Jagjit Singh Ji eLibrary NamdhariElibrary@gmail.com

ਹੇ ਸੰਤੋ ! ਫਿਰ ਗੁਰੂ (ਉਪਦੇਸ਼ ਰੂਪ) ਨਿਰਮਲ ਜਲ ਦਾ ਅਥਾਹ (ਸਮੁੰਦਰ ਹੈ, ਉਸ ਵਿਚ) ਇਸ਼ਨਾਨ ਕਰੋ, ਅਤੇ ਗੁਰੂ ਸਿਖਿਆ ਦੇ ਸਰੇਸ਼ਟ ਰੰਗ ਵਿਚ (ਰੰਗੇ ਜਾ ਕੇ) ਸੱਚ ਨਾਮ (ਜਪ ਕੇ ਵਿਸ਼ੇ ਵਾਸ਼ਨਾ ਰੂਪ) [ਸਰਿ] ਨਦੀ ਤੋਂ ਤਰ ਜਾਓਗੇ ।

**ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ**

**ਪ੍ਰੇਮ ਗੁਰ ਸਬਦ ਰਸਿ ਕਰਤ ਦ੍ਰਿੜੁ ਭਗਤਿ ਹਰਿ ॥**

ਗੁਰਾਂ ਦੇ ਉਪਦੇਸ਼ ਨਾਲ [ਰਸਿ] ਪ੍ਰੇਮ ਕਰਕੇ (ਮਨ ਨੂੰ) ਹਰਿ ਭਗਤੀ ਵਿਚ ਦ੍ਰਿੜ੍ਹ ਕਰਕੇ ਸਦਾ ਹੀ ਨਿਰਵੈਰ ਤੇ ਨਿਰਭਉ ਨਿਰੰਕਾਰ ਨੂੰ ਪ੍ਰੇਮ ਨਾਲ ਜਪੋ ।

**ਮੁਗਧ ਮਨ ਭ੍ਰਮੁ ਤਜਹੁ ਨਾਮੁ ਗੁਰਮੁਖਿ ਭਜਹੁ**

**ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਸਤਿ ਕਰਿ ॥੨॥੧੪॥**

ਹੇ ਮੂਰਖ ਮਨ ! ਭਰਮ ਛਡ ਦੇਹ ਅਤੇ ਗੁਰਮੁਖ (ਹੋ ਕੇ; ਮਨ, ਬਾਣੀ, ਸਰੀਰ ਕਰਕੇ) ਸਤਿਗੁਰੂ (ਜੀ ਦੇ) ਗੁਰੂ-ਗੁਰੂ ਨਾਮ ਨੂੰ ਜਪ ॥੨॥੧੪॥

**ਗੁਰੂ ਗੁਰ ਗੁਰੁ ਕਰਹੁ ਗੁਰੂ ਹਰਿ ਪਾਈਐ ॥**

ਗੁਰੂ (ਜੀ ਦਾ ਉਪਦੇਸ਼ ਲੈ ਕੇ) ਗੁਰੂ-ਗੁਰੂ, ਕਰੋ, ਹਰੀ ਮਿਲ ਪਏਗਾ ।

**ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ ਹਰਿ ਨਾਮ ਨਗ ਹੀਰ**

**ਮਣਿ ਮਿਲਤ ਲਿਵ ਲਾਈਐ ॥**

ਗੁਰੂ [ਗਹਿਰ] ਅਥਾਹ ਤੇ [ਗੰਭੀਰ] ਅਹਿਲ [ਉਦਧਿ] ਸਮੁੰਦਰ (ਹੈ, ਜਿਸ ਵਿਚ) ਹਰਿ ਨਾਮ (ਰੂਪ) [ਨਗ] ਮੋਤੀ ਹੀਰੇ ਤੇ ਮਣੀਆਂ ਬੇਅੰਤ (ਹਨ, ਪਰ ਗੁਰਾਂ ਨਾਲ) [ਲਿਵ] ਪ੍ਰੀਤ ਲਾਈਏ ਤਾਂ ਮਿਲਦੇ ਹਨ।

**ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ ਪਰਸ**

**ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ ॥**

ਫਿਰ ਗੁਰੂ [ਪਰਮਲ] ਚੰਦਨ (ਹੈ ਉਸਦੇ ਚਰਨੌਂ) ਪਰਸੀਏ (ਤਾਂ ਬ੍ਰਿਛ ਆਪਣੇ) [ਸਰਸ=ਸਦਰਸ] ਸਮਾਨ ਚੰਦਨ ਕਰ ਲੈਂਦੇ (ਹਨ ਅਤੇ) ਗੁਰੂ (ਪਾਰਸ ਹਨ, ਉਨ੍ਹਾਂ ਦੇ) ਉਪਦੇਸ਼ ਨੂੰ ਧਿਆਈਏ (ਤਾਂ) ਖੋਟੀ ਮਤ (ਰੂਪ) ਮੈਲ [ਹਿਰਤ] ਦੂਰ ਕਰਕੇ [ਕੰਚਨੁ] ਸੋਨਾ (ਸੁਧ) ਕਰ ਦੇਂਦੇ ਹਨ ।

**ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ**

**ਗ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ ॥**

ਜਿਸ ਗੁਰੂ ਦੇ ਦਰਬਾਰ ਵਿਚ ਨਿਰਮਲ (ਜਲ ਦੇ) ਸਮਾਨ ਗਿਆਨ (ਰੂਪ ਅੰਮ੍ਰਿਤ) ਦਾ ਪ੍ਰਵਾਹ ਸਦਾ ਵਗਦਾ ਰਹਿੰਦਾ ਹੈ, ਅਤੇ ਉਸ ਵਿਚ ਸੰਤ ਤੇ ਸਿਖ ਨ੍ਹਾਉਂਦੇ ਹਨ ।

**ਨਾਮੁ ਨਿਰਬਾਣੁ ਨਿਧਾਨੁ ਹਰਿ ਉਰਿ ਧਰਹੁ**

Sri Satguru Jagjit Singh Ji eLibrary NamdhariElibrary@gmail.com

**ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥੩॥੧੫॥**

(ਉਸ) ਗੁਰੂ (ਦੇ ਉਪਦੇਸ਼ ਨੂੰ ਧਾਰਨ ਕਰਕੇ) [ਨਿਰਬਾਣੁ] ਬੰਧਨਾਂ ਤੋਂ ਰਹਿਤ ਤੇ ਨਿਧੀਆਂ ਦੇ ਘਰ ਹਰੀ ਨੂੰ ਹਿਰਦੇ ਵਿਚ ਧਾਰੋ ਅਤੇ ਗੁਰੂ-ਗੁਰੂ ਨਾਮ (ਨੂੰ ਜਪੋ, ਤਦ) ਹਰੀ ਮਿਲ ਪਏਗਾ ॥੩॥੧੫॥

**ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ ॥**

ਹੇ ਮਨ! ਗੁਰੂ-ਗੁਰੂ (ਦਾ ਹੀ ਚਿੰਤਨ ਤੇ) ਗੁਰੂ-ਗੁਰੂ (ਏਹ) ਜਾਪ ਕਰ।

**ਜਾ ਕੀ ਸੇਵ ਸਿਵ ਸਿਧ ਸਾਧਿਕ ਸੁਰ ਅਸੁਰ ਗਣ**
**ਤਰਹਿ ਤੇਤੀਸ ਗੁਰ ਬਚਨ ਸੁਣਿ ਕੰਨ ਰੇ ॥**

ਜਿਸ ਦੀ ਸੇਵਾ ਕਰਕੇ ਸ਼ਿਵ, ਸਿਧ ਸਾਧਿਕ ਤੇਤੀ (ਕਰੋੜ) [ਸੁਰ] ਦੇਵਤੇ ਅਤੇ [ਅਸੁਰ ਗਣ) ਸਾਰੇ ਦੈਂਤ (ਸੰਸਾਰ ਤੋਂ) ਪਾਰ ਲੰਘ ਗਏ ਹਨ, (ਉਸ) ਗੁਰੂ ਦੇ ਬਚਨ (ਤੂੰ ਭੀ) ਕੰਨ ਦੇ ਕੇ ਸੁਣ।

**ਫੁਨਿ ਤਰਹਿ ਤੇ ਸੰਤ ਹਿਤ ਭਗਤ ਗੁਰੁ ਗੁਰੁ ਕਰਹਿ**
**ਤਰਿਓ ਪ੍ਰਹਲਾਦੁ ਗੁਰ ਮਿਲਤ ਮੁਨਿ ਜੰਨ ਰੇ ॥**

ਫਿਰ ਉਹ ਸੰਤ ਤੇ ਭਗਤ ਤਰ ਗਏ ਹਨ, ਜੋ ਪ੍ਰੇਮ ਨਾਲ ਗੁਰੂ-ਗੁਰੂ (ਦਾ ਹੀ ਜਾਪ) ਕਰਦੇ ਸਨ ਅਤੇ (ਨਾਰਦ) ਮੁਨੀ ਜਨ ਗੁਰੂ ਨੂੰ ਮਿਲਦਿਆਂ ਹੀ ਪ੍ਰਹਿਲਾਦ ਤਰ ਗਿਆ ਸੀ।

**ਤਰਹਿ ਨਾਰਦਾਦਿ ਸਨਕਾਦਿ ਹਰਿ ਗੁਰਮੁਖਹਿ ਤਰਹਿ**
**ਇਕ ਨਾਮ ਲਗਿ ਤਜਹੁ ਰਸ ਅੰਨ੍ਹ ਰੇ ॥**

ਨਾਰਦ ਆਦਿਕ ਮੁਨੀ, ਸਨਕ ਆਦਿਕ ਜਪੀ (ਭੀ ਸੰਸਾਰ ਤੋਂ) ਤਰਕੇ ਹਰੀ (ਨੂੰ ਮਿਲੇ ਹਨ, ਇਹ ਸਭ) ਗੁਰਾਂ ਦੇ ਦੁਆਰੇ ਹੀ ਤਰੇ ਹਨ, (ਤੂੰ ਭੀ ਉਸ) ਇਕ (ਗੁਰੂ ਦੇ) ਨਾਮ (ਜਪਣ ਵਿਚ) ਲਗ ਅਤੇ ਹੋਰ ਸਵਾਦ ਛੱਡ ਦੇਹ।

**ਦਾਸੁ ਬੇਨਤਿ ਕਹੈ ਨਾਮੁ ਗੁਰਮੁਖਿ ਲਹੈ**
**ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ ॥੪॥੧੬॥੨੯॥**

ਦਾਸ (ਭੱਟ) ਬੇਨਤੀ ਕਹਿੰਦਾ ਹੈ, ਹੇ ਮਨ! ਤੂੰ ਗੁਰਮੁਖ (ਹੋ ਕੇ) ਨਾਮ ਲੈ, ਅਤੇ ਗੁਰੂ-ਗੁਰੂ ਗੁਰੂ-ਗੁਰੂ ਹੀ ਜਪ ॥੪॥੧੬॥੨੯॥

**ਸਿਰੀ ਗੁਰੂ ਸਾਹਿਬੁ ਸਭ ਊਪਰਿ ॥**
**ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ ॥**

ਸ੍ਰੀ ਗੁਰੂ ਸਾਹਿਬ ਜੀ ਸਾਰਿਆਂ ਤੋਂ ਉੱਚੇ ਹਨ, ਜਿਨ੍ਹਾਂ ਨੇ ਸਤਿਜੁਗ ਵਿਚ ਧਰੂਅ ਉਤੇ ਕ੍ਰਿਪਾ ਕੀਤੀ ਸੀ।

**ਸ੍ਰੀ ਪ੍ਰਹਲਾਦ ਭਗਤ ਉਧਰੀਅੰ ॥ ਹਸ੍ਤ ਕਮਲ ਮਾਥੇ ਪਰ ਧਰੀਅੰ ॥**

ਜਦੋਂ ਪ੍ਰਹਲਾਦ ਭਗਤ ਦੇ ਮੱਥੇ ਪਰ ਪਵਿੱਤ੍ਰ ਹੱਥ ਧਰੇ ਤਾਂ ਉਹ ਤਰ ਗਿਆ।

**ਅਲਖ ਰੂਪ ਜੀਅ ਲਖ੍ਯ੍ਯਾ ਨ ਜਾਈ॥ ਸਾਧਿਕ ਸਿਧ ਸਗਲ ਸਰਣਾਈ ॥**

(ਜਿਸ ਦਾ) ਰੂਪ ਅਲੱਖ ਹੈ; [ਲਖ੍ਯ੍ਯਾ-ਲਖਯਾ=ਜਾਣਿਆਂ] ਨਹੀਂ ਜਾਂਦਾ ਅਤੇ ਸਾਰੇ ਸਿਧ ਤੇ [ਸਾਧਿਕ] ਸਿਧੀਆਂ ਦੀ ਚਾਹ ਵਾਲੇ (ਜਿਸ ਦੀ) ਸ਼ਰਨ ਸਨ।

**ਗੁਰ ਕੇ ਬਚਨ ਸਤਿ ਜੀਅ ਧਾਰਹੁ ॥ ਮਾਣਸ ਜਨਮੁ ਦੇਹ ਨਿਸ੍ਤਾਰਹੁ ॥**

(ਉਸ) ਸਤਿਗੁਰੂ ਜੀ ਦੇ ਬਚਨਾਂ ਨੂੰ ਹਿਰਦੇ ਵਿਚ ਵਸਾਓ; (ਤਾਂ ਇਸ) ਮਨੁਖ ਜਨਮ (ਵਿਚ ਹੀ ਆਪਣੇ) [ਦੇਹਿ=ਦੇਹੀ] ਆਤਮਾ ਦਾ ਉਧਾਰ ਕਰ ਲਵੋਂਗੇ।

**ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ॥**

ਗੁਰੂ ਜਹਾਜ਼ ਹੈ, ਗੁਰੂ ਹੀ [ਖੇਵਟੁ] ਮਲਾਹ ਹੈ, ਗੁਰੂ ਤੋਂ ਬਿਨਾਂ (ਅਜੇ ਤਕ) ਕੋਈ ਭੀ ਨਹੀਂ ਤਰਿਆ।

**ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥**

ਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਭੂ ਮਿਲਦਾ ਹੈ, ਗੁਰੂ ਤੋਂ ਬਿਨਾਂ ਮੁਕਤਿ (ਪ੍ਰਾਪਤ) ਨਹੀਂ ਹੁੰਦੀ।

**ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥**
**ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥**

(ਜਦ) ਗੁਰੂ ਨਾਨਕ (ਦੇਵ ਜੀ) [ਬਨਵਾਰੀ] ਨਿਰੰਕਾਰ ਦੇ ਕੋਲ (ਜਾ) ਵਸੇ (ਤਾਂ ਉਨ੍ਹਾਂ ਨੇ ਆਪਣੀ) ਜੋਤਿ ਲਹਿਣੇ (ਜੀ ਵਿਚ) [ਥਾਪਿ] ਕਾਇਮ ਕਰਕੇ (ਉਸ ਨੂੰ) ਜਗਤ ਵਿਚ ਟਿਕਾ ਦਿੱਤਾ।

**ਲਹਣੈ ਪੰਥੁ ਧਰਮ ਕਾ ਕੀਆ ॥ ਅਮਰਦਾਸ ਭਲੇ ਕਉ ਦੀਆ ॥**

(ਫਿਰ) ਗੁਰੂ ਅੰਗਦ ਜੀ ਨੇ ਧਰਮ ਦੇ ਰਸਤੇ ਦਾ (ਪ੍ਰਚਾਰ) ਕੀਤਾ (ਅਤੇ ਸੱਚ ਖੰਡ ਨੂੰ ਜਾਂਦੀ ਵੇਰੀ ਓਹੀ ਕੰਮ) ਭੱਲੇ (ਜਾਤਿ ਦੇ) ਅਮਰਦਾਸ (ਜੀ) ਨੂੰ ਦੇ ਦਿਤਾ।

**ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯ੍ਯਉ ॥**
**ਹਰਿ ਕਾ ਨਾਮੁ ਅਖੈ ਨਿਧਿ ਅਪ੍ਯ੍ਯਉ ॥**

ਉਨ੍ਹਾਂ ਨੇ ਸ੍ਰੀ ਰਾਮਦਾਸ ਸੋਢੀ (ਨੂੰ ਗੁਰਿਆਈ ਉਤੇ) ਸਥਾਪਨ ਕਰ ਦਿੱਤਾ ਅਤੇ [ਅਖੈ ਨਿਧਿ] ਕਦੇ ਭੀ ਨ ਮੁਕਣ ਵਾਲਾ ਹਰਿ ਦਾ ਖਜ਼ਾਨਾ (ਉਨ੍ਹਾਂ ਦੇ) ਅਰਪਨ ਕਰ ਦਿੱਤਾ।

**ਅਪ੍ਯ੍ਯਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ ਗੁਰ ਸੇਵਾ ਕਰਿ ਫਲੁ ਲਹੀਅੰ ॥**

ਜੋ ਚੌਂਹ ਜੁਗਾਂ ਵਿਚ ਹੀ ਨਾਸ ਨਾ ਹੋਣ ਵਾਲਾ ਹਰਿ ਨਾਮ ਖਜ਼ਾਨਾ ਹੈ, ਉਹ ਸੌਂਪ ਦਿੱਤਾ, ਪਰ ਏਹ ਫਲ ਤਾਂ ਗੁਰਾਂ ਦੀ ਸੇਵਾ ਕਰਕੇ ਹੀ ਲਿਆ ਸੀ।

**ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ ਪਰਮਾਨੰਦ ਗੁਰਮੁਖਿ ਕਹੀਅੰ ॥**

ਜੋ (ਗੁਰਾਂ ਦੇ) ਚਰਨ ਸ਼ਰਨ (ਜਾ ਕੇ) ਨਮਸ਼ਕਾਰ (ਕਰਦੇ ਹੋਏ, ਨਾਮ) ਜਪਦੇ ਹਨ, ਉਹ ਗੁਰ ਸਿਖ

Sri Satguru Jagjit Singh Ji eLibrary NamdhariElibrary@gmail.com

ਹੀ ਪਰਮ ਅਨੰਦ ਰੂਪ ਸੁਖ ਨੂੰ ਪਾਂਦੇ ਹਨ।

**ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ ॥**

(ਜੋ ਸਾਰਿਆਂ ਦਾ) ਆਦਿ ਰੂਪ (ਤੇ) ਭਰਣ ਪੋਖਣ ਵਾਲਾ ਪਾਰਬ੍ਰਹਮ ਸੁਆਮੀ (ਹੈ, ਉਸੇ ਦੀ) ਪ੍ਰਤੱਖ ਦੇਹ (ਗੁਰੂ ਰਾਮਦਾਸ ਜੀ ਹਨ)।

**ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੧॥**

ਜਿਨ੍ਹਾਂ ਦੀ ਗਤੀ ਅਲੱਖ ਹੈ, (ਜੋ) ਤਾਰਣ (ਵਾਲੇ) ਜਹਾਜ਼ (ਰੂਪ, ਹਨ ਉਸ) ਸ੍ਰੀ ਸਤਿਗੁਰੂ ਰਾਮਦਾਸ (ਜੀ ਦੀ) ਸੇਵਾ ਤੇ (ਗੁਰੂ) ਪੂਜਾ ਕਰੋ ॥੧॥

**ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ ਕਰਿ ਬਿਚਿਤਿ ਚਾਓ ॥**

ਜਿਨ੍ਹਾਂ ਦੇ ਬਚਨਾਂ ਰੂਪ ਅੰਮ੍ਰਿਤ ਬਾਣੀ ਨੂੰ ਸੰਤ ਜਨ (ਮਨ ਦੇ) ਅਸਚਰਜ ਸ਼ੌਂਕ ਨਾਲ ਜਪਦੇ ਹਨ।

**ਆਨੰਦੁ ਨਿਤ ਮੰਗਲੁ ਗੁਰ ਦਰਸਨੁ ਸਫਲੁ ਸੰਸਾਰਿ ॥**

(ਉਨ੍ਹਾਂ ਨੂੰ) ਸਦਾ ਹੀ ਅਨੰਦ ਤੇ ਖੁਸ਼ੀ (ਰਹਿੰਦੀ ਹੈ ਇਸ ਲਈ) ਸੰਸਾਰ ਵਿਚ ਗੁਰਾਂ ਦਾ ਦਰਸ਼ਨ (ਕਰਨਾ) ਸਫਲ ਹੈ।

**ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ ॥**

(ਗੰਗਾ ਭੱਟ ਕਹਿੰਦਾ ਹੈ) ਸੰਸਾਰ (ਵਿਚ) ਗੁਰਾਂ ਦਾ ਦਰਸ਼ਨ (ਹੀ) ਸਫਲ (ਹੈ), (ਅਤੇ ਗੁਰਾਂ ਦੇ ਚਰਨਾਂ ਨੂੰ) ਪਰਸਿਆਂ ਪਰਮ ਪਵਿਤ੍ਰ ਗਤੀ (ਪ੍ਰਾਪਤ ਹੁੰਦੀ ਹੈ)।

**ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯਾਨਿ ਰਤੇ ॥**

ਜੇਹੜੇ ਪਾਪੀ ਪੁਰਸ਼ ਹਨ, ਉਹ ਭੀ ਗੁਰਾਂ ਦੇ ਗਿਆਨ ਵਿਚ ਰੰਗੇ (ਜਾ ਕੇ) ਸੰਤ (ਹੋ ਜਾਂਦੇ ਹਨ; ਅਤੇ) ਜਮਲੋਕ ਨੂੰ ਜਿੱਤ ਕੇ [ਸਿਵ] ਕਲਯਾਣ (ਸਰੂਪ ਵਿਚ) ਜਾ ਮਿਲਦੇ ਹਨ।

**ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ ॥**

(ਜੋ) ਰਾਘਵ ਕੁਲ ਦੇ ਤਿਲਕ ਰੂਪ ਤੇ ਦਸਰਥ ਦੇ ਘਰ ਵਿਚ (ਖੇਡਣ ਵਾਲੇ) ਸੁੰਦਰ (ਸ੍ਰੀ ਰਾਮ ਜੀ) ਅਤੇ ਮੁਨੀ ਜਨ ਜਿਸ ਦੀ ਸ਼ਰਨ ਨੂੰ ਮੰਗਦੇ ਹਨ।

**ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੨॥**

(ਫਿਰ) ਜਿਸ ਦੀ ਗਤੀ ਅਲਖ ਹੈ, (ਓਹੀ) ਸਤਿਗੁਰੂ (ਸਰੂਪ ਹੋਇਆ, ਤਾਂ ਤੇ ਸੰਸਾਰ-ਸਮੁੰਦਰ ਤੋਂ) ਤਾਰਣ ਵਾਲੇ ਜਹਾਜ਼ ਰੂਪ ਸ੍ਰੀ ਗੁਰੂ ਰਾਮਦਾਸ ਜੀ ਦੀ ਸੇਵਾ ਕਰ ॥੨॥

**ਸੰਸਾਰੁ ਅਗਮ ਸਾਗਰੁ ਤੁਲਹਾ ਹਰਿ ਨਾਮੁ ਗੁਰੂ ਮੁਖਿ ਪਾਯਾ ॥**

ਸੰਸਾਰ (ਜੋ) ਅਗੰਮ ਸਮੁੰਦਰ (ਹੈ, ਇਸ ਤੋਂ ਤਾਰਣੇ ਵਾਲਾ) ਹਰੀ ਨਾਮ ਰੂਪ ਤੁਲਹਾ ਗੁਰਾਂ ਪਾਸੋਂ ਪਾਇਆ ਹੈ।

**ਜਗਿ ਜਨਮ ਮਰਣੁ ਭਗਾ ਇਹ ਆਈ ਹੀਐ ਪਰਤੀਤਿ ॥**

(ਹੁਣ) ਹਿਰਦੇ ਵਿਚ ਪ੍ਰਤੀਤ ਆ ਗਈ ਹੈ ਜੋ ਜਗਤ ਦਾ ਜੰਮਣਾ ਮਰਣਾ ਮਿਟ ਗਿਆ ।

**ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ ॥**

ਜਿਸ ਪੁਰਸ਼ (ਦੇ) ਹਿਰਦੇ (ਵਿਚ ਏਹ) ਪ੍ਰਤੀਤ ਆਈ ਹੈ, ਉਸ ਨੂੰ ਉੱਚ ਪਦਵੀ (ਪ੍ਰਾਪਤ) ਹੋਈ ਹੈ।

**ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ ॥**

(ਉਸ ਨੇ) ਮਾਇਆ ਦਾ ਮੋਹ, ਲੋਭ ਤੇ ਲਾਲਚ ਛੱਡ ਦਿੱਤਾ ਹੈ, ਅਤੇ ਕਾਮ ਕ੍ਰੋਧ ਦੀ [ਬ੍ਰਿਥਾ] ਪੀੜ (ਭੀ ਉਸ ਦੇ ਮਨੋਂ ਮਿਟ) ਗਈ ਹੈ ।

**ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ ਦਿਬ੍ਯ੍ ਦ੍ਰਿਸ੍ਟਿ ਕਾਰਣ ਕਰਣੰ ॥**

(ਉਸਨੂੰ) ਦਿਬਯ (ਗਯਾਨ) ਦ੍ਰਿਸ਼ਟ (ਪ੍ਰਾਪਤ ਹੋ ਗਈ ਹੈ) ਅਤੇ ਭਰਮ ਮਿਟ ਗਿਆ ਹੈ, (ਇਸ ਲਈ) ਸਾਰੇ ਕਾਰਣਾਂ ਦੇ ਕਰਨ ਵਾਲਾ ਬ੍ਰਹਮ ਹੀ ਸਭ (ਵਿਚ) ਪੂਰਨ ਉਸ ਨੇ [ਅਵਲੋਕ੍ਯਾ] ਵੇਖਿਆ ਹੈ ।

**ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੩॥**

ਜਿਸ ਦੀ ਗਤੀ ਅਲਖ ਹੈ, ਉਸ ਤਾਰਣੇ ਵਾਲੇ ਤਰਨ ਰੂਪ ਸਤਿਗੁਰੂ ਰਾਮਦਾਸ (ਜੀ ਦੀ) ਸੇਵਾ ਤੇ ਪੂਜਾ (ਦਾ ਏਹ ਫਲ ਹੈ) ॥੩॥

**ਪਰਤਾਪੁ ਸਦਾ ਗੁਰ ਕਾ ਘਟਿ ਘਟਿ ਪਰਗਾਸੁ ਭਯਾ ਜਸੁ ਜਨ ਕੈ ॥**

(ਗੁਰਾਂ ਦਾ) ਪ੍ਰਤਾਪ [ਘਟਿ] ਸਾਰੇ ਹੀ ਘਟਾਂ ਵਿਚ ਪ੍ਰਕਾਸ਼ ਕਰ ਰਿਹਾ ਹੈ, ਅਤੇ ਜਿਨ੍ਹਾਂ ਦੇ (ਹਿਰਦੇ ਵਿਚ ਗੁਰਾਂ ਦਾ) ਜਸ (ਸਮਾਇਆ) ਹੋਇਆ ਹੈ ।

SIKHBOOKCLUB.COM

**ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸ੍ਨਾਨੁ ॥**

ਇਕ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਦੇ (ਤੇ ਗੁਰਬਾਣੀ ਨੂੰ) ਪੜ੍ਹਦੇ ਹਨ, ਇਕ ਸੁਣਦੇ ਹਨ ਅਤੇ ਇਕ ਗਾਉਂਦੇ ਹਨ ।

**ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ ॥**

ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਤੇ ਸ਼ੁਧ ਹੋ ਕੇ ਵਿਧਿ ਪੂਰਬਕ ਗੁਰਾਂ ਦੀ ਪੂਜਾ ਕਰਦੇ ਹਨ ।

**ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧ੍ਯਾਨੁ ਧਰੰ ॥**

(ਗੁਰੂ ਰੂਪ) ਪਾਰਸ ਨੂੰ ਪਰਸ ਕੇ ਤੇ ਜੋਤਿ ਰੂਪ ਦਾ ਧਯਾਨ ਧਰਕੇ ਸਰੀਰ (ਦੇ ਵਿਕਾਰਾਂ ਤੋਂ) ਸ਼ੁਧ ਹੋ ਜਾਂਦੇ ਹਨ ।

**ਜਗਜੀਵਨੁ ਜਗੰਨਾਥੁ ਜਲ ਥਲ ਮਹਿ ਰਹਿਆ ਪੂਰਿ ਬਹੁ ਬਿਧਿ ਬਰਨੰ ॥**

(ਜੋ) ਜਗਤ ਦਾ ਜੀਵਨ (ਰੂਪ ਤੇ ਸਾਰੇ) ਜਗਤ ਦਾ ਮਾਲਕ (ਸਾਰੇ) ਜਲਾਂ ਥਲਾਂ ਵਿਚ ਪੂਰਨ ਹੋ ਰਿਹਾ ਹੈ, (ਉਸ ਦਾ ਜਸ) ਬਹੁਤ ਤਰ੍ਹਾਂ (ਕਰਕੇ) ਵਰਨਣ ਕਰਦੇ ਹਨ ।

**ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੪॥**

ਜਿਸ ਦੀ ਗਤੀ ਅਲਖ ਹੈ, (ਉਸ) ਤਾਰਨ ਵਾਲੇ ਸਤਿਗੁਰੂ ਰਾਮਦਾਸ ਜੀ ਦੀ ਸੇਵਾ ਪੂਜਾ (ਕੀਤਿਆਂ

Sri Satguru Jagjit Singh Ji eLibrary NamdhariElibrary@gmail.com

ਹੀ ਜੀਵ ਦਾ) ਤਰਣਾ (ਹੁੰਦਾ ਹੈ) ॥੪॥

**ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ ਤੇਈ ਜੀਵ ਕਾਲ ਤੇ ਬਚਾ ॥**

ਜਿਸ ਨੇ ਅਚੱਲ [ਧਰੂਅ] ਨਿਸਚੇ (ਨਾਲ ਏਹ) ਗੱਲ ਜਾਣੀ ਹੈ, ਉਹ ਜੀਵ ਕਾਲ ਤੋਂ ਬਚ ਗਿਆ ਹੈ।

**ਤਿਨ੍ ਤਰਿਓ ਸਮੁਦ੍ਰੁ ਰੁਦ੍ਰੁ ਖਿਨ ਇਕ ਮਹਿ ਜਲਹਰ ਬਿੰਬ ਜੁਗਤਿ ਜਗੁ ਰਚਾ ॥**

[ਰੁਦ੍ਰ] ਡਰਾਉਣੇ ਸਮੁੰਦਰ ਤੋਂ ਉਹ ਇਕ ਖਿਨ ਵਿਚ ਪਾਰ ਲੰਘ ਗਿਆ ਹੈ. (ਕਿਉਂਕਿ ਉਸਨੇ ਜਾਣਿਆ ਹੈ ਕਿ) ਜਗਤ ਦੀ ਰਚਨਾ ਤਾਂ [ਜਲਹਰ] ਪਾਣੀ ਦੇ [ਬਿੰਬ] ਬੁਲਬੁਲੇ (ਦੀ) ਜੁਗਤੀ (ਸਮਾਨ ਹੈ, ਜੋ ਉਤਪਤਿ ਤੇ ਬਿਨਾਸ ਹੁੰਦੀ ਹੈ, ਜਿਸ ਵਿਚ ਸਥਿਰ ਕੋਈ ਭੀ ਨਹੀਂ ਹੈ)।

**ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥**

ਸਤਿ ਸੰਗਤ (ਦੇ ਪ੍ਰਤਾਪ ਕਰਕੇ ਮਾਯਾ) (ਕੁੰਡਲਨੀ) ਸੱਪਨੀ (ਉਸ ਨੂੰ) ਸੂਤ ਆ ਗਈ ਹੈ, ਗੁਰਾਂ ਦਵਾਰੇ (ਹੀ ਏਹ) ਵੱਡਾ ਅਨੰਦ [ਮਚਾ] ਮਿਲਿਆ ਹੈ।

**ਸਿਰੀ ਗੁਰੂ ਸਾਹਿਬੁ ਸਭ ਊਪਰਿ ਮਨ ਬਚ ਕ੍ਰੰਮ ਸੇਵੀਐ ਸਚਾ ॥੫॥**

(ਇਸ ਲਈ ਤਾਂ) ਸ੍ਰੀ ਗੁਰੂ ਸਾਹਿਬ ਭੀ ਸਾਰਿਆਂ ਤੋਂ ਉੱਚੇ ਹਨ, ਮਨ, ਬਾਣੀ ਸਰੀਰ (ਕਰਕੇ ਉਨ੍ਹਾਂ ਦੀ) ਸੇਵਾ ਕਰਨੀ ਹੀ ਸੱਚਾ (ਕੰਮ ਹੈ) ॥੫॥

**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥**

ਹੇ ਜੀਵ! ਤੂੰ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ! (ਹੀ ਕਰ)।

**ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ**
**ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥**

(ਜਿਸ ਦੀਆਂ) ਕਮਲ (ਸਮਾਨ) ਅੱਖਾਂ ਤੇ ਮਿੱਠੇ ਬਚਨ (ਸਨ, ਅਤੇ) ਕਰੋੜਾਂ (ਬਾਲਕਾਂ ਦੀ) ਸੈਨਾ ਜਿਸ ਦੇ ਨਾਲ ਸੋਭਦੀ ਅਤੇ ਮਾਂ ਜਸੋਦਾਂ (ਜਿਸ ਨੂੰ) ਆਖਦੀ ਸੀ (ਕਿ) ਦਹੀਂ ਚੌਲ ਖਾ ਲੈ।

**ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ**
**ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥**

(ਜਿਸ ਦੇ) ਵੱਡੇ ਸੁੰਦਰ ਸਰੂਪ ਨੂੰ ਵੇਖਕੇ (ਗੁਆਲਨਾਂ) ਮੋਹਤ ਹੋ ਕੇ ਮਸਤ ਹੋ ਗਈਆਂ ਸਨ, ਅਤੇ ਖੇਡ (ਵਿਚ ਜਿਸ ਦੀ) [ਕਿੰਕਨੀ] ਤੜਾਗੀ ਦੇ ਸ਼ਬਦਾਂ ਦਾ ਛਨਕਾਰ ਪੈਂਦਾ ਸੀ।

**ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ**
**ਈਸੁ ਬੰਮ੍ਹੁ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ ॥**

ਉਸ ਕ੍ਰਿਸ਼ਨ ਦਾ ਕਾਲ (ਜਿਸ ਦੇ ਹੁਕਮ) ਵਿਚ ਹੋਇਆ ਹੈ, ਦਸ! (ਉਸ ਦੇ) ਹੱਥ ਦੀ ਕਲਮ ਨਾਲ

ਲਿਖਿਆ (ਕਰਮ) ਕੌਣ ਮੇਟ ਸਕਦਾ ਹੈ ? [ਈਸੁ] ਸ਼ਿਵਜੀ ਧਿਆਨ (ਵਿਚ ਅਤੇ) [ਬੰਮ੍ਰ] ਬ੍ਰਹਮਾ ਗਿਆਨ (ਕਰਕੇ) ਹਿਰਦੇ (ਵਿਚ ਉਸੇ ਦੀ) ਚਾਹ ਕਰਦੇ ਹਨ ।

**ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ**
**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੧॥੬॥**

(ਉਸ) [ਸ੍ਰੀ] ਸੋਭਾ ਵਾਲੇ ਸੱਚੇ ਦਾ ਸਦਾ (ਹੀ ਤੇਰੇ ਵਿਚ) ਨਿਵਾਸ [ਸਤਿ=ਅਸਤਿ] ਹੈ, (ਇਸ ਲਈ) ਤੂੰ ਹੀ ਆਦਿ ਪੁਰਖ ਵਾਹਿਗੁਰੂ ਹੈਂ ! ਹੇ ਗੁਰੂ ਰਾਮਦਾਸ ! ਮੈਂ ਤੇਰਾ ਹੀ (ਨਾਮ) ਵਾਹਿਗੁਰੂ–ਵਾਹਿਗੁਰੂ ! (ਜਪਦਾ ਹਾਂ) ॥੧॥੬॥

**ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ**
**ਬੇਸੁਮਾਰ ਸਰਬਰ ਕਉ ਕਾਹਿ ਜੀਉ ॥**

(ਜਿਸ ਦਾ) ਨਾਮ ਰਾਮਚੰਦ ਕਿਹਾ ਜਾਂਦਾ ਹੈ, ਜੋ ਸੁਧ [ਬੁਧ=ਬੋਧ] ਗਿਆਨ ਤੇ ਪਵਿੱਤ੍ਰਤਾ ਦਾ ਘਰ ਅਤੇ ਨਿਰੰਕਾਰ ਬੇਸ਼ੁਮਾਰ ਦੇ ਸਮਾਨ ਹੀ ਕਿਹਾ ਜਾਂਦਾ ਹੈ (ਅਰਥਾਤ ਉਸ ਦਾ ਅਵਤਾਰ ਮੰਨਿਆਂ ਜਾਂਦਾ ਹੈ) ।

**ਸੁਥਰ ਚਿਤ ਭਗਤ ਹਿਤ ਭੇਖੁ ਧਰਿਓ**
**ਹਰਨਾਖਸੁ ਹਰਿਓ ਨਖ ਬਿਦਾਰਿ ਜੀਉ ॥**

(ਅਤੇ ਜਿਸ ਨੇ) ਅਚਲ ਚਿੱਤ (ਵਾਲੇ) ਭਗਤ (ਪ੍ਰਹਿਲਾਦ ਦੀ ਰਖਿਆ ਵਾਸਤੇ ਨਰਸਿੰਘ) ਰੂਪ ਧਾਰਕੇ ਹਰਨਾਖਸ਼ ਨੂੰ [ਨਖ ਬਿਦਾਰਿ] ਨੌਹਾਂ ਨਾਲ ਪਾੜਕੇ ਮਾਰ ਦਿੱਤਾ ਸੀ ।

**ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ**
**ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ ॥**

(ਅਤੇ ਜਿਸ ਨੂੰ) ਸੰਖ, ਚਕ੍ਰ, ਗਦਾ, ਪਦਮ (ਧਾਰੀ ਮੰਨਿਆਂ ਗਿਆ ਹੈ, ਅਤੇ ਜਿਸ ਨੇ) [ਅਪਰੰਪਰ] ਉਰੇ ਤੋਂ ਉਰੇ ਅਤੇ ਪਰ੍ਹੇ ਤੋਂ ਪਰ੍ਹੇ (ਸਭ ਜਗ੍ਹਾਂ ਵਿਚ) ਆਪਣਾ ਆਪ [ਛਦਮ] ਲੁਕਾ ਕੇ ਰਖਿਆ ਹੋਇਆ ਹੈ, ਉਸ ਪਾਰਬ੍ਰਹਮ ਨੂੰ ਕੌਣ ਜਾਣ ਸਕਦਾ ਹੈ ?

**ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ**
**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੨॥੭॥**

(ਉਸ) ਸੋਭਾ (ਵਾਲੇ) ਸੱਚ (ਸਰੂਪ ਦਾ ਤੇਰੇ ਵਿਚ) ਸਦਾ ਹੀ ਨਿਵਾਸ ਹੈ, (ਹੇ ਗੁਰੂ ਰਾਮਦਾਸ ! ਇਸ ਲਈ) ਤੂੰ ਹੀ ਆਦਿ ਪੁਰਖ ਵਾਹਿਗੁਰੂ ਹੈਂ, (ਮੈਂ ਤੇਰਾ ਨਾਮ ਹੀ) ਵਾਹਿਗੁਰੂ–ਵਾਹਿਗੁਰੂ ! (ਜਪਦਾ ਹਾਂ) ॥੨॥੭॥

**ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ**
**ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ ॥**

ਜਿਸ ਦੀ (ਪੀਲੇ ਕਪੜੇ ਤੇ) [ਕੁੰਦ] ਚੰਬੇਲੀ ਦੇ ਫੁਲ (ਵਰਗੇ ਚਿੱਟੇ) [ਦਸਨ] ਦੰਦ ਹਨ [ਪ੍ਰਿਆ=ਲਛਮੀ] (ਜਿਸ ਦੇ ਨਾਲ ਤੇ) ਗਲ (ਵਿਚ ਵੈਜੰਤੀ) ਮਾਲਾ ਅਤੇ ਸਿਰ ਉਤੇ ਮੋਰ ਦੇ ਖੰਭਾਂ ਦਾ ਮੁਕਟ ਹੈ।

**ਬੇਵਜੀਰ ਬਡੇ ਧੀਰ ਧਰਮ ਅੰਗ ਅਲਖ ਅਗਮ**
**ਖੇਲੁ ਕੀਆ ਆਪਣੈ ਉਛਾਹਿ ਜੀਉ ॥**

(ਜਿਸ ਦਾ) ਸਲਾਹਕਾਰ ਕੋਈ ਨਹੀਂ (ਸੋ) ਵੱਡਾ ਧੀਰਜਨਵਾਨ ਧਰਮ ਦਾ ਅੰਗ ਹੈ; (ਅਤੇ ਜੋ) ਜਾਣਿਆ ਨਹੀਂ ਜਾਂਦਾ, (ਮਨ ਦੀ) ਪਹੁੰਚ ਤੋਂ ਭੀ ਪਰ੍ਹੇ ਹੈ, (ਅਤੇ ਜਿਸ ਨੇ) ਆਪਣੇ [ਉਛਾਹਿ] ਫੁਰਨੇ (ਨਾਲ ਜਗਤ ਰੂਪ) ਖੇਡ ਬਣਾਈ ਹੈ।

**ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ**
**ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ॥**

(ਜਿਸ ਦੀ) ਕਥਾ (ਅਕਥ ਹੈ) ਕਹੀ ਨਹੀਂ ਜਾਂਦੀ, ਜੋ ਤਿੰਨਾਂ ਲੋਕਾਂ ਵਿਚ ਸਮਾ ਰਿਹਾ [ਸੁਤਹ ਸਿਧ] ਆਪਣੇ ਆਪ ਹੀ ਜਿਸ ਦਾ ਸਰੂਪ ਪ੍ਰਗਟ ਹੈ ਅਤੇ ਜੋ ਦਾਤਿਆਂ ਦਾ ਭੀ ਦਾਤਾ ਹੈ।

**ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ**
**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੩॥੮॥**

(ਇਸ) ਸੋਭਾ ਵਾਲੇ ਸੱਚ (ਦਾ ਤੇਰੇ ਵਿਚ) ਸਦਾ ਹੀ ਨਿਵਾਸ, (ਹੇ ਗੁਰੂ ਰਾਮਦਾਸ! ਇਸ ਲਈ) ਤੂੰ ਆਦਿ ਪੁਰਖ ਵਾਹਿਗੁਰੂ ਹੈਂ, (ਮੈਂ ਤੇਰਾ ਨਾਮ ਹੀ) ਵਾਹਿਗੁਰੂ-ਵਾਹਿਗੁਰੂ (ਜਪਦਾ ਹਾਂ) ॥੩॥੮॥

**ਸਤਿਗੁਰੂ ਸਤਿਗੁਰੂ ਸਤਿਗੁਰੁ ਗੁਬਿੰਦ ਜੀਉ ॥**

(ਗੋਬਿੰਦ ਰੂਪ) ਸਤਿਗੁਰੂ ਹੈ ਸਤਿਗੁਰੂ (ਹੀ ਗੋਬਿੰਦ ਹੈ, ਕਿਉਂਕਿ) ਸਤਿਗੁਰੂ (ਤੇ) ਗੋਬਿੰਦ ਦੋਵੇਂ ਇਕ ਹਨ)।

**ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ**
**ਕਾਨ੍ ਕੁਅਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ ॥**

ਬਲਿ (ਰਾਜੇ ਨੂੰ) ਛਲਨ (ਵਾਲਾ, ਰਾਵਨ ਵਰਗੇ) ਸਬਲੀਆਂ ਨੂੰ ਮਾਰਨ ਵਾਲਾ ਭਗਤਾਂ ਨੂੰ ਫਲ ਦੇਣ ਵਾਲਾ, ਕ੍ਰਿਸ਼ਨ ਤੇ ਬਲਭਦ੍ਰ (ਅਤੇ ਅੱਗੇ ਹੋਣ ਵਾਲਾ) ਨਿਹਕਲੰਕ (ਜਿਸ ਦੇ ਨਾਲ) [ਰਵਿੰਦ] ਬਲਵਾਨ ਸੂਰਮਿਆਂ ਦਾ ਦਲ ਚੜ੍ਹੇਗਾ।

**ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ**
**ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ ॥**

(ਜਿਸ) ਰਾਮ (ਦਾ) ਜਾਪ ਹੀ ਪਾਪ ਨਾਸ ਕਰਨ ਵਾਲਾ ਹੈ, ਅਤੇ ਸਾਰੇ ਲੋਕਾਂ ਨੂੰ ਅਨੰਦ ਕਰਨ ਵਾਲਾ ਹੈ, ਅਤੇ ਜੋ ਸਾਰੇ [ਭੂਤ] ਪ੍ਰਾਣੀਆਂ ਅਤੇ ਦੇਵਤਿਆਂ ਦਾ ਆਸਰਾ ਰੂਪ ਦੇਵਤਾ ਆਪ ਹੀ ਹੈ, ਅਤੇ (ਧਰਤੀ ਦਾ ਆਸਰਾ ਰੂਪ) ਹਜ਼ਾਰ ਮੂੰਹ ਵਾਲਾ ਸ਼ੇਸ਼ਨਾਗ (ਭੀ ਆਪ ਹੈ)।

Sri Satguru Jagjit Singh Ji eLibrary NamdhariElibrary@gmail.com

**ਜਰਮ ਕਰਮ ਮਛ ਕਛ ਹੁਅ ਬਰਾਹ**
**ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ ॥**

(ਜਿਸਨੇ) [ਕਰਮ ਜਰਮ] ਕਾਰਣ ਅਵਤਾਰ-ਮੱਛ, ਕਛ ਤੇ ਬ੍ਾਹ (ਆਦਿਕ) ਹੋ ਕੇ (ਉਹ ਕਾਰਜ ਪੂਰੇ ਕੀਤੇ ਅਤੇ ਫਿਰ ਕ੍ਰਿਸ਼ਨ ਰੂਪ ਹੋ ਕੇ) ਜਮਨਾ ਦੇ ਕਿਨਾਰੇ ਜਿਸ ਨੇ ਗੇਂਦ ਨਾਲ ਖੇਡ ਖੇਡੀ ਸੀ ।

**ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ**
**ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥੪॥੯॥**

(ਇਨ੍ਹਾਂ ਸਾਰੇ) ਨਾਮਾਂ ਦਾ ਸਹਾਰਾ (ਆਸਰਾ) ਰੂਪ (ਨਿਰੰਕਾਰ ਹੈ, ਉਸ ਨੂੰ) ਹਿਰਦੇ ਵਿਚ ਧਾਰ ਮਨੋਂ ਵਿਕਾਰ ਛਡ ਦੇਹੁ । ਗਯੰਦ (ਭਟ ਕਹਿੰਦਾ ਹੈ ਕਿ ਉਸ) ਗੋਬਿੰਦ (ਦਾ ਪਰਤਖ ਸਰੂਪ) ਸਤਿਗੁਰੂ ਹੈ, ਸਤਿਗੁਰੂ ਹੈ, ਸਤਿਗੁਰੂ ਹੈ ॥੪॥੯॥

**ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥**

ਸ੍ਰੀ ਗੁਰੂ (ਜੀ ਪਿਛੇ ਭੀ) ਸਤਿ (ਸਨ), ਸ੍ਰੀ ਗੁਰੂ (ਜੀ ਹੁਣ ਵੀ) ਸਤਿ (ਹਨ) ਸ੍ਰੀ ਗੁਰੂ (ਜੀ ਅਗੇ ਨੂੰ ਭੀ) ਸਤਿ (ਹੋਣਗੇ) ।

**ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ**
**ਨਿਸਿ ਬਾਸੁਰ ਹੋਇ ਕਲ੍ਯ੍ਾਨੁ ਲਹਹਿ ਪਰਮ ਗਤਿ ਜੀਉ ॥**

ਗੁਰਾਂ ਦਾ ਕਿਹਾ ਦਿਨ ਰਾਤ ਮੰਨ, ਇਹ ਮੰਤ੍ਰ ਹੀ ਆਪਣਾ ਸੱਚਾ ਖਜ਼ਾਨਾ ਸਮਝ, (ਤਦ ਤੇਰੀ) ਕਲਿਆਣ ਹੋਵੇਗੀ ਤੇ ਪਰਮ ਗਤੀ ਲੈ ਲਵੇਂਗਾ ।

**ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ**
**ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥**

ਕਾਮ, ਕ੍ਰੋਧ, ਲੋਭ, ਮੋਹ ਤੇ ਹਰੇਕ ਨਾਲ (ਦਗਾ) ਕਰਨਾ ਛੱਡ ਦੇਹੁ ਹਉਮੈ ਦੀ ਫਾਹੀ ਕੱਟਕੇ ਸਾਧ ਸੰਗਤਿ ਨਾਲ [ਰਤਿ] ਪ੍ਰੀਤ ਕਰ ।

**ਦੇਹ ਗੇਹੁ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ ਏਹੁ**
**ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ ॥**

[ਦੇਹ] ਘਰ ਤੇ ਇਸਤ੍ਰੀ ਦਾ ਪਿਆਰ ਅਤੇ ਚਿੱਤ ਨੂੰ ਖੁਸ਼ ਕਰਨ ਵਾਲੇ ਜਗਤ (ਦੇ ਕੌਤਕ) ਏਹ (ਸਭ ਝੂਠੇ ਸਮਝ ਕੇ) ਸਦਾ ਹੀ ਗੁਰੂ ਜੀ ਦੇ ਚਰਨਾਂ ਕਮਲਾਂ ਦੀ ਸੇਵਾ ਕਰ, (ਏਹੋ ਸਿਖਿਆ) ਦ੍ਰਿੜ੍ਹ ਕਰ ਲੈ ।

**ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ**
**ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥੫॥੧੦॥**

ਸਾਰ (ਸਰੂਪ ਦੇ) ਨਾਮ ਨੂੰ ਹਿਰਦੇ ਵਿਚ ਧਾਰ ਲੈ ਮਨੋਂ ਵਿਕਾਰ ਛੱਡ ਦੇਹ, ਗਯੰਦ (ਭੱਟ ਕਹਿੰਦਾ

Sri Satguru Jagjit Singh Ji eLibrary NamdhariElibrary@gmail.com

ਹੈ ਤਿੰਨਾਂ ਕਾਲਾਂ ਵਿਚ) ਸ੍ਰੀ ਗੁਰੂ ਜੀ ਹੀ ਸਤਿ ਹਨ ॥੫॥੧੦॥

**ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥**

ਹੇ ਸੇਵਕਾਂ ਦੇ (ਹਿਰਦੇ ਵਿਚ) ਭਰਪੂਰ ਵਾਹਿਗੁਰੂ ! ਜੁਗ ਜੁਗ ਵਿਚ ਸਭ ਤੇਰਾ ਹੀ ਪ੍ਰਤਾਪ ਹੈ ।

**ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥**

ਹੇ ਨਿਰੰਕਾਰ ਪ੍ਰਭੂ ! (ਤੂੰ) ਸਦਾ ਹੀ ਇਸਥਿਤ ਹੈਂ, (ਇਹ) ਕੋਈ ਨਹੀਂ ਆਖ ਸਕਦਾ (ਜੋ ਤੂੰ) ਕਦੋਂ ਦਾ ਹੈਂ ?

**ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥**

(ਜੋ) ਤੂੰ ਬ੍ਰਹਮਾ ਬਿਸ਼ਨ (ਆਦਿਕ) ਅਨੇਕਾਂ [ਸਿਰੇ] ਪੈਦਾ ਕੀਤੇ ਹਨ, ਉਨ੍ਹਾਂ ਦੇ ਮਨ ਨੂੰ ਮੋਹ ਤੇ ਹੰਕਾਰ ਹੋ ਗਿਆ ਹੈ ।

**ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ ॥**

(ਜਦ ਦੀ) ਚੁਰਾਸੀ ਲਖ ਜੂਨਾਂ (ਵਿਚ ਦੁਨੀਆਂ) ਪੈਦਾ ਕੀਤੀ ਹੈ ਓਦੋਂ ਦਾ (ਹੀ ਸਭ ਨੂੰ) ਰਿਜਕ ਦਿੱਤਾ (ਹੋਇਆ ਹੈ) ।

**ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥੧॥੧੧॥**

ਹੇ ਸੇਵਕਾਂ ਦੇ ਹਿਰਦੇ ਵਿਚ ਭਰਪੂਰ ਵਾਹਿਗੁਰੂ ! ਜੁਗ ਜੁਗ ਵਿਚ ਸਭ ਤੇਰਾ ਹੀ ਪ੍ਰਤਾਪ ਹੈ ॥੧॥੧੧॥

SIKHBOOKCLUB.COM

**ਵਾਹੁ ਵਾਹੁ ਕਾ ਬਡਾ ਤਮਾਸਾ ॥**

ਅਚਰਜ (ਰੂਪ ਨਿਰੰਕਾਰ) ਦਾ ਖੇਡ ਵੱਡਾ [ਵਾਹੁ] ਅਸਚਰਜ ਹੈ ।

**ਆਪੇ ਹਸੈ ਆਪਿ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ ॥**

ਆਪ ਹੱਸਦਾ ਹੈ, ਆਪ ਹੀ [ਚਿਤਵੈ] ਵੇਖਦਾ ਹੈ, ਆਪੇ ਚੰਦਰਮਾ ਤੇ ਸੂਰਜ ਹੈ ਅਤੇ ਆਪੇ ਹੀ (ਉਨ੍ਹਾਂ ਵਿਚ) ਚਾਨਣ (ਰੂਪ ਹੈ) ।

**ਆਪੇ ਜਲੁ ਆਪੇ ਥਲੁ ਥੰਮ੍ਨੁ ਆਪੇ ਕੀਆ ਘਟਿ ਘਟਿ ਬਾਸਾ ॥**

ਆਪੇ ਜਲ ਹੈ, ਆਪੇ ਧਰਤੀ ਦਾ ਸਹਾਰਾ ਹੈ (ਅਤੇ ਉਸ ਨੇ) ਆਪੇ ਹੀ ਸਾਰਿਆਂ ਦੇ ਘਰਾਂ ਵਿਚ ਵਾਸਾ ਕੀਤਾ ਹੋਇਆ ਹੈ।

**ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ ॥**

ਆਪ ਮਨੁੱਖ ਹੈ, ਆਪੇ ਇਸਤ੍ਰੀ ਹੈ, ਆਪੇ [ਸਾਰਿ] ਨਰਦ ਹੈ ਅਤੇ ਆਪੇ ਹੀ ਪਾਸਾ ਹੈ ।

**ਗੁਰਮੁਖਿ ਸੰਗਤਿ ਸਭੈ ਬਿਚਾਰਹੁ ਵਾਹੁ ਵਾਹੁ ਕਾ ਬਡਾ ਤਮਾਸਾ ॥੨॥੧੨॥**

ਹੇ ਗੁਰਮੁਖੋ ! ਸਾਰੇ (ਸਾਧ) ਸੰਗਤਿ (ਵਿਚ ਜਾ ਕੇ ਉਸ ਦੀ) ਵਿਚਾਰ ਕਰੋ, (ਜਿਸ) ਅਸਚਰਜ (ਰੂਪ ਨਿਰੰਕਾਰ ਦਾ) ਖੇਲ ਵੱਡਾ ਅਸਚਰਜ ਹੈ ॥੨॥੧੨॥

**ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥**

(ਜੋ ਪੰਜਾਂ ਤੱਤਾਂ ਦੇ) ਮੇਲ (ਤੋਂ) ਵੱਡਾ ਤਮਾਸ਼ਾ (ਰੂਪ ਜਗਤ) ਬਣਾਇਆ ਹੈ, ਹੇ ਵਾਹਿਗੁਰੂ! (ਇਹ) ਸਾਰੀ ਰਚਨਾ ਹੀ ਤੇਰੀ ਖੇਡ ਹੈ।

**ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ**
**ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ॥**

ਤੂੰ ਜਲ, ਥਲ, ਧਰਤੀ, ਅਕਾਸ਼ ਵਿਚ ਪੂਰਨ ਹੋ ਰਿਹਾ ਹੈਂ, ਅਤੇ ਅੰਮ੍ਰਿਤ ਤੋਂ ਭੀ ਮਿੱਠੇ ਜਿਨ੍ਹਾਂ ਦੇ ਬਚਨ ਹਨ।

**ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ ॥**

(ਉਹ) ਬ੍ਰਹਮਾ ਤੇ ਬਿਸ਼ਨ ਅਤੇ ਸ਼ਿਵਜੀ ਆਦਿਕ (ਸਾਰੇ ਧਿਆਨੀ ਆਪ ਨੂੰ) ਮੰਨਦੇ ਹਨ, ਹੇ ਨਿਰੰਕਾਰ! ਤੂੰ (ਤਾਂ) ਕਾਲ ਦਾ ਭੀ ਕਾਲ [ਜਚਨਾ] ਵਿਚਾਰਿਆ ਗਿਆ ਹੈਂ।

**ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ ॥**

ਗੁਰਾਂ ਦੀ ਕ੍ਰਿਪਾ ਨਾਲ (ਉਸ ਨੇ ਇਸ) [ਪਰਮਾਰਥੁ] ਸਿਧਾਂਤ ਨੂੰ ਪਾਇਆ ਹੈ। ਸਾਧ ਸੰਗਤਿ ਨਾਲ (ਜਿਸ ਦਾ) ਮਨ ਲਗਾ ਹੋਇਆ ਹੈ।

**ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ ॥੩॥੧੩॥੪੨॥**

(ਜੋ ਤੱਤਾਂ ਦੇ) ਮੇਲ ਤੋਂ ਵੱਡਾ ਤਮਾਸ਼ਾ (ਰੂਪ ਜਗਤ) ਬਣਾਇਆ ਹੈ, ਹੇ ਵਾਹਿਗੁਰੂ! ਏਹ ਸਭ ਰਚਨਾ ਤੇਰੀ ਖੇਡ (ਬਣੀ ਹੋਈ ਹੈ) ॥੩॥੧੩॥੪੨॥

**ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ ॥**

(ਜੋ) ਮਨ ਦੀ ਪਹੁੰਚ ਤੋਂ ਪਰ੍ਹੇ ਹੈ, ਜਿਸ ਦਾ ਅੰਤ ਨਹੀਂ ਹੋਣਾ, ਅਤੇ ਜਿਸ ਦਾ ਮੁਢ ਭੀ ਨਹੀਂ ਹੈ, ਅਤੇ ਜਿਸ ਦੇ ਆਦਿ ਨੂੰ ਭੀ ਕੋਈ ਨਹੀਂ ਜਾਣਦਾ।

**ਸਿਵ ਬਿਰੰਚਿ ਧਰਿ ਧ੍ਯਾਨੁ ਨਿਤਹਿ ਜਿਸੁ ਬੇਦੁ ਬਖਾਣੈ ॥**

ਸ਼ਿਵ ਜੀ ਧਿਆਨ ਧਰ ਕੇ ਅਤੇ [ਬਿਰੰਚਿ] ਬ੍ਰਹਮਾ ਵੇਦ ਵਾਚ ਕੇ ਜਿਸ ਨੂੰ ਨੇਤ ਹੈ (ਮੰਨਦੇ ਹਨ)।

**ਨਿਰੰਕਾਰੁ ਨਿਰਵੈਰੁ ਅਵਰੁ ਨਹੀ ਦੂਸਰ ਕੋਈ ॥**

(ਜੋ ਆਕਾਰ) ਤੋਂ ਰਹਿਤ ਤੇ ਵੈਰ ਭਾਵ ਤੋਂ ਪਰੇ ਹੈ, (ਅਤੇ ਜਿਸ ਦੇ ਸਮਾਨ) ਹੋਰ ਕੋਈ ਦੂਸਰਾ ਨਹੀਂ ਹੈ।

**ਭੰਜਨ ਗੜ੍ਹਣ ਸਮਥੁ ਤਰਣ ਤਾਰਣ ਪ੍ਰਭੁ ਸੋਈ ॥**

ਓਹ ਪ੍ਰਭੂ ਹੀ ਭੰਨਣ ਤੇ ਘੜਨ ਦੀ ਤਾਕਤ ਵਾਲਾ ਅਤੇ ਤਾਰਨ ਵਾਲਾ ਜਹਾਜ਼ ਹੈ।

**ਨਾਨਾ ਪ੍ਰਕਾਰ ਜਿਨਿ ਜਗੁ ਕੀਓ ਜਨੁ ਮਥੁਰਾ ਰਸਨਾ ਰਸੈ ॥**

ਜਿਸ ਨੇ ਅਨੇਕਾਂ ਤਰ੍ਹਾਂ ਦਾ ਜਗਤ ਬਣਾਇਆ ਹੈ, ਮਥਰਾ ਭੱਟ ਜ਼ਬਾਨੀ ਆਖਦਾ ਹੈ।

**ਸ੍ਰੀ ਸਤਿ ਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ ॥੧॥**

(ਕਿ ਓਹ) ਸਤਿਨਾਮ (ਵਾਲਾ) ਕਰਤਾ ਪੁਰਖ ਸ੍ਰੀ ਗੁਰੂ ਰਾਮਦਾਸ ਜੀ ਦੇ ਚਿੱਤ ਵਿਚ ਵਸਦਾ ਹੈ।

**ਗੁਰੂ ਸਮਰਥੁ ਗਹਿ ਕਰੀ ਧ੍ਰੁਵ ਬੁਧਿ ਸੁਮਤਿ ਸਮ੍ਹਾਰਨ ਕਉ ॥**

ਸਮਰਥ ਗੁਰੂ (ਨੇ ਮੇਰੀ) [ਧ੍ਰੁਵ] ਚੰਚਲ ਬੁਧਿ ਨੂੰ ਸਵਾਰਨ ਲਈ ਸਿਖਿਆ (ਦੇ ਕੇ) ਫੜ ਲਿਆ ਹੈ।

**ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ ਅਘ ਪੁੰਜ ਤਰੰਗ ਨਿਵਾਰਨ ਕਉ ॥**

[ਪੁੰਜ] ਸਾਰੇ (ਪੁਰਸ਼ਾਂ ਦੇ) ਪਾਪ (ਰੂਪ) [ਤਰੰਗ] ਦਾਗ (ਨਿਸ਼ਾਨ) ਮੇਟਨ ਨੂੰ ਸਦਾ (ਹੀ ਜਿਸ ਗੁਰੂ ਦੇ ਦਰ ਤੇ) ਧਰਮ ਦਾ [ਧੁਜਾ] ਝੰਡਾ ਝੂਲ ਰਿਹਾ ਹੈ।

**ਮਥੁਰਾ ਜਨ ਜਾਨਿ ਕਹੀ ਜੀਅ ਸਾਚੁ ਸੁ ਅਉਰ ਕਛੂ ਨ ਬਿਚਾਰਨ ਕਉ ॥**

ਦਾਸ ਮਥੁਰਾ (ਭੱਟ ਨੇ ਤਾਂ) ਜੀਅ (ਵਿਚ ਜਾਣ ਕੇ) ਸੱਚ ਕਹੀ ਹੈ, ਅਤੇ ਹੋਰ ਕੁਝ ਵਿਚਾਰਨ ਦੀ ਲੋੜ ਹੀ ਨਹੀਂ—

**ਹਰਿ ਨਾਮੁ ਬੋਹਿਥੁ ਬਡੌ ਕਲਿ ਮੈ ਭਵ ਸਾਗਰ ਪਾਰਿ ਉਤਾਰਨ ਕਉ ॥੨॥**

(ਕਿ ਕਲਿਜੁਗ ਵਿਚ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਣ ਲਈ ਹਰਿ ਨਾਮ ਹੀ ਵੱਡਾ ਜਹਾਜ਼ ਹੈ ॥੨॥

SIKHBOOKCLUB.COM

**ਸੰਤਤ ਹੀ ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ ॥**

(ਜੋ) ਸਤਿ ਸੰਗਤਿ ਦੇ ਸੱਚੇ ਰੰਗ ਵਿਚ ਰੱਤੇ ਹੋਏ [ਸੰਤਤ] ਇਕ-ਰਸ ਜਸ ਗਾਉਂਦੇ ਹਨ।

**ਧ੍ਰਮ ਪੰਥੁ ਧਰਿਓ ਧਰਨੀਧਰ ਆਪਿ ਰਹੇ ਲਿਵ ਧਾਰਿ ਨ ਧਾਵਤ ਹੈ ॥**

ਧਰਮ ਦਾ ਰਸਤੇ ਤੁਰਦਾ ਹੈ, ਧਰਤੀ ਦੇ ਆਸਰੇ (ਰੂਪ, ਨਿਰੰਕਾਰ) ਦੀ ਪ੍ਰੀਤ ਦੇ [ਧਾਰਿ] ਆਸਰੇ (ਹੀ ਅੱਠੇ ਪਹਿਰ) ਆਪ ਰਹਿੰਦੇ ਹਨ, (ਤੇ ਮਨ ਮਗਰ) ਨਹੀਂ ਦੌੜਦੇ।

**ਮਥੁਰਾ ਭਨਿ ਭਾਗ ਭਲੇ ਉਨ੍ ਕੇ ਮਨ ਇਛਤ ਹੀ ਫਲ ਪਾਵਤ ਹੈ ॥**

ਮਥੁਰਾ (ਭੱਟ) ਕਹਿੰਦਾ ਹੈ ਉਨ੍ਹਾਂ ਦੇ ਭਾਗ ਚੰਗੇ ਹਨ; (ਉਹ) ਮਨ ਇੱਛਤ ਫਲ ਪਾ ਲੈਂਦੇ ਹਨ।

**ਰਵਿ ਕੇ ਸੁਤ ਕੋ ਤਿਨ੍ ਤ੍ਰਾਸੁ ਕਹਾ ਜੁ ਚਰੰਨ ਗੁਰੂ ਚਿਤੁ ਲਾਵਤ ਹੈ ॥੩॥**

ਸੂਰਜ ਦੇ ਪੁਤ੍ਰ (ਯਮਰਾਜ) ਦਾ ਉਨ੍ਹਾਂ ਨੂੰ ਕੀ ਡਰ ਹੈ ? ਜੁ ਗੁਰੂ ਜੀ ਦੇ ਚਰਨਾਂ ਨਾਲ ਚਿੱਤ ਲਾਉਂਦੇ ਹਨ ॥੩॥

**ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥**

(ਗੁਰੂ ਰਾਮਦਾਸ ਰੂਪ ਸਰੋਵਰ ਵਿਚ) ਨਾਮ (ਰੂਪ) ਨਿਰਮਲ [ਸੁਧਾ] ਅੰਮ੍ਰਿਤ ਜਲ ਨੱਕੋ-ਨੱਕ ਭਰਿਆ ਹੋਇਆ ਹੈ, ਜਿਸ ਵਿਚੋਂ ਸ਼ਬਦਾਂ (ਰੂਪ) ਲਹਿਰਾਂ ਦਿਨ (ਚੜ੍ਹਨ ਤੋਂ) ਪਹਿਲੇ-ਪਹਿਲੇ ਹੀ ਪ੍ਰਗਟ ਹੁੰਦੀਆਂ ਹਨ।

**ਗਹਿਰ ਗੰਭੀਰੁ ਅਥਾਹ ਅਤਿ ਬਡ ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥**

(ਇਹ ਮਾਨ ਸਰੋਵਰ) ਵੱਡਾ [ਗਹਿਰਾ] ਡੂੰਘਾ ਤੇ ਅਹਿੱਲ ਹੈ, ਅਤੇ ਵੱਡਾ ਹੀ ਅਥਾਹ ਹੈ, ਸਦਾ ਹੀ ਭਰਿਆ ਰਹਿੰਦਾ ਹੈ, ਅਤੇ ਸਭ ਤਰ੍ਹਾਂ ਦੇ [ਰਤਨ×ਆਕਰ] ਰਤਨਾਂ ਦੀ ਖਾਣ ਹੈ।

**ਸੰਤ ਮਰਾਲ ਕਰਹਿ ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥**

(ਇਸ ਮਾਨ ਸਰੋਵਰ ਤੇ) ਸੰਤਾਂ (ਰੂਪ) [ਮਰਾਲ] ਹੰਸ [ਕੰਤੂਹਲ=ਕ੍ਰੀੜਾ ਖੁਸ਼ੀਆਂ] (ਖੇਡਾਂ) ਕਰਦੇ ਹਨ, ਉਨ੍ਹਾਂ ਨੂੰ ਜਮਾਂ ਦਾ ਡਰ (ਅਤੇ) [ਕਾਗਰੁ] ਲੇਖੇ ਦੇ ਦੁਖ ਹੀ ਭੁਲ ਗਏ ਹਨ।

**ਕਲਜੁਗ ਦੁਰਤ ਦੂਰਿ ਕਰਬੇ ਕਉ ਦਰਸਨੁ ਗੁਰੂ ਸਗਲ ਸੁਖ ਸਾਗਰੁ ॥੪॥**

ਕਲਜੁਗ (ਵਿਚ) ਪਾਪ ਦੂਰ ਕਰਨ ਵਾਲਾ ਅਤੇ ਸਾਰੇ ਸੁਖਾਂ ਦਾ ਸਮੁੰਦਰ (ਸ੍ਰੀ) ਗੁਰੂ (ਰਾਮਦਾਸ ਜੀ ਦਾ ਹੀ) ਦਰਸ਼ਨ ਹੈ ॥੪॥

**ਜਾ ਕਉ ਮੁਨਿ ਧ੍ਯਾਨੁ ਧਰੈ ਫਿਰਤ ਸਗਲ ਜੁਗ**
**ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ ॥**

ਸਾਰੇ ਜੁਗਾਂ ਵਿਚ ਮੁਨੀ ਦਾ ਧਿਆਨ ਧਰਦੇ ਹਨ, ਕਦੇ-ਕਦੇ ਕੋਈ (ਵਿਰਲਾ ਹੀ ਉਸ) ਆਤਮਾ ਦੇ ਗਿਆਨ ਨੂੰ ਪਾਉਂਦਾ ਹੈ।

**ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ**
**ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥**

ਬੇਦਾਂ ਦੀ ਬਾਣੀ ਸਹਿਤ ਬ੍ਰਹਮਾ ਭੀ ਜਿਸ ਦਾ ਜਸ ਗਾਉਂਦਾ ਹੈ, ਅਤੇ (ਜਿਸ) ਨੂੰ [ਗਹਿਨ×ਹਿਤ] ਪ੍ਰਾਪਤ ਕਰਨ ਵਾਸਤੇ ਸ਼ਿਵ ਜੀ ਤੇ ਮੁਨੀ [ਕਬਿਲਾਸ] ਕੈਲਾਸ਼ ਪਰਬਤ ਤੇ ਜਾ ਕੇ (ਸਮਾਧੀ ਲਾਈ ਬੈਠੇ ਹਨ)।

**ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ**
**ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ ॥**

ਜਿਸ ਨੂੰ (ਪਾਉਣ ਲਈ) ਅਨੇਕਾਂ ਹੀ ਜੋਗੀ, ਜਤੀ, ਸਾਧਿਕ ਤੇ ਤਪਸੀ ਜਟਾ ਜੂਟ ਭੇਖ ਧਾਰ ਕੇ ਉਦਾਸ ਹੋਏ ਫਿਰਦੇ ਹਨ।

**ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ**
**ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥੫॥**

ਉਸ ਸੁਖ [ਭਾਇ] ਸਰੂਪ ਸਤਿਗੁਰੂ ਨੇ ਜੀਵਾਂ (ਉਤੇ) ਕਿਰਪਾ ਕਰਕੇ (ਇਨ੍ਹਾਂ ਦੇ ਹੀ ਭਲੇ ਵਾਸਤੇ) ਗੁਰੂ ਰਾਮਦਾਸ ਜੀ ਨੂੰ ਨਾਮ ਦੀ ਵਡਿਆਈ ਦਿਤੀ ਹੈ ॥੫॥

**ਨਾਮੁ ਨਿਧਾਨੁ ਧਿਆਨ ਅੰਤਰਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ ॥**

Sri Satguru Jagjit Singh Ji eLibrary NamdhariElibrary@gmail.com

(ਜੋ ਗੁਰਾਂ ਦੇ) ਅੰਦਰ ਨਾਮ ਦੇ ਖਜ਼ਾਨੇ ਦਾ ਧਿਆਨ [ਗਤਿ] ਪ੍ਰਾਪਤ (ਹੈ, ਉਸਦੇ) ਤੇਜ ਦਾ ਪ੍ਰਤਾਪ ਹੀ ਤਿੰਨਾਂ ਲੋਕਾਂ ਵਿਚ ਚਾਨਣ ਕਰ ਰਿਹਾ ਹੈ।

**ਦੇਖਤ ਦਰਸੁ ਭਟਕਿ ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ ॥**

(ਗੁਰਾਂ ਦਾ) ਦਰਸ਼ਨ ਵੇਖਦਿਆਂ ਸਾਰ ਹੀ ਭਰਮ ਮਿਟ ਜਾਂਦਾ ਹੈ, ਦੁਖ ਹਟ ਜਾਂਦਾ ਹੈ ਅਤੇ ਸੁਖਾਂ ਦਾ ਸਹਿਜ ਪ੍ਰਗਾਸ ਹੋ ਜਾਂਦਾ ਹੈ।

**ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ ॥**

ਸੇਵਕ ਤੇ ਸਿਖ ਸਦਾ (ਹੀ ਗੁਰੂ ਜੀ ਦੇ ਦਰਸ਼ਨ ਦਾ ਇਉਂ) ਲੋਭ ਕਰਦੇ ਹਨ ਜਿਵੇਂ [ਅਲਿ] ਭੌਰਿਆਂ ਦਾ ਝੁੰਡ ਫੁੱਲਾਂ ਦੀ ਵਾਸ਼ਨਾ (ਦਾ ਲੋਭ ਕਰਦਾ ਹੈ)।

**ਬਿਦ੍ਯ੍ਮਾਨ ਗੁਰਿ ਆਪਿ ਥਪ੍ਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ ॥੬॥**

ਗੁਰੂ (ਅਮਰਦਾਸ ਜੀ ਨੇ) [ਬਿਦ੍ਯ੍ਮਾਨ] ਆਪਣੇ ਹੁੰਦਿਆਂ (ਹੀ ਜਿਸ ਨੂੰ) ਆਪ ਤਖਤ ਉਤੇ ਬਿਠਾਇਆ ਸੀ, ਉਹ ਸੱਚਾ ਗੁਰੂ ਰਾਮਦਾਸ ਹੈ ॥੬॥

**ਤਾਰ੍ਉ ਸੰਸਾਰੁ ਮਾਯਾ ਮਦ ਮੋਹਿਤ ਅੰਮ੍ਰਿਤ ਨਾਮੁ ਦੀਅਉ ਸਮਰਥੁ ॥**

ਸਮਰਥ (ਗੁਰੂ ਜੀ ਨੇ ਜਿਸ ਨੂੰ) ਨਾਮ ਅੰਮ੍ਰਿਤ ਦਿੱਤਾ (ਹੈ, ਉਹ) ਸੰਸਾਰ (ਵਿਚ ਰਹਿੰਦਾ ਹੋਇਆ) ਮਾਇਆ ਦੇ ਮੋਹ ਅਤੇ ਹੰਕਾਰ ਤੋਂ ਪਾਰ ਲੰਘ ਗਿਆ ਹੈ।

**ਫੁਨਿ ਕੀਰਤਿਵੰਤ ਸਦਾ ਸੁਖ ਸੰਪਤਿ ਰਿਧਿ ਅਰੁ ਸਿਧਿ ਨ ਛੋਡਇ ਸਥੁ ॥**

ਫਿਰ (ਉਹ) ਜਸ ਵਾਲਾ ਤੇ ਸਦਾ ਸੁਖ ਸੰਪਤਿ (ਵਾਲਾ ਹੋ ਗਿਆ ਹੈ, ਅਤੇ) ਰਿਧੀ ਸਿਧੀ (ਉਸ ਦਾ) ਸਾਥ ਨਹੀਂ ਛੱਡਦੀ।

**ਦਾਨਿ ਬਡੌ ਅਤਿਵੰਤੁ ਮਹਾਬਲਿ ਸੇਵਕਿ ਦਾਸਿ ਕਹਿਓ ਇਹੁ ਤਥੁ ॥**

(ਉਹ) ਏਡਾ ਅਤਯੰਤ ਦਾਨੀ (ਤੇ) ਮਹਾਨ ਬਲ ਵਾਲਾ (ਹੋਇਆ ਹੈ), ਦਾਸ (ਭੱਟ ਨੇ) ਇਹ (ਸਭਨਾਂ ਦਾ) ਨਿਚੋੜ ਕਿਹਾ ਹੈ, ਕਿ—

**ਤਾਹਿ ਕ੍ਹਾ ਪਰਵਾਹ ਕਾਹੂ ਕੀ ਜਾ ਕੈ ਬਸੀਸਿ ਧਰਿਓ ਗੁਰਿ ਹਥੁ ॥੭॥੪੯॥**

ਜਿਸ ਦੇ ਸਿਰ ਉਤੇ ਗੁਰੂ (ਰਾਮਦਾਸ ਜੀ ਨੇ ਆਪਣਾ) ਹੱਥ ਟਿਕਾਇਆ ਹੈ, ਉਸ ਨੂੰ ਕਿਸੇ ਦੀ ਕੀ ਪਰਵਾਹ ਹੈ ॥੭॥੪੯॥

**ਤੀਨਿ ਭਵਨ ਭਰਪੂਰਿ ਰਹਿਓ ਸੋਈ ॥**
**ਅਪਨ ਸਰਸੁ ਕੀਅਉ ਨ ਜਗਤ ਕੋਈ ॥**

ਜੋ ਤਿੰਨਾਂ ਲੋਕਾਂ ਵਿਚ ਪੂਰਨ ਹੋ ਰਿਹਾ ਹੈ; ਜਗਤ (ਉਤੇ) ਆਪਣੇ ਸਮਾਨ ਉਸ ਨੇ ਹੋਰ ਕੋਈ ਪੈਦਾ ਨਹੀਂ ਕੀਤਾ ॥

**ਆਪੁਨ ਆਪੁ ਆਪ ਹੀ ਉਪਾਯਉ ॥**

SIKHBOOKCLUB.COM

**ਸੁਰਿ ਨਰ ਅਸੁਰ ਅੰਤੁ ਨਹੀ ਪਾਯਉ ॥**

ਆਪਣੇ ਆਪ (ਤੋਂ ਉਸ) ਆਪੇ ਹੀ (ਜਗਤ) ਪੈਦਾ ਕੀਤਾ ਹੈ। ਦੇਵਤੇ ਮਨੁੱਖਾਂ ਤੇ ਦੈਂਤਾਂ (ਵਿਚੋਂ ਉਸ ਦਾ) ਅੰਤ (ਕਿਸੇ ਨੇ ਭੀ) ਨਹੀਂ ਪਾਇਆ।

**ਪਾਯਉ ਨਹੀ ਅੰਤੁ ਸੁਰੇ ਅਸੁਰਹ ਨਰ ਗਣ ਗੰਧ੍ਰਬ ਖੋਜੰਤ ਫਿਰੇ ॥**

ਦੇਵਤੇ, ਦੈਂਤਾਂ ਤੇ ਮਨੁੱਖਾਂ ਨੇ ਅੰਤ ਨਹੀਂ ਪਾਇਆ, ਗਣ ਤੇ ਗੰਧਰਬ (ਉਸਨੂੰ) ਢੂੰਡਦੇ ਫਿਰਦੇ ਹਨ।

**ਅਬਿਨਾਸੀ ਅਚਲੁ ਅਜੋਨੀ ਸੰਭਉ ਪੁਰਖੋਤਮੁ ਅਪਾਰ ਪਰੇ ॥**

ਨਾਸ ਤੋਂ ਰਹਿਤ ਅਚੱਲ ਹੈ, ਜੂਨਾਂ ਤੋਂ ਰਹਿਤ ਤੇ ਆਪਣੇ ਆਪ ਹੀ ਪ੍ਰਕਾਸ਼ਵਾਨ ਹੈ, (ਉਹ) ਉੱਤਮ ਪੁਰਖ ਉਰੇ ਤੇ ਪਰ੍ਹੇ (ਸਭ ਜਗ੍ਹਾਂ ਵਿਚ ਪੂਰਨ ਹੈ)।

**ਕਰਣ ਕਾਰਣ ਸਮਰਥੁ ਸਦਾ ਸੋਈ ਸਰਬ ਜੀਅ ਮਨਿ ਧ੍ਯਾਇਯਉ ॥**

ਉਹ ਸਦਾ ਹੀ ਕਾਰਨਾਂ ਦੇ ਕਰਨ ਨੂੰ ਸਮਰਥ ਹੈ, ਅਤੇ ਸਾਰੇ ਜੀਵ ਮਨ ਵਿਚ ਉਸੇ ਨੂੰ ਧਿਆਉਂਦੇ ਹਨ, (ਅਥਵਾ ਸਾਰੇ ਜੀਵਾਂ ਦਾ ਧਿਆਨ ਉਸੇ ਦੇ ਮਨ ਵਿਚ ਹੈ)।

**ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੧॥**

ਹੇ ਸ੍ਰੀ ਗੁਰੂ ਰਾਮਦਾਸ (ਜੀ! ਤੁਹਾਡੀ) ਜਗਤ ਵਿਚ ਜੈ ਜੈ (ਹੋ ਰਹੀ ਹੈ, ਕਿਉਂਕਿ) ਤੁਸਾਂ (ਉਸ) ਪਰਮ ਪਦ (ਸਰੂਪ) ਹਰੀ ਨੂੰ ਪਾਇਆ ਹੈ ॥੧॥

**ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ**
**ਤਨੁ ਮਨੁ ਧਨੁ ਗੋਬਿੰਦ ਦੀਅਉ ॥**

ਸਤਿਗੁਰੂ ਨਾਨਕ (ਜੀ ਨੇ) ਮਨ ਵਿਚ [ਇਕ ਮਨਿ] (ਪ੍ਰਭੂ ਦੀ) ਭਗਤੀ ਕੀਤੀ, ਤਨ ਮਨ ਤੇ ਧਨ (ਸਭ ਕੁਝ) ਗੋਬਿੰਦ (ਨੂੰ ਭੇਟ ਕਰ) ਦਿੱਤਾ।

**ਅੰਗਦਿ ਅਨੰਤ ਮੂਰਤਿ ਨਿਜ ਧਾਰੀ**
**ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ ॥**

(ਫਿਰ) ਅਨੰਤ (ਰੂਪ ਗੁਰੂ ਨਾਨਕ ਜੀ ਨੇ) ਆਪ ਹੀ (ਗੁਰੂ) ਅੰਗਦ ਦੇਵ ਰੂਪ ਧਾਰ ਲਿਆ (ਜਿਸ ਗੁਰੂ) ਅੰਗਦ ਦੇਵ ਨੇ ਅਗਮ ਗਿਆਨ ਦੇ ਰਸ ਵਿਚ ਹਿਰਦੇ ਨੂੰ ਰਸਾਇਆ ਸੀ।

**ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧ੍ਯਾਇਯਉ ॥**

ਗੁਰੂ ਅਮਰਦਾਸ ਜੀ ਨੇ ਵਾਹਿਗੁਰੂ ਵਾਹਿਗੁਰੂ ਧਿਆਉਂਦਿਆਂ ਹੀ ਕਰਤਾਰ ਨੂੰ ਵੱਸ ਕਰ ਲਿਆ ਸੀ।

**ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੨॥**

ਹੇ ਸ੍ਰੀ ਗੁਰੂ ਰਾਮਦਾਸ (ਜੀ! ਹੁਣ ਤੁਹਾਡੀ) ਜਗਤ ਵਿਚ ਜੈ ਜੈ (ਹੋ ਰਹੀ ਹੈ), (ਕਿਉਂਕਿ) ਤੁਸਾਂ (ਉਸ) ਪਰਮ ਪਦ (ਸਰੂਪ) ਹਰਿ ਨੂੰ ਪਾਇਆ ਹੈ ॥੨॥

Sri Satguru Jagjit Singh Ji eLibrary NamdhariElibrary@gmail.com

**ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ ॥**

ਨਾਰਦ, ਧਰੂ, ਪ੍ਰਹਿਲਾਦ ਤੇ ਸੁਦਾਮਾ (ਆਦਿਕ ਜੋ) ਪੂਰਬਲੇ ਜੁਗਾਂ ਵਿਚ ਹਰੀ ਦੇ ਭਗਤ (ਹੋਏ ਹਨ)।

**ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰ ਭਣੰ ॥**

ਅੰਬਰੀਕ, ਜੈਦੇਵ, ਤ੍ਰਿਲੋਚਨ, ਨਾਮਦੇਵ ਅਤੇ ਕਬੀਰ (ਆਦਿਕ ਜੋ) ਕਹੇ ਜਾਂਦੇ ਹਨ।

**ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਯਉ ॥**

ਉਨ੍ਹਾਂ (ਸਾਰਿਆਂ) ਦਾ ਅਵਤਾਰ ਕਲਿਜੁਗ ਵਿਚ (ਗੁਰੂ ਰਾਮਦਾਸ) ਹੋਇਆ ਹੈ (ਆਪ ਦਾ) ਜਸ (ਸਾਰੇ) ਜਗਤ ਵਿਚ ਫੈਲਿਆ ਹੋਇਆ ਹੈ।

**ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੩॥**

ਹੇ ਸ੍ਰੀ ਗੁਰੂ ਰਾਮਦਾਸ (ਜੀ! ਆਪਦੀ) ਜਗਤ ਵਿਚ ਜੈ ਜੈ (ਹੋ ਰਹੀ ਹੈ, ਕਿਉਂਕਿ) ਤੁਸਾਂ (ਉਸ) ਪਰਮਪਦ (ਸਰੂਪ) ਹਰੀ ਨੂੰ ਪਾ ਲਿਆ ਹੈ ॥੩॥

**ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ ॥**

(ਜਿਨ੍ਹਾਂ ਨੇ) ਮਨ ਕਰਕੇ ਤੁਹਾਨੂੰ ਸਿਮਰਿਆ ਹੈ, ਉਨ੍ਹਾਂ ਪੁਰਸ਼ਾਂ ਦਾ ਕਾਮ ਕ੍ਰੋਧ ਮਿਟ ਗਿਆ ਹੈ।

**ਬਾਚਾ ਕਰਿ ਸਿਮਰੰਤ ਤੁਝੈ ਤਿਨ੍ ਦੁਖੁ ਦਰਿਦ੍ਰੁ ਮਿਟਯਉ ਜੁ ਖਿਣੰ ॥**

ਜੋ ਨਰ ਬਾਣੀ ਕਰਕੇ ਤੈਨੂੰ ਸਿਮਰਦੇ ਹਨ, ਖਿਨ ਵਿਚ ਹੀ ਉਨ੍ਹਾਂ ਦਾ ਦੁਖ ਦਰਿਦਰ ਮਿਟ ਜਾਂਦਾ ਹੈ।

**ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ਯ ਭਟ ਜਸੁ ਗਾਇਯਉ ॥**

(ਜੋ) [ਕਰਮ=ਕ੍ਰਮ] ਸਰੀਰ ਕਰਕੇ ਤੇਰਾ ਦਰਸ਼ਨ ਕਰਦੇ ਹਨ, (ਉਹ) ਪਾਰਸ ਦੇ ਸਮਾਨ ਹਨ, ਬੱਲਜ ਭੱਟ ਜਸ ਗਾਉਂਦਾ ਹੈ—

**ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੪॥**

ਹੇ ਸ੍ਰੀ ਗੁਰੂ ਰਾਮਦਾਸ (ਜੀ! ਆਪ ਦੀ) ਜਗਤ ਵਿਚ ਜੈ ਜੈ (ਹੋ ਰਹੀ ਹੈ, ਕਿਉਂਕਿ) ਤੁਸਾਂ (ਉਸ) ਪਰਮਪਦ (ਸਰੂਪ) ਹਰੀ ਨੂੰ ਪਾ ਲਿਆ ਹੈ ॥੪॥

**ਜਿਹ ਸਤਿਗੁਰ ਸਿਮਰੰਤ ਨ੍ਯਨ ਕੇ ਤਿਮਰ ਮਿਟਹਿ ਖਿਨੁ ॥**

ਜੋ ਸਤਿਗੁਰੂ ਨੂੰ ਸਿਮਰਦੇ ਹਨ, (ਉਨ੍ਹਾਂ ਦੀਆਂ ਬੁਧਿ ਰੂਪ) ਅੱਖਾਂ ਦਾ (ਅਗਿਆਨ ਰੂਪ) [ਤਿਮਰ] ਹਨੇਰਾ ਖਿਨ (ਵਿਚ ਮਿਟ ਜਾਂਦਾ ਹੈ)।

**ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ ॥**

ਜੋ ਸਤਿਗੁਰੂ ਜੀ ਨੂੰ ਸਿਮਰਦੇ ਹਨ, (ਉਨ੍ਹਾਂ ਦੇ) ਹਿਰਦੇ ਵਿਚ ਦਿਨ-ਬ-ਦਿਨ ਹਰਿ ਨਾਮ (ਦੀ ਪ੍ਰੀਤ ਜਾਗਦੀ) ਹੈ।

**ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ ॥**

Sri Satguru Jagjit Singh Ji eLibrary NamdhariElibrary@gmail.com

ਜੋ ਸਤਿਗੁਰੂ ਨੂੰ ਸਿਮਰਦੇ ਹਨ, (ਉਹ ਆਪਣੇ) ਜੀਅ ਦੀ ਤਪਤ ਮਿਟਾ ਲੈਂਦੇ ਹਨ।

**ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ ॥**

ਜੋ ਸਤਿਗੁਰੂ ਨੂੰ ਸਿਮਰਦੇ ਹਨ, (ਉਹ) ਰਿਧੀ ਸਿਧੀ ਤੇ ਨੌਂ ਨਿਧਾਂ ਪਾ ਲੈਂਦੇ ਹਨ।

**ਸੋਈ ਰਾਮਦਾਸੁ ਗੁਰੁ ਬਲ੍ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥**

ਉਹ ਸਤਿਗੁਰੂ ਰਾਮਦਾਸ ਹੈ, (ਜਿਸ ਨੂੰ ਸਿਮਰਨ ਦਾ ਏਹ ਫਲ ਹੈ, ਬੱਲਜ (ਭੱਟ ਕਹਿੰਦਾ ਹੈ—ਸਤਿ) ਸੰਗਤਿ ਵਿਚ ਮਿਲਕੇ (ਉਸ ਗੁਰੂ ਨੂੰ) ਧੰਨ ਧੰਨ ਆਖੋ।

**ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ ॥੫॥੫੪॥**

ਜਿਸ ਸਤਿਗੁਰੂ (ਜੀ ਦੇ ਚਰਨੀਂ) ਲਗ ਕੇ ਪ੍ਰਭੂ ਪਾਈਦਾ ਹੈ, ਹੇ ਪੁਰਸ਼ੋ! ਉਸ ਸਤਿਗੁਰੂ ਦੀ ਸੇਵਾ ਕਰੋ ॥੫॥੫੪॥

**ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ ਸੇਵਾ ਕਰਤ ਨ ਛੋਡਿਓ ਪਾਸੁ ॥**

ਜਿਸ (ਗੁਰਾਂ ਦੇ) ਉਪਦੇਸ਼ ਦੀ ਕਮਾਈ (ਕੀਤੀ ਹੈ, ਉਸ ਨੇ) ਪਰਮਪਦ ਪਾਇਆ ਹੈ; (ਅਤੇ ਜਿਸ ਨੇ) ਸੇਵਾ ਕਰਦਿਆਂ (ਗੁਰਾਂ ਦਾ) ਲਾਗਾ ਨਹੀਂ ਛਡਿਆ।

**ਤਾ ਤੇ ਗਉਹਰੁ ਗ੍ਯਾਨ ਪ੍ਰਗਟੁ ਉਜੀਆਰਉ ਦੁਖ ਦਰਿਦ੍ਰ ਅੰਧ੍ਯਾਰ ਕੋ ਨਾਸੁ ॥**

ਉਸ (ਸੇਵਾ) ਕਰਕੇ (ਉਸ ਨੂੰ) ਗਿਆਨ [ਗਉਹਰੁ] ਰਤਨ ਦਾ ਚਾਨਣ ਪ੍ਰਗਟ ਹੋਇਆ ਹੈ, (ਜਿਸ ਕਰਕੇ) ਦੁਖ, ਦਰਿਦਰ ਤੇ (ਅਗਿਆਨ) ਹਨੇਰੇ ਦਾ ਨਾਸ (ਹੋ ਗਿਆ ਹੈ)।

**ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ**
**ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ ॥**

ਕੀਰਤ ਕਵਿ (ਕਹਿੰਦਾ ਹੈ; ਕਿ) ਜੋ ਸੰਤ (ਗੁਰੂ ਜੀ ਦੇ) ਚਰਨੀਂ (ਲਗੇ ਹਨ) ਉਨ੍ਹਾਂ ਨੂੰ ਕਾਮ ਕਰੋਧ ਤੇ ਜਮਾਂ ਦਾ ਡਰ ਨਹੀਂ ਰਿਹਾ।

**ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ**
**ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥੧॥**

ਜਿਵੇਂ ਗੁਰੂ ਨਾਨਕ (ਦੇਵ ਜੀ ਦੇ) ਅੰਗਾਂ ਤੋਂ (ਗੁਰੂ) ਅੰਗਦ (ਜੀ ਪ੍ਰਗਟੇ ਸਨ) ਤਿਵੇਂ ਹੀ ਗੁਰੂ ਅਮਰਦਾਸ ਜੀ ਤੋਂ ਗੁਰੂ ਰਾਮਦਾਸ (ਜੀ ਪ੍ਰਗਟ ਹੋਏ ਹਨ) ॥੧॥

**ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ**
**ਨਿਸਿ ਬਾਸੁਰ ਹਰਿ ਚਰਨ ਨਿਵਾਸੁ ॥**

ਜਿਸਨੇ ਸਤਿਗੁਰਾਂ ਦੀ ਸੇਵਾ ਰੂਪ ਪਦਾਰਥ ਪਾਇਆ ਏ, (ਉਹ) [ਨਿਸ ਬਾਸੁਰ] ਰਾਤ ਦਿਨ ਹਰੀ ਦੇ ਚਰਨਾਂ ਵਿਚ ਵਸਦਾ ਹੈ।

Sri Satguru Jagjit Singh Ji eLibrary NamdhariElibrary@gmail.com

**ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ**

**ਤੁਮ ਮਲੀਆਗਰ ਪ੍ਰਗਟ ਸੁਬਾਸੁ ॥**

ਇਸੇ ਲਈ ਸੰਗਤਿ ਵਡੇ ਪ੍ਰੇਮ ਤੇ ਡਰ ਨਾਲ ਆਪ ਨੂੰ ਮੰਨਦੀ ਹੈ, ਆਪ [ਮਲੀਆਗਰ] ਚੰਦਨ ਦਾ ਪਹਾੜ (ਹੋ, ਅਤੇ ਆਪ ਤੋਂ ਭਗਤੀ ਰੂਪ) ਸੁਗੰਧੀ ਪ੍ਰਗਟ ਹੋ ਰਹੀ ਹੈ ।

**ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜੵੋ ਜੁ ਪ੍ਰਗਾਸੁ ॥**

ਧਰੂ, ਪ੍ਰਹਿਲਾਦ, ਕਬੀਰ ਤੇ ਤ੍ਰਿਲੋਚਨ (ਆਦਿਕ ਭਗਤਾਂ ਨੂੰ) ਨਾਮ ਜਪਣ ਕਰਕੇ ਜਿਸ ਦਾ ਗਿਆਨ ਹੋਇਆ ਸੀ, ਅਤੇ—

**ਜਿਹ ਪਿਖਤ ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥੨॥**

ਜਿਸ ਨੂੰ ਵੇਖਦਿਆਂ ਮਨ ਵਿਚ ਵੱਡਾ [ਰਹਸੁ] ਅਨੰਦ ਹੁੰਦਾ ਹੈ, ਓਹੀ ਸੰਤਾਂ ਦਾ ਸਹਾਰਾ ਗੁਰੂ ਰਾਮਦਾਸ ਹੈ ॥੨॥

**ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥**

(ਗੁਰੂ) ਨਾਨਕ ਜੀ ਨੇ ਨਿਰੰਕਾਰ ਦਾ ਨਾਮ ਜਪਿਆ ਤੇ ਸੁਰਤ ਲਾ ਕੇ ਪ੍ਰੇਮਾ ਭਗਤੀ ਕੀਤੀ ਸੀ ।

**ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ**

**ਤਿਨਿ ਸਬਦ ਸੁਰਤਿ ਕੀਨੀ ਵਰਖਾਈ ॥**

ਉਨ੍ਹਾਂ ਦੇ ਅੰਗਾਂ ਤੋਂ (ਗੁਰੂ) ਅੰਗਦ (ਜੀ) [ਸਾਇਰੁ] ਸਮੁੰਦ੍ਰ (ਰੂਪ ਪ੍ਰਗਟ) ਹੋਏ ਉਨ੍ਹਾਂ ਨੇ (ਸੁ×ਰਤਿ) ਵੱਡੀ ਪ੍ਰੀਤ ਨਾਲ ਉਪਦੇਸ਼ ਦੀ ਵਰਖਾ ਕੀਤੀ ।

**ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ ॥**

ਗੁਰੂ ਅਮਰਦਾਸ ਜੀ ਦੀ ਕਥਾ ਅਕਥ ਹੈ, (ਮੇਰੀ) ਇਕ ਜੀਭ ਤੋਂ ਕੁਝ ਆਖੀ ਨਹੀਂ ਜਾਂਦੀ ॥

**ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ**

**ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥੩॥**

ਸਾਰੀ ਸ੍ਰਿਸ਼ਟੀ ਨੂੰ ਤਾਰਣ (ਵਾਸਤੇ) ਹੁਣ, ਸੋਢੀ (ਜਾਤਿ ਦੇ) ਗੁਰੂ ਰਾਮਦਾਸ ਜੀ ਨੂੰ (ਉਹੀ) ਵਡਿਆਈ ਮਿਲੀ ਹੈ ॥੩॥

**ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ**

ਅਸੀਂ ਔਗੁਣਾਂ ਦੇ ਭਰੇ (ਹੋਏ ਹਾਂ, ਸਾਡੇ ਵਿਚ) ਇਕ ਭੀ ਗੁਣ ਨਹੀਂ ਹੈ।

**ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥**

(ਨਾਮ) ਅੰਮ੍ਰਿਤ ਨੂੰ ਛੱਡ ਕੇ (ਅਸੀਂ) ਵਿਸ਼ਿਆਂ ਰੂਪ ਜ਼ਹਿਰ ਨੂੰ ਖਾਂਦੇ ਹਾਂ।

**ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥**

ਮਾਇਆ ਦੇ ਮੋਹ ਵਿਚ (ਪੈ ਕੇ ਤੇਰੇ ਉਪਕਾਰ) ਭੁੱਲ ਗਏ ਹਾਂ ਅਤੇ ਇਸਤਰੀ ਤੇ ਪੁਤਰ ਨਾਲ ਪਰੀਤ ਲਾਈ ਹੋਈ ਹੈ ।

**ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥**

ਗੁਰਾਂ ਦੀ ਸੰਗਤਿ ਹੀ ਇਕ ਉੱਤਮ ਰਾਹ ਸੁਣਿਆ ਹੈ, ਜਿਸ ਦੇ ਮਿਲਿਆਂ ਜਮਾਂ ਦਾ ਡਰ ਮਿਟ ਜਾਂਦਾ ਹੈ।

**ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥**

ਕੀਰਤ ਭੱਟ ਦੀ ਇਕ (ਏਹੋ) ਬੇਨਤੀ ਹੈ, ਹੇ ਗੁਰੂ ਰਾਮਦਾਸ (ਜੀ! ਮੈਨੂੰ ਆਪਣੀ) ਸ਼ਰਨ ਵਿਚ ਹੀ ਰਖੋ ॥੪॥੫੮॥

**ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਉ ॥**

ਮੋਹ [ਮਲਿ] ਸੂਰਮੇ ਨੂੰ ਵੱਸ ਕਰ ਲਿਆ ਹੈ, ਅਤੇ ਕਾਮ ਨੂੰ ਕੇਸਾਂ ਤੋਂ ਫੜ ਕੇ ਪਟਕਾ ਮਾਰਿਆ ਹੈ।

**ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਉ ॥**

ਵਡੇ ਪ੍ਰਤਾਪ ਵਾਲੇ ਕ੍ਰੋਧ ਦਾ ਨਾਸ ਕੀਤਾ ਹੈ ਅਤੇ ਲੋਭ ਨੂੰ ਝਾੜ ਕੇ (ਉਸ ਦਾ) ਨਿਰਾਦਰ ਕਰ ਦਿੱਤਾ।

**ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥**

ਜੰਮਨਾ ਤੇ [ਕਾਲ] ਮਰਨਾ ਹੱਥ ਜੋੜ ਕੇ (ਆਪ ਦੇ ਦਰ ਖੜੇ ਹਨ) ਜੋ (ਤੁਹਾਡਾ) ਹੁਕਮ ਹੁੰਦਾ ਹੈ, ਉਹ ਮੰਨਦੇ ਹਨ ।

SIKHBOOKCLUB.COM

**ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ ॥**

ਸੰਸਾਰ-ਸਮੁੰਦਰ (ਉਤੇ ਆਪਣੇ ਨਾਮ ਦਾ ਪੁਲ) ਬੰਨ੍ਹ ਦਿੱਤਾ, ਅਤੇ ਸਿੱਖਾਂ ਨੂੰ ਪਾਰ ਲੰਘਾ ਕੇ ਅਨੰਦ ਕਰ ਦਿਤਾ ਹੈ।

**ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥**

(ਆਪਦੇ) ਸਿਰ ਉਤੇ [ਆਤਪਤੁ=ਆਤਪਤ੍ਰ] ਛਤ੍ਰ ਝੁਲਨਾ ਹੈ, ਅਤੇ ਸੱਚੇ ਤਖਤ (ਉਤੇ ਬਿਰਾਜਮਾਨ ਹੋ) ਜੋਗ ਤੇ ਭੋਗ (ਰੂਪ) ਬਲਿ ਸੰਜੁਗਤ ਹੈ ।

**ਗੁਰ ਰਾਮਦਾਸ ਸਚੁ ਸਲ੍ ਭਣਿ ਤੂ ਅਟਲੁ ਰਾਜਿ ਅਭਗੁ ਦਲਿ ॥੧॥**

ਸੱਲ੍ਯ (ਭੱਟ) ਕਹਿੰਦਾ ਹੈ; ਹੇ ਗੁਰੂ ਰਾਮਦਾਸ! ਤੂੰ (ਇਸ ਤਰ੍ਹਾਂ ਦੇ) ਅਟਲ ਰਾਜ (ਦਾ ਮਾਲਕ) ਸੱਚਾ (ਰਾਜਾ ਹੈਂ, ਅਤੇ ਸਤਿ ਸੰਤੋਖ ਆਦਿਕ ਤੇਰੀ ਫੌਜ ਭੀ ਨਾਸ ਤੋਂ ਰਹਿਤ ਹੈ ॥੧॥

**ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥**

ਹੇ ਸਤਿਗੁਰੂ ਜੀ! ਤੂੰ [ਚਹੁ ਜੁਗੀ] ਸੰਸਾਰ ਵਿਚ ਆਪਣਾ ਆਪ (ਪ੍ਰਕਾਸ਼ ਵਾਨ) ਪਰਮੇਸ਼ਰ ਹੈਂ ।

**ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥**

ਦੇਵਤੇ, ਮਨੁਖ, ਜਗਜਾਸੂ, ਸਿਧ ਤੇ ਸਿੱਖ (ਸਭ) ਸ਼ੁਰੂ ਤੋਂ ਹੀ (ਤੇਰੀ) ਸੇਵਾ ਕਰਦੇ ਹਨ ।

**ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ ॥**

(ਸਭ ਦਾ) ਮੁਢ ਹੈਂ, [ਜੁਗ=ਦੋ=ਆਦਿ] ਪੁਰਖ ਤੇ ਪ੍ਰਕ੍ਰਿਤੀ ਦਾ ਭੀ ਮੁਢ ਹੈਂ, (ਤੂੰ ਆਪ) ਮੁਢ ਤੋਂ ਰਹਿਤ ਹੈਂ, ਤਿੰਨਾਂ ਲੋਕਾਂ (ਨੂੰ ਤੂੰ ਆਪਣੀ) [ਕਲਾ] ਸ਼ਕਤੀ ਨਾਲ ਟਿਕਾਇਆ ਹੋਇਆ ਹੈ।

**ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ ॥**

ਸ਼ਾਸਤ੍ਰਾਂ ਤੇ ਵੇਦਾਂ ਦੀ ਪਹੁੰਚ ਤੋਂ ਪਰੇ ਹੈਂ, [ਜਰਾ] ਬੁਢੇਪੇ ਤੇ ਜੰਮਣ (ਮਰਨ ਆਦਿਕ ਰੋਗਾਂ ਤੋਂ) ਅਰੋਗ ਹੈਂ।

**ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ ॥**

ਗੁਰੂ ਅਮਰਦਾਸ (ਜੀ ਨੇ ਆਪ ਨੂੰ) ਕਾਇਮ ਕੀਤਾ ਹੈ, ਸੰਸਾਰ ਤੋਂ (ਆਪ) ਪਾਰ ਹੋ (ਅਤੇ ਜਗਤ ਨੂੰ) ਤਾਰਣ ਵਾਲੇ ਜਹਾਜ ਹੋ।

**ਅਘ ਅੰਤਕ ਬਦੈਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ ॥੨॥੬੦॥**

ਸੱਲਯ ਕਵਿ [ਬਦੈਨ] ਕਹਿੰਦਾ ਹੈ ਕਿ ਹੇ ਗੁਰੂ ਰਾਮਦਾਸ (ਜੀ)! ਤੇਰੀ ਸ਼ਰਨ ਹੀ [ਅਘ] ਪਾਪਾਂ ਦਾ [ਅੰਤਕ] ਨਾਸ ਕਰਨ ਵਾਲੀ ਹੈ ॥੨॥੬੦॥

## ਸਵਈਏ ਮਹਲੇ ਪੰਜਵੇ ਕੇ ੫ ੧ਓ ਸਤਿਗੁਰ ਪ੍ਰਸਾਦਿ ॥

(ਅੰਗ ੧੪੦੬-੦੯)

**ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥**

ਉਸ ਨਾਸ ਤੋਂ ਰਹਿਤ ਅਚਲ ਪੁਰਖ ਨੂੰ ਸਿਮਰਦਾ ਹਾਂ।

**ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥**

ਜਿਸ ਨੂੰ ਸਿਮਰਨੇ ਕਰਕੇ ਖੋਟੀ ਮਤ (ਰੂਪ) ਮੈਲ ਦੂਰ ਹੋ ਗਈ ਹੈ।

**ਸਤਿਗੁਰ ਚਰਣ ਕਵਲ ਰਿਦਿ ਧਾਰੰ ॥**

ਸਤਿਗੁਰਾਂ ਦੇ ਚਰਨ ਕਮਲਾਂ ਨੂੰ ਹਿਰਦੇ ਵਿਚ ਧਾਰਕੇ—

**ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥**

ਸਹਿਜੇ ਹੀ ਗੁਰੂ ਅਰਜਨ (ਦੇਵ ਜੀ ਦੇ) ਗੁਣਾਂ ਦੀ ਵਿਚਾਰ ਕਰਦਾ ਹਾਂ।

**ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥**

(ਜਿਨ੍ਹਾਂ ਨੇ) ਗੁਰੂ ਰਾਮਦਾਸ ਜੀ ਦੇ ਘਰ (ਆਪਣਾ) ਪ੍ਰਕਾਸ਼ ਕੀਤਾ ਹੈ।

**ਸਗਲ ਮਨੋਰਥ ਪੂਰੀ ਆਸਾ ॥**

(ਅਤੇ ਸਾਰੀ) ਸ੍ਰਿਸ਼ਟੀ ਦੇ ਮਨੋਰਥ ਤੇ ਆਸਾ ਪੂਰਨ ਕੀਤੇ ਹਨ।

**ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥**

(ਹੇ ਗੁਰੂ ਜੀ!) ਤੁਸਾਂ ਜਨਮ ਤੋਂ ਹੀ ਗੁਰਸਿਖਿਆ (ਲੈ ਕੇ) ਬ੍ਰਹਮ ਨੂੰ ਪਛਾਣ ਲਿਆ ਹੈ।

**ਕਲੵ ਜੋੜਿ ਕਰ ਸੁਜਸੁ ਵਖਾਣਿਓ ॥**

ਕਲਯ (ਭੱਟ) ਹੱਥ ਜੋੜ ਕੇ (ਤੁਹਾਡੇ) ਸੁਜਸ ਨੂੰ ਗਾਉਂਦਾ ਹੈ।

**ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥**

ਭਗਤੀ ਤੇ ਜੋਗ ਨੂੰ [ਜੈਤਵਾਰੁ] ਜਿੱਤਣ ਵਾਲਾ ਹਰੀ (ਨੇ ਤੁਹਾਨੂੰ ਹੀ) [ਜਨਕੁ] ਗਿਆਨ ਰੂਪ ਪੈਦਾ ਕੀਤਾ ਹੈ।

**ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥**

(ਜੋ) ਗੁਰਾਂ ਦੇ ਉਪਦੇਸ਼ (ਕਰਕੇ) ਪ੍ਰਕਾਸ਼ਦਾ ਹੈ, ਉਹ (ਆਪ ਦੀ) ਰਸਨਾ ਤੇ ਹੀ ਵਸਦਾ ਹੈ।

**ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥**

(ਜਿਵੇਂ) ਗੁਰੂ ਨਾਨਕ (ਜੀ ਦੀ ਸੇਵਾ ਵਿਚ ਗੁਰੂ) ਅੰਗਦ ਜੀ ਤੇ ਉਨ੍ਹਾਂ ਦੀ ਸੇਵਾ ਵਿਚ ਲਗ ਕੇ (ਗੁਰੂ) ਅਮਰ (ਦਾਸ ਜੀ ਨੇ) ਉੱਤਮ ਪਦਵੀ ਪਾਈ ਸੀ।

**ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥੧॥**

(ਇਵੇਂ ਹੀ) ਗੁਰੂ ਰਾਮਦਾਸ (ਜੀ ਦੇ) ਘਰ ਗੁਰੂ ਅਰਜਨ (ਜੀ) ਭਗਤ ਅਵਤਾਰ ਪ੍ਰਗਟੇ ਹਨ ॥੧॥

**ਬਡਭਾਗੀ ਉਨਮਾਨਿਅਉ ਰਿਦਿ ਸਬਦੁ ਬਸਾਯਉ ॥**

ਵੱਡੇ ਭਾਗਾਂ ਵਾਲਿਆਂ ਨੇ ਵਿਚਾਰਕੇ (ਗੁਰਾਂ ਦਾ) ਉਪਦੇਸ਼ ਹਿਰਦੇ ਵਿਚ ਵਸਾਇਆ ਹੈ।

**ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਹਾਯਉ ॥**

(ਜਿਨ੍ਹਾਂ ਨੂੰ) ਗੁਰਾਂ ਨੇ ਨਾਮ ਦ੍ਰਿੜ੍ਹਾਇਆ ਹੈ, (ਉਨ੍ਹਾਂ ਦੇ) ਮਨ ਨੂੰ ਗਿਆਨ ਕਰਕੇ ਸੰਤੋਖ ਆ ਗਿਆ ਹੈ।

**ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ ॥**

ਸਤਿਗੁਰਾਂ ਨੇ ਅਗਮ ਅਗੋਚਰ ਪਾਰਬ੍ਰਹਮ ਦਾ ਦਰਸ਼ਨ ਕਰਾ ਦਿੱਤਾ ਹੈ।

**ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਨਭਉ ਠਹਰਾਯਉ ॥੨॥**

ਗੁਰੂ ਅਰਜਨ (ਜੀ ਦੇ) [ਘਰਿ] ਹਿਰਦੇ (ਵਿਚ ਗੁਰੂ ਰਾਮਦਾਸ (ਜੀ ਨੇ) [ਅਨਭਉ] ਗਿਆਨ ਠਹਿਰਾਇਆ ਹੈ ॥੨॥

**ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ ॥**

ਜਨਕ (ਸਮਾਨ) ਰਾਜ ਵਰਤਾਯਾ ਹੈ, (ਅਤੇ ਕਲਜੁਗ ਵਿਚ) ਸਤਿਜੁਗ ਪੂਰਨ ਕੀਤਾ।

**ਗੁਰ ਸਬਦੇ ਮਨੁ ਮਾਨਿਆ ਅਪਤੀਜੁ ਪਤੀਣਾ ॥**

ਗੁਰਾਂ ਦੇ ਉਪਦੇਸ਼ ਨਾਲ ਮਨ ਮੰਨਿਆ ਗਿਆ ਹੈ ਅਤੇ ਨਾ ਪਤੀਜਨ ਵਾਲਾ ਮਨ ਪਤੀਜ ਗਿਆ

ਹੈ।

## ਗੁਰੁ ਨਾਨਕੁ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ ॥

ਸੱਚ ਦੀ ਨੀਂਹ (ਜੋ) ਗੁਰੂ ਨਾਨਕ (ਜੀ ਨੇ) ਸਾਜੀ (ਸੀ, ਉਸ ਦੇ) ਨਾਲ (ਹੀ) ਸਤਿਗੁਰੂ (ਅਰਜਨ ਦੇਵ ਜੀ) ਲੀਣ ਹੋ ਗਏ ਹਨ।

## ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ ॥੩॥

ਗੁਰੂ ਰਾਮਦਾਸ ਜੀ ਦੇ ਘਰ ਵਿਚ ਗੁਰੂ ਅਰਜਨ (ਦੇਵ ਜੀ) ਅਪਰੰਪਰ ਦੀ [ਬੀਣਾ] ਪਛਾਣ ਵਾਲੇ (ਪ੍ਰਗਟ ਹੋਏ ਹਨ) ॥੩॥

## ਖੇਲੁ ਗੂੜ੍ਹਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਯ੍ਯਿਓ
## ਬਿਮਲ ਬੁਧਿ ਸਤਿਗੁਰਿ ਸਮਾਣਉ ॥

(ਜਿਸ) ਹਰੀ ਰਾਜੇ ਨੇ ਵੱਡਾ ਖੇਲ ਕੀਤਾ ਹੈ, (ਅਤੇ ਜੋ) ਸੰਤੋਖ (ਆਦਿਕ ਗੁਣਾਂ ਕਰਕੇ) ਪ੍ਰਾਪਤ ਹੁੰਦਾ ਹੈ, (ਉਹ ਪ੍ਰਭੂ) ਨਿਰਮਲ ਬੁਧੀ ਵਾਲੇ ਸਤਿਗੁਰੂ ਵਿਚ ਸਮਾਇਆ ਹੋਇਆ ਹੈ।

## ਆਜੋਨੀ ਸੰਭਵਿਅਉ ਸੁਜਸੁ ਕਲ੍ਯ੍ਯ ਕਵੀਅਣਿ ਬਖਾਣਿਅਉ ॥

(ਇਸੇ ਲਈ ਗੁਰੂ ਜੀ ਨੂੰ ਹੀ) ਜੂਨਾਂ ਤੋਂ ਰਹਿਤ ਤੇ ਆਪਣੇ ਆਪ ਪ੍ਰਕਾਸ਼ਵਾਨ (ਨਿਰੰਕਾਰ ਸਰੂਪ ਜਾਣਕੇ) ਕੱਲਯ (ਆਦਿਕ) ਕਵੀਆਂ ਜਸ ਗਾਇਆ ਹੈ।

## ਗੁਰਿ ਨਾਨਕਿ ਅੰਗਦੁ ਵਰ੍ਯ੍ਯਉ ਗੁਰਿ ਅੰਗਦਿ ਅਮਰ ਨਿਧਾਨੁ ॥

ਗੁਰੂ ਨਾਨਕ ਜੀ ਨੇ (ਗੁਰੂ) ਅੰਗਦ (ਜੀ ਨੂੰ) ਵਡਿਆਇਆ ਸੀ, ਅਤੇ ਗੁਰੂ ਅੰਗਦ (ਜੀ ਨੇ ਉਹ) ਖਜ਼ਾਨਾ (ਗੁਰੂ) ਅਮਰਦਾਸ (ਜੀ ਨੂੰ ਬਖਸ਼ਿਆ ਸੀ)।

## ਗੁਰਿ ਰਾਮਦਾਸ ਅਰਜੁਨੁ ਵਰ੍ਯ੍ਯਉ ਪਾਰਸੁ ਪਰਸੁ ਪ੍ਰਮਾਣੁ ॥੪॥

ਗੁਰੂ ਅਮਰਦਾਸ ਜੀ ਨੇ (ਗੁਰੂ) ਅਰਜਨ ਜੀ ਨੂੰ ਵਰ ਦਿਤਾ ਹੈ, (ਇਸ ਲਈ ਗੁਰੂ ਜੀ ਦਾ) ਪਰਸਨਾ ਪਾਰਸ ਦੇ ਬਰਾਬਰ ਹੈ ॥੪॥

## ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥

ਸਦਾ ਜੀਵਣ (ਰੂਪ ਗੁਰੂ) ਅਰਜਨ (ਜੀ) ਅਮੋਲਕ ਜੂਨਾਂ ਤੋਂ ਰਹਿਤ ਤੇ ਸੁਤੇ ਪ੍ਰਕਾਸ਼ਵਾਨ ਹਨ।

## ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ ॥

ਡਰ ਦੂਰ ਕਰਨ ਵਾਲੇ, ਪਰਾਏ ਦੁਖ ਨਾਸਕ ਤੇ ਅਪਾਰ ਗਿਆਨ (ਸਰੂਪ) ਹਨ।

## ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲੁ ਸੁਖ ਦਾਤਉ ॥

ਨਾ ਫੜੀਨ ਵਾਲੇ (ਮਨ ਨੂੰ) ਫੜਨ ਵਾਲੇ, ਭਰਮ ਤੇ ਭ੍ਰਾਂਤੀ ਨਾਸ ਕਰਨ ਵਾਲੇ ਅਤੇ ਸੁਖ ਤੇ ਅਨੰਦ ਦੇ ਦਾਤੇ ਹਨ।

**ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ ॥**

ਅਤਿਸੈ ਕਰਕੇ [ਸੁਯੰਭਵ] ਆਪਣੇ ਆਪ ਹੀ ਉਦੇ (ਪ੍ਰਗਟ) ਹੋਏ ਹਨ, (ਏਹੋ ਹੀ) ਪੂਰਨ ਪੁਰਖ ਬਿਧਾਤੇ ਦਾ ਰੂਪ ਹਨ ।

**ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ ॥**

ਪਹਿਲੇ ਸਤਿਗੁਰੂ ਨਾਨਕ ਜੀ ਦੇ [ਸਬਦਿ] ਉਪਦੇਸ਼ (ਕਰਕੇ ਗੁਰੂ) ਅੰਗਦ (ਜੀ ਅਤੇ ਉਨ੍ਹਾਂ ਦੇ) ਉਪਦੇਸ਼ (ਕਰਕੇ ਗੁਰੂ) ਅਮਰ (ਦਾਸ ਜੀ) [ਸਬਦਿ] ਬ੍ਰਹਮ (ਨਿਰੰਕਾਰ) ਵਿਚ ਸਮਾਏ ਹਨ ।

**ਧਨੁ ਧੰਨੁ ਗੁਰੂ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ ਮਿਲਾਇਅਉ ॥੫॥**

ਗੁਰੂ ਰਾਮਦਾਸ ਜੀ ਧੰਨ ਧੰਨ ਹਨ, ਜਿਨ੍ਹਾਂ ਨੂੰ ਪਾਰਸ ਦੇ ਪਰਸਨੈ (ਸਮਾਨ) ਗੁਰੂ (ਅਰਜਨ ਦੇਵ ਜੀ ਨੇ) ਮਿਲਾਇਆ ਹੈ ॥੫॥

**ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ ॥**

ਜਿਸ ਦਾ ਜਗਤ ਵਿਚ ਜੈ ਜੈ ਕਾਰ (ਹੋ ਰਿਹਾ ਹੈ, ਕੋਈ) ਭਾਗਾਂ ਦਾ ਮੰਦਰ (ਹੀ ਉਸ) [ਸਿਵ] ਕਲਿਆਨ (ਸਰੂਪ ਨਾਲ) [ਜੁਗਤਿ] ਜੁੜ ਰਹਿੰਦਾ ਹੈ ।

**ਗੁਰੁ ਪੂਰਾ ਪਾਯਉ ਬਡ ਭਾਗੀ ਲਿਵ ਲਾਗੀ ਮੇਦਨਿ ਭਰੁ ਸਹਤਾ ॥**

(ਜਿਸ) ਵਡਭਾਗੇ ਨੇ ਪੂਰਾ ਗੁਰੂ ਪਾਇਆ ਹੈ, (ਉਸ ਦੀ) [ਲਿਵ] ਸੁਰਤਿ (ਉਸ ਨਾਲ) ਲਗੀ ਹੈ, (ਜੋ ਸਾਰੀ) [ਮੇਦਨਿ=ਪ੍ਰਿਥਵੀ] ਸ੍ਰਿਸ਼ਟੀ ਦਾ ਭਾਰ ਸਹਾਰਦਾ (ਅਰਥਾਤ ਸਾਰੇ ਜਗਤ ਦਾ ਆਸਰਾ ਹੈ) ।

**ਭਯ ਭੰਜਨੁ ਪਰ ਪੀਰ ਨਿਵਾਰਨੁ ਕਲ੍ਯ ਸਹਾਰੁ ਤੋਹਿ ਜਸੁ ਬਕਤਾ ॥**

ਹੇ ਡਰ ਦੂਰ ਕਰਨ ਵਾਲੇ ! ਪਰਾਈ ਪੀੜਾ ਨਵਿਰਤ ਕਰਨ ਵਾਲੇ (ਸ੍ਰੀ ਗੁਰੂ ਅਰਜਨ ਦੇਵ ਜੀ ! ਇਹ) ਕੱਲ ਸਹਾਰ (ਭੱਟ) ਤੇਰਾ ਜਸ ਉਚਾਰਦਾ ਹੈ ।

**ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ ॥੬॥**

ਸੋਢੀ ਕੁਲ ਦੇ ਗੁਰੂ ਰਾਮਦਾਸ (ਜੀ ਦਾ) [ਤਨੁ=ਤਨਯ] ਪੁੱਤਰ ਧਰਮ ਦੀ ਧੁਜਾ (ਗੁਰੂ) ਅਰਜਨ (ਦੇਵ) ਹਰੀ ਦਾ ਭਗਤ ਹੈ ॥੬॥

**ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ ॥**

ਧਰਮ (ਵਿਚ) ਧੀਰਜਵਾਨ ਹੈ ਗੁਰੂ (ਜਿਸ ਦੀ) ਗੰਭੀਰ ਸਿਖਿਆ ਪਰਾਏ ਦੁਖ ਦੂਰ ਕਰਨ ਵਾਲੀ ਹੈ।

**ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ ॥**

(ਆਪ ਜੀ ਦਾ) ਉਪਦੇਸ਼ ਤੱਤ ਕਢਿਆ ਹੋਇਆ ਹੈ, ਆਪ ਹਰੀ ਸਮਾਨ ਦਾਤਾਰ ਹਨ, ਤੇ ਦਾਸਾਂ ਦਾ ਹੰਕਾਰ ਨਿਵਾਰਨ ਵਾਲੇ ਹਨ ।

**ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ ॥**

ਵਾਹਿਗੁਰੂ ਨਾਮ ਉਪਦੇਸ਼ ਦਾ ਦਾਨ ਕਰਦਿਆਂ ਆਪ ਦੇ ਮਨ ਦਾ ਚਾਉ ਥੱਕਦਾ ਨਹੀਂ ਹੈ ।

Sri Satguru Jagjit Singh Ji eLibrary NamdhariElibrary@gmail.com

**ਸਤਿਵੰਤੁ ਹਰਿ ਨਾਮੁ ਮੰਤ੍ਰੁ ਨਵ ਨਿਧਿ ਨ ਨਿਖੁਟੈ ॥**

(ਆਪ) ਸਦਾ ਸੱਚ ਬੋਲਣ ਵਾਲੇ ਹਨ, ਨੌ ਨਿਧੀਆਂ ਰੂਪ ਜੋ ਸਤਿਨਾਮ ਮੰਤਰ ਆਪ ਵੰਡਦੇ ਹਨ, ਉਹ ਨਿਖੁਟਦਾ ਨਹੀਂ ਹੈ।

**ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ ॥**

ਸ੍ਰੀ ਗੁਰੂ ਰਾਮਦਾਸ ਜੀ ਦੇ [ਤਨੁ] ਸਪੁਤਰ (ਜੀ ਨੇ) ਸਾਰਿਆਂ ਵਿਖੇ ਵਾਹਿਗੁਰੂ ਦਾ ਜਸ ਰੂਪੀ ਚੰਦੋਆ ਤਾਣਿਆ ਹੈ।

**ਗੁਰ ਅਰਜੁਨ ਕਲ੍ਯ੍ਚਰੈ ਤੈ ਰਾਜ ਜੋਗ ਰਸੁ ਜਾਣਿਅਉ ॥੭॥**

ਕੱਲ (ਭੱਟ) ਕਹਿੰਦਾ ਹੈ, ਹੇ ਸ੍ਰੀ ਗੁਰੂ ਅਰਜਨ ਦੇਵ ਜੀ! ਆਪ ਨੇ ਰਾਜ ਤੇ ਜੋਗ (ਦੋਹਾਂ ਦਾ) [ਰਸੁ] ਭੇਦ ਜਾਣਿਆ ਹੈ ॥੭॥

**ਭੈ ਨਿਰਭਉ ਮਾਣਿਅਉ ਲਾਖ ਮਹਿ ਅਲਖੁ ਲਖਾਯਉ ॥**

(ਆਪ ਨੇ) ਡਰ ਤੋਂ ਰਹਿਤ ਹੋ ਕੇ ਗਿਆਨ ਜੋਗ ਦੇ ਰਸ ਨੂੰ ਭੋਗਿਆ ਹੈ, ਅਤੇ ਨਾ ਲਖੇ ਜਾਣ ਵਾਲੇ ਵਾਹਿਗੁਰੂ ਨੂੰ ਸਾਰਿਆਂ ਵਿਚ ਲਖ ਲਿਆ ਹੈ।

**ਅਗਮੁ ਅਗੋਚਰ ਗਤਿ ਗਭੀਰੁ ਸਤਿਗੁਰਿ ਪਰਚਾਯਉ ॥**

ਪਹੁੰਚ ਤੋਂ ਪਰ੍ਹੇ ਵਾਹਿਗੁਰੂ ਨਾਲ ਆਪ ਜੀ ਦਾ ਪਰਚਾ ਸ੍ਰੀ ਗੁਰੂ ਰਾਮਦਾਸ ਜੀ ਨੇ ਲਾ ਦਿੱਤਾ ਹੈ।

**ਗੁਰ ਪਰਚੈ ਪਰਵਾਣੁ ਰਾਜ ਮਹਿ ਜੋਗੁ ਕਮਾਯਉ ॥**

ਗੁਰਾਂ ਦੇ ਉਪਦੇਸ਼ ਕਰਕੇ ਆਪ ਪ੍ਰਵਾਨ ਹੋਏ ਹੋਏ ਹੋ (ਤੇ) ਰਾਜ ਵਿਚ ਜੋਗ ਕਮਾਇਆ ਹੈ।

**ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ ਭਰਾਯਉ ॥**

(ਹੇ ਸਤਿਗੁਰੂ ਜੀ!) ਆਪ ਮਨ ਬਾਣੀ ਕਰਕੇ ਧੰਨ ਹੋ, ਧੰਨ ਹੋ, ਧੰਨ ਹੋ ਜੋ ਰਿਦੇ ਨਾਮ ਰੂਪੀ ਜਲ ਤੋਂ ਖਾਲੀ ਸਨ, (ਓਹੀ) ਆਪ ਨੇ ਪ੍ਰੇਮ ਨਾਲ ਲਬਾ ਲਬ ਭਰ ਦਿਤੇ ਹਨ।

**ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਯਉ ॥**

ਸਤਿਗੁਰਾਂ ਦੇ ਉਪਦੇਸ਼ ਉਤੇ ਨਿਸਚਾ ਕਰਨ ਕਰਕੇ ਆਪ ਨੇ [ਅਜਰ] ਨਾ ਜਰੇ ਜਾਣ ਵਾਲੇ ਮਨ ਨੂੰ ਜਰਿਆ ਹੈ, (ਵਾ ਕਾਮ ਕ੍ਰੋਧ ਆਦਿਕ ਜੋ ਅਜਰ ਹਨ ਇਨ੍ਹਾਂ ਨੂੰ ਮਾਰਿਆ ਹੈ) ਤੇ ਆਪ ਜੀ ਦੇ ਰਿਦੇ ਸਰੋਵਰ ਵਿਖੇ ਸੰਤੋਖ ਆਦਿਕ ਗੁਣ ਸਮਾਏ ਹੋਏ ਹਨ।

**ਗੁਰ ਅਰਜੁਨ ਕਲ੍ਯ੍ਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ ॥੮॥**

ਕੱਲ (ਭੱਟ) ਕਹਿੰਦਾ ਹੈ—ਹੇ ਸ੍ਰੀ ਗੁਰੂ ਅਰਜਨ ਸਾਹਿਬ ਜੀ! ਆਪ ਨੇ ਸਹਜੇ ਹੀ ਨਿਜ ਰੂਪ ਨਾਲ ਜੁੜਨ ਰੂਪ ਜੋਗ ਨੂੰ ਪਾ ਲਿਆ ਹੈ ॥੮॥

**ਅਮਿਉ ਰਸਨਾ ਬਦਨਿ ਬਰ ਦਾਤਿ ਅਲਖ ਅਪਾਰ**

**ਗੁਰ ਸੂਰ ਸਬਦਿ ਹਉਮੈ ਨਿਵਾਰ੍ਉ ॥**

Sri Satguru Jagjit Singh Ji eLibrary NamdhariElibrary@gmail.com

ਜੋ ਮੁਖੋਂ [ਅਮਿਉ] ਅੰਮ੍ਰਿਤ ਰੂਪ ਮਿੱਠੇ ਬਚਨ ਉਚਾਰਕੇ ਵਰ ਦੇਂਦੇ ਹੋ, ਹੇ ਅਲਖ ਅਪਾਰ ਗੁਰੂ ਜੀ! (ਆਪ ਨੇ) ਦਾਸਾਂ ਦੇ ਰਿਦੇ ਤੋਂ ਹਉਮੈ ਰੂਪੀ ਹਨੇਰਾ ਦੂਰ ਕੀਤਾ ਹੈ।

**ਪੰਚਾਹਰੁ ਨਿਦਲਿਅਉ ਸੁੰਨ ਸਹਜਿ ਨਿਜ ਘਰਿ ਸਹਾਰ੍ਉ ॥**

ਪੰਜਾਂ ਵਿਸ਼ਿਆਂ ਨੂੰ [ਦਲਿਅਉ] ਨਾਸ ਕੀਤਾ ਹੈ, ਅਤੇ ਆਪ ਨੇ ਅਫੁਰ ਪ੍ਰਮਾਤਮਾ ਨੂੰ ਸਹਿਜੇ ਆਪਣੇ ਰਿਦੇ ਵਿਖੇ ਧਾਰਿਆ ਹੈ।

**ਹਰਿ ਨਾਮਿ ਲਾਗਿ ਜਗ ਉਧਰ੍ਉ ਸਤਿਗੁਰੁ ਰਿਦੈ ਬਸਾਇਅਉ ॥**

ਜਿਸ ਵਾਹਿਗੁਰੂ ਨਾਮ ਨੂੰ ਆਪ ਨੇ ਰਿਦੇ ਵਿਚ ਵਸਾਇਆ ਹੈ, ਉਸੇ ਨਾਮ ਨਾਲ ਆਪ ਨੇ ਜਗਤ ਦਾ ਉਧਾਰ ਕੀਤਾ ਹੈ।

**ਗੁਰ ਅਰਜੁਨ ਕਲ੍ਯ੍ਯ੍ਚਰੈ ਤੈ ਜਨਕਹ ਕਲਸੁ ਦੀਪਾਇਅਉ ॥੯॥**

ਕੱਲ (ਭੱਟ ਕਹਿੰਦਾ ਹੈ ਹੇ ਸਤਿਗੁਰੂ ਜੀ! ਆਪ ਨੇ ਦਾਸ ਨੂੰ (ਵਾਹਿਗੁਰੂ ਰੂਪ) ਕਲਸ ਦਾ ਪ੍ਰਕਾਸ਼ ਕਰ ਦਿੱਤਾ ਹੈ।

**ਸੋਰਠੇ ॥ ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ ॥**

ਸ੍ਰੀ ਗੁਰੂ ਅਰਜਨ ਦੇਵ ਜੀ ਪੂਰਨ ਪੁਰਖ ਹਨ, ਆਪਦਾ (ਮਨ) ਕਿਤੇ ਚਲਾਇਵਾਨ ਨਹੀਂ ਹੁੰਦਾ।

**ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ ॥੧॥**

ਹੇ ਗੁਰੂ ਜੀ! ਆਪ ਪਾਸ ਨਾਮ ਰੂਪੀ ਨੇਜਾ ਪ੍ਰਗਟ ਹੈ, ਜੋ ਸਤਿਗੁਰਾਂ ਦੇ ਉਪਦੇਸ਼ ਨਾਲ ਸਵਾਰਿਆ ਹੋਇਆ ਹੈ।

**ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ ॥**

ਭਿਆਨਕ ਜੋ ਸੰਸਾਰ-ਸਮੁੰਦਰ ਹੈ ਤਿਸ ਦੇ ਪਾਰ ਕਰਨ ਲਈ (ਆਪ ਪਾਸ) ਵਾਹਿਗੁਰੂ ਨਾਮ ਦਾ ਜਹਾਜ਼ ਹੈ।

**ਤੁਅ ਸਤਿਗੁਰ ਸੰ ਹੇਤੁ ਨਾਮਿ ਲਾਗਿ ਜਗੁ ਉਧਰ੍ਉ ॥੨॥**

ਆਪ ਜੀ ਦਾ ਸਤਿਗੁਰੂ ਨਾਲ ਪੂਰਨ ਪ੍ਰੇਮ ਹੈ, ਇਸ ਲਈ ਆਪ ਦੇ ਨਾਮ ਨਾਲ ਲੱਗ ਕੇ ਸਾਰਾ ਜਗਤ ਤਰਿਆ ਹੈ ॥੨॥

**ਜਗਤ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ ॥**

ਆਪ ਜੀ ਦੀ ਮੇਹਰ ਹੋਣ ਕਰਕੇ ਜਗਤ ਦੇ ਉਧਾਰ ਕਰਨ ਵਾਲਾ ਨਾਮ ਸਾਨੂੰ ਮਿਲ ਗਿਆ ਹੈ।

**ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ ॥੩॥੧੨॥**

(ਹੇ ਸਤਿਗੁਰੂ ਜੀ!) ਹੁਣ ਸਾਡਾ ਹੋਰ ਕਿਸੇ ਨਾਲ ਕੋਈ ਕੰਮ ਨਹੀਂ ਹੈ, ਹੁਣ ਅੰਦਰ ਬਾਹਰ ਪੂਰੀ ਪੈ ਗਈ ਹੈ ਭਾਵ ਮੇਹਨਤ ਸਫਲ ਹੋ ਗਈ ਹੈ ॥੩॥੧੨॥

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**

Sri Satguru Jagjit Singh Ji eLibrary NamdhariElibrary@gmail.com

ਜੋਤ ਰੂਪ ਪ੍ਰਮਾਤਮਾ ਨੇ ਹੀ ਆਪਣਾ ਨਾਮ ਗੁਰੂ ਨਾਨਕ ਜੀ ਕਹਾਇਆ ਸੀ ।

**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥**

ਗੁਰੂ ਨਾਨਕ ਜੀ ਤੋਂ ਗੁਰੂ ਅੰਗਦ ਜੀ ਹੋਏ ਹਨ, ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਆਪਣੇ ਵਰਗਾ ਕਰ ਲਿਆ ਸੀ ।

**ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥**

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਰਪਾ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦਿੱਤੀ ਸੀ ।

**ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥**

ਸ੍ਰੀ ਗੁਰੂ ਰਾਮਦਾਸ ਜੀ ਨੇ (ਅਮਰਤ) ਅਮਰ ਹੋਣ ਵਾਲਾ ਗੁਰਿਆਈ ਦਾ ਛਤ੍ਰ ਸ੍ਰੀ ਗੁਰੂ ਰਾਮਦਾਸ ਜੀ ਨੂੰ ਦਿੱਤਾ ਸੀ ।

**ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥**

ਮਥੁਰਾ (ਭੱਟ) ਅੰਮ੍ਰਿਤ ਬਚਨ ਕਹਿੰਦਾ ਹੈ, ਗੁਰੂ ਰਾਮਦਾਸ (ਜੀ ਦਾ) ਦਰਸ਼ਨ (ਆਪ ਵਿਚ) ਹੋ ਰਿਹਾ ਹੈ ।

**ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥**

(ਉਨ੍ਹਾਂ) ਪ੍ਰਵਾਨ ਪੁਰਖਾਂ ਦਾ ਪੰਜਵਾਂ [ਮੂਰਤ] ਸਰੂਪ ਗੁਰੂ ਅਰਜਨ (ਦੇਵ ਜੀ ਨੂੰ) ਅੱਖੀਂ ਵੇਖ ਲਉ ॥੧॥

SIKHBOOKCLUB.COM

**ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥**

ਸਤਿ ਸਰੂਪ ਦਾ ਸਤਿਨਾਮੁ (ਤੇ) ਸਤੁ, ਸੰਤੋਖ (ਆਦਿਕ ਗੁਣਾਂ ਨੂੰ) ਹਿਰਦੇ ਵਿਚ ਧਰਿਆ ਹੋਇਆ ਹੈ ।

**ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥**

(ਜਿਸ ਨੇ) ਧੁਰ ਤੋਂ (ਜੀਵਾਂ ਦੇ) ਮੱਥੇ ਉਤੇ ਅੱਖਰ ਲਿਖੇ ਹਨ, (ਉਸ) ਆਦਿ ਪੁਰਖ ਦਾ ਪ੍ਰਤੱਖ (ਸਰੂਪ) ਹੈ ।

**ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥**

ਪ੍ਰਗਟ ਹੀ ਜੋਤ ਜਗਮਗਾ ਰਹੀ ਹੈ, (ਹਰੀ ਅਤੇ) ਪ੍ਰਤਾਪ [ਭੂਅ ਮੰਡਲ] ਸਾਰੀ ਧਰਤੀ ਵਿਚ ਫੈਲਿਆ ਹੋਇਆ ਹੈ ।

**ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥**

ਗੁਰੂ ਰੂਪ ਪਾਰਸ ਦੇ ਸਪਰਸ਼ ਨੂੰ ਪਰਸ ਕੇ (ਆਪ ਨੇ) ਪਾਰਸ (ਹੋ ਕੇ) ਗੁਰੂ ਕਹਾਯਾ ਹੈ ।

**ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥**

ਮਥੁਰਾ (ਭੱਟ) ਕਹਿੰਦਾ ਹੈ ਕਿ ਸਦਾ ਅਚਲ ਸਰੂਪ (ਗੁਰੂ ਅਰਜਨ ਜੀ ਨਾਲ) ਚਿੱਤ ਲਾ ਕੇ (ਉਸ

ਦੇ) ਸਨਮੁਖ ਰਿਹਾ ਕਰ ।

**ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥**

ਕਲਜੁਗ (ਵਿਚ ਸੰਸਾਰ ਤੋਂ ਪਾਰ ਉਤਾਰਨ ਵਾਲਾ ਜਹਾਜ਼ ਗੁਰੂ ਅਰਜਨ (ਜੀ ਹਨ) ਸਾਰੀ ਦੁਨੀਆਂ (ਇਨ੍ਹਾਂ ਦੇ) ਆਸਰੇ ਹੀ ਤਰ ਜਾਵੇਗੀ ॥੨॥

**ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ**
**ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮ ਸਿਉ ॥**

ਹੇ ਜਨੋ ! ਜਗਤ ਵਿਚ ਉਸੇ ਕੋਲੋਂ ਮੰਗੋ, ਜਿਸਦਾ ਮਨ ਤਨ ਰਾਤ ਦਿਨ ਰਾਮ ਦੇ ਹਿੱਤ ਨਾਲ ਵਸਦਾ ਹੈ।

**ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗ੍ਯੌ**
**ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ ॥**

(ਜੋ) ਵੱਡਾ ਅਤੀਤ ਤੇ ਪਰਮੇਸ਼ਰ ਦੇ ਪ੍ਰੇਮ ਵਿਚ ਰੰਗਿਆ ਹੋਇਆ ਹੈ, ਅਤੇ ਹੈ ਤਾਂ ਵਾਸ਼ਨਾ ਤੋਂ ਰਹਿਤ, ਪਰ ਜਿਸਦਾ ਘਰ ਵਿਚ ਹੈ (ਅਰਥਾਤ ਘਰ ਵਿਚ ਰਹਿੰਦਾ ਹੋਇਆ ਭੀ ਘਰ ਦੀ ਵਾਸ਼ਨਾ ਨਹੀਂ ਰਖਦਾ)।

**ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗ੍ਯੌ**
**ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ॥**

ਉਰੇ ਤੇ ਪਰ੍ਹੇ (ਜੋ) ਪੂਰਣ (ਹੈ, ਉਸ) ਨਾਲ ਪ੍ਰੇਮ ਲਗਾ ਹੋਇਆ ਹੈ, ਭਗਵੰਤ ਦੇ [ਰਸੁ] ਪ੍ਰੇਮ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਹੈ ।

**ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ ਗੁਰੁ**
**ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ॥੩॥**

ਮਥੁਰਾ (ਭੱਟ ਕਹਿੰਦਾ ਹੈ, ਕਿ) ਮੇਰਾ ਪ੍ਰਭੂ ਗੁਰੂ ਅਰਜਨ (ਦੇਵ) ਭਗਤੀ ਦੇ ਪ੍ਰੇਮ (ਕਰਕੇ) ਸਰਬ ਰੂਪ ਰਾਮ ਨਾਲ ਮਿਲ ਰਿਹਾ ਹੈ ॥੩॥

**ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥**

ਇੰਦ੍ਰ (ਆਦਿਕ) ਸਾਰੇ ਦੇਵਤੇ ਅਤੇ ਸ਼ਿਵਜੀ (ਆਦਿਕ) ਮਹਾ ਮੁਨੀ ਭੀ ਜੋਗ ਕਰ (ਕਰਕੇ ਜਿਸ ਦਾ) ਅੰਤ ਨਹੀਂ ਪਾ ਸਕਦੇ ।

**ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਯਉ ਏਕ ਘਰੀ ॥**

ਬ੍ਰਹਮਾ ਵੇਦ ਵਿਚਾਰ ਰਿਹਾ ਹੈ, ਅਤੇ [ਹਰਿ=ਸਰਪ] ਸ਼ੇਸ਼ਨਾਗ ਨੇ ਇਕ ਘੜੀ ਭੀ ਨਾਮ ਨਹੀਂ ਛਡਿਆ (ਫਿਰ ਭੀ ਅੰਤ ਨਹੀਂ ਪਾਇਆ) ।

**ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥**

ਮਥੁਰਾ (ਭੱਟ) ਦਾ ਪ੍ਰਭੂ ਤਾਂ ਦੀਨ ਦਿਆਲ ਹੈ, (ਜਿਸ ਦੀ) ਸੰਗਤਿ ਨੇ ਸ੍ਰਿਸ਼ਟੀ ਨੂੰ ਨਿਹਾਲ ਕੀਤਾ ਹੈ।

**ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥**

ਗੁਰੂ ਰਾਮਦਾਸ (ਜੀ ਨੇ) ਜਗਤ ਨੂੰ ਤਾਰਨ ਵਾਸਤੇ ਗੁਰਿਆਈ ਦੀ ਜੋਤਿ (ਸ੍ਰੀ) ਅਰਜਨ ਵਿਚ ਟਿਕਾਈ ਹੈ ॥੪॥

**ਜਗ ਅਉਰੁ ਨ ਯਾਹਿ ਮਹਾਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥**

ਜਗਤ (ਵਿਚ) ਹੋਰ (ਕੋਈ) ਇਸ ਜਿਹਾ ਮਹਾਤਮ ਨਹੀਂ ਹੈ, (ਜੋ ਕਰਤਾਰ ਨੇ) ਆਪਣਾ ਹੀ ਅਵਤਾਰ ਪ੍ਰਗਟ ਕੀਤਾ ਹੈ।

**ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨੑ ਅੰਮ੍ਰਿਤ ਨਾਮੁ ਪੀਅਉ ॥**

ਉਨ੍ਹਾਂ ਦੇ ਕ੍ਰੋੜਾਂ ਦੁਖ ਦੂਰ ਹੋ ਗਏ ਹਨ, ਮਥੁਰਾ (ਭੱਟ ਕਹਿੰਦਾ ਹੈ) ਜਿਨ੍ਹਾਂ ਨੇ (ਗੁਰਾਂ ਦਾ ਉਪਦੇਸ਼ ਲੈ ਕੇ) ਨਾਮ ਅੰਮ੍ਰਿਤ ਪੀਤਾ ਹੈ।

**ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥**

ਹੇ ਮਨ! ਇਸ [ਪਧਤਿ] ਰਸਤੇ ਤੋਂ ਨਾ ਚੁਕੋ ਅਤੇ (ਹੋਰ ਕਿਸੇ) [ਬੀਅਉ] ਦੂਜੇ ਭੇਦ ਵਾਦ ਨੂੰ ਨਾ ਜਾਣੋ।

**ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥**

ਪ੍ਰਤੱਖ ਹੀ ਗੁਰੂ ਅਰਜਨ (ਦੇਵ ਜੀ) ਦੇ ਹਿਰਦੇ ਵਿਚ ਪੂਰਨ ਪੁਰਖ ਹਰੀ ਬ੍ਰਹਮ ਨੇ ਵਾਸਾ ਲਿਆ ਹੋਇਆ ਹੈ ॥੫॥

**ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥**

ਜਿੰਨਾ ਚਿਰ [ਲਿਲਾਰ] ਮੱਥੇ ਦੇ ਭਾਗ ਨਹੀਂ ਜਾਗਦੇ, ਉੱਨਾ ਚਿਰ ਭਰਮ (ਵਿਚ ਫਸਿਆ ਜੀਵ) ਬਹੁਤ ਭੱਜਾ ਫਿਰਦਾ ਹੈ।

**ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥**

ਕਲਿਜੁਗ ਰੂਪ ਵੱਡੇ ਡਰੌਣੇ ਸਮੁੰਦਰ ਵਿਚ ਡੁਬਦੇ ਸਾਂ, ਅਤੇ ਪਛਤਾਵਾ ਕਦੇ ਭੀ ਮਿਟਦਾ ਨਹੀਂ ਸੀ।

**ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥**

ਮਥੁਰਾ (ਭੱਟ ਕਹਿੰਦਾ ਹੈ ਕਿ) ਅਸਲ ਵਿਚਾਰ ਤਾਂ ਇਹ ਹੈ ਕਿ ਜਗਤ ਨੂੰ ਤਾਰਨ (ਲਈ ਹੀ ਨਿਰੰਕਾਰ ਨੇ) ਆਪਣਾ ਸਰੂਪ ਬਣਾਇਆ ਹੈ।

**ਜਪੵਉ ਜਿਨੑ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥**

ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਜਪਿਆ, ਉਹ ਮੁੜ ਕੇ ਗਰਭ ਜੋਨੀ ਦੇ ਦੁਖ ਵਿਚ ਨਹੀਂ ਆਇਆ ॥੬॥

**ਕਲਿ ਸਮੁਦ੍ਰ ਭਏ ਰੂਪ ਪ੍ਰਗਟਿ ਹਰਿ ਨਾਮ ਉਧਾਰਨੁ ॥**

(ਜਿਸ ਦਾ) ਨਾਮ ਹਰੀ (ਹੈ, ਓਹੀ ਗੁਰੂ ਅਰਜਨ) ਰੂਪ (ਹੋ ਕੇ, ਜੀਵਾਂ ਨੂੰ) [ਕਲਿ] ਸੰਸਾਰ-ਸਮੁੰਦਰ ਤੋਂ ਉਧਾਰਨ (ਲਈ) ਪ੍ਰਗਟ ਹੋਇਆ ਹੈ।

**ਬਸਹਿ ਸੰਤ ਜਿਸੁ ਰਿਦੈ ਦੁਖ ਦਾਰਿਦ੍ਰ ਨਿਵਾਰਨੁ ॥**

ਜਿਸ ਸੰਤ ਦੇ ਹਿਰਦੇ (ਵਿਚ ਗੁਰਾਂ ਦਾ ਉਪਦੇਸ਼) ਵਸਦਾ ਹੈ, (ਉਸ ਦਾ) ਦੁਖ ਤੇ ਦਰਿਦਰ ਨਵਿਰਤ ਹੋ ਜਾਂਦਾ ਹੈ।

**ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ ॥**

ਉਸ (ਗੁਰੂ ਅਰਜਨ ਜੀ ਤੋਂ) ਬਿਨਾਂ ਹੋਰ ਕੋਈ ਸੁਧ ਸਰੂਪ ਅਪਾਰ (ਵਾਹਿਗੁਰੂ ਨਹੀਂ ਹੈ)

**ਮਨ ਬਚ ਜਿਨਿ ਜਾਣਿਅਉ ਭਯਉ ਤਿਹ ਸਮਸਰਿ ਸੋਈ ॥**

ਜਿਸ ਨੇ ਮਨ ਬਾਣੀ (ਕਰਕੇ ਉਸ ਨੂੰ) ਜਾਣਿਆ ਹੈ, ਉਹ ਉਸ ਦੇ ਸਮਾਨ ਹੋ ਹੀ ਗਿਆ ਹੈ।

**ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥**

ਧਰਤੀ, ਅਕਾਸ਼ ਤੇ ਨੌ ਖੰਡਾਂ ਵਿਚ (ਉਹ) ਪ੍ਰਕਾਸ਼ ਰੂਪ ਹੀ ਭਰਪੂਰ ਹੋ ਰਿਹਾ ਹੈ।

**ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥੭॥੧੯॥**

ਮਥੁਰਾ (ਭੱਟ) ਕਹਿੰਦਾ ਹੈ (ਕਿ ਇਸ ਵਿਚ) ਕੁਝ ਭੀ ਭੇਦ ਨਹੀਂ, ਕਿ ਗੁਰੂ ਅਰਜਨ ਹੀ ਪ੍ਰਤੱਖ ਹਰੀ ਹੈ ॥੭॥੧੯॥

**ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ ॥**

(ਸ੍ਰੀ ਅੰਮ੍ਰਿਤਸਰ ਜੀ ਵਿਚ) ਅਜਿੱਤ ਗੰਗਾ (ਰੂਪ ਗੁਰੂ ਅਰਜਨ ਜੀ ਹਨ, ਜਿਨ੍ਹਾਂ ਦੇ ਉਪਦੇਸ਼ ਰੂਪ) ਅਟਲ ਜਲ ਵਿਚ ਸਾਰੀ ਸਿਖ ਸੰਗਤਿ ਇਸ਼ਨਾਨ ਕਰਦੀ ਹੈ। (ਗੁਰੂ ਦਰਬਾਰ ਵਿਚ)।

**ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ ॥**

ਸਦਾ ਪੁਰਾਨ ਪੜ੍ਹੇ ਜਾਂਦੇ ਹਨ, ਅਤੇ ਬ੍ਰਹਮਾ ਮੂੰਹੋਂ ਬੇਦ ਪੜ੍ਹਦਾ ਹੈ।

**ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ ॥**

ਅਜਿੱਤ (ਹੀ ਜਸ ਰੂਪ) ਚੌਰ ਸਿਰ ਤੇ ਝੁਲ ਰਿਹਾ ਹੈ, ਅਤੇ ਮੂੰਹੋਂ (ਗੁਰੂ ਜੀ) ਨਾਮ ਅੰਮ੍ਰਿਤ ਦਾ ਉਚਾਰਨ ਕਰ ਰਹੇ ਹਨ।

**ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ ॥**

ਗੁਰੂ ਅਰਜਨ (ਜੀ ਦੇ) ਸਿਰ ਤੇ (ਗੁਰਿਆਈ ਦਾ) ਛਤਰ ਪਰਮੇਸ਼ਰ ਨੇ ਆਪ ਹੀ ਦਿੱਤਾ ਹੈ।

**ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ ॥**

(ਗੁਰੂ) ਨਾਨਕ (ਜੀ ਤੇ ਗੁਰੂ) ਅੰਗਦ (ਜੀ ਅਤੇ) ਗੁਰੂ ਅਮਰ (ਦਾਸ ਜੀ ਨਾਲ) ਮਿਲ ਕੇ ਗੁਰੂ ਰਾਮਦਾਸ

ਜੀ ਹਰੀ ਦੇ ਕੋਲ ਗਏ ਹਨ।

**ਹਰਿਬੰਸ ਜਗਤਿ ਜਸੁ ਸੰਚਰ੍ਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥੧॥**

ਹਰਬੰਸ (ਭੱਟ ਕਹਿੰਦਾ ਹੈ) ਜੋ ਜਸ ਜਗਤ ਵਿਚ ਫੈਲਿਆ ਹੈ, ਉਹ ਹੈ ? ਜੁ ਆਖਦਾ ਹੈ ਕਿ ਸ੍ਰੀ ਗੁਰੂ (ਰਾਮਦਾਸ ਜੀ) ਸਮਾ ਗਏ ਹਨ ? ਕਿਉਂਕਿ 'ਸਤਿਗੁਰ' ਤਾਂ 'ਜਾਗਤਾ ਹੈ ਦੇਉ' ॥੧॥

**ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥**

(ਜਦੋਂ) ਪਰਮੇਸ਼ਰ (ਸਰੂਪ ਗੁਰੂ ਰਾਮਦਾਸ ਜੀ) ਨੂੰ ਆਪੇ ਭਾਇਆ ਤਾਂ ਆਪ [ਦੇਵ] ਬ੍ਰਹਮਪੁਰੀ ਵਿਚ ਚਲੇ ਗਏ।

**ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥**

(ਅਗੋਂ) [ਹਰਿ] ਵਿਸ਼ਨੂੰ ਨੇ ਤਖਤ (ਖਾਲੀ ਕਰ ਦਿੱਤਾ ਅਤੇ) ਸ੍ਰੀ ਗੁਰੂ ਜੀ ਨੂੰ ਉਸ ਉਤੇ ਬਿਠਾਇਆ।

**ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ ॥**

[ਸੁਰਦੇਵ] ਵਿਸ਼ਨੂੰ ਨੇ ਵੱਡਾ [ਰਹਸੁ] ਅਨੰਦ ਪ੍ਰਾਪਤ ਕੀਤਾ ਅਤੇ ਤੁਹਾਡਾ ਜਸ ਜੈ ਜੈ ਕਰਕੇ ਜਪਦਾ ਹੈ।

**ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ ॥**

ਦੈਂਤ ਉਥੋਂ ਭੱਜ ਗਏ, (ਕਿਉਂਕਿ) ਉਨ੍ਹਾਂ ਦੇ ਅੰਦਰਲੇ ਪਾਪ ਕੰਬਦੇ ਸਨ (ਅਤੇ ਸਾਰੇ ਦੇਵਤਿਆਂ ਨੇ ਮਿਲਕੇ ਅਰਜ਼ ਕੀਤੀ)—

SIKHBOOKCLUB.COM

**ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ ॥**

ਹੇ ਗੁਰੂ ਰਾਮਦਾਸ ਜੀ ! ਜਿਨ੍ਹਾਂ (ਨੇ ਤੁਹਾਡਾ ਉਪਦੇਸ਼) ਪਾਇਆ ਹੈ, ਉਨ੍ਹਾਂ ਪੁਰਸ਼ਾਂ ਦੇ ਪਾਪ ਕੱਟੇ ਗਏ ਹਨ।

**ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥੨॥੨੧॥੯॥੧੧॥੧੦॥੧੦॥੨੨॥੬੦॥੧੪੩॥**

(ਹੁਣ ਗੁਰਿਆਈ ਦਾ) ਛਤ੍ਰ ਤੇ ਸਿੰਘਾਸਨ ਜਗਤ ਉਤੇ ਗੁਰੂ ਅਰਜਨ ਜੀ ਨੂੰ ਦੇ ਕੇ ਆਏ ਹੋ ॥੨॥੨੧॥੯॥੧੧॥੧੦॥੧੦॥੨੨॥੬੦॥੧੪੩॥

**— ਭਗਤ ਬਾਣੀ ਸਟੀਕ ਸੰਪੂਰਨ —**